ਬਾਬਾ ਸਾਹਿਬ

ਡਾ. ਅੰਬੇਡਕਰ

ਦਾ

ਸੰਪੂਰਨ ਸਾਹਿਤ

ਸੈਂਚੀ ਚੌਥੀ



ਬਾਬਾ ਸਾਹਿਬ

ਡਾ. ਬੀ. ਆਰ. ਅੰਬੇਡਕਰ

ਦਾ

ਸੰਪੂਰਨ ਸਾਹਿਤ

ਸੈਂਚੀ ਚੌਥੀ

ਬਾਬਾ ਸਾਹਿਬ ਡਾ. ਅੰਬੇਡਕਰ

ਜਨਮ : 14 ਅਪ੍ਰੈਲ 1891 ਸੁਵਰਗਵਾਸ : 6 ਦਸੰਬਰ 1956

ਕੰਮ ਕਰਨ ਦੀ ਅਸਲੀ ਆਜ਼ਾਦੀ ਕੇਵਲ ਉਹੀ ਹੁੰਦੀ ਹੈ ਜਿਥੇ ਸੋਸ਼ਣ ਨੂੰ ਮੁਕੰਮਲ ਤੌਰ ਤੇ ਨਸ਼ਟ ਕਰ ਦਿੱਤਾ ਹੋਵੇ, ਜਿਥੇ ਇੱਕ ਵਰਗ ਰਾਹੀਂ ਦੂਜੇ ਵਰਗ 'ਤੇ ਅਤਿਆਚਾਰ ਨਾ ਕੀਤਾ ਜਾਂਦਾ ਹੋਵੇ, ਜਿਥੇ ਬੇਰੋਜ਼ਗਾਰੀ ਨਾ ਹੋਵੇ, ਜਿਥੇ ਗ਼ਰੀਬੀ ਨਾ ਹੋਵੇ, ਜਿਥੇ ਕਿਸੇ ਵਿਅਕਤੀ ਨੂੰ ਆਪਣਾ ਕਾਰੋਬਾਰ ਖੁਸਣ ਦਾ ਕੋਈ ਡਰ ਨਾ ਹੋਵੇ, ਆਪਣੇ ਕੰਮਾਂ ਦੇ ਫ਼ਲਸਰੂਪ ਜਿਥੇ ਵਿਅਕਤੀ ਆਪਣੇ ਕਾਰੋਬਾਰ ਦੇ ਨੁਕਸਾਨ ਅਤੇ ਰੋਜ਼ੀ-ਰੋਟੀ ਦੇ ਨੁਕਸਾਨ ਦੇ ਡਰ ਤੋਂ ਮੁਕਤ ਹੋਵੇ।

-- ਭੀਮ ਰਾਓ ਅੰਬੇਡਕਰ

ਮਾਰਚ,1995

ਸਾਰੇ ਹੱਕ ਰਾਖਵੇਂ ਹਨ

ਮੁੱਲ :
ਸਾਧਾਰਨ
ਡੀਲਕਸ

ਪ੍ਰਕਾਸ਼ਕ:
ਡਾ. ਅੰਬੇਡਕਰ ਫਾਊਂਡੇਸ਼ਨ,
ਭਲਾਈ ਮੰਤਰਾਲਾ, ਭਾਰਤ ਸਰਕਾਰ,
ਨਵੀਂ ਦਿੱਲੀ।

ਵਿਕਰੀ ਕੇਂਦਰ :
ਡਾ. ਅੰਬੇਡਕਰ ਫਾਊਂਡੇਸ਼ਨ,
25, ਅਸ਼ੋਕ ਰੋਡ, ਨਵੀਂ ਦਿੱਲੀ- 110001

ਛਾਪਕ : ਮੋਨਿਕਾ ਪ੍ਰਿੰਟਰਜ਼ ਪ੍ਰਾਈਵੇਟ ਲਿਮਿਟਿਡ
332/ਇੰਡਸਟ੍ਰੀਅਲ ਏਰੀਆ, ਫੇਜ਼ II, ਪੰਚਕੂਲਾ (ਹਰਿਆਣਾ)

ਸਲਾਹਕਾਰੀ ਸਹਿਯੋਗ

ਮਾਨਯੋਗ ਸ਼੍ਰੀ ਸੀਤਾ ਰਾਮ ਕੇਸਰੀ,
ਭਲਾਈ ਮੰਤਰੀ, ਭਾਰਤ ਸਰਕਾਰ

ਮਾਨਯੋਗ ਸ਼੍ਰੀ ਥੰਗਾਬਾਲੂ,
ਭਲਾਈ ਰਾਜ ਮੰਤਰੀ, ਭਾਰਤ ਸਰਕਾਰ

ਮੈਂਬਰ ਸਕੱਤਰ

ਸ਼੍ਰੀ ਮਾਤਾ ਪ੍ਰਸਾਦ, ਆਈ.ਏ.ਐਸ., ਸਕੱਤਰ, ਭਲਾਈ ਮੰਤਰਾਲਾ
ਸ਼੍ਰੀ ਗੰਗਾ ਦਾਸ, ਆਈ. ਏ. ਐਸ. ਸੰਯੁਕਤ ਸਕੱਤਰ, ਭਲਾਈ ਮੰਤਰਾਲਾ
ਮੈਂਬਰ ਸਕੱਤਰ, ਡਾ. ਅੰਬੇਡਕਰ ਫਾਊਂਡੇਸ਼ਨ

ਪ੍ਰਬੰਧ ਸੰਪਾਦਕ

ਡਾ. ਲੇਖਰਾਜ ਪਰਵਾਨਾ, ਪੀ ਐਚ.ਡੀ, ਐਲ ਐਲ ਬੀ.

ਸੰਕਲਨ (ਅੰਗਰੇਜ਼ੀ)
ਸ਼੍ਰੀ ਬਸੰਤ ਮੂਨ

ਅਨੁਵਾਦਕ ਤੇ ਸੋਧਕ
ਸ੍ਰੀ ਹਰਜੀਤ ਸਿੰਘ ਸੈਣੀ
ਡਾ. ਦਰਸ਼ਨ ਸਿੰਘ
ਡਾ. ਤਰਲੋਚਨ ਸਿੰਘ
ਡਾ. ਸਰਨ ਸਿੰਘ
ਸ੍ਰੀ ਦਰਸ਼ਨ ਲਾਲ
ਸ੍ਰੀ ਪ੍ਰੇਮ ਸਿੰਘ ਗਿਲ
ਸ੍ਰੀ ਗੁਰਦਿਆਲ ਸਿੰਘ ਸਿੱਧੂ
ਸ੍ਰੀ ਹਰਭਜਨ ਸਿੰਘ
ਸ੍ਰੀ ਐਮ.ਐਸ. ਕੰਗ
ਸ੍ਰੀ ਭੁਪਿੰਦਰਜੀਤ ਰੰਧਾਵਾ
ਡਾ. ਲੇਖਰਾਜ ਪਰਵਾਨਾ
ਸ੍ਰੀਮਤੀ ਰਣਬੀਰ ਕੌਰ
ਸ੍ਰੀ ਜਰਨੈਲ ਸਿੰਘ
ਸ੍ਰੀ ਬੀ.ਆਰ. ਦੀਵਾਨਾ
ਸ੍ਰੀਮਤੀ ਕਮਲਾ ਤਰਸੇਮ
ਸ੍ਰੀ ਐਸ.ਐਨ. ਕਾਲੀਆ

सत्यमेव जयते

ਸੰਦੇਸ਼

ਸੰਸਾਰ ਵਿੱਚ ਸਮੇਂ-ਸਮੇਂ ਅਜਿਹੇ ਮਹਾਂਪੁਰਸ਼ਾਂ ਦਾ ਜਨਮ ਹੋਇਆ ਹੈ, ਜਿਨ੍ਹਾਂ ਦੀ ਚੇਤਨਾ, ਵਿਅਕਤੀ ਤੇ ਵਿਚਾਰਧਾਰਾ ਨਾਲ ਸਮਾਜ ਨੂੰ ਨਵੀਂ ਦਿਸ਼ਾ ਮਿਲਦੀ ਹੈ। ਭਾਰਤੀ ਸੰਵਿਧਾਨ ਦੇ ਨਿਰਮਾਤਾ ਤੇ ਭਾਰਤ ਰਤਨ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਇੱਕ ਪ੍ਰਮੁੱਖ ਵਿਚਾਰਕ, ਸਮਾਜ ਸ਼ਾਸਤਰੀ ਅਤੇ ਸਮੁੱਚੇ ਸਮਾਜ ਨੂੰ ਨਵੀਂ ਸੇਧ ਪ੍ਰਦਾਨ ਕਰਨ ਵਾਲੇ ਅਜਿਹੇ ਮਹਾਂਪੁਰਖ ਹੋਏ ਹਨ ਜਿਨ੍ਹਾਂ ਨੂੰ ਭਾਰਤੀ ਸਮਾਜ ਵਿੱਚ ਦਲਿਤਾਂ ਦਾ ਮਸੀਹਾ ਕਿਹਾ ਜਾਂਦਾ ਹੈ। ਪੀੜਤ ਮਾਨਵਤਾ ਦੇ ਉਧਾਰ ਲਈ ਅਤੇ ਦਲਿਤ ਵਰਗਾਂ ਨੂੰ ਸਮਾਜਿਕ ਅਤੇ ਆਰਥਿਕ ਨਿਆਂ ਦਿਵਾਉਣ ਲਈ ਬਾਬਾ ਸਾਹਿਬ ਵੱਲੋਂ ਕੀਤੇ ਗਏ ਅਥੱਕ ਯਤਨਾਂ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਮਾਨਤਾ ਮਿਲ ਰਹੀ ਹੈ।

ਡਾ. ਅੰਬੇਡਕਰ ਫਾਊਂਡੇਸ਼ਨ ਰਾਹੀਂ ਬਾਬਾ ਸਾਹਿਬ ਦੇ ਵਿਚਾਰਾਂ ਨੂੰ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਇਸ ਦੇ ਲਈ ਸਾਰੇ ਸਹਿਯੋਗੀ ਵਿਦਵਾਨ ਵਧਾਈ ਦੇ ਪਾਤਰ ਹਨ। ਇਸ ਸੁਚੱਜੇ ਕਾਰਜ ਦੀ ਲੜੀ ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਦੀਆਂ ਲਿਖਤਾਂ ਦੇ ਹਥਲੇ ਭਾਗ ਨੂੰ ਪੇਸ਼ ਕਰਦਿਆਂ, ਇਸਦੀ ਸਫ਼ਲਤਾ ਲਈ ਦਿਲੀ ਕਾਮਨਾ ਕਰਦਾ ਹਾਂ। ਇਨ੍ਹਾਂ ਯਤਨਾਂ ਨਾਲ ਨਿਸ਼ਚਿਤ ਰੂਪ ਵਿੱਚ ਸਮਾਜ ਵਿੱਚ ਜਨ ਜਾਗਰਤੀ ਪੈਦਾ ਹੋਵੇਗੀ ਅਤੇ ਸੋਸ਼ਣ-ਮੂਲਕ ਸਮਾਜਕ ਵਿਵਸਥਾ ਨੂੰ ਖਤਮ ਕਰਨ ਵਿੱਚ ਸਾਨੂੰ ਮਦਦ ਮਿਲੇਗੀ, ਜੋ ਅੱਜ ਭਾਰਤੀ ਸਮਾਜ ਨੂੰ ਖੋਖਲਾ ਬਣਾ ਰਹੀ ਹੈ।

ਨਵੀਂ ਦਿੱਲੀ :-
5 ਮਾਰਚ, 1995

ਸੀਤਾ ਰਾਮ ਕੇਸਰੀ,
ਭਲਾਈ ਮੰਤਰੀ,
ਭਾਰਤ ਸਰਕਾਰ।

ਸੰਦੇਸ਼

ਬਾਬਾ ਸਾਹਿਬ ਹਿੰਦੂ ਸਮਾਜ ਦੇ ਸਾਰੇ ਦਮਨਕਾਰੀ ਸਰੂਪਾਂ ਦੇ ਵਿਰੁੱਧ ਵਿਦਰੋਹ ਦੇ ਪ੍ਰਤੀਕ ਹੀ ਨਹੀਂ ਸਨ, ਬਲਕਿ ਉਹ ਤਾਂ ਬਹੁ ਮੁੱਖੀ ਵਿਅਕਤੀਤਵ ਦੇ ਧਨੀ ਸਨ। ਰਾਜਸੀ ਅਤੇ ਰਾਸ਼ਟਰੀ ਨੇਤਾ ਹੋਣ ਦੇ ਨਾਤੇ, ਉਨ੍ਹਾਂ ਨੇ ਸੰਵਿਧਾਨ ਦੇ ਰੂਪ ਵਿੱਚ ਇੱਕ ਬਹੁਮੁੱਲੀ ਵਿਰਾਸਤ ਛੱਡੀ ਹੈ। ਉਨ੍ਹਾਂ ਦਾ ਦ੍ਰਿੜ੍ਹ, ਵਿਸ਼ਵਾਸ਼ ਸੀ ਕਿ ਵਿਦਿਆ ਤੋਂ ਇਲਾਵਾ ਤਰੱਕੀ ਸੰਭਵ ਨਹੀਂ ਹੈ। ਉਨ੍ਹਾਂ ਨੇ ਦਲਿਤਾਂ ਤੱਕ ਸਿੱਖਿਆ ਪਹੁੰਚਾਉਣ ਲਈ ਅਨੇਕ ਸਕੂਲਾਂ ਅਤੇ ਕਾਲਜਾਂ ਦੀ ਸਥਾਪਨਾ ਕੀਤੀ। ਸੋਸ਼ਣ ਕਰਨ ਵਾਲਿਆਂ ਵਿਰੁੱਧ ਉਨ੍ਹਾਂ ਨੇ ਜੋ ਜੀਵਨ ਭਰ ਸੰਘਰਸ਼ ਕੀਤਾ, ਉਸ ਨਾਲ ਉਨ੍ਹਾਂ ਨੂੰ ਸਮਾਜਿਕ ਅਤੇ ਆਰਥਿਕ ਬੇਇਨਸਾਫ਼ੀ ਤੇ ਪੀੜਤ ਮਾਨਵਤਾ ਦੇ ਸੁਧਾਰਕ ਦੇ ਰੂਪ ਵਿੱਚ ਅੰਤਰ ਰਾਸ਼ਟਰੀ ਮਾਨਤਾ ਪ੍ਰਾਪਤ ਹੋਈ।

ਮੈਨੂੰ ਪ੍ਰਸੰਨਤਾ ਹੈ ਕਿ ਉਨ੍ਹਾਂ ਦੇ ਵਿਚਾਰਾਂ ਦੇ ਪ੍ਰਚਾਰ ਲਈ ਡਾ. ਅੰਬੇਡਕਰ ਫਾਊਂਡੇਸ਼ਨ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ ਉਨ੍ਹਾਂ ਦੇ ਭਾਸ਼ਣਾਂ ਤੇ ਲਿਖਤਾਂ ਨੂੰ ਵੱਖ-ਵੱਖ ਭਾਗਾਂ ਵਿੱਚ ਪ੍ਰਕਾਸ਼ਿਤ ਕਰ ਰਹੀ ਹੈ। ਮੈਂ ਇਸ ਕਾਰਜ ਦੀ ਸਫ਼ਲਤਾ ਦੀ ਕਾਮਨਾ ਕਰਦਾ ਹਾਂ।

ਨਵੀਂ ਦਿੱਲੀ :-
5-3-95

ਬੰਗਾ ਬਾਲੂ,
ਭਲਾਈ ਰਾਜ ਮੰਤਰੀ,
ਭਾਰਤ ਸਰਕਾਰ।

ਪ੍ਰਕਾਸ਼ਕੀ

ਯੁੱਗਪੁਰਸ਼ ਭਾਰਤਰਤਨ ਬਾਬਾ ਸਾਹਿਬ ਡਾ. ਅੰਬੇਡਕਰ ਨਵੀਂ ਸਮਾਜਕ ਜਾਗ੍ਰਤੀ ਦੇ ਦੂਤ ਸਨ। ਉਨ੍ਹਾਂ ਦਾ ਸਾਰਾ ਜੀਵਨ ਸਦੀਆਂ ਤੋਂ ਦਲਿਤ ਮਾਨਵਤਾ ਦੇ ਸਮਾਜਿਕ-ਆਰਥਿਕ ਅਤੇ ਵਿਦਿਅਕ ਉਨਤੀ ਲਈ ਸਮਰਪਿਤ ਸੀ। ਉਨ੍ਹਾਂ ਨੇ ਸਮਾਜ ਵਿਚ ਫੈਲੀਆਂ ਰੂੜ੍ਹੀਵਾਦੀ ਮਾਨਤਾਵਾਂ ਅਤੇ ਬੁਰਾਈਆਂ ਨੂੰ ਜੜ੍ਹੋਂ ਖਤਮ ਕਰਨ ਅਤੇ ਸਮਾਜਿਕ ਨਿਆਂ ਅਤੇ ਦਲਿਤਾਂ ਦੇ ਅਧਿਕਾਰਾਂ ਨੂੰ ਯਕੀਨੀ ਬਣਾਉਣ ਲਈ ਜੀਵਨ ਭਰ ਸੰਘਰਸ਼ ਕੀਤਾ।

ਬਾਬਾ ਸਾਹਿਬ ਦੇ ਸਮਾਜਿਕ-ਨਵ ਚੇਤਨਾ ਅਤੇ ਨਵ-ਆਰਥਿਕ ਸੰਰਚਨਾ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਭਾਰਤ ਸਰਕਾਰ ਨੇ ਡਾ.ਅਬੇਡਕਰ ਸੰਸਥਾ (ਚੇਅਰ) ਦੀ ਸਥਾਪਨਾ ਕੀਤੀ ਹੈ। ਇਹ ਸੰਸਥਾ ਨਿਮਨ ਮੁੱਖ ਗਤੀਵਿਧੀਆਂ ਅਤੇ ਯੋਜਨਾਵਾਂ ਨੂੰ ਪੂਰਾ ਕਰਨ ਲਈ ਦ੍ਰਿੜ ਸੰਕਲਪ ਹੈ :-

1. ਡਾ. ਅੰਬੇਡਕਰ ਰਾਸ਼ਟਰੀ ਲਾਇਬ੍ਰੇਰੀ 2. ਅੰਬੇਡਕਰ ਰਾਸ਼ਟਰੀ ਪੁਰਸਕਾਰ 3. ਡਾ.ਅੰਬੇਡਕਰ ਵਿਦੇਸ਼-ਵਜੀਫ਼ਾ 4. ਡਾ. ਅੰਬੇਡਕਰ ਸੰਸਥਾਵਾਂ(ਚੇਅਰਸ) ਦੀ ਸਥਾਪਨਾ ਅਤੇ 5. ਡਾ. ਅੰਬੇਡਕਰ ਸਹਿਤ ਦਾ ਭਾਰਤੀ ਭਾਸ਼ਾਵਾਂ ਵਿਚ ਪ੍ਰਕਾਸ਼ਨ।

ਇਨ੍ਹਾਂ ਯੋਜਨਾਵਾਂ ਨੂੰ ਲਾਗੂ ਕਰਨ ਵਿਚ ਸਮਾਜਿਕ ਨਿਆਂ ਦੇ ਲਈ ਪ੍ਰਤੀਬੱਧ ਮਾਨਯੋਗ ਸ੍ਰੀ ਸੀਤਾਰਾਮ ਕੇਸਰੀ, ਭਲਾਈ ਮੰਤਰੀ, ਮਾਨਯੋਗ ਥੰਗਾ ਬਾਲੂ, ਰਾਜ ਭਲਾਈ ਮੰਤਰੀ ਅਤੇ ਸ੍ਰੀ ਮਾਤਾ ਪ੍ਰਸ਼ਾਦ, ਸਕੱਤਰ-ਭਲਾਈ ਮੰਤ੍ਰਾਲਾ, ਭਾਰਤ ਸਰਕਾਰ ਦੇ ਪ੍ਰਤੀ (ਜਿਨ੍ਹਾਂ ਤੋਂ ਸਮੇਂ ਤੇ ਬਹੁਮੁਲੀ ਸਲਾਹ-ਮਸ਼ਵਰੇ ਅਤੇ ਮਾਰਗ ਦਰਸ਼ਨ ਅਤੇ ਪ੍ਰੇਰਣਾ ਮਿਲਦੀ ਰਹਿੰਦੀ ਹੈ) ਸੰਸਥਾ ਵਲੋਂ ਮੈਂ ਬਹੁਤ ਧੰਨਵਾਦੀ ਹਾਂ।

ਬਾਬਾ ਸਾਹਿਬ ਦੇ ਸਮੁੱਚੇ ਸਾਹਿਤ ਦਾ ਹਿੰਦੀ ਅਤੇ ਹੋਰਨਾਂ ਦਸ ਭਾਰਤੀ ਭਾਸ਼ਾਵਾਂ ਵਿਚ ਅਨੁਵਾਦ ਕਰਵਾਉਣ ਅਤੇ ਪ੍ਰਕਾਸ਼ਤ ਕਰਨ ਦੀ ਇਸ ਰਾਸ਼ਟਰੀ ਮਹੱਤਤਾ ਦੀ ਯੋਜਨਾ ਨਾਲ ਸਬੰਧਤ ਭਾਰਤੀ ਭਾਸ਼ਾਵਾਂ ਦੇ ਅਨੁਵਾਦਕਾਂ, ਪੁਨਰੀਕਸ਼ਕਾਂ, ਪ੍ਰਬੰਧਕ ਐਡੀਟਰਾਂ ਅਤੇ ਮੁਦਰਕਾਵਾਂ ਦੀ ਚੋਣ ਦੀ ਲੰਬੀ ਪ੍ਰਕਿਰਿਆਂ ਦੀਆਂ ਮੁਸ਼ਕਲਾਂ ਦੇ ਕਾਰਣ ਕੁੱਝ ਖੰਡਾਂ ਦੇ ਪ੍ਰਕਾਸ਼ਨ ਵਿਚ ਦੇਰ ਹੋਣ ਦਾ ਸਾਨੂੰ ਖੇਦ ਹੈ।

ਪੇਸ਼ ਕੀਤੇ ਪੰਜਾਬੀ ਖੰਡ ਦੇ ਸਮੇਂ ਸਿਰ ਪ੍ਰਕਾਸ਼ਤ ਹੋਣ ਤੇ ਸੰਸਥਾ ਨੂੰ ਬਹੁਤ ਖ਼ੁਸ਼ੀ ਹੋਈ ਹੈ ਅਤੇ ਇਸ ਦੇ ਲਈ ਪ੍ਰਬੰਧਕੀ ਐਡੀਟਰ ਅਤੇ ਸੰਸਥਾ ਦੇ ਵਿਸ਼ੇਸ਼ ਕਾਰਜ-ਅਧਿਕਾਰੀ ਅਤੇ ਇਸ ਯੋਜਨਾ ਦੇ ਸਹਿਯੋਗੀ ਸ੍ਰੀ ਜਗਨ ਨਾਥ ਪ੍ਰਸ਼ਾਦ ਵਧਾਈ ਦੇ ਪਾਤਰ ਹਨ। ਨਾਲ ਹੀ, ਅਸੀਂ ਅਨੁਵਾਦਕਾਂ-ਪੁਨਰੀਕਸ਼ਕਾਂ ਨੂੰ ਵਧਾਈ ਦਿੰਦੇ ਹਾਂ। ਜਿਨ੍ਹਾਂ ਨੇ ਇਸ ਕੰਮ ਵਿਚ ਸਹਿਯੋਗ ਦਿੱਤਾ ਹੈ।

ਸਾਨੂੰ ਖ਼ੁਸ਼ੀ ਹੈ ਕਿ ਸੰਸਥਾ ਦੁਆਰਾ ਪ੍ਰਕਾਸ਼ਿਤ ਕੀਤੇ ਜਾ ਰਹੇ ਬਾਬਾ ਸਾਹਿਬ ਡਾ. ਅੰਬੇਡਕਰ ਸਮੁੱਚੇ ਸਾਹਿਤ ਦਾ ਸਵਾਗਤ ਹੋਇਆ ਹੈ। ਇਸ ਦੇ ਨਾਲ ਸਾਨੂੰ ਭਾਰੀ ਉਤਸਾਹ ਅਤੇ ਬਲ ਮਿਲਿਆ ਹੈ। ਅੰਤ ਵਿਚ, ਅਸੀਂ ਇਸ ਸੰਬੰਧ ਵਿਚ ਆਪਣੇ ਸੂਝਵਾਨ ਪਾਠਕਾਂ ਦੇ ਸੁਝਾਵਾਂ ਦਾ ਸਵਾਗਤ ਕਰਾਂਗੇ।

ਗੰਗਾਦਾਸ
ਮੈਂਬਰ ਸਕੱਤਰ
ਡਾ. ਅੰਬੇਡਕਰ ਫਾਊਂਡੇਸ਼ਨ,
ਅਸੋਕ ਰੋਡ, ਨਵੀਂ ਦਿੱਲੀ।

ਸੰਪਾਦਕੀ

"ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦਾ ਸੰਪੂਰਨ ਸਾਹਿਤ", ਭਾਰਤੀ ਸੰਪਾਦਨ ਦੇ ਇਤਿਹਾਸ ਵਿੱਚ ਬਹੁਮੁੱਲੇ ਤੇ ਵੱਡਆਕਾਰੀ ਦਸਤਾਵੇਜ਼ ਹਨ । ਮਹਾਰਾਸ਼ਟਰ ਸਰਕਾਰ ਨੇ ਇਨ੍ਹਾਂ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਕਈ ਸੈਂਚੀਆਂ ਵਿੱਚ ਪ੍ਰਕਾਸ਼ਿਤ ਕੀਤਾ ਹੈ, ਜਿਨ੍ਹਾਂ ਨੂੰ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਕਰਵਾਇਆ ਜਾ ਰਿਹਾ ਹੈ।

ਅਸੀਂ ਪਾਠਕਾਂ ਦੀ ਸਹੂਲਤ ਲਈ ਦੂਜੀ ਸੈਂਚੀ (ਅੰਗਰੇਜ਼ੀ) ਨੂੰ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਵਾਂ ਵਿੱਚ ਤਿੰਨ ਸੈਂਚੀਆਂ ਅਰਥਾਤ ਤੀਜੀ ਚੌਥੀ ਅਤੇ ਪੰਜਵੀਂ ਸੈਂਚੀ ਪ੍ਰਕਾਸ਼ਿਤ ਕਰ ਰਹੇ ਹਾਂ।

ਅਨੁਵਾਦ ਕਾਰਜ ਮੌਲਿਕ ਰਚਨਾਵਾਂ ਨਾਲੋਂ ਵੀ ਕਠਿਨ ਹੁੰਦਾ ਹੈ। ਅਨੁਵਾਦਕ ਨੂੰ ਨਾ ਕੇਵਲ ਸਰਵ ਭਾਸ਼ਾ ਤੇ ਲਕਸ਼ ਭਾਸ਼ਾ ਦਾ ਗਿਆਨ ਹੋਣਾ ਜ਼ਰੂਰੀ ਹੈ, ਬਲਕਿ ਵਿਸ਼ੇ ਦਾ ਗਿਆਨ ਵੀ ਜ਼ਰੂਰੀ ਹੈ। ਸਾਨੂੰ ਪ੍ਰਸੰਨਤਾ ਹੈ ਕਿ ਇਸ ਚੌਥੀ ਸੈਂਚੀ ਦੇ ਅਨੁਵਾਦ ਨੂੰ ਤਜਰਬਾਕਾਰ ਅਨੁਵਾਦਕਾਂ ਅਤੇ ਸੋਧਕਾਂ ਨੇ ਥੋੜ੍ਹੇ ਸਮੇਂ ਵਿੱਚ ਪੂਰਾ ਕੀਤਾ ਹੈ। ਅਸੀਂ ਉਨ੍ਹਾਂ ਦੇ ਧੰਨਵਾਦੀ ਹਾਂ ।

ਅਸੀਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਸ਼ਤਾਬਦੀ ਸਮਾਰੋਹ ਕਮੇਟੀ, ਕਲਿਆਣ ਮੰਤਰਾਲਾ, ਭਾਰਤ ਸਰਕਾਰ, ਸੂਚਨਾ ਅਤੇ ਪ੍ਰਸਾਰਨ ਮੰਤਰਾਲਾ ਅਤੇ ਪ੍ਰਕਾਸ਼ਨ ਵਿਭਾਗ ਦੇ ਸਾਰੇ ਸਬੰਧਤ ਸਹਿਯੋਗੀਆਂ ਨੂੰ ਧੰਨਵਾਦ ਦੇਣਾ ਚਾਹਾਂਗੇ, ਜਿਨ੍ਹਾਂ ਦੇ ਸਹਿਯੋਗ ਨਾਲ ਇਹ ਕਾਰਜ ਨਿਰਵਿਘਨ ਸਮਾਪਤ ਹੋਇਆ ਹੈ ।

ਡਾ. ਲੇਖਰਾਜ ਪਰਵਾਨਾ
ਪ੍ਰਬੰਧ ਸੰਪਾਦਕ

ਵਿਸ਼ਾ-ਸੂਚੀ

	ਪੰਨਾ
ਸੰਦੇਸ਼	
ਸੰਪਾਦਕੀ	
(ੳ) ਬੰਬਈ ਮਹਾਂਪ੍ਰਾਂਤ (ਪ੍ਰਜ਼ੀਡੈਂਸੀ) ਦੀ ਸਰਕਾਰ ਦੇ ਗਠਨ ਬਾਰੇ ਰਿਪੋਰਟ :	
ਭਾਗ 1. ਪ੍ਰਾਂਤ ਦੇ ਇਲਾਕੇ ਦਾ ਪੁਨਰਗਠਨ	14
ਭਾਗ 2. ਪ੍ਰਾਂਤਿਕ ਕਾਰਜਕਾਰਣੀ	23
ਭਾਗ 3. ਪ੍ਰਾਂਤਿਕ ਵਿਧਾਨ ਮੰਡਲ	46
ਭਾਗ 4. ਪ੍ਰਾਂਤਿਕ ਖੁਦਮੁਖਤਿਆਰੀ	112
ਭਾਗ 5. ਸਰਕਾਰੀ ਸੇਵਾਵਾਂ	121
ਭਾਗ 6. ਸਿਫਾਰਸ਼ਾਂ ਦਾ ਨਿਚੋੜ	137
(ਅ) ਦਲਿਤ ਵਰਗਾਂ ਦੀ ਸਿਖਿਆ	147
(ੲ) ਦਲਿਤ ਵਰਗਾਂ ਦੇ ਹਿਤਾਂ ਦੀ ਰੱਖਿਆ	177
(ਸ) ਭਾਰਤੀ ਸੰਵਿਧਾਨ ਕਮਿਸ਼ਨ ਦੇ ਸਾਹਮਣੇ	219
(ਹ) ਦਲਿਤ ਵਰਗਾਂ ਸਬੰਧੀ ਭਾਰਤੀ ਮਤਾਧਿਕਾਰ ਕਮੇਟੀ	267

ਡਾ. ਅੰਬੇਡਕਰ
ਸਾਈਮਨ ਕਮਿਸ਼ਨ

(ਇੰਡੀਅਨ ਸਟੈਚਿਊਟਰੀ ਕਮਿਸ਼ਨ)

ਨਾਲ

ੳ

ਬੰਬਈ ਮਹਾਂ-ਪ੍ਰਾਂਤ (ਪ੍ਰੈਜ਼ੀਡੈਂਸੀ) ਦੀ ਸਰਕਾਰ ਦੇ ਗਠਨ ਬਾਰੇ ਰਿਪੋਰਟ

ਮੁੱਖ-ਬੰਧ

ਮੈਨੂੰ ਅਫਸੋਸ ਹੈ ਕਿ ਮੈ ਆਪਣੇ ਕਮੇਟੀ ਵਿਚਲੇ ਸਾਥੀਆਂ ਦੁਆਰਾ ਤਿਆਰ ਕੀਤੀ ਗਈ ਰਿਪੋਰਟ ਨਾਲ ਸਹਿਮਤ ਨਹੀਂ ਹਾਂ । ਮੈਂ ਸਾਡੀ ਖੋਜ ਦੇ ਖੇਤਰ ਅੰਦਰ ਆਉਂਦੇ ਮਾਮਲਿਆਂ ਤੋਂ ਕੱਢੇ ਗਏ ਬਹੁਤ ਮਹੱਤਵਪੂਰਣ ਸਿੱਟਿਆਂ ਨੂੰ ਸਵੀਕਾਰ ਨਹੀਂ ਕਰਦਾ । ਇਸ ਲਈ, ਮੈਂ ਇਹ ਵੱਖਰੀ ਰਿਪੋਰਟ ਪੇਸ਼ ਕੀਤੀ ਹੈ । ਇਸ ਵਿਚ ਮੇਰੇ ਆਪਣੇ ਵਿਚਾਰ ਅਤੇ ਸਿਫਾਰਸ਼ਾਂ ਦਰਜ ਹਨ । ਮੇਰੀ ਰਿਪੋਰਟ, ਮੇਰੇ ਸਾਥੀਆਂ ਵਲੋਂ ਪੇਸ਼ ਕੀਤੀ ਗਈ ਰਿਪੋਰਟ ਨਾਲੋਂ ਵੱਡੀ ਹੈ । ਇਹ ਸ਼ਾਇਦ ਇਸ ਕਰਕੇ ਹੋ ਗਿਆ ਹੈ ਕਿ ਮੈਂ ਆਪਣੀ ਰਿਪੋਰਟ ਵਿਚ ਉਠਾਏ ਗਏ ਪ੍ਰਸ਼ਨਾਂ ਦੇ ਰਸਮੀ ਉੱਤਰਾਂ ਨੂੰ ਵੀ ਸ਼ਾਮਲ ਕੀਤਾ ਹੈ । ਹਾਲਾਂ ਕਿ ਮੈਂ ਇਹ ਮਹਿਸੂਸ ਵੀ ਕਰਦਾ ਸੀ ਕਿ ਪ੍ਰਸ਼ਨ ਦਾ ਉੱਤਰ ਉਨ੍ਹਾਂ ਸਿਧਾਂਤਾਂ, ਜਿਨ੍ਹਾਂ ਤੇ ਇਹ ਉੱਤਰ ਆਧਾਰਿਤ ਹੈ, ਦੀ ਆਮ ਵਿਆਖਿਆ ਕੀਤੇ ਬਗੈਰ ਦਿੱਤਾ ਜਾ ਸਕਦਾ ਸੀ, ਪ੍ਰੰਤੂ ਇਸ ਤਰ੍ਹਾਂ ਰਿਪੋਰਟ ਠੀਕ ਤਰ੍ਹਾਂ ਸਮਝੀ ਨਹੀਂ ਜਾ ਸਕੇਗੀ । ਇਸ ਕਰਕੇ, ਮੈਂ ਇਸ ਨੂੰ ਸੰਖੇਪ ਵਿਚ ਰੱਖਣ ਵਾਲੇ ਉਨ੍ਹਾਂ ਸਾਰੇ ਵਿਚਾਰਾਂ ਨੂੰ ਛੱਡ, ਦਿੱਤਾ ਜਿਨ੍ਹਾਂ ਤੋਂ ਮੇਰੀ ਇਸ ਕਰਕੇ ਨੁਕਤਾਚੀਨੀ ਹੋਣੀ ਸੀ ਕਿ ਰਿਪੋਰਟ ਵਿਚ ਦਰਜ ਸਿਫਾਰਸ਼ਾਂ ਦਾ ਉਚਿਤ ਕਾਰਨਾਂ ਅਤੇ ਦਲੀਲਾਂ ਸਹਿਤ ਸਮਰਥਨ ਨਹੀਂ ਕੀਤਾ ਗਿਆ । ਇਸੇ ਕਾਰਨ ਹੀ ਇਹ ਏਨੀ ਵੱਡੀ ਬਣ ਗਈ ਹੈ ।

- ਡਾ. ਬੀ.ਆਰ.ਅੰਬੇਡਕਰ

ਭਾਗ-1

ਪ੍ਰਾਂਤ ਦੇ ਇਲਾਕੇ ਦਾ ਪੁਨਰਗਠਨ

1. ਬੰਬਈ ਮਹਾਂ-ਪ੍ਰਾਂਤ (ਪ੍ਰੈਜ਼ੀਡੈਂਸੀ) ਦੇ ਇਲਾਕੇ ਨੂੰ, ਜੋ 1,223,541 ਵਰਗ ਮੀਲਾਂ ਵਿਚ ਫੈਲਿਆ ਹੋਇਆ ਹੈ, ਚਾਰ ਵਿਸ਼ੇਸ ਭਾਸ਼ਾਈ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ (1) ਮਹਾਂਰਾਸ਼ਟਰ (2) ਗੁਜਰਾਤ, (3) ਕਰਨਾਟਕ ਅਤੇ (4) ਸਿੰਧ । ਇਨ੍ਹਾਂ ਡਿਵੀਜਨਾਂ ਦੇ ਲੋਕ ਬਹੁਤ ਲੰਮੇ ਸਮੇਂ ਤੋਂ ਇਕੋ ਰਾਜ-ਪ੍ਰਬੰਧ ਦੇ ਅਧੀਨ ਇਕੱਠੇ ਰੱਖੇ ਗਏ ਹਨ । ਗੁਜਰਾਤ, ਮਹਾਂਰਾਸ਼ਟਰ ਅਤੇ ਕਰਨਾਟਕ ਪਿਛਲੇ 10 ਸਾਲਾਂ ਤੋਂ ਬੰਬਈ ਪ੍ਰੈਜ਼ੀਡੈਂਸੀ ਦੇ ਅੰਗ ਹਨ, ਜਦ ਕਿ ਸਿੰਧ 85 ਸਾਲ ਪਹਿਲਾਂ ਪ੍ਰੈਜ਼ੀਡੈਂਸੀ ਵਿਚ ਸ਼ਾਮਲ ਕੀਤਾ ਗਿਆ ਸੀ। ਇਸ ਰਾਜ-ਸੰਘ ਵਿਚੋਂ ਕਾਰਨਾਟਕ ਅਤੇ ਸਿੰਧ ਹੁਣ ਮੰਗ ਕਰ ਰਹੇ ਹਨ ਕਿ ਉਨ੍ਹਾਂ ਨੂੰ ਪ੍ਰੈਜ਼ੀਡੈਂਸੀ ਤੋਂ ਅਲੱਗ ਕਰ ਦਿੱਤਾ ਜਾਵੇ । ਵੱਖਰੇ ਰਾਜਾਂ ਦੇ ਹੱਕ ਵਿਚ ਇਹ ਦਲੀਲ ਦਿੱਤੀ ਗਈ ਕਿ ਪ੍ਰਾਂਤ ਕੁਦਰਤੀ ਏਕਤਾ ਦਾ ਪ੍ਰਤੀਕ ਨਹੀਂ ਰਹਿੰਦਾ ਅਤੇ ਇਸ ਨਾਲ ਨਾ ਕੇਵਲ ਨਸਲ ਜਾਂ ਭਾਸ਼ਾ ਦੀ ਏਕਤਾ ਨੂੰ ਪਰਖਿਆ ਹੀ ਨਹੀਂ ਜਾਂਦਾ ਹੈ ਬਲਕਿ ਅਸਲ ਵਿਚ ਇਕੋ ਜਿਹੇ ਲੋਕਾਂ ਨੂੰ ਹੋਰ ਭਿੰਨ ਭਿੰਨ ਜਾਤਾਂ ਦੇ ਲੋਕਾਂ ਵਿਚ ਮਿਲਾ ਕੇ ਜਾਣ ਬੁਝ ਕੇ ਇੰਜ ਬਣਾਇਆ ਗਿਆ ਹੈ । ਇਸ ਨੂੰ ਇਕ ਬੁਰਾਈ ਕਿਹਾ ਜਾਂਦਾ ਹੈ । ਇਥੇ ਇਸ ਚੀਜ਼ ਤੇ ਜ਼ੋਰ ਦਿੱਤਾ ਗਿਆ ਹੈ ਕਿ ਹਿੱਸਿਆਂ ਵਿਚ ਵੰਡ ਹੋ ਜਾਣ ਨਾਲ ਲੋਕ ਆਪਣੇ ਵਿਸ਼ੇਸ਼ ਸਭਿਆਚਾਰ ਨੂੰ ਉੱਚਾ ਚੁੱਕ ਸਕਣਗੇ, ਕਿਉਂਕਿ ਦੂਸਰੇ ਵੱਡੇ ਗੁੱਟਾਂ ਵਿਚ ਮਿਲਣ ਨਾਲ ਉਹ ਰਾਜਨੀਤਿਕ ਤੌਰ ਤੇ ਬੇਬਸ ਰਹਿੰਦੇ ਹਨ ।

2. ਕਰਨਾਟਕ ਦੇ ਕੇਸ ਵਿਚ ਇਸ ਦਲੀਲ ਵਿਚ ਨਿਰਸੰਦੇਹ ਕੁਝ ਬਲ ਹੈ ਕਿਉਂਕਿ ਕਰਨਾਟਕ ਨੂੰ ਵੱਖ ਵੱਖ ਛੋਟੇ ਹਿੱਸਿਆਂ ਵਿਚ ਵੰਡ ਦਿੱਤਾ ਗਿਆ ਹੈ । ਇਨ੍ਹਾਂ ਨੂੰ ਪ੍ਰਬੰਧਕੀ ਮੰਤਵਾਂ ਲਈ ਦੂਜੇ ਗੈਰ-ਕਰਨਾਟਕੀ ਇਲਾਕਿਆਂ ਨਾਲ ਜੋੜ ਦਿੱਤਾ ਗਿਆ, ਜਿਸ ਕਰਕੇ ਅਲਹਿਦਗੀ ਸਹੀ ਸਿੱਧ ਹੋ ਗਈ ਹੈ । ਇਸ ਗੱਲ ਤੋਂ ਮੁਕਰਿਆ ਨਹੀਂ ਜਾ ਸਕਦਾ ਕਿ ਬੰਬੇ ਪ੍ਰੈਜ਼ੀਡੈਂਸੀ ਵਿਚ ਕਿਸੇ ਹਿੱਸੇ ਨੂੰ ਜੋੜਨ ਨਾਲ ਉਸ ਨੂੰ ਬੰਬਈ ਵਿਧਾਨ ਪ੍ਰੀਸ਼ਦ ਵਿਚ ਘੱਟ ਪ੍ਰਤਿਨਿਧਤਾ ਦੇ ਨਾਤੇ ਰਾਜਸੀ ਨੁਕਸਾਨ ਪੁੱਜਾ ਹੈ। ਇਸ ਦੇ ਬਾਵਜੂਦ, ਮੈਂ ਬੰਬੇ ਪ੍ਰੈਜ਼ੀਡੈਂਸੀ ਤੋਂ ਕਰਨਾਟਕ ਦੇ ਵੱਖਰੇਪਣ ਦੀ ਵਿਰੋਧਤਾ ਕਰਦਾ ਹਾ । ਇਕ ਭਾਸ਼ਾ- ਇਕ

ਪ੍ਰਾਂਤ ਦਾ ਸਿਧਾਂਤ ਇਸ ਪ੍ਰਥਾ ਵਿਚ ਬਿਲਕੁਲ ਲਾਗੂ ਨਹੀਂ ਕੀਤਾ ਜਾ ਸਕਦਾ । ਮੇਰੀ ਰਾਏ ਵਿਚ ਅਗਰ ਇਸ ਸਿਧਾਂਤ ਨੂੰ ਅਮਲ ਵਿਚ ਲਿਆਂਦਾ ਗਿਆ ਤਾਂ ਬਹੁਤ ਸਾਰੇ ਸੂਬੇ ਆਪਣਾ ਆਪਣਾ ਰਸਤਾ ਅਪਣਾ ਲੈਣਗੇ । ਨਾ ਹੀ ਇਸ ਸਿਧਾਂਤ ਨੂੰ ਉਨ੍ਹਾਂ ਕੇਸਾਂ ਤੱਕ ਸੀਮਤ ਰੱਖ ਕੇ ਲਾਗੂ ਕੀਤਾ ਜਾ ਸਕਦਾ ਹੈ "ਜਿਥੇ ਭਾਸ਼ਾ, ਭੂਤਕਾਲ ਅਤੇ ਭਵਿੱਖ ਵਿਚ ਇਕ ਵਿਸ਼ੇਸ਼ ਸਭਿਆਚਾਰਕ ਭਾਸ਼ਾ ਰਹੀ ਹੋਵੇ, ਜਿਥੇ ਇਕ ਸ਼ਕਤੀਸ਼ਾਲੀ ਭਾਸ਼ਾਈ ਜਾਗਰੂਕਤਾ ਮੌਜੂਦ ਹੋਵੇ" । ਸੁਭਾਵਿਕ ਹੀ ਹਰੇਕ ਭਾਸ਼ਾ ਜਿਸ ਦਾ ਭੂਤਕਾਲ ਵਿਚ ਬੋਲ ਬਾਲਾ ਰਿਹਾ ਹੋਵੇ, ਜੇ ਉਸ ਨੂੰ ਮੌਕਾ ਮਿਲੇ ਤਾਂ ਉਹ ਭਵਿੱਖ ਵਿਚ ਵੀ ਆਪਣੀ ਹੋਂਦ ਨੂੰ ਕਾਇਮ ਰਖੇਗੀ । ਲੋਕਾਂ ਦਾ ਹਰ ਇਕ ਭਾਸ਼ਾਈ ਗੁੱਟ ਜੇ ਉਸ ਨੂੰ ਸਰਕਾਰੀ ਸ਼ਕਤੀਆਂ ਦਿੱਤੀਆਂ ਜਾਣ, ਭਾਸ਼ਾਈ ਜਾਗਰੂਕਤਾ ਪ੍ਰਾਪਤ ਕਰ ਲਵੇਗਾ । ਮੈਨੂੰ ਇਸ ਗੱਲ ਦਾ ਇਲਮ ਹੈ ਕਿ ਇਸ ਨਾਲ ਕਨਾਰੀਜ ਸਭਿਆਚਾਰ ਨੂੰ ਕੁਰਬਾਨੀ ਕਰਨੀ ਪਵੇਗੀ। ਭਾਵੇਂ ਮੈਂ ਦ੍ਰਿੜ੍ਹ ਨਹੀਂ ਹਾਂ ਕਿ ਇਹ ਵਰਤਮਾਨ ਪ੍ਰਬੰਧ ਦੇ ਜਾਰੀ ਰਹਿਣ ਦਾ ਇਕ ਅੱਟਲ ਨਤੀਜਾ ਹੋਵੇਗਾ ਪ੍ਰੰਤੂ ਜੇ ਇਸਦਾ ਇਹੀ ਨਤੀਜਾ ਹੋਵੇਗਾ, ਮੈਂ ਨਹੀਂ ਸਮਝਦਾ ਕਿ ਇਹ ਅਫ਼ਸੋਸ ਦੀ ਗੱਲ ਹੈ । ਕਿਉਂਕਿ ਮੇਰੀ ਰਾਏ ਹੈ ਕਿ ਇਹ ਵਕਤ ਦੀ ਬਹੁਤ ਮਹੱਤਵਪੂਰਣ ਲੋੜ ਹੈ । ਬਹੁਗਿਣਤੀ ਲੋਕਾਂ ਅੰਦਰ ਇਕ ਆਮ ਕੌਮੀਅਤਾ ਦੀ ਭਾਵਨਾ ਪੈਦਾ ਕਰਨਾ ਠੀਕ ਹੈ, ਪਰ ਇਹ ਭਾਵਨਾ ਇਹ ਨਹੀਂ ਕਿ ਉਹ ਪਹਿਲਾਂ ਭਾਰਤੀ ਹਨ ਅਤੇ ਹਿੰਦੂ, ਮੁਸਲਮਾਨ ਜਾਂ ਸਿੰਧੀ ਅਤੇ ਕਾਨਾਰੀਜ਼ ਬਾਅਦ ਵਿਚ ਹਨ, ਬਲਕਿ ਇਹ ਭਾਵਨਾ ਕਿ ਉਹ ਭਾਰਤੀ ਪਹਿਲਾਂ ਹਨ ਅਤੇ ਭਾਰਤੀ ਹੀ ਅਖੀਰ ਵਿਚ ਹਨ । ਅਗਰ ਉਨ੍ਹਾਂ ਵਿਚ ਇਹ ਭਾਵਨਾ ਪੈਦਾ ਹੋ ਜਾਵੇਗੀ ਤਾਂ ਉਹ ਸਮਝ ਜਾਣਗੇ ਕਿ ਅਜਿਹਾ ਕੁੱਝ ਨਹੀਂ ਕਰਨਾ ਚਾਹੀਦਾ ਜਿਸ ਨਾਲ ਸਥਾਨਕ ਦੇਸ਼-ਭਗਤੀ ਅਤੇ ਗੁੱਟ ਜਾਗਰੂਕਤਾ ਨੂੰ ਨੁਕਸਾਨ ਪੁੱਜੇ । ਪ੍ਰਾਂਤ ਦੀਆਂ ਮੌਜੂਦਾ ਭਿੰਨ ਭਿੰਨ ਜਾਤੀਆਂ ਦੇ ਲੋਕਾਂ ਦੇ ਇਹ ਹੱਕ ਵਿਚ ਹੈ ਕਿ ਉਨ੍ਹਾਂ ਨੂੰ ਇਸ ਤੋਂ ਬਹੁ-ਭਾਸ਼ੀ ਲੋਕਾਂ ਲਈ, ਵੱਖਵਾਦ ਦੀ ਭਾਵਨਾ ਨੂੰ ਵਧਣ ਤੋਂ ਰੋਕਣ ਲਈ, ਇਕ ਵੱਡੀ ਭੂਮਿਕਾ ਨਿਭਾਉਣ ਵਿਚ ਹਿੱਸਾ ਲੈਣ ਦਾ ਇਕ ਸਾਂਝਾ ਮੌਕਾ ਮਿਲਦਾ ਹੈ । ਮੈਂ ਸਮਝਦਾ ਹਾਂ ਉਹ ਪ੍ਰਬੰਧ, ਜਿਸ ਤੋਂ ਅਜਿਹਾ ਲਾਭ ਪ੍ਰਾਪਤ ਹੋਵੇ, ਜ਼ਰੂਰ ਕਰਨਾ ਚਾਹੀਦਾ ਹੈ । ਇਸ ਲਈ, ਮੈਂ ਕਰਨਾਟਕ ਦੀ ਵੱਖਵਾਦ ਦੀ ਮੰਗ ਦਾ ਵਿਰੋਧ ਕਰਦਾ ਹਾਂ ।

3 ਮੇਰੇ ਸਾਥੀਆਂ ਨੇ ਕਰਨਾਟਕ ਦੇ ਵੱਖਵਾਦ ਦੇ ਦਾਅਵੇ ਨੂੰ ਇਸ ਆਧਾਰ ਤੇ ਕਾਹਲੀ ਵਿਚ ਰੱਦ ਕਰ ਦਿੱਤਾ ਕਿ ਇਸ ਦੇ ਹੱਕ ਵਿਚ ਕਮੇਟੀ ਅੱਗੇ ਕੋਈ ਗਵਾਹ ਪੇਸ਼ ਨਹੀਂ ਹੋਇਆ। ਮੈਨੂੰ ਇਸ ਦਾ ਇਸ ਤੱਥ ਵਜੋਂ ਅਫਸੋਸ ਨਹੀਂ ਹੋਇਆ ਕਿ ਮੈਂ ਅਤੇ ਮੇਰੇ ਸਾਥੀ ਇਸ ਸਬੰਧੀ ਆਪਣੀ ਸਿਫਾਰਸ਼ ਨਾਲ ਸਹਿਮਤ ਹਾਂ । ਪ੍ਰੰਤੂ ਮੈਨੂੰ ਇਸ ਗੱਲ ਦੀ ਹੈਰਾਨੀ ਹੋਈ ਹੈ ਕਿ ਮੇਰੇ ਸਾਥੀਆਂ ਨੂੰ ਸਿੰਧ ਸਬੰਧੀ ਵੱਖਰਾ ਨਿਰਣਾ ਲੈਣਾ ਚਾਹੀਦਾ ਸੀ । ਕਿਉਂਕਿ ਮੈਂ ਸਮਝਦਾ ਹਾਂ ਕਿ ਕਰਨਾਟਕ ਦੇ ਮੁਕਾਬਲੇ ਵਿਚ ਸਿੰਧ ਦਾ ਕੋਈ ਕੇਸ ਨਹੀਂ ਬਣਦਾ । ਇਸ ਤੱਥ ਦੇ ਸਬੰਧ ਵਿਚ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਸਿੰਧ ਨੇ ਬੰਬੇ ਪ੍ਰੈਜ਼ੀਡੈਂਸੀ ਵਿਚ ਆਪਣੇ ਆਪ

ਨੂੰ ਸ਼ਾਮਲ ਕਰਕੇ ਵਾਸਤਵਿਕਤਾ ਹਾਸਲ ਕੀਤੀ ਹੈ। ਬਹੁਤ ਜ਼ਿਆਦਾ ਸਮਾਂ ਵੱਖ ਰਹਿਣ ਨਾਲ ਸਿੰਧ ਨੇ, ਘਰ ਦੇ ਵਿਚ ਇਕ ਮਾਤਾਹਿਤ ਬਣ ਕੇ ਰਹਿ ਜਾਣ ਦੀ ਬਜਾਏ, ਬਹੁਤ ਜ਼ਿਆਦਾ ਸਨਮਾਨ ਵਾਲੇ ਗੁਆਂਢੀ ਦੇ ਤੌਰ ਤੇ ਉੱਚ ਦਰਜਾ ਪ੍ਰਾਪਤ ਕੀਤਾ ਹੈ। ਕਿਉਂਜੋ ਉਸ ਦਾ ਕੰਮਕਾਰ ਕਮਿਸ਼ਨਰ ਦੁਆਰਾ ਚਲਾਇਆ ਜਾਂਦਾ ਹੈ, ਜੋ ਗਵਰਨਰ ਤੋਂ ਦੂਜੀ ਥਾਂ ਤੇ ਹੈ, ਇਹ ਕਿਹਾ ਜਾਂਦਾ ਹੈ ਕਿ ਸਿੰਧ ਨੇ ਆਪਣੀ ਆਜ਼ਾਦੀ ਦੀ ਸ਼ਾਨ ਨੂੰ ਕਾਇਮ ਰੱਖਿਆ ਹੈ। ਉਸ ਨੂੰ ਆਪਣੇ ਪ੍ਰਾਚੀਨ ਅਤੇ ਰਿਵਾਜ਼ੀ ਕੋਡ ਆਫ ਲਾਅ (ਕਾਨੂੰਨ) ਨੂੰ ਕਾਇਮ ਰੱਖਣ ਦੀ ਆਗਿਆ ਦਿਤੀ ਗਈ ਹੈ। ਪ੍ਰੈਜ਼ੀਡੈਂਸੀ ਵਲੋਂ ਪਾਸ ਕੀਤੇ ਗਏ ਕਿਸੇ ਨਵੇਂ ਕਾਨੂੰਨ ਲਈ ਉਹ ਉਸ ਹੱਦ ਤੱਕ ਉਕਾ ਹੀ ਜਵਾਬਦੇਹ ਨਹੀਂ ਜਦ ਤੱਕ ਉਹ ਉਸ ਲਈ ਵਿਸ਼ੇਸ ਤੌਰ ਤੇ ਫਾਇਦੇਮੰਦ ਨਾ ਸਮਝਿਆ ਜਾਵੇ। ਉਸ ਦੇ ਟ੍ਰਿਬਿਊਨਲ ਪ੍ਰੈਜ਼ੀਡੈਂਸੀ ਦੇ ਟ੍ਰਿਬਿਊਨਲ ਨਾਲੋਂ ਬਿਲਕੁਲ ਆਜ਼ਾਦ ਹਨ। ਉਸ ਦੀ ਲੋਕ ਸੇਵਾ ਪ੍ਰੈਜ਼ੀਡੈਂਸੀ ਦੀ ਲੋਕ ਸੇਵਾ ਤੋਂ ਵਾਸਤਵ ਵਿਚ ਵੱਖਰੀ ਹੈ ਅਤੇ ਉਸ ਦੇ ਆਪਣੇ ਲੋਕਾਂ ਰਾਹੀਂ ਕੀਤੀ ਜਾਂਦੀ ਹੈ। ਉਸ ਦੇ ਪ੍ਰੈਜ਼ੀਡੈਂਸੀ ਨਾਲ ਸਬੰਧ ਹੋਣ ਦੇ ਨਾਤੇ ਇਹ ਨਹੀਂ ਕਿਹਾ ਜਾ ਸਕਦਾ ਕਿ ਉਸ ਦਾ ਮਾਲੀ ਨੁਕਸਾਨ ਹੋਇਆ ਹੈ। ਇਸ ਦੇ ਉਲਟ ਉਹ ਪ੍ਰੈਜ਼ੀਡੈਂਸੀ ਦੇ ਵਿਸ਼ਾਲ ਮੋਢਿਆਂ ਤੇ ਉਸ ਗਤੀ ਨਾਲ ਚੜ੍ਹਨ ਦੇ ਯੋਗ ਬਣਿਆ ਹੈ ਜਿਹੜੀ ਉਸ ਦੀ ਪਹੁੰਚ ਤੋਂ ਦੂਰ ਸੀ। ਆਪਣੇ ਆਪ ਨੂੰ ਉਸ ਵਿਚ ਸ਼ਾਮਲ ਕਰਨ ਕਰਕੇ ਹੀ ਉਹ ਇਸ ਪ੍ਰੈਜ਼ੀਡੈਂਸੀ ਦੇ ਮਹੱਤਵਪੂਰਣ ਸਾਧਨਾਂ ਦਾ ਭਰਪੂਰ ਫਾਇਦਾ ਉਠਾਉਣ ਦੇ ਯੋਗ ਬਣਿਆ ਹੈ। ਇਹ ਨਹੀਂ ਕਿਹਾ ਜਾ ਸਕਦਾ ਕਿ ਸਿੰਧ ਸਰਕਾਰ ਦਾ ਉਹ ਧਿਆਨ ਆਪਣੇ ਵੱਲ ਖਿੱਚਣ ਤੋਂ ਅਸੱਫਲ ਰਿਹਾ ਹੈ ਜੋ ਉਸ ਦਾ ਹੱਕ ਸੀ। ਸਚਮੁਚ ਸੁਧਾਰਾਂ ਦੇ ਆਰੰਭ ਤੋਂ ਹੀ ਸਿੰਧ ਆਪਣੀ ਹੈਸੀਅਤ ਤੋਂ ਕਿਤੇ ਜ਼ਿਆਦਾ ਬੰਬਈ ਸਰਕਾਰ ਤੇ ਪ੍ਰਭਾਵਸ਼ਾਲੀ ਰਿਹਾ ਹੈ। ਇਨ੍ਹਾਂ ਤੱਥਾਂ ਦੀ ਰੌਸ਼ਨੀ ਵਿਚ ਇਹ ਕਹਿਣਾ ਮੁਸ਼ਕਲ ਨਹੀਂ ਹੈ ਕਿ ਸਿੰਧ ਨੇ ਵੱਖ ਹੋ ਕੇ ਹੋਰ ਕੀ ਲੈਣਾ ਹੈ ਜਦ ਕਿ ਉਸ ਨੂੰ ਪ੍ਰੈਜ਼ੀਡੈਂਸੀ ਵਿਚ ਰਹਿੰਦਿਆਂ ਕਿਸੇ ਨੁਕਸਾਨ ਦੇ ਬਗ਼ੈਰ ਵੱਖਰੇਪਣ ਦੇ ਸਾਰੇ ਲਾਭ ਮਿਲ ਰਹੇ ਹਨ।

4. ਇਹ ਵੀ ਸਪੱਸ਼ਟ ਹੈ ਕਿ ਸਿੰਧ ਦੇ ਸਾਰੇ ਫਿਰਕੇ ਇਹ ਮੰਗ ਨਹੀਂ ਕਰ ਰਹੇ। ਕਮਿਸ਼ਨ ਦੀ ਸਾਂਝੀ ਕਾਨਫਰੰਸ ਅੱਗੇ ਦਿੱਤੀ ਗਈ ਗਵਾਹੀ ਮੁਤਾਬਕ ਕਮੇਟੀ ਨੇ ਸਿੰਧ ਦੇ ਮੁਸਲਮਾਨਾਂ ਅਤੇ ਹਿੰਦੂਆਂ ਵਿਚਕਾਰ ਸਖਤ ਦੋਫਾੜ ਬਾਰੇ ਚਾਨਣਾ ਪਾਇਆ। ਪਹਿਲੇ ਵੱਖਵਾਦ ਦਾ ਸਮਰਥਨ ਕਰਦੇ ਸਨ ਅਤੇ ਦੂਜੇ ਇਸ ਦਾ ਵਿਰੋਧ ਕਰਨ ਲਈ ਆਪਣੇ ਆਪ ਨੂੰ ਲਾਮਬੰਦ ਕਰ ਰਹੇ ਸਨ। ਇਸ ਪ੍ਰਸ਼ਨ ਸੰਬੰਧੀ ਸਿੰਧ ਦੇ ਲੋਕਾਂ ਦੀ ਰਾਏ ਜਾਨਣ ਤੇ ਮੈਨੂੰ ਪਤਾ ਲਗਾ ਕਿ ਸਿੰਧ ਦੀ ਰਾਜਨੀਤੀ ਵਿਚ ਵਿਸਵਾਸ਼ ਰੱਖਣ ਵਾਲੇ ਵਿਅੱਕਤੀਆਂ ਨੇ ਇਕ ਸੰਸਥਾ ਦੇ ਰੂਪ ਵਿਚ ਸਿੰਧ ਦੀ ਸਟੇਟ (ਰਾਜ) ਦਾ ਪ੍ਰਸ਼ਨ ਸਿਰਫ 1917 ਵਿਚ ਉਠਾਇਆ। 1917 ਦੇ ਐਲਾਨ ਤੋਂ ਬਾਅਦ, ਸਿੰਧੀਆਂ ਨੇ ਸਿੰਧ ਨੂੰ ਸੁਧਾਰਾਂ ਦੀ ਯੋਜਨਾ ਵਿਚ ਇਸ ਦੀ ਥਾਂ ਬਾਰੇ ਵਿਚਾਰ ਕਰਨ ਲਈ ਨਵੰਬਰ 1917 ਵਿਚ ਇਕ ਵਿਸ਼ੇਸ਼ ਕਾਨਫਰੰਸ ਕੀਤੀ। ਮਾਨਯੋਗ ਸ੍ਰੀ ਜੀ. ਐਮ. ਭੂਰਗਿਰੀ, ਜੋ ਸਿੰਧ ਦਾ ਇਕ ਉੱਘਾ ਮੁਸਲਮਾਨ ਨਾਗਰਿਕ ਸੀ, ਸਵਾਗਤੀ

ਕਮੇਟੀ ਦਾ ਸਭਾਪਤੀ ਸੀ ਜਦਕਿ ਕਾਨਫਰੰਸ ਦਾ ਪ੍ਰੈਜ਼ੀਡੈਂਟ ਇਕ ਹਿੰਦੂ ਸ੍ਰੀ ਹਰਚੰਦ ਰਾਏ ਬਿਸ਼ਨਦਾਸ਼ ਸੀ । ਕਾਨਫਰੰਸ ਕੋਲ ਚਾਰ ਬਦਲ ਸਨ, ਅਰਥਾਤ (1) ਸਿੰਧ ਨੂੰ ਇਕ ਵੱਖਰਾ ਸੂਬਾ ਬਣਾਉਣਾ (2) ਸਿੰਧ ਅਤੇ ਬਲੋਚਿਸਤਾਨ ਇਕ ਪ੍ਰਾਂਤ ਬਣਾ ਲੈਣ, (3) ਸਿੰਧ ਪੰਜਾਬ ਵਿਚ ਸ਼ਾਮਲ ਹੋ ਜਾਵੇ (4) ਸਿੰਧ ਬੰਬਈ ਨਾਲ ਰਹੇ । ਇਹ ਧਿਆਨ ਰੱਖਣ ਯੋਗ ਹੈ ਕਿ ਇਸ ਸਪੈਸ਼ਲ ਕਾਨਫਰੰਸ ਨੇ ਸਿੰਧ ਨੂੰ ਇਕ ਵੱਖਰਾ ਪ੍ਰਾਂਤ ਬਣਾਉਣ ਦੇ ਪ੍ਰਸਤਾਵ ਸਮੇਤ ਇਨ੍ਹਾਂ ਚਾਰ ਬਦਲਾਂ ਵਿਚੋਂ ਤਿੰਨ ਨੂੰ ਰੱਦ ਕਰ ਦਿੱਤਾ । ਕਾਨਫਰੰਸ ਨੇ ਨਾ ਕੇਵਲ ਇਕ ਵੱਖਰੇ ਪ੍ਰਾਂਤ ਦੇ ਪ੍ਰਸਤਾਵ ਨੂੰ ਹੀ ਰੱਦ ਕੀਤਾ, ਬਲਕਿ ਉਸ ਨੇ ਮੁਸਲਮਾਨਾਂ ਅਤੇ ਹਿੰਦੂਆਂ ਦੁਆਰਾ ਸਮਰਥਤ ਆਪਣੇ ਮਤੇ ਰਾਹੀਂ ਪ੍ਰੈਜ਼ੀਡੈਂਸੀ ਵਿਚ ਸਿੰਧ ਦੇ ਕਮਿਸ਼ਨਰ ਦਾ ਦਰਜਾ ਡਿਵੀਜ਼ਨਲ ਕਮਿਸ਼ਨਰ ਤੱਕ ਘਟਾ ਕੇ ਸਿੰਧ ਅਤੇ ਪ੍ਰੈਜ਼ੀਡੈਂਸੀ ਵਿਚਕਾਰ ਨੇੜੇ ਦੇ ਸਬੰਧਾਂ 'ਤੇ ਜ਼ੋਰ ਦਿੱਤਾ। ਹਿੰਦੂਆਂ ਅਤੇ ਮੁਸਲਮਾਨਾਂ ਦੇ ਡੈਪੂਟੇਸ਼ਨ ਨੇ ਭਾਰਤ ਬਾਰੇ ਮੰਤਰੀ ਸ੍ਰੀ ਮੌਂਟੈਗੂ ਅਤੇ ਵਾਇਸਰਾਏ, ਲਾਰਡ ਰੀਡਿੰਗ ਨਾਲ ਮੁਲਾਕਾਤ ਕਰਕੇ ਇਸ ਦਾ ਬੜੇ ਉਤਸ਼ਾਹ ਨਾਲ ਐਲਾਨ ਕੀਤਾ ਕਿ ਸਿੰਧ ਇਕ ਵੱਖਰਾ ਸੂਬਾ ਨਹੀਂ ਬਣਨਾ ਚਾਹੁੰਦਾ । ਇਸ ਮੁੱਦੇ ਪ੍ਰਤੀ ਦੋਹਾਂ ਫਿਰਕਿਆਂ ਦੇ ਮੈਂਬਰਾਂ ਨੇ ਕਾਨਫਰੰਸ ਦੇ ਅਗਲੇ ਇਜਲਾਸਾਂ, ਜਿਹੜੇ 1918, 1919 ਅਤੇ 1920 ਵਿਚ ਹੋਏ, ਵਿਚ ਵੀ ਇਕੱਠਿਆਂ ਇਹੋ ਹੀ ਵਤੀਰਾ ਜ਼ਾਹਰ ਕੀਤਾ । ਨਾ-ਮਿਲਵਰਤਨ ਦੀ ਲਹਿਰ ਦੇ ਪ੍ਰਭਾਵ ਕਾਰਨ 1920 ਤੋਂ ਇਹ ਪ੍ਰਸ਼ਨ ਕਾਨਫਰੰਸ ਦੁਆਰਾ ਵਿਚਾਰਿਆ ਨਹੀਂ ਗਿਆ । ਇਸ ਸਰਵੇਖਣ ਤੋਂ ਜ਼ਾਹਰ ਹੈ ਕਿ ਕੇਵਲ ਮੁਸਲਮਾਨਾਂ ਨੇ ਹੀ ਆਪਣਾ ਰੁਖ ਬਦਲਿਆ ਹੈ ਅਤੇ ਇਹ ਆਪਣੀ ਸਹਿਮਤੀ ਤੋਂ ਮੁਕਰੇ ਹਨ ਅਤੇ ਇਹ ਮੰਗ ਇਕ ਸਾਂਝੀ ਮੰਗ ਨਾ ਹੋਣ ਦੇ ਨਾਤੇ ਸਿਰਫ ਇਕੋ ਵਰਗ ਦੀ ਮੰਗ ਹੈ ਅਤੇ ਇਹ ਕੇਵਲ ਮੁਸਲਮਾਨਾਂ ਤੋਂ ਪੈਦਾ ਹੋਈ ਹੈ ।

(5) ਕਿਸੇ ਇਕ ਫਿਰਕੇ ਦੀ ਮੰਗ ਪ੍ਰਤੀ ਕੋਈ ਹਮਦਰਦੀ ਦਿਖਾਉਣ ਤੋਂ ਪਹਿਲਾਂ ਸਾਨੂੰ ਇਹ ਤਸੱਲੀ ਕਰ ਲੈਣੀ ਚਾਹੀਦੀ ਹੈ ਕਿ ਕੀ ਵੱਖਰੇਪਣ ਦਾ ਮੰਤਵ ਉਚਿਤ ਹੈ । ਮੁਸਲਮਾਨ ਡੈਪੂਟੇਸ਼ਨ, ਜਿਸ ਨੇ ਇਹ ਮੰਗ ਰੱਖੀ ਸੀ ਅਤੇ ਹਿੰਦੂ ਡੈਪੂਟੇਸ਼ਨ, ਜਿਸ ਨੇ ਇਸ ਦਾ ਵਿਰੋਧ ਕੀਤਾ ਸੀ, ਨੇ ਹੀ ਮੰਗ ਦੇ ਅਸਲੀ ਮੁੱਦੇ ਅਤੇ ਇਸ ਨੂੰ ਪੂਰਾ ਕਰਨ ਪ੍ਰਤੀ ਅਸਲੀ ਇਤਰਾਜ਼ ਨੂੰ ਪ੍ਰਗਟ ਕਰਨ ਦੀ ਪੂਰੀ ਕੋਸ਼ਿਸ਼ ਨਹੀਂ ਕੀਤੀ । ਜਿਨ੍ਹਾਂ ਨੂੰ ਅਸਲੀਅਤ ਦਾ ਪਤਾ ਸੀ ਉਨ੍ਹਾਂ ਨੇ ਜ਼ਰੂਰ ਮਹਿਸੂਸ ਕੀਤਾ ਹੋਵੇਗਾ ਕਿ ਮੁਕਾਬਲਾ ਕਰਨ ਵਾਲੇ ਗੁੱਟਾਂ ਨੇ ਆਪਣੀ ਸਾਰੀ ਗੱਲ ਸਾਹਮਣੇ ਨਹੀਂ ਲਿਆਂਦੀ । ਹਾਲਾਂ ਕਿ ਇਸ ਦੇ ਮੰਤਵ ਨੂੰ ਜ਼ਰੂਰ ਸਪੱਸ਼ਟ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਇਸ ਤੇ ਇਸ ਦੇ ਆਪਣੇ ਗੁਣਾਂ ਮੁਤਾਬਕ ਵਿਚਾਰ ਕੀਤਾ ਜਾਵੇ । ਮੈਂ ਆਪਣੇ ਗਿਆਨ ਅਨੁਸਾਰ ਅਜਿਹਾ ਕਰਨ ਦੀ ਤਜਵੀਜ਼ ਕਰਦਾ ਹਾਂ । 20 ਮਾਰਚ 1927 ਨੂੰ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਦੋਸਤਾਨਾ ਸੰਧੀ ਦੇ ਪ੍ਰਸੰਗ ਵਿਚ ਮੁਸਲਮਾਨ ਫਿਰਕੇ ਦੇ ਪ੍ਰਸਿੱਧ ਵਿਅੱਕਤੀਆਂ ਦੁਆਰਾ "ਦਿਲੀ ਮੁਸਲਿਮ ਤਜਵੀਜ਼" ਵਜੋਂ ਜਾਣੀਆਂ ਜਾਂਦੀਆਂ ਤਜਵੀਜ਼ਾਂ ਪੇਸ਼ ਕੀਤੀਆਂ ਗਈਆਂ । ਇਨ੍ਹਾਂ ਤਜਵੀਜ਼ਾਂ ਅਨੁਸਾਰ ਇਹ ਮੰਗ

ਕੀਤੀ ਗਈ ਕਿ (1) ਸਿੰਧ ਨੂੰ ਇਕ ਵੱਖਰਾ ਸੂਬਾ ਬਣਾਇਆ ਜਾਵੇ (2) ਉਤਰ -ਪੱਛਮੀ ਸਰਹੱਦੀ ਪ੍ਰਾਂਤ ਨਾਲ ਦੂਜੇ ਪ੍ਰਾਂਤਾਂ ਵਾਂਗੂੰ ਹੀ ਵਰਤਾਓ ਕੀਤਾ ਜਾਵੇ ਅਤੇ (3) ਪੰਜਾਬ ਅਤੇ ਬੰਗਾਲ ਵਿਚ ਮੁਸਲਮਾਨ ਪ੍ਰਤਿਨਿਧਤਾ ਦਾ ਅਨੁਪਾਤ ਉਨ੍ਹਾਂ ਦੀ ਆਬਾਦੀ ਦੇ ਅਨੁਸਾਰ ਨਿਸ਼ਚਿਤ ਕੀਤਾ ਜਾਵੇ। ਇਸ ਨੂੰ ਦਰਸਾਉਣ ਲਈ ਉਪਰੋਕਤ ਤਜਵੀਜ਼ਾਂ ਤੇ ਇਕ ਸਰਸਰੀ ਝਾਤ ਮਾਰਨੀ ਹੀ ਕਾਫੀ ਹੈ। ਉਸ ਸਕੀਮ ਦਾ ਮੰਤਵ ਹੈ ਕਿ ਮੌਜੂਦਾ ਸ਼ਾਸਨ-ਪ੍ਰਬੰਧ ਵਿਚੋਂ ਜਿੰਨੇ ਸੰਭਵ ਹੋ ਸਕਣ ਮੁਸਲਮਾਨ ਬਹੁ-ਗਿਣਤੀ ਵਾਲੇ ਉਨੇ ਸੂਬੇ ਬਣਾਏ ਜਾਣ। ਇਸ ਵਕਤ ਪੰਜਾਬ ਅਤੇ ਬੰਗਾਲ ਹੀ ਦੋ ਪ੍ਰਾਂਤ ਹਨ ਜਿਨ੍ਹਾਂ ਵਿਚ ਮੁਸਲਮਾਨਾਂ ਦੀ ਗਿਣਤੀ ਘੱਟ ਹੈ। ਉਨ੍ਹਾਂ ਪ੍ਰਾਂਤਾਂ ਵਿਚ ਪ੍ਰਤਿਨਿਧਤਾ ਦਾ ਅਨੁਪਾਤ ਆਬਾਦੀ ਦੇ ਲਿਹਾਜ ਨਾਲ ਨਿਸ਼ਚਿਤ ਕਰਨ ਦੀ ਮੰਗ ਕਰਦੀਆਂ ਤਜਵੀਜ਼ਾਂ ਰਾਹੀਂ ਉਹ ਮੁਸਲਿਮ ਭਾਈਚਾਰੇ ਦੀ ਬਹੁਗਿਣਤੀ ਨੂੰ ਇਕ ਰਾਜਨੀਤਿਕ ਬਹੁ-ਗਿਣਤੀ ਬਣਾਉਣਾ ਚਾਹੁੰਦੇ ਹਨ ਤਾਂ ਕਿ ਉਨ੍ਹਾਂ ਪ੍ਰਾਂਤਾਂ ਵਿਚ ਮੁਸਲਮਾਨ ਸਰਕਾਰ ਬਣਨੀ ਯਕੀਨੀ ਹੋ ਜਾਵੇ। ਬਲੋਚਿਸਤਾਨ ਅਤੇ ਉਤਰ-ਪੱਛਮੀ ਸਰਹਦੀ ਪ੍ਰਾਂਤ ਵਿਚ ਮੁਸਲਮਾਨਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਲੇਕਿਨ ਅਜੇ ਵੀ ਉਹ ਇਕ ਜ਼ਿੰਮੇਵਾਰ ਸਰਕਾਰ ਦੇ ਘੇਰੇ ਤੋਂ ਬਾਹਰ ਹਨ ਜਿਸ ਦੇ ਸਿੱਟੇ ਵਜੋਂ ਮੁਸਲਮਾਨ ਬਹੁ-ਗਿਣਤੀ ਇਕ ਸਤਾਧਾਰੀ ਬਹੁ-ਗਿਣਤੀ ਨਹੀਂ ਹੈ। ਇਨ੍ਹਾਂ ਤਜਵੀਜ਼ਾਂ ਦਾ ਨਿਸ਼ਾਨਾ ਇਸ ਤਰੁੱਟੀ ਨੂੰ ਦੂਰ ਕਰਨਾ ਹੈ ਤਾਂ ਕਿ ਮੁਸਲਿਮ ਬਹੁ-ਗਿਣਤੀ ਵਾਲੇ ਚਾਰ ਪ੍ਰਾਂਤ ਬਣ ਸਕਣ ਅਤੇ ਉਨ੍ਹਾਂ ਵਿਚ ਯਕੀਨਨ ਮੁਸਲਮਾਨਾਂ ਦੀ ਸਰਕਾਰ ਬਣਾਉਣ ਦੇ ਮੌਕੇ ਮਿਲ ਜਾਣ। ਸਿੰਧ ਨੂੰ, ਜਿਸ ਵਿਚ ਮੁਸਲਿਮ ਭਾਰੀ ਗਿਣਤੀ ਵਿਚ ਹਨ, ਇਕ ਵੱਖਰਾ ਪ੍ਰਾਂਤ ਬਣਾਉਣ ਦੀ ਮੰਗ ਨਾਲ, ਸਕੀਮ ਦੁਆਰਾ ਤਿਆਰ ਕੀਤੀ ਗਈ ਮੁਸਲਿਮ ਪ੍ਰਾਂਤਾਂ ਦੀ ਸੂਚੀ ਵਿਚ ਇਸ ਦਾ ਪੰਜਵਾਂ ਥਾਂ ਹੋ ਜਾਵੇਗਾ। ਹੁਣ ਇਨ੍ਹਾਂ ਮੁਸਲਮਾਨ ਪ੍ਰਾਂਤਾਂ ਨੂੰ ਬਣਾਉਣ ਪਿਛੇ ਮੰਤਵ ਕੀ ਹੈ ? ਮੁਸਲਮਾਨਾਂ ਦੀਆਂ ਨਜ਼ਰਾਂ ਵਿਚ ਤਾਂ ਇਹੋ ਮੰਤਵ ਹੈ ਕਿ ਉਹ ਆਪਣੇ ਆਪ ਨੂੰ ਚੋਣ -ਖੇਤਰ ਵਿਚ ਅਗੇ ਲਿਆਉਣਾ ਚਾਹੁੰਦੇ ਹਨ। ਸਕੀਮ ਘੜਨ ਵਾਲੇ ਇਸ ਫਿਰਕੂ ਚੋਣ-ਖੇਤਰ ਨੂੰ ਛੱਡ ਦੇਣ ਲਈ ਤਿਆਰ ਹਨ ਅਤੇ ਉਹ ਸਾਰੇ ਪ੍ਰਾਂਤਿਕ ਵਿਧਾਨ ਮੰਡਲਾਂ ਅਤੇ ਕੇਂਦਰੀ ਵਿਧਾਨ-ਮੰਡਲ ਵਿਚ ਸਾਂਝੇ ਚੋਣਕਾਰ ਲਈ ਸਹਿਮਤ ਹਨ ਬਸ਼ਰਤੇ ਕਿ ਉਨ੍ਹਾਂ ਦੀ ਮੁਸਲਮਾਨ ਪ੍ਰਾਂਤਾਂ ਦੀ ਤਜਵੀਜ਼ ਨੂੰ ਮੰਨ ਲਿਆ ਜਾਵੇ।

ਮੁਸਲਮਾਨ ਪ੍ਰਾਂਤ ਬਣਾਉਣ ਦਾ ਮੰਤਵ ਹੈ ਮੁਸਲਿਮ ਘੱਟ ਗਿਣਤੀਆਂ ਦੀ ਰੱਖਿਆ ਕਰਨਾ; ਫਿਰਕੂ ਚੋਣ -ਕਾਰ ਦਾ ਵੀ ਇਹੋ ਮੰਤਵ ਹੈ। ਸਕੀਮ ਵਿਚ ਇਹ ਨਹੀਂ ਦੱਸਿਆ ਗਿਆ ਕਿ ਮੁਸਲਮਾਨ ਪ੍ਰਾਂਤ ਬਣਾਉਣ ਨਾਲ ਜਿਨ੍ਹਾਂ ਸੂਬਿਆਂ ਵਿਚ ਹਿੰਦੂਆਂ ਦੀ ਬਹੁ-ਗਿਣਤੀ ਹੈ ਉਨ੍ਹਾਂ ਵਿਚ ਹਿੰਦੂ ਬਹੁ-ਗਿਣਤੀ ਵਿਰੁੱਧ ਮੁਸਲਮਾਨ ਘੱਟ ਗਿਣਤੀਆਂ ਦੀ ਸਥਿਤੀ, ਉਨ੍ਹਾਂ ਨੂੰ ਸੰਪ੍ਰਦਾਇਕ ਚੋਣ -ਕਾਰ ਤੋਂ ਪ੍ਰਾਪਤ ਹੋ ਰਹੀ ਜਾਂ ਹੋਣ ਵਾਲੀ ਰੱਖਿਆ ਤੋਂ ਪਰ੍ਹੇ ਰੱਖਕੇ, ਕੰਮਜ਼ੋਰ ਕਰਦੀ ਹੈ। ਪ੍ਰੰਤੂ ਜੇਕਰ ਅਸੀਂ ਇਸ ਸਕੀਮ ਦੀ ਪੂਰੀ ਛਾਣ-ਬੀਣ

ਕਰੀਏ ਤਾਂ ਅਸੀਂ ਇਹ ਦੇਖ ਸਕਦੇ ਹਾਂ ਕਿ ਇਹ ਸਕੀਮ ਨਾ ਏਨੀ ਮਾੜੀ ਹੈ ਅਤੇ ਨਾ ਹੀ ਏਨੀ ਚੰਗੀ ਜਿਵੇਂ ਇਹ ਬਾਹਰੋਂ ਦਿਸਦੀ ਹੈ । ਪਰ ਜੇਕਰ ਇਸ ਨੂੰ ਡੂੰਘਾਈ ਵਿਚ ਜਾ ਕੇ ਵੇਖਿਆ ਜਾਵੇ ਤਾਂ ਮੁਸਲਿਮ ਘੱਟ-ਗਿਣਤੀਆਂ ਦੀ ਸੁਰਖਿਆ ਲਈ ਇਹ ਬਹੁਤ ਹੀ ਕੁਸ਼ਲਤਾ-ਪੂਰਬਕ ਖੋਜੀ ਗਈ ਖੋਜ ਹੈ ਕਿਉਂਕਿ ਅਗਰ ਹਿੰਦੂ ਬਹੁ-ਗਿਣਤੀ, ਹਿੰਦੂ ਪ੍ਰਾਂਤਾਂ ਵਿਚ ਮੁਸਲਿਮ ਘੱਟ-ਗਿਣਤੀਆਂ 'ਤੇ ਜ਼ੁਲਮ ਕਰੇਗੀ ਤਾਂ ਇਹ ਸਕੀਮ ਮੁਸਲਮਾਨ ਬਹੁ-ਗਿਣਤੀਆਂ ਨੂੰ ਪੰਜ ਮੁਸਲਮਾਨ ਸੂਬਿਆਂ ਅੰਦਰ ਹਿੰਦੂ ਘੱਟ-ਗਿਣਤੀਆਂ ਤੇ ਉਸੇ ਤਰ੍ਹਾਂ ਜ਼ੁਲਮ ਕਰਨ ਦੀ ਇਜਾਜ਼ਤ ਦਿੰਦੀ ਹੈ । ਇਹ ਧਮਾਕੇ ਦਾ ਜਵਾਬ ਧਮਾਕੇ ਵਿਚ, ਡਰ ਦਾ ਡਰ ਵਿਚ ਅਤੇ ਜ਼ੁਲਮ ਵਿਰੁੱਧ ਜ਼ੁਲਮ ਵਿਚ ਦੇਣ ਲਈ ਸੁਰੱਖਿਆ ਦੀ ਇਕ ਪ੍ਰਣਾਲੀ ਹੈ। ਇਸ ਸਮੁੱਚੀ ਸਕੀਮ ਅਤੇ ਸਿੰਧ ਦੀ ਅਲਹਿਦਗੀ ਲਈ ਮੰਗ ਪਿਛੇ ਇਹੋ ਮਕਸਦ ਸੀ। ਅਗਰ ਇਸ ਵਿਚ ਕੋਈ ਸ਼ਕ ਹੈ ਤਾਂ ਮੈਂ ਉਸ ਨੂੰ ਨਹਿਰੂ ਕਮੇਟੀ ਦੀ ਰਿਪੋਰਟ ਵੱਲ ਧਿਆਨ ਖਿਚ ਕੇ ਦੂਰ ਕਰਨਾ ਚਾਹੁੰਦਾ ਹਾਂ ਜਿਸ ਵਿਚ ਕਿਹਾ ਗਿਆ ਹੈ, "ਅਸੀਂ ਸਹਿਮਤ ਹਾਂ ਕਿ ਸਿੰਧ ਨੂੰ ਅਲੱਗ ਕਰਨ ਦੀ ਮੁਸਲਿਮ ਮੰਗ ਅੱਛੇ ਢੰਗ ਨਾਲ ਨਹੀਂ ਪੇਸ਼ ਕੀਤੀ ਗਈ । ਇਹ ਫਿਰਕਾਪ੍ਰਸਤੀ ਤੇ ਆਧਾਰਿਤ ਹੈ ਤੇ ਇਸ ਨੂੰ ਕੁਝ ਹੋਰਨਾਂ ਮਾਮਲਿਆਂ ਨਾਲ ਅਢੁੱਕਵੇਂ ਢੰਗ ਨਾਲ ਜੋੜਿਆ ਗਿਆ ਹੈ ਜਿਨ੍ਹਾਂ ਦਾ ਕਿਸੇ ਤਰ੍ਹਾਂ ਵੀ ਇਸ ਨਾਲ ਸਬੰਧ ਨਹੀਂ।" ਨਹਿਰੂ ਕਮੇਟੀ ਦੁਆਰਾ ਵੱਖਰੇਪਣ ਦੇ ਵਾਸਤਵਿਕ ਆਧਾਰਾਂ ਨੂੰ ਦੱਸਣ ਤੋਂ ਗੁਰੇਜ਼ ਕਰਨ ਨਾਲ ਇਸ ਗੱਲ ਦਾ ਸ਼ੱਕ ਪੈਦਾ ਹੈ ਕਿ ਕਮੇਟੀ ਦਾ ਮੰਤਵ ਸ਼ਲਾਘਾਯੋਗ ਹੋਣ ਦੀ ਬਜ਼ਾਏ ਕੁੱਝ ਹੋਰ ਹੀ ਹੋਵੇਗਾ ਪ੍ਰੰਤੂ ਅਗਰ ਅਸੀਂ ਇਸ ਨਾਲ ਸਹਿਮਤ ਹੋਣਾ ਹੈ ਤਾਂ ਸਾਨੂੰ ਇਸ ਦੇ ਬੁਰੇ ਪ੍ਰਭਾਵ ਬਾਰੇ ਜਾਣ ਲੈਣਾ ਬਹੁਤ ਚੰਗਾ ਹੋਵੇਗਾ । ਇਸ ਲਈ ਮੈਂ ਇਸ ਚੀਜ਼ ਤੋਂ ਪਰਦਾ ਉਠਾ ਕੇ ਮੌਲਾਨਾ ਅਬਦੁਲ ਕਲਾਮ ਅਜ਼ਾਦ ਦੀ ਕਹੀ ਹੋਈ ਗੱਲ ਨੂੰ ਦੁਹਰਾਵਾਂਗਾ। ਉਨ੍ਹਾਂ ਨੇ ਕਲਕੱਤਾ ਵਿਖੇ ਆਪਣੇ ਹਾਲ ਹੀ ਵਿਚ ਹੋਏ ਸਮਾਗਮ ਦੌਰਾਨ ਇਕ ਭਾਸ਼ਣ ਵਿਚ ਮੁਸਲਿਮ ਲੀਗ ਨੂੰ ਸੰਬੋਧਨ ਕਰਦਿਆਂ, ਜਿਸ ਦੀ ਬੜੇ ਸਪਸ਼ਟ ਸ਼ਬਦਾਂ ਵਿਚ ਪ੍ਰਸ਼ੰਸਾ ਕੀਤੀ ਜਾਣੀ ਚਾਹੀਦੀ ਹੈ, ਕਿਹਾ ਸੀ -"ਕਿ ਲਖਨਊ ਸਮਝੌਤੇ ਨਾਲ ਉਨ੍ਹਾਂ ਨੇ ਆਪਣੇ ਹਿੱਤਾਂ ਨੂੰ ਵੇਚ ਦਿੱਤਾ ਸੀ। ਲੇਕਿਨ ਪਿਛਲੀ ਮਾਰਚ ਦੀਆਂ ਦਿੱਲੀ ਤਜਵੀਜ਼ਾਂ ਨਾਲ ਭਾਰਤ ਵਿਚ ਮੁਸਲਮਾਨਾਂ ਦੇ ਅਸਲੀ ਹਿੱਤਾਂ ਦੀ ਪਛਾਣ ਲਈ ਪਹਿਲੀ ਵਾਰ ਰਾਹ ਖੁਲ੍ਹਿਆ ਹੈ । 1917 ਦੀ ਸੰਧੀ ਨਾਲ ਵੱਖਰੇ ਚੋਣ-ਕਾਰਾਂ ਨੇ ਕੇਵਲ ਮੁਸਲਿਮ ਪ੍ਰਤਿਨਿਧਤਾ ਨੂੰ ਯਕੀਨੀ ਬਣਾਇਆ ਹੈ, ਪ੍ਰੰਤੂ ਇਸ ਫਿਰਕੇ ਦੀ ਹੋਂਦ ਲਈ ਜਿਹੜੀ ਮਹੱਤਵਪੂਰਣ ਚੀਜ਼ ਸੀ, ਉਹ ਸੀ, ਇਨ੍ਹਾਂ ਦੀ ਬਹੁ-ਗਿਣਤੀ ਦੀ ਪਹਿਚਾਣ । ਦਿੱਲੀ ਦੀਆਂ ਤਜਵੀਜ਼ਾਂ ਨੇ ਉਨ੍ਹਾਂ ਲਈ ਇਹੋ ਜਿਹੀ ਸਥਿਤੀ ਪੈਦਾ ਕਰਨ ਦਾ ਰਾਹ ਖੋਲ੍ਹ ਦਿੱਤਾ ਜਿਨ੍ਹਾਂ ਨਾਲ ਉਨ੍ਹਾਂ ਨੂੰ ਭਾਰਤ ਦੇ ਭਵਿੱਖ ਵਿਚ ਸਹੀ ਯੋਗਦਾਨ ਪਾਉਣ ਦੀ ਗਾਰੰਟੀ ਮਿਲ ਗਈ । ਬੰਗਾਲ ਅਤੇ ਪੰਜਾਬ ਵਿਚ ਉਨ੍ਹਾਂ ਦੀ ਮੌਜੂਦਾ ਘੱਟ-ਗਿਣਤੀ ਕੇਵਲ ਮਰਦਮਸ਼ੁਮਾਰੀ ਦੇ ਅੰਕੜੇ ਹੀ ਸਨ, ਪ੍ਰੰਤੂ ਦਿੱਲੀ ਤਜਵੀਜ਼ਾਂ ਨਾਲ ਉਨ੍ਹਾਂ ਨੂੰ ਪਹਿਲੀ ਵਾਰ ਪੰਜ ਪ੍ਰਾਂਤ ਹਾਸਲ ਹੋਏ, ਜਿਨ੍ਹਾਂ ਵਿਚ ਘੱਟ

ਤੋਂ ਘੱਟ ਤਿੰਨ ਪ੍ਰਾਂਤਾਂ (ਸਿੰਧ, ਉਤਰ ਪੱਛਮੀ ਸਰਹੱਦੀ ਸੂਬਾ ਅਤੇ ਬਲੋਚਿਸਤਾਨ ਪ੍ਰਾਂਤ) ਵਿਚ ਅਸਲ ਵਿਚ ਬਹੁ-ਗਿਣਤੀ ਹੈ । ਅਗਰ ਮੁਸਲਮਾਨ ਇਹ ਮਹਾਨ ਕਦਮ ਨਾ ਉਠਾਉਂਦੇ ਤਾਂ ਉਹ ਜਿਉਣ ਜਾਂ ਉੱਚੀ ਅਵਾਜ਼ ਉਠਾਉਣ ਦੇ ਯੋਗ ਨਾ ਰਹਿੰਦੇ । ਪੰਜ ਮੁਸਲਿਮ ਪ੍ਰਾਂਤਾਂ ਦੇ ਮੁਕਾਬਲੇ ਹੁਣ 9 ਹਿੰਦੂ ਪ੍ਰਾਂਤ ਹੋਣਗੇ ਅਤੇ ਜਿਹੋ ਜਿਹਾ ਵਿਵਹਾਰ ਹਿੰਦੂ ਇਨ੍ਹਾਂ 9 ਪ੍ਰਾਂਤਾਂ ਵਿਚ ਮੁਸਲਮਾਨਾਂ ਨਾਲ ਕਰਨਗੇ ਉਹੋ ਜਿਹਾ ਹੀ ਮੁਸਲਮਾਨ ਆਪਣੇ ਪੰਜਾਂ ਪ੍ਰਾਂਤਾਂ ਵਿਚ ਹਿੰਦੂਆਂ ਨਾਲ ਕਰਨਗੇ। ਕੀ ਇਹ ਇਕ ਵੱਡੀ ਪ੍ਰਾਪਤੀ ਨਹੀਂ ਹੈ ? ਕੀ ਇਹ ਮੁਸਲਮਾਨਾਂ ਦੇ ਹੱਕਾਂ ਵਾਸਤੇ ਇਕ ਜ਼ੋਰਦਾਰ ਮੰਗ ਉਠਾਉਣ ਇਕ ਨਵਾਂ ਹਥਿਆਰ ਪ੍ਰਾਪਤ ਨਹੀਂ ਕੀਤਾ ਗਿਆ" (ਹਿੰਦੋਸਤਾਨ ਟਾਈਮਜ਼, 3 ਜਨ 1928)। ਕੋਈ ਵੀ ਜਿਹੜਾ ਇਸ ਸਾਧਾਰਨ ਅੰਗਰੇਜ਼ੀ ਦੇ ਸਪਸ਼ਟ ਅਰਥਾਂ ਨੂੰ ਸਮਝਦਾ ਹੈ, ਸਿੰਧ ਲਈ ਵੱਖਰੇਪਣ ਦੀ ਮੰਗ ਦੇ ਮੰਤਵ ਨੂੰ ਸਮਝਣ ਦੀ ਗਲਤੀ ਨਹੀਂ ਕਰ ਸਕਦਾ । ਇਹ ਬੜਾ ਸਪੱਸ਼ਟ ਹੈ ਕਿ ਅਸਲ ਮੰਤਵ ਦਾ ਸਿੰਧ ਦੀ ਤਕਦੀਰ ਨਾਲ ਬਹੁਤ ਘੱਟ ਸਬੰਧ ਹੈ । ਇਹ ਮੁਸਲਿਮ ਘੱਟ-ਗਿਣਤੀਆਂ ਦੀ ਸੁਰੱਖਿਆ ਲਈ ਤਿਆਰ ਕੀਤੀ ਗਈ ਇਕ ਵਿਸ਼ਾਲ ਸਕੀਮ ਦਾ ਕੇਵਲ ਇਕ ਹਿੱਸਾ ਹੈ ਅਤੇ ਇਸ ਸਿਧਾਂਤ ਤੇ ਆਧਾਰਿਤ ਹੈ ਕਿ ਸ਼ਾਂਤੀ ਬਣਾਈ ਰੱਖਣ ਦਾ ਸੱਭ ਤੋਂ ਵਧੀਆ ਢੰਗ ਹੈ ਕਿ ਲੜਾਈ ਲਈ ਤਿਆਰ ਰਹੋ ।

6. ਮੰਗ ਦੇ ਅਸਲੀ ਮੰਤਵ ਨੂੰ ਜਾਣਦਿਆਂ ਹੋਇਆਂ ਇਕ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਸ ਨਾਲ ਹਮਦਰਦੀ ਕਰਨੀ ਚਾਹੀਦੀ ਹੈ ? ਮੈਂ ਤਾਂ ਇਸ ਨਾਲ ਸਹਿਮਤੀ ਪ੍ਰਗਟ ਕਰਨ ਦੇ ਅਸਮਰੱਥ ਹਾਂ ਅਤੇ ਮੈਂ ਹੌਂਸਲੇ ਨਾਲ ਕਹਿੰਦਾ ਹਾਂ ਕਿ ਕੋਈ ਵਿਅਕਤੀ ਜਿਹੜਾ ਚੰਗੇ ਰਾਜ-ਪ੍ਰਬੰਧ ਦਾ ਹਾਮੀ ਹੋਵੇਗਾ ਇਸ ਗੱਲ ਨਾਲ ਸਹਿਮਤ ਨਹੀਂ ਹੋਵੇਗਾ। ਬਿਨਾਂ ਕਿਸੇ ਸ਼ੱਕ ਦੇ ਇਹ ਕਿਹਾ ਜਾਵੇਗਾ ਕਿ ਨਹਿਰੂ ਕਮੇਟੀ ਨੇ ਵੱਖਵਾਦ ਦੇ ਹੱਕ ਵਿਚ ਆਪਣੇ ਇਹ ਵਿਚਾਰ ਪ੍ਰਗਟ ਕੀਤੇ ਸਨ ਕਿ "ਇਹ ਜ਼ਰੂਰੀ ਨਹੀਂ ਕਿ ਇਸ ਨੂੰ ਪੇਸ਼ ਕਰਨ ਦਾ ਢੰਗ ਤਜਵੀਜ਼ ਦੀਆਂ ਚੰਗਿਆਈਆਂ ਨੂੰ ਕੰਮਜ਼ੋਰ ਕਰੇਗਾ।" ਮੈਂ ਇਸ ਤਰਾਂ ਦੀ ਸਥਿਤੀ ਨਾਲ ਸਹਿਮਤ ਨਹੀਂ ਹਾਂ । ਮੈਂ ਸਮਝਦਾ ਹਾਂ ਕਿ ਉਹ ਢੰਗ, ਜੋ ਮਨੋਰਥ ਦਾ ਪਤਾ ਲਗਾਉਂਦਾ ਹੈ ਅਤੇ ਉਹ ਮਨੋਰਥ ਇਕ ਮਾਮੂਲੀ ਜਿਹਾ ਮਨੋਰਥ ਨਾ ਹੋਣ ਦੇ ਨਾਤੇ, ਸਥਿਤੀ ਨੂੰ ਬਦਲਣ ਲਈ ਕਾਫ਼ੀ ਮਹੱਤਵਪੂਰਨ ਹੈ । ਕਿਸੇ ਸੰਸਥਾ ਨੂੰ ਚਲਾਉਣ ਵਾਲੀ ਅਤੇ ਉਸ ਦੀ ਦਿਸ਼ਾ ਨਿਸ਼ਚਿਤ ਕਰਨ ਵਾਲੀ ਤਾਕਤ ਦਾ ਕੇਂਦਰ ਉਹ ਪ੍ਰਯੋਜਨ ਹੀ ਹੈ ਜਿਸ ਨੇ ਸੰਸਥਾ ਨੂੰ ਬਣਾਇਆ ਹੈ। ਇਸ ਸਕੀਮ ਦਾ ਪ੍ਰਯੋਜਨ ਨਿਰਸੰਦੇਹ ਖਤਰਨਾਕ ਹੈ। ਇਸ ਵਿਚੋਂ ਨਿਆਂ ਅਤੇ ਸ਼ਾਂਤੀ ਕਾਇਮ ਰੱਖਣ ਲਈ ਬਦਲੇ ਦੀ ਭਾਵਨਾ ਦਾ ਸਹਾਰਾ ਲਿਆ ਗਿਆ ਹੈ। ਇਸ ਯੋਜਨਾ ਵਿਚ ਦੂਜੇ ਪ੍ਰਾਂਤਾਂ ਵਿੱਚ ਧਰਮ ਵਿਰੋਧੀ ਸਾਥੀਆਂ ਰਾਹੀਂ ਕੀਤੇ ਅਤਿਆਚਾਰਾਂ ਅਤੇ ਪਾਪਾਂ ਲਈ ਨਿਰਦੋਸ਼ ਘੱਟ ਗਿਣਤੀ ਵਾਲਿਆਂ ਨੂੰ ਮੁਸਲਮ ਪ੍ਰਾਂਤਾਂ ਵਿੱਚ ਹਿੰਦੂ ਅਤੇ ਹਿੰਦੂ ਪ੍ਰਾਂਤਾਂ ਵਿਚ ਮੁਸਲਮਾਨ ਨੂੰ ਸਜ਼ਾ ਦੇਣ ਦਾ ਮੌਕਾ ਦਿੱਤਾ ਗਿਆ ਹੈ। ਉਹ ਪ੍ਰਣਾਲੀ ਸਵੈ-ਨਿੰਦਕ ਹੋਣੀ ਚਾਹੀਦੀ ਹੈ ਜਿਹੜੀ ਘੱਟ-ਗਿਣਤੀਆਂ ਨਾਲ ਉਨ੍ਹਾਂ ਦੇ ਆਪਣੇ ਹੀ ਪ੍ਰਾਂਤਾਂ

ਵਿਚ ਨਾਗਰਿਕਾਂ ਦੀ ਬਜਾਇ ਬੰਧਕਾਂ ਵਾਲਾ ਸਲੂਕ ਕਰਨ ਦੀ ਆਗਿਆ ਦਿੰਦੀ ਹੈ ਅਤੇ ਜਿਨ੍ਹਾਂ ਦੇ ਹੱਕ, ਇਸ ਕਰਕੇ ਨਹੀਂ ਕਿ ਉਨ੍ਹਾਂ ਨਾਲ ਬੁਰਾ ਸਲੂਕ ਕੀਤਾ ਜਾਂਦਾ ਹੈ, ਬਲਕਿ ਇਸ ਕਰਕੇ ਕਿ ਕਿਸੇ ਹੋਰ ਥਾਂ ਤੇ ਉਨ੍ਹਾਂ ਵਰਗੀਆਂ ਘੱਟ-ਗਿਣਤੀਆਂ ਨਾਲ ਕੀਤੇ ਜਾਂਦੇ ਬੁਰੇ ਸਲੂਕ ਲਈ ਇਕ ਸੁਧਾਰਕ ਵਜੋਂ ਜ਼ਬਤ ਕੀਤੇ ਜਾਂਦੇ ਹਨ । ਕੌਣ ਕਹਿ ਸਕਦਾ ਹੈ ਕਿ ਅਜਿਹੀ ਜ਼ਬਤੀ ਦੀ ਸ਼ਿਕਾਇਤ ਹਮੇਸ਼ਾਂ ਠੀਕ ਅਤੇ ਯਥਾਰਥਕ ਹੋਵੇਗੀ ? ਕਦੀ ਕਦੀ, ਸ਼ਿਕਾਇਤ ਉਹ ਹੁੰਦੀ ਹੈ ਜਿਸ ਤੋਂ ਕੋਈ ਕੇਵਲ ਇਤਨਾ ਹੀ ਮਹਿਸੂਸ ਕਰੇ ਕਿ ਕਿਸੇ ਘੱਟ ਗਿਣਤੀ ਵਿਰੁੱਧ ਕੀਤੀ ਗਈ ਕੋਈ ਕਾਰਵਾਈ ਚਾਹੇ ਉਹ ਕਿੰਨੀ ਵੀ ਵੱਡੀ ਹੋਵੇ ਸੂਬਿਆਂ ਵਿਚਕਾਰ ਘੱਟ-ਗਿਣਤੀਆਂ ਲਈ ਲੜਾਈ ਦੀ ਜੜ੍ਹ ਦਾ ਕੰਮ ਕਰੇਗੀ । ਅਜਿਹੀ ਸਕੀਮ ਦੇ ਸਿੱਟੇ ਬਹੁਤ ਜ਼ਿਆਦਾ ਖਤਰਨਾਕ ਹਨ ਜਿਨ੍ਹਾਂ ਤੇ ਬੜੇ ਧੀਰਜ ਨਾਲ ਵਿਚਾਰ ਕੀਤੀ ਜਾਣੀ ਚਾਹੀਦੀ ਹੈ । ਇਹ ਸਕੀਮ, ਜਿਸ ਵਿਚ ਲੜਾਈ, ਝਗੜੇ ਅਤੇ ਤੋੜ-ਫੋੜ ਦੇ ਬੀਜ ਸ਼ਾਮਲ ਹਨ, ਨੂੰ ਵਧੀਆ ਬਣਾਉਣ ਦਾ ਕੋਈ ਬਦਲ ਨਹੀਂ ਹੈ । ਇਹ ਠੀਕ ਨਹੀਂ ਕਿ ਹਿੰਦੂ ਆਪਣੇ ਪ੍ਰਾਂਤਾਂ ਵਿਚ ਮੁਸਲਮਾਨਾਂ ਤੇ ਉਸੇ ਤਰ੍ਹਾਂ ਜ਼ੁਲਮ ਕਰਨ ਦਾ ਮੌਕਾ ਪ੍ਰਾਪਤ ਕਰਨ ਜਿਵੇਂ ਮੁਸਲਮਾਨ ਆਪਣੇ ਪ੍ਰਾਂਤਾਂ ਵਿਚ ਹਿੰਦੂਆਂ' ਤੇ ਕਰਦੇ ਹਨ । ਅਗਰ ਮੁਸਲਮਾਨ ਇਹ ਮਹਿਸੂਸ ਕਰਦੇ ਹਨ ਕਿ ਉਹ ਇਸ ਤੋਂ ਬਗੈਰ ਸੁਰਖਿਅਤ ਨਹੀਂ ਰਹਿ ਸਕਦੇ ਤਾਂ ਇਹ ਸਕੀਮ ਬਹੁਤ ਦੁਖਦਾਈ ਹੈ ਅਤੇ ਮੈਂ ਤਦ ਤੱਕ ਸਵਰਾਜ ਨੂੰ ਮੁਲਤਵੀ ਕਰਨ ਨੂੰ ਤਰਜੀਹ ਦੇਵਾਂਗਾ ਜਦ ਤੱਕ ਆਪਸੀ ਵਿਸ਼ਵਾਸ ਉਨ੍ਹਾਂ ਨੂੰ ਇਹ ਯਕੀਨ ਨਾ ਦਿਵਾ ਦੇਵੇ ਕਿ ਉਹ ਇਸ ਤੋਂ ਬਗੈਰ ਰਹਿ ਸਕਦੇ ਹਨ ।ਨਹਿਰੂ ਕਮੇਟੀ ਨੇ ਦਲੀਲ ਦਿੱਤੀ ਕਿ "ਇਤਿਹਾਸ ਵਿਚਲੀਆਂ ਘਟਨਾਵਾਂ ਦਾ ਲੰਮਾ ਸਿਲਸਿਲਾ ਭਾਰਤ ਦੀ ਜਨਸੰਖਿਆ ਨੂੰ ਅੱਜ ਵਾਂਗ ਵੰਡਣ ਲਈ ਜ਼ਿੰਮੇਵਾਰ ਹੈ-ਅਤੇ ਇਸੇ ਕਾਰਨ ਫਿਰਕੂ ਪ੍ਰਾਂਤ ਬਣਾਏ ਗਏ ਹਨ । ਅਸੀਂ ਕੇਵਲ ਤੱਥਾਂ ਨੂੰ, ਜਿਵੇਂ ਉਹ ਹਨ, ਮਾਨਤਾ ਦੇਣੀ ਹੈ" ।ਇਹ ਬਿਨਾਂ ਸ਼ੱਕ ਇਕ ਸਚਾਈ ਹੈ । ਪ੍ਰੰਤੂ ਹੁਣ ਵਿਚਾਰਨ ਵਾਲਾ ਨੁਕਤਾ ਇਹੀ ਰਹਿੰਦਾ ਹੈ ਕਿ ਕੀ ਸਾਨੂੰ ਉਸ ਵਕਤ ਅਜਿਹੇ ਫਿਰਕੂ ਪ੍ਰਾਂਤ ਸੱਚੀਂ ਸਿਰਜਣੇ ਚਾਹੀਦੇ ਹਨ ਜਦੋਂ ਫਿਰਕੂ ਭਾਵਨਾ ਪੂਰੇ ਜ਼ੋਰ-ਸ਼ੋਰ ਨਾਲ ਪ੍ਰਚਲਤ ਹੋਵੇ ਅਤੇ ਕੌਮੀ ਭਾਵਨਾ ਬਹੁਤ ਕਮਜ਼ੋਰੀ ਫੜ੍ਹ ਗਈ ਹੋਵੇ । ਅਜਿਹੇ ਪ੍ਰਾਂਤ ਬਣਾਉਣ ਦਾ ਸਮਾਂ ਉਦੋਂ ਆਵੇਗਾ ਜਦੋਂ ਹਿੰਦੂਆਂ ਅਤੇ ਮੁਸਲਮਾਨਾਂ ਦੀ ਫਿਰਕੂ ਤਾਲ-ਮੇਲ ਬਾਰੇ ਜਾਗਰੂਕਤਾ ਬਹੁਤ ਜ਼ਿਆਦਾ ਵਧ ਜਾਵੇਗੀ ਅਤੇ ਉਹ ਮਹਿਸੂਸ ਕਰਨ ਲੱਗ ਜਾਣਗੇ ਕਿ ਉਹ ਭਾਰਤੀ ਹਨ ਅਤੇ ਹਮੇਸ਼ਾਂ ਲਈ ਭਾਰਤੀ ਹੀ ਰਹਿਣਗੇ । ਇਸ ਸਵਾਲ ਨੂੰ ਕਿਸੇ ਵੀ ਕੀਮਤ ਤੇ ਉਦੋਂ ਤੱਕ ਇੰਤਜ਼ਾਰ ਕਰਨੀ ਚਾਹੀਦੀ ਹੈ ਜਦ ਤੱਕ ਦੋਵੇਂ ਫਿਰਕੇ ਮਹਿਸੂਸ ਕਰਨ ਲੱਗ ਪੈਣ ਕਿ ਉਹ ਭਾਰਤੀ ਪਹਿਲਾਂ ਹਨ ਅਤੇ ਹਿੰਦੂ ਅਤੇ ਮੁਸਲਮਾਨ ਬਾਅਦ ਵਿਚ । ਇਨ੍ਹਾਂ ਕਾਰਨਾਂ ਕਰਕੇ ਮੈਂ ਸਿੰਧ ਦੇ ਵੱਖਰੇਪਣ ਦੇ ਸਵਾਲੇ ਤੇ ਆਪਣੇ ਸਾਥੀਆਂ ਵੱਲੋਂ ਦਿਖਾਈ ਗਈ ਹਮਦਰਦੀ ਨਾਲ ਸਹਿਮਤ ਨਹੀਂ ਹਾਂ ।

7. ਇਹ ਧਿਆਨ ਵਿਚ ਰੱਖਿਆ ਜਾਵੇ ਕਿ ਮੈਂ ਪ੍ਰੈਜ਼ੀਡੈਂਸੀ ਨਾਲੋਂ ਸਿੰਧ ਨੂੰ ਵੱਖਰਾ ਕਰਨ ਦੇ ਰਾਹ ਵਿਚ ਆਉਣ ਵਾਲੀਆਂ ਵਿੱਤੀ ਮੁਸ਼ਕਲਾਂ ਬਾਰੇ ਕੁੱਝ ਨਹੀਂ ਕਹਿੰਦਾ । ਇਹ ਇਸ

ਕਰਕੇ ਨਹੀਂ ਕਿ ਮੈਂ ਉਨ੍ਹਾਂ ਨੂੰ ਮਹੱਤਤਾ ਨਹੀਂ ਦਿੰਦਾ । ਮੈਂ ਉਨ੍ਹਾਂ ਨੂੰ ਮਹੱਤਤਾ ਦਿੰਦਾ ਹੈ ਪ੍ਰੰਤੂ ਮੇਰਾ ਵਿਚਾਰ ਇਹ ਹੈ ਕਿ ਉਹ ਇਕੱਲੀਆਂ ਹੀ ਫੈਸਲਾਕੁਨ ਨਹੀਂ ਹੋ ਸਕਦੀਆਂ ਅਤੇ ਮੈਂ ਉਹਨਾਂ ਦਾ ਹਵਾਲਾ ਇਸ ਕਰਕੇ ਨਹੀਂ ਦਿੱਤਾ ਕਿਉਂਕਿ ਮੈਂ ਸਮਝਦਾ ਹਾਂ ਕਿ ਸਿੰਧ ਦੇ ਵੱਖਰੇਪਣ ਲਈ ਜਿਹੜੇ ਇਤਰਾਜ਼ ਮੈਂ ਉਠਾਏ ਹਨ ਉਹ ਵਿੱਤੀ ਇਤਰਾਜ਼ਾਂ ਨੂੰ ਦੂਰ ਕੀਤੇ ਜਾਣ ਜਾਂ ਵਾਪਸ ਲੈ ਲਏ ਜਾਣ ਦੇ ਬਾਵਜੂਦ ਬਰਕਰਾਰ ਰਹਿਣਗੇ ।

ਭਾਗ 2

ਪ੍ਰਾਂਤਿਕ ਕਾਰਜਕਾਰਣੀ

ਅਧਿਆਇ-1

ਦੋਹਰੀ ਬਨਾਮ ਇਕਹਿਰੀ ਸਰਕਾਰ

8. ਮੇਰੇ ਦੋਸਤਾਂ ਨੇ ਨਵੀਂ ਸਰਕਾਰ ਦੇ ਹੋਂਦ ਵਿਚ ਆਉਣ ਤੋਂ ਬਾਅਦ ਕਾਨੂੰਨ ਅਤੇ ਵਿਵਸਥਾ ਦੇ ਵਿਸ਼ੇ ਨੂੰ ਪੰਜ ਸਾਲਾਂ ਲਈ ਰਾਖਵੇਂ ਵਿਸ਼ੇ ਵਜੋਂ ਜਾਰੀ ਰੱਖਣ ਲਈ ਸਿਫਾਰਸ਼ ਕੀਤੀ ਹੈ । ਮੈਂ ਆਪਣੇ ਸਾਥੀਆਂ ਨਾਲ ਅਸਹਿਮਤ ਨਾ ਹੁੰਦਾ ਅਗਰ ਉਹ ਆਪਣੀ ਸਿਫਾਰਸ਼ ਵਿਚ ਕੌਂਸਲ ਨੂੰ ਆਪਣਾ ਕੰਮ ਥੋੜ੍ਹੇ ਸਮੇਂ ਵਿਚ ਨਿਪਟਾਉਣ ਦਾ ਮੌਕਾ ਦੇਣ ਦੀ ਆਗਿਆ ਦਿੰਦੇ । ਪ੍ਰੰਤੂ ਬਦਕਿਸਮਤੀ ਨਾਲ ਉਨ੍ਹਾਂ ਨੇ ਜ਼ਿਆਦਾ ਸਮਾਂ ਦੇਣ ਦੀ ਸਿਫਾਰਸ਼ ਕੀਤੀ ਹੈ ਬਲਕਿ ਇਕ ਹੋਰ ਸ਼ਰਤੀ-ਧਾਰਾ ਦੀ ਵੀ ਸਿਫਾਰਸ਼ ਕੀਤੀ ਹੈ ਕਿ "ਉਸ ਸਮੇਂ ਤੋਂ ਬਾਅਦ ਇਸ ਨੂੰ ਉਪਰਲੇ ਸਦਨ ਅਤੇ ਗਵਰਨਰ ਦੀ ਸਹਿਮਤੀ ਨਾਲ ਵਿਧਾਨ ਪਰੀਸ਼ਦ ਦੇ ਫੈਸਲੇ ਤੇ ਛੱਡ ਦਿੱਤਾ ਕਿ ਵਿਸ਼ਾ ਬਦਲ ਦੇਣਾ ਚਾਹੀਦਾ ਹੈ" । ਮੈਂ ਉਸ ਸਿਫਾਰਸ਼ ਨਾਲ ਸਹਿਮਤ ਨਹੀਂ ਹੋ ਸਕਦਾ ਜਿਸ ਦਾ ਅਰਥ ਹੈ ਦੋਹਰੀ ਸਾਸ਼ਨ ਪ੍ਰਣਾਲੀ (ਡਾਈਆਰਕੀ) ਨੂੰ ਅਣਮਿੱਥੇ ਸਮੇਂ ਲਈ ਜਾਰੀ ਰੱਖਣਾ । ਅਜਿਹੀ ਸਿਫਾਰਸ਼ ਦਾ ਸਿਵਾਏ ਇਸ ਧਾਰਨਾ ਦੇ ਸਮੱਰਥਨ ਨਹੀਂ ਕੀਤਾ ਜਾ ਸਕਦਾ ਕਿ ਦੋਹਰੀ ਸਰਕਾਰ ਦੀ ਪ੍ਰਣਾਲੀ ਇਕ ਕੰਮ ਕਰਨ ਯੋਗ ਸਰਕਾਰੀ ਪ੍ਰਣਾਲੀ ਹੈ ਅਤੇ ਜਿਵੇਂ ਕਿ ਇਸ ਪ੍ਰਣਾਲੀ ਨੇ ਪਿਛਲੇ ਸਮੇਂ ਵਿਚ ਸਫਲਤਾਪੂਰਵਕ ਕੰਮ ਚਲਾਇਆ ਹੈ, ਇਸ ਤੋਂ ਭਵਿੱਖ ਵਿਚ ਵੀ ਉਸੇ ਤਰ੍ਹਾਂ ਕੰਮ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ । ਮੇਰੀ ਰਾਏ ਵਿਚ ਇਹ ਧਾਰਨਾ ਅਸੁਰੱਖਿਅਤ ਹੈ ।

9. ਸਰਕਾਰ ਦੀ ਦੋਹਰੀ ਪ੍ਰਣਾਲੀ ਦੇ ਗੈਰ-ਤਸੱਲੀਬਖ਼ਸ਼ ਕੰਮ-ਕਾਰ ਲਈ ਜ਼ਿੰਮੇਦਾਰ ਕਈ ਕਾਰਨ ਦੱਸੇ ਗਏ ਹਨ । ਇਹ ਸੱਚ ਹੈ ਕਿ ਸਰਕਾਰ ਦੀ ਤਬਦੀਲੀ ਵਾਲੇ ਪੱਖ ਵਿਚ ਕੁੱਝ ਬੰਦਸ਼ਾਂ ਨੇ ਰੁਕਾਵਟ ਪਾਈ, ਜਿਹੜੀਆਂ ਉਪਾਵਾਂ ਵਜੋਂ ਆਰੰਭ ਕੀਤੀਆਂ ਗਈਆਂ ਸਨ। ਲੋਕਾਂ ਦੀ ਭਲਾਈ ਨਾਲ ਸਬੰਧਤ ਸਾਰੇ ਵਿਸ਼ੇ ਮੰਤਰੀਆਂ ਨੂੰ ਦਿੱਤੇ ਗਏ ਸਨ ਜਿਨ੍ਹਾਂ ਨੂੰ ਕਾਨੂੰਨ ਅਤੇ ਵਿਵਸਥਾ ਬਣਾਈ ਰੱਖਣ ਦੇ ਵਿਸ਼ਿਆਂ ਤੋਂ ਵੱਖਰਾ ਕੀਤਾ ਗਿਆ ਸੀ । ਅਸਲ ਵਿਚ ਵਿਸ਼ਿਆਂ ਨੂੰ ਇਸ ਕਰਕੇ ਵੱਡੀ ਮਾਤਰਾ ਵਿਚ ਸੌਂਪਿਆ ਗਿਆ ਸੀ ਕਿਉਂਕਿ ਉਹ ਉਸ ਕਿਸਮ ਦੇ ਸਨ । ਨੀਤੀ ਦੇ ਮਾਮਲੇ ਦੇ ਤੌਰ ਤੇ ਪ੍ਰੈਜ਼ੀਡੈਂਸੀ ਦਾ ਧਨ ਮੰਤਰੀਆਂ ਦੇ ਹੱਥਾਂ

ਵਿਚ ਹੋਣਾ ਚਾਹੀਦਾ ਹੈ । ਕਿਉਂਕਿ ਇਹ ਸਪੱਸ਼ਟ ਹੈ ਕਿ ਕੋਈ ਨੀਤੀ ਓਨ੍ਹਾਂ ਚਿਰ ਸਿਰੇ ਨਹੀਂ ਚੜ੍ਹ ਸਕਦੀ ਜਿੰਨਾ ਚਿਰ ਵਿੱਤ ਵਿਭਾਗ ਉਸ ਲਈ ਲੋੜੀਂਦੇ ਸਾਧਨ ਨਹੀਂ ਲੱਭ ਲੈਂਦਾ। ਇਸ ਚੀਜ਼ ਦੀ ਵਿੱਤ ਵਿਭਾਗ ਕੋਲੋਂ ਕੇਵਲ ਤਾਂ ਹੀ ਉਮੀਦ ਕੀਤੀ ਜਾ ਸਕੇਗੀ ਜੇ ਇਸ ਦਾ ਕੰਟਰੋਲ ਸਰਕਾਰ ਦੇ ਮੰਤਰੀ ਪੱਖ ਕੋਲ ਹੋਵੇ ਪ੍ਰੰਤੂ ਅਜਿਹਾ ਨਹੀਂ ਹੈ । ਵਿੱਤ ਵਿਭਾਗ ਦੇ ਕਾਨੂੰਨ ਦੀ ਧਾਰਾ 45 ਓ (3) ਅਧੀਨ ਨਿਯਮਾਵਲੀ ਰਾਹੀਂ ਉਸ ਵਿਭਾਗ ਅਤੇ ਉਸ ਦੇ ਕਾਰਜਾਂ ਲਈ ਅਧਿਨਿਯਮ ਬਣਾਉਣ ਦਾ ਉਪਬੰਧ ਕਰਦਾ ਹੈ । ਜਿਵੇਂ ਵਿਭਾਗ ਬਣਾਇਆ ਗਿਆ ਹੈ ਇਹ ਨਾ ਤਾਂ ਕਿਸੇ ਨੂੰ ਸੌਂਪਿਆ ਗਿਆ ਹੈ, ਨਾ ਰਾਖਵਾਂ ਰੱਖਿਆ ਗਿਆ ਹੈ, ਪ੍ਰੰਤੂ ਇਹ ਸਰਕਾਰ ਦੇ ਦੋਹਾਂ ਪੱਖਾਂ ਲਈ ਸਾਂਝਾ ਹੈ । ਫਿਰ ਵੀ, ਸਪੁਰਦਗੀ ਨਿਯਮਾਵਲੀ ਦੇ ਨਿਯਮ 36 (1) ਅਨੁਸਾਰ ਇਹ ਨਿਸ਼ਚਿਤ ਕੀਤਾ ਗਿਆ ਹੈ ਕਿ ਵਿੱਤ ਵਿਭਾਗ ਉਪਰ ਕਾਰਜਕਾਰਨੀ ਕੌਂਸਲ ਦੇ ਕਿਸੇ ਮੈਂਬਰ ਦਾ ਕਟੰਰੋਲ ਹੋਣਾ ਚਾਹੀਦਾ ਹੈ । ਇਸ ਵਿਭਾਗ ਨੂੰ ਵਾਸਤਵ ਵਿਚ ਇਕ ਰਾਖਵੇਂ ਵਿਭਾਗ ਵਿਚ ਬਦਲਿਆ ਗਿਆ ਹੈ । ਇਸ ਨੂੰ ਕਾਰਜਕਾਰੀ ਕੌਂਸਲਰ ਦੇ ਹੱਥਾਂ ਵਿਚ ਦੇ ਕੇ, ਜੋ ਵਿਧਾਨ-ਮੰਡਲ ਪ੍ਰਤੀ ਜ਼ਿੰਮੇਦਾਰ ਨਹੀਂ ਹੈ, ਇਹ ਸੁਭਾਵਿਕ ਹੈ ਕਿ ਇਹ ਵਿਭਾਗ ਮੰਤਰੀਆਂ ਦੇ ਪ੍ਰਤਿਕੂਲ ਵੱਧ ਜਾਂ ਘੱਟ ਇਕ ਰਾਖਵੇਂ ਵਿਭਾਗਾ ਵਾਂਗ ਹੀ ਕੰਮ ਕਰਦਾ ਹੈ । ਸੌਂਪੇ ਗਏ ਵਿਸ਼ਿਆਂ ਸਬੰਧੀ ਗਵਰਨਰ ਨੂੰ ਸੌਂਪੀ ਗਈ ਪੁਜੀਸ਼ਨ ਇਸ ਦਾ ਇਕ ਹੋਰ ਕਾਰਨ ਸੀ ਜਿਸ ਨੇ ਸਰਕਾਰ ਦੇ ਸਪੁਰਦਗੀ ਪੱਖ ਨੂੰ ਨੁਕਸਾਨ ਪਹੁੰਚਾਇਆ। ਧਾਰਾ 52 (3) ਅਧੀਨ ਇਹ ਤੈਅ ਕੀਤਾ ਗਿਆ ਸੀ ਕਿ ਸੌਂਪੇ ਗਏ ਵਿਸ਼ਿਆਂ ਦੇ ਸਬੰਧ ਵਿਚ ਗਵਰਨਰ ਆਪਣੇ ਮੰਤਰੀਆਂ, ਜਿੰਨਾ ਚਿਰ ਉਹ ਉਨ੍ਹਾਂ ਦੀ ਰਾਏ ਨਾਲ ਅਸਹਿਮਤੀ ਲਈ ਕੋਈ ਉਚਿੱਤ ਕਾਰਨ ਨਹੀਂ ਦੇਖਦਾ, ਦੀ ਸਲਾਹ ਨਾਲ ਕੰਮ ਕਰੇਗਾ । ਪ੍ਰੰਤੂ ਸਾਂਝੀ ਸ਼ਿਕਾਇਤ ਇਹ ਰਹੀ ਹੈ ਕਿ ਗਵਰਨਰਾਂ ਨੇ ਮੂਲ ਮਤਭੇਦ ਦੇ ਆਸਾਧਾਰਣ ਮੌਕਿਆਂ ਤੇ ਆਪਣੀ ਦਖਲ-ਅੰਦਾਜ਼ੀ ਘੱਟ ਕਰਨ ਦੀ ਬਜਾਏ ਸਗੋਂ ਇਹ ਦਾਅਵਾ ਕੀਤਾ ਹੈ ਕਿ ਕਾਨੂੰਨ ਵਿਚ ਮੰਤਰੀ ਕੇਵਲ ਉਨ੍ਹਾਂ ਦੇ ਸਲਾਹਕਾਰ ਹੀ ਹਨ ਅਤੇ ਉਨ੍ਹਾਂ ਦੀ ਸਲਾਹ ਨੂੰ, ਜੇਕਰ ਉਹ ਅਜਿਹਾ ਕਰਨਾ ਉਚਿੱਤ ਸਮਝਣ, ਰੱਦ ਕਰਨ ਲਈ ਆਜ਼ਾਦ ਹਨ । ਇਸ ਗੈਰ-ਮੁਨਾਸਿਬ ਵਿਆਖਿਆ ਨੇ ਮੰਤਰੀਆਂ ਦੀ ਹਾਲਤ ਨੂੰ ਕਾਰਜਕਾਰੀ ਕੌਂਸਲਰਾਂ ਦੀ ਹਾਲਤ ਨਾਲੋਂ ਭੱਦੀ ਬਣਾ ਦਿੱਤਾ ਹੈ । ਕਿਉਂਕਿ ਕਾਰਜਕਾਰੀ ਕੌਂਸਲਰਾਂ ਨੂੰ ਸਾਧਾਰਨ ਕੇਸਾਂ ਵਿਚ ਵੋਟਾਂ ਦੀ ਬਹੁ-ਗਿਣਤੀ ਤੋਂ ਸਿਵਾਏ ਰੱਦ ਨਹੀਂ ਕੀਤਾ ਜਾ ਸਕਦਾ । ਜਦ ਕਿ ਧਾਰਾ 52 (3) ਅਧੀਨ ਗਵਰਨਰਾਂ ਦੁਆਰਾ ਕੀਤੀ ਗਈ ਵਿਆਖਿਆ ਅਨੁਸਾਰ, ਮੰਤਰੀ ਗਵਰਨਰਾਂ ਦੀ ਰਹਿਮਦਿਲੀ ਤੇ ਹਨ ਅਤੇ ਉਹ ਕਾਰਜਕਾਰੀ ਕੌਂਸਲਰਾਂ ਨੂੰ ਦਿੱਤੀ ਗਈ ਸੁਰੱਖਿਆ ਤੋਂ ਬਗੈਰ ਹਨ । ਇਕ ਚੀਜ਼ ਹੋਰ ਸੀ ਜਿਸ ਨੇ ਮੰਤਰੀਆਂ ਦੇ ਮੁਕਾਬਲੇ ਗਵਰਨਰਾਂ ਦੀਆਂ ਸ਼ਕਤੀਆਂ ਵਧਾਉਣ ਵਿਚ ਮਦਦ ਕੀਤੀ ਅਤੇ ਮੰਤਰੀਆਂ ਦੀ ਸਰਗਰਮੀ ਨੂੰ ਕੰਮਜ਼ੋਰ ਬਣਾ ਕੇ ਰੱਖ ਦਿੱਤਾ । ਗਵਰਨਰਾਂ ਨੂੰ ਜਾਰੀ ਕੀਤੇ ਗਏ ਨਿਰਦੇਸ਼ਾਂ ਦੇ ਕਾਨੂੰਨੀ ਦਸਤਾਵੇਜ਼ ਵਿਚ, ਉਨ੍ਹਾਂ ਨੂੰ ਆਪਣੇ ਸਾਰੇ ਕਾਰਜ ਅਤੇ ਮਾਣਤਾ-ਪ੍ਰਾਪਤ ਹੱਕਾਂ ਅਤੇ ਵਿਸ਼ੇਸ਼-ਅਧਿਕਾਰਾਂ ਦੀ ਜਾਇਜ਼

ਤੌਰ ਤੇ ਵਰਤੋਂ ਕਰਕੇ ਪ੍ਰੈਜੀਡੈਂਸੀ ਵਿਚ ਕੰਮ ਕਰਨ ਵਾਲੇ ਸਾਰੇ ਮੈਂਬਰਾਂ ਦੀਆਂ ਸੇਵਾਵਾਂ ਦੇ ਹਿੱਤਾਂ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ । ਉਨ੍ਹਾਂ ਦੇ ਕਰਤਵ ਨੂੰ ਕੇਵਲ ਸੇਵਾਵਾਂ ਦੇ ਹਿੱਤਾਂ ਦੀ ਰਾਖੀ ਕਰਨ ਦੇ ਪ੍ਰਸ਼ਨ ਤੱਕ ਹੀ ਸੀਮਿਤ ਕੀਤਾ ਗਿਆ ਹੈ । ਪ੍ਰੰਤੂ ਗਵਰਨਰਾਂ ਨੇ ਇਸ ਆਦੇਸ਼ ਦੀ ਬੜੀ ਵਿਸ਼ਾਲ ਵਿਆਖਿਆ ਕਰ ਲਈ ਅਤੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਮੰਤਰੀਆਂ ਦੇ ਵਿਭਾਗ ਵਿਚ ਨਿਯੁਕਤੀਆਂ, ਪਦਾਂ ਅਤੇ ਤਰੱਕੀਆਂ ਦੇ ਮਾਮਲੇ ਸਮੇਤ ਸੇਵਾਵਾਂ ਸਬੰਧੀ ਸਾਰੇ ਮਾਮਲੇ ਗਵਰਨਰਾਂ ਦੇ ਅਧੀਨ ਹੋਣੇ ਚਾਹੀਦੇ ਹਨ । ਬੰਬਈ ਵਿਚ ਗਵਰਨਰ ਨੇ ਇਹ ਹੱਕ ਕਾਰਜਕਾਰੀ ਕੌਂਸਲਰਾਂ ਅਧੀਨ ਕੰਮ ਕਰਨ ਵਾਲੇ ਕਰਮਚਾਰੀਆਂ ਸਬੰਧੀ ਵੀ ਅਜ਼ਮਾਇਆ ਅਤੇ ਇਹ ਮਸ਼ਹੂਰ ਕਰਨ ਲਈ ਕਿ ਇਹ ਸ਼ਕਤੀ ਗਵਰਨਰ ਦੀ ਹੈ: "ਗਵਰਨਰ-ਇਨ-ਕੌਂਸਲ ਨੇ ਨਿਯੁਕਤ ਕਰਨ ਦੀ ਕ੍ਰਿਪਾਲਤਾ ਕੀਤੀ ਹੈ " ਦੇ ਸਾਧਾਰਾਨ ਸ਼ਬਦਾਂ ਨੂੰ "ਗਵਰਨਰ ਦੁਆਰਾ ਨਿਯੁਕਤ ਕਰਨ ਦੀ ਕ੍ਰਿਪਾਲਤਾ ਕੀਤੀ ਗਈ ਹੈ" ਦੇ ਸ਼ਬਦ-ਰੂਪ ਵਿਚ ਬਦਲ ਦਿੱਤਾ । ਮੰਤਰਾਲੇ ਦੇ ਸਕੱਤਰ ਨੂੰ ਸੌਂਪੀ ਗਈ ਹੈਸੀਅਤ ਨੇ ਵੀ ਮੰਤਰੀ ਦੇ ਅਧਿਕਾਰ ਨੂੰ ਕਮਜ਼ੋਰ ਕਰਨ ਵਿਚ ਸਹਾਇਤਾ ਕੀਤੀ ਅਤੇ ਗਵਰਨਰ ਦੀ ਨਿਰੰਕੁਸ਼ਤਾ (ਆਟੋਕਰੇਸੀ) ਨੂੰ ਵਧਾਇਆ ਹੈ। ਕਿਉਂਕਿ ਸਾਰਿਆਂ ਕੇਸਾਂ ਵਿਚ ਜਦੋਂ ਸਕੱਤਰ ਦਾ ਮੰਤਰੀ ਦੇ ਫੈਸਲੇ ਤੇ ਮਤ-ਭੇਦ ਹੋ ਜਾਵੇ ਉਸ ਨੂੰ ਆਪਣੇ ਰਾਜਨੀਤਿਕ ਮੁੱਖੀ ਨੂੰ ਨਜ਼ਰ-ਅੰਦਾਜ਼ ਕਰਕੇ ਗਵਰਨਰ ਨੂੰ ਪਹੁੰਚ ਕਰਨ ਅਤੇ ਉਸ ਦੇ ਹੁਕਮ ਨਾਲ ਮੰਤਰੀ ਦਾ ਫੈਸਲਾ ਬਦਲਾਉਣ ਦੀ ਆਗਿਆ ਹੈ ।

10. ਇਹ ਸਾਰਾ ਕੁੱਝ ਸਰਕਾਰ ਦੀ ਦੋਹਰੀ ਸ਼ਾਸਨ ਪ੍ਰਣਾਲੀ (ਡਾਈਆਰਕੀ) ਦੇ ਤਸੱਲੀਬਖਸ਼ ਕੰਮ-ਕਾਰ ਤੇ ਬਿਨਾਂ ਸ਼ਕ ਬੁਰਾ ਪ੍ਰਭਾਵ ਪਾਉਂਦਾ ਹੈ । ਪ੍ਰੰਤੂ ਇਸ ਦੇ ਵਿਰੁੱਧ ਮੈਂ ਜੋ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਜਿਹੜੀ ਦਖਲ-ਅੰਦਾਜ਼ੀ ਅਕਸਰ ਕੀਤੀ ਜਾਂਦੀ ਹੈ, ਅਗਰ ਉਹ ਨਾ ਕੀਤੀ ਜਾਵੇ ਤਾਂ ਹੀ ਸਰਕਾਰ ਚਲਾਉਣ ਦੀ ਇਹ ਦੋਹਰੀ ਸ਼ਾਸਨ-ਪ੍ਰਣਾਲੀ ਕੰਮ ਕਰਨ ਦੇ ਯੋਗ ਹੋ ਸਕੇਗੀ। ਇਸੇ ਕਰਕੇ ਮੈਂ ਦ੍ਰਿੜਤਾ ਨਾਲ ਕਹਿੰਦਾ ਹਾਂ ਕਿ ਦੋਹਰੀ ਸ਼ਾਸਨ ਪ੍ਰਣਾਲੀ ਖੁਦ ਹੀ ਸਰਕਾਰ ਦੀ ਇਕ ਨਾ ਕੰਮ ਕਰਨ ਯੋਗ ਪ੍ਰਣਾਲੀ ਹੈ । ਖੁਸ਼ਕਿਸਮਤੀ ਨਾਲ ਇਹ ਰਾਏ ਮੇਰੀ ਇਕੱਲੇ ਦੀ ਨਹੀਂ ਹੈ । ਬੰਬਈ ਸਰਕਾਰ ਨੇ, ਜਿਸ ਦੇ ਕੁੱਝ ਮੈਂਬਰਾਂ ਨੇ ਨਿੱਜੀ ਤੌਰ ਤੇ ਇਸ ਦੋਹਰੀ ਸ਼ਾਸਨ-ਪ੍ਰਣਾਲੀ ਨੂੰ ਜਾਰੀ ਰੱਖਣ ਦਾ ਸਮਰਥਨ ਕੀਤਾ ਹੈ, 1919 ਵਿਚ ਇਸ ਦੀ ਖੁਦ ਇਕ ਨਾ ਕੰਮ ਕਰਨ ਯੋਗ ਪ੍ਰਣਾਲੀ ਦੇ ਤੌਰ ਤੇ ਇਨ੍ਹਾਂ ਸ਼ਬਦਾਂ ਵਿਚ ਨਿੰਦਿਆ ਕੀਤੀ ਜਿਹੜੇ ਹਵਾਲਾ ਦੇਣ ਯੋਗ ਹਨ: "ਸਰਕਾਰ ਦੇ ਰਿਕਾਰਡਾਂ ਦੇ ਹਵਾਲੇ ਤੋਂ ਇਹ ਪਤਾ ਲਗਦਾ ਹੈ ਕਿ ਪ੍ਰਭੂਸਤਾ ਦਾ ਸਵਾਲ, ਜਿਹੜਾ ਸਰਕਾਰ ਦੇ ਕਿਸੇ ਵਿਭਾਗ ਵਿਚ ਚਰਚਾ ਅਤੇ ਨਿਪਟਾਰੇ ਲਈ ਬੜੀ ਮੁਸ਼ਕਲ ਨਾਲ ਪੈਦਾ ਹੁੰਦਾ ਹੈ, ਨੂੰ ਉਨ੍ਹਾਂ ਸੋਚ-ਵਿਚਾਰਾਂ, ਜਿਹੜੀਆਂ ਸਰਕਾਰ ਦੇ ਦੂਜੇ ਵਿਭਾਗ ਦੇ ਅਧਿਕਾਰ-ਖੇਤਰ ਨੂੰ ਬਣਾਉਂਦੀਆਂ ਹਨ, ਦੀ ਰੋਸ਼ਨੀ ਵਿਚ ਧਿਆਨ ਪੂਰਵਕ ਵਿਚਾਰਨ ਦੀ ਲੋੜ ਨਹੀਂ ਹੈ । ਸਮੁੱਚੇ ਤੌਰ ਤੇ, ਸਰਕਾਰ ਦਾ ਮੁੱਢਲਾ ਫਰਜ਼ ਹੈ, ਸ਼ਾਂਤੀ ਅਤੇ ਵਿਵਸਥਾ ਨੂੰ ਬਣਾਈ ਰੱਖਣਾ, ਤਕੜਿਆਂ

ਤੋਂ ਮਾੜਿਆਂ ਨੂੰ ਸੁਰੱਖਿਅਤ ਰੱਖਣਾ ਅਤੇ ਇਹ ਦੇਖਣਾ ਕਿ ਉਨ੍ਹਾਂ ਸਾਹਮਣੇ ਪ੍ਰਭਾਵਤ ਹੋਈਆਂ ਕਈ ਵੱਖ ਵੱਖ ਸ਼੍ਰੇਣੀਆਂ ਦੇ ਹਿੱਤਾਂ ਦੇ ਵਿਰੋਧ ਵਿਚ ਆ ਰਹੇ ਸਾਰੇ ਮੁੱਦਿਆਂ ਦਾ ਨਿਪਟਾਰਾ ਕਰਨ ਵੱਲ ਉਚਿੱਤ ਧਿਆਨ ਦਿੱਤਾ ਜਾਂਦਾ ਹੈ । ਇਸ ਦੀ ਪੈਰਵੀ ਵਿਚ, ਕਿਸੇ ਮਹਿਕਮੇ ਦੇ ਇੰਚਾਰਜ ਮੰਤਰੀ ਦੁਆਰਾ ਕਿਸੇ ਵਿਸ਼ੇ ਨੂੰ ਤਬਦੀਲ ਕਰਨ ਲਈ ਸੁਝਾਅ ਦੇਣ ਲਈ ਭੇਜੀਆਂ ਗਈਆਂ ਸਾਰੀਆਂ ਮਹੱਤਵਪੂਰਣ ਤਜਵੀਜ਼ਾਂ ਵਿਚ ਰਾਖਵੇਂ ਵਿਭਾਗਾਂ ਦੇ ਇੰਚਾਰਜ ਅਧਿਕਾਰੀਆਂ ਦਾ ਹਵਾਲਾ ਹਰ ਹਾਲਤ ਵਿਚ ਦਿੱਤਾ ਜਾਂਦਾ ਹੈ, ਲੇਕਿਨ ਉਹ ਵਿਸ਼ੇ, ਜੇ ਕੋਈ ਹੋਣ, ਬਹੁਤ ਥੋੜ੍ਹੇ ਹਨ ਜਿਨ੍ਹਾਂ ਤੇ ਉਹ (ਸਰਕਾਰ ਦੇ ਦੋ ਅੰਗਾਂ ਦੇ ਕਾਰਜ) ਸਾਂਝੀ ਰਾਏ ਨਾਲ ਚਲਦੇ ਹਨ । ਇਸ ਦਾ ਸਿੱਟਾ ਇਹ ਹੋਇਆ ਕਿ ਉਹ ਸਿਧਾਂਤ ਬਿਲਕੁਲ ਨਿਰਆਧਾਰ ਹੈ, ਜਿਸ ਅਨੁਸਾਰ ਇਕ ਮੰਤਰੀ ਇੰਚਾਰਜ ਲਈ, ਕਿਸੇ ਤਬਦੀਲੀਯੋਗ ਵਿਸ਼ੇ ਦੇ ਕੇਸ ਨੂੰ ਰਾਖਵੇਂ ਵਿਸ਼ਿਆਂ ਦੇ ਕੰਟਰੋਲ ਹੇਠ ਸਬੰਧਤ ਸਰਕਾਰ ਦੇ ਵਿਭਾਗਾਂ ਦੇ ਹਵਾਲੇ ਤੋਂ ਬਗੈਰ ਨਿਪਟਾਉਣਾ ਸੰਭਵ ਹੋਵੇਗਾ ।"

11. ਦੋਹਰੀ ਸ਼ਾਸਨ-ਪ੍ਰਣਾਲੀ ਵਿਸ਼ਿਆਂ ਦੀ ਵੰਡ ਕਾਰਨ ਹੈ ਪ੍ਰੰਤੂ ਇਸ ਵਿਚ ਅੰਦਰੂਲੀ ਨੁਕਸ ਹਨ ਜਿਨ੍ਹਾਂ ਕਰਕੇ ਦੋਹਰੀ ਸ਼ਾਸਨ-ਪ੍ਰਣਾਲੀ ਇਕ ਕੰਮ ਕਰਨ ਯੋਗ ਪ੍ਰਣਾਲੀ ਨਹੀਂ ਰਹੀ । ਇਸ ਦਾ ਇਕ ਹੋਰ ਕਾਰਨ ਵੀ ਹੈ । ਇਸ ਅਧੀਨ ਕਾਰਜਕਾਰਨੀ ਲਈ ਕਿਸੇ ਸਾਂਝੀ ਨੀਤੀ ਤੇ ਇਕ ਸਾਂਝੀ ਸੰਸਥਾ ਵਜੋਂ ਕੰਮ ਕਰਨਾ ਸੰਭਵ ਨਹੀਂ ਹੈ । ਅਜਿਹੀ ਏਕਤਾ ਕੇਵਲ ਕਿਸੇ ਸਾਂਝੇ ਸਰਕਾਰੀ ਆਦੇਸ਼ ਤੋਂ ਪੈਦਾ ਹੋਈ ਸਾਂਝੀ ਵਫਾਦਾਰੀ ਦੁਆਰਾ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਮੰਤਰੀਆਂ ਲਈ, ਜਿਹੜੇ ਵਿਧਾਨ-ਮੰਡਲ ਵਿਚੋਂ ਨਿਯੁਕਤ ਕੀਤੇ ਜਾਂਦੇ ਹਨ, ਉਸ ਸੰਸਥਾ ਪ੍ਰਤੀ ਅਸਲ ਜ਼ਿੰਮੇਵਾਰੀ ਮਹਿਸੂਸ ਕਰਨਾ ਲਾਜ਼ਮੀ ਹੈ ਅਤੇ ਸਚਮੁਚ ਇਸੇ ਕਰਕੇ ਹੀ ਉਨਾਂ ਨੂੰ ਨਿਯੁਕਤ ਕੀਤਾ ਜਾਂਦਾ ਹੈ ਅਤੇ ਉਹ ਆਪਣੇ ਮੰਤਵਾਂ ਨੂੰ ਓਨਾ ਚਿਰ ਪ੍ਰਾਪਤ ਨਹੀਂ ਕਰਨਗੇ ਜਿਨਾਂ ਚਿਰ ਉਹ ਇਸ ਜ਼ਿੰਮੇਵਾਰੀ ਨੂੰ ਮਹਿਸੂਸ ਨਹੀਂ ਕਰਦੇ। ਪ੍ਰੰਤੂ ਵਿਧਾਨ-ਮੰਡਲ ਦੇ ਕੰਮਾਂਕਾਰਾਂ ਨਾਲ ਉਨ੍ਹਾਂ ਨੂੰ ਜੋੜਨ ਵਾਲੀ ਹਰੇਕ ਕੜੀ ਕੇਵਲ ਉਨ੍ਹਾਂ ਨੂੰ ਆਪਣੇ ਸਰਕਾਰੀ ਸਾਥੀਆਂ ਤੋਂ ਵੱਖ ਕਰਦੀ ਹੈ ਜਿਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਦੋਹਰੀ ਸ਼ਾਸ਼ਨ ਪ੍ਰਣਾਲੀ ਦੇ ਅੰਦਰੋਂ ਪੈਦਾ ਹੋਇਆ ਦੋਹਰਾਵਾਦ ਹੋਂਦ ਵਿਚ ਆ ਜਾਂਦਾ ਹੈ । ਅਗਰ ਇਕ ਵਾਰ ਇਹ ਦੋਹਰਾਵਾਦ ਸਰਕਾਰ ਦੇ ਦੋਹਾਂ ਅੰਗਾਂ ਵਿਚਕਾਰ ਆਪਣੇ ਪੈਰ ਜਮਾ ਗਿਆ, ਜਿਵੇਂ ਕਈ ਵਾਰ ਮੰਤਰੀਆਂ ਤੇ ਕਾਰਜਕਾਰੀ ਕੌਂਸਲਰ ਨੇ ਆਪਣੇ- ਭਾਸ਼ਣਾਂ ਅਤੇ ਕੌਂਸਲ ਵਿਚ ਵੋਟ ਰਾਹੀਂ ਇਕ ਦੂਜੇ ਦਾ ਵਿਰੋਧ ਕੀਤਾ ਹੈ, ਤਾਂ ਸਰਕਾਰ ਦਾ ਚਲਣਾ ਅਸੰਭਵ ਹੋ ਜਾਵੇਗਾ। ਦੋਹਰੀ ਸ਼ਾਸਨ-ਪ੍ਰਣਾਲੀ ਵਿਚ ਇਸ ਦੋਹਰੇਵਾਦ' ਤੇ ਇਕ ਸਾਂਝੀ ਸਰਕਾਰ ਰਾਹੀਂ ਨਿਗਰਾਨੀ ਰੱਖੀ ਗਈ ਹ। ਪ੍ਰੰਤੂ ਇਹ ਗਠਜੋੜ ਬਿਲਕੁਲ ਵੱਖਰੇ ਵੱਖਰੇ ਵਿਚਾਰਾਂ ਵਾਲੀਆਂ ਦੋ ਪਾਰਟੀਆਂ ਵਿਚਕਾਰ ਇਕ ਮਜਬੂਰਨ ਅਤੇ ਬਣਾਉਟੀ ਏਕਤਾ ਹੈ ਅਤੇ ਇਹ ਬੜੀ ਆਸਾਨੀ ਨਾਲ ਉਲਝਣ ਖੜ੍ਹੀ ਕਰ ਸਕਦੀ ਹੈ । ਇਹ ਉਲਝਣ ਬੰਬੇ ਪ੍ਰੈਜ਼ੀਡੈਂਸੀ ਵਿਚ ਨਹੀਂ ਵਾਪਰੀ ਅਤੇ ਇਸ ਨੇ ਦੋਹਰੀ ਸ਼ਾਸਨ-ਪ੍ਰਣਾਲੀ ਵਿਚਲੇ ਇਸ ਅੰਦਰੂਲੀ ਨੁਕਸ ਦਾ ਖੰਡਨ ਨਹੀਂ ਕੀਤਾ। ਇਸ ਦਾ ਸਪੱਸ਼ਟ ਪ੍ਰਭਾਵ ਇਹ ਪਿਆ ਕਿ ਇਸ

ਗੱਠਜੋੜ ਵਿਚ ਮੰਤਰੀਆਂ ਨੇ ਖੁਦ ਕੌਂਸਲਰਾਂ ਅਗੇ ਹਥਿਆਰ ਸੁੱਟ ਦਿੱਤੇ ਹਨ ।

12. ਇਨ੍ਹਾਂ ਅੰਦਰੂਨੀ ਨੁਕਸਾਂ ਦੇ ਹੁੰਦਿਆਂ ਹੋਇਆਂ ਵੀ ਲੋਕਾਂ ਨੇ ਇਸ ਦੋਹਰੀ ਸ਼ਾਸਨ-ਪ੍ਰਣਾਲੀ ਨੂੰ ਪ੍ਰੈਜ਼ੀਡੈਂਸੀ ਵਿਚ ਇਕ ਸਫਲ ਪ੍ਰਣਾਲੀ ਗਰਦਾਨਿਆ। ਇਸ ਵਿਚਾਰ ਨਾਲ ਕੇਵਲ ਤਾਂ ਹੀ ਸਹਿਮਤ ਹੋਇਆ ਜਾ ਸਕਦਾ ਹੈ ਜੇਕਰ ਇਸ ਦਾ ਮਤਲਬ ਇਹ ਹੈ ਕਿ ਗਵਰਨਰ ਨੂੰ ਸੰਵਿਧਾਨ ਮੁਅੱਤਲ ਕਰਨ ਜਾਂ ਭਾਰਤ ਸਰਕਾਰ ਦੇ ਕਾਨੂੰਨ ਰਾਹੀਂ ਉਸ ਨੂੰ ਦਿੱਤੀਆਂ ਗਈਆਂ ਸੰਕਟਕਾਲੀ ਸ਼ਕਤੀਆਂ ਦੀ ਵਰਤੋਂ ਕਰਨ ਦੀ ਆਗਿਆ ਨਹੀਂ ਦਿੱਤੀ ਗਈ। ਇਹ ਬਿਲਕੁੱਲ ਸਚਾਈ ਹੈ । ਪ੍ਰੰਤੂ ਪ੍ਰਸ਼ਨ ਇਹ ਨਹੀਂ ਹੈ ਕਿ ਕੀ ਦੋਹਰੀ ਸ਼ਾਸਨ-ਪ੍ਰਣਾਲੀ ਨੇ ਕੰਮ ਕੀਤਾ, ਮਤਲਬ ਕਿ ਕੀ ਇਸ ਨੇ ਇਕ ਜ਼ਿੰਮੇਵਾਰ ਸਰਕਾਰ ਦੇ ਤੌਰ ਤੇ ਕੰਮ ਕੀਤਾ ? ਇਸ ਨੂੰ ਇਸ ਕਰਕੇ ਨਜ਼ਰ-ਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ ਕਿ 1919 ਵਿਚ ਦੋਹਰੀ ਸ਼ਾਸਨ ਪ੍ਰਣਾਲੀ ਦੇ ਮੁਕਾਬਲੇ ਸਵੀਕਾਰ ਕਰਨ ਲਈ ਸਰਕਾਰਾਂ ਦੇ ਕਈ ਹੋਰ ਬਦਲ ਮੌਜੂਦ ਸਨ । ਕਾਂਗਰਸ ਲੀਗ ਸਕੀਮ ਸੀ ਅਤੇ ਪ੍ਰਾਂਤਾਂ ਦੇ ਮੁੱਖੀਆਂ ਦੀ ਸਕੀਮ ਸੀ, ਹੋਰ ਕਿਸੇ ਸਕੀਮ ਦਾ ਜ਼ਿਕਰ ਨਹੀਂ ਕੀਤਾ ਜਾਂਦਾ। ਪ੍ਰੰਤੂ ਦੋਹਰੀ ਸ਼ਾਸਨ ਪ੍ਰਣਾਲੀ ਨੂੰ ਤਰਜ਼ੀਹ ਦੇਕੇ ਇਨ੍ਹਾਂ ਸਾਰੀਆਂ ਸਕੀਮਾਂ ਨੂੰ ਰੱਦ ਕਰ ਦਿੱਤਾ ਗਿਆ ਕਿਉਂਕਿ ਉਹ ਸਰਕਾਰ ਜ਼ਿੰਮੇਵਾਰ ਸਰਕਾਰ ਦੇ ਕਰਤਵਾਂ ਨੂੰ ਨਿਭਾਉਣ ਵਿਚ ਸਫਲ ਨਹੀਂ ਹੋਈਆਂ ।ਸਰਕਾਰ ਦੀ ਦੋਹਰੀ ਸ਼ਾਸਨ-ਪ੍ਰਣਾਲੀ ਦੇ ਕੰਮ-ਕਾਰ ਦਾ ਕੋਈ ਅਨੁਮਾਨ ਕੇਵਲ ਕਿਸੇ ਪ੍ਰਮੁੱਖ ਵਿਚਾਰਧਾਰਾ ਤੇ ਆਧਾਰਿਤ ਹੋਣਾ ਚਾਹੀਦਾ ਹੈ । ਅਗਰ ਅਸੀਂ ਆਪਣੇ ਦਿਮਾਗ ਵਿਚ ਇਹ ਤੱਥ ਵਸਾ ਲਈਏ ਅਤੇ ਦੋਹਰੀ ਸਾਸ਼ਨ ਪ੍ਰਣਾਲੀ ਦੇ ਕੰਮ-ਕਾਰ ਦਾ ਮੁਲਾਂਕਣ ਕਰਨ ਦੀ ਕੋਸ਼ਿਸ ਕਰੀਏ, ਤਾਂ ਨਤੀਜਾ ਇਹ ਨਿਕਲੇਗਾ ਕਿ ਇਸ ਪ੍ਰਾਂਤ ਵਿਚ ਦੋਹਰੀ ਸ਼ਾਸਨ ਪ੍ਰਣਾਲੀ ਦਾ ਕਾਮਯਾਬ ਹੋ ਜਾਣਾ ਨਾ-ਮੁਮਕਿਨ ਹੈ । ਜ਼ਿੰਮੇਵਾਰ ਸਰਕਾਰ ਦਾ ਅਰਥ ਹੈ ਕਿ ਕਾਰਜਕਾਰਨੀ ਕੇਵਲ ਤੱਦ ਤੱਕ ਆਪਣੇ ਅਹੁਦੇ ਤੇ ਟਿਕੀ ਰਹੇ, ਜਦ ਤੱਕ ਉਸ ਨੂੰ ਸਦਨ ਵਿਚ ਬਹੁਮੱਤ ਪ੍ਰਾਪਤ ਹੈ। ਇਹ ਮੰਤਰੀ-ਮੰਡਲ ਦੀ ਜ਼ਿੰਮੇਵਾਰੀ ਦੇ ਸਿਧਾਂਤ ਦਾ ਨਿਚੋੜ ਹੈ । ਹੁਣ ਅਗਰ ਅਸੀਂ ਬੰਬੇ ਪ੍ਰੈਜ਼ੀਡੈਂਸੀ ਵਿਚ ਦੋਹਰੀ ਸ਼ਾਸਨ ਪ੍ਰਣਾਲੀ ਦੇ ਕੰਮ-ਕਾਰ ਲਈ ਇਸ ਪਰਖ ਨੂੰ ਲਾਗੂ ਕਰੀਏ ਅਤੇ ਉਨ੍ਹਾਂ ਮੌਕਿਆਂ ਨੂੰ ਧਿਆਨ ਵਿਚ ਰਖੀਏ ਜਿਨ੍ਹਾਂ, ਤੇ ਕੌਂਸਲ ਤਬਦੀਲੀ ਵਾਲੇ ਵਿਸ਼ਿਆਂ ਸਬੰਧੀ ਪ੍ਰਸਤਾਵਾਂ ਤੇ ਵੰਡੀ ਗਈ ਸੀ, ਤਾਂ ਅਸੀਂ ਇਕ ਬਹੁਤ ਅਣਸੁਖਾਵਾਂ ਦ੍ਰਿਸ਼ ਦੇਖਾਂਗੇ ਕਿ ਮੰਤਰੀ ਸਦਨ ਵਿਚ ਕਈ ਵਾਰ ਹਾਰਨ ਦੇ ਬਾਵਜੂਦ ਆਪਣੇ ਅਹੁਦੇ ਤੇ ਉਸੇ ਤਰ੍ਹਾਂ ਬਿਰਾਜਮਾਨ ਰਹੇ ਜਿਵੇਂ ਕੁੱਝ ਵੀ ਨਹੀਂ ਵਾਪਰਿਆ ਹੁੰਦਾ । ਇਸ ਅਫ਼ਸੋਸਨਾਕ ਘਟਨਾ ਦਾ ਵੇਰਵਾ ਨਿਮਨ ਲਿਖਤ ਸਾਰਣੀ ਵਿਚ ਦਿੱਤਾ ਗਿਆ ਹੈ :-

ਸਾਲ	ਰਾਏ-ਵੰਡਾਂ ਦੀ ਕੁਲ ਗਿਣਤੀ	ਉਨ੍ਹਾਂ ਰਾਏ-ਵੰਡਾਂ ਦੀ ਗਿਣਤੀ ਜਿਨ੍ਹਾਂ ਵਿਚ ਸਰਕਾਰ ਨਿਰਪੱਖ ਸੀ	ਸਰਕਾਰ ਦੀ ਆਹਾਰਾਂ ਦੀ ਗਿਣਤੀ	ਸਰਕਾਰੀ ਹਾਰਾਂ ਦੀ ਗਿਣਤੀ ਜੇ ਕੁਰ ਸਰਕਾਰੀ ਪੱਖ ਨੂੰ ਅਲੋਪ ਕਰ ਦਿੱਤਾ ਜਾਵੇ	ਸਰਕਾਰ ਦੀਆਂ ਕਾਮਯਾਬੀ ਦੀ ਗਿਣਤੀ	ਮੁਕਾ-ਬਲਿਆਂ ਦੀ ਗਿਣਤੀ
1921	3	-	2	2	1	-
1922	17	-	4	8	9	-
1923	4	1	1	2	1	-
1924	19	-	10	14	5	1
1925	30	1	-	11	18	-
1926	3	-	-	1	2	1
1927	26	-	3	10	16	-
1928	2	-	1	1	1	-

ਇਨ੍ਹਾਂ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ 1921 ਵਿਚ ਤਿੰਨ ਰਾਏ ਵੰਡਾਂ ਵਿਚੋਂ ਮੰਤਰੀ 2 ਵਿਚ ਹਾਰੇ; 1922 ਵਿਚ 17 ਵਿਚੋਂ 8 ਵਿਚ; 1924 ਵਿਚ 19 ਵਿਚੋਂ 14 ਵਿਚ; 1925 ਵਿਚ 30 ਵਿਚੋਂ 11 ਵਿਚ; 1926 ਵਿਚ 3 ਵਿਚੋਂ 1 ਵਿਚ; 1927 ਵਿਚ 26 ਵਿਚੋਂ 10 ਵਿਚ; 1928 ਵਿਚ 2 ਵਿਚੋਂ ;1 ਵਿਚ ਮੰਤਰੀ ਹਾਰੇ। ਇਸ ਦੇ ਬਾਵਜੂਦ ਇਸ ਪ੍ਰੈਜ਼ੀਡੈਂਸੀ ਵਿਚ ਕਿਸੇ ਮੰਤਰੀ ਵਲੋਂ ਅਸਤੀਫਾ ਨਹੀਂ ਦਿੱਤਾ ਗਿਆ । ਇਨ੍ਹਾਂ ਤੱਥਾਂ ਨੂੰ ਦੇਖਦੇ ਹੋਏ ਸਾਡੇ ਲਈ ਇਸ ਗੱਲ ਨਾਲ ਸਹਿਮਤ ਹੋਣਾ ਅਸੰਭਵ ਹੈ ਕਿ ਦੋਹਰੀ ਸ਼ਾਸਨ ਪ੍ਰਣਾਲੀ ਨੇ ਸਰਕਾਰ ਦੀ ਇਕ ਜ਼ਿੰਮੇਵਾਰ ਪ੍ਰਣਾਲੀ ਦੇ ਤੌਰ' ਤੇ ਕੰਮ ਕੀਤਾ ਹੈ ।

13. ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਜੇ ਮੰਤਰੀਆਂ ਨੇ ਅਸਤੀਫਾ ਨਹੀਂ ਦਿੱਤਾ ਤਾਂ ਉਹ ਇਸ ਕਰਕੇ ਨਹੀਂ ਦਿੱਤਾ ਕਿ ਕਿਉਂਕਿ ਕੌਂਸਲ ਇਨ੍ਹਾਂ ਰਾਏ-ਵੰਡਾਂ ਤੋਂ ਭਰੋਸੇ ਦੀ ਲੋੜ ਨੂੰ ਪ੍ਰਗਟ ਕਰਨ ਦਾ ਇਰਾਦਾ ਨਹੀਂ ਸੀ ਰੱਖਦੀ; ਵਰਨਾ ਉਹ ਮੰਤਰੀਆਂ ਨੂੰ ਸਪਲਾਈ ਰੋਕ ਸਕਦੀ ਸੀ ਜਿਨ੍ਹਾਂ ਨੂੰ ਉਹ ਆਪਣੀ ਵਿਰੋਧੀ ਵੋਟ ਰਾਹੀਂ ਅਸਵੀਕਾਰ ਕਰ ਚੁੱਕੀ ਸੀ । ਇਸ ਬਹੁਤ ਜ਼ਿਆਦਾ ਮਹੱਤਵਪੂਰਣ ਤੱਥ ਦਾ ਹਵਾਲਾ ਦੇਣ ਦੀ ਵੀ ਲੋੜ ਹੈ ਕਿ ਬੰਬਈ ਵਿਧਾਨ ਪਰੀਸ਼ਦ ਆਪਣੀ ਇੱਛਾ ਨੂੰ ਮੰਤਰੀਆਂ ਉਤੇ ਪ੍ਰਭਾਵਸ਼ਾਲੀ ਢੰਗ ਨਾਲ ਠੋਸਣ ਲਈ ਬਹੁਤ ਸ਼ਕਤੀਹੀਣ ਸੀ । ਇਸ ਦੇ ਜੁੰਡਲੀਆਂ ਅਤੇ ਗੁੱਟਾਂ ਵਿਚ ਵੰਡੇ ਜਾਣ ਨਾਲ ਅਤੇ ਅਸੂਲਾਂ ਨਾਲੋਂ ਆਦਮੀਆਂ ਦੇ ਮਗਰ ਲੱਗਣ ਦੇ ਇਸ ਦੇ ਦੁਰਾਚਾਰੀ ਢੰਗ ਨੇ ਇਸ ਨੂੰ ਕਾਰਜਕਾਰਨੀ ਦੇ ਹੱਥਾਂ ਵਿਚ ਇਕ ਖਿਡੌਣਾ ਬਣਾ ਕੇ ਰੱਖ ਦਿੱਤਾ । ਹੋਰ ਤਾਂ ਹੋਰ, ਸਮੁੱਚਾ ਸਦਨ ਉਨ੍ਹਾਂ ਚੋਣਵੇਂ ਕਾਰਜਾਂ ਨੂੰ ਕਰਨ ਵਿਚ ਵੀ ਅਸਫਲ ਰਿਹਾ, ਜਿਨ੍ਹਾਂ ਨੂੰ ਕਰਨ ਦੀ ਆਪਣੀ ਸ਼ਕਤੀ ਪ੍ਰਤੀ ਸੁਚੇਤ ਕਿਸੇ ਲੋਕਪ੍ਰਿਯ ਸਦਨ ਤੋਂ ਉਮੀਦ ਕੀਤੀ ਜਾ ਸਕਦੀ ਹੈ । ਕੋਈ ਵੀ ਲੋਕਪ੍ਰਿਯ ਸਦਨ, ਚਾਹੇ ਕਾਰਜਕਾਰਨੀ ਉਸ 'ਤੇ ਕਿੰਨੀ ਵੀ ਹਾਵੀ ਹੋਵੇ, ਸਦਨ ਦੇ ਕਿਸੇ ਉਸ ਮੈਂਬਰ ਨੂੰ ਅਹੁਦੇ ਤੇ ਰਹਿਣ ਨੂੰ ਸਹਿਣ ਨਹੀਂ ਕਰੇਗਾ, ਜਿੰਨਾ ਚਿਰ ਉਹ ਆਪਣੇ ਆਪ ਵਿਚ ਇਹ ਸਮੱਰਥਾ ਨਹੀਂ ਦਰਸਾਉਂਦਾ ਕਿ ਉਸ ਅੰਦਰ ਬੋਲਣ ਦੀ ਕੁੱਝ ਸ਼ਕਤੀ ਹੈ, ਕਿਸੇ ਵਿਸ਼ੇ ਨੂੰ ਨਜਿੱਠਣ ਲਈ ਨਿਪੁੰਨਤਾ ਹੈ, ਕਿਸੇ ਪ੍ਰਸ਼ਨ ਦਾ ਉੱਤਰ ਦੇਣ ਦੀ ਤੱਤਪਰਤਾ

ਹੈ ਅਤੇ ਇਨ੍ਹਾਂ ਸਾਰਿਆਂ ਤੋਂ ਉਪਰ ਉਸ ਦਾ ਕੁਝ ਦ੍ਰਿੜ ਦ੍ਰਿਸ਼ਟੀਕੋਣ ਵੀ ਹੈ, ਜਿਹੜਾ ਸਮਾਜਿਕ ਅਤੇ ਆਰਥਕ ਭਲਾਈ ਦੀ ਕਿਸੇ ਵਿਵੇਕਸ਼ੀਲ ਨੀਤੀ ਦੇ ਆਧਾਰ ਨੂੰ ਬਣਾਉਂਦਾ ਹੈ । ਇਥੋਂ ਤਕ ਕਿ ਇੰਗਲੈਂਡ ਵਿਚ ਵੀ, ਜਿਥੇ ਮੰਤਰੀ-ਮੰਡਲ ਬਹੁਤ ਜ਼ਿਆਦਾ ਹਾਵੀ ਹੈ,ਦਾ ਕੋਈ ਪ੍ਰਧਾਨ ਮੰਤਰੀ ਉਨ੍ਹਾਂ ਵਿਅੱਕਤੀਆਂ ਨੂੰ ਸਰਕਾਰ ਦੇ ਅਧੀਨ ਦਫ਼ਤਰਾਂ ਵਿਚ ਭਰਤੀ ਕਰਨ ਲਈ ਨਹੀਂ ਚੁਣੇਗਾ ਜਿਹੜੇ ਹਾਊਸ ਆਫ਼ ਕਾਮਨਜ਼ ਨੂੰ ਸਵੀਕਾਰ ਨਹੀਂ ਹਨ । ਬੰਬਈ ਵਿਧਾਨ ਪ੍ਰੀਸ਼ਦ ਇਸ ਚੀਜ਼ ਦੇ ਯੋਗ ਵੀ ਨਹੀਂ ਸੀ । ਜਿਸ ਦਾ ਨਤੀਜਾ ਇਹ ਹੋਇਆ ਕਿ ਰਾਜਨੀਤਿਕ ਅਹੁਦਿਆਂ ਤੇ ਕੰਮ ਕਰਨ ਲਈ ਕੋਈ ਅੱਛਾ ਵਿਅਕਤੀ ਨਹੀਂ ਮਿਲਿਆ। ਲੇਕਿਨ ਮੰਨ ਲਓ ਕਿ ਅਗਰ ਕੌਂਸਲ ਅੱਛੀ ਤਰ੍ਹਾਂ ਸੰਗਠਿਤ ਹੋਣ ਦੇ ਨਾਤੇ, ਆਪਣੀ ਇੱਛਾ ਨੂੰ ਕਾਰਜਕਾਰਣੀ, ਤੇ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਠੋਸ ਦੇਵੇ ਤਾਂ ਇਸ ਦਾ ਨਤੀਜਾ ਕੀ ਹੋਵੇਗਾ ? ਕੀ ਇਹ ਦੋਹਰੀ ਸ਼ਾਸਨ ਪ੍ਰਣਾਲੀ ਨੂੰ ਇਕ ਜ਼ਿੰਮੇਵਾਰ ਸਰਕਾਰ ਵਜੋਂ ਕੰਮ ਕਰਨ ਦੇ ਯੋਗ ਬਣਾ ਦੇਵੇਗੀ ? ਮੇਰਾ ਉਤਰ ਇਕ ਦਮ ਨਾਂਹ ਵਿਚ ਹੋਵੇਗਾ । ਕਿਉਂਕਿ ਮੰਤਰੀ-ਮੰਡਲ ਵੱਲੋਂ ਕਾਰਜਕਾਰਣੀ ਵਿਰੁੱਧ ਕੋਈ ਵੀ ਅਸਰਦਾਇਕ ਕਾਰਵਾਈ ਦਾ ਸਿਰਫ਼ ਇਕੋ ਸਿੱਟਾ ਨਿਕਲ ਸਕਦਾ ਹੈ ਅਰਥਾਤ, ਇਹ ਗਵਰਨਰ ਦੁਆਰਾ ਮੁਅੱਤਲ ਕਰਨ ਅਤੇ ਪ੍ਰਮਾਣ-ਪੱਤਰ ਦੇਣ ਦੀਆਂ ਸੰਕਟਕਾਲੀ ਸਕਤੀਆਂ ਦੀ ਵਰਤੋਂ ਕਰਨ ਦੀ ਆਗਿਆ ਦੇਵੇਗਾ ਜਿਹੜੀਆਂ ਉਸ ਨੂੰ ਐਕਟ ਅਧੀਨ ਸੌਂਪੀਆਂ ਗਈਆਂ ਹਨ । ਇਹ ਵਿਧਾਨ-ਮੰਡਲ ਵਲੋਂ ਕੀਤੀ ਗਈ ਜ਼ੋਰਦਾਰ ਕਾਰਵਾਈ ਦਾ ਇਕ ਅਟੱਲ ਸਿੱਟਾ ਹੈ ਜੋ ਉਨ੍ਹਾਂ ਪ੍ਰਾਂਤਾਂ ਦੀ ਸ਼ਹਾਦਤ ਹੈ ਜਿਨ੍ਹਾਂ ਵਿਚ ਸੰਵਿਧਾਨ ਦਾ ਅਮਲ ਰੋਕ ਦਿੱਤਾ ਗਿਆ ਹੈ । ਪ੍ਰੰਤੂ ਸਾਨੂੰ ਇਸ ਚੀਜ਼ ਨੂੰ ਸਵੀਕਾਰ ਕਰਨ ਲਈ ਇਹ ਮੰਨਣਾ ਪਵੇਗਾ ਕਿ ਜਿਉਂ ਹੀ ਕੌਂਸਲ ਆਪਣੇ ਅਖ਼ਤਿਆਰਾਂ ਨੂੰ ਪੂਰੀ ਤਰ੍ਹਾਂ ਜਤਾਉਣਾ ਆਰੰਭ ਕਰ ਦੇਵੇਗੀ, ਦੋਹਰੀ ਸ਼ਾਸਨ ਪ੍ਰਣਾਲੀ ਟੁਕੜੇ-ਟੁਕੜੇ ਹੋ ਜਾਵੇਗੀ ਬਸ਼ਰਤੇ ਕਿ ਗਵਰਨਰ ਦੀਆਂ ਸੰਕਟਕਾਲੀ ਸ਼ਕਤੀਆਂ ਦੀ ਵਰਤੋਂ ਕਰਕੇ ਇਸ ਨੂੰ ਸਹਾਰਾ ਨਾ ਦਿੱਤਾ ਜਾਵੇ । ਇਸ ਲਈ, ਇਹ ਸਪੱਸ਼ਟ ਹੈ ਕਿ ਦੋਹਰੀ ਸ਼ਾਸਨ ਪ੍ਰਣਾਲੀ ਹਰ ਹਾਲਤ ਵਿਚ ਅਸਫ਼ਲ ਹੈ । ਇਹ ਬੰਬੇ ਪ੍ਰੈਜ਼ੀਡੈਂਸੀ ਦੀ ਤਰ੍ਹਾਂ ਵਿਧਾਨ-ਮੰਡਲ ਦੀ ਢਿੱਲ ਕਾਰਨ ਅਸੱਫ਼ਲ ਹੈ। ਇਹ ਕੇਂਦਰੀ ਪ੍ਰਾਂਤਾਂ ਦੀ ਤਰ੍ਹਾਂ ਵਿਧਾਨ ਮੰਡਲ ਦੀ ਕਾਰਵਾਈ ਦੀ ਵਜ੍ਹਾ ਕਰਕੇ ਅਸਫਲ ਹੈ। ਇਕ ਪਾਸੇ ਵਿਧਾਨ-ਮੰਡਲ ਦੀ ਕਮਜ਼ੋਰੀ ਦੇ ਕਾਰਨ ਕਾਰਜਕਾਰਨੀ ਗੈਰ-ਜ਼ਿੰਮੇਵਾਰ ਬਣੀ, ਦੂਜੇ ਪਾਸੇ ਵਿਧਾਨ-ਮੰਡਲ ਦੀ ਜ਼ੋਰਦਾਰ ਕਾਰਵਾਈ ਨੇ ਗਵਰਨਰ ਨੂੰ ਇਕ ਗ਼ੈਰ- ਜ਼ਿੰਮੇਵਾਰ ਕਾਰਜਕਾਰਨੀ ਨੂੰ ਕਾਇਮ ਰੱਖਣ ਲਈ ਮਜਬੂਰ ਕੀਤਾ ।

14. ਬਹੁਤ ਸਾਰਿਆਂ ਨੇ ਇਹ ਸੁਝਾ ਦਿੱਤਾ ਹੈ ਕਿ ਦੋਹਰੀ ਸ਼ਾਸਨ ਪ੍ਰਣਾਲੀ ਦੀ ਕਾਰਗੁਜ਼ਾਰੀ ਬਹੁਤ ਵਧੀਆ ਸੀ ਅਗਰ ਗਵਰਨਰ ਧਾਰਾ 52(3) ਦੇ ਉਪਬੰਧਾਂ ਅਤੇ ਸੰਯੁਕਤ ਪਾਰਲੀਮਾਨੀ ਕਮੇਟੀ ਦੁਆਰਾ ਦਿੱਤੀ ਗਈ ਸਲਾਹ ਅਨੁਸਾਰ ਇਕ ਸੰਵਿਧਾਨਕ ਮੁਖੀ ਦੇ ਤੌਰ' ਤੇ ਕੰਮ ਕਰਦਾ ਹੈ । ਮੈਂ ਇਸ ਵਿਚਾਰ ਨਾਲ ਸਹਿਮਤ ਨਹੀਂ ਹਾਂ, ਸਭ ਤੋਂ ਪਹਿਲਾਂ

ਇਸ ਵਿਚਾਰ ਦਾ ਸਮਰਥਨ ਕਰਨ ਲਈ ਤੱਥਾਂ ਦਾ ਕੋਈ ਆਧਾਰ ਨਹੀਂ ਹੈ ਕਿ ਗਵਰਨਰ ਲਈ ਇਕ ਸੰਵਿਧਾਨਕ ਮੁਖੀਏ ਦੇ ਤੌਰ' ਤੇ ਕੰਮ ਕਰਨਾ ਲਾਜ਼ਮੀ ਸੀ । ਇਹ ਅਕਸਰ ਭੁਲਾ ਦਿੱਤਾ ਜਾਂਦਾ ਹੈ ਕਿ ਚਾਹੇ ਸਰਕਾਰ ਦੀ ਦੋਹਰੀ ਸ਼ਾਸਨ ਪ੍ਰਣਾਲੀ ਇਕ ਜ਼ਿੰਮੇਵਾਰ ਸਰਕਾਰ ਦੇ ਤੌਰ ਤੇ ਚੁਣੀ ਜਾਂਦੀ ਹੈ, ਜਿਸ ਦਾ ਅਰਥ ਇਹ ਹੈ ਕਿ ਗਵਰਨਰ ਮੰਤਰੀਆਂ ਦੇ ਸਬੰਧ ਵਿਚ ਇਕ ਸੰਵਿਧਾਨਕ ਮੁਖੀ ਹੈ, ਲੇਕਿਨ ਸਾਂਝੀ ਰਿਪੋਰਟ ਨੇ ਇਸ ਨੂੰ ਬਿਲਕੁੱਲ ਸਪੱਸ਼ਟ ਕਰ ਦਿਤਾ ਕਿ ਉਸ ਨੂੰ ਇਸ ਪੁਜੀਸ਼ਨ ਤੱਕ ਸੀਮਿਤ ਨਹੀਂ ਕੀਤਾ ਗਿਆ । ਉਨ੍ਹਾਂ ਨੇ ਸਾਫ ਸਾਫ ਕਿਹਾ, "ਸਾਡਾ ਇਹ ਵਿਚਾਰ ਨਹੀਂ ਹੈ ਕਿ ਸ਼ੁਰੂ ਤੋਂ ਹੀ ਗਵਰਨਰ ਕੇਵਲ ਸੰਵਿਧਾਨਕ ਗਵਰਨਰ ਦੀ ਹੈਸੀਅਤ ਧਾਰਨ ਕਰੇ ਜਿਹੜਾ ਆਪਣੇ ਮੰਤਰੀਆਂ ਦੇ ਫੈਸਲੇ ਨੂੰ ਸਵੀਕਾਰ ਕਰਨ ਲਈ ਬੱਝਿਆ ਹੋਇਆ ਹੈ । ਅਸੀਂ ਉਸ ਨੂੰ ਕੰਟਰੋਲ ਕਰਨ ਦੀ ਸ਼ਕਤੀ ਵਜੋਂ ਰਾਖਵੀਂ ਰਖਦੇ ਹਾਂ ਕਿਉਂਕਿ ਅਸੀਂ ਉਸ ਨੂੰ ਆਪਣੇ ਰਾਜ-ਪ੍ਰਬੰਧ ਲਈ ਆਮ ਤੌਰ' ਤੇ ਜ਼ਿੰਮੇਵਾਰ ਸਮਝਦੇ ਹਾਂ ।" ਸੰਯੁਕਤ ਪਾਲੀਮਾਨੀ ਕਮੇਟੀ ਨੇ ਵੀ ਸਿਫਾਰਸ਼ ਨਹੀਂ ਕੀਤੀ ਕਿ ਉਸ ਨੂੰ ਇਕ ਸੰਵਿਧਾਨਕ ਮੁਖੀ ਦੇ ਤੌਰ' ਤੇ ਕੰਮ ਕਰਨਾ ਚਾਹੀਦਾ ਹੈ । ਕਮੇਟੀ ਨੇ ਆਪਣੀ ਰਿਪੋਰਟ ਦੇ ਪੈਰਾ 5 ਵਿਚ ਵਿਸ਼ੇਸ਼ ਤੌਰ' ਤੇ ਕਿਹਾ ਹੈ ਕਿ ਮੰਤਰੀ ਗਵਰਨਰ ਦੀ ਸਹਾਇਤਾ ਅਤੇ ਅਗਵਾਈ ਲੈਣਗੇ ਜਿਹੜਾ ਜਦੋਂ ਕਦੀ ਸੰਭਵ ਹੋਇਆ ਉਨ੍ਹਾਂ ਦੀ ਸਲਾਹ ਨੂੰ ਮੰਨੇਗਾ ਅਤੇ ਉਨ੍ਹਾਂ ਦੀਆਂ ਨੀਤੀਆਂ ਨੂੰ ਬੜ੍ਹਾਵਾ ਦੇਵੇਗਾ । ਇਹ ਕਹਿਣਾ ਬੜਾ ਮੁਸ਼ਕਲ ਹੈ ਕਿ ਕਮੇਟੀ ਨੇ ਉਸ ਨੂੰ ਇਕ ਸੰਵਿਧਾਨਕ ਮੁਖੀ ਦੇ ਤੌਰ' ਤੇ ਕੰਮ ਕਰਨ ਵਾਲਾ ਕਰਾਰ ਦਿੱਤਾ। ਅਜਿਹੀ ਸੋਚ ਸੱਚ ਮੁੱਚ ਉਸ ਐਕਟ ਦੇ ਉਪਬੰਧਾਂ ਦੇ ਨਾਲ ਮੇਲ ਨਹੀਂ ਖਾਵੇਗੀ ਜਿਸ ਅਧੀਨ ਗਵਰਨਰ ਦੀਆਂ ਤਾਨਾਸ਼ਾਹੀ ਸ਼ਕਤੀਆਂ ਨੂੰ ਸਪੱਸ਼ਟ ਤੌਰ ਤੇ' ਰਾਖਵੀਆਂ ਰੱਖਿਆ ਗਿਆ ਹੈ ਅਤੇ ਸਾਂਝੀ ਰਿਪੋਰਟ ਜਾਂ ਪਾਰਲੀਮਾਨੀ ਕਮੇਟੀ ਦੀ ਰਿਪੋਰਟ ਵਿਚ ਕਹੀ ਗਈ ਕੋਈ ਚੀਜ਼ ਇਨ੍ਹਾਂ ਦੀ ਵਰਤੋਂ ਨੂੰ ਰੱਦ ਨਹੀਂ ਕਰਦੀ ਇਸ ਲਈ ਅਗਰ ਗਵਰਨਰ ਖੁਦ ਰਾਜ-ਪ੍ਰਬੰਧ ਚਲਾਉਂਦਾ ਅਤੇ ਮੰਤਰੀਆਂ ਨੂੰ ਆਪਣੇ ਰਾਹੀਂ ਰਾਜ-ਪ੍ਰਬੰਧ ਚਲਾਉਣ ਦੀ ਆਗਿਆ ਨਹੀਂ ਦਿੰਦਾ, ਤਾਂ ਇਹ ਉਸ ਦਾ ਕਸੂਰ ਨਹੀਂ ਹੈ । ਪ੍ਰੰਤੂ ਅਗਰ ਗਵਰਨਰ ਇਕ ਸੰਵਿਧਾਨਕ ਮੁਖੀ ਦੇ ਤੌਰ ਤੇ ਕੰਮ ਕਰੇ ਤਾਂ ਫਿਰ ਇਹ ਸਵਾਲ ਖੜ੍ਹਾ ਹੋ ਜਾਂਦਾ ਹੈ ਕਿ ਕੀ ਇਹ ਦੋਹਰੀ ਸ਼ਾਸਨ ਪ੍ਰਣਾਲੀ ਨੂੰ ਇਕ ਜ਼ਿੰਮੇਵਾਰ ਸਰਕਾਰ ਦੇ ਰੂਪ ਵਿਚ ਇਕ ਕੰਮ ਕਰਨ ਯੋਗ ਸਰਕਾਰ ਬਣਾ ਦੇਵੇਗਾ ? ਇਸ ਪ੍ਰਸ਼ਨ ਦਾ ਮੇਰਾ ਉੱਤਰ ਵੀ ਨਾਂਹ ਵਿਚ ਹੋਵੇਗਾ । ਮੈਂ ਜਿਵੇਂ ਸਥਿਤੀ ਨੂੰ ਦੇਖ ਰਿਹਾ ਹਾਂ, ਅਗਰ ਗਵਰਨਰ ਦੀਆਂ ਸ਼ਕਤੀਆਂ ਵਾਪਸ ਲੈ ਲਈਆਂ ਜਾਣ ਅਤੇ ਉਸ ਨੂੰ ਇਕ ਸੰਵਿਧਾਨਕ ਮੁਖੀ ਬਣਾ ਦਿੱਤਾ ਜਾਵੇ, ਤਾਂ ਇਹ ਲੋਕਾਂ ਦੁਆਰਾ ਚੁਣੇ ਗਏ ਵਿਧਾਨ-ਮੰਡਲ ਵਲੋਂ ਸਰਕਾਰ ਦੇ ਰਾਖਵੇਂ ਪੱਖ ਦੀ ਹੋਂਦ' ਤੇ ਇਕ ਹਮਲਾ ਹੋਵੇਗਾ । ਇਸ ਜੋਖ਼ਮ ਨਾਲ ਰਾਖਵਾਂ ਪੱਖ ਗਵਰਨਰ ਦੀ ਸੁਰਖਿਆ ਤੋਂ ਵਾਂਝਿਆ ਰਹਿ ਜਾਵੇਗਾ ਅਤੇ ਉਸ ਕੋਲ ਸਿਰਫ ਇਕੋ ਰਸਤਾ ਰਹਿ ਜਾਵੇਗਾ, ਉਹ ਇਹ ਕਿ ਉਸ ਨੂੰ ਕੌਂਸਲ ਦੀਆਂ ਇੱਛਾਵਾਂ ਅਨੁਸਾਰ ਕੰਮ ਕਰਨ ਲਈ ਸਹਿਮਤ ਹੋਣਾ ਪਵੇਗਾ । ਦੂਜੇ ਸ਼ਬਦਾਂ ਵਿਚ ਅਗਰ ਤੁਸੀਂ ਇਨ੍ਹਾਂ ਨੂੰ ਗਵਰਨਰ ਦੇ ਦਾਇਰੇ ਤੋਂ ਦੂਰ ਕਰ ਦਿਉਗੇ, ਤੁਹਾਡੇ ਕੋਲ ਤਬਦੀਲੀ ਪੱਖ ਦੇ ਕਦਮਾਂ' ਤੇ

ਚਲਣ ਤੋਂ ਸਿਵਾਏ ਕੋਈ ਰਸਤਾ ਨਹੀਂ ਰਹਿ ਜਾਵੇਗਾ । ਪ੍ਰੰਤੂ ਇਹ ਗੱਲ ਕਹਿਣ ਦਾ ਕੇਵਲ ਦੂਜਾ ਢੰਗ ਹੈ ਕਿ ਅਗਰ ਗਵਰਨਰ ਦੇ ਅਹੁਦੇ ਨੂੰ ਇਕ ਸੰਵਿਧਾਨਕ ਮੁਖੀ ਤੱਕ ਹੀ ਸੀਮਤ ਕਰਨ ਦੀ ਇੱਛਾ ਹੈ ਤਾਂ ਪਹਿਲਾਂ ਤੁਸੀ ਦੋਹਰੀ ਸ਼ਾਸਨ ਪ੍ਰਣਾਲੀ ਨੂੰ ਹਰ ਹਾਲਤ ਵਿਚ ਖ਼ਤਮ ਕਰੋ ।

15. ਜਿੱਥੇ ਮੈਂ ਇਸ ਵਿਚਾਰ ਦੇ ਵਿਰੁੱਧ ਦਲੀਲ ਦਿੱਤੀ ਹੈ ਕਿ ਦੋਹਰੀ ਸ਼ਾਸਨ ਪ੍ਰਣਾਲੀ ਕੁੱਝ ਹੋਰ ਕਾਰਨਾਂ ਕਰਕੇ ਇਕ ਗੈਰ ਕੰਮ-ਕਾਰੀ ਪ੍ਰਣਾਲੀ ਬਣੀ ਹੈ ਉਥੇ ਮੈਂ ਇਸ ਵਿਚਾਰ ਦੇ ਹੱਕ ਵਿਚ ਇਹ ਵੀ ਕਿਹਾ ਹੈ ਕਿ ਇਹ ਆਪਣੇ ਅੰਦਰੂਨੀ ਨੁਕਸਾਂ ਕਾਰਨ ਕੇਵਲ ਗ਼ੈਰ-ਕੰਮ-ਕਾਰੀ ਪ੍ਰਣਾਲੀ ਹੀ ਨਹੀਂ ਬਣੀ, ਬਲਕਿ ਇਕ ਜ਼ਿੰਮੇਵਾਰ ਸਰਕਾਰ ਦੇ ਰੂਪ ਵਿਚ ਕੰਮ ਕਰਨ ਦੇ ਅਯੋਗ ਰਹੀ ਹੈ । ਮੁਕੰਮਲ ਦੋਹਰੇਪਨ ਸਮੇਤ ਦੋਹਰੀ ਸ਼ਾਸਨ ਪ੍ਰਣਾਲੀ ਜਿਸ ਵਿਚ ਦੋ ਵੱਖਰੀਆਂ ਵੱਖਰੀਆਂ ਸਰਕਾਰਾਂ ਅਤੇ ਦੋ ਵੱਖਰੇ ਵੱਖਰੇ ਵਿਧਾਨ-ਮੰਡਲਾਂ ਦੇ ਕਾਰਜ ਸ਼ਾਮਲ ਹਨ, ਇਕ ਵਿਚ ਵਿਧਾਨ-ਮੰਡਲ ਕਾਰਜਕਾਰਣੀ ਦੇ ਅਧੀਨ ਅਤੇ ਦੂਜੇ ਵਿਚ ਕਾਰਜਕਾਰਣੀ ਵਿਧਾਨ-ਮੰਡਲ ਦੇ ਅਧੀਨ ਕੰਮ ਕਰਦੀ ਹੈ, ਨੁਕਤਾਚੀਨੀ ਤੋਂ ਮੁਕਤ ਹੈ ਜਿਸ ਨੂੰ ਦੋਹਰੀ ਸ਼ਾਸਨ ਪ੍ਰਣਾਲੀ ਵਾਲੀ ਦੋਹਰੇਪਨ ਦੀ ਪ੍ਰਣਾਲੀ ਜੋ ਇਸ ਵਕਤ ਪ੍ਰਚਲਤ ਹੈ, ਦੇ ਮੁਕਾਬਲੇ ਉਪਰ ਰੱਖਣ ਤੇ ਜ਼ੋਰ ਦਿੱਤਾ ਗਿਆ ਹੈ । ਪ੍ਰੰਤੂ ਦੋਹਰੇਪਨ ਸਮੇਤ ਦੋਹਰੀ ਸ਼ਾਸਨ ਪ੍ਰਣਾਲੀ ਦੇ ਬਦਲ ਨੂੰ 1919 ਵਿਚ ਭਾਰਤ ਸਰਕਾਰ ਨੇ ਰੱਦ ਕਰ ਦਿੱਤਾ ਸੀ ਅਤੇ ਉਹੋ ਇਤਰਾਜ਼ ਉਠਾਉਣ ਦੀ ਖੁਲ੍ਹ ਸੀ ਜਿਹੜੇ ਸਰਕਾਰ ਦੀ ਉਸ ਪ੍ਰਣਾਲੀ ਤੇ ਲਾਗੂ ਹੁੰਦੇ ਸਨ ਜਿਹੜੀ ਮਿੰਟੋ-ਮਾਰਲੇ ਸੁਧਾਰਾਂ ਦੁਆਰਾ ਸਥਾਪਤ ਕੀਤੀ ਗਈ ਸੀ ਅਤੇ ਜਿਵੇਂ ਕਿ ਮੌਂਟਗੂ-ਚੈਮਸਫੋਰਡ ਰਿਪੋਰਟ ਵਿਚ ਦਸਿਆ ਗਿਆ ਸੀ ਉਨ੍ਹਾਂ ਲਈ ਕਦੀ ਵੀ ਇੰਨੀ ਉਚੀ ਆਵਾਜ਼ ਨਹੀਂ ਉਠਾਈ ਗਈ ਸੀ । ਭਾਰਤ ਵਿਚ ਰਾਜਨੀਤਕ ਜੀਵਨ ਦੀ ਪ੍ਰਗਤੀ ਲਈ ਇਸ ਸਮੇਂ ਅਜਿਹੀ ਪ੍ਰਣਾਲੀ ਨੂੰ ਲਿਆਉਣਾ ਅਸੰਭਵ ਹੈ ਅਤੇ ਇਸ ਲਈ ਮੈਂ ਅਜਿਹੀ ਪ੍ਰਣਾਲੀ ਦਾ ਮੁਮਕਿਨ ਸਹਾਰਾ ਲੈਣ ਲਈ ਕੁਝ ਕਹਿਣ ਤੋਂ ਗੁਰੇਜ਼ ਕਰਦਾ ਹਾਂ । ਕੇਵਲ ਇਕੋ ਰਸਤਾ ਰਹਿ ਗਿਆ ਹੈ ਕਿ ਇਸ ਨੂੰ ਖਤਮ ਕਰ ਦਿੱਤਾ ਜਾਵੇ ਅਤੇ ਸਾਰੇ ਵਿਸ਼ੇ ਮੰਤਰੀਆਂ ਦੇ ਕੰਟਰੋਲ ਹੇਠ ਦੇ ਦਿੱਤੇ ਜਾਣ ।

16. ਹੁਣ ਤੱਕ ਮੈਂ ਆਪਣੇ ਸਾਥੀਆਂ, ਜਿਨ੍ਹਾਂ ਨੇ ਦੋਹਰੀ ਸ਼ਾਸਨ-ਪ੍ਰਣਾਲੀ ਨੂੰ ਜਾਰੀ ਰੱਖਣ ਲਈ ਆਪਣੀ ਮਨਜ਼ੂਰੀ ਦਿੱਤੀ ਹੈ, ਦੀਆਂ ਸਿਫਾਰਸ਼ਾਂ ਦੀ ਵਿਰੋਧਤਾ ਕਰਨ ਵਾਲੇ ਆਮ ਆਧਾਰਾਂ ਦਾ ਜ਼ਿਕਰ ਹੀ ਕੀਤਾ ਹੈ । ਹੁਣ ਮੈਂ ਕਿਸੇ ਖਾਸ ਵਿਸ਼ੇ ਅਰਥਾਤ, ਕਾਨੂੰਨ ਅਤੇ ਵਿਵਸਥਾ ਦੇ ਰਾਖਵੇਂਪਨ ਨੂੰ ਜਾਰੀ ਰੱਖਣ ਤੇ ਉਠਾਏ ਗਏ ਇਤਰਾਜ਼ ਦੇ ਆਧਾਰਾਂ ਨੂੰ ਦੱਸਣ ਵਾਲੇ ਪਾਸੇ ਆਉਂਦਾ ਹਾਂ । ਕਾਨੂੰਨ ਅਤੇ ਵਿਵਸਥਾ ਦੇ ਵਿਸ਼ੇ ਨੂੰ ਮੰਤਰੀਆਂ ਦੇ ਹੱਥ ਦੇਣ ਵਿਰੁੱਧ ਜਿਹੜੇ ਮੁੱਖ ਕਾਰਨ ਤੇ ਮੈਂ ਜ਼ੋਰ ਦਿੰਦਾ ਹਾਂ ਉਹ ਇਹ ਹੈ ਕਿ ਵੋਟਰਾਂ ਦੀਆਂ ਇੱਛਾਵਾਂ ਦਾ ਵਿਸ਼ਾ ਹੋਣ ਦੇ ਨਾਤੇ ਅਤੇ ਕੌਂਸਲ ਦੁਆਰਾ ਉਨ੍ਹਾਂ ਵਿਰੁਧ ਵੋਟ ਪਾ ਕੇ ਉਨ੍ਹਾਂ ਨੂੰ ਹਟਾ ਦੇਣ ਦੇ ਨਾਤੇ, ਮੰਤਰੀ ਇਸ ਵਿਭਾਗ ਨੂੰ ਨਿਰਪੱਖ ਰਹਿ ਕੇ ਚਲਾਉਣ ਦੇ ਕਾਬਲ

ਨਹੀਂ ਰਹੇਗਾ । ਇਹ ਡਰ ਹੈ ਕਿ ਅਜਿਹੀ ਸਥਿਤੀ ਦਾ ਅਟੱਲ ਸਿੱਟਾ ਇਹ ਹੋਵੇਗਾ ਕਿ ਉਸ ਵਿਭਾਗ ਦੇ ਪ੍ਰਸ਼ਾਸਨ ਹੇਠ ਕੰਮ ਕਰਨ ਵਾਲੀਆਂ ਸੇਵਾਵਾਂ ਨਕਲੀ ਬਣ ਜਾਣਗੀਆਂ । ਕੋਈ ਪਤਾ ਨਹੀਂ ਕਦੋਂ ਉਨ੍ਹਾਂ ਨੂੰ ਸਹਿਯੋਗ ਦਿੱਤਾ ਜਾਵੇਗਾ ਅਤੇ ਕਦੋਂ ਉਨ੍ਹਾਂ ਦੀ ਮੁਖਾਲਫ਼ਤ ਕੀਤੀ ਜਾਵੇਗੀ, ਇਹ ਅਨਿਸ਼ਚਿੱਤਤਾ ਉਨ੍ਹਾਂ ਦੀ ਉਸ ਕਾਰਵਾਈ ਨੂੰ ਗਤੀਹੀਣ ਕਰ ਦੇਵੇਗੀ ਜਿਹੜੀ ਉਨ੍ਹਾਂ ਨੂੰ ਸ਼ਾਂਤੀ ਨੂੰ ਪੁੱਜਣ ਵਾਲੇ ਘੋਰ ਨੁਕਸਾਨ ਅਤੇ ਇਕ ਚੰਗੀ ਸਰਕਾਰ ਚਲਾਉਣ ਲਈ ਕਰਨੀ ਸੀ । ਮੈਂ ਹੋਰ ਇਸ ਗੱਲ ਤੇ ਜ਼ੋਰ ਦਿੰਦਾ ਹਾਂ ਕਿ ਹਿੰਦੂ-ਮੁਸਲਮਾਨਾਂ ਦੇ ਦੰਗਿਆਂ ਦੇ ਸਿਲਸਲੇ ਦੇ ਮੱਦੇ ਨਜ਼ਰ, ਜਿਹੜੇ ਬਾਅਦ ਵਿਚ ਬਹੁਤ ਜ਼ਿਆਦਾ ਆਮ ਹੋ ਗਏ, ਸਾਨੂੰ ਕਾਨੂੰਨ ਅਤੇ ਵਿਵਸਥਾ ਦੇ ਵਿਸ਼ੇ ਨੂੰ ਮੰਤਰੀ ਦੇ ਕੰਟਰੋਲ ਹੇਠ ਨਹੀਂ ਰੱਖਣਾ ਚਾਹੀਦਾ ਜੋ ਲੋਕ ਰਾਏ ਪ੍ਰਤੀ ਜਵਾਬਦੇਹ ਹੈ ਅਤੇ ਜਿਸ ਦੇ ਹਿੰਦੂ ਜਾਂ ਮੁਸਲਮਾਨਾਂ ਦੇ ਫਿਰਕੂ ਪਖਪਾਤ ਲਈ ਝੁਕ ਜਾਣ ਦੀ ਸੰਭਾਵਨਾ ਹੈ ।

17. ਮੈਂ ਖੁੱਲ੍ਹ-ਦਿਲੀ ਨਾਲ ਕਹਿੰਦਾ ਹਾਂ ਕਿ ਇਸ ਦਲੀਲ ਦਾ ਮੇਰੇ ਤੇ ਕੋਈ ਪ੍ਰਭਾਵ ਨਹੀਂ ਪਿਆ । ਬੇਸ਼ਕ ਮੇਰੇ ਸਾਥੀ ਇਸ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋਏ ਦਿਖਾਈ ਦਿੰਦੇ ਹਨ । ਇਹ ਅਫ਼ਸਰਸ਼ਾਹੀ ਦੀਆਂ ਬਹੁਤ ਸਾਰੀਆਂ ਦਲੀਲਾਂ ਵਿਚੋਂ ਇਕ ਹੈ । ਇਸ ਦੇ ਪ੍ਰਭਾਵ ਨੂੰ ਮੰਨ ਲੈਣ ਦਾ ਮਤਲਬ ਹੈ ਇਹ ਸਵੀਕਾਰ ਕਰ ਲੈਣਾ ਕਿ ਅਫ਼ਸਰਸ਼ਾਹੀ ਸਰਕਾਰ ਸਭ ਤੋਂ ਵਧੀਆ ਸਰਕਾਰ ਹੈ । ਬਦਕਿਸਮਤੀ ਨਾਲ ਅਫ਼ਸਰਸ਼ਾਹੀ ਸਰਕਾਰ ਬਾਰੇ ਭਾਰਤੀ ਬਹੁਤ ਲੰਮੇ ਸਮੇਂ ਤੋਂ ਜਾਣੂ ਹਨ ਜਿਸ ਕਰਕੇ ਕਿਸੇ ਨੂੰ ਕਿਸੇ ਅਜਿਹੀ ਦਲੀਲ ਨਾਲ ਧੋਖਾ ਨਹੀਂ ਦਿੱਤਾ ਜਾ ਸਕਦਾ । ਇਹ ਇੰਨੀ ਬੇਤੁੱਕੀ ਹੈ ਕਿ ਇਸ ਨੂੰ ਸਵੀਕਾਰ ਕਰ ਲੈਣ ਨਾਲ ਸਾਨੂੰ ਇਕ ਜ਼ਿੰਮੇਵਾਰ ਸਰਕਾਰ ਦੀ ਥੁੜ੍ਹ ਮਹਿਸੂਸ ਹੋਵੇਗੀ । ਇਸ ਦਾ ਪਿਛੋਕੜ ਚਾਹੇ ਕੁੱਝ ਵੀ ਹੋਵੇ, ਲੇਕਿਨ ਸਾਨੂੰ ਇਹ ਜ਼ਰੂਰ ਮੰਨਣਾ ਪਵੇਗਾ ਕਿ ਭਾਰਤ ਵਿਚ ਇਕ ਜ਼ਿੰਮੇਵਾਰ ਸਰਕਾਰ ਰਹੀ ਹੈ । ਸਮਾਂ ਆਪਣੇ ਨਾਲ ਕੋਈ ਵੀ ਤਬਦੀਲੀ ਲਿਆ ਸਕਦਾ ਹੈ, ਪਰ ਉਹ ਅਸੂਲਾਂ ਦੇ ਪਸਾਰ ਦੀ ਦਿਸ਼ਾ ਵਿਚ ਹੋਣੀ ਚਾਹੀਦੀ ਹੈ ਜਿਸ ਕਰਕੇ, ਹਰ ਇਕ ਯੋਜਨਾ ਜੋ ਇਸ ਮੂਲ ਸਿਧਾਂਤ ਨੂੰ ਵਿਸ਼ਾਲ ਬਣਾਉਣ ਵਿਚ ਰੁਕਾਵਟ ਪਾਉਂਦੀ ਹੈ, ਸਰਕਾਰ ਅਤੇ ਲੋਕਾਂ ਵਿਚਕਾਰ ਇਕ ਗੰਭੀਰ ਝਗੜਾ ਪੈਦਾ ਕਰੇਗੀ । ਮੈਨੂੰ ਨਹੀਂ ਲਗਦਾ ਕਿ ਕੋਈ ਅਜਿਹੀ ਵਜ੍ਹਾ ਸੀ ਜਿਸ ਕਾਰਨ ਅਫ਼ਸਰਸ਼ਾਹੀ ਦੀ ਦਲੀਲ ਤੇ ਅਮਲ ਕਰਕੇ ਅਜਿਹੇ ਕਿਸੇ ਝਗੜੇ ਨੂੰ ਬਿਨ੍ਹਾਂ ਵਜ੍ਹਾ ਵਧਾਇਆ ਜਾਣਾ ਚਾਹੀਦਾ ਸੀ । ਕਿਉਂਕਿ ਮੇਰੀ ਰਾਏ ਵਿਚ, ਉਸ ਡਰ ਕਿ ਮੰਤਰੀ ਸਦਨ ਅੰਦਰ ਆਪਣੇ ਸਮਰਥਕਾਂ ਦੇ ਸ਼ੋਰ-ਸ਼ਰਾਬੇ ਦੇ ਦਬਾਅ ਹੇਠ ਆ ਜਾਣਗੇ ਜਾਂ ਉਨ੍ਹਾਂ ਦੇ ਸਮਰਥਕ ਉਹਨਾਂ ਦੇ ਵਤੀਰੇ ਤੋਂ ਦੁਖੀ ਹੋ ਜਾਣਗੇ, ਨੂੰ ਕਿਸੇ ਤਜਰਬੇ ਦਾ ਸਮੱਰਥਨ ਪ੍ਰਾਪਤ ਨਹੀਂ ਹੈ ਅਤੇ ਜਿਥੋਂ ਤੱਕ ਇਹ ਡਰ ਹੈ ਕਿ ਇਹ ਉਨ੍ਹਾਂ ਨਾਲ ਬਹੁਤ ਵੱਡਾ ਅਨਿਆਏ ਹੈ । ਸਥਾਨਕ ਬੋਰਡਾਂ ਅਤੇ ਮਿਉਂਸਪਲਟੀਆਂ ਦੀ ਮੁਅੱਤਲੀ, ਜਿਨ੍ਹਾਂ ਨੂੰ 1922 ਵਿਚ ਗੈਰ-ਮਿਲਵਰਕਾਂ ਨੇ ਉਸ ਸਮੇਂ ਆਪਣੇ ਕਬਜ਼ੇ ਵਿਚ ਲੈ ਲਿਆ ਸੀ, ਜਦੋਂ ਗਾਂਧੀਵਾਦ ਦਾ ਪੂਰਾ ਜ਼ੋਰ ਸੀ, ਸਾਨੂੰ ਇਹ ਉਮੀਦ ਹੋ ਗਈ ਸੀ ਕਿ ਮੰਤਰੀਆਂ ਤੇ ਵੋਟਰਾਂ ਦੀਆਂ ਇੱਛਾਵਾਂ

ਅਨੁਸਾਰ ਸੁਤੰਤਰ ਤੌਰ ਤੇ ਕੰਮ ਕਰਨ ਦਾ ਭਰੋਸਾ ਤਾਂ ਹੀ ਕੀਤਾ ਜਾ ਸਕਦਾ ਹੈ, ਜਦੋਂ ਕਦੀ ਉਨ੍ਹਾਂ ਤੋਂ ਅਜਿਹਾ ਕਰਨ ਦੀ ਆਸ ਕੀਤੀ ਜਾਵੇਗੀ । ਮੈਨੂੰ ਪੱਕਾ ਯਕੀਨ ਹੈ ਕਿ ਸਰਕਾਰ ਦੇ ਨੁਮਾਇੰਦੇ ਇਹ ਸਾਬਤ ਕਰਨਗੇ ਕਿ ਬੰਬਈ ਵਿਧਾਨ ਪ੍ਰੀਸ਼ਦ ਨੇ ਆਪਣੇ ਆਪ ਵਿਚ ਹਮੇਸ਼ਾ ਰਹਿਣ ਵਾਲੀ ਜ਼ਿੰਮੇਵਾਰੀ ਦੀ ਚੇਤਨਾ ਅਨੁਸਾਰ ਲੋੜੀਂਦੇ ਅਨੁਸ਼ਾਸਨ ਵਿਚ ਰਹਿ ਕੇ, ਹਮਲਾ ਮਾਰ ਕੇ, ਕੰਮ ਕੀਤਾ ਹੈ । ਪ੍ਰੰਤੂ ਅਗਰ ਕਿਸੇ ਨੂੰ ਇਹ ਮੰਨਣ ਲਈ ਮਜ਼ਬੂਰ ਕੀਤਾ ਜਾਵੇ ਕਿ ਸਦਨ, ਫਿਰਕੂ-ਭਾਵਨਾ ਤੇ ਫਿਰਕੂ ਝਗੜੇ ਦੇ ਮੌਕਿਆਂ ਤੇ ਆਪਣੇ ਆਪ ਨੂੰ ਸ਼ਾਂਤ ਨਹੀਂ ਰੱਖ ਸਕਦਾ, ਤਬਦੀਲੀ ਵਿਰੁੱਧ ਇਹ ਦਲੀਲ ਨਹੀਂ ਮੰਨੀ ਜਾਵੇਗੀ । ਕਿਉਂਕਿ ਇਸ ਦੇ ਉੱਤਰ ਵਿਚ ਇਹ ਸੰਕੇਤ ਕੀਤਾ ਜਾ ਸਕਦਾ ਹੈ ਕਿ ਕੋਈ ਫਿਰਕਾ ਚਾਹੇ ਉਸਦਾ ਦੂਜੇ ਪ੍ਰਤੀ ਕਿਹੋ ਜਿਹਾ ਵੀ ਵਤੀਰਾ ਹੋਵੇ, ਗੜਬੜ ਕਰਨ ਵਿਚ ਕੋਈ ਅਜਿਹੀ ਨਿਹਤ ਰੁਚੀ ਨਹੀਂ ਰੱਖਦਾ ਜੋ ਆਪਣੇ ਪ੍ਰਮਾਣਿਤ ਪ੍ਰਤਿਨਿਧਾਂ ਨੂੰ ਸ਼ਾਂਤੀ ਅਤੇ ਭਲਾਈ ਦੇ ਵਿਰੁੱਧ ਕੰਮ ਕਰਨ ਲਈ ਐਨੇ ਗੈਰ-ਜ਼ਿੰਮੇਵਾਰ ਬਣਨ ਲਈ ਉਕਸਾਵੇ । ਇਸ ਲਈ, ਜਿਹੜਾ ਅੰਦੇਸ਼ਾ ਉਨ੍ਹਾਂ ਲੋਕਾਂ ਦੇ ਮਨਾਂ ਵਿਚ ਬੈਠਾ ਹੋਇਆ ਹੈ, ਜਿਹੜੇ ਕਾਨੂੰਨ ਅਤੇ ਵਿਵਸਥਾ ਦੇ ਰਾਖਵੇਂਕਰਨ ਦਾ ਸਮਰਥਨ ਕਰਦੇ ਹਨ, ਕੇਵਲ ਇਕ ਅਣਡਿੱਠਾ, ਅਣਜਾਣਿਆ ਅਤੇ ਅਣ-ਪਰੋਖਿਆ ਹੋਇਆ ਡਰ ਹੈ । ਮੇਰੇ ਮਿੱਤਰਾਂ ਨੇ ਤਬਦੀਲੀ ਦੀ ਸਿਫਾਰਸ਼ ਨਾ ਕਰਕੇ ਨਿਰਸੰਦੇਹ ਇਕ ਬਹੁਤ ਸਤੱਰਕ ਕਾਰਜ ਪ੍ਰਣਾਲੀ ਨੂੰ ਅਪਣਾਇਆ ਹੈ । ਪ੍ਰੰਤੂ ਮੈਨੂੰ ਯਕੀਨ ਨਹੀਂ ਹੈ ਕਿ ਉਹ ਇਸ ਰਾਹੀਂ ਕੋਈ ਬਹੁਤ ਜ਼ਿਆਦਾ ਸਿਆਣਪ ਵਾਲਾ ਰਸਤਾ ਅਪਣਾ ਰਹੇ ਹਨ । ਕਿਉਂਕਿ ਇਥੇ ਕੋਈ ਅਜਿਹੀ ਚੀਜ਼ ਹੈ ਜਿਹੜੀ ਬਹੁਤ ਜ਼ਿਆਦਾ ਸੁਚੇਤ ਹੈ, ਜੋ ਆਜ਼ਾਦੀ ਨੂੰ ਇਹ ਪਤਾ ਲਗਾਉਣ ਲਈ ਇਕ ਤਜਰਬਾ ਕਰਨ ਤੋਂ ਰੋਕਦੀ ਹੈ ਕਿ ਕਿਸ ਸਿਆਣਪ ਵਾਲੇ ਰਸਤੇ ਦੀ ਮੰਗ ਕੀਤੀ ਜਾਵੇ, ਇਹ ਜਾਨਣ ਲਈ ਕਿ ਇਹ ਡਰ ਵਾਸਤਵਿਕ ਹੈ ਜਾਂ ਨਹੀਂ । ਬਿਲਕੁਲ ਉਸੇ ਅਣਜਾਣੇ ਖਤਰੇ ਤੇ ਜਿਸ ਤੇ ਹੁਣ ਕਾਨੂੰਨ ਅਤੇ ਵਿਵਸਥਾ ਦੀ ਤਬਦੀਲੀ ਵਿਰੁੱਧ ਜ਼ੋਰ ਦਿੱਤਾ ਗਿਆ ਹੈ, 1919 ਵਿਚ ਵੀ ਉਸੇ ਖਤਰੇ ਤੇ ਵਿਸ਼ਿਆਂ, ਜਿਹੜੇ ਹੁਣ ਮੰਤਰੀਆਂ ਨੂੰ ਸੌਂਪੇ ਗਏ ਹਨ, ਦੀ ਤਬਦੀਲੀ ਵਿਰੁੱਧ ਜ਼ੋਰ ਦਿੱਤਾ ਦਿੱਤਾ ਗਿਆ ਸੀ । ਪ੍ਰੰਤੂ ਭਾਰਤ ਬਾਰੇ ਮੰਤਰੀ ਅਤੇ ਭਾਰਤ ਸਰਕਾਰ ਨੇ ਉਸ ਵੱਲ ਕੋਈ ਧਿਆਨ ਨਹੀਂ ਦਿੱਤਾ, ਉਹ ਦੋਨੋਂ ਹਨੇਰੇ ਵਿਚ ਤੀਰ ਮਾਰਨ ਲਈ ਸਹਿਮਤ ਸਨ । ਮੈਂ ਕਾਨੂੰਨ ਅਤੇ ਵਿਵਸਥਾ ਸਬੰਧੀ ਉਹੀ ਕਾਰਜ ਪ੍ਰਣਾਲੀ ਅਪਣਾਉਣ ਨੂੰ ਤਰਜੀਹ ਦਿੰਦਾ ਹਾਂ ।

18. ਪ੍ਰੰਤੂ ਇਕ ਹੋਰ ਕਾਰਨ ਹੈ, ਅਗਰ ਅਸੀਂ ਇਹ ਤਜਰਬਾ ਕਰਨਾ ਹੈ ਤਾਂ ਸਿਆਣਪ ਇਹੀ ਹੋਵੇਗੀ ਕਿ ਇਸ ਵਿਚ ਹੋਰ ਦੇਰ ਨਾ ਕੀਤੀ ਜਾਵੇ । ਇਹ ਸਪੱਸ਼ਟ ਹੈ ਕਿ ਕਿਸੇ ਵਿਸ਼ੇ ਨੂੰ ਤਬਦੀਲ ਕਰਨ ਨਾਲ ਸੇਵਾਵਾਂ ਵਿਚ ਕੰਮ ਕਰਦੇ ਭਾਰਤੀਆਂ ਦੀ ਗਿਣਤੀ ਵਿਚ ਵਾਧਾ ਹੋਵੇਗਾ । ਇਹ ਸੰਭਵ ਹੈ ਕਿ ਭਾਰਤੀ, ਯੂਰਪੀਅਨ ਅਮਲੇ ਦੇ ਲੋਕਾਂ ਨਾਲੋਂ ਹਰ ਹਾਲਤ ਵਿਚ ਘੱਟ ਕੁਸ਼ਲ ਅਤੇ ਘੱਟ ਤਜਰਬੇਕਾਰ ਹੋਣਗੇ । ਕਾਨੂੰਨ ਅਤੇ ਵਿਵਸਥਾ ਦੇ ਵਿਸ਼ੇ ਦੀ ਤਬਦੀਲੀ ਨੂੰ ਮੁਅੱਤਲ ਕਰਨ ਨਾਲ ਪਰਿਵਰਤਨ ਦੇ ਹਰੇਕ ਪੜਾਅ ਤੇ ਖਤਰੇ ਵਾਲੀਆਂ

ਘਟਨਾਵਾਂ ਵਿਚ ਵਾਧਾ ਹੋਵੇਗਾ। ਇਸ ਦੇ ਫਲਸਰੂਪ, ਤੁਰਤ ਕਾਰਵਾਈ ਕਰਕੇ ਉਸ ਸਥਿਤੀ ਨੂੰ ਅਗੇ ਲਿਆਉਣਾ ਹੀ ਜ਼ਿਆਦਾ ਸੁਰਖਿਅਤ ਹੈ। ਤਜਰਬੇਕਾਰ, ਹੰਢੇ ਹੋਏ ਸਰਕਾਰੀ ਕਰਮਚਾਰੀ, ਜਿਨ੍ਹਾਂ ਤੇ ਜਿੰਨੀ ਸੰਭਵ ਹੋ ਸਕੇ, ਇਕ ਮਾਮੂਲੀ ਪਰਿਵਰਤਨ ਨਾਲ ਨਵੇਂ ਸੰਵਿਧਾਨ ਮੁਤਾਬਕ ਕੰਮ ਕਰਨ ਵਿਚ ਵਫਾਦਾਰੀ ਨਾਲ ਮਦਦ ਲਈ ਨਿਰਭਰ ਕੀਤਾ ਜਾ ਸਕਦਾ ਹੈ, ਉਹ ਅਜੇ ਵੀ ਸਾਡੇ ਨਾਲ ਹਨ। ਮੇਰੀ ਖੁਸ਼ਕਿਸਮਤੀ ਹੈ ਕਿ ਇਹ ਸੁਝਾਅ ਇਕ ਬਹੁਤ ਵੱਡੀ ਅਥਾਰਿਟੀ ਵੱਲੋਂ ਆਇਆ ਹੈ, ਦਰਅਸਲ ਇਹ ਸੁਝਾਅ ਇਕ ਉਸ ਤਜਰਬੇਕਾਰ ਸਰਕਾਰੀ ਅਧਿਕਾਰੀ ਵੱਲੋਂ ਆਇਆ ਹੈ ਜਿਸ ਨੇ ਮਿਸਟਰ ਬਾਰਕਰ ਨੂੰ ਇਕ ਨੋਟ ਵਿਚ ਆਪਣੇ ਵਿਚਾਰ ਭੇਜੇ ਸਨ। ਉਸ ਨੇ ਉਨ੍ਹਾਂ ਵਿਚਾਰਾਂ ਨੂੰ ਆਪਣੀ ਪੁਸਤਕ "ਭਾਰਤ ਸਰਕਾਰ ਅਤੇ ਆਈ.ਸੀ.ਐਸ. ਦਾ ਭਵਿੱਖ" ਵਿਚ ਦਰਜ਼ ਕੀਤਾ।।

ਸ਼੍ਰੀ ਬਾਰਕਰ ਨੇ ਕਿਹਾ ਹੈ ਕਿ "ਇਕ ਤਜਰਬੇਕਾਰ ਸਿਵਲ ਅਧਿਕਾਰੀ ਦੁਆਰਾ ਲਿਖੇ ਗਏ ਨੋਟ ਵਿਚੋਂ ਮੈਂ ਅਜਿਹੀ ਆਲੋਚਨਾ ਦੀਆਂ ਕੁਝ ਸਤਰਾਂ ਪੇਸ਼ ਕਰਦਾ ਹਾਂ-ਨੋਟ ਦੇ ਲੇਖਕ ਦਾ ਸਭ ਤੋਂ ਪਹਿਲਾ ਤਰਕ ਹੈ ਕਿ ਕਾਨੂੰਨ ਅਤੇ ਵਿਵਸਥਾ ਨੂੰ ਬਣਾਈ ਰੱਖਣ ਅਤੇ ਮਾਲਗੁਜ਼ਾਰੀ ਅਤੇ ਕਾਸ਼ਤਕਾਰੀ ਦੇ ਅਧਿਕਾਰਾਂ ਨਾਲ ਸਬੰਧਤ ਮਾਮਲੇ ਹਥਬਦਲ ਕੀਤੇ ਜਾਣੇ ਚਾਹੀਦੇ ਹਨ।" ਇਨ੍ਹਾਂ ਵਿਭਾਗਾਂ ਨੂੰ ਉਸ ਨੇ ਜ਼ੋਰ ਦਿੱਤਾ, "ਭਾਰਤ ਵਿਚਲੀਆਂ ਸਾਰੀਆਂ ਸੇਵਾਵਾਂ ਵਿਚੋਂ ਸਰਕਾਰ ਦੀ ਸਭ ਤੋਂ ਮਜ਼ਬੂਤ ਅਤੇ ਬਹੁਤ ਜ਼ਿਆਦਾ ਕਾਬਲ ਬ੍ਰਾਂਚ-ਭਾਰਤੀ ਸਿਵਲ ਸੇਵਾ (ਇੰਡੀਅਨ ਸਿਵਲ ਸਰਵਿਸ) ਨੂੰ ਸੌਂਪ ਦਿੱਤਾ ਜਾਵੇ। ਉਨ੍ਹਾਂ ਦੇ ਸ਼ਾਸਨ-ਪ੍ਰਬੰਧ ਤੇ ਸਿਧਾਂਤ ਬਹੁਤ ਚਿਰ ਪਹਿਲਾਂ ਨਿਸ਼ਚਿਤ ਕੀਤੇ ਗਏ ਸਨ ਅਤੇ ਉਹ ਅੱਛੀ ਤਰਾਂ ਸਮਝੇ ਸੋਚੇ ਜਾ ਚੁੱਕੇ ਹਨ। ਇਸ ਸਰਵਿਸ ਦਾ ਆਪਣੇ ਪਿਛੇ ਬਹੁਤ ਤਕੜਾ ਵਿਰਸਾ ਹੈ ਜਿਹੜਾ ਇਸ ਚੀਜ਼ ਨੂੰ ਯਕੀਨੀ ਬਣਾਵੇਗਾ ਕਿ ਸ਼ਾਸਨ-ਪ੍ਰਬੰਧ ਉਸ ਕੋਲੋਂ ਸਭ ਤੋਂ ਵਧੀਆ ਸਹਾਇਤਾ ਤੇ ਬਹੁਤ ਹੀ ਸਪੱਸ਼ਟ ਸਲਾਹ ਹਾਸਲ ਕਰੇਗਾ। ਇਹ ਮੰਨਿਆ ਗਿਆ ਹੈ ਕਿ ਭਾਰਤ ਦੇ ਲੋਕਾਂ ਤੇ ਆਸਾਨੀ ਨਾਲ ਸ਼ਾਸਨ ਕੀਤਾ ਜਾ ਸਕਦਾ ਹੈ। ਭਾਵੇਂ ਕਦੇ ਕਦੇ ਉਨ੍ਹਾਂ ਕੋਲੋਂ ਕਿਸੇ ਅਜਿਹੇ ਮੁੱਦਿਆਂ ਤੇ ਭੜਕ ਉਠਣ ਦੀ ਉਮੀਦ ਕੀਤੀ ਜਾ ਸਕਦੀ ਜਿਹੜੇ ਉਨ੍ਹਾਂ ਦੀ ਜਾਤ ਅਤੇ ਧਰਮ ਨੂੰ ਪ੍ਰਭਾਵਿਤ ਕਰਨ। ਇਸ ਕਰਕੇ ਕਾਨੂੰਨ ਤੇ ਵਿਵਸਥਾ ਦਾ ਕੰਮ ਕੋਈ ਜ਼ਿਆਦਾ ਮੁਸ਼ਕਲ ਕੰਮ ਨਹੀਂ ਹੈ। ਇਹ ਦਲੀਲ ਕਿ ਮਾਲੀਏ ਅਤੇ ਪੱਟੇਦਾਰੀ ਦੇ ਵਿਸ਼ੇ, ਉਨ੍ਹਾਂ ਸ੍ਰੇਣੀਆਂ ਜੋ ਵਿਧਾਨ-ਮੰਡਲ ਦੀ ਪ੍ਰਤਿਨਿਧਤਾ ਕਰਦੇ ਹਨ, ਨਾਲੋਂ ਬਹੁ-ਗਿਣਤੀ ਦੇ ਹਿੱਤ ਨੂੰ ਪ੍ਰਭਾਵਿਤ ਕਰਦੇ ਹਨ, (ਅਤੇ ਇਸ ਕਰਕੇ ਉਪਰੋਕਤ ਵਰਣਿਤ ਸਿਧਾਂਤਾਂ ਦੇ ਪੰਜਵੇਂ ਦੇ ਸੰਬੰਧ ਵਿਚ ਤਬਦੀਲੀ ਨਹੀਂ ਕੀਤੀ ਜਾਣੀ ਚਾਹੀਦੀ)। ਮਤ-ਅਧਿਕਾਰ ਅਤੇ ਚੋਣਕਾਰ ਸਕੀਮ ਜਿਹੜੀ ਪ੍ਰਾਂਤਾਂ ਲਈ ਪੇਸ਼ ਕੀਤੀ ਗਈ ਹੈ, ਦੇ ਬਿਲਕੁਲ ਅਸੰਗਤ ਹੈ। ਵਿਭਾਗੀ ਪਣਾਲੀ ਨਾਲ ਸਹਿਮਤ ਸਮਰਥਕ, ਜੋ ਕਾਨੂੰਨ ਅਤੇ ਵਿਵਸਥਾ ਅਤੇ ਮਾਲੀਆ ਪ੍ਰਬੰਧ ਨਾਲ ਸਬੰਧਤ ਵਿਭਾਗਾਂ ਨੂੰ ਕਿਸੇ ਵੀ ਕੀਮਤ ਤੇ ਤਬਦੀਲ ਕਰਨ ਤੋਂ ਡਰਦਾ ਹੈ, ਨੇ ਮੰਨਿਆ ਹੈ ਕਿ ਉਸ ਨੂੰ ਆਪਣੀ ਸਕੀਮ ਦਾ ਹੀ ਡਰ ਹੈ। ਭਾਵੇਂ ਮੈਂ

ਦੋਹਰੀ ਸ਼ਾਸਨ ਪ੍ਰਣਾਲੀ ਦੀ ਵਕਾਲਤ ਨਹੀਂ ਕਰਦਾ, ਲੇਕਿਨ ਮੈਨੂੰ ਇਸ ਦਾ ਤਜਰਬਾ ਕਰਨ ਤੋਂ ਡਰਨਾ ਨਹੀਂ ਚਾਹੀਦਾ । ਕਿਉਂਕਿ ਮੈਨੂੰ ਮੰਤਰੀਆਂ ਕੋਲੋਂ ਉਹ ਆਮ ਸੂਝ-ਬੂਝ, ਸਦਭਾਵਨਾ ਅਤੇ ਸਹਿਣਸ਼ੀਲਤਾ ਦੀ ਆਸ ਰੱਖਣੀ ਚਾਹੀਦੀ ਹੈ ਜਿਹੜੀਆਂ ਕਿਸੇ ਸਕੀਮ, ਚਾਹੇ ਉਹ ਦੋਹਰੀ ਸ਼ਾਸਨ ਪ੍ਰਣਾਲੀ ਜਾਂ ਕੋਈ ਹੋਰ ਹੋਵੇ, ਦੀ ਸਫ਼ਲਤਾ ਲਈ ਲਾਜ਼ਮੀ ਹਨ।"

19. ਮੈਂ ਕਾਨੂੰਨ ਅਤੇ ਵਿਵਸਥਾ ਦੀ ਤਬਦੀਲੀ ਦੇ ਸਬੰਧ ਵਿਚ ਘੱਟ-ਗਿਣਤੀਆਂ ਦੀ ਚਿੰਤਾ ਨੂੰ ਬਿਲਕੁਲ ਮਹਿਸੂਸ ਕਰਦਾ ਹਾਂ। ਪ੍ਰੰਤੂ ਇਹ ਥੋੜ੍ਹਾ ਸਮਝਣਾ ਮੁਸ਼ਕਲ ਹੈ ਕਿ ਉਹ ਇਸ ਨੂੰ ਰਾਖਵੇ ਕਰਨ ਰਾਹੀਂ ਪ੍ਰਾਪਤ ਕਰਨ ਦੀ ਕਿਵੇਂ ਉਮੀਦ ਕਰਦੇ ਹਨ ।ਜੇ ਸਰਕਾਰੀ ਅਧਿਕਾਰੀ ਭਾਰਤੀ ਹੋਵੇ, ਤਾਂ ਨਿੱਜੀ ਪੱਖਪਾਤ ਦੇ ਦ੍ਰਿਸ਼ਟੀਕੋਣ ਤੋਂ ਕਾਨੂੰਨ ਅਤੇ ਵਿਵਸਥਾ ਦੇ ਇੰਚਾਰਜ ਸਰਕਾਰੀ ਅਫ਼ਸਰ ਅਤੇ ਮੰਤਰੀ ਵਿਚਕਾਰ ਕੋਈ ਫਰਕ ਨਹੀਂ ਹੈ । ਅਗਰ ਉਹ ਇਕ ਯੂਰਪੀਅਨ ਹੋਵੇਗਾ, ਤਾਂ ਉਸ ਲਈ, ਜੋ ਕਝ ਵੀ ਜ਼ਿਆਦਾ ਕਿਹਾ ਜਾ ਸਕਦਾ ਹੈ, ਉਹ ਇਹ ਹੈ ਕਿ ਉਹ ਇਕ ਨਿਰਪੱਖ ਵਿਅੱਕਤੀ ਹੋਵੇਗਾ । ਲੇਕਿਨ ਇਹ ਲਾਭ ਮੁਸ਼ਕਲ ਨਾਲ ਪ੍ਰਾਪਤ ਹੁੰਦਾ ਹੋਵੇਗਾ ਕਿਉਂਕਿ ਇਸ ਚੀਜ਼ ਦੀ ਕੋਈ ਗਾਰੰਟੀ ਨਹੀਂ ਹੈ ਕਿ ਨਿਰਪੱਖ ਵਿਅੱਕਤੀ ਇਨਸਾਫ਼ ਪਸੰਦ ਵਿਅੱਕਤੀ ਵੀ ਹੋਵੇਗਾ । ਇਸ ਦੇ ਉਲਟ ਨਿਰਪੱਖ ਵਿਅੱਕਤੀ ਦੇ ਆਪਣੇ ਹਿੱਤ ਅਤੇ ਪੱਖਪਾਤ ਵੀ ਹੁੰਦੇ ਹਨ ਅਤੇ ਅਗਰ ਉਸ ਦੀ ਕੋਈ ਅਜਿਹੀ ਰੁਚੀ ਹੈ ਹੀ ਨਹੀਂ ਤਾਂ ਉਸ ਦੇ ਭੋਲਾ ਭਾਲਾ ਬਣ ਜਾਣ ਦੀ ਸੰਭਾਵਨਾ ਹੋ ਜਾਂਦੀ ਹੈ । ਇਸ ਕਰਕੇ ਯੂਰਪ ਦਾ ਅਧਿਕਾਰੀ ਘੱਟ-ਗਿਣਤੀਆਂ ਲਈ ਇਕ ਸੰਦੇਹਪੂਰਣ ਲਾਭ ਬਣ ਜਾਂਦਾ ਹੈ ਜਿਹੜੀਆਂ ਕਾਨੂੰਨ ਅਤੇ ਵਿਵਸਥਾ ਦੇ ਰਾਖਵੇਂਪਣ ਲਈ ਚਿੰਤਾਤੁਰ ਹਨ । ਮੇਰੀ ਸਮਝ ਵਿਚ ਤਾਂ ਇਹ ਘੱਟ ਗਿਣਤੀਆਂ ਦੇ ਕੁੱਝ ਪ੍ਰਤਿਨਿਧੀਆਂ ਦੀ ਉਸ ਮਹਾਨ ਲਾਭ ਨੂੰ ਮਹਿਸੂਸ ਕਰਨ ਦੀ ਨਾਮਕਾਮਯਾਬੀ ਹੈ ਜਿਹੜਾ ਮੰਤਰੀ ਪ੍ਰਣਾਲੀ ਉਨ੍ਹਾਂ ਨੂੰ ਅਫ਼ਸਰਸ਼ਾਹੀ ਪ੍ਰਣਾਲੀ ਦੇ ਵਿਰੁੱਧ ਦਿੰਦੀ ਹੈ। ਸਭ ਤੋਂ ਵਧੀਆ ਗਾਰੰਟੀ ਜਿਹੜੀ ਘੱਟ-ਗਿਣਤੀਆਂ ਆਪਣੀ ਸੁਰੱਖਿਆ ਲਈ ਪ੍ਰਾਪਤ ਕਰ ਸਕਦੀਆਂ ਹਨ ਉਹ ਹੈ ਕਾਰਜਕਾਰਣੀ ਦੇ ਕੰਮ ਨੂੰ ਅਨੁਸ਼ਾਸਤ ਕਰਨ ਦੀ ਸ਼ਕਤੀ। ਅਫ਼ਸਰਸ਼ਾਹੀ ਪ੍ਰਣਾਲੀ ਇਸ ਅਨੁਸ਼ਾਸਨ ਤੋਂ ਪ੍ਰਭਾਵਤ ਹੋਣ ਵਾਲੀ ਨਹੀਂ ਹੈ ।ਅਗਰ ਇਹ ਘੱਟ-ਗਿਣਤੀਆਂ ਦੀ ਸੁਰੱਖਿਆ ਕਰਦੀ ਹੈ, ਉਹ ਇਸ ਕਰਕੇ ਕਰਦੀ ਹੈ ਕਿਉਂਕਿ ਉਹ ਅਜਿਹਾ ਕਰਨਾ ਚਾਹੁੰਦੀ ਹੈ । ਪ੍ਰੰਤੂ ਅਗਰ ਕਿਸੇ ਮੌਕੇ ਉਹ ਅਜਿਹੀ ਕਾਰਵਾਈ ਨਾ ਕਰਨਾ ਚਾਹੇ ਤਾਂ ਘੱਟ ਗਿਣਤੀਆਂ ਕੋਲ ਕੋਈ ਉਪਾਅ ਨਹੀਂ ਹੈ । ਦੂਜੇ ਪਾਸੇ, ਕਿਸੇ ਮੰਤਰੀ ਨੂੰ ਦਬਾ ਪਾ ਕੇ ਕਿਹਾ ਜਾ ਸਕਦਾ ਹੈ। ਪ੍ਰੰਤੂ ਅਫ਼ਸਰ ਨੂੰ ਤਾਂ ਸਲਾਹ ਵੀ ਨਹੀਂ ਦਿੱਤੀ ਜਾ ਸਕਦੀ । ਮੈਨੂੰ ਅਫ਼ਸਰਸ਼ਾਹੀ ਸ਼ਾਸਨ ਅਤੇ ਮੰਤਰੀ ਪ੍ਰਣਾਲੀ ਵਿਚ ਬਹੁਤ ਜ਼ਿਆਦਾ ਫਰਕ ਮਹਿਸੂਸ ਹੁੰਦਾ ਹੈ । ਜ਼ਾਤੀ ਤੌਰ' ਤੇ ਮੈਂ ਨਹੀਂ ਸਮਝਦਾ ਕਿ ਘੱਟ -ਗਿਣਤੀਆਂ ਕਾਨੂੰਨ ਅਤੇ ਵਿਵਸਥਾ ਨੂੰ ਤਬਦੀਲ ਕਰਨ ਨਾਲ ਕਿਵੇਂ ਘਾਟਾ ਖਾਣਗੀਆਂ ਅਤੇ ਮੈਂ ਇਹ ਤਾਂ ਵੀ ਕਹਿੰਦਾ ਹਾਂ ਭਾਵੇਂ ਮੈਂ ਉਸ ਘੱਟ-ਗਿਣਤੀ ਦੇ ਲੋਕਾਂ ਨਾਲ ਸਬੰਧ ਰੱਖਦਾ ਹਾਂ ਜਿਸ ਦੇ ਲੋਕਾਂ ਨਾਲ ਮਨੁੱਖਤਾ ਨਾਲੋਂ ਭੈੜਾ ਸਲੂਕ ਕੀਤਾ ਜਾਂਦਾ ਹੈ । ਮੇਰਾ

ਵਿਚਾਰ ਹੈ ਕਿ ਉਸ ਵਿਧਾਨ-ਮੰਡਲ ਵਿਚ, ਜਿਸ ਵਿਚ ਘੱਟ-ਗਿਣਤੀਆਂ ਦੁਆਰਾ ਉਚਿਤ ਪ੍ਰਤਿਨਿਧਤਾ ਕੀਤੀ ਜਾਂਦੀ ਹੈ, ਇਹ ਉਨ੍ਹਾਂ ਦੇ ਫਾਇਦੇ ਵਿਚ ਹੋਵੇਗਾ ਅਗਰ ਉਥੇ ਕਾਨੂੰਨ ਅਤੇ ਵਿਵਸਥਾ ਨੂੰ ਤਬਦੀਲ ਕਰ ਦਿੱਤਾ ਜਾਵੇ । ਕਿਉਂਕਿ ਅਜਿਹੀ ਤਬਦੀਲੀ ਉਨ੍ਹਾਂ ਨੂੰ ਉਸ ਵਿਸ਼ੇ ਦੇ ਰਾਜ-ਪ੍ਰਬੰਧ ਤੇ ਕੰਟਰੋਲ ਕਰਨ ਦੀ ਸ਼ਕਤੀ ਦਿੰਦੀ ਹੈ, ਜਿਹੜੀ ਉਨ੍ਹਾਂ ਨੂੰ ਰਾਖਵੇਕਰਨ ਅਧੀਨ ਨਹੀਂ ਮਿਲਦੀ। ਮੈਂ ਸਮਝਦਾ ਹਾਂ ਘੱਟ-ਗਿਣਤੀਆਂ ਨੂੰ ਗੰਭੀਰਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ ਕਿ ਕੀ ਇਸ ਗੱਲ ਵਿਚ ਕਾਫ਼ੀ ਸਚਾਈ ਨਹੀਂ ਹੈ ਕਿ ਈਮਾਨਦਾਰ ਦੀ ਲਾਪਰਵਾਹੀ ਨਾਲੋਂ ਮਾਸਟਰ ਦੀਆਂ ਨਜ਼ਰਾਂ ਵਿਚ ਸ਼ੈਤਾਨ ਚੰਗਾ ਹੈ ਅਗਰ ਉਹ ਇਸ ਤੇ ਵਿਚਾਰ ਕਰ ਲੈਣਗੇ, ਮੈਂ ਸਮਝਦਾ ਹਾਂ ਕਿ ਉਹ ਮਹਿਸੂਸ ਕਰਨਗੇ ਕਿ ਉਹ ਮਾਤਹਿਤ ਅਫ਼ਸਰਾਂ, ਜਿਨ੍ਹਾਂ ਤੇ ਉਹ ਪ੍ਰਭਾਵ ਪਾ ਸਕਦੇ ਹਨ, ਨੂੰ ਤਕੜੇ ਦਾਅਵੇ ਨਾਲ ਤਰਜ਼ੀਹ ਦੇ ਕੇ ਅਜਿਹੀ ਜ਼ਿੰਮੇਵਾਰੀ ਤੋਂ ਬਿਲਕੁਲ ਮੁਕਤ ਮਨੁੱਖਜਾਤੀ ਦੀ ਇਕ ਉੱਚੀ ਮਿਸਾਲ ਕਾਇਮ ਕਰ ਸਕਦੇ ਹਨ।

20. ਇਕ ਹੋਰ ਅਤੇ ਬਹੁਤ ਜ਼ਿਆਦਾ ਮਹੱਤਵਪੂਰਣ ਕਾਰਨ ਹੈ ਜਿਸ ਕਰਕੇ ਘੱਟ-ਗਿਣਤੀਆਂ ਰਾਖਵੇਂਕਰਨ ਨੂੰ ਤਬਦੀਲ ਕਰਨ ਲਈ ਤਰਜ਼ੀਹ ਦਿੰਦੀਆਂ ਹਨ । ਉਹ ਇਹ ਹੈ ਕਿ ਵਿਧਾਨ-ਮੰਡਲ ਵਿਚ ਉਨ੍ਹਾਂ ਦੀ ਪ੍ਰਤਿਨਿਧਤਾ ਇੰਨੀ ਘੱਟ ਹੁੰਦੀ ਹੈ ਜਿਹੜੀ ਉਨ੍ਹਾਂ ਨੂੰ ਅਰਥਹੀਣ ਬਣਾ ਦਿੰਦੀ ਹੈ । ਘੱਟ ਗਿਣਤੀਆਂ ਦੇ ਦ੍ਰਿਸ਼ਟੀਕੋਣ ਤੋਂ ਇਸ ਦਾ ਬਦਲ ਸਪੱਸ਼ਟ ਤੌਰ ਤੇ ਰਾਖਵੇਂਕਰਨ ਦੇ ਵਿਚਕਾਰ ਹੈ ਅਤੇ ਇਕ ਪਾਸੇ ਕੋਈ ਪ੍ਰਤਿਨਿਧਤਾ ਅਤੇ ਤਬਦੀਲੀ ਨਹੀਂ ਅਤੇ ਦੂਜੇ ਪਾਸੇ ਉੱਚਿਤ ਪ੍ਰਤਿਨਿਧਤਾ । ਲੇਕਿਨ ਦੂਸਰੇ ਬਦਲ ਨੂੰ ਪਹਿਲੇ ਨਾਲੋਂ ਜ਼ਿਆਦਾ ਲਾਭਦਾਇਕ ਸਮਝਿਆ ਜਾਵੇਗਾ । ਇਸ ਕਰਕੇ, ਕਾਨੂੰਨ ਅਤੇ ਵਿਵਸਥਾ ਦੀ ਤਬਦੀਲੀ ਦੀ ਵਿਰੋਧਤਾ ਲਈ ਅੜੇ ਰਹਿਣ ਨਾਲੋਂ ਉੱਚਿਤ ਪ੍ਰਤਿਨਿਧਤਾ ਤੇ ਜ਼ੋਰ ਦੇਣਾ ਘੱਟ-ਗਿਣਤੀਆਂ ਦੇ ਜ਼ਿਆਦਾ ਹਿੱਤ ਵਿਚ ਹੋਵੇਗਾ। ਪ੍ਰੰਤੂ ਅਗਰ ਕਾਨੂੰਨ ਅਤੇ ਵਿਸਥਾ ਦੇ ਵਿਭਾਗ ਵਿਚ ਘੱਟ-ਗਿਣਤੀਆਂ ਦੇ ਹਿੱਤਾਂ ਲਈ ਭੈੜੇ ਪ੍ਰਬੰਧ ਦੇ ਡਰ ਨੂੰ ਘੱਟ-ਗਿਣਤੀਆਂ ਨੂੰ ਉੱਚਿਤ ਪ੍ਰਤਿਨਿਧਤਾ ਦੇ ਕੇ ਦੂਰ ਨਹੀਂ ਕੀਤਾ ਜਾ ਸਕਦਾ ਤਾਂ ਮੈਂ ਇਸ ਨੂੰ ਲਾਗੂ ਕਰਨ ਲਈ ਆਪਣੀ ਸਿਫਾਰਸ਼ ਵਿਚ ਇਕ ਸ਼ਰਤੀ-ਧਾਰਾ ਸ਼ਾਮਲ ਕਰਨ ਲਈ ਤਿਆਰ ਹਾਂ। ਅਗਰ ਵਿਧਾਨ ਪ੍ਰੀਸ਼ਦ ਵਿਚ ਘੱਟ-ਗਿਣਤੀਆਂ ਦੀਆਂ 40% ਗਿਣਤੀ ਵੋਟਾਂ ਰਾਹੀਂ ਇਹ ਨਿਰਣਾ ਕਰ ਲਿਆ ਜਾਵੇ ਕਿ ਕਾਨੂੰਨ ਅਤੇ ਵਿਵਸਥਾ ਦਾ ਵਿਸ਼ਾ ਰਾਖਵਾਂ ਵਿਸ਼ਾ ਹੋਵੇ, ਤਾਂ ਇਸ ਨੂੰ ਤਬਦੀਲ ਕਰ ਦੇਣ ਵਾਲੇ ਵਿਸ਼ਿਆਂ ਦੀ ਸੂਚੀ ਵਿਚੋਂ ਕੱਢ ਦਿੱਤਾ ਜਾਵੇਗਾ । ਮੈਂ ਇਹ ਤਜਵੀਜ਼ ਬਹੁ-ਮੱਤ ਵਾਲਿਆਂ ਦੀ ਤਜਵੀਜ਼ ਨਾਲੋਂ ਤਰਜ਼ੀਹ ਵਿਚ ਪੇਸ਼ ਕਰਦਾ ਹਾਂ ਕਿਉਂਕਿ ਮੈਂ ਸਮਝਦਾ ਹਾਂ ਕਿ ਇਕ ਦਿਨ ਇਸ ਵਿਸ਼ੇ ਨੂੰ ਤਬਦੀਲ ਕਰਨਾ ਪਵੇਗਾ । ਜੇਕਰ 20 ਅਗਸਤ 1917 ਦੀ ਘੋਸ਼ਣਾ ਵਿਚ ਨਿਸ਼ਚਿਤ ਕੀਤੇ ਗਏ, ਜ਼ਿੰਮੇਵਾਰ ਸਰਕਾਰ ਦੇ ਸਿਧਾਂਤ ਨੂੰ ਲਾਗੂ ਕਰਨਾ ਹੈ ਤਾਂ ਕਦੇ ਨਾ ਕਦੇ ਕਾਨੂੰਨ ਅਤੇ ਵਿਵਸਥਾ ਦੇ ਵਿਸ਼ੇ ਨੂੰ ਹੱਥਬਦਲ ਵਿਸ਼ੇ ਬਣਾਉਣਾ ਹੋਵੇਗਾ।ਪ੍ਰਸਤਾਵ

ਤੁਰੰਤ ਹੱਥਬਦਲ ਕਰਨ ਦੇ ਰਾਹ ਵਿਚ ਰੁਕਾਵਟ ਨਹੀਂ ਹੈ। ਨਾਲ ਹੀ ਜੇ ਅਨੁਭਵ ਤੋਂ ਪਤਾ ਲਗੇ ਕਿ ਇਸ ਬਾਰੇ ਜੋ ਡਰ ਸੀ, ਉਹ ਸਹੀ ਹੈ ਤਾਂ ਇਹ ਹੱਥਬਦਲ ਦੀ ਸੰਭਾਵਨਾ ਨੂੰ ਵੀ ਨਹੀਂ ਰੱਦ ਕਰਦਾ।

ਅਧਿਆਇ 2

ਕਾਰਜਕਾਰਣੀ -ਦੀ ਕਾਰਜ ਪ੍ਰਣਾਲੀ

21. ਮੰਤਰੀਆਂ ਦੀ ਜ਼ਿੰਮੇਵਾਰੀ' ਤੇ ਆਧਾਰਿਤ ਸੰਘਾਤਮਕ ਸਰਕਾਰ ਦੀ ਪ੍ਰਣਾਲੀ ਨੂੰ ਲਾਗੂ ਕਰਨ ਨਾਲ ਚਾਰ ਮਹੱਤਵਪੂਰਣ ਪ੍ਰਸ਼ਨ ਪੈਦਾ ਹੁੰਦੇ ਹਨ। ਇਨ੍ਹਾਂ ਵਿਚੋਂ ਇਕ ਕਾਰਜ-ਕਾਰਣੀ ਦੀ ਸਥਿਰਤਾ ਨਾਲ ਸਬੰਧਿਤ, ਦੂਜਾ ਕਾਰਜ ਕਾਰਣੀ ਵਿਚ ਧਰਮ ਆਧਾਰਿਤ ਪ੍ਰਤਿਨਿਧਤਾ ਨਾਲ, ਤੀਜਾ ਕਾਰਜਕਾਰਣੀ ਦੀ ਜ਼ਿੰਮੇਵਾਰੀ ਲਾਗੂ ਕਰਨ ਅਤੇ ਚੌਥਾ ਕਾਰਜਕਾਰਣੀ ਦੇ ਮੈਂਬਰਾਂ ਵਿਚਕਾਰ ਆਪਸੀ ਸਬੰਧਾਂ ਨਾਲ ਸਬੰਧਤ ਹੈ।

22. ਪਹਿਲੇ ਪ੍ਰਸ਼ਨ ਸਬੰਧੀ ਇਹ ਕਿਹਾ ਗਿਆ ਹੈ ਕਿ ਵਿਧਾਨ ਮੰਡਲ ਦੇ ਮੈਂਬਰਾਂ ਵਿਚ ਫਿਰਕੂ ਪੱਖਪਾਤ ਕਾਰਨ ਇਸ ਦਾ ਗੁੱਟਾਂ ਵਿਚ ਵੰਡਿਆ ਜਾਣਾ ਲਾਜ਼ਮੀ ਹੈ। ਅਸੂਲਾਂ ਦੀ ਵਫ਼ਾਦਾਰੀ ਨਾਲੋਂ ਜ਼ਿਆਦਾ ਫਿਰਕੇ ਨਾਲ ਜੁੜੇ ਹੋਣ ਕਰਕੇ, ਮੰਤਰੀ-ਮੰਡਲ ਖੁਦ ਫਿਰਕੂ ਲਾਭ ਦੀ ਨਿਸਬਤ ਪੈਦਾ ਹੋਈ ਫਿਰਕੂ ਵਫਾਦਾਰੀ ਦੇ ਅਨਿਸ਼ਚਿਤ ਆਧਾਰ' ਤੇ ਨਿਰਭਰ ਕਰਨਗੇ। ਇਸ ਲਈ ਜੇਕਰ ਫਿਰਕੇ ਆਪਣੀ ਇੱਛਾ ਅਨੁਸਾਰ ਅਸੂਲਾਂ ਦੇ ਹਵਾਲੇ ਤੋਂ ਬਗੈਰ ਆਪਣੀ ਵਫਾਦਾਰੀ ਨੂੰ ਬਦਲਣਗੇ, ਤਾਂ ਮੰਤਰੀ ਮੰਡਲ ਬਣਦਿਆਂ ਸਾਰ ਹੀ ਟੁੱਟ ਜਾਣਗੇ। ਇਸ ਬੁਰਾਈ ਤੋਂ ਬਚਣ ਲਈ ਇਹ ਤਜਵੀਜ਼ ਕੀਤਾ ਜਾਂਦਾ ਹੈ ਕਿ ਮੰਤਰੀ-ਮੰਡਲ, ਕੌਂਸਲ ਵਿਚ ਵੱਖ ਵੱਖ ਗੁਟਾਂ ਦੁਆਰਾ ਚੁਣੇ ਗਏ ਵਿਅੱਕਤੀਆਂ ਵਿਚੋਂ ਬਣਾਇਆ ਜਾਵੇ ਅਤੇ ਇਸ ਦੇ ਇਕ ਵਾਰ ਹੋਂਦ ਵਿਚ ਆ ਜਾਣ ਤੋਂ ਬਾਅਦ ਇਸ ਨੂੰ ਕੌਂਸਲ ਦੀ ਪੂਰੀ ਮਿਆਦ ਤੱਕ ਹਟਾਇਆ ਨਹੀਂ ਜਾਣਾ ਚਾਹੀਦਾ। ਮੈਂ ਮੰਨਦਾ ਹਾਂ ਕਿ ਅਸਥਿਰ ਕਾਰਜਕਾਰਣੀ ਦਾ ਡਰ ਸੱਚਾ ਡਰ ਹੋ ਸਕਦਾ ਹੈ। ਪ੍ਰੰਤੂ ਮੈਂ ਨਹੀਂ ਸਮਝਦਾ ਕਿ ਜਿਸ ਕਿਸਮ ਦੇ ਉਪਾਅ ਦਾ ਸੁਝਾਅ ਦਿੱਤਾ ਗਿਆ ਹੈ, ਇਸ ਨਾਲ ਉਹ ਉਪਾਅ ਨਿਕਲ ਆਵੇਗਾ। ਇਸ ਲਈ ਇਹ ਗੁੱਟਬੰਦੀ ਦੀ ਪ੍ਰਵਿਰਤੀ, ਜਿਵੇਂ ਕਿ ਵਿਧਾਨ-ਮੰਡਲ ਵਿਚ ਇਹ ਪ੍ਰਤੱਖ ਨਜ਼ਰ ਆਉਂਦੀ ਹੈ, ਕੇਵਲ ਭਾਰਤ ਵਿਚ ਹੀ ਨਹੀਂ ਹੈ। ਫਰਾਂਸ ਦੀ ਪਾਰਲੀਮੈਂਟ ਦੇ ਮੈਂਬਰਾਂ ਵਿਚ ਵੀ ਬਹੁਤ ਜ਼ਿਆਦਾ ਗੁੱਟਬੰਦੀ ਹੈ ਜਿਸ ਕਾਰਨ ਉਥੇ ਮੰਤਰੀ-ਮੰਡਲ ਬਹੁਤ ਜਲਦੀ ਟੁੱਟ ਜਾਂਦੇ ਹਨ। ਫਿਰ ਵੀ, ਫਰਾਂਸ ਦੇ ਲੋਕਾਂ ਨੇ ਮਹਿਸੂਸ ਕੀਤਾ ਕਿ ਸਥਿਤੀ, ਜਿੰਨੀ ਵੀ ਇਹ ਮਾੜੀ ਹੈ, ਇੰਨੀ ਅਣਸੁਖਾਵੀਂ ਨਹੀਂ ਕਿ ਕੋਈ ਉਪਾਅ ਕਰਨ ਦੀ ਲੋੜ ਹੈ। ਪ੍ਰੰਤੂ ਮੰਨ ਲਓ ਕਿ ਪੂਰਬ-ਅਨੁਮਾਨ ਸੱਚਾ ਨਿਕਲ ਆਵੇ ਅਤੇ ਸਥਿਤੀ ਅਸਹਿਣਯੋਗ ਬਣ ਜਾਵੇ, ਮੈਨੂੰ ਯਕੀਨ ਹੈ ਕਿ ਇਸ ਦਾ ਹੱਲ ਠੀਕ ਨਹੀਂ ਨਿਕਲੇਗਾ। ਇਹ ਉਪਾਅ ਨਿਸ਼ਚਿਤ ਰੂਪ ਵਿਚ ਮੰਤਰੀਆਂ ਦੀ ਜ਼ਿੰਮੇਵਾਰੀ ਨੂੰ ਬਹੁਤ ਜ਼ਿਆਦਾ ਕਮਜ਼ੋਰ ਕਰੇਗਾ। ਫਿਰ ਵੀ, ਮੈਨੂੰ ਜਿਹੜਾ ਡਰ ਹੈ ਉਹ

ਇਹੋ ਹੈ ਕਿ ਇਹ ਸਕੀਮ ਗਰੁੱਪਾਂ ਨੂੰ ਇਕੱਠਾ ਕਰਨ ਦੀ ਬਜਾਏ ਕੇਵਲ ਉਨ੍ਹਾਂ ਨੂੰ ਕਠੋਰ ਅਤੇ ਸਥਿਰ ਬਣਾਏਗੀ। ਹੋਰ, ਇਹ ਕਿ ਇਹ ਉਪਾਅ ਬਿਮਾਰੀ ਦਾ ਇਲਾਜ ਕਰਨ ਦੀ ਬਜਾਏ ਕੇਵਲ ਇਸ ਨੂੰ ਹੋਰ ਵਿਗਾੜੇਗਾ । ਸਹੀ ਉਪਾਅ ਜਿਹੜਾ ਮੈਂ ਮਹਿਸੂਸ ਕਰਦਾ ਹਾਂ, ਉਹ ਇਹ ਹੈ ਕਿ ਮੌਜੂਦਾ ਚੋਣ-ਪ੍ਰਣਾਲੀ ਦਾ ਪੁਨਰਗਠਨ ਕੀਤਾ ਜਾਵੇ ।

23. ਮੈਂ ਦੇਸ਼ ਦੀ ਕਾਰਜਕਾਰਣੀ ਵਿਚ ਧਰਮ ਆਧਾਰਿਤ ਪ੍ਰਤਿਨਿਧਤਾ ਦੀ ਮਾਣਤਾ ਦੇ ਬਿਲਕੁਲ ਵਿਰੁੱਧ ਹਾਂ । ਇਸ ਅਧੀਨ ਇਹ ਬੁਰਾਈ ਸਰਕਾਰੀ ਮਸ਼ੀਨਰੀ ਦੇ ਇਕ ਬਹੁਤ ਮਹੱਤਵਪੂਰਣ ਅੰਗ ਵਿਚ ਆਪਣਾ ਬਹੁਤ ਭਿਆਨਕ ਰੂਪ ਧਾਰਨ ਕਰ ਲਵੇਗੀ । ਇਹ ਫ਼ਿਰਕਿਆਂ ਦੀ ਗਿਣਤੀ ਤੇ ਆਧਾਰਿਤ ਦੋਹਰੀ ਜਾਂ ਤੇਹਰੀ ਸ਼ਾਸਨ ਪ੍ਰਣਾਲੀ ਹੋਵੇਗੀ ਜਿਸ ਨੂੰ ਮੰਤਰੀ-ਮੰਡਲ ਵਿਚ ਪ੍ਰਤਿਨਿਧਤਾ ਦੇ ਹਕਦਾਰ ਬਣਾਉਣ ਲਈ ਮਾਣਤਾ ਦੇਣੀ ਹੋਵੇਗੀ। ਇਹ ਬਿਨਾਂ ਸ਼ਕ ਫਿਰਕਾਪ੍ਰਸਤੀ ਵਾਲੀ ਇਕ ਦੋਹਰੀ ਸ਼ਾਸਨ-ਪ੍ਰਣਾਲੀ ਹੋਵੇਗੀ ਜਿਹੜੀ ਰਾਜਨੀਤਿਕ ਦੋਹਰੀ ਸ਼ਾਸਨ-ਪ੍ਰਣਾਲੀ ਨਾਲੋਂ ਥੋੜ੍ਹੀ ਜਿਹੀ ਵੱਖਰੀ ਹੋਵੇਗੀ ਅਤੇ ਜੋ ਅੱਜ ਪ੍ਰਚਲਤ ਹੈ। ਇਹ ਰਾਜਨੀਤਿਕ ਦੋਹਰੀ ਸ਼ਾਸਨ ਪ੍ਰਣਾਲੀ ਨਾਲੋਂ ਚੰਗੀ ਨਹੀਂ ਹੋਵੇਗੀ। ਇਸ ਵਿਚ ਜਿਹੜੇ ਨੁਕਸਾਨ ਹਨ ਉਹ ਦੂਜੀ ਵਿਚ ਵੀ ਹਨ ਅਤੇ ਅਗਰ ਸੰਵਿਧਾਨਕ ਪੁਨਰਗਠਨ ਦਾ ਉਦੇਸ਼ ਇਕ ਸੰਘਾਤਮਕ ਸਰਕਾਰ ਬਣਾਉਣਾ ਹੈ, ਤਾਂ ਇਸ ਫਿਰਕੂ ਰੂਪ ਵਾਲੀ ਦੋਹਰੀ ਸ਼ਾਸਨ ਪ੍ਰਣਾਲੀ ਨੂੰ ਸੰਖੇਪ ਵਿਚ ਉਸੇ ਤਰ੍ਹਾਂ ਰੱਦ ਕਰ ਦੇਣਾ ਚਾਹੀਦਾ ਜਿਵੇਂ ਇਕ ਰਾਜਨੀਤਿਕ ਰੂਪ ਵਾਲੀ ਦੋਹਰੀ ਸ਼ਾਸਨ ਪ੍ਰਣਾਲੀ ਨੂੰ ਰੱਦ ਕਰਨ ਨਾਲੋਂ ਫਿਰਕੂ ਭਾਵਨਾ ਵਾਲੀ ਦੂਹਰੀ ਸ਼ਾਸਨ ਪ੍ਰਣਾਲੀ ਨੂੰ ਰੱਦ ਕਰਨਾ ਜ਼ਿਆਦਾ ਉਚਿਤ ਹੈ, ਕਿਉਂਕਿ ਰਾਜਨੀਤਿਕ ਦੋਹਰੀ ਸ਼ਾਸਨ ਪ੍ਰਣਾਲੀ ਅਧੀਨ ਸਿਧਾਂਤ ਤੇ ਆਧਾਰਿਤ ਸਰਕਾਰ ਦੀ ਸੰਭਵਤਾ ਮੌਜੂਦ ਹੈ। ਪ੍ਰੰਤੂ ਫਿਰਕੂ ਭਾਵਨਾ ਵਾਲੀ ਦੋਹਰੀ ਸ਼ਾਸਨ ਪ੍ਰਣਾਲੀ ਵਿਚ ਕਿਸੇ ਇਕ ਸ਼੍ਰੇਣੀ ਦੀ ਵਿਚਾਰਧਾਰਾ ਤੇ ਆਧਾਰਿਤ ਸਰਕਾਰ ਦਾ ਬਣਨਾ ਯਕੀਨੀ ਹੈ ।

24. ਇਹ ਬਰਤਾਨੀਆ ਅਤੇ ਸਵੈ-ਸ਼ਾਸਨ ਪ੍ਰਣਾਲੀ ਦੇ ਸੰਵਿਧਾਨਕ ਕਾਨੂੰਨ ਦਾ ਇਕ ਮਹੱਤਵਪੂਰਣ ਸਿਧਾਂਤ ਹੈ ਕਿ ਹਰ ਇਕ ਮੰਤਰੀ ਕਾਨੂੰਨੀ ਅਦਾਲਤਾਂ ਅਗੇ ਉਤਰਦਾਈ ਹੋਵੇਗਾ । ਇਹ ਸੱਚ ਮੁੱਚ ਇਸ ਵਿਵੇਕਪੂਰਣ ਸਿਧਾਂਤ ਕਰਕੇ ਹੈ ਕਿ ਬ੍ਰਿਟਿਸ਼ ਵਿਸ਼ੇ ਘਰ ਵਿਚ ਅਤੇ ਪ੍ਰਭੂਤਾ ਸੰਪਨ ਰਾਜਾਂ ਵਿਚ ਜਾਤੀ ਰੂਪ ਵਿਚ ਅਤੇ ਸੰਪਤੀ ਦੇ ਰੂਪ ਵਿਚ ਮੰਤਰੀਆਂ ਦੇ ਗਲਤ ਕੰਮਾਂ ਵਿਰੁੱਧ ਸੁਰਖਿਅਤ ਹਨ । ਇਕੱਲਾ ਭਾਰਤ ਗੈਰ ਕਾਨੂੰਨੀ ਕੰਮਾਂ ਲਈ ਕਾਰਜਕਾਰਣੀ ਦੀ ਕਾਨੂੰਨੀ ਜ਼ਿੰਮੇਵਾਰੀ ਦੇ ਮਾਮਲੇ ਵਿਚ ਬਰਤਾਨੀਆ ਅਤੇ ਪ੍ਰਭੂਤਾਸੰਪਨ ਰਾਜਾਂ ਨਾਲ ਅਜੀਬ ਕਿਸਮ ਦੇ ਮੁਕਾਬਲੇ ਵਿਚ ਖੜ੍ਹਦਾ ਹੈ । ਸਰ ਅਲੀਆਜਾ ਇਮਪੇ ਦੀ ਪ੍ਰਧਾਨਗੀ ਵਾਲੀ ਨਿਆਂਪਾਲਕਾ ਅਤੇ ਵਾਰਨ ਹੇਸਟਿੰਗਜ ਦੁਆਰਾ ਸਮੱਰਥਤ ਕਾਰਜਕਾਰਣੀ ਵਿਚ ਤਕੜੇ ਮਤ-ਭੇਦਾਂ ਦੇ ਸਮੇਂ ਦੇ ਦੌਰਾਨ 1780 ਤੋਂ ਪਹਿਲਾਂ ਭਾਰਤ ਵਿਚ ਕਾਰਜਕਾਰਣੀ ਨੂੰ ਅਦਾਲਤਾਂ ਦੇ ਕੰਟਰੋਲ ਤੋਂ ਸੁਰਖਿਆ ਪ੍ਰਾਪਤ ਹੋਈ । ਉਹ ਸੁਰੱਖਿਆ ਉਸ ਨੂੰ ਹਮੇਸ਼ਾਂ ਮਿਲਦੀ ਰਹੀ ਅਤੇ ਹੁਣ ਇਸ ਨੂੰ ਭਾਰਤ ਸਰਕਾਰ ਦੇ ਐਕਟ ਦੀਆਂ ਧਾਰਾਵਾਂ 110 ਅਤੇ

111 ਵਿਚ ਥਾਂ ਮਿਲ ਗਈ ਹੈ । ਇਹ ਸੁਰੱਖਿਆ ਤਾਂ ਹੀ ਸਹਿਣ ਕੀਤੀ ਗਈ ਕਿਉਂਕਿ ਇਹ ਸਥਾਨਕ ਸੀ ਨਾ ਕਿ ਆਮ । ਇਹ ਇਸ ਕਰਕੇ ਦਿੱਤੀ ਗਈ ਸੀ ਕਿਉਂਕਿ ਭਾਰਤ ਵਿਚ ਗੈਰ ਕਾਨੂੰਨੀ ਕੰਮ ਕਰਨ ਬਦਲੇ ਕਾਰਜਕਾਰਣੀ ਦੇ ਜਿਹੜੇ ਮੈਂਬਰਾਂ ਉਤੇ ਭਾਰਤ ਵਿਚ ਮੁਕੱਦਮਾ ਨਹੀਂ ਚਲਾਇਆ ਜਾ ਸਕਦਾ ਸੀ ਉਨ੍ਹਾਂ ਤੇ ਇੰਗਲੈਂਡ ਵਿਚ ਮੁਕੱਦਮਾ ਚਲਾਇਆ ਜਾ ਸਕਦਾ ਹੈ । ਇਹ ਜਵਾਬਦੇਹੀ ਦੀ ਪ੍ਰਣਾਲੀ ਜ਼ਿਆਦਾ ਇਸ ਕਰਕੇ ਸਫਲ ਨਹੀਂ ਹੋਈ ਕਿਉਂਕਿ ਪੁਰਾਣੇ ਸ਼ਾਸਨ ਅਧੀਨ ਕਾਰਜਕਾਰਣੀ ਦਾ ਲੱਗਪੱਗ ਹਰੇਕ ਮੈਂਬਰ ਇਸ ਤੱਥ ਦੇ ਕਾਰਨ ਕਿ ਉਹ ਯੂਰਪੀਅਨ ਹੈ, ਇੰਗਲੈਂਡ ਵਾਪਸ ਚਲੇ ਗਿਆ । ਕਾਰਜਕਾਰਣੀ ਦੀ ਬਣਤਰ ਵਿਚ ਹੁਣ ਤਬਦੀਲੀ ਆ ਗਈ ਹੈ । ਇਸ ਵਿਚ ਜ਼ਿਆਦਾ ਕਾਰਜ-ਕਰਤਾ ਭਾਰਤੀ ਹਨ ਅਤੇ ਕਿਉਂਕਿ ਉਨ੍ਹਾਂ ਵਿਚੋਂ ਕਿਸੇ ਦੇ ਇੰਗਲੈਂਡ ਚਲੇ ਜਾਣ ਦੇ ਮੌਕੇ ਬਹੁਤ ਘੱਟ ਹਨ ਇਸ ਕਰਕੇ ਉਨ੍ਹਾਂ ਤੇ ਜਵਾਬਦੇਹੀ ਨੂੰ ਕਦੀ ਵੀ ਜ਼ਬਰੀ ਨਹੀਂ ਲਾਗੂ ਕੀਤਾ ਜਾ ਸਕਦਾ । ਮੌਜੂਦਾ ਸਥਿਤੀ ਮੰਤਰੀਆਂ ਦੀ ਗਲਤ ਕਾਰਵਈ ਵਿਰੁੱਧ ਤੁਰੰਤ ਜਾਂ ਬਾਅਦ ਵਿਚ ਕੋਈ ਉਪਾਅ ਨਹੀਂ ਕਰਦੀ । ਇਸ ਸਥਿਤੀ ਨੂੰ ਜਾਰੀ ਰੱਖਣਾ, ਸੰਵਿਧਾਨਕ ਸਰਕਾਰ ਦੇ ਮਹੱਤਵਪੂਰਣ ਆਧਾਰ ਨੂੰ ਨਸ਼ਟ ਕਰਨਾ ਹੈ । ਇਸੇ ਲਈ, ਮੈਂ ਸਿਫਾਰਸ਼ ਕਰਦਾ ਹਾਂ ਕਿ ਭਾਰਤ ਸਰਕਾਰ ਦੇ ਕਾਨੂੰਨ ਦੀਆਂ ਧਾਰਾਵਾਂ 110 ਅਤੇ 111 ਨੂੰ ਸੋਧਿਆ ਜਾਵੇ ਤਾਂ ਕਿ ਸਾਡੀ ਬ੍ਰਿਟਿਸ਼ ਪਰਜਾ ਚਾਹੇ ਉਹ ਭਾਰਤੀ ਜਾਂ ਯੂਰਪੀਅਨ ਹੋਣ, ਨੂੰ ਮੰਤਰੀਆਂ ਦੁਆਰਾ ਕੀਤੇ ਗਏ ਗਲਤ ਕੰਮਾਂ ਸਬੰਧੀ ਅਦਾਲਤਾਂ ਵਿਚ ਜਾਣ ਦੀ ਆਗਿਆ ਦਿੱਤੀ ਜਾ ਸਕੇ । ਮੰਤਰੀਆਂ ਦੇ ਸਬੰਧ ਵਿਚ 1919 ਵਿਚ ਕਾਨੂੰਨ ਵਿਚ ਅਜਿਹੀ ਤਬਦੀਲੀ ਤੇ ਜ਼ੋਰ ਦਿੱਤਾ ਗਿਆ ਸੀ ਪ੍ਰੰਤੂ ਇਸ ਚੀਜ਼ ਨੂੰ ਉਦੋਂ ਇਸ ਕਰਕੇ ਸਵੀਕਾਰ ਨਹੀਂ ਕੀਤਾ ਗਿਆ ਕਿਉਂਕਿ ਇਹ ਸਮਝਿਆ ਗਿਆ ਸੀ ਕਿ ਇਸ ਨੂੰ ਸਵੀਕਾਰ ਕਰ ਲੈਣ ਨਾਲ ਮੰਤਰੀਆਂ ਅਤੇ ਕਾਰਜਕਾਰੀ ਕੌਂਸਲਰਾਂ ਵਿਚਕਾਰ ਈਰਖਾ ਪੈਦਾ ਹੋਵੇਗੀ । ਸੂਬਿਆਂ ਵਿਚ ਪੂਰਵ ਜ਼ਿੰਮੇਵਾਰ ਸਰਕਾਰਾਂ ਕਾਇਮ ਕਰਨ ਨਾਲ ਇਹ ਇਤਰਾਜ਼ ਖਤਮ ਹੋ ਗਿਆ ।

25. ਮੈਂ ਗੈਰ ਕਾਨੂੰਨੀ ਕੰਮਾਂ ਲਈ ਮੰਤਰੀਆਂ ਦੀ ਕਾਨੂੰਨੀ ਜ਼ਿੰਮੇਵਾਰੀ ਨੂੰ ਲਾਗੂ ਕਰਨ ਦੇ ਵਿਚਾਰ ਨੂੰ ਬੜੀ ਗੰਭੀਰਤਾ ਨਾਲ ਲੈਂਦਾ ਹੋਇਆ ਤਜਵੀਜ਼ ਕਰਦਾ ਹਾਂ ਕਿ ਸੰਵਿਧਾਨ ਵਿਚ ਇਕ ਟ੍ਰਿਬਿਊਨਲ ਬਣਾਉਣ ਦਾ ਪ੍ਰਬੰਧ ਕੀਤਾ ਜਾਵੇ, ਜਿਸ ਵਿਚ ਕੁਝ ਵਿਧਾਨ-ਮੰਡਲ ਦੇ ਅਤੇ ਕੁਝ ਨਿਆਂਪਾਲਕਾ ਦੇ ਮੈਂਬਰ ਸ਼ਾਮਲ ਹੋਣ, ਜਿਸ ਅਗੇ ਉਨ੍ਹਾਂ ਦੇ ਇਕ ਦੂਜੇ ਲਈ ਗ਼ੈਰਕਾਨੂੰਨੀ ਕੰਮਾਂ ਜਾਂ ਕੌਮ ਦੀ ਭਲਾਈ ਬਾਰੇ ਹਾਨੀਕਾਰਕ ਕੰਮਾਂ ਲਈ ਮੰਤਰੀਆਂ ਤੇ ਮਹਾਂ-ਦੋਸ਼ ਦਾ ਮੁਕੱਦਮਾ ਚਲਾਇਆ ਜਾਵੇ । ਮੈਨੂੰ ਪਤਾ ਹੈ ਕਿ ਮੰਤਰੀਆਂ ਦੀ ਜ਼ਿੰਮੇਵਾਰੀ ਲਾਗੂ ਕਰਨ ਨਾਲ ਮਹਾਂ-ਦੋਸ਼ ਦੀ ਵਰਤੋਂ ਰੁਕ ਗਈ ਹੈ । ਪ੍ਰੰਤੂ ਮੈਂ ਮਹਿਸੂਸ ਕਰਦਾ ਹਾਂ ਕਿ ਮੰਤਰੀਆਂ ਦੀ ਜ਼ਿੰਮੇਵਾਰੀ ਭਾਰਤ ਵਿਚ ਕਹਿਣ ਨੂੰ ਹੀ ਹੈ ਅਤੇ ਜਿਨ੍ਹਾਂ ਚਿਰ ਵਿਧਾਨ-ਮੰਡਲ ਅਤੇ ਕਾਰਜਕਾਰਨੀ ਇਸ ਦੇ ਭਾਵ-ਅਰਥਾਂ ਪ੍ਰਤੀ ਸੁਚੇਤ ਨਹੀਂ ਹੋ ਜਾਂਦੀ, ਇਹ ਚੰਗਾ ਹੋਵੇਗਾ ਕਿ ਜੇਕਰ ਸ਼ਕਤੀ ਦੀ ਕੁਵਰਤੋਂ ਨੂੰ ਰੋਕਣ ਦੇ ਜ਼ਿਆਦਾ ਸਿੱਧੇ ਸਾਧਨ ਉਨ੍ਹਾਂ ਲੋਕਾਂ ਦੇ ਹੱਥਾਂ

ਵਿਚ ਦੇ ਦਿੱਤੇ ਜਾਣ ਜਿਹੜੇ ਇਸ ਦੀ ਵਰਤੋਂ ਦੇ ਵਿਰੁੱਧ ਹਨ ਅਤੇ ਜਿਨ੍ਹਾਂ ਨੂੰ ਜਾਤ-ਪਾਤ ਅਤੇ ਨਸਲ ਪ੍ਰਤੀ ਬਹੁਤ ਜ਼ਿਆਦਾ ਵਫ਼ਾਦਾਰੀ ਦਿਖਾ ਕੇ ਇਸ ਦੀ ਗ਼ਲਤ ਵਰਤੋਂ ਲਈ ਪ੍ਰੇਰਿਆ ਜਾ ਸਕਦਾ ਹੈ। ਇਕ ਸੁਰੱਖਿਆ ਸਾਧਨ ਕਦੀ ਬੇਕਾਰ ਨਹੀਂ ਹੁੰਦਾ ਕਿਉਂਕਿ ਇਹ ਅਕਸਰ ਰੱਦ ਨਹੀਂ ਕੀਤਾ ਜਾਂਦਾ।

26. ਕਾਰਜਕਾਰਣੀ ਦੇ ਮੈਂਬਰਾਂ ਵਿਚਕਾਰ ਸਬੰਧ ਨਿਸ਼ਚਿਤ ਕਰਨ ਦਾ ਸਵਾਲ ਕੀ ਹਰ ਮੈਂਬਰ ਕੇਵਲ ਆਪਣੀ ਕਾਰਵਾਈ ਲਈ ਜਵਾਬਦੇਹ ਹੋਣਾ ਚਾਹੀਦਾ ਹੈ ਜਾਂ ਕੀ ਉਹ ਸਾਂਝੀ ਕਾਰਵਾਈ ਲਈ ਜਵਾਬਦੇਹ ਹੋਣਾ ਚਾਹੀਦਾ ਹੈ ? ਦੂਜੇ ਸ਼ਬਦਾਂ ਵਿਚ ਕਿ ਕੀ ਜ਼ਿੰਮੇਵਾਰੀ ਵਿਅੱਕਤੀਗਤ ਹੋਣੀ ਚਾਹੀਦੀ ਹੈ ਜਾਂ ਸਾਂਝੀ-ਇਕ ਅਜਿਹਾ ਸਵਾਲ ਹੈ ਜਿਸ ਨੂੰ ਕੋਈ ਵੀ ਵਿਅੱਕਤੀ ਸਿਧਾਂਤਿਕ ਰੂਪ ਵਿਚ ਬਿਆਨ ਨਹੀਂ ਕਰ ਸਕਦਾ। ਫਿਰ ਵੀ ਮੈਂ ਸਾਂਝੀ ਜ਼ਿੰਮੇਵਾਰੀ ਦਾ ਸਮਰਥਨ ਕਰਾਂਗਾ। ਮੈਨੂੰ ਪਤਾ ਹੈ ਕਿ ਇਹ ਅਧੀਨ ਵਿਧਾਨ-ਮੰਡਲ ਸਿਧਾਂਤਾਂ ਦੀ ਉਲੰਘਣਾ ਕਰਨ ਵਾਲੇ ਮੰਤਰੀ ਨੂੰ ਸਜ਼ਾ ਦੇ ਮਾਮਲੇ ਵਿਚ ਅਮਲੀ ਤੌਰ ਤੇ ਬੇਬੱਸ ਹੈ। ਸਾਂਝੀ ਜ਼ਿੰਮੇਵਾਰੀ ਨਾਲ ਵਿਧਾਨ-ਮੰਡਲ ਕਿਸੇ ਮੰਤਰੀ, ਜਿਸ ਦੇ ਕੰਮਾਂ ਨੂੰ ਉਹ ਅਸਵੀਕਾਰ ਕਰ ਚੁੱਕਾ ਹੋਵੇ, ਨੂੰ ਬਰਖਾਸਤ ਕਰਨ ਦੇ ਯੋਗ ਨਹੀਂ ਹੋਵੇਗਾ, ਇਹ ਬਲਕਿ ਉਸ ਦੀ ਰਸਮੀ ਤੌਰ ਤੇ ਨਿਖੇਧੀ ਕਰਨ ਦੀ ਸਥਿਤੀ ਵਿਚ ਵੀ ਨਹੀਂ ਹੋਵੇਗਾ, ਜਿੰਨਾ ਚਿਰ ਉਹ ਆਪਣੇ ਸਾਥੀਆਂ ਤੋਂ ਚੰਗੀ ਤਰ੍ਹਾਂ ਛੁਟਕਾਰਾ ਨਹੀਂ ਪਾ ਲੈਂਦਾ। ਸੰਸਦੀ ਕਾਰਜਪਾਲਿਕਾ ਨਾਲ ਕੰਮ ਕਰਨ ਵਾਲਾ ਵਿਧਾਨ-ਮੰਡਲ ਅਜਿਹਾ ਕਰਨ ਦਾ ਹੌਂਸਲਾ ਨਹੀਂ ਕਰਦਾ। ਕਿਉਂਕਿ ਜੇਕਰ ਉਹ ਕਰਦਾ ਹੈ ਅਤੇ ਕਾਰਜਪਾਲਿਕਾ ਨੂੰ ਉਲਟਾਉਂਦਾ ਹੈ ਤਾਂ ਕਾਰਜਪਾਲਿਕਾ ਵੀ ਉਸ ਨੂੰ ਭੰਗ ਕਰਨ ਦੀ ਮੰਗ ਕਰਕੇ ਉਲਟਾ ਦੇਵੇਗੀ। ਇਸ ਨੁਕਸ ਦੇ ਬਾਵਜੂਦ ਮੈਂ ਦੋ ਕਾਰਨਾਂ ਕਰਕੇ ਸਾਂਝੀ ਜ਼ਿੰਮੇਵਾਰੀ ਦੇ ਹੱਕ ਵਿਚ ਹਾਂ। ਆਧੁਨਿਕ ਰਾਜ ਵਿਚ ਕਾਨੂੰਨਾਂ ਨੂੰ ਲਾਗੂ ਕਰਨ ਵਾਲੀ ਪ੍ਰਬੰਧਕ ਸੰਸਥਾ ਵਜੋਂ ਕਾਰਜਕਾਰਣੀ ਦੇ ਕਾਰਜ ਘੱਟ ਮਹੱਤਤਾ ਵਾਲੇ ਕਾਰਜ ਬਣ ਕੇ ਰਹਿ ਗਏ ਹਨ। ਇਸ ਦਾ ਮੁੱਖ ਕੰਮ ਨੀਤੀ ਘੜਨਾ ਅਤੇ ਵਿਧਾਨ-ਮੰਡਲ ਅਗੇ ਤਜਵੀਜ਼ਾਂ ਪੇਸ਼ ਕਰਨਾ ਹੈ। ਸੱਚ ਮੁੱਚ ਕਾਰਜ ਇਤਨਾ ਜ਼ਰੂਰੀ ਚੀਜ਼ ਬਣ ਜਾਂਦਾ ਹੈ ਕਿ ਉਸ ਵਿਧਾਨ-ਮੰਡਲ ਦਾ ਪ੍ਰਭਾਵ ਬਹੁਤ ਜ਼ਿਆਦਾ ਘੱਟ ਜਾਏਗਾ ਜੇ ਉਹ ਇਸ ਨੂੰ ਨਿਭਾਉਣ ਵਿਚ ਅਸਫ਼ਲ ਹੋ ਜਾਵੇ। ਅਗਰ ਕਾਰਜਕਾਰਣੀ ਨੀਤੀ ਘੜਨ ਦਾ ਕੰਮ ਕਰੇ ਤਾਂ ਇਸ ਦੇ ਮੈਂਬਰਾਂ ਵਿਚਕਾਰ ਏਕਤਾ ਦੀ ਭਾਵਨਾ ਜ਼ਰੂਰ ਹੋਣੀ ਚਾਹੀਦੀ ਹੈ। ਅਜਿਹੀ ਭਾਵਨਾ ਦੀ ਏਕਤਾ ਕਾਰਜਕਾਰਣੀ ਵਿਚ ਮੁਕੰਮਲ ਇਕਸੁਰਤਾ ਤੋਂ ਬਿਨਾਂ ਸੰਭਵ ਨਹੀਂ ਹੈ। ਮੇਰੇ ਵਿਚਾਰ ਅਨੁਸਾਰ ਕੇਵਲ ਸਾਂਝੀ ਜ਼ਿੰਮੇਵਾਰੀ ਹੀ ਅਜਿਹੇ ਸੁਮੇਲ ਨੂੰ ਯਕੀਨੀ ਬਣਾ ਸਕਦੀ ਹੈ। ਦੂਜਾ ਕਾਰਨ ਇਹ ਹੈ ਕਿ ਮੈਂ ਸਾਂਝੀ ਜ਼ਿੰਮੇਵਾਰੀ ਦੀ ਸਿਫਾਰਸ਼ ਕਿਉਂ ਕੀਤੀ ਹੈ, ਕਿਉਂਕਿ ਮੈਨੂੰ ਡਰ ਹੈ ਕਿ ਵਿਅੱਕਤੀਗਤ ਜ਼ਿੰਮੇਵਾਰੀ ਦਾ ਸਿਧਾਂਤ ਜਾਤ-ਪਾਤ ਅਤੇ ਨਸਲੀ ਹੱਕਾਂ ਤੋਂ ਉਪਰ ਉਠ ਕੇ ਇਕ ਸਾਂਝੇ ਰਾਜਨੀਤਿਕ ਪ੍ਰੋਗਰਾਮ ਦੇ ਵਿਕਾਸ ਦੀ ਕਦੀ ਆਗਿਆ ਨਹੀਂ ਦੇਵੇਗਾ। ਇਹ ਗੁੱਟਬੰਦੀ ਨੂੰ ਚਿਰਸਥਾਈ ਬਣਾ ਦੇਵੇਗੀ ਅਤੇ

ਪ੍ਰੈਜ਼ੀਡੈਂਸੀ ਦੀ ਇਨ੍ਹਾਂ ਗੁੱਟਾਂ ਦੀ ਸਾਂਝੀ ਸਰਕਾਰ ਦੇ ਸ਼ਾਸਨ ਕਾਰਨ ਹਮੇਸ਼ਾਂ ਨਿੰਦਿਆ ਹੋਵੇਗੀ। ਇਹ ਨਵੇਂ ਮੇਲ-ਮਿਲਾਪ ਕਰਨ ਲਈ ਆਪਣੀ ਤਤਪਰਤਾ ਕਾਰਨ ਰਾਜ-ਪ੍ਰਬੰਧ ਦੀ ਅਸਿਥਰਤਾ ਦਾ ਕਾਰਨ ਬਣਨਗੇ ਅਤੇ ਜੋ ਵਿਚਾਰਸ਼ੀਲ ਨੀਤੀ ਦੀ ਥਾਂ ਇਕ ਚਾਲਬਾਜ਼ੀ ਵਾਲੀ ਨੀਤੀ ਨੂੰ ਤਰਜ਼ੀਹ ਦੇ ਕੇ ਰਾਜ-ਪ੍ਰਬੰਧ ਦੇ ਕੰਮ ਦੀ ਦਿਆਨਤਦਾਰੀ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰਨਗੇ। ਸਾਂਝੀ ਜ਼ਿੰਮੇਵਾਰੀ ਅਧੀਨ ਭਾਵੇਂ ਪਾਰਟੀ ਵੱਖ ਵੱਖ ਵਿਚਾਰਾਂ ਵਾਲੀਆਂ ਇਕਾਈਆਂ ਦਾ ਸਮੂਹ ਹੋਵੇ ਫਿਰ ਵੀ ਹਰੇਕ ਇਕਾਈ ਦੇ ਮੈਂਬਰਾਂ ਨੂੰ ਨਾ ਕੇਵਲ ਇਕ ਸਾਂਝੀ ਨੀਤੀ ਤਿਆਰ ਕਰਨ, ਜਿਸ ਨੂੰ ਉਹ ਵਧੀਆ ਢੰਗ ਨਾਲ ਤਿਆਰ ਕਰ ਸਕਦੇ ਹਨ, ਲਈ ਮਜਬੂਰ ਹੀ ਕੀਤਾ ਜਾਵੇਗਾ ਬਲਕਿ ਉਨਾਂ ਨੂੰ ਉਸ ਅਨੁਸਾਰ ਚੱਲਣ ਲਈ ਵੀ ਮਜਬੂਰ ਕੀਤਾ ਜਾਵੇਗਾ। ਪਾਰਟੀ ਪ੍ਰੋਗਰਾਮ ਪੇਸ਼ ਕਰਨ ਦੀ ਆਦਤ ਜਿਹੜਾ ਗੁੱਟ ਪ੍ਰੋਗਰਾਮ ਨਾਲੋਂ ਜ਼ਿਆਦਾ ਵਿਸ਼ਾਲ ਹੈ, ਇਕ ਸਿਖਿਆ ਦੇਣ ਦੀ ਤਰ੍ਹਾਂ ਹੋਵੇਗੀ, ਜਿਸ ਦੀ ਲੋੜ ਉਨ੍ਹਾਂ ਸਾਰਿਆਂ ਦੁਆਰਾ ਜ਼ਰੂਰ ਮਹਿਸੂਸ ਕੀਤੀ ਜਾਵੇਗੀ ਜਿਹੜੇ ਭਾਰਤ ਦੀ ਦਸ਼ਾ ਨੂੰ ਜਾਣਦੇ ਹਨ।

27. ਸਾਂਝੀ ਜ਼ਿੰਮੇਵਾਰੀ ਕਿਵੇਂ ਪ੍ਰਾਪਤ ਕਰਨੀ ਹੈ, ਇਕ ਮਹੱਤਤਾ ਵਾਲਾ ਮਾਮਲਾ ਹੈ। ਕਾਨੂੰਨ ਦੀਆਂ ਸਪੱਸ਼ਟ ਸ਼ਰਤਾਂ ਰਾਹੀਂ ਪ੍ਰਾਪਤ ਕਰਨ ਨਾਲ ਰਾਜ-ਪ੍ਰਬੰਧ ਦੇ ਮੁਖੀ ਜਾਂ ਵਿਧਾਨ-ਮੰਡਲ ਨੂੰ ਸਾਰੀ ਕਾਰਜਕਾਰਨੀ ਨੂੰ ਬਰਖਾਸਤ ਕੀਤੇ ਬਿਨਾਂ ਕਿਸੇ ਮੰਤਰੀ ਨੂੰ ਬਰਖਾਸਤ ਕਰਨ ਦੀ ਖੁਲ੍ਹ ਮਿਲੇਗੀ। ਇਸ ਕਰਕੇ ਇਸ ਨੂੰ ਪ੍ਰਥਾ ਤੇ ਛੱਡ ਦੇਣਾ ਹੀ ਚੰਗਾ ਹੋਵੇਗਾ। ਪ੍ਰਸ਼ਨ ਕਿ ਪ੍ਰਥਾ ਨੂੰ ਕਿਵੇਂ ਚਾਲੂ ਰੱਖਣਾ ਹੈ, ਅਜੇ ਵਿਚਾਰਨਾ ਰਹਿੰਦਾ ਹੈ। ਮੈਨੂੰ ਜਾਪਦਾ ਹੈ ਕਿ ਅਗਰ ਮੰਤਰੀਆਂ ਨੂੰ ਚੁਣੇ ਜਾਣ ਦਾ ਕੰਮ ਗਵਰਨਰ ਦੀ ਬਜਾਏ ਇਕ ਮੰਤਰੀ ਨੂੰ ਆਪਣੇ ਸਾਥੀ ਚੁਣਨ ਲਈ ਸੌਂਪ ਦਿੱਤਾ ਜਾਵੇ ਤਾਂ ਇਸ ਤਰ੍ਹਾਂ ਬਣਾਇਆ ਗਿਆ ਮੰਤਰੀ-ਮੰਡਲ ਸਾਂਝੀ ਜ਼ਿੰਮੇਵਾਰੀ ਨਾਲ ਕੰਮ ਕਰਨ ਲਈ ਬੱਝ ਜਾਵੇਗਾ ਅਤੇ ਸਾਰੀ ਸਰਕਾਰ ਨੂੰ ਬਦਲਣ ਤੋਂ ਬਗੈਰ ਕਿਸੇ ਇਕੱਲੇ ਮੰਤਰੀ ਤੋਂ ਛੁਟਕਾਰਾ ਪਾਉਣ ਲਈ ਰਾਹ ਖੁਲ੍ਹੇਗਾ। ਇਸ ਲਈ, ਮੈਂ ਸੁਝਾਅ ਦਿੰਦਾ ਹਾਂ ਕਿ ਗਵਰਨਰ ਨੂੰ ਇਕੱਲੇ ਇਕੱਲੇ ਮੰਤਰੀਆਂ ਨੂੰ ਨਿਯੁਕਤ ਕਰਨ ਦਾ ਅਧਿਕਾਰ ਨਹੀਂ ਦੇਣਾ ਚਾਹੀਦਾ। ਉਹ ਮੁੱਖ ਮੰਤਰੀ ਨੂੰ ਚੁਣੇ ਅਤੇ ਬਾਕੀ ਸਰਕਾਰ ਬਣਾਉਣ ਦਾ ਕੰਮ ਉਹਦੇ ਤੇ ਛੱਡ ਦੇਵੇ।

28. ਮੇਰੇ ਸਾਥੀਆਂ ਨੇ ਸਿਫਾਰਸ਼ ਕੀਤੀ ਹੈ ਕਿ ਪ੍ਰੈਜ਼ੀਡੈਂਸੀ ਦਾ ਰਾਜ-ਪ੍ਰਬੰਧ ਚਲਾਉਣ ਲਈ 7 ਮੰਤਰੀ ਹੋਣੇ ਚਾਹੀਦੇ ਹਨ। ਜਿਥੋਂ ਤੱਕ ਮੰਤਰੀਆਂ ਦੀ ਗਿਣਤੀ ਨਿਸ਼ਚਿਤ ਕਰਨ ਦਾ ਸਬੰਧ ਹੈ, ਮੈਂ ਇਸ ਸਿਫਾਰਸ਼ ਨਾਲ ਸਹਿਮਤੀ ਦੇਣ ਦੇ ਅਸਮਰੱਥ ਹਾਂ। ਇਹ ਗਿਣਤੀ ਇੰਨੀ ਹੋਵੇ ਕਿ ਪ੍ਰੈਜ਼ੀਡੈਂਸੀ ਦੀ ਆਉਣ ਵਾਲੀ ਸਰਕਾਰ 7 ਤੋਂ ਘੱਟ ਮੰਤਰੀਆਂ ਨਾਲ ਕੰਮ ਚਲਾਉਣ ਦੇ ਸਮਰੱਥ ਜਾਂ ਫਿਰ ਜੇਕਰ ਉਹ 7 ਨਾਲੋਂ ਜ਼ਿਆਦਾ ਲੋੜ ਮਹਿਸੂਸ ਕਰੇ ਤਾਂ ਬੇਸ਼ਕ ਵਿਧਾਨ-ਮੰਡਲ ਦੇ ਮੈਂਬਰਾਂ ਦੀਆਂ ਨਿੱਜੀ ਭਾਵਨਾਵਾਂ ਦੀ ਤਸੱਲੀ ਲਈ, ਜਿਨ੍ਹਾਂ ਦੀ ਮਦਦ ਬਗੈਰ ਸੂਬੇ ਦੀ ਸਰਕਾਰ ਚਲਾਉਣਾ ਸੰਭਵ ਨਹੀਂ ਹੈ, ਮਹਿਕਮਿਆਂ ਤੋਂ ਬਗੈਰ ਮੰਤਰੀ ਨਿਯੁਕਤ ਕਰ ਦਿੱਤੇ ਜਾਣ। ਇਨ੍ਹਾਂ ਹਾਲਾਤ ਅਧੀਨ, ਮੇਰੇ ਵਿਚਾਰ ਅਨੁਸਾਰ, ਵਧੀਆ

ਢੰਗ ਇਹ ਹੈ ਕਿ ਮੰਤਰੀਆਂ ਦੀ ਗਿਣਤੀ ਦਾ ਸਵਾਲ ਮੌਕੇ ਦੇ ਵਿਧਾਨ-ਮੰਡਲ ਤੇ ਛੱਡ ਦਿੱਤਾ ਜਾਵੇ ।

ਅਧਿਆਇ-3

ਗਵਰਨਰ ਦੀ ਪੁਜ਼ੀਸ਼ਨ ਅਤੇ ਸ਼ਕਤੀਆਂ

29. ਮੌਜੂਦਾ ਸੰਵਿਧਾਨ ਅਧੀਨ ਸੂਬੇ ਦੇ ਗਵਰਨਰ ਦੀ ਹੈਸੀਅਤ ਨੂੰ ਚੰਗੀ ਤਰ੍ਹਾਂ ਪਰਿਭਾਸ਼ਤ ਨਹੀਂ ਕੀਤਾ ਗਿਆ। ਉਸ ਨੂੰ ਸੂਬੇ ਵਿਚ ਬਾਦਸ਼ਾਹ ਦੀ ਨੁਮਾਇੰਦਗੀ ਕਰਦਿਆਂ ਇਕ ਸੰਵਿਧਾਨਿਕ ਮੁੱਖੀ ਦੀ ਹੈਸੀਅਤ ਹਾਸਲ ਨਹੀਂ ਹੈ, ਨਾ ਹੀ ਉਹ ਸੂਬੇ ਦੀ ਸਰਕਾਰ ਲਈ ਕਿਸੇ ਤਰ੍ਹਾਂ ਜ਼ਿੰਮੇਵਾਰ ਹੀ ਹੈ । ਉਸ ਦੀ ਹੈਸੀਅਤ ਅਜਿਹੀ ਹੈ ਜਿਵੇਂ ਸੂਬੇ ਦੇ ਮਾਮਲਿਆਂ ਦੀ ਮੁਕੰਮਲ ਅਗਵਾਈ ਕਰਨ ਲਈ ਉਸ ਨੂੰ ਕੋਈ ਸ਼ਕਤੀ ਨਾ ਦਿੱਤੀ ਗਈ ਹੋਵੇ। ਉਸ ਦੀ ਹੈਸੀਅਤ ਦੋਹੀਂ ਪਾਸੀਂ ਢੁੱਕਦੀ ਹੈ । ਗਵਰਨਰ ਲਈ ਅਜਿਹੀ ਪੁਜੀਸ਼ਨ ਜਿਹੜੀ ਉਸ ਨੂੰ ਚਾਹੇ ਗਵਰਨਰ ਦੇ ਦ੍ਰਿਸ਼ਟੀਕੋਣ ਤੋਂ ਜਾਂ ਸਰਕਾਰੀ ਮਸ਼ੀਨਰੀ ਨੂੰ ਠੀਕ ਤਰ੍ਹਾਂ ਕੰਮ-ਕਾਰ ਚਲਾਉਣ ਦੇ ਦ੍ਰਿਸ਼ਟੀਕੋਣ ਤੋਂ, ਇਕ ਨਿਰੰਕੁਸ਼ ਸ਼ਾਸਕ ਅਤੇ ਇਕ ਸੰਵਿਧਾਨਕ ਮੁਖੀ ਦੀ ਦੋਹਰੀ ਭੂਮਿਕਾ ਨਿਭਾਉਣ ਦੇ ਯੋਗ ਬਣਾਵੇ, ਬਹੁਤ ਖੁਸ਼-ਗਵਾਰ ਪੁਜੀਸ਼ਨ ਨਹੀਂ ਹੈ । ਗਵਰਨਰ ਦੀ ਹੈਸੀਅਤ ਨੂੰ ਹਾਸਲ ਕਰਨ ਲਈ ਆਉਂਦੀਆਂ ਮੁਸ਼ਕਲਾਂ ਚਾਹੇ ਕਿਸ ਕਿਸਮ ਦੀਆਂ ਸਨ, ਉਹ 1919 ਵਿਚ ਲਾਗੂ ਕੀਤੇ ਗਏ ਸੰਵਿਧਾਨ ਨਾਲ ਮੇਲ ਖਾਂਦੀਆਂ ਸਨ ਕਿਉਂਕਿ ਸੰਵਿਧਾਨ ਵਿਚ ਪੂਰਨ ਜ਼ਿੰਮੇਵਾਰ ਸਰਕਾਰ ਦਾ ਪ੍ਰਬੰਧ ਨਹੀਂ ਕੀਤਾ ਗਿਆ, ਗਵਰਨਰ ਸੁਭਾਵਕ ਤੌਰ ਤੇ ਇਕ ਸੰਵਿਧਾਨਕ ਮੁਖੀ ਦੀ ਹੈਸੀਅਤ ਤੱਕ ਹੀ ਸੀਮਿਤ ਨਹੀਂ ਰਹਿੰਦਾ। ਦੂਜੇ ਪਾਸੇ, ਕਿਉਂਕਿ ਕੁੱਝ ਵਿਭਾਗਾਂ ਵਿਚ ਸੂਬੇ ਦੇ ਮਾਮਲਿਆਂ ਦੀ ਅਗਵਾਈ ਹਰ ਹਾਲਤ ਵਿਚ ਜ਼ਿੰਮੇਵਾਰ ਮੰਤਰੀ ਨੂੰ ਸੌਂਪੀ ਗਈ ਸੀ, ਗਵਰਨਰ ਨੂੰ ਗੈਰ-ਜ਼ਿੰਮੇਵਾਰ ਮੁਖੀ ਦੇ ਤੌਰ ਤੇ ਆਪਣੀ ਪਹਿਲੀ ਹੈਸੀਅਤ ਬਣਾਈ ਰੱਖਣ ਦੀ ਆਗਿਆ ਨਹੀਂ ਦਿੱਤੀ ਗਈ। ਇਸ ਤਰ੍ਹਾਂ ਗਵਰਨਰ ਦੀ ਪੁਜੀਸ਼ਨ ਵਿਚ ਤਬਦੀਲੀ ਜ਼ਿੰਮੇਵਾਰ ਸਰਕਾਰ ਵੱਲ ਉਠਾਏ ਗਏ ਕਦਮਾਂ ਵੱਲ ਸਿੱਧੇ ਤੌਰ ਤੇ ਗਵਰਨਰ ਦੀਆਂ ਸ਼ਕਤੀਆਂ ਨੂੰ ਘੱਟ ਕੀਤੇ ਜਾਣ ਦੇ ਸੁਝਵਾਨ ਸਿਧਾਂਤ ਤੇ ਆਧਾਰਿਤ ਸੀ । ਗਵਰਨਰ ਦੀ ਪੁਜੀਸ਼ਨ ਨੂੰ ਜ਼ਿੰਮੇਵਾਰੀ ਦੀ ਤਬਦੀਲੀ ਅਨੁਸਾਰ ਢਾਲਣ ਵਾਲੇ 1919 ਵਿਚ ਨਿਸ਼ਚਿਤ ਕੀਤੇ ਗਏ ਸਿਧਾਂਤ ਦੀ ਸਹੀ-ਸੋਚ ਨੂੰ ਅਪਣਾਉਂਦਿਆਂ, ਮੈਂ ਸਿਫਾਰਸ਼ ਕਰਦਾ ਹਾਂ ਕਿ ਸੂਬੇ ਦੇ ਗਵਰਨਰ ਨੂੰ ਸੰਵਿਧਾਨਕ ਮੁਖੀ ਦੀ ਹੈਸੀਅਤ ਤੱਕ ਹੀ ਸੀਮਿਤ ਕਰ ਦੇਣਾ ਚਾਹੀਦਾ ਹੈ । ਨਿਸ਼ਚੇ ਹੀ, ਇਸ ਤੋਂ ਛੁੱਟ ਗਵਰਨਰ ਦੀ ਕਿਸੇ ਹੋਰ ਹੈਸੀਅਤ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ, ਜਿਹੜੀ ਇਕ ਪੂਰਨ ਜ਼ਿੰਮੇਵਾਰੀ ਵਾਲੀ ਸਰਕਾਰ ਦੀ ਪ੍ਰਣਾਲੀ ਦੇ ਅਨੁਕੂਲ ਹੋਵੇਗੀ ।

30. ਸੂਬੇ ਦੀ ਕਾਰਜਕਾਰਣੀ ਵਿਚ ਬਾਦਸ਼ਾਹ ਦੀ ਨੁਮਾਇੰਦਗੀ ਕਰਦਿਆਂ ਉਸ ਕੋਲ ਮੰਤਰੀ-ਮੰਡਲ ਨੂੰ ਨਿਯੁਕਤ ਕਰਨ ਦੀ ਸ਼ਕਤੀ ਹੋਵੇਗੀ । ਉਸੇ ਸਮਰੱਥਾ ਵਿਚ, ਉਸ ਕੋਲ

ਰਾਜ-ਪ੍ਰਬੰਧ ਦੀ ਕਿਸੇ ਵੀ ਸ਼ਾਖਾ ਨਾਲ ਸਬੰਧਤ ਕਿਸੇ ਮਾਮਲੇ ਵਿਚ ਮੰਤਰੀ ਦੁਆਰਾ ਤਜਵੀਜ਼ ਕੀਤੇ ਗਏ ਕਿਸੇ ਆਦੇਸ਼ ਨੂੰ ਆਪਣੀ ਸਹਿਮਤੀ ਦੇਣ ਜਾਂ ਨਾ ਦੇਣ ਦੀ ਅੰਤਮ ਸ਼ਕਤੀ ਵੀ ਹੋਵੇਗੀ। ਵਿਧਾਨ-ਮੰਡਲ ਵਿਚ ਬਾਦਸ਼ਾਹ ਦੀ ਨੁਮਾਇੰਦਗੀ ਕਰਦੇ ਹੋਏ, ਉਸ ਨੂੰ ਕੌਂਸਲ ਦੁਆਰਾ ਪਾਸ ਕੀਤੇ ਗਏ ਬਿੱਲਾਂ ਨੂੰ (1) ਸਹਿਮਤੀ ਦੇਣ (2) ਆਪਣੀ ਬਾਦਸ਼ਾਹੀ ਮਹੱਤਤਾ ਦੇ ਰੁਅਬ-ਦਾਬ ਵਿਚ ਸਹਿਮਤੀ ਨੂੰ ਰਾਖਵੀਂ ਰੱਖਣ (3) ਸਹਿਮਤੀ ਨਾ ਦੇਣ ਦੀ ਸ਼ਕਤੀ ਹੋਵੇਗੀ।

31. ਗਵਰਨਰ ਨੂੰ ਦਿੱਤੀਆਂ ਗਈਆਂ ਇਨ੍ਹਾਂ ਸ਼ਕਤੀਆਂ ਦੀ ਵਰਤੋਂ ਨਿਸ਼ਚੇ ਹੀ ਉਸ ਸੂਤਰ (ਫਾਰਮੂਲਾ) ਤੇ ਸ਼ਰਤਬੰਦ ਹੋ ਜਾਵੇਗੀ ਕਿ ਇਹ, ਵਿਧਾਨ-ਮੰਡਲ ਪ੍ਰਤੀ ਜ਼ਿੰਮੇਵਾਰ ਮੰਤਰੀਆਂ ਦੀ ਸਲਾਹ ਨਾਲ ਚਲੇਗਾ। ਇਸ ਦਾ ਮਤਲਬ ਇਹ ਨਹੀਂ ਹੈ ਕਿ ਉਸ ਕੋਲ ਆਪਣੇ ਮੰਤਰੀਆਂ ਨਾਲ ਅਸਹਿਮਤ ਹੋਣ ਦੀ ਅਖ਼ਤਿਆਰੀ ਸ਼ਕਤੀ ਨਹੀਂ ਰਹੇਗੀ। ਇਸ ਤੋਂ ਇਲਾਵਾ, ਉਸ ਨੂੰ ਨਾ ਕੇਵਲ ਆਪਣੇ ਮੰਤਰੀਆਂ ਨੂੰ ਇਹ ਦੱਸਣ ਦੀ ਖੁਲ੍ਹ ਹੋਵੇਗੀ ਕਿ ਉਹ ਉਨ੍ਹਾਂ ਦੀ ਨੀਤੀ ਨੂੰ ਪ੍ਰਵਾਨਗੀ ਨਹੀਂ ਦਿੰਦਾ ਬਲਕਿ ਉਸ ਨੂੰ, ਉਨ੍ਹਾਂ ਮੰਤਰੀਆਂ ਜਿਹੜੇ ਉਸ ਨੀਤੀ, ਜੋ ਉਸ ਨੂੰ ਪਸੰਦ ਨਹੀਂ ਹੈ, ਤੇ ਅੜੇ ਰਹਿਣਗੇ, ਨੂੰ ਬਰਖਾਸਤ ਕਰਨ ਦੀ ਵੀ ਸ਼ਕਤੀ ਹੋਵੇਗੀ। ਇਸ ਤਰ੍ਹਾਂ, ਕਿਸੇ ਸੰਵਿਧਾਨਕ ਮੁਖੀ ਤੇ, ਵਿਧਾਨ-ਮੰਡਲ ਪ੍ਰਤੀ ਜ਼ਿੰਮੇਵਾਰ ਕਿਸੇ ਮੰਤਰੀ ਦੀ ਸਲਾਹ ਨਾਲ ਚਲਣ ਲਈ ਉਸ ਨੂੰ ਮਜਬੂਰ ਕਰਨ ਦੀ ਕੋਈ ਬੰਦਸ਼ ਨਹੀਂ ਹੋ ਸਕਦੀ। ਉਸ ਦੀ ਜ਼ਿੰਮੇਵਾਰੀ ਇੰਨੀ ਹੈ ਕਿ ਉਹ ਮਤਦਾਤਾਵਾਂ ਦੀ ਆਮ ਭਾਵਨਾ ਨੂੰ ਸਮਝੇ ਅਤੇ ਅਗਰ ਉਹ ਕਿਸੇ ਮੰਤਰੀ ਦੀ ਸਲਾਹ ਨਾਲ ਚਲਦਾ ਹੈ ਤਾਂ ਉਹ ਇਸ ਕਰਕੇ ਕਿ ਮੰਤਰੀ ਕੋਲੋਂ ਮਤ-ਦਾਤਾਵਾਂ ਦੀ ਇੱਛਾ ਦੀ ਨੁਮਾਇੰਦਗੀ ਦੀ ਆਸ ਰੱਖੀ ਜਾਂਦੀ ਹੈ। ਪ੍ਰੰਤੂ ਇਹੋ ਜਿਹੇ ਮੌਕੇ ਵੀ ਆ ਸਕਦੇ ਹਨ ਜਦੋਂ ਉਹ ਸ਼ੱਕ ਕਰ ਸਕਦਾ ਹੈ ਕਿ ਕੀ ਮੰਤਰੀ ਸਮੁੱਚੇ ਚੋਣ-ਕਾਰ ਦੀ ਇੱਛਾ ਦੀ ਠੀਕ ਤਰ੍ਹਾਂ ਨੁਮਾਇੰਦਗੀ ਕਰ ਰਿਹਾ ਹੈ। ਸਿੱਟੇ ਵਜੋਂ ਨਾ ਕੇਵਲ ਸਾਰੀਆਂ ਜ਼ਿੰਮੇਵਾਰ ਸਰਕਾਰਾਂ ਦੇ ਵਿਧਾਨ ਇਸ ਗੱਲ ਨੂੰ ਮਾਨਤਾ ਹੀ ਦਿੰਦੇ ਹਨ, ਬਲਕਿ ਉਹ ਅਸਲ ਵਿਚ ਉਸ ਨੂੰ ਚੋਣ-ਕਾਰਾਂ ਦੀ ਇੱਛਾ ਦਾ ਪਤਾ ਲਗਾਉਣ ਲਈ ਸਾਰੇ ਸੰਭਵ ਸਾਧਨ ਵੀ ਮੁਹੱਈਆ ਕਰਦੇ ਹਨ। ਉਸ ਮੰਤਵ ਲਈ ਹੀ ਜ਼ਿੰਮੇਵਾਰ ਸਰਕਾਰ ਦਾ ਵਿਧਾਨ, ਗਵਰਨਰ ਨੂੰ, ਮੰਤਰੀਆਂ ਨੂੰ ਬਰਖਾਸਤ ਕਰਨ ਅਤੇ ਉਨ੍ਹਾਂ ਦੀ ਥਾਂ ਹੋਰਨਾਂ ਨੂੰ ਨਿਯੁਕਤ ਕਰਨ ਦੀ ਆਗਿਆ ਦਿੰਦਾ ਹੈ। ਪਰ ਇੰਜ ਉਹ ਇਸ ਉਮੀਦ ਨਾਲ ਕਰੇਗਾ ਕਿ ਵਿਧਾਨ-ਮੰਡਲ ਇੰਜ ਕਰਨ ਵਿਚ ਉਸ ਦਾ ਸਮਰਥਨ ਕਰੇਗਾ। ਜੋ ਵਿਧਾਨ-ਮੰਡਲ ਨਵੇਂ ਮੰਤਰੀਆਂ ਨੂੰ ਸਮਰਥਨ ਨਹੀਂ ਦਿੰਦਾ, ਸਾਰੀਆਂ ਜ਼ਿੰਮੇਵਾਰ ਸਰਕਾਰਾਂ ਦੇ ਵਿਧਾਨ ਉਸ ਨੂੰ ਦੂਜਾ ਰਸਤਾ ਅਪਣਾਉਣ ਦੀ ਆਗਿਆ ਦਿੰਦੇ ਹਨ ਕਿ ਉਹ ਵੋਟਰਾਂ ਨੂੰ ਇਸ ਉਮੀਦ ਨਾਲ ਅਪੀਲ ਕਰੇ ਕਿ ਉਹ ਉਨ੍ਹਾਂ ਨੂੰ ਸਮਰਥਨ ਦੇਣ। ਸੂਬੇ ਦੇ ਗਵਰਨਰ ਨੂੰ ਇਨ੍ਹਾਂ ਸਾਧਨਾਂ ਦੀ ਆਗਿਆ ਹੋਣੀ ਚਾਹੀਦੀ ਹੈ। ਪ੍ਰੰਤੂ ਇਹ ਗੱਲ ਵੀ ਦਿਮਾਗ ਵਿਚ ਰੱਖਣੀ ਜ਼ਰੂਰੀ ਹੈ ਕਿ ਕੋਈ ਵਿਧਾਨ ਵੀ ਉਸ ਨੂੰ ਇਸ ਤੋਂ ਜ਼ਿਆਦਾ ਸ਼ਕਤੀਆਂ ਨਹੀਂ ਦਿੰਦਾ। ਜੇ ਚੋਣ-

ਕਾਰਾਂ ਦੀ ਇੱਛਾ ਦਾ ਪਤਾ ਲਗਾਉਣ ਤੋਂ ਬਾਅਦ ਇਹ ਸਾਮਹ੍ਹਣੇ ਆਵੇ ਕਿ ਫੈਸਲਾ ਉਸ ਦੇ ਬਰਖਿਲਾਫ ਹੋ ਗਿਆ ਹੈ ਤਾਂ ਕਿਸੇ ਵੀ ਜ਼ਿੰਮੇਵਾਰ ਸਰਕਾਰ ਦਾ ਵਿਧਾਨ ਉਸ ਲਈ ਹੋਰ ਕੋਈ ਚਾਰਾ ਨਹੀਂ ਛੱਡਦਾ, ਸਿਵਾਏ ਇਸ ਦੇ ਕਿ ਉਹ ਜਾਂ ਤਾਂ ਝੁੱਕ ਜਾਵੇ ਜਾਂ ਤਿਆਗ-ਪੱਤਰ ਦੇ ਦੇਵੇ ਜਾਂ ਫਿਰ ਸੰਘਰਸ਼ ਕਰੇ । ਕਿਸੇ ਸੂਬੇ ਦੇ ਗਵਰਨਰ ਨੂੰ ਇਨ੍ਹਾਂ ਸਾਧਨਾਂ ਨਾਲ ਸੰਤੁਸ਼ਟ ਰਹਿਣਾ ਚਾਹੀਦਾ ਹੈ । ਕਿਸੇ ਹਾਲਾਤ ਵਿਚ ਵੀ ਉਸ ਨੂੰ ਅਜਿਹੀ ਕਾਰਵਾਈ ਕਰਨ ਲਈ ਸੁਤੰਤਰ ਸ਼ਕਤੀਆਂ ਨਹੀਂ ਦਿੱਤੀਆਂ ਜਾ ਸਕਦੀਆਂ ਜਿਹੜੀਆਂ ਉਸ ਨੂੰ ਮੌਜੂਦਾ ਸੰਵਿਧਾਨ ਅਧੀਨ ਪ੍ਰਾਪਤ ਹਨ ਜਿਵੇਂ ਵਿਧਾਨ-ਮੰਡਲ ਦੁਆਰਾ ਨਾ ਪਾਸ ਕੀਤੀ ਗਈ ਕਿਸੇ ਕਾਰਵਾਈ ਨੂੰ ਸਹਿਮਤੀ ਦੇਣ, ਵਿਧਾਨ-ਮੰਡਲ ਦੁਆਰਾ ਪਾਸ ਨਾ ਕੀਤੇ ਗਏ ਖਰਚੇ ਨੂੰ ਮਨਜ਼ੂਰੀ ਦੇਣ ਜਾਂ ਮੰਤਰੀਆਂ ਨੂੰ ਬਰਖਾਸਤ ਕਰਕੇ ਸੰਵਿਧਾਨ ਨੂੰ ਮੁਅੱਤਲ ਕਰਨ ਅਤੇ ਮਾਮਲਿਆਂ ਵਿਚ ਅਗਵਾਈ ਦੇਣ ਦੇ ਕੰਮ ਨੂੰ ਖੁਦ ਸੰਭਾਲ ਲੈਣ ਲਈ ਅੱਜ ਉਸ ਨੂੰ ਸ਼ਕਤੀਆਂ ਪ੍ਰਾਪਤ ਹਨ। ਇਸ ਲਈ, ਲੋੜ ਇਸ ਗੱਲ ਦੀ ਹੈ ਕਿ ਗਵਰਨਰ ਨੂੰ ਸੰਵਿਧਾਨਕ ਮੁਖੀ ਬਣਾਉਣ ਲਈ ਉਸ ਦੀਆਂ ਪ੍ਰਮਾਣਿਤ ਕਰਨ ਅਤੇ ਮੁਅੱਤਲ ਕਰਨ ਦੀਆਂ ਸ਼ਕਤੀਆਂ ਨੂੰ ਖਤਮ ਕਰ ਦਿੱਤਾ ਜਾਵੇ ਤਾਂ ਕਿ ਵਿਧਾਨ-ਮੰਡਲ ਪਤੀ ਜ਼ਿੰਮੇਵਾਰ ਮੰਤਰੀ ਉਸ ਦੀ ਦਖਲਅੰਦਾਜ਼ੀ ਤੋਂ ਬਿਨਾਂ ਸੁਤੰਤਰ ਤੌਰ' ਤੇ ਕੰਮ ਕਰ ਸਕਣ ।

32. ਉਸ ਧਾਰਾ ਦੀ ਸੰਖੇਪ ਭਾਸ਼ਾ, ਜਿਸ ਵਿਚ ਗਵਰਨਰ ਨੂੰ ਮੰਤਰੀ ਦੀ ਸਲਾਹ ਅਨੁਸਾਰ ਚੱਲਣ ਦੀ ਜ਼ਿੰਮੇਵਾਰੀ ਨਿਸ਼ਚਿਤ ਕੀਤੀ ਗਈ ਹੈ, ਇਕ ਮਹੱਤਤਾ ਵਾਲਾ ਮਾਮਲਾ ਹੈ। ਧਾਰਾ 52(3) ਜਿਹੜੀ ਇਸ ਨਾਲ ਸਬੰਧਤ ਹੈ, ਬਹੁਤ ਜ਼ਿਆਦਾ ਅਸਪਸ਼ਟ ਰੂਪ ਵਿਚ ਬਿਆਨ ਕੀਤੀ ਗਈ ਹੈ। ਇਹ ਮਿਥੇ ਟੀਚੇ ਨੂੰ ਪ੍ਰਾਪਤ ਕਰਨ ਲਈ ਬਹੁਤ ਹੀ ਅਸਪਸ਼ਟ ਸ਼ਬਦਾਂ ਵਿਚ ਦਿੱਤੀ ਗਈ ਹੈ । ਇਹ ਦੇ ਵਿਚ ਇਹ ਕਹਿਣ ਦੀ ਥਾਂ ਕਿ ਗਵਰਨਰ ਆਪਣੇ ਮੰਤਰੀਆਂ ਦੀ ਸਲਾਹ ਨਾਲ ਕੰਮ ਕਰੇਗਾ, ਜੇ ਇਹ ਕਿਹਾ ਗਿਆ ਹੁੰਦਾ ਕਿ ਗਵਰਨਰ ਦਾ ਕੋਈ ਵੀ ਆਦੇਸ਼ ਉਦੋਂ ਤਕ ਜਾਇਜ਼ ਨਹੀਂ ਮੰਨਿਆ ਜਾਵੇਗਾ, ਜਿੰਨਾ ਚਿਰ ਉਸ ਦੇ ਮੰਤਰੀ ਦੁਆਰਾ ਪ੍ਰਤਿਹਸਤਾਖਰ ਨਹੀਂ ਕੀਤੇ ਜਾਂਦੇ, ਤਾਂ ਬਹੁਤ ਚੰਗਾ ਹੁੰਦਾ। ਅਜਿਹੀ ਭਾਸ਼ਾ ਦੀ ਲਾਜ਼ਮੀ ਤਾਕਤ ਸਪੱਸ਼ਟ ਹੈ । ਇਸੇ ਅਨੁਸਾਰ ਮੈਂ ਇਸ ਧਾਰਾ ਦੀ ਭਾਸ਼ਾ ਨੂੰ ਬਦਲਣ ਦੀ ਸਿਫਾਰਸ਼ ਕਰਦਾ ਹਾਂ।

33. ਗਵਰਨਰ ਦੀਆਂ ਸ਼ਕਤੀਆਂ ਦੀ ਪਰਿਭਾਸ਼ਾ ਦੇ ਨਾਲ ਨਾਲ ਗਵਰਨਰ ਦੀ ਕਾਰਜਕਾਰਣੀ ਵਿਚ ਸਥਿਤੀ ਵੀ ਪਰਿਭਾਸ਼ਤ ਕੀਤੀ ਜਾਣੀ ਚਾਹੀਦੀ ਹੈ । ਮਾਮਲਿਆਂ ਦੀ ਅਗਵਾਈ ਦੀ ਜ਼ਿੰਮੇਵਾਰੀ ਤੋਂ ਮੁਕਤ ਹੋ ਜਾਣ ਨਾਲ, ਗਵਰਨਰ ਦਾ ਕੰਮ ਕਾਰਜਕਾਰੀ ਨਾਲੋਂ ਨਿਗਰਾਨੀ ਵਾਲਾ ਬਣ ਜਾਂਦਾ ਹੈ । ਉਸ ਦਾ ਮੁੱਖ ਕਾਰਜ ਇਹ ਦੇਖਣਾ ਹੋਵੇਗਾ ਕਿ ਉਹ, ਜਿਨ੍ਹਾਂ ਤੇ ਜ਼ਿੰਮੇਵਾਰੀ ਹੁਣ ਪਵੇਗੀ, ਆਪਣੀ ਅਗਵਾਈ ਲਈ ਸੰਵਿਧਾਨ ਵਿਚ ਦਰਜ ਸਿਧਾਂਤ ਦੀ ਉਲੰਘਣਾ ਤਾਂ ਨਹੀਂ ਕਰਦੇ । ਇਸ ਲਈ ਕਿ ਉਹ ਇਹ ਕਾਰਜ ਨਿਭਾਵੇ, ਉਸ ਨੂੰ ਸਥਾਨਕ ਸਿਆਸਤ ਤੋਂ ਦੂਰ ਰੱਖਣਾ ਚਾਹੀਦਾ ਹੈ । ਇਹ ਆਜ਼ਾਦੀ ਕਿ ਨਿਰਪੱਖ

ਨਿਗਰਾਨੀ ਲਈ ਬਿਲਕੁਲ ਲਾਜ਼ਮੀ ਹੈ । ਉਸ ਨੂੰ ਆਜ਼ਾਦ ਰੱਖਣ ਦਾ ਸਭ ਤੋਂ ਵਧੀਆ ਤਰੀਕਾ ਹੈ ਉਸ ਨੂੰ ਕਾਰਜਕਰਣੀ ਤੋਂ ਦੂਰ ਰੱਖਣਾ । ਗਵਰਨਰ ਦੇ ਨਿਰਪੱਖ ਨਿਰਣੇ ਜਿਵੇਂ ਰਾਜਨੀਤਿਕ ਵਿਵਾਦਾਂ ਵਿਚ ਉਸ ਦੁਆਰਾ ਸਿੱਧਾ ਹਿੱਸਾ ਲੈਣ ਆਦਿ ਨਾਲ ਲੋਕ ਭਰੋਸੇ ਨੂੰ ਕੋਈ ਢਾਹ ਨਹੀਂ ਲਗੇਗੀ, ਨਾ ਹੀ ਇਹ ਸ਼ੱਕ ਕੀਤਾ ਜਾ ਸਕੇਗਾ ਕਿ ਵਿਧਾਨ-ਮੰਡਲ ਅਤੇ ਕਾਰਜਕਰਣੀ ਵਿਚਕਾਰ ਵਿਵਾਦਾਂ ਲਈ ਉਸ ਦੁਆਰਾ ਲੋਕ-ਮਤ ਦਾ ਸਾਥ ਦੇਣ ਨਾਲ ਕੋਈ ਹੋਰ ਨਤੀਜਾ ਨਹੀਂ ਨਿਕਲੇਗਾ । ਜੇਕਰ ਗਵਰਨਰ ਆਪਣੇ ਕਾਰਜ ਉਸ ਢੰਗ ਨਾਲ ਨਿਭਾਵੇਗਾ, ਜਿਹੜਾ ਬਹੁਤ ਵਧੀਆ ਢੰਗ ਸਮਝਿਆ ਜਾਵੇਗਾ ਤਾਂ ਇਹ ਬਹੁਤ ਮਹਤਵਪੂਰਨ ਹੋਵੇਗਾ । ਇਸ ਲਈ ਉਸ ਦਾ ਦਰਜਾ ਰਾਜਨੀਤੀ ਤੋਂ ਉਪਰ ਰੱਖਿਆ ਜਾਣਾ ਚਾਹੀਦਾ ਹੈ । ਉਸ ਮੰਤਵ ਲਈ ਉਸ ਨੂੰ ਉਸੇ ਤਰ੍ਹਾਂ ਕਾਰਜਕਾਰਣੀ ਤੋਂ ਮੁਕਤ ਕਰ ਦੇਣਾ ਚਾਹੀਦਾ ਹੈ ਜਿਵੇਂ ਉਸ ਨੂੰ ਵਿਧਾਨ-ਮੰਡਲ ਤੋਂ ਅਲੱਗ ਕਰ ਦਿੱਤਾ ਗਿਆ ਹੈ । ਇਸ ਲਈ, ਮੈਂ ਸਿਫਾਰਸ਼ ਕਰਦਾ ਹਾਂ ਕਿ ਇਹ ਪ੍ਰਬੰਧ ਕੀਤਾ ਜਾਵੇ ਕਿ ਗਵਰਨਰ ਕਾਰਜਕਾਰਣੀ ਦਾ ਅੰਗ ਨਹੀਂ ਹੋਣਾ ਚਾਹੀਦਾ, ਨਾ ਹੀ ਉਸ ਨੂੰ ਇਸ ਦੀ ਪ੍ਰਧਾਨਗੀ ਕਰਨ ਦਾ ਹੱਕ ਹੋਣਾ ਚਾਹੀਦਾ ਹੈ ।ਕਾਰਜਕਾਰਣੀ ਦੀਆਂ ਬੈਠਕਾਂ ਗਵਰਨਰ ਦੀ ਕਿਸੇ ਦਖਲ-ਅੰਦਾਜ਼ੀ ਤੋਂ ਬਗੈਰ ਪ੍ਰਧਾਨ ਮੰਤਰੀ ਦੁਆਰਾ ਬੁਲਾਈਆਂ ਜਾਣ ਅਤੇ ਉਨ੍ਹਾਂ ਦੀ ਪ੍ਰਧਾਨਗੀ ਵੀ ਉਹੀ ਕਰੇ ।

ਭਾਗ 3

ਪ੍ਰਾਂਤਿਕ ਵਿਧਾਨ ਮੰਡਲ

ਅਧਿਆਇ-1

ਮੱਤ-ਅਧਿਕਾਰ

34. ਮੇਰੇ ਸਾਥੀਆਂ ਨੇ ਸਿਫ਼ਾਰਸ਼ ਕੀਤੀ ਹੈ ਕਿ ਸ਼ਹਿਰੀ ਇਲਾਕਿਆਂ ਵਿਚ ਮਤਦਾਨ ਜਿਉਂ ਦਾ ਤਿਉਂ ਰਹਿਣ ਦੇਣਾ ਚਾਹੀਦਾ ਹੈ ਅਤੇ ਦਿਹਾਤੀ ਇਲਾਕਿਆਂ ਵਿਚ ਇਸ ਨੂੰ ਭੂਮੀ ਕਰ ਮੁੱਲ-ਆਂਕਣ ਦੇ ਅੱਧ ਦੇ ਬਰਾਬਰ ਕਰ ਦੇਣਾ ਚਾਹੀਦਾ ਹੈ । ਮੇਰੇ ਸਾਥੀਆਂ ਨੇ ਮੱਤ ਅਧਿਕਾਰ ਦੇ ਪ੍ਰਸ਼ਨ ਤੇ ਇਸ ਤਰ੍ਹਾਂ ਵਿਚਾਰ ਕੀਤਾ ਹੈ ਜਿਵੇਂ ਕਿ ਇਹ ਤਰਫ਼ਦਾਰੀ ਦਾ ਪ੍ਰਸ਼ਨ ਹੋਵੇ ਨਾ ਕਿ ਅਧਿਕਾਰ ਦਾ । ਮੈਂ ਸਮਝਦਾ ਹਾਂ ਕਿ ਸਾਡੇ ਦੇਸ਼ ਵਿਚ ਅਜਿਹੇ ਵਿਚਾਰ ਨੂੰ ਰਾਜਨੀਤਕ ਸਮਾਜ ਦੇ ਆਧਾਰ ਵਜੋਂ ਮੰਨਣਾ ਬਹੁਤ ਖਤਰਨਾਕ ਹੈ । ਕਿਉਂਕਿ ਜੇਕਰ ਪ੍ਰਤਿਨਿਧਤਾ ਦੇ ਅਧਿਕਾਰ ਦੀ ਧਾਰਨਾ ਨੂੰ ਗੈਰ-ਮੁਨਾਸਬ ਸਮਝ ਕੇ ਰੱਦ ਕੀਤਾ ਜਾਣਾ ਹੈ; ਜੇਕਰ ਪ੍ਰਤਿਨਿਧਤਾ ਦੇ ਮੌਲਿਕ ਦਾਅਵੇ ਨੂੰ ਅਧਿਆਤਮਕ ਜਾਂ ਭਾਵਕ ਰੌਲ ਤੋਂ ਵੱਧ ਕੁਝ ਵੀ ਨਹੀਂ ਸਮਝਿਆ ਜਾਣਾ; ਜੇਕਰ ਮੱਤ-ਅਧਿਕਾਰ ਨੂੰ ਇਕ ਵਿਸ਼ੇਸ਼ ਅਧਿਕਾਰ ਮੰਨਿਆ ਜਾਣਾ ਹੈ ਜੋ ਕਿ ਰਾਜਨੀਤਕ ਸੱਤਾ ਮਾਨਣ ਵਾਲਿਆਂ ਵਲੋਂ ਆਪਣੇ ਅਨੁਮਾਨ ਅਨੁਸਾਰ ਇਸ ਦੀ ਵਰਤੋਂ ਕਰਣ ਲਈ ਦਿੱਤਾ ਜਾਣਾ ਜਾਂ ਖੋਹਿਆ ਜਾਣਾ ਹੈ ਤਾਂ ਇਹ ਜ਼ਾਹਿਰ ਹੈ ਕਿ ਵੋਟ ਨਾ ਦੇਣ ਵਾਲਿਆਂ ਦੀ ਰਾਜਨੀਤਿਕ ਨਿਜ਼ਾਤ ਪੂਰਨ ਰੂਪ ਵਿਚ ਵੋਟ ਦੇਣ ਵਾਲਿਆਂ ਦੀ ਦਇਆ ਤੇ ਨਿਰਭਰ ਕਰੇਗੀ । ਅਜਿਹੇ ਸਿੱਟੇ ਨੂੰ ਮੰਨਣਾ ਇਹ ਮੰਨਣਾ ਹੋਵੇਗਾ ਕਿ ਗੁਲਾਮੀ ਕੋਈ ਗਲਤ ਗੱਲ ਨਹੀਂ ਹੈ । ਕਿਉਂਕਿ ਗੁਲਾਮੀ ਵੀ ਇਹ ਪਰਿਕਲਪਨਾ ਕਰਦੀ ਹੈ ਕਿ ਲੋਕਾਂ ਕੋਲ ਸੱਤਾਧਾਰੀਆਂ ਦੀ ਗੱਲ ਮੰਨਣ ਤੋਂ ਛੁਟ ਆਪਣਾ ਕੋਈ ਅਧਿਕਾਰ ਨਹੀਂ ਹੈ । ਉਹ ਸਿਧਾਂਤ ਜਿਸਦਾ ਅਜਿਹਾ ਸਿੱਟਾ ਨਿਕਲਦਾ ਹੋਵੇ, ਕਿਸੇ ਵੀ ਕਿਸਮ ਦੀ ਲੋਕਪ੍ਰਿਯ ਸਰਕਾਰ ਲਈ ਘਾਤਕ ਹੋਵੇਗਾ ਇਸ ਲਈ ਮੈਂ ਇਸ ਨੂੰ ਸੰਪੂਰਨ ਰੂਪ ਵਿਚ ਰੱਦ ਕਰਦਾ ਹਾਂ ।

35. ਮੇਰੇ ਸਾਥੀ ਮੱਤ-ਅਧਿਕਾਰ ਦੇ ਪ੍ਰਸ਼ਨ ਨੂੰ ਇੰਜ ਸਮਝਦੇ ਹਨ, ਜਿਵੇਂ ਕਿ ਇਹ ਇਕ ਕਾਗਜ਼ ਦੇ ਟੁਕੜੇ ਜਿਸ ਉਪਰ ਨਾਂ ਲਿਖੇ ਹੋਣ, ਨੂੰ ਮੱਤ-ਪੇਟੀ ਵਿਚ ਪਾਉਣ ਦੀ ਯੋਗਤਾ ਦੇ ਪ੍ਰਸ਼ਨ ਤੋਂ ਸਿਵਾ ਕੁਝ ਨਾ ਹੋਵੇ। ਜੇਕਰ ਅਜਿਹਾ ਨਾਂ ਹੁੰਦਾ ਤਾ ਉਨ੍ਹਾਂ ਨੇ ਪੜ੍ਹਾਈ ਨੂੰ ਮਤ-ਅਧਿਕਾਰ ਦਾ ਆਧਾਰ ਬਣਾਉਣ ਤੇ ਕਦੇ ਜ਼ੋਰ ਨਾ ਦਿੱਤਾ ਹੁੰਦਾ। ਮਤ ਅਧਿਕਾਰ ਦਾ ਅਜਿਹਾ ਵਿਚਾਰ ਬਿਨਾਂ ਸ਼ੱਕ ਬਣਾਉਟੀ ਹੈ ਅਤੇ ਇੰਜ ਕਰਨਾ ਇਸ ਦੇ ਮਕਸਦ ਦਾ ਗਲਤ

ਅੰਦਾਜ਼ਾ ਲਗਾਉਣਾ ਹੈ । ਜੇਕਰ ਬਹੁਗਿਣਤੀ ਦੇ ਵਿਚਾਰ ਅਧੀਨ ਮੱਤ-ਅਧਿਕਾਰ ਦੇ ਅਰਥ ਦੀ ਸਹੀ ਧਾਰਨਾ ਹੁੰਦੀ ਤਾਂ ਉਨ੍ਹਾਂ ਨੇ ਇਹ ਜ਼ਰੂਰ ਵਿਚਾਰਿਆ ਹੁੰਦਾ ਕਿ ਮੱਤ ਅਧਿਕਾਰ ਮਤ-ਪਰਚੀ ਉਪਰ ਨਿਸ਼ਾਨ ਲਗਾ ਕੇ ਮੱਤ ਪੇਟੀ ਵਿਚ ਪਾਉਣ ਦੀ ਕਿਰਿਆ ਹੀ ਨਹੀਂ ਬਲਕਿ ਇਹ "ਉਨ੍ਹਾਂ ਸ਼ਰਤਾਂ ਨੂੰ ਨਿਯਮਤ ਕਰਨ ਲਈ ਸਿੱਧਾ ਅਤੇ ਸਰਗਰਮ ਭਾਗ ਲੈਣਾ ਹੈ, ਜਿਨ੍ਹਾਂ ਦੇ ਸਹਾਰੇ ਸਘੀ ਜੀਵਨ ਨੂੰ ਕਾਇਮ ਰੱਖਿਆ ਜਾ ਸਕੇ ਅਤੇ ਚੰਗਿਆਈ ਨੂੰ ਬਰਕਰਾਰ ਰਖਿਆ ਜਾ ਸ਼ਕੇ।" ਜੇਕਰ ਮੱਤ-ਅਧਿਕਾਰ ਦੀ ਇਸ ਧਾਰਨਾ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ ਇਸ ਦਾ ਅਰਥ ਇਹ ਹੋਵੇਗਾ ਕਿ ਮਤ ਅਧਿਕਾਰ ਹਰ ਉਸ ਬਾਲਗ ਨੂੰ ਦੇਣਾ ਬਣਦਾ ਹੈ ਜੋ ਪਾਗਲ ਨਹੀਂ ਹੈ । ਕਿਉਂਕਿ ਸੰਘੀ ਜੀਵਨ ਵਿਚ ਹਰ ਵਿਅਕਤੀ ਭਾਗ ਲੈਂਦਾ ਹੈ ਅਤੇ ਕਿਉਂਕਿ ਹਰੇਕ ਵਿਅਕਤੀ ਇਸਦੇ ਸਿੱਟਿਆਂ ਤੋਂ ਪ੍ਰਭਾਵਤ ਹੁੰਦਾ ਹੈ, ਇਸ ਲਈ ਹਰੇਕ ਵਿਅਕਤੀ ਕੋਲ ਆਪਣੀਆਂ ਸ਼ਰਤਾਂ ਨਿਰਧਾਰਣ ਕਰਨ ਦਾ ਅਧਿਕਾਰ ਹੋਣਾ ਲਾਜ਼ਮੀ ਹੈ । ਇਸ ਤੋਂ ਇਹ ਨਤੀਜਾ ਪ੍ਰਾਪਤ ਹੁੰਦਾ ਹੈ ਕਿ ਜਿੰਨਾ ਵੀ ਕੋਈ ਵਿਅਕਤੀ ਜ਼ਿਆਦਾ ਗਰੀਬ ਹੋਵੇ, ਉਸ ਨੂੰ ਵੋਟ ਦੇਣ ਦਾ ਅਧਿਕਾਰ ਦੇਣਾ ਉਤਨਾ ਹੀ ਜ਼ਰੂਰੀ ਹੈ । ਨਿੱਜੀ ਜਾਇਦਾਦ ਤੇ ਆਧਾਰਤ ਸੰਘੀ ਜੀਵਨ ਦੀਆਂ ਸ਼ਰਤਾਂ ਹਰ ਇਕ ਸਮਾਜ ਵਿਚ ਰਚਿਤ ਹੁੰਦੀਆਂ ਹਨ ਜਿਵੇਂ ਕਿ ਮਾਲਕਾਂ ਅਤੇ ਕਿਰਤੀਆਂ ਵਿਚਕਾਰ, ਜੋ ਕਿ ਮੁਢ ਤੋਂ ਹੀ ਕਿਰਤੀਆਂ ਦੇ ਵਿਰੁੱਧ ਹਨ । ਜੇਕਰ ਕਿਰਤੀਆਂ ਦੀ ਭਲਾਈ ਨੂੰ ਉਨ੍ਹਾਂ ਦੇ ਮਾਲਕਾਂ ਦੁਆਰਾ ਤਬਾਹ ਕੀਤੇ ਜਾਣ ਤੋਂ ਜ਼ਾਮਨੀ ਦਿੱਤੀ ਜਾਣੀ ਹੈ ਤਾਂ ਉਨ੍ਹਾਂ ਦੇ ਸੰਘੀ ਜੀਵਨ ਦੀਆਂ ਸ਼ਰਤਾਂ ਨੂੰ ਨਿਰੰਤਰ ਪੁਨਰ-ਸਥਾਪਣ ਕਰਨਾ ਲਾਜ਼ਮੀ ਹੈ । ਪਰੰਤੂ ਮਤ-ਅਧਿਕਾਰ ਨੂੰ ਜਾਇਦਾਦ ਤੋਂ ਵੱਖਰਾ ਕਰਕੇ ਅਤੇ ਸਾਰੇ ਜਾਇਦਾਦ ਰਹਿਤ ਬਾਲਗਾਂ ਨੂੰ ਇਹ ਅਧਿਕਾਰ ਦਿੱਤੇ ਬਗੈਰ ਅਜਿਹਾ ਨਹੀਂ ਕੀਤਾ ਜਾ ਸਕਦਾ । ਇਸ ਲਈ ਇਹ ਸਪਸ਼ਟ ਹੈ ਕਿ ਕਿਸੇ ਵੀ ਦ੍ਰਿਸ਼ਟੀਕੋਣ ਤੋਂ ਵਿਚਾਰਿਆ ਜਾਵੇ, ਬਾਲਗ ਨੂੰ ਵੋਟ ਦੇਣ ਦੇ ਅਧਿਕਾਰ ਦੇ ਹੱਕ 'ਚ ਸਿੱਟਾ ਬੇਰੋਕ ਹੈ । ਮੈਂ ਇਸ ਸਿੱਟੇ ਨੂੰ ਸਵੀਕਾਰ ਕਰਦਾ ਹਾਂ ਅਤੇ ਸਿਫ਼ਾਰਸ਼ ਕਰਦਾ ਹਾਂ ਕਿ ਵੋਟ ਦੇਣ ਦਾ ਅਧਿਕਾਰ ਸਾਰੇ ਬਾਲਗ ਪੁਰਖਾਂ ਅਤੇ ਇਸਤਰੀਆਂ, ਜੋ 21 ਵਰ੍ਹਿਆਂ ਦੀ ਉਮਰ ਤੋਂ ਉਪਰ ਹਨ, ਨੂੰ ਦਿੱਤਾ ਜਾਣਾ ਚਾਹੀਦਾ ਹੈ ।

36. ਵੋਟ ਦੇਣ ਦੇ ਅਧਿਕਾਰ ਨੂੰ ਕਰਨ ਲਈ ਰਾਜਨੀਤਕ ਨਿਆਂ ਹੀ ਕੇਵਲ ਆਧਾਰ ਨਹੀਂ ਹੈ । ਰਾਜਨੀਤਕ ਉਪਯੋਗਤਾ ਵੀ ਇਸ ਨੂੰ ਲਾਗੂ ਕਰਨ ਦੀ ਹਮਾਇਤ ਕਰਦੀ ਹੈ। ਮੁਸਲਮਾਨਾਂ ਵਰਗੀਆਂ ਘੱਟ-ਗਿਣਤੀਆਂ ਫਿਰਕੂ ਆਧਾਰ ਤੇ ਚੋਣ-ਖੇਤਰ ਬਣਾਉਣ ਲਈ ਜ਼ੋਰ ਕਿਉਂ ਦਿੰਦੀਆਂ ਹਨ, ਇਸਦਾ ਇਕ ਕਾਰਨ ਇਹ ਡਰ ਹੈ ਕਿ ਸੰਯੁਕਤ ਚੋਣ-ਖੇਤਰਾਂ ਵਾਲੀ ਪ੍ਰਣਾਲੀ ਵਿਚ ਬਹੁ-ਗਿਣਤੀ ਜਾਤੀ ਦੇ ਮੱਤਦਾਤਾ ਚੋਣਾਂ ਨੂੰ ਵੱਡੇ ਰੂਪ ਵਿਚ ਇਸ ਤਰ੍ਹਾਂ ਪ੍ਰਭਾਵਤ ਕਰਨਗੇ ਕਿ ਸੀਟਾਂ ਅਜਿਹੇ ਵਿਅਕਤੀਆਂ ਕੋਲ ਜਾਣਗੀਆਂ ਜੋ ਘੱਟ-ਗਿਣਤੀ ਦੇ ਨਜ਼ਰੀਏ ਤੋਂ ਅਣਚਾਹੇ ਹੋਣਗੇ । ਮੈਂ ਆਪਣੀ ਰਿਪੋਰਟ ਦੇ ਅਗਲੇ ਭਾਗ ਵਿਚ ਸੰਕੇਤ ਦਿੱਤਾ ਹੈ ਕਿ ਬਾਲਗ ਮਤ ਅਧਿਕਾਰ ਪ੍ਰਣਾਲੀ ਲਾਗੂ ਕਰਕੇ ਅਜਿਹੇ ਵਾਦ-ਵਿਵਾਦ

ਨੂੰ ਜ਼ੋਰਦਾਰ ਢੰਗ ਨਾਲ ਨਜਿੱਠਿਆ ਜਾ ਸਕਦਾ ਹੈ । ਬਹੁ-ਗਿਣਤੀ ਨੇ ਬਾਲਗ ਮਤ ਅਧਿਕਾਰ ਦੀ ਮਹਤਤਾ ਤੇ ਫਿਰਕੂ ਚੋਣ ਖੇਤਰਾਂ ਦਾ ਬਦਲ ਹੋਣ ਬਾਰੇ ਕੋਈ ਵਿਚਾਰ ਨਹੀਂ ਕੀਤਾ । ਬਹੁ ਗਿਣਤੀ ਇਸ ਤਰ੍ਹਾਂ ਅੱਗੇ ਵੱਧੀ ਹੈ ਜਿਵੇਂ ਕਿ ਫਿਰਕੂ ਚੋਣ-ਖੇਤਰ ਸੰਭਾਲ ਕੇ ਰੱਖਣ ਲਈ ਬਹੁਤ ਚੰਗੀ ਸ਼ੈ ਹੋਵੇ ਅਤੇ ਉਨ੍ਹਾਂ ਨੇ ਬਾਲਗ ਮਤ ਅਧਿਕਾਰ ਨਾਲ ਇੰਜ ਵਿਹਾਰ ਕੀਤਾ ਹੈ ਜਿਵੇਂ ਇਹ ਦੱਬ ਕੇ ਰੱਖਣ ਵਾਲੀ ਬੁਰਾਈ ਹੋਵੇ । ਮੇਰਾ ਦ੍ਰਿਸ਼ਟੀਕੋਣ ਉਨ੍ਹਾਂ ਤੋਂ ਉਲਟ ਹੈ । ਮੈਂ ਫਿਰਕੂ ਚੋਣ ਖੇਤਰਾਂ ਨੂੰ ਬੁਰਾ ਅਤੇ ਬਾਲਗ ਮੱਤ-ਅਧਿਕਾਰ ਨੂੰ ਚੰਗਾ ਮੰਨਦਾ ਹਾਂ। ਜਿਹੜੇ ਮੇਰੇ ਨਾਲ ਸਹਿਮਤ ਹਨ, ਉਹ ਸਵੀਕਾਰ ਕਰਨਗੇ ਕਿ ਬਾਲਗ ਮਤ ਅਧਿਕਾਰ ਨਾ ਕੇਵਲ ਇਸ ਦੇ ਜਨਮਜਾਤ ਚੰਗਾ ਹੋਣ ਕਰਕੇ ਲਾਗੂ ਕੀਤਾ ਜਾਣਾ ਚਾਹੀਦਾ ਹੈ, ਸਗੋਂ ਇਸ ਲਈ ਵੀ ਕਿ ਇਹੁੰ ਸਾਨੂੰ ਫਿਰਕੂ ਚੋਣ ਖੇਤਰਾਂ ਦੀ ਬੁਰਾਈ ਤੋਂ ਛੁਟਕਾਰਾ ਦਿਵਾਉਣ ਦੇ ਕਾਬਲ ਬਣਾਏਗਾ । ਪਰੰਤੂ ਮੈਨੂੰ ਯਕੀਨ ਹੈ ਕਿ ਜਿਨ੍ਹਾਂ ਦੀ ਰਾਜਨੀਤਕ ਸ਼ਰਧਾ ਬਾਲਗ ਮਤ ਅਧਿਕਾਰ ਵਿਚ ਵਿਸ਼ਵਾਸ ਨਹੀਂ ਰਖਦੀ, ਉਨ੍ਹਾਂ ਨੂੰ ਵੀ ਮੇਰਾ ਦ੍ਰਿਸ਼ਟੀਕੋਣ ਸਵੀਕਾਰ ਕਰਨ ਵਿਚ ਕੋਈ ਮੁਸ਼ਕਲ ਨਹੀਂ ਹੋਵੇਗੀ । ਕਿਉਂਕਿ ਇਹ ਇਕ ਆਮ ਵਿਚਾਰ ਹੈ ਕਿ ਘਟ ਬੁਰੀ ਚੀਜ਼ ਨੂੰ ਜ਼ਿਆਦਾ ਬੁਰੀ ਚੀਜ਼ ਤੋਂ ਤਰਜ਼ੀਹ ਦਿੱਤੀ ਜਾਂਦੀ ਹੈ ਅਤੇ ਇਸ ਵਿਚ ਕੋਈ ਸ਼ਕ ਨਹੀਂ ਕਿ ਬਾਲਗ ਮੱਤ ਅਧਿਕਾਰ ਜੇਕਰ ਇਕ ਬੁਰਾਈ ਵੀ ਹੈ ਤਾਂ ਇਹ ਫਿਰਕੂ ਚੋਣ ਖੇਤਰਾਂ ਨਾਲੋਂ ਘੱਟ ਬੁਰੀ ਹੈ । ਬਾਲਗ ਮਤ ਅਧਿਕਾਰ ਜੋ ਕਿ ਰਾਜਨੀਤਕ ਨਿਆਂ ਦੁਆਰਾ ਸਮਰਥਿਤ ਹੈ ਅਤੇ ਰਾਜਨੀਤਕ ਉਪਯੋਗਤਾ ਦੁਆਰਾ ਸਵੀਕਾਰਿਆ ਜਾਂਦਾ ਹੈ, ਮੈਨੂੰ ਪਤਾ ਹੈ ਕਿ ਇਸਦੀ ਜਨਮੱਤ ਦੇ ਬਹੁਤ ਵੱਡੇ ਭਾਗ ਵਲੋਂ ਵੀ ਮੰਗ ਕੀਤੀ ਜਾਂਦੀ ਹੈ । ਨਹਿਰੂ ਕਮੇਟੀ ਦੀ ਰਿਪੋਰਟ, ਜਿਸ ਵਿਚ ਗੈਰ-ਬ੍ਰਾਹਮਣਾਂ ਅਤੇ ਦਲਿਤ ਸ਼੍ਰੇਣੀਆਂ ਤੋਂ ਇਲਾਵਾ ਭਾਰਤ ਵਿਚਲੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਵਿਚਾਰ ਸ਼ਾਮਲ ਹਨ, ਨੇ ਵੀ ਬਾਲਗ ਮਤ ਅਧਿਕਾਰ ਲਾਗੂ ਕਰਨ ਦੀ ਤਰਫ਼ਦਾਰੀ ਕੀਤੀ ਹੈ । ਦਲਿਤ ਸ਼੍ਰੇਣੀਆਂ ਨੇ ਵੀ ਇਸ ਨੂੰ ਲਾਗੂ ਕਰਨ ਤੇ ਜ਼ੋਰ ਦਿੱਤਾ ਹੈ । ਸਿੰਧ ਮੁਹੰਮਦਨ ਐਸੋਸੀਏਸ਼ਨ, ਬੰਬਈ ਦੀ ਸਰਕਾਰ ਦੇ ਇਕ ਮੁਸਲਮਾਨ ਮੈਂਬਰ ਅਤੇ ਇਕ ਗੈਰ ਬ੍ਰਾਹਮਣ ਮੈਂਬਰ ਨੇ ਵੀ ਇਸਦੇ ਪੱਖ ਵਿਚ ਰਾਏ ਪ੍ਰਗਟ ਕੀਤੀ ਹੈ । ਇਸ ਤਰ੍ਹਾਂ ਜਨਮਤ ਦਾ ਕਾਫੀ ਵੱਡਾ ਹਿੱਸਾ ਬਾਲਗ ਮਤ-ਅਧਿਕਾਰ ਦੇ ਹੱਕ ਵਿਚ ਹੈ । ਮੇਰੇ ਸਾਥੀਆਂ ਨੇ ਇੰਨੇ ਵੱਡੇ ਜਨਮੱਤ ਨੂੰ ਨਜ਼ਰ-ਅੰਦਾਜ਼ ਕਰਨ ਦਾ ਕੋਈ ਕਾਰਨ ਨਹੀਂ ਦੱਸਿਆ ।

37. ਬਾਲਗ ਮੱਤ-ਅਧਿਕਾਰ ਨੂੰ ਲਾਗੂ ਕਰਨ ਦੇ ਵਿਰੁੱਧ ਫੈਸਲਾ ਲੈਣ ਲਈ ਮੇਰੇ ਸਾਥੀਆਂ ਨੂੰ ਦੋ ਗੱਲਾਂ ਨੇ ਕਾਫ਼ੀ ਪ੍ਰਭਾਵਤ ਕੀਤਾ ਜਾਪਦਾ ਹੈ । ਇਕ ਦੇਸ਼ ਵਿਚ ਮੌਜੂਦਾ ਅਨਪੜ੍ਹਤਾ ਦੀ ਬਹੁਤਾਤ ਹੈ । ਦੇਸ਼ ਦੀ ਜਨਤਾ ਵਿਚ ਅਨਪੜ੍ਹਤਾ ਦੀ ਹੋਂਦ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ । ਪਰ ਮੈਂ ਇਸ ਗੱਲ ਨੂੰ ਸਹੀ ਨਹੀਂ ਮੰਨਦਾ ਕਿ ਇਸ ਗੱਲ਼ ਦਾ ਮੱਤ-ਅਧਿਕਾਰ ਦੇ ਪ੍ਰਸ਼ਨ 'ਤੇ ਕੋਈ ਪ੍ਰਭਾਵ ਪੈ ਸਕਦਾ ਹੈ । ਪਹਿਲੀ ਗੱਲ ਇਹ ਹੈ ਕਿ ਅਨਪੜ੍ਹਾਂ ਦੀ ਅਨਪੜ੍ਹਤਾ ਕੋਈ ਉਨ੍ਹਾਂ ਦਾ ਆਪਣਾ ਕਸੂਰ ਨਹੀਂ । ਬੰਬਈ ਦੀ ਸਰਕਾਰ ਨੇ ਕਾਫ਼ੀ ਲੰਮਾ ਸਮਾਂ ਲੋਕਾਂ ਨੂੰ ਪੜ੍ਹਾਉਣ ਦੇ ਮਹਤਵਪੂਰਨ ਕੰਮ ਨੂੰ ਅਪਨਾਉਣ ਤੋਂ ਇਨਕਾਰ

ਕੀਤਾ ਅਤੇ ਜਦੋਂ ਇਸ ਨੇ ਅਪਣਾਇਆ ਵੀ ਤਾਂ ਜਾਣ-ਬੁੱਝ ਕੇ ਇਸ ਲਾਭ ਨੂੰ ਕੁੱਝ ਸ਼੍ਰੇਣੀਆਂ ਤਕ ਹੀ ਸੀਮਿਤ ਰਖਿਆ ਅਤੇ ਜਨਤਾ ਤਕ ਇਸੇ ਦੇ ਪ੍ਰਸਾਰ ਤੋਂ ਇਨਕਾਰ ਕੀਤਾ*

38. 1854 ਤਕ ਸਰਕਾਰ ਨੇ ਸ਼੍ਰੇਣੀ ਵਿਦਿਆ ਦੇ ਵਿਰੁੱਧ ਸਮੂਹਕ ਵਿਦਿਆ ਦੇ ਹੱਕ ਵਿਚ ਐਲਾਨ ਨਹੀਂ ਕੀਤਾ ਸੀ ਪਰੰਤੂ ਆਮ ਲੋਕਾਂ ਵਿਚ ਵਿਦਿਆ ਦੇ ਪ੍ਰਸਾਰ ਦੀ ਸਰਕਾਰ ਦੀ ਉਤਸੁਕਤਾ ਕੁਝ ਮਤੇ ਪਾਸ ਕਰਣ ਤੋਂ ਅਗੇ ਨਾ ਵਧ ਸਕੀ। ਵਿਦਿਆ ਦੇ ਮੰਤਵ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਸਰਕਾਰ ਨੇ ਹਮੇਸ਼ਾਂ ਕੰਜੂਸੀ ਦਾ ਵਤੀਰਾ ਅਪਣਾਇਆ । ਇਹ ਬੜੀ ਹੀਣਤਾ ਵਾਲੀ ਗੱਲ ਹੈ ਕਿ ਸਰਕਾਰ ਜੋ ਕਿ ਹਮੇਸ਼ਾਂ ਕਰ ਲਗਾਉਣ ਦੇ ਹੱਕ ਵਿਚ ਹੁੰਦੀ ਹੈ, ਨੇ ਮਾਨਯੋਗ ਸ੍ਰੀ ਗੋਖਲੇ ਦੀ ਪ੍ਰਾਇਮਰੀ ਪੱਧਰ ਤਕ ਦੀ ਲਾਜ਼ਮੀ ਵਿਦਿਆ ਦੀ ਤਜਵੀਜ਼ ਨੂੰ ਨਾਂਹ ਕਰ ਦਿੱਤੀ, ਭਾਵੇਂ ਕਿ ਇਹ ਤਜਵੀਜ਼ ਕਰ ਲਗਾਉਣ ਦੀ ਵਿਵਸਥਾ ਵੀ ਕਰਦੀ ਸੀ। ਸੁਧਾਰ ਲਾਗੂ ਕਰਨ ਨਾਲ ਸ਼ਾਇਦ ਹੀ ਕੋਈ ਵਿਸ਼ੇਸ਼ ਲਾਭ ਪਹੁੰਚਿਆ ਹੋਵੇ । ਪ੍ਰੈਜ਼ੀਡੈਂਸੀ ਵਿਚ ਲਾਜ਼ਮੀ ਪ੍ਰਾਇਮਰੀ ਵਿਦਿਆ ਅਧਿਨਿਯਮ ਪਾਸ ਕਰਨ ਤੋਂ ਇਲਾਵਾ ਸਮੂਹਕ ਵਿਦਿਆ ਵਾਲੇ ਪਾਸੇ ਕੋਈ ਖਾਸ ਤਰੱਕੀ ਨਹੀਂ ਹੋਈ। ਇਸਦੇ ਉਲਟ ਵਿਦਿਆ ਦੇ ਸਥਾਨਕ ਅਧਿਕਾਰੀਆਂ ਨੂੰ ਤਬਦੀਲ ਕੀਤੇ ਜਾਣ ਕਾਰਨ, ਇਸ ਪਾਸੇ ਕਾਫ਼ੀ ਗਿਰਾਵਟ ਆਉਂਦੀ ਰਹੀ ਹੈ ਕਿਉਂਕਿ ਜੇਕਰ ਤੁਲਨਾਤਮਕ ਤੌਰ ਤੇ ਦੇਖਿਆ ਜਾਵੇ ਤਾਂ ਅਜਿਹੀਆਂ ਆਸਾਮੀਆਂ ਤੇ ਅਲਗਰਜ਼ ਜਾਂ ਅਣਜਾਣ ਵਿਅਕਤੀ ਲਗੇ ਹੁੰਦੇ ਹਨ ਜੋ ਵਿਦਿਆ ਦੀ ਤਰੱਕੀ ਲਈ ਬਹੁਤ ਘੱਟ ਰੁੱਚੀ ਰੱਖਦੇ ਹਨ ।

39. ਦਲਿਤ ਸ੍ਰੇਣੀਆਂ ਦੇ ਕੇਸ ਵਿਚ ਸਾਖਤਰਾ ਹਾਸਲ ਕਰਨ ਦੇ ਮੌਕਿਆਂ ਤੋਂ ਅਸਲ ਵਿਚ ਉਹਨਾਂ ਨੂੰ ਵਾਂਝਿਆਂ ਰਖਿਆ ਗਿਆ ਹੈ। ਉਹਨਾਂ ਦੇ ਵਿਦਿਆ ਹਾਸਲ ਕਰਨ ਦੇ ਰਸਤੇ ਵਿਚ ਛੂਆ ਛੂਤ ਇਕ ਲਾ-ਮਿਸਾਲ ਰੁਕਾਵਟ ਰਹੀ ਹੈ। ਇਥੋਂ ਤਕ ਕਿ ਸਰਕਾਰ ਵੀ ਇਸਦੇ ਅੱਗੇ ਝੁਕੀ ਹੈ ਅਤੇ ਭਾਰਤ ਵਿਚ ਸਮਾਜਕ ਪ੍ਰਣਾਲੀ ਦੀ ਜ਼ੋਰਦਾਰ ਮੰਗ ਤੇ ਪਬੁਲਿਕ ਸਕੂਲਾਂ ਵਿਚ ਦਾਖਲਿਆਂ ਲਈ ਦਲਿਤ ਸ੍ਰੇਣੀਆਂ ਦੇ ਅਧਿਕਾਰਾਂ ਨੂੰ ਕੁਰਬਾਨ ਕੀਤਾ ਹੈ । ਸਾਲ 1856 ਵਿਚ ਬੰਬਈ ਸਰਕਾਰ ਨੇ ਇਕ ਮਾਹਰ ਲੜਕੇ ਦੀ ਅਰਜ਼ੀ ਰੱਦ ਕਰਦੇ ਹੋਏ ਕਿਹਾ ਸੀ:

"ਖਤੋਖਿਤਾਬਤ ਵਿਚ ਉਠਾਇਆ ਗਿਆ ਪ੍ਰਸ਼ਨ ਇਕਦਮ ਬਹੁਤ ਵੱਡੀ ਵਿਚਾਰਕ ਕਠਿਨਾਈ ਦਾ ਪ੍ਰਸ਼ਨ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਾਹਰ ਪ੍ਰਾਰਥਕ ਦੇ ਪੱਖ ਵਿਚ ਸੂਖਮ ਨਿਆਂ ਹੈ ਅਤੇ ਸਰਕਾਰ ਵਿਸ਼ਵਾਸ ਰਖਦੀ ਹੈ ਕਿ ਜਿਹੜੇ ਪੱਖਪਾਤ ਉਸਨੂੰ ਪਰਿਵਾਰ ਵਿਚ ਵਿਦਿਅਕ ਸਾਧਨਾਂ ਨੂੰ ਮਾਣਨ ਤੋਂ ਰੋਕਦੇ ਹਨ, ਬਹੁਤ ਪਹਿਲੋਂ ਦੂਰ ਕੀਤੇ ਜਾਣੇ ਚਾਹੀਦੇ ਸਨ ।

* ਕਿਤੇ ਇਹ ਤੱਥ ਇਕ ਕਾਲਪਨਿਕ ਕਥਾ ਨਾ ਸਮਝੀ ਜਾਵੇ ਮੈਂ ਸਾਲ 1850-51 ਲਈ ਬੰਬਈ ਪ੍ਰੈਜ਼ੀਡੈਂਸੀ ਦੇ ਬੋਰਡ ਆਫ ਐਜੂਕੇਸ਼ਨ ਦੀ ਰਿਪੋਰਟ ਵਿਚੋਂ ਟੂਕਾਂ ਵਲ ਧਿਆਨ ਦਿਵਾਉਂਦਾ ਹਾਂ ।(ਇਹ ਟੂਕਾਂ ਇਸ ਰਿਪੋਰਟ ਦੇ ਅੰਤ ਵਿਚ ਅਨੁਲੱਗ ਵਜੋਂ ਛਾਪੀਆਂ ਗਈਆਂ ਹਨ, ਪੰਨਾ 402-06-ਐਡੀਟਰ)

"ਪਰੰਤੂ ਸਰਕਾਰ ਇਹ ਮਹਿਸੂਸ ਕਰਨ ਲਈ ਮਜਬੂਰ ਹੈ ਕਿ ਕੁਝ ਵਿਅਕਤੀਆਂ ਦੀ ਖਾਤਰ ਸਦੀਆਂ ਪੁਰਾਣੇ ਪੱਖ ਪਾਤਾਂ ਵਿਚ ਦਖਲ ਅੰਦਾਜ਼ੀ ਕਰਨਾ ਸ਼ਾਇਦ ਵਿਦਿਆ ਦੇ ਮਨੋਰਥ ਲਈ ਕਾਫ਼ੀ ਨੁਕਸਾਨਦੇਹ ਹੋਵੇਗਾ । ਜਿਹੜਾ ਨੁਕਸਾਨ ਪ੍ਰਾਰਥੀ ਨੂੰ ਝਲਣਾ ਪੈ ਰਿਹਾ ਹੈ, ਉਹ ਅਜਿਹਾ ਨਹੀਂ ਜਿਹੜਾ ਕਿ ਇਸ ਸਰਕਾਰ ਨਾਲ ਉਤਪੰਨ ਹੋਇਆ ਹੋਵੇ, ਅਤੇ ਉਹ ਅਜਿਹਾ ਹੈ, ਜਿਸ ਨੂੰ ਕਿ ਸਰਕਾਰ ਉਸਦੇ ਹੱਕ ਵਿਚ ਦਖਲ-ਅੰਦਾਜ਼ੀ ਕਰਕੇ ਤੁਰਤ ਦੂਰ ਨਹੀਂ ਕਰ ਸਕਦੀ ਜਿਵੇਂ ਕਿ ਉਸਨੂੰ ਬੇਨਤੀ ਕੀਤੀ ਗਈ ਹੈ।"

ਇਹ ਗੱਲ ਠੀਕ ਹੈ ਕਿ ਹੰਟਰ ਕਮਿਸ਼ਨ ਜੋ, 26 ਸਾਲ ਬਾਅਦ ਬਣਾਇਆ ਗਿਆ, ਨੇ ਕਿਹਾ ਕਿ ਸਰਕਾਰ ਨੂੰ ਇਹ ਸਿਧਾਂਤ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਕਿਸੇ ਨੂੰ ਵੀ ਕੇਵਲ ਜ਼ਾਤ ਦੇ ਆਧਾਰ ਤੇ ਸਕੂਲ ਜਾਂ ਕਾਲਜ ਵਿਚ ਦਾਖਲੇ ਤੋਂ ਮਹਿਰੂਮ ਨਾ ਕੀਤਾ ਜਾਵੇ।ਪਰੰਤੂ ਇਥੇ ਇਹ ਕਹਿਣਾ ਵੀ ਲਾਜ਼ਮੀ ਸਮਝਿਆ ਜਾਂਦਾ ਹੈ ਕਿ ਸਿਧਾਂਤ ਨੂੰ "ਪੂਰੀ ਸਾਵਧਾਨੀ ਨਾਲ ਲਾਗੂ ਕੀਤਾ ਜਾਵੇ" ਅਤੇ ਇਸ ਸਾਵਧਾਨੀ ਦਾ ਨਤੀਜਾ ਇਹ ਹੋਇਆ ਕਿ ਇਹ ਸਿਧਾਂਤ ਕਦੇ ਵੀ ਲਾਗੂ ਨਹੀਂ ਕੀਤਾ ਗਿਆ । ਇਸ ਵਿਚ ਸ਼ੱਕ ਨਹੀਂ ਕਿ 1921 ਵਿਚ ਡਾਕਟਰ ਪਰਾਂਜਪਾਈ ਜੋ ਕਿ ਉਸ ਸਮੇਂ ਵਿਦਿਆ ਮੰਤਰੀ ਸਨ ਵਲੋਂ ਇਕ ਦਲੇਰਾਨਾ ਯਤਨ ਕੀਤਾ ਗਿਆ । ਪਰ ਕਿਉਂ ਜੋ ਉਸਦੀ ਕਾਰਵਾਈ ਬਿਨਾਂ ਕਿਸੇ ਮਨਜ਼ੂਰੀ ਤੋਂ ਸੀ, ਇਸ ਲਈ ਦਲਿਤ ਸ਼੍ਰੇਣੀਆਂ ਦੇ ਸਕੂਲਾਂ ਵਿਚ ਦਾਖਲਿਆਂ ਸਬੰਧੀ ਉਸਦੇ ਗ਼ਸ਼ਤੀ ਪੱਤਰ ਨੂੰ ਟਾਲਿਆ ਜਾ ਰਿਹਾ ਹੈ, ਜਿਸਦੇ ਨਤੀਜੇ ਵਜੋਂ ਅਣਪੜ੍ਹਤਾ ਹਾਲੇ ਵੀ ਦਲਿਤ ਸ਼੍ਰੇਣੀਆਂ ਦੇ ਜੀਵਨ ਦਾ ਇਕ ਨਿੰਦਣਯੋਗ ਲੱਛਣ ਬਣੀ ਹੋਈ ਹੈ ।

40. ਇਸ ਲਈ ਇਸ ਆਮ ਹੀ ਪੁੱਛੇ ਜਾਂਦੇ ਪ੍ਰਸ਼ਨ ਕਿ ਅਜਿਹੇ ਅਨਪੜ੍ਹ ਲੋਕਾਂ ਨੂੰ ਵੋਟ ਦੇਣ ਦਾ ਅਧਿਕਾਰ ਕਿਵੇਂ ਦਿੱਤਾ ਜਾ ਸਕਦਾ ਹੈ, ਸਬੰਧੀ ਮੇਰਾ ਜਵਾਬ ਇਹ ਹੈ ਕਿ ਉਨ੍ਹਾਂ ਦੀ ਅਨਪੜ੍ਹਤਾ ਲਈ ਜ਼ਿੰਮੇਵਾਰ ਕੌਣ ਹੈ। ਜੇਕਰ ਅਨਪੜ੍ਹਤਾ ਦੀ ਜ਼ਿੰਮੇਵਾਰੀ ਸਰਕਾਰ ਤੇ ਆਉਂਦੀ ਹੈ ਤਾਂ ਫਿਰ ਵੋਟ ਦਾ ਅਧਿਕਾਰ ਦੇਣ ਲਈ ਪੜ੍ਹੇ ਲਿਖੇ ਹੋਣ ਦੀ ਸ਼ਰਤ ਲਗਾਉਣਾ, ਜਨਤਾ ਦੀ ਬਹੁਗਿਣਤੀ, ਜਿਸਦਾ ਵਿਦਿਆ ਨਾ ਪ੍ਰਾਪਤ ਕਰਨ ਵਿਚ ਆਪਣਾ ਕੋਈ ਕਸੂਰ ਨਹੀਂ ਸੀ, ਦੀ ਅਵੇਹਲਨਾ ਕਰਨਾ ਹੋਵੇਗਾ । ਇਹ ਮੰਨ ਲੈਣਾ ਕਿ ਵੋਟ ਦੇਣ ਦਾ ਅਧਿਕਾਰ ਦਿੱਤੇ ਜਾਣ ਤੋਂ ਬਾਅਦ ਅਣਪੜ੍ਹਤਾ ਨੂੰ ਜ਼ਰੂਰ ਦੂਰ ਕਰ ਦਿੱਤਾ ਜਾਵੇਗਾ, ਪਰ ਇਸ ਲਈ ਕੀ ਭਰੋਸੋ ਦਿੱਤਾ ਜਾਂਦਾ ਹੈ ਕਿ ਜਿੰਨੀ ਜਲਦੀ ਹੋ ਸਕਿਆ ਅਣਪੜ੍ਹਤਾ ਦੂਰ ਕਰਨ ਲਈ ਯਤਨ ਕੀਤੇ ਜਾਣਗੇ ? ਵਿਦਿਆ ਦਾ ਪ੍ਰਸ਼ਨ ਰਾਸ਼ਟਰ ਨਿਰਮਾਣ ਦੇ ਹੋਰ ਪ੍ਰਸ਼ਨਾਂ ਦੀ ਤਰ੍ਹਾਂ ਧੰਨ ਦਾ ਪ੍ਰਸ਼ਨ ਹੈ । ਉਸ ਸਮੇਂ ਤਕ ਵਿਦਿਆ ਦੇ ਖੇਤਰ ਵਿਚ ਕੋਈ ਤਰੱਕੀ ਨਹੀਂ ਕੀਤੀ ਜਾ ਸਕਦੀ, ਜਦੋਂ ਤੱਕ ਚੋਖੀ ਮਾਤਰਾ ਵਿਚ ਧੰਨ ਰਾਸ਼ੀ ਉਪਲਬਧ ਨਹੀਂ ਹੋ ਜਾਂਦੀ। ਇਸ ਲਈ ਇਹ ਧੰਨ ਕਿਥੋਂ ਲੱਭਿਆ ਜਾਵੇ, ਇਹ ਇਕ ਪ੍ਰਸ਼ਨ ਹੈ ਜੋ ਕਿ ਹੱਲ ਕੀਤਾ ਜਾਣਾ ਹੈ। ਇਸ ਗੱਲ ਤੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਵਰਤਮਾਨ ਮਤ ਅਧਿਕਾਰ ਦੇ ਆਧਾਰ ਤੇ ਚੁਣੀ ਗਈ ਪ੍ਰੀਸ਼ਦ ਵੀ ਸਮਸਿਆ ਦਾ ਹੱਲ ਨਹੀਂ ਕਰ ਸਕੇਗੀ । ਕਿਉਂਕਿ ਸਿੱਧੀ ਜਿਹੀ

ਗੱਲ ਹੈ ਕਿ ਵਿਦਿਆ ਦੇ ਮੰਤਵ ਲਈ ਧੰਨ ਪ੍ਰਬੰਧ ਕੇਵਲ ਅਮੀਰਾਂ ਤੇ ਕਰ ਲਗਾ ਕੇ ਹੀ ਕੀਤਾ ਜਾ ਸਕਦਾ ਹੈ ਅਤੇ ਇਸ ਸਮੇਂ ਅਮੀਰਾਂ ਦਾ ਹੀ ਪ੍ਰੀਸ਼ਦ ਤੇ ਕੰਟਰੋਲ ਹੈ । ਯਕੀਨਨ ਅਮੀਰ ਕਦੇ ਵੀ ਗਰੀਬਾਂ ਦੇ ਲਾਭ ਲਈ ਆਪਣੇ ਆਪ 'ਤੇ ਕਰ ਲਾਉਣ ਲਈ ਰਜ਼ਾਮੰਦ ਨਹੀਂ ਹੋਣਗੇ ਜਦੋਂ ਤਕ ਕਿ ਉਨ੍ਹਾਂ ਨੂੰ ਅਜਿਹਾ ਕਰਨ ਲਈ ਮਜਬੂਰ ਨਾ ਕੀਤਾ ਜਾਵੇ । ਅਜਿਹੀ ਮਜਬੂਰੀ ਪ੍ਰੀਸ਼ਦ ਵਿਚ ਬੁਨਿਆਦੀ ਪ੍ਰੀਵਰਤਨ ਕਰਣ ਨਾਲ ਹੀ ਆ ਸਕਦੀ ਹੈ, ਜੋ ਕਿ ਗਰੀਬਾਂ ਅਤੇ ਅਨਪੜ੍ਹਾਂ ਨੂੰ ਉਥੇ ਉਪਰੋਕਤ ਆਵਾਜ਼ ਉਠਾਉਣ ਦਾ ਮੌਕਾ ਪ੍ਰਦਾਨ ਕਰੇਗੀ। ਜਿਸ ਸਮੇਂ ਤਕ ਅਜਿਹਾ ਨਹੀਂ ਹੁੰਦਾ, ਅਨਪੜ੍ਹਤਾ ਦਾ ਪ੍ਰਸ਼ਨ ਕਦੇ ਹੱਲ ਨਹੀਂ ਹੋ ਸਕਦਾ।ਉਨ੍ਹਾਂ ਨੂੰ ਇਸ ਅਧਿਕਾਰ ਤੋਂ ਵਾਂਝਿਆਂ ਰੱਖਣਾ ਅਨਿਆਂਪੂਰਣ ਸਥਿਤੀ ਨੂੰ ਜਨਮ ਦੇਣਾ ਹੈ । ਲੋਕਾਂ ਨੂੰ ਅਨਪੜ੍ਹ ਰੱਖਣਾ ਅਤੇ ਫਿਰ ਉਨ੍ਹਾਂ ਦੀ ਅਨਪੜ੍ਹਤਾ ਨੂੰ ਉਨ੍ਹਾਂ ਨੂੰ ਵੋਟ ਦੇਣ ਦਾ ਅਧਿਕਾਰ ਨਾ ਦੇਣ ਲਈ ਆਧਾਰ ਬਣਾਉਣਾ ਸੜੇ ਉਤੇ ਨਮਕ ਛਿੜਕਣਾ ਹੈ । ਪਰੰਤੂ ਅਸਲ ਵਿਚ ਸਥਿਤੀ ਦਾ ਅੰਤ ਕੇਵਲ ਇਥੇ ਹੀ ਨਹੀਂ ਹੁੰਦਾ । ਇਹ ਜ਼ਖਮ ਦੇ ਨਾਸੂਰ ਬਣਨ ਵੱਲ ਸੰਕੇਤ ਕਰਦੀ ਹੈ । ਕਿਉਂ ਜੋ ਲੋਕਾਂ ਨੂੰ ਅਨਪੜ੍ਹ ਰਖਣਾ ਅਤੇ ਫਿਰ ਉਨ੍ਹਾਂ ਨੂੰ ਮਤ ਅਧਿਕਾਰ ਤੋਂ ਵਾਂਝਿਆ ਰਖਣਾ, ਜੋ ਕਿ ਅਨਪੜ੍ਹਤਾ ਨੂੰ ਦੂਰ ਕਰਨ ਦਾ ਇਕ ਇਕ ਸਾਧਨ ਹੈ, ਉਨ੍ਹਾਂ ਦੀ ਅਨਪੜ੍ਹਤਾ ਨੂੰ ਚਿਰ ਸਥਾਈ ਬਣਾਉਣਾ ਅਤੇ ਉਨ੍ਹਾਂ ਦੇ ਵੋਟ ਦੇ ਅਧਿਕਾਰ ਨੂੰ ਅਣਮਿੱਥੇ ਸਮੇਂ ਲਈ ਟਾਲਣਾ ਹੈ ।

41. ਇਹ ਕਿਹਾ ਜਾ ਸਕਦਾ ਹੈ ਕਿ ਪ੍ਰਸ਼ਨ ਇਹ ਨਹੀਂ ਕਿ ਅਨਪੜ੍ਹਤਾ ਲਈ ਕੌਣ ਜ਼ਿੰਮੇਵਾਰ ਹੈ, ਪ੍ਰਸ਼ਨ ਇਹ ਹੈ ਕਿ ਕੀ ਅਨਪੜ੍ਹ ਵਿਅਕਤੀਆਂ ਨੂੰ ਵੋਟ ਦਾ ਅਧਿਕਾਰ ਦਿੱਤਾ ਜਾਣਾ ਚਾਹੀਦਾ ਹੈ । ਮੇਰਾ ਉਤਰ ਹੈ ਕਿ ਪ੍ਰਸ਼ਨ ਅਨਪੜ੍ਹਤਾ ਜਾਂ ਸਾਖਰਤਾ ਦਾ ਨਹੀਂ, ਪ੍ਰਸ਼ਨ ਕੇਵਲ ਸਮਝ ਦਾ ਹੈ । ਜਿਹੜੇ ਸਾਖਰਤਾ ਨੂੰ ਕਸੌਟੀ ਦੇ ਤੌਰ ਤੇ ਜ਼ੋਰ ਦਿੰਦੇ ਹਨ ਅਤੇ ਇਸ ਨੂੰ ਵੋਟ ਦੇਣ ਦਾ ਅਧਿਕਾਰ ਦੇਣ ਲਈ ਮੁੱਢਲੀ ਸ਼ਰਤ ਬਣਾਉਣ ਤੇ ਜ਼ੋਰ ਦਿੰਦੇ ਹਨ, ਮੇਰੇ ਵਿਚਾਰ ਵਿਚ ਉਹ ਦੋ ਗਲਤੀਆਂ ਕਰਦੇ ਹਨ । ਉਨ੍ਹਾਂ ਦੀ ਪਹਿਲੀ ਗਲਤੀ ਉਨ੍ਹਾਂ ਦੇ ਇਹ ਵਿਚਾਰ ਰਖਣ ਵਿਚ ਹੈ ਕਿ ਅਨਪੜ੍ਹ ਵਿਅਕਤੀ ਲਾਜ਼ਮੀ ਤੌਰ 'ਤੇ ਅਸੁੱਘੜ ਹੁੰਦਾ ਹੈ । ਪਰੰਤੂ ਹਰ ਕੋਈ ਜਾਣਦਾ ਹੈ ਕਿ ਅਨਪੜ੍ਹ ਵਿਅਕਤੀ ਵੀ ਬੁੱਧੀਮਾਨ ਹੋ ਸਕਦਾ ਹੈ ।ਭਾਰਤ ਸਮੇਤ ਸਾਰੀ ਦੁਨੀਆ ਦੇ ਅਨਪੜ੍ਹ ਲੋਕ ਆਪਣੇ ਧੰਦਿਆਂ ਨੂੰ ਸਮਝਣ ਅਤੇ ਨਿਪਟਾਉਣ ਲਈ ਕਾਫੀ ਅਕਲਮੰਦ ਹਨ । ਅਨਪੜ੍ਹ ਵਿਅਕਤੀ ਆਪਣੀ ਵੋਟ ਪਾਉਣ ਲਗੇ ਗਲਤੀ ਜ਼ਰੂਰ ਕਰ ਸਕਦੇ ਹਨ । ਪਰੰਤੂ ਬੰਬਈ ਦਾ ਵਿਕਾਸ ਵਿਭਾਗ ਵੀ ਨਿਰਣੇ ਕਰਨ ਲਗਿਆ ਇਤਨੀਆਂ ਵੱਡੀਆਂ ਗਲਤੀਆਂ ਦਾ ਸ਼ਿਕਾਰ ਹੋਇਆ ਹੈ ਕਿ ਉਹਦੀ ਤਿਖੀ ਨਿੰਦਿਆ ਕੀਤੀ ਗਈ, ਪਰ ਫਿਰ ਵੀ ਗਲਤੀਆਂ ਨੂੰ ਬਰਦਾਸ਼ਤ ਕੀਤਾ ਗਿਆ ਹੈ ।ਇਸ ਲਈ ਅਨਪੜ੍ਹ ਭਾਵੇਂ ਗਲਤੀਆਂ ਵੀ ਕਰਨ ਉਹਨਾਂ ਨੂੰ ਵੋਟ ਪਾਉਣ ਦਾ ਅਧਿਕਾਰ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਆਜ਼ਾਦ ਤੇ ਲੋਕਪ੍ਰਿਯ ਸਰਕਾਰ ਵਿਚ ਸਾਰੇ ਵਿਸ਼ਵਾਸ ਅੰਤ ਵਿਚ ਇਸ ਧਾਰਨਾ ਤੇ ਨਿਰਭਰ ਕਰਦੇ ਹਨ ਕਿ ਲੋਕ ਆਜ਼ਾਦੀਆਂ ਦੀਆਂ ਗਲਤੀਆਂ ਵਿਚ ਨੁਕਸਾਨ

ਉਠਾਉਣ ਨਾਲੋਂ ਜ਼ਿਆਦਾ ਤਜਰਬੇ ਤੋਂ ਲਾਭ ਪ੍ਰਾਪਤ ਕਰਦੇ ਹਨ ਅਤੇ ਇਹ ਸਮਝਣਾ ਮੁਸ਼ਕਲ ਹੈ ਕਿ ਇਕ ਸੱਚ ਜਿਹੜਾ ਕਿ ਗੈਰ-ਰਾਜਨੀਤਕ ਖੇਤਰ ਵਿਚ ਵਿਅਕਤੀਆਂ ਲਈ ਚੰਗਾ ਸਾਬਤ ਹੋ ਸਕਦਾ ਹੈ, ਉਹ ਰਾਜਨੀਤਕ ਖੇਤਰ ਵਿਚ ਉਨ੍ਹਾਂ ਲਈ ਚੰਗਾ ਸਾਬਤ ਕਿਉਂ ਨਹੀਂ ਹੋ ਸਕਦਾ । ਉਨ੍ਹਾਂ ਦੀ ਦੂਸਰੀ ਗਲਤੀ ਇਹ ਮੰਨ ਲੈਣ ਤੇ ਨਿਰਭਰ ਕਰਦੀ ਹੈ ਕਿ ਸਾਖਰਤਾ ਲਾਜ਼ਮੀ ਤੌਰ 'ਤੇ ਅਨਪੜ੍ਹ ਵਿਅਕਤੀਆਂ ਨਾਲੋਂ ਜ਼ਿਆਦਾ ਬੁਧੀਮਤਾ ਜਾਂ ਗਿਆਨ ਪ੍ਰਗਟ ਕਰਦੀ ਹੈ । ਇਸ ਨੁਕਤੇ 'ਤੇ ਬਰਾਈਸ ਦੇ ਸ਼ਬਦਾਂ ਨੂੰ ਬਿਆਨ ਕੀਤਾ ਜਾ ਸਕਦਾ ਹੈ "ਆਧੁਨਿਕ ਪ੍ਰਜਾਤੰਤਰ" ਦੇ ਆਪਣੇ ਸਰਵੇਖਣ ਵਿਚ ਉਸਨੇ ਇਹ ਪ੍ਰਸ਼ਨ ਉਠਾਇਆ ਕਿ ਲਿਖਣ ਜਾਂ ਪੜ੍ਹਣ ਦੀ ਜਾਚ ਨਾਗਰਿਕਾਂ ਦੀ ਯੋਗਤਾ ਵਿਚ ਕਿੰਨਾ ਯੋਗਦਾਨ ਪਾ ਸਕਦੀ ਹੈ ਅਤੇ ਇਸ ਤਰ੍ਹਾਂ ਉਤਰ ਦਿੱਤਾ: "ਕਿਉਂਕਿ ਵਾਸਤਵ ਵਿਚ ਇਹ ਹੀ ਇਕ ਇਕੱਲੀ ਪਰਖ ਉਪਲਬਧ ਹੋਣ ਕਰਕੇ ਅਸੀਂ ਇਸ ਨੂੰ ਢੁਕਵੀਂ ਪਰਖ ਮੰਨ ਲੈਂਦੇ ਹਾਂ । ਕੀ ਅਸਲ ਵਿਚ ਐਸਾ ਹੀ ਹੈ ? ਸਾਡੇ ਵਿਚੋਂ ਕੁਝ ਵਿਅਕਤੀਆਂ ਨੂੰ ਯਾਦ ਹੈ ਕਿ 60 ਸਾਲ ਪਹਿਲਾਂ ਦੇ ਅਸੱਭਿਅਕ ਅੰਗਰੇਜ਼ਾਂ ਵਿਚੋਂ ਅਕਲਮੰਦ ਵਿਅਕਤੀ ਜੋ ਲਿਖਣ ਜਾਂ ਪੜ੍ਹਨ ਤੋਂ ਅਸਮਰਥ ਸਨ, ਪਰੰਤੂ ਬਹੁਤ ਸਾਰੀ ਜਮਾਂਦਰੂ ਬੁੱਧੀਮਤਾ ਅਤੇ ਆਪਣੀ ਚੋਖੀ ਸਮਝ ਅਤੇ ਦ੍ਰਿੜ੍ਹ ਸੰਕਲਪ ਦੇ ਆਸਰੇ, ਜਿਵੇਂ ਕਿ ਵੋਟ ਦੇਣ ਲਈ ਪੂਰੀ ਤਰ੍ਹਾਂ ਯੋਗਤਾਪ੍ਰਾਪਤ ਹੋਣ, ਜਿਵੇਂ ਕਿ ਅੱਜ ਉਨ੍ਹਾਂ ਦੀ ਤੀਜੀ ਪੁਸ਼ਤ ਦੇ ਬੱਚੇ ਅਖਬਾਰ ਪੜ੍ਹਦੇ ਹਨ ਅਤੇ ਸਿਨੇਮਾ ਦੇ ਮਜ਼ੇ ਲੁਟਦੇ ਹਨ --ਏਥਨਜ ਦੇ ਵੋਟਰ--ਆਧੁਨਿਕ ਪ੍ਰਜਾਤੰਤਰ ਦੇ ਬਹੁਤ ਸਾਰੇ ਵੋਟਰਾਂ ਨਾਲੋਂ ਨਾਗਰਿਕ ਮਤਦਾਨ ਲਈ ਚੰਗੇ ਸਨ। ਇਨ੍ਹਾਂ ਗਰੀਬ ਵੋਟਰਾਂ ਨੇ ਰਾਜਨੀਤੀ, ਜੋ ਥੋੜੀਆਂ ਬਹੁਤ ਲਿਖਤਾਂ ਉਸ ਸਮੇਂ ਸਨ, ਉਨ੍ਹਾਂ ਨੂੰ ਪੜ੍ਹਕੇ ਨਹੀਂ, ਸ਼ਰੀਫ਼ ਸ਼ਿਸ਼ਟ ਵਿਅਕਤੀਆਂ ਦੀਆਂ ਤਕਰੀਰਾਂ ਸੁਣਕੇ ਅਤੇ ਆਪਸ ਵਿਚ ਗਲਬਾਤ ਕਰਕੇ ਸਿਖੀ । ਗਲਬਾਤ ਕਰਨਾ ਪੜ੍ਹਾਈ ਨਾਲੋਂ ਲਾਭਵੰਦ ਹੁੰਦਾ ਹੈ, ਕਿਉਂਕਿ ਗਲਬਾਤ ਕਰਦੇ ਸਮੇਂ ਮਨ ਘੱਟ ਉਦਾਸੀਨ ਹੁੰਦਾ ਹੈ । ਇਹ ਸੋਚ ਹੈ, ਜੋ ਮਹੱਤਤਾ ਰਖਦੀ ਹੈ ਨਾ ਕਿ ਪੜ੍ਹਾਈ ਤੇ ਸੋਚਣ ਤੋਂ ਮੇਰਾ ਮਤਲਬ ਹੈ, ਤੱਥਾਂ ਤੇ ਪਹੁੰਚਣਾਂ ਅਤੇ ਉਨ੍ਹਾਂ ਤੋਂ ਲਗਾਤਾਰ ਦਲੀਲਾਂ ਦੀ ਸ਼ਕਤੀ ਪ੍ਰਾਪਤ ਕਰਨਾ ਹੈ । ਗੱਲਬਾਤ ਕਰਨ ਨਾਲ ਬੁਧੀ ਦਾ ਟਕਰਾਉ ਹੁੰਦਾ ਹੈ ਅਤੇ ਦਿਮਾਗੀ ਸੰਘਰਸ਼ ਹੋਣਾ ਲਾਜ਼ਮੀ ਹੈ, ਪਰ ਹੁਣ ਦੇ ਸਮੇਂ ਵਿਚ ਪੜ੍ਹਾਈ ਸੋਚ ਵਿਚਾਰ ਦਾ ਬਦਲ ਬਣ ਗਈ ਹੈ । ਜਿਹੜਾ ਆਦਮੀ ਕੇਵਲ ਆਪਣੀ ਪਾਰਟੀ ਦਾ ਸਮਾਚਾਰ ਪੱਤਰ ਪੜ੍ਹਦਾ ਹੈ ਅਤੇ ਰਾਜਨੀਤਕ ਖਬਰਾਂ ਤੋਂ ਇਲਾਵਾ ਹੋਰ ਫਜ਼ੂਲ ਗੱਲਾਂ ਦੀ ਰਲਗੱਡ ਵਿਚੋਂ ਜ਼ੁਰਮ ਦੀਆਂ ਕਹਾਣੀਆਂ ਅਤੇ ਫੁਟਬਾਲ ਮੈਚਾਂ ਦਾ ਵੇਰਵਾ ਪੜ੍ਹਦਾ ਹੈ ਤੇ ਇਹ ਜਾਨਣ ਦੀ ਕੋਸ਼ਿਸ਼ ਨਹੀਂ ਕਰਦਾ ਕਿ ਪ੍ਰਸ਼ਨ ਦੇ ਇਕ ਪੱਖ ਤੋਂ ਵੱਧ ਵੀ ਕੁਝ ਹੈ ਅਤੇ ਕਦੇ ਨਹੀਂ ਪੁੱਛਦਾ ਕਿ ਕਿਉਂ ਹੈ ਅਤੇ ਨਾ ਉਹ ਜੋ ਕੁਝ ਸਮਾਚਾਰ ਪੱਤਰ ਉਸਨੂੰ ਦਸਦਾ ਹੈ, ਉਸਦਾ ਸਬੂਤ ਮੰਗਦਾ ਹੈ । ਛਪੇ ਹੋਏ ਪੰਨੇ, ਕਿਉਂਕਿ ਕਿਸੇ ਅਣਜਾਣ ਸ਼ਕਤੀ ਨੂੰ ਪੇਸ਼ ਕਰਦੇ ਜਾਪਦੇ ਹਨ ਅਤੇ ਜੋ ਕੁਝ ਗੱਲਾਂ ਵਿਚੋਂ ਉਹ ਸੁਣਦਾ ਹੈ, ਉਸ ਤੋਂ ਜ਼ਿਆਦਾ ਆਸਾਨੀ ਨਾਲ ਇਨ੍ਹਾਂ ਤੇ ਵਿਸ਼ਵਾਸ ਕੀਤਾ ਜਾਂਦਾ ਹੈ । ਉਹ ਇਸ ਤੋਂ

ਕਥਨ (ਬਿਆਨ) ਪ੍ਰਾਪਤ ਕਰਦਾ ਹੈ, ਸ਼ਾਇਦ ਆਧਾਰ ਰਹਿਤ, ਸ਼ਾਇਦ ਖੋਜ ਕੀਤੇ ਹੋਏ, ਜੋ ਕਿ ਉਹ ਆਪਣੇ ਕਾਰਖਾਨੇ ਵਿਚ ਜਾਂ ਹਿਸਾਬ ਖਾਨੇ ਵਿਚ ਆਪਣੇ ਅਨੁਯਾਈਆਂ ਕੋਲੋਂ ਪ੍ਰਾਪਤ ਨਹੀਂ ਕਰ ਸਕਦਾ । ਇਸ ਤੋਂ ਇਲਾਵਾ ਗਿਆਨ ਦਾ ਰੁੱਖ ਤਾਂ ਗਿਆਨ ਦਾ ਰੁੱਖ ਹੈ, ਚਾਹੇ ਇਹ ਚੰਗਿਆਈ ਦਾ ਹੋਵੇ ਜਾਂ ਬੁਰਾਈ ਦਾ। ਪਾਰਟੀ ਦਾ ਸਮਾਚਾਰ ਪੱਤਰ, ਜੋ ਕੁਝ ਤੱਥਾਂ ਨੂੰ ਦਬਾਉਂਦਾ ਹੈ ਅਤੇ ਕੁਝ ਹੋਰਨਾਂ ਨੂੰ ਗਲਤ ਬਿਆਨ ਕਰਦੀ ਹੈ, ਸਾਰੇ ਆਗੂਆਂ ਨਾਲੋਂ ਮਾੜਾ ਹੈ, ਕਿਉਂਕਿ ਜੋ ਇਹ ਲਗਾਤਾਰ ਝੂਠ ਤੇ ਜ਼ੋਰ ਦੇ ਕੇ ਕਿਸੇ ਆਦਮੀ ਜਾਂ ਆਦਮੀਆਂ ਦੇ ਸੰਗਠਨ ਨਾਲੋਂ ਵੱਡਾ ਪ੍ਰਭਾਵ ਪੈਦਾ ਕਰ ਸਕਦਾ ਹੈ, ਜਿੰਨਾ ਵੱਡਾ ਕਿ ਰੱਬੀ ਸ਼ਕਤੀ ਦਾ ਬਾਣਾ ਪਹਿਨੇ ਹੋਏ ਪਾਦਰੀ ਉਸ ਸਮੇਂ ਪੈਦਾ ਕਰ ਸਕਦੇ ਸਨ ਜਦੋਂ ਕਿ ਹਾਲੇ ਛਪਾਈ ਦੀ ਖੋਜ ਨਹੀਂ ਹੋਈ ਸੀ । ਇਕ ਆਧੁਨਿਕ ਵੋਟਰ ਇੰਜ ਆਪਣੇ ਪਾਰਟੀ ਦੇ ਸਮਾਚਾਰ ਪੱਤਰ ਤੋਂ ਅਗਵਾਈ ਪ੍ਰਾਪਤ ਕਰਕੇ ਆਪਣੇ ਦਾਦੇ ਨਾਲੋਂ ਭਾਗਸ਼ਾਲੀ ਨਹੀਂ ਹੈ, ਜੋ ਕਿ 80 ਸਾਲਾ ਪਹਿਲਾਂ ਆਪਣੇ ਜ਼ਿਮੀਂਦਾਰ ਜਾਂ ਸੁਵਾਮੀ ਜਾਂ ਆਇਰਲੈਂਡ ਵਿਚ ਆਪਣੇ ਪਾਦਰੀ ਦੇ ਕਹਿਣ ਤੇ ਵੋਟ ਪਾਉਂਦਾ ਸੀ । ਦਾਦਾ ਘੱਟੋ ਘੱਟ ਇਹ ਤਾਂ ਜਾਣਦਾ ਸੀ ਕਿ ਉਹ ਕਿਸ ਵਿਅਕਤੀ ਦਾ ਕਹਿਣਾ ਮੰਨ ਰਿਹਾ ਹੈ, ਜਦੋਂ ਕਿ ਪੋਤਰਾ ਕੇਵਲ ਚਰਚਾ ਦੇ ਇਕੋ ਪੱਖ ਬਾਰੇ ਪੜ੍ਹਦਾ ਹੈ ਅਤੇ ਜੋ ਕਿ ਉਸਦੀ ਸਾਧਾਰਨਤਾ ਜਨਮਤ ਦਾ ਪ੍ਰਗਟਾਉ ਜਾਂ ਦਿਲੋਂ ਲੋਕਾਂ ਦੀ ਭਲਾਈ ਦੇ ਹੱਕ ਵਿਚ ਮੰਨ ਲੈਂਦੀ ਹੈ ਅਤੇ ਇਸ ਤਰ੍ਹਾਂ ਉਹ ਲਾਲਚੀ ਹਿਤਾਂ ਦਾ ਸ਼ਿਕਾਰ ਹੋ ਸਕਦਾ ਹੈ । ਇਸ ਲਈ ਪਰਜਾਤੰਤਰ, ਜਿਹੜਾ ਕਿ ਕੇਵਲ ਪੜ੍ਹਣ ਲਈ ਸਿਖਾਇਆ ਅਤੇ ਨਾ ਕਿ ਉਸਤੇ ਵਿਚਾਰ ਕਰਨ ਅਤੇ ਫੈਸਲਾ ਦੇਣ ਲਈ, ਵੀ ਕਦੇ ਵੀ ਪੜ੍ਹਨ ਦੀ ਕਾਬਲੀਅਤ ਲਈ ਚੰਗਾ ਨਹੀਂ ਹੋਵੇਗਾ।"

42. ਮੈਨੂੰ ਇੰਜ ਜਾਪਦਾ ਹੈ ਕਿ ਜਿਵੇਂ ਭਾਰਤ ਵਿਚ ਲੋਕਾਂ ਦੀ ਅਨਪੜ੍ਹਤਾ ਦੇ ਮਾਮਲੇ ਨੂੰ ਬਹੁਤ ਜ਼ਿਆਦਾ ਚੁਕਿਆ ਜਾ ਰਿਹਾ ਹੈ । ਕਿਸੇ ਅੰਗਰੇਜ਼ ਵੋਟਰ ਨੂੰ ਹੀ ਲਉ ਅਤੇ ਉਸ ਨੂੰ ਪੁੱਛੋ ਕਿ ਉਹ ਵੋਟਰ ਵਜੋਂ ਕੀ ਕਰਦਾ ਹੈ ਅਤੇ ਅਸੀਂ ਕੀ ਦੇਖਦੇ ਹਾਂ ? 21 ਅਗਸਤ, 1924 ਦਾ ਟਾਈਮਜ਼ ਲਿਟਰੇਰੀ ਸਪਲੀਮੈਂਟ ਉਸ ਬਾਰੇ ਇਸ ਤਰ੍ਹਾ ਹੈ :

"ਵਧੇਰੇ ਲੋਕਾਂ ਦਾ ਕੋਈ ਵਿਸ਼ੇਸ਼ ਹਿੱਤ ਨਹੀਂ ਹੁੰਦਾ । ਉਨ੍ਹਾਂ ਦੇ ਵੋਟਾਂ ਦੇ ਆਧਾਰ ਤੇ ਸਾਰੇ ਰਾਜਨੀਤਕ ਮਸਲਿਆਂ ਬਾਰੇ ਫੈਸਲੇ ਹੁੰਦੇ ਹਨ, ਪਰੰਤੂ ਉਹ ਰਾਜਨੀਤੀ ਬਾਰੇ ਕੁਝ ਨਹੀਂ ਜਾਣਦੇ । ਇਹ ਇਕ ਬਹੁਤ ਦੁਖਦਾਈ, ਪਰ ਠੋਸ ਵਿਚਾਰ ਹੈ ਕਿ ਮਹਿਸੂਲ ਸੁਧਾਰ ਜਾਂ ਕਰ ਨੀਤੀ ਜਾਂ ਵਿਦੇਸ਼ ਨੀਤੀ ਬਾਰੇ ਫੈਸਲਾ ਹੁਣ ਅਜਿਹੇ ਆਦਮੀਆਂ ਜਾਂ ਔਰਤਾਂ ਵਲੋਂ ਲਿਆ ਜਾਂਦਾ ਹੈ, ਜਿਨ੍ਹਾਂ ਨੇ ਆਪਣੇ ਜੀਵਨ ਵਿਚ ਕਦੇ ਵੀ ਗੰਭੀਰ ਰਾਜਨੀਤੀ ਦੇ ਮਾਮਲੇ ਤੇ ਇਕ ਦਰਜਨ ਕਾਲਮ ਵੀ ਨਹੀਂ ਪੜ੍ਹੇ । ਲਗਭਗ ਅੱਠ ਸਾਲ ਪਹਿਲਾਂ ਦੇ ਛੋਟੇ ਚੋਣ ਹਲਕਿਆਂ ਵਿਚੋਂ ਘੱਟੋ ਘੱਟ ਦੋ ਤਿਹਾਈ ਨੇ ਗੌਰ ਨਾਲ ਉਸ ਸਮੇਂ ਦੇ ਮਸਲਿਆਂ ਬਾਰੇ ਸਿਆਸੀ ਤਕਰੀਰਾਂ ਪੜ੍ਹੀਆਂ ਹੋਣਗੀਆਂ । ਅੱਜ ਵੋਟਰਾਂ ਵਿਚੋਂ 5 ਫੀਸਦੀ ਵੀ ਨਾ ਤਾਂ ਬਹਿਸਾਂ ਅਤੇ ਨਾ ਹੀ ਮੁਖ ਲੇਖ ਪੜ੍ਹਦੇ ਹਨ । ਬਾਕੀ ਦੇ ਭਾਵੇਂ ਕਿੰਨੇ ਵੀ ਉਘੇ ਹੋਣ, ਪਰੰਤੂ ਉਨ੍ਹਾਂ ਦੀ ਗਿਣਤੀ

ਬਹੁਤ ਘੱਟ ਹੈ । ਪਰਜਾ**ਤੰਤਰ** ਸਮੁੱਚੇ ਤੌਰ ਤੇ ਪੂਰਨ ਮਨੋਰੰਜਨ ਨਾਲ ਇਤਨਾ ਸੰਤੁਸ਼ਟ ਹੈ, ਜਿਤਨਾ ਕਿ ਬੌਟਲੇ ਗਵਾਰ ਵਿਅਕਤੀਆਂ ਨਾਲ ਸੀ ਅਤੇ ਉਸ ਵਾਂਗ ਉਹ ਆਪਣਾ ਸਮਾਂ ਅਜਿਹੇ ਅਖਬਾਰ ਪੜ੍ਹਣ ਤੇ ਲਗਾਂਦਾ ਸੀ ਜੋ ਕਿ ਉਸਦੇ ਐਤਵਾਰਾਂ ਨੂੰ ਬੈਪਟਿਸਟ ਮਨਿਸਟਰ ਅਧੀਨ ਗੁਜ਼ਾਰੇ ਗਏ ਐਤਵਾਰਾਂ ਨਾਲੋਂ ਬਹੁਤ ਜ਼ਿਆਦਾ ਅਪਮਾਨਜਨਕ ਹੈ । ਇਹ ਵਾਤਾਵਰਣ ਹੈ ਜਿਸਦੀਆਂ ਜ਼ਹਿਰੀਲੀਆਂ ਗੈਸਾਂ ਦੇ ਵਿਰੁੱਧ ਸਕੂਲ ਆਪਣੀਆਂ ਸਭਿਅਤਾਵਾਂ ਦੀ ਹੈਲਮਟ ਪਹਿਨਾਉਣ ਦਾ ਅਸਫਲ ਯਤਨ ਕਰਦੇ ਹਨ " ।

43. ਯਕੀਨੀ ਤੌਰ ਤੇ ਜੇਕਰ ਬ੍ਰਿਟਿਸ਼ ਪਰਜਾਤੰਤਰ ਜਾਂ ਦੂਜੇ ਸ਼ਬਦਾਂ ਵਿਚ ਬ੍ਰਿਟਿਸ਼ ਸਰਕਾਰ ਉਪਰੋਕਤ ਵੋਟਰਾਂ ਦੀ ਹਕੂਮਤ ਤੋਂ ਸੰਤੁਸ਼ਟ ਹੈ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਜਿਹੜੇ ਵਿਅਕਤੀ ਭਾਰਤੀ ਬਾਲਗ ਮਤ ਅਧਿਕਾਰ ਦੇ ਵਿਰੁੱਧ ਹਨ, ਉਹ ਨਾ ਕੇਵਲ ਅਨਿਆਂਪੂਰਨ ਤੇ ਖਿਆਲੀ ਪੁਲਾਓ ਪਕਾਉਣ ਵਾਲੇ ਹਨ, ਬਲਕਿ ਲੋਕਾਂ ਦੀ ਅਨਪੜ੍ਹਤਾ ਨੂੰ ਰਾਜਨੀਤਕ ਸੱਤਾ ਹਥਿਆਉਣ ਦਾ ਇਕ ਬਹਾਨਾ ਬਣਾ ਰਹੇ ਹਨ । ਕਿਉਂ ਜੋ ਇਹ ਜ਼ੋਰ ਦੇਣਾ ਕਿ ਰਾਜਨੀਤਕ ਸੰਪਰਦਾਇ ਦੇ ਸੂਖਮ ਵਿਚਾਰਾਂ ਦੇ ਪੂਰਨ ਸਮਾਲੋਚਨ ਅਤੇ ਉਨ੍ਹਾਂ ਵਿਚਕਾਰ ਫਰਕ ਦਿਖਾ**ਉਣ** ਦੀ ਕਾਬਲੀਅਤ ਰਾਜਨੀਤਕ ਯੋਗਤਾ ਲਈ ਲਾਜ਼ਮੀ ਪਰਖ ਹਨ, ਮੱਕਾਰੀ ਹੈ । ਕੋਈ ਵੋਟਰ ਚਾਹੇ ਕਿਸੇ ਵੀ ਦੇਸ਼ ਵਿਚ ਰਹਿੰਦਾ ਹੋਵੇ ਕਿਸੇ ਵੀ ਮਸਲੇ ਤੇ ਛੋਟੇ ਤੋਂ ਛੋਟੇ ਰਾਜਨੀਤਕ ਪਹਿਲੂ ਤੋਂ ਕਦੇ ਵੀ ਠੀਕ ਤਰ੍ਹਾਂ ਜਾਣੂ ਨਹੀਂ ਹੋਵੇਗਾ, ਨਾ ਹੀ ਅਜਿਹਾ ਸੂਖਮ ਗਿਆਨ ਲਾਜ਼ਮੀ ਹੀ ਹੈ । ਚੁਨਾਵਕਾਰ ਤੋਂ ਵੱਧ ਤੋਂ ਵੱਧ ਇਹ ਆਸ ਕੀਤੀ ਜਾ ਸਕਦੀ ਹੈ ਕਿਉਂ ਮੋਟੇ-ਮੋਟੇ ਮਸਲਿਆਂ ਨੂੰ ਸਮਝਣ ਦੀ, ਅਜਿਹੇ ਉਮੀਦਵਾਰ ਨੂੰ ਚੁਣਨ ਦੀ ਸ਼ਕਤੀ ਰਖਦਾ ਹੋਵੇ ਜੋ ਉਸਦੀ ਰਾਇ ਵਿਚ ਉਸਦੇ ਹਲਕੇ ਦੀਆਂ ਸਮੱਸਿਆਵਾਂ ਨੂੰ ਸਮਝਦਾ ਹੋਵੇ । ਮੈਂ ਇਹ ਕਹਿਣ ਦੀ ਹਿੰਮਤ ਕਰਦਾ ਹਾਂ ਕਿ ਅਜਿਹਾ ਕਰਨਾ ਕਿਸੇ ਵੀ ਆਮ ਭਾਰਤੀ ਦੀ ਸਮਰਥਾ ਤੋਂ ਪਰ੍ਹੇ ਨਹੀਂ ਹੈ ।

44. ਦੂਸਰੀ ਗੱਲ, ਜਿਹੜੀ ਮੇਰੇ ਸਾਥੀਆਂ ਨੂੰ ਬਾਲਗ ਮਤ-ਅਧਿਕਾਰ ਸਵੀਕਾਰ ਕਰਨ ਤੋਂ ਨਾਂਹ ਕਰਨ ਲਈ ਪ੍ਰੇਰਤ ਕਰਦੀ ਹੈ, ਉਹ ਇੰਗਲੈਂਡ ਵਰਗੇ ਦੇਸ਼ਾਂ ਦੀ ਉਪਮਾ ਹੈ । ਇਹ ਦਲੀਲ ਦਿੱਤੀ ਜਾਂਦੀ ਹੈ ਕਿ 1429 ਵਿਚ ਚਾਲੀ ਸ਼ਲਿੰਗ ਦੀ ਪੂਰੀ ਮਾਲਕੀ ਵਾਲਿਆਂ ਨੂੰ ਵੋਟ ਦਾ ਅਧਿਕਾਰ ਦੇਣ ਤੋਂ 1832 ਵਿਚ ਬਾਲਗ ਮੱਤ ਅਧਿਕਾਰ ਦੇਣ ਤਕ ਅਜਿਹੇ ਵਿਅਕਤੀਆਂ ਦੀ ਗਿਣਤੀ 5,00,000 ਤੋਂ ਘੱਟ ਸੀ ਜਿਨ੍ਹਾਂ ਨੂੰ ਪਾਰਲੀਮੈਂਟ ਦੇ ਮੈਂਬਰਾਂ ਦੀ ਚੋਣ ਲਈ ਵੋਟ ਦੇਣ ਦਾ ਅਧਿਕਾਰ ਪ੍ਰਾਪਤ ਸੀ; ਕਿ ਇਹ ਉਦੋਂ ਤਕ ਜਦਕਿ ਉਸੇ ਸਾਲ ਵਿਚ ਰਿਫਾਰਮਜ਼ ਐਕਟ ਹੋਂਦ ਵਿਚ ਆਇਆ, ਵੋਟਰਾਂ ਦੀ ਗਿਣਤੀ ਵੱਧਕੇ 10,00,000 ਦੇ ਕਰੀਬ ਹੋ ਗਈ ਸੀ, 1867 ਦੇ ਐਕਟ ਪਾਸ ਕਰਨ ਤਕ ਮਤਦਾਨ ਨੂੰ ਘਟਾਉਣ ਲਈ ਕੋਈ ਹੋਰ ਕਦਮ ਨਹੀਂ ਉਠਾਇਆ ਗਿਆ ਜਦ ਤਕ ਕਿ ਵੋਟਰਾਂ ਦੀ ਗਿਣਤੀ ਵਧਾਂ ਕੇ 25,00,000 ਕਰ ਦਿੱਤੀ ਗਈ; ਕਿ ਅਗਲਾ ਕਦਮ 17 ਸਾਲ ਬਾਅਦ ਉਠਾਇਆ ਗਿਆ ਜਦ ਕਿ 1884 ਦੇ ਐਕਟ ਨੇ ਫਿਰ ਇਸ ਨੂੰ ਵਧਾ ਕੇ 5,50,00,000 ਕਰ ਦਿੱਤਾ; ਅਤੇ

ਇਹ ਕਿ ਬਾਲਗ ਮਤ ਅਧਿਕਾਰ ਉਸ ਸਮੇਂ ਤੱਕ ਹੋਂਦ ਵਿਚ ਨਹੀਂ ਆਇਆ ਜਦੋਂ ਕਿ 34 ਸਾਲਾਂ ਦੇ ਗੁਜ਼ਰ ਜਾਣ' ਤੇ ਲੋਕ ਪ੍ਰਤਿਨਿਧ ਐਕਟ 1918 ਪਾਸ ਕੀਤਾ ਗਿਆ । ਇਸ ਤੱਥ ਦੀ ਵਰਤੋਂ ਲੋਕਾਂ ਦੇ ਵਖ-ਵਖ ਗੁਟਾਂ ਨੇ ਵਖ ਵਖ ਮੰਤਵਾਂ ਲਈ ਕੀਤੀ ਹੈ । ਸਿਆਸਤਦਾਨਾਂ ਦੇ ਇਕ ਗੁਟ ਨੇ, ਜਿਹੜੇ ਸਮਾਜਿਕ ਪ੍ਰਤੀਕ੍ਰਿਆਵਾਦੀ ਅਤੇ ਰਾਜਨੀਤਕ ਸੁਧਾਰਵਾਦੀ ਸਨ, ਆਪਣੀ ਇਸ ਦਲੀਲ ਦੇ ਹੱਕ ਵਿਚ ਇਸਦੀ ਵਰਤੋਂ ਕੀਤੀ ਕਿ ਵਿਧਾਨ ਮੰਡਲ ਨੂੰ ਪੂਰੀਆਂ ਸ਼ਕਤੀਆਂ ਦਿੱਤੀਆਂ ਜਾ ਸਕਦੀਆਂ ਹਨ, ਭਾਵੇਂ ਕਿ ਇਹ ਪੂਰੀ ਤਰ੍ਹਾਂ ਪ੍ਰਤਿਨਿਧਤਾ ਨਾ ਕਰਦਾ ਹੋਵੇ ਅਤੇ ਉਨ੍ਹਾਂ ਦੇ ਵਿਰੋਧੀਆਂ ਨੇ ਇਸ ਦਲੀਲ ਦੇ ਉੱਤਰ ਵਿਚ ਕਿਹਾ ਕਿ ਇਤਨੀ ਘੱਟ ਪ੍ਰਤੀਨਿਧਤਾ ਵਾਲੇ ਵਿਧਾਨ ਮੰਡਲ ਨੂੰ ਸ਼ਕਤੀਆਂ ਸੌਂਪਣਾ ਗਿਣੇ-ਚੁਣੇ ਵਿਅਕਤੀਆਂ ਨੂੰ ਸ਼ਕਤੀਆਂ ਸੌਂਪਣਾ ਹੋਵੇਗਾ । ਹੋਰਨਾਂ ਦੁਆਰਾ ਆਪਣੀ ਦਲੀਲ ਦੇ ਹੱਕ ਵਿਚ ਕਿਹਾ ਗਿਆ ਕਿ ਮਤ-ਅਧਕਾਰ ਦੇ ਮਸਲੇ ਵਿਚ ਸਾਨੂੰ ਬਹੁਤ ਆਹਿਸਤਾ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਦਰਜਾਵਾਰ ਚਲਣਾ ਚਾਹੀਦਾ ਹੈ ਜਿਵੇਂ ਕਿ ਦੂਸਰੇ ਰਾਸ਼ਟਰਾਂ ਨੇ ਕੀਤਾ ਹੈ । ਦੂਸਰੇ ਗੁਟ ਦੇ ਆਲੋਚਕਾਂ ਲਈ ਮੇਰਾ ਉਤਰ ਇਹ ਹੈ ਕਿ ਇਸ ਵਿਚ ਕੋਈ ਦਲੀਲ ਨਹੀਂ ਕਿ ਅਸੀਂ ਇਸ ਖਾਸ ਮਸਲੇ ਵਿਚ ਅੰਗਰੇਜ਼ ਰਾਸ਼ਟਰਾਂ ਦੇ ਪਦ-ਚਿੰਨ੍ਹਾਂ' ਤੇ ਕਿਉਂ ਚਲੀਏ । ਯਕੀਨਨ, ਅੰਗਰੇਜ਼ ਲੋਕਾਂ ਨੇ ਮੱਤ ਅਧਿਕਾਰ ਦੇ ਮਸਲੇ ਵਿਚ ਕੋਈ ਅਮਲ ਦੇ ਫਲਸਫੇ ਦੀ ਖੋਜ ਨਹੀਂ ਕੀਤੀ । ਦੂਸਰੇ ਪਾਸੇ, ਜੇਕਰ ਵੋਟ ਦੇਣ ਦਾ ਅਧਿਕਾਰ ਇਤਨੇ ਲੰਮੇ ਵਕਫਿਆਂ ਨਾਲ ਦਿੱਤਾ ਗਿਆ ਹੈ ਤਾਂ ਇਹ ਅੰਗਰੇਜ਼ ਸ਼ਾਸਕ ਵਰਗਾਂ ਦੇ ਸੁਆਰਥੀ ਆਚਰਣ ਕਰਕੇ ਹੋਇਆ ਸੀ । ਇਸ ਤੋਂ ਇਲਾਵਾ, ਕੋਈ ਕਾਰਨ ਨਹੀਂ ਕਿ ਕਿਉਂ ਹਰੇਕ ਰਾਸ਼ਟਰ ਨੂੰ ਉਨ੍ਹਾਂ ਹੀ ਅਵਸਥਾਵਾਂ ਵਿਚੋਂ ਗੁਜ਼ਰਨਾ ਚਾਹੀਦਾ ਹੈ ਅਤੇ ਉਸੇ ਤਰ੍ਹਾਂ ਦੇ ਹੀ ਨਿਯਮ ਬਣਾਉਣੇ ਚਾਹੀਦੇ ਹਨ ਜਿਵੇਂ ਕਿ ਦੂਸਰੇ ਰਾਸ਼ਟਰਾਂ ਨੇ ਕੀਤਾ ਹੈ । ਅਜਿਹਾ ਕਰਨਾ ਮਗਰੋਂ ਜਨਮ ਲੈਣ ਵਾਲਿਆਂ ਨੂੰ ਮਿਲਣ ਵਾਲੇ ਲਾਭਾਂ ਤੋਂ ਫਾਇਦਾ ਨਾ ਉਠਾਉਣ ਦੇਣ ਵਾਲੀ ਗੱਲ ਹੈ । ਆਲੋਚਕਾਂ ਦੇ ਦੂਜੇ ਗੁਟ ਨੂੰ ਮੇਰਾ ਉਤਰ ਇਹ ਹੈ ਕਿ ਉਨ੍ਹਾਂ ਦੀ ਇਹ ਦਲੀਲ ਮੂਲ ਰੂਪ ਵਿਚ ਸੱਚੀ ਹੈ ਕਿਉਂਕਿ ਪਾਰਲੀਮੈਂਟ ਭਾਵੇਂ ਕਿ ਵਸੋਂ ਦੀ ਬਹੁਤ ਘੱਟ ਪ੍ਰਤੀਸ਼ਤਤਾ ਦੀ ਪ੍ਰਤੀਨਿਧਤਾ ਕਰਦੀ ਸੀ, ਪ੍ਰਭੂਤਾ ਪੂਰਨ ਸੱਤਾ ਸੰਪਨ ਰਾਜ ਦੀਆਂ ਪੂਰੀਆਂ ਸ਼ਕਤੀਆਂ ਦੀ ਵਰਤੋਂ ਕਰਦੀ ਸੀ । ਪਰੰਤੂ ਪ੍ਰਸ਼ਨ ਇਹ ਹੈ ਕਿ ਰਾਸ਼ਟਰ ਨੂੰ ਇਸਦੇ ਨਤੀਜੇ ਦਾ ਲਾਭ ਪ੍ਰਾਪਤ ਹੋਵੇ । ਕੋਈ ਵੀ ਵਿਅਕਤੀ ਜੋ ਰਿਫਾਰਮਜ਼ ਤੋਂ ਪਹਿਲਾਂ ਦੀ ਪਾਰਲੀਮੈਂਟ ਦੁਆਰਾ ਸਮਾਜਕ ਵਿਧੀ ਨਿਰਮਾਣ ਦੇ ਇਤਿਹਾਸ ਤੋਂ ਵਾਕਿਫ ਹੈ, ਜਿਵੇਂ ਕਿ ਲਾਰਡ ਸੈਫਟਸਬਰੀ ਨੇ ਦੱਸਿਆ ਹੈ, ਉਹ ਕਦੇ ਨਹੀਂ ਚਾਹੇਗਾ ਕਿ ਇਹ ਤਜਰਬਾ ਇਸ ਦੇਸ਼ ਵਿਚ ਦੁਬਾਰਾ ਵਾਪਰੇ । ਇਹ ਇੰਗਲੈਂਡ ਵਿਚ ਪ੍ਰਚੱਲਿਤ ਪ੍ਰਤੀਬੰਧਤ ਮਤ-ਅਧਿਕਾਰ ਦੇ ਅਟੱਲ ਨਤੀਜੇ ਦਾ ਸਿੱਟਾ ਸੀ । ਮੇਰੇ ਵਿਚਾਰ ਵਿਚ ਇਹ ਆਲੋਚਕ ਜਿਨ੍ਹਾਂ ਤੱਥਾਂ ਤੇ ਨਿਰਭਰ ਕਰਦੇ ਹਨ ਉਹ ਪ੍ਰਤੀਬੰਧਿਤ ਮਤ-ਅਧਿਕਾਰ ਤੇ ਆਧਾਰਤ ਸਰਕਾਰ ਦੀ ਮਦਦ ਨਹੀਂ ਕਰਦੇ ਕਿਉਂ ਜੋ ਅਜਿਹੀ ਘਟੀਆ ਕਿਸਮ ਦੀ ਸਰਕਾਰ ਕੁਲੀਨਤੰਤਰ ਨੂੰ ਜਨਮ ਦਿੰਦੀ ਹੈ । ਸੰਯੁਕਤ

ਰਿਪੋਰਟ ਦੇ ਲੇਖਕਾਂ ਵਲੋਂ ਕਦੇ ਅਜਿਹੇ ਸਿੱਟੇ ਦੀ ਕਲਪਨਾ ਨਹੀਂ ਕੀਤੀ ਗਈ ਸੀ। ਅਸਲ ਵਿਚ ਉਹ ਇਸ ਬੁਰਾਈ ਬਾਰੇ ਇਤਨੇ ਸੁਚੇਤ ਸਨ ਕਿ ਆਪਣੀ ਰਿਪੋਰਟ ਦੇ ਪੈਰ੍ਹਾ 262 ਵਿਚ ਉਨ੍ਹਾਂ ਨੇ ਖਾਸ ਤੌਰ ਤੇ ਲਿਖਿਆ ਕਿ ਵਿਧਾਨਕ ਕਮਿਸ਼ਨ ਨੂੰ ਹੋਰਨਾਂ ਮਸਲਿਆਂ ਤੇ ਵਿਚਾਰ ਕਰਨਾ ਚਾਹੀਦਾ ਹੈ। "ਅਸਲ ਵਿਚ ਅਸੀਂ ਖੁਲਮ-ਖੁਲ੍ਹਾ ਮੱਤ ਅਧਿਕਾਰ ਦੇ ਵਿਕਾਸ ਨੂੰ ਇਕ ਮਹਿਰਾਬ ਵਜੋਂ ਮੰਨਦੇ ਹਾਂ, ਜਿਸ ਉਪਰ ਆਪਣੀ ਸਰਕਾਰ ਦੀ ਨੀਂਹ ਉਸਾਰੀ ਜਾਣੀ ਚਾਹੀਦੀ ਹੈ: ਕਿਉਂਕਿ ਸਾਡਾ ਮੰਤਵ ਇਹ ਨਹੀਂ ਕਿ ਸਾਡੇ ਸੁਧਾਰਾਂ ਦੇ ਨਤੀਜੇ ਵਜੋਂ ਕੇਵਲ ਅਫਸਰਸ਼ਾਹੀ ਤੇ ਕੁਲੀਨਤੰਤਰ ਨੂੰ ਸ਼ਕਤੀਆਂ ਦੀ ਹੱਥ-ਬਦਲੀ ਕੀਤੀ ਜਾਵੇ।"

45. ਫਿਰ ਵੀ ਕੁਲੀਨਤੰਤਰ ਤੇ ਰੋਕ ਲਾਉਣ ਦਾ ਇਲਾਜ ਕੀ ਹੈ ? ਇਕੋ ਇਕ ਇਲਾਜ ਜਿਸ ਬਾਰੇ ਮੈਂ ਸੋਚ ਸਕਦਾ ਹਾਂ, ਉਹ ਹੈ ਬਾਲਗਾਂ ਨੂੰ ਵੋਟ ਪਾਉਣ ਦਾ ਅਧਿਕਾਰ ਦੇਣਾ। ਇਹ ਦੱਸਣਾ ਜ਼ਰੂਰੀ ਹੈ ਕਿ ਸੰਯੁਕਤ ਰਿਪੋਰਟ ਦੇ ਲੇਖਕਾਂ ਵਾਂਗ 1928 ਦੇ ਸੀਲੋਨ ਕਮਿਸ਼ਨ ਦੇ ਮੈਂਬਰ ਵੀ ਚੇਤੰਨ ਸਨ ਕਿ "ਅਜਿਹੇ ਛੋਟੇ ਆਕਾਰ ਦੇ ਚੁਣਾਵ-ਖੇਤਰਾਂ ਨੂੰ ਜ਼ਿੰਮੇਵਾਰ ਸਰਕਾਰ ਮੁਹੱਈਆ ਕਰਨਾ ਕੁਲੀਨਤੰਤਰ ਨੂੰ ਸੱਤਾ ਵਿੱਚ ਲਿਆਉਣ ਦੇ ਤੁਲ ਹੋਵੇਗਾ ਜਿਸ ਵਿਚ ਸੱਤਾਧਾਰੀਆਂ ਵੱਲੋਂ ਦੂਜੇ ਲੋਕਾਂ ਨਾਲ ਮਸ਼ਵਰਾ ਕਰਨ ਦੀ ਕੋਈ ਗਰੰਟੀ ਨਹੀਂ ਹੋਵੇਗੀ" ਅਤੇ ਜਿਸ ਨੇ ਇਹ ਮਹਿਸੂਸ ਕੀਤਾ" ਇਹ ਪਾਲਣਾ ਕਰਨੀ ਜ਼ਰੂਰੀ ਹੈ ਕਿ ਬਾਦਸ਼ਾਹ ਦੀ ਸਰਕਾਰ ਨਾ ਕੇਵਲ ਲੰਕਾ ਵਿਚਲੇ ਅਮੀਰ ਅਤੇ ਜ਼ਿਆਦਾ ਪੜ੍ਹੇ ਲਿਖੇ ਲੋਕਾਂ ਦੀ, ਸਗੋਂ ਉਤਨੀ ਹੀ ਕਿਸਾਨਾਂ ਅਤੇ ਕੁਲੀਆਂ ਅਤੇ ਉਨ੍ਹਾਂ ਸਾਰੀਆਂ ਗਰੀਬ ਸ਼੍ਰੇਣੀਆਂ ਦੀ ਟ੍ਰਸਟੀ ਹੈ ਜਿਹੜੀਆਂ ਕਿ ਵਸੋਂ ਦਾ ਵੱਡਾ ਹਿੱਸਾ ਹਨ, ਅਤੇ ਜਿਸ ਨੇ ਇਹ ਸੋਚਿਆ ਕਿ "ਕਿ ਗਰੀਬਾਂ ਦੇ ਹਿਤਾਂ ਨੂੰ ਅਮੀਰਾਂ ਦੇ ਨਿਰੰਕੁਸ਼ ਨਿਯੰਤਰਣ ਅਧੀਨ ਕਰਨਾ ਵਿਸ਼ਵਾਸ਼ ਭੰਗ ਕਰਨਾ ਹੋਵੇਗਾ" ਅਤੇ ਸਿੱਟੇ ਤੇ ਪੁਜੇ ਕਿ ਰਾਜ ਦੀ ਕੌਂਸਲ ਦੇ ਚੁਣਾਵਾਂ ਲਈ ਵੋਟਰਾਂ ਦੀਆਂ ਯੋਗਤਾਵਾਂ ਵਿਚੋਂ ਸਾਖਰਤਾ ਨੂੰ ਇਕ ਯੋਗਤਾ ਨਹੀਂ ਰਹਿਣ ਦੇਣਾ ਚਾਹੀਦਾ"। ਉਨ੍ਹਾਂ ਕਿਹਾ ਕਿ ਸਾਡੇ ਵਿਚਾਰ ਵਿਚ ਕਿ ਜ਼ਿੰਮੇਵਾਰ ਸਰਕਾਰ ਦੇ ਵਿਕਾਸ ਲਈ ਆਮ ਲੋਕਾਂ ਨੂੰ ਸਰਕਾਰ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਦੇ ਵਧੇਰੇ ਮੌਕੇ ਮਿਲਣੇ ਚਾਹੀਦੇ ਹਨ ਅਤੇ ਉਨ੍ਹਾਂ ਦਾ ਵਿਚਾਰ ਸੀ ਕਿ ਇਹ ਨਿਆਂ ਜਾਂ ਬੁੱਧੀਮੱਤਾ ਨਹੀਂ ਹੋਵੇਗੀ ਕਿ ਮੱਤ ਅਧਿਕਾਰ ਕੇਵਲ ਪੜ੍ਹੀਆਂ ਲਿਖੀਆਂ ਸ਼੍ਰੇਣੀਆਂ ਤੱਕ ਹੀ ਸੀਮਤ ਕਰ ਦਿੱਤਾ ਜਾਵੇ।" ਜੇਕਰ ਬਾਲਗ ਮਤ ਅਧਿਕਾਰ ਲੰਕਾ ਲਈ ਤਜਵੀਜ਼ ਕੀਤਾ ਜਾ ਸਕਦਾ ਹੈ ਤਾਂ ਸੁਭਾਵਕ ਹੀ ਇਹ ਪ੍ਰਸ਼ਨ ਉਠਦਾ ਹੈ ਕਿ ਇਹ ਭਾਰਤ ਲਈ ਕਿਉਂ ਤਜਵੀਜ਼ ਨਹੀਂ ਕੀਤਾ ਜਾ ਸਕਦਾ ? ਦੋਨਾਂ ਦੇਸ਼ਾਂ ਦੀਆਂ ਰਾਜਨੀਤਕ, ਸਮਾਜਿਕ ਆਰਥਿਕ ਅਤੇ ਵਿਦਿਅਕ ਹਾਲਤਾਂ ਵਿਚ ਇਤਨੀ ਜ਼ਿਆਦਾ ਸਮਾਨਤਾ ਹੈ ਕਿ ਮਤ-ਅਧਿਕਾਰ ਦੇ ਮਸਲੇ ਤੇ ਫਰਕ ਕਰਨਾ, ਵਿਤਕਰਾ ਕਰਨਾ ਹੈ, ਜਦ ਕਿ ਇਸ ਵਿਚ ਫਰਕ ਕਰਨ ਦੀ ਕੋਈ ਲੋੜ ਨਹੀਂ। ਭਾਵੇਂ ਦੋਹਾਂ ਦੇਸ਼ਾਂ ਦੀ ਸਮਰੂਪਤਾ ਵਿਚ ਕੋਈ ਸ਼ੱਕ ਨਹੀਂ, ਪਰ ਜੇਕਰ ਇਸ ਕੇਸ ਨੂੰ ਕੇਵਲ ਗੁਣ-ਦੋਸ਼ ਦੇ ਆਧਾਰ' ਤੇ ਹੀ ਵਿਚਾਰਿਆ ਜਾਵੇ ਤਾਂ ਇਹ ਗਲ ਯਕੀਨੀ ਹੈ ਕਿ ਦੋਹਾਂ ਵਿਚੋਂ ਬਾਲਗ ਮਤ-ਅਧਿਕਾਰ ਦੇ ਪ੍ਰਯੋਗ ਲਈ

ਜੇਕਰ ਕੋਈ ਜ਼ਿਆਦਾ ਯੋਗ ਹੈ ਤਾਂ ਇਹ ਭਾਰਤ ਦੇ ਲੋਕ ਹਨ ਅਤੇ ਇਸ ਤੋਂ ਵੀ ਵਧੇਰੇ ਬੰਬਈ ਦੀ ਪ੍ਰੈਜ਼ੀਡੈਂਸੀ ਦੇ ਲੋਕ ਹਨ ਜਿਥੇ ਕਿ ਪਿੰਡਾਂ ਦੀਆਂ ਪੰਚਾਇਤਾਂ ਵਿਚ ਹੀ ਬਾਲਗ ਮਤ ਅਧਿਕਾਰ ਦੀ ਪ੍ਰਣਾਲੀ ਹੋਂਦ ਵਿਚ ਹੈ।

ਅਧਿਆਏ 2

ਚੋਣ ਹਲਕੇ

46. ਮੌਜੂਦਾ ਵਿਧਾਨ ਮੰਡਲ ਦੇ 114 ਮੈਂਬਰ ਹਨ, ਜਿਨ੍ਹਾਂ ਵਿਚੋਂ 26 ਨਾਮਜ਼ਦ ਕੀਤੇ ਗਏ ਹਨ ਅਤੇ 86 ਚੁਣੇ ਗਏ ਹਨ। ਨਾਮਜ਼ਦ ਮੈਂਬਰ ਦੋ ਗਰੁੱਪਾਂ ਵਿਚ ਵੰਡੇ ਹੋਏ ਹਨ। ਉਹ ਸਰਕਾਰ ਦੇ ਰਾਖਵੇਂ ਅੱਧ ਦੀ ਪ੍ਰਤੀਨਿਧਤਾ ਲਈ ਸਰਕਾਰੀ ਕਰਮਚਾਰੀ ਅਤੇ (1) ਦਲਿਤ ਸ੍ਰੇਣੀਆਂ (2) ਕਿਰਤੀ ਸ੍ਰੇਣੀਆਂ (3) ਐਂਗਲੋ ਇੰਡਿਅਨ (4) ਭਾਰਤੀ ਈਸਾਈ ਅਤੇ (5) ਰੂੰ ਦੇ ਵਪਾਰੀਆਂ ਦਾ ਪ੍ਰਤਿਨਿਧ ਕਰਨ ਲਈ ਗੈਰ ਸਰਕਾਰੀ ਕਰਮਚਾਰੀ ਚੁਣੇ ਹੋਏ ਮੈਂਬਰਾਂ ਵਿਚੋਂ (1) ਕੁਝ ਭੂਮੀਪਤੀਆਂ, ਵਪਾਰੀਆਂ ਅਤੇ ਸਨਅੱਤਕਾਰਾਂ ਦੇ ਹਿਤਾਂ ਦੀ ਪ੍ਰਤੀਨਿਧਤਾ ਕਰਨ ਲਈ ਬਣਾਏ ਗਏ ਦਰਜੇਵਾਰ ਚੁਨਾਵ ਖੇਤਰਾਂ ਦੁਆਰਾ ਚੁਣੇ ਜਾਂਦੇ ਹਨ (2) ਕੁਝ ਮਰਹੱਟੇ ਅਤੇ ਉਨ੍ਹਾਂ ਨਾਲ ਸੰਬੰਧਤ ਜਾਤੀਆਂ ਅਤੇ ਬਾਕੀਆਂ ਲਈ ਰਾਖਵੇਂ ਚੁਣਾਵ ਹਲਕਿਆਂ ਦੁਆਰਾ ਅਤੇ (3) ਮੁਸਲਮਾਨਾਂ ਅਤੇ ਯੂਰਪੀਨਾਂ ਲਈ ਬਣਾਏ ਗਏ ਫਿਰਕੂ ਚੁਣਾਵ ਖੇਤਰਾਂ ਦੁਆਰਾ ਚੁਣੇ ਗਏ ਹਨ। ਪ੍ਰਸ਼ਨ ਇਹ ਹੈ ਕਿ ਕੀ ਇਹ ਚੁਣਾਵ ਢਾਂਚਾ ਬਿਨਾਂ ਬਦਲੇ ਜਾਰੀ ਰੱਖਿਆ ਜਾ ਸਕਦਾ ਹੈ। ਕਿਸੇ ਵੀ ਸਿੱਟੇ 'ਤੇ ਪਹੁੰਚਣ ਤੋਂ ਪਹਿਲਾਂ ਸਿਧਾਂਤਕ ਅਤੇ ਵਿਹਾਰਕ ਦੋਨਾਂ ਹੀ ਪੱਖਾਂ ਦੀ ਰੋਸ਼ਨੀ ਵਿਚ ਇਸਦਾ ਮੁਲਾਂਕਣ ਕਰਨਾ ਲਾਜ਼ਮੀ ਹੈ।

ਨਾਮਜ਼ਦ ਮੈਂਬਰ

47. ਨਾਮਜ਼ਦ ਮੈਂਬਰਾਂ ਦੇ ਵਿਰੁਧ ਇਹ ਮੰਗ ਕੀਤੀ ਜਾਂਦੀ ਹੈ ਕਿ ਕੌਂਸਲ ਵਿਚ ਉਨ੍ਹਾਂ ਦੀ ਹਾਜ਼ਰੀ ਇਸਦੀ ਪ੍ਰਤੀਨਿਧਤਾ ਕਰਨ ਦੀ ਮਾਣ ਮਰਿਆਦਾ ਨੂੰ ਧੱਕਾ ਪਹੁੰਚਾਉਂਦੀ ਹੈ। ਜਿਵੇਂ ਕਿ ਜ਼ਿੰਮੇਵਾਰ ਸਵੈ-ਸਰਕਾਰ ਦੀ ਖਾਸੀਅਤ ਕਾਰਜਕਾਰਣੀ ਦੀ ਵਿਧਾਨ ਮੰਡਲ ਅੱਗੇ ਜ਼ਿੰਮੇਵਾਰੀ ਹੈ, ਉਸੇ ਤਰ੍ਹਾਂ ਪ੍ਰਤੀਨਿਧੀ ਸਰਕਾਰ ਦੀ ਖਾਸੀਅਤ ਵਿਧਾਨ ਮੰਡਲ ਦੀ ਲੋਕਾਂ ਅੱਗੇ ਜ਼ਿੰਮੇਵਾਰੀ ਹੈ। ਅਜਿਹੀ ਜ਼ਿੰਮੇਵਾਰੀ ਤਾਂ ਹੀ ਸੁਰੱਖਿਅਤ ਰੱਖੀ ਜਾ ਸਕਦੀ ਹੈ, ਜੇ ਵਿਧਾਨ ਮੰਡਲ ਲੋਕਾਂ ਦੁਆਰਾ ਚੁਣਿਆ ਜਾਵੇ। ਨਾਮਜ਼ਦ ਮੈਂਬਰਾਂ ਦੀ ਵਿਵਸਥਾ ਨਾ ਕੇਵਲ ਸਭਾ ਨੂੰ ਅਪ੍ਰਤੀਨਿਧੀ ਹੀ ਬਣਾਉਂਦੀ ਹੈ, ਸਗੋਂ ਇਹ ਕਾਰਜਕਾਰਣੀ ਨੂੰ ਵੀ ਗੈਰ ਜ਼ਿੰਮੇਵਾਰ ਬਣਾਉਂਦੀ ਹੈ। ਕਿਉਂ ਜੋ ਨਾਮਜ਼ਦਗੀਆਂ ਦੀ ਸ਼ਕਤੀ ਸਦਕਾ, ਕਾਰਜਕਾਰਣੀ ਜਿਸਦੀ ਸਲਾਹ ਨਾਲ ਇਸ ਸ਼ਕਤੀ ਦੀ ਵਰਤੋਂ ਕੀਤੀ ਜਾਂਦੀ ਹੈ। 25 ਫੀਸਦੀ ਦੇ ਲਗਭਗ ਵਿਧਾਨ ਮੰਡਲ ਦੀ ਨਿਸੁਕਤੀ ਕੀਤੀ ਜਾਂਦੀ ਹੈ। ਜਿਸਦਾ ਨਤੀਜਾ ਇਹ ਹੈ ਕਿ ਸਦਨ ਦਾ ਇੰਨਾ ਵੱਡਾ ਭਾਗ ਕਾਰਜਕਾਰਣੀ ਦਾ ਆਲੋਚਕ ਬਣਨ ਦੀ ਬਜਾਇ

ਇਸਦੇ ਸੇਵਕ ਦੀ ਸਥਿਤੀ ਵਿਚ ਆ ਜਾਂਦਾ ਹੈ। ਕਿਉਂਕਿ ਨਾਮਜ਼ਦ ਕੀਤੇ ਗੈਰ-ਸਰਕਾਰੀ ਮੈਂਬਰ ਸਰਕਾਰ ਦੇ ਨੌਕਰ ਨਹੀਂ ਹੁੰਦੇ। ਇਸ ਨਾਲ ਇਸ ਵਿਚਾਰ ਦਾ ਮਹੱਤਵ ਨਹੀਂ ਘਟਦਾ। ਕਿਉਂਕਿ ਨਾਮਜ਼ਦ ਕੀਤੇ ਗੈਰ-ਸਰਕਾਰੀ ਮੈਂਬਰ ਹਮੇਸ਼ਾਂ ਖਰੀਦੇ ਜਾ ਸਕਦੇ ਹਨ ਅਤੇ ਕਾਰਜਕਾਰਣੀ ਕੋਲ ਇਕ ਚੁਣੇ ਹੋਏ ਮੈਂਬਰ ਦੀ ਆਜ਼ਾਦੀ ਖਰੀਦਣ ਦੇ ਕਈ ਢੰਗ ਹੁੰਦੇ ਹਨ। ਮੈਂਬਰ ਨੂੰ ਸਿੱਧੇ ਖਿਤਾਬ ਪ੍ਰਦਾਨ ਕਰਨਾ ਅਤੇ ਉਸਨੂੰ ਮਾਣ ਬਖਸ਼ਣਾ ਜਾਂ ਉਸਦੇ ਦੋਸਤਾਂ ਤੇ ਰਿਸ਼ਤੇਦਾਰਾਂ' ਤੇ ਉਪਕਾਰ ਕਰਨਾ ਅਜਿਹੇ ਢੰਗਾਂ ਵਿਚੋਂ ਕੁਝ ਹਨ। ਪਰੰਤੂ ਨਾਮਜ਼ਦ ਕੀਤੇ ਹੋਏ ਗੈਰ-ਸਰਕਾਰੀ ਮੈਂਬਰ ਪਹਿਲਾਂ ਹੀ ਨਿਰਭਰਤਾ ਦੀ ਅਜਿਹੀ ਘਟੀਆ ਸਥਿਤੀ ਵਿਚ ਹੁੰਦੇ ਹਨ ਕਿ ਕਾਰਜਕਾਰਣੀ ਨੂੰ ਉਨ੍ਹਾਂ ਦੀ ਆਜ਼ਾਦੀ ਖਰੀਦਣੀ ਨਹੀਂ ਪੈਂਦੀ। ਉਨ੍ਹਾਂ ਕੋਲ ਕੋਈ ਆਜ਼ਾਦੀ ਨਹੀਂ ਹੁੰਦੀ ਜਿਹੜੀ ਵੇਚੀ ਜਾ ਸਕੇ। ਉਹ ਕਾਰਜਕਾਰਣੀ ਦੇ ਬਣਾਏ ਹੋਏ ਹੁੰਦੇ ਹਨ ਅਤੇ ਉਨ੍ਹਾਂ ਨੂੰ ਜੇ ਕਰ ਸ਼ਰਤ ਤੇ ਨਹੀਂ ਤਾਂ ਇਸ ਸਮਝੌਤੇ ਤੇ ਸੀਟਾਂ ਦਿੱਤੀਆਂ ਜਾਂਦੀਆਂ ਹਨ ਕਿ ਉਹ ਕਾਰਜਕਾਰਣੀ ਦੇ ਮਿੱਤਰ ਦੇ ਤੌਰ ਤੇ ਕੰਮ ਕਰਨਗੇ। ਨਾ ਹੀ ਕਾਰਜਕਾਰਣੀ ਉਨ੍ਹਾਂ ਨਾਮਜ਼ਦ ਮੈਂਬਰਾਂ ਨੂੰ ਮੁੜ ਨਾਮਜ਼ਦ ਕਰਨ ਲਈ ਪਾਬੰਦ ਹੈ ਜਿਹੜੇ ਸਮਝੌਤੇ ਨੂੰ ਤੋੜਦੇ ਹਨ। ਕਿਉਂ ਜੋ ਕਾਰਜਕਾਰਣੀ ਮੁੜ ਨਾਮਜ਼ਦਗੀ ਦੀ ਸ਼ਕਤੀ ਰੱਖਦੀ ਹੋਣ ਕਰਕੇ, ਉਸ ਮੈਂਬਰ ਨੂੰ ਮੁੜ-ਨਾਮਜ਼ਦ ਕਰਨ ਤੋਂ ਇਨਕਾਰ ਕਰਕੇ ਸਖਤ ਤੋਂ ਸਖਤ ਸਜ਼ਾ ਦੇ ਸਕਦੀ ਹੈ ਅਤੇ ਕਈ ਅਜਿਹੀਆਂ ਉਦਾਹਰਣਾਂ ਵੀ ਹਨ ਜਿਥੇ ਕਾਰਜਕਾਰਣੀ ਇਹ ਸਜ਼ਾ ਦਿੱਤੀ ਹੈ। ਬਾਦਸ਼ਾਹ ਕੋਲ ਵੀ ਵੀਟੋ ਕਰਨ ਦੀ ਸ਼ਕਤੀ ਦੀ ਤਰ੍ਹਾਂ ਮੁੜ ਨਾਮਜ਼ਦਗੀ ਦੀ ਸ਼ਕਤੀ ਦੀ ਹੋਂਦ ਦਾ ਗਿਆਨ ਹਰੇਕ ਨਾਮਜ਼ਦ ਮੈਂਬਰ ਨੂੰ ਹਮੇਸ਼ਾਂ ਕਾਰਜਕਾਰਣੀ ਦਾ ਹੁਕਮ ਮੰਨਣ ਲਈ ਤਿਆਰ ਰੱਖਦਾ ਹੈ।

48. ਨਾਮਜ਼ਦਗੀ ਦੀ ਪ੍ਰਣਾਲੀ ਦੇ ਵਿਚੋਂ ਪੈਦਾ ਹੋਣ ਵਾਲੀ ਇਕ ਹੋਰ ਬੁਰਾਈ ਹੈ ਜਿਸਦਾ ਵਰਣਨ ਕੀਤਾ ਜਾਣਾ ਜ਼ਰੂਰੀ ਹੈ। ਨਾਮਜ਼ਦ ਗੈਰ-ਸਰਕਾਰੀ ਮੈਂਬਰਾਂ ਨੇ ਕੁਝ ਖਾਸ ਕੌਮੀਅਤਾਂ ਦੇ ਹਿੱਤਾਂ ਦਾ ਪ੍ਰਤੀਨਿਧ ਕਰਨਾ ਹੁੰਦਾ ਸੀ। ਕਿਉਕਿ ਜੋ ਉਨ੍ਹਾਂ ਦੀ ਪ੍ਰਤੀਨਿਧਤਾ ਲਈ ਚੁਣਾਵ ਢਾਂਚਾ ਜਿਵੇਂ ਕਿ ਬਣਾਇਆ ਗਿਆ ਹੈ, ਉਸੇ ਤਰ੍ਹਾਂ ਅਣ-ਉਪਯੁਕਤ ਸਮਝਿਆ ਜਾਂਦਾ ਸੀ ਜਿਵੇਂ ਕਿ ਨਾਮਜ਼ਦ ਕੀਤੇ ਸਰਕਾਰੀ ਮੈਂਬਰ ਦੇ ਹਿਤਾਂ ਦੀ ਪ੍ਰੋੜਤਾ ਕਰਨ ਲਈ ਨਿਯੁਕਤ ਕੀਤੇ ਜਾਂਦੇ ਸਨ। ਅਫਸੋਸ ਵਾਲੀ ਗੱਲ ਇਹ ਹੈ ਕਿ ਜਦ ਕਿ ਨਾਮਜ਼ਦ ਕੀਤੇ ਸਰਕਾਰੀ ਮੈਂਬਰਾਂ ਨੇ ਸਰਕਾਰ ਦੇ ਹਿੱਤਾਂ ਦੀ ਰੱਖਿਆ ਕਰਨੀ ਸੀ, ਨਾਮਜ਼ਦ ਕੀਤੇ ਗੈਰ ਸਰਕਾਰੀ ਮੈਂਬਰ ਆਪਣੇ ਵੋਟਰਾਂ ਦੇ ਹਿੱਤਾਂ ਦੀ ਰੱਖਿਆ ਕਰਨ ਵਿਚ ਬੁਰੀ ਤਰ੍ਹਾਂ ਫੇਲ ਹੋਏ। ਅਕਸਰ ਦੇਖਣ ਵਿਚ ਆਇਆ ਹੈ ਕਿ ਨਾਮਜ਼ਦ ਕੀਤਾ ਗੈਰ-ਸਰਕਾਰੀ ਮੈਂਬਰ ਆਪਣੀ ਕੌਮ ਦੀ ਸੇਵਾ ਨਹੀਂ ਕਰਦਾ, ਕਿਉਂਕਿ ਜ਼ਿਆਦਾਤਰ ਕੌਮੀਅਤਾਂ ਦੇ ਹਿਤਾਂ ਦੀ ਸੇਵਾ ਸਰਕਾਰੀ ਕਾਰਵਾਈਆਂ ਨੂੰ ਪ੍ਰਭਾਵਤ ਕਰਕੇ ਹੀ ਕੀਤੀ ਜਾ ਸਕਦੀ ਹੈ ਅਤੇ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਕਰ ਕਾਰਜਕਾਰਣੀ ਦੀ ਆਲੋਚਨਾ ਕੀਤੀ ਜਾਏ ਅਤੇ ਉਸਨੂੰ ਵਿਰੋਧੀ ਵੋਟ ਦੇ ਅਸਰ ਦਾ ਅਹਿਸਾਸ ਕਰਾਇਆ ਜਾਵੇ। ਪਰੰਤੂ ਨਾਮਜ਼ਦ ਮੈਂਬਰ ਨੂੰ ਉਸਦੇ ਨਾਮਜ਼ਦਗੀ ਦੇ ਆਧਾਰ ਤੇ ਮੈਂਬਰ ਬਣਨ ਕਰਕੇ ਹੀ ਇਸ

ਸਾਧਨ ਤੋਂ ਵੰਚਿਤ ਰੱਖਿਆ ਜਾਂਦਾ ਹੈ ਜਿਸਦਾ ਨਤੀਜਾ ਇਹ ਹੁੰਦਾ ਹੈ ਕਿ ਕਾਰਜਕਾਰਨੀ ਉਸਦੀ ਮਦਦ ਬਾਰੇ ਆਸ਼ਵਾਸਿਤ ਹੋਣ ਕਰਕੇ ਉਸਦੇ ਹਿਤਾਂ ਬਾਰੇ ਬੇਰੁਖ ਹੁੰਦੀ ਹੈ ਅਤੇ ਨਾਮਜ਼ਦ ਮੈਂਬਰ ਉਸਦੀ ਆਜ਼ਾਦੀ ਤੋਂ ਵੰਚਿਤ ਰਹਿਣ ਕਰਕੇ ਉਨ੍ਹਾਂ ਦੀ ਵਿਵਸਥਾ ਵਿਚ ਕੋਈ ਤਬਦੀਲੀ ਲਿਆਉਣ ਤੋਂ ਬੇਬਸ ਹੁੰਦਾ ਹੈ, ਜਿਨ੍ਹਾਂ ਦਾ ਪ੍ਰਤੀਨਿਧ ਕਰਨ ਲਈ ਉਸਨੂੰ ਨਾਮਜ਼ਦ ਕੀਤਾ ਜਾਂਦਾ ਹੈ। ਇਸ ਲਈ ਨਾਮਜ਼ਦਗੀ ਦੁਆਰਾ ਪ੍ਰਤੀਨਿਧਤਾ ਕੋਈ ਪ੍ਰਤੀਨਿਧਤਾ ਨਹੀਂ ਹੈ। ਇਹ ਕੇਵਲ ਮਜ਼ਾਕ ਹੈ।

49. ਨਾਮਜ਼ਦਗੀ ਦੀ ਪ੍ਰਣਾਲੀ ਦੀ ਇਕ ਹੋਰ ਗੰਭੀਰ ਲਾਚਾਰੀ ਇਹ ਹੈ ਕਿ ਨਾਮਜ਼ਦ ਕੀਤੇ ਗਏ ਗੈਰ-ਸਰਕਾਰੀ ਮੈਂਬਰ ਮੰਤਰੀ ਮੰਡਲ ਬਣਨ ਲਈ ਅਯੋਗ ਘੋਸ਼ਿਤ ਕੀਤੇ ਜਾਂਦੇ ਹਨ। ਸਿਧਾਂਤਕ ਰੂਪ ਵਿਚ ਵਿਧਾਨ ਮੰਡਲ ਦੇ ਮੈਂਬਰ ਨੂੰ ਪ੍ਰਸ਼ਾਸ਼ਨ ਦਾ ਮੰਤਰੀ ਚੁਣੇ ਜਾਣ ਦੇ ਅਧਿਕਾਰ ਦੇ ਵਿਰੁਧ ਕੋਈ ਬੰਦਿਸ਼ ਨਹੀਂ ਹੋਣੀ ਚਾਹੀਦੀ। ਮੰਨ ਵੀ ਲਈਏ ਕਿ ਅਜਿਹੇ ਅਧਿਕਾਰ ਨੂੰ ਸੀਮਤ ਕੀਤਾ ਜਾਣਾ ਹੈ ਤਾਂ ਅਜਿਹੀ ਸੀਮਾ ਦਾ ਮੰਤਵ ਚੰਗੇ ਅਤੇ ਸੁਯੋਗ ਪ੍ਰਸ਼ਾਸ਼ਨ ਦਾ ਹਿਤ ਹੋਣਾ ਚਾਹੀਦਾ ਹੈ। ਨਾ ਕੇਵਲ ਇਹ ਕਿ ਇਸ ਪਾਬੰਦੀ ਦਾ ਮੰਤਵ ਇਹ ਨਹੀਂ ਹੈ, ਪਰੰਤੂ ਇਹ ਕਿ ਇਹ ਪਾਬੰਦੀ ਉਨ੍ਹਾਂ ਦੀ ਪ੍ਰਤੀਨਿਧਤਾ ਦੇ ਢੰਗ ਵਿਚ ਭਿੰਨਤਾ ਹੋਣ ਕਰਕੇ ਵਖ ਵਖ ਕੌਮੀਅਤਾਂ ਉਪਰ ਅਸਮਾਨ ਦਬਾਉ ਪਾਉਂਦੀ ਹੈ ਅਤੇ ਕੁਝ ਖਾਸ ਕੌਮੀਅਤਾਵਾਂ ਨੂੰ ਕੁਪ੍ਰਭਾਵਤ ਕਰਦੀ ਹੈ ਜੋ ਕਿ ਇਸਦੀ ਲਾਚਾਰੀ ਤੋਂ ਆਜ਼ਾਦ ਹੋਣੀਆਂ ਚਾਹੀਦੀਆਂ ਹਨ। ਕੁਝ ਕੌਮੀਅਤਾਂ ਜਿਵੇਂ ਕਿ ਦਲਿਤ ਸ਼੍ਰੇਣੀਆਂ ਦੀ ਭਲਾਈ ਲਈ ਸਰਕਾਰ ਦੀ ਸਿੱਧੀ ਕਾਰਵਾਈ ਦੀ ਬਹੁਤ ਲੋੜ ਹੈ। ਇਹ ਸੱਚ ਹੈ ਕਿ ਸਰਕਾਰ ਦੀ ਕਾਰਵਾਈ ਦੀ ਕੋਈ ਵੀ ਮਾਤਰਾ ਸਥਿਤੀ ਨੂੰ ਪੂਰੀ ਤਰ੍ਹਾਂ ਜਾਂ ਤੁਰੰਤ ਬਦਲ ਨਹੀਂ ਸਕਦੀ। ਲੇਕਿਨ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਕੋਈ ਇਸਦੇ ਉਨ੍ਹਾਂ ਵੱਡੇ ਫਾਇਦਿਆਂ ਤੋਂ ਇਨਕਾਰ ਨਹੀਂ ਕਰ ਸਕਦਾ ਕਿ ਸੋਚ ਸਮਝ ਦੇ ਬਣਾਏ ਗਏ ਵਿਧਾਨ ਨਾਲ ਲੋਕਾਂ ਦਾ ਬਹੁਤ ਫਾਇਦਾ ਹੋ ਸਕਦਾ ਹੈ। ਇਹ ਸਾਰੀਆਂ ਸ਼੍ਰੇਣੀਆਂ ਅਸਲ ਵਿਚ ਆਪਣਾ ਜੀਵਨ ਵਿਰਸੇ ਵਿਚ ਮਿਲੀਆਂ ਬੁਰਾਈਆਂ ਅਤੇ ਸਮਾਜਿਕ ਔਕੜਾਂ ਦੇ ਬੋਝ ਹੇਠ ਆਪਣੀ ਜੀਵਨ ਯਾਤਰਾ ਦਾ ਅਰੰਭ ਅਤੇ ਅੰਤ ਕਰਦੀਆਂ ਹਨ, ਅਤੇ ਇਸਦੇ ਲਈ ਸਾਡਾ ਸਮਾਜ ਜ਼ਿੰਮੇਵਾਰ ਹੈ, ਅਤੇ ਇਨ੍ਹਾਂ ਦਾ ਅੰਤ ਕਾਫੀ ਹੱਦ ਤੱਕ ਸਾਡੇ ਵਿਧਾਨ ਦੁਆਰਾ ਕੀਤਾ ਜਾ ਸਕਦਾ ਹੈ। ਜਿਨ੍ਹਾਂ ਸਥਿਤੀਆਂ ਦੇ ਅਧੀਨ ਵਿਅਕਤੀਆਂ ਦਾ ਜੀਵਨ ਬਤੀਤ ਹੁੰਦਾ ਹੈ, ਉਨ੍ਹਾਂ ਨੂੰ ਬਦਲਣ ਲਈ ਵਿਧਾਨ ਦਾ ਪ੍ਰਭਾਵ ਦੁਨੀਆਂ ਵਿਚ ਹਰੇਕ ਥਾਂ ਮੰਨਿਆ ਗਿਆ ਹੈ। ਪਰੰਤੂ ਸਮਾਜਿਕ ਪ੍ਰਗ੍ਰਤੀ ਪ੍ਰਤੀ ਇਹ ਕਰਤੱਵ ਉਨ੍ਹਾਂ ਚਿਰ ਮਾਨਤਾ ਪ੍ਰਾਪਤ ਨਹੀਂ ਕਰ ਸਕਦਾ, ਜਿੰਨਾ ਚਿਰ ਦੇਸ਼ ਦੇ ਮੰਤਰੀ ਮੰਡਲ ਵਿਚ ਦਲਿਤ ਸ਼੍ਰੇਣੀਆਂ ਆਪਣੀ ਥਾਂ ਨਹੀਂ ਭਾਲ ਲੈਂਦੀਆਂ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਨਾਮਜ਼ਦਗੀ ਦੀ ਪ੍ਰਣਾਲੀ ਦੀ ਨਖੇਧੀ ਕੀਤੀ ਜਾਏ। ਇਸ਼ਦਾ ਇਕੋ ਮਾਤਰ ਪ੍ਰਭਾਵ ਇਹੀ ਹੋਇਆ ਹੈ ਕਿ ਇਸ ਨਾਲ ਚੰਦ ਅਜਿਹੇ ਵਿਅਕਤੀ ਪੈਦਾ ਹੋਏ ਹਨ ਜਿਨ੍ਹਾਂ ਨੇ ਆਪਣੀ ਪਦਵੀ

ਦੀ ਖਾਤਰ ਉਨ੍ਹਾਂ ਲੋਕਾਂ ਦੇ ਹਿਤਾਂ ਨੂੰ ਕੁਰਬਾਨ ਕੀਤਾ, ਜਿਨ੍ਹਾਂ ਦੀ ਉਹ ਨੁਮਾਇੰਦਗੀ ਕਰਦੇ ਹਨ।

ਚੁਣੇ ਹੋਏ ਮੈਂਬਰ

50. *ਸ਼੍ਰੇਣੀ ਚੋਣ ਖੇਤਰ :* ਇਹ ਸ਼੍ਰੇਣੀ ਚੁਣਾਵ-ਖੇਤਰ ਮਾਰਲੇ ਮਿੰਟੋ ਸੁਧਾਰਾਂ ਦੀ ਵਿਰਾਸਤ ਹਨ। ਮਾਰਲੇ-ਮਿੰਟੋ ਯੋਜਨਾ ਦਿਖਾਵੇ ਮਾਤਰ ਦੀ ਇਕ ਕੋਸ਼ਿਸ਼ ਸੀ। ਕਿਉਂਜੋ ਇਸਦੇ ਅਧੀਨ ਅਫਸਰਸ਼ਾਹੀ ਦੀ ਆਪਣੇ ਸ਼ਾਸਨ ਕਰਨ ਦੇ ਵਿਚਾਰ ਦਾ ਤਿਆਗ ਕੀਤੇ ਬਗੈਰ ਮਤੇ ਅਧਿਕਾਰ ਅਤੇ ਚੋਣ ਖੇਤਰਾਂ ਨੂੰ ਅਜਿਹੇ ਢੰਗ ਨਾਲ ਵਿਉਂਤ ਕਰਕੇ ਵਿਧਾਨ ਮੰਡਲ ਬਣਾਉਣ ਦੀ ਕੋਸ਼ਿਸ਼ ਸੀ ਜਿਵੇਂ ਕਿ ਪ੍ਰਗਟ ਰੂਪ ਵਿਚ ਇੰਜ ਜਾਪੇ ਕਿ ਲੋਕਾਂ ਦੀ ਚੁਣੀ ਹੋਈ ਸਰਕਾਰ ਬਣਾਈ ਜਾ ਰਹੀ ਹੈ ਪਰ, ਅਸਲੀਅਤ ਕੁਝ ਹੋਰ ਹੋਵੇ। ਅਜਿਹੀ ਯੋਜਨਾ ਲਈ ਇਹ ਸ਼੍ਰੇਣੀ ਚਣ ਖੇਤਰ ਪੂਰੀ ਤਰ੍ਹਾਂ ਅਨੁਕੂਲ ਸਨ। ਪਰੰਤੂ ਮੌਂਟਗੋ-ਚੈਮਸਫੋਰਡ ਦੀ ਯੋਜਨਾ ਕੋਈ ਬਹਾਨਾ ਨਹੀਂ ਸੀ। ਇਸਦਾ ਮੰਤਵ ਲੋਕਾਂ ਦਾ ਸ਼ਾਸਨ ਸਥਾਪਤ ਕਰਨਾ ਸੀ। ਜਿਸਦੇ ਨਤੀਜੇ ਵਜੋਂ ਇਸ ਤੋਂ ਅਜਿਹੇ ਸ਼੍ਰੇਣੀ ਚੋਣ-ਖੇਤਰਾਂ ਦੇ ਖਤਮ ਕਰਨ ਲਈ ਸੁਝਾਉ ਦੇਣ ਦੀ ਆਸ ਕੀਤੀ ਜਾਂਦੀ ਸੀ। ਫਿਰ ਵੀ ਸ਼ਕਤੀਸ਼ਾਲੀ ਪ੍ਰਭਾਵ ਕਾਰਨ ਜਿਹੜਾ ਕਿ ਇਹ ਸ਼੍ਰੇਣੀਆਂ ਹਮੇਸ਼ਾ ਵਰਤਦੀਆਂ ਸਨ, ਰਿਪੋਰਟ ਦੇ ਨਿਰਮਾਤਾਵਾਂ ਨੂੰ ਸ਼੍ਰੇਣੀ ਚੋਣ-ਖੇਤਰਾਂ ਦੇ ਜਾਰੀ ਰੱਖਣ ਦੀ ਤਜਵੀਜ਼ ਦੇਣ ਲਈ ਰਾਜ਼ੀ ਕਰ ਲਿਆ ਗਿਆ ਜਿਸ ਤਜਵੀਜ਼ ਨੂੰ ਸਾਊਥਬਰੋ ਕਮੇਟੀ ਵਲੋਂ ਲਾਗੂ ਕੀਤਾ ਗਿਆ। ਭਾਵੇਂ ਕੋਈ ਵੀ ਕਾਰਨ ਹੋਵੇ ਜਿਸਨੇ ਇਨ੍ਹਾਂ ਸ਼੍ਰੇਣੀ ਚਣ-ਖੇਤਰਾਂ ਨੂੰ ਜਾਰੀ ਰੱਖਣ ਲਈ ਅਗਵਾਈ ਕੀਤੀ ਹੋਵੇ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਦੀ ਹੋਂਦ ਲੋਕਪ੍ਰਿਯ ਸਰਕਾਰ ਦੀ ਅੰਤਰੀਵ ਆਤਮਾ ਨਾਲ ਮੇਲ ਨਹੀਂ ਖਾਂਦੀ। ਉਨ੍ਹਾਂ ਦੀ ਵਰਗ ਬਿਰਤੀ ਹੀ ਉਨ੍ਹਾਂ ਦੀ ਨਿੰਦਿਆ ਕਰਨ ਲਈ ਯੋਗ ਆਧਾਰ ਹੈ। ਵਿਧਾਨ ਮੰਡਲ ਵਰਗੀ ਵਿਚਾਰਵਾਨ ਸਭਾ ਵਿਚ, ਜਿਥੇ ਜਨ ਹਿਤ ਦੇ ਪ੍ਰਸ਼ਨ ਤੇ ਲੋਕ ਮੱਤ ਅਨੁਸਾਰ ਫੈਸਲੇ ਕੀਤੇ ਜਾਂਦੇ ਹਨ, ਇਹ ਜ਼ਰੂਰੀ ਹੈ ਕਿ ਪ੍ਰੀਸ਼ਦ ਦੇ ਜਿਹੜੇ ਮੈਂਬਰ ਫੈਸਲੇ ਵਿਚ ਭਾਗ ਲੈਣ, ਉਨ੍ਹਾਂ ਵਿਚੋਂ ਹਰੇਕ ਨੂੰ ਉਸ ਮੱਤ ਦਾ ਪ੍ਰਤੀਨਿਧ ਹੋਣਾ ਚਾਹੀਦਾ ਹੈ। ਅਸਲ ਵਿਚ ਕੋਈ ਹੋਰ ਵਿਅਕਤੀ ਸਦਨ ਵਿਚ ਬਹਿਸ ਕੀਤੇ ਗਏ ਮਸਲਿਆਂ ਤੇ ਨਿਰਣਾ ਇਕ ਵੋਟ ਦੇਣ ਲਈ ਯੋਗ ਨਹੀਂ ਸਮਝਿਆ ਜਾ ਸਕਦਾ। ਪਰੰਤੂ ਸ਼੍ਰੇਣੀ ਹਿਤਾਂ ਦੇ ਪ੍ਰਤੀਨਿਧ ਸਿਰਫ ਆਪਣੀ ਸ਼੍ਰੇਣੀ ਦੀ ਪੂਰਵ -ਅਵਧਾਰਨਾ ਦਾ ਪ੍ਰਗਟਾਵਾ ਕਰਦੇ ਹਨ ਅਤੇ ਉਨ੍ਹਾਂ ਨੂੰ ਅਜਿਹੇ ਫੈਸਲਿਆਂ ਵਿਚ ਭਾਗ ਲੈਣ ਤੋਂ ਅਯੋਗ ਠਹਿਰਾਉਣਾ ਚਾਹੀਦਾ ਹੈ, ਜਿਹੜੇ ਉਨ੍ਹਾਂ ਦੀ ਸ਼੍ਰੇਣੀ ਦੇ ਹਿੱਤਾਂ ਦੇ ਘੇਰੇ ਤੋਂ ਬਹਾਰ ਹਨ। ਉਨ੍ਹਾਂ ਦੇ ਸ਼੍ਰੇਣੀ ਆਚਰਣ ਦੇ ਹੁੰਦਿਆਂ ਹੋਇਆਂ ਵਿਧਾਨ ਮੰਡਲ ਦੇ ਮੈਂਬਰ ਹੋਣ ਕਰਕੇ ਉਹ ਸਾਰੇ ਮਸਲਿਆਂ ਤੇ ਵੋਟ ਦੇਣ ਦੀ ਯੋਗਤਾ ਹਾਸਲ ਕਰ ਲੈਂਦੇ ਹਨ, ਭਾਵੇਂ ਉਹ ਉਨ੍ਹਾਂ ਦੀ ਸ਼੍ਰੇਣੀ ਨਾਲ ਸੰਬੰਧਤ ਹੋਣ ਜਾਂ ਇਸਤੋਂ ਬਾਹਰ ਹੋਣ। ਮੇਰੇ ਵਿਚਾਰ ਵਿਚ ਇਹ ਲੋਕ

ਪ੍ਰਿਯ ਸਰਕਾਰ ਦੇ ਸਿਧਾਂਤ ਦੇ ਬਿਲਕੁਲ ਉਲਟ ਹੈ ।ਇਹ ਦਲੀਲ ਦਿਤੀ ਜਾਣੀ ਚਾਹੀਦੀ ਹੈ ਕਿ ਅਜਿਹੇ ਸ਼੍ਰੇਣੀ ਹਿਤਾਂ ਦੇ ਪ੍ਰਤੀਨਿਧੀ ਲਈ ਉਨ੍ਹਾਂ ਸ਼੍ਰੇਣੀ ਮਸਲਿਆਂ ਤੇ ਨਿਪੁੰਨ ਸਲਾਹ ਦੇਣੀ ਆਵੱਸ਼ਕ ਹੁੰਦੀ ਹੈ , ਜਿਨ੍ਹਾਂ ਨਾਲ ਗੈਰ-ਸ਼੍ਰੇਣਿਕ ਸਦਨ ਪਰਿਚਿਤ ਨਹੀਂ ਹੁੰਦਾ । ਇਸਦੇ ਉਲਟ , ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਪਰਜਾਤੰਤਰ ਵਿਚ ਆਖਿਰਕਾਰ ਬੁਨਿਆਦੀ ਸਿਧਾਂਤ ਸਵੈ-ਸਰਕਾਰ ਹੈ ਅਤੇ ਇਸਦਾ ਅਰਥ ਹੈ ਕਿ ਸਾਰੇ ਮਸਲਿਆਂ ਤੇ ਆਖਰੀ ਨਿਰਣਾ ਲੋਕਾਂ ਦੁਆਰਾ ਚੁਣੇ ਗਏ ਵਿਅਕਤੀਆਂ ਦੁਆਰਾ ਲਿਆ ਜਾਣਾ ਚਾਹੀਦਾ ਹੈ ਨਾ ਕਿ ਕੁਸ਼ਲ ਵਿਕਅਤੀਆਂ ਦੁਆਰਾ ।ਇਸਤੋਂ ਇਲਾਵਾ ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਅਜਿਹੇ ਲੋਕਾਂ ਦੀ ਸਲਾਹ ਹਮੇਸ਼ਾ ਸਦਨ ਲਈ ਹਿਤਕਾਰੀ ਨਹੀਂ ਹੁੰਦੀ, ਕਿਉਂ ਜੋ ਉਨ੍ਹਾਂ ਦਾ ਮਸ਼ਵਰਾ ਵਿਚਾਰ ਅਧੀਨ ਗੱਲ ਤੇ ਸਾਵਧਾਨੀ ਨਾਲ ਵਿਚਾਰ ਕਰਨ ਦੀ ਬਜਾਏ ਆਮ ਤੌਰ ਤੇ ਇਕ ਸ਼੍ਰੇਣੀ ਦੇ ਵਿਸ਼ੇਸ਼ ਵਿਚਾਰਾਂ ਦਾ ਸਪਸ਼ਟ ਪ੍ਰਗਟਾਵਾ ਹੈ

51. ਭਾਵੇਂ ਇਹ ਮੰਨ ਲਈਏ ਕਿ ਜਾਂ ਤਾਂ ਇਨ੍ਹਾਂ ਸ੍ਰੇਣੀਆਂ ਦੇ ਹਿਤਾਂ ਦੀ ਰਾਖੀ ਕਰਨਾ ਜਾਂ ਉਨ੍ਹਾਂ ਦੇ ਨਮਿਤ ਸਦਨ ਨੂੰ ਮਸ਼ਵਰਾ ਦੇਣਾ ਲਾਜ਼ਮੀ ਹੈ , ਫਿਰ ਵੀ ਹਾਲੇ ਇਹ ਸਾਬਿਤ ਕੀਤਾ ਜਾਣਾ ਹੈ ਕਿ ਇਹ ਹਿਤ ਆਮ ਚੋਣ ਖੇਤਰਾਂ ਰਾਹੀਂ ਪੂਰੀ ਪ੍ਰਤੀਨਿਧਤਾ ਹਾਸਲ ਨਹੀਂ ਕਰ ਸਕਣਗੇ ।ਜੋ ਤੱਥ ਸਾਡੇ ਕੋਲ ਹਨ ,ਉਹ ਇਸ ਗੱਲ ਨੂੰ ਕਰਦੇ ਹਨ ।ਇਨਾਮਦਾਰਾਂ ਦਾ ਕੇਸ ਹੀ ਲਓ । ਭਾਵੇਂ ਉਨ੍ਹਾਂ ਨੂੰ ਆਪਣੇ ਵਿਸ਼ੇਸ਼ ਚੋਣ ਖੇਤਰਾਂ ਰਾਹੀਂ ਤਿੰਨ ਸੀਟਾਂ ਦਿੱਤੀਆਂ ਗਈਆਂ ਹਨ, ਉਹ ਆਮ ਚੋਣ ਖੇਤਰਾਂ ਦੁਆਰਾ 12 ਸੀਟਾਂ ਹਾਸਲ ਕਰਨ ਵਿਚ ਕਾਮਯਾਬ ਹੋ ਗਏ ਹਨ ।ਅਸਲ ਵਿਚ ਸਦਨ ਦੇ ਦੂਸਰੇ ਜ਼ਿਮੀਂਦਾਰ ਮੈਂਬਰਾਂ ਨਾਲ ਉਨ੍ਹਾਂ ਦੀ ਏਕਤਾ ਹੋਣ ਕਰਕੇ ਉਹ ਆਪਣੇ ਆਪ ਨੂੰ ਗਿਣਤੀ ਵਿਚ ਇਤਨਾ ਮਜ਼ਬੂਤ ਸਮਝਦੇ ਹਨ ਕਿ ਉਨ੍ਹਾਂ ਨੇ ਕੁਝ ਮਹੀਨੇ ਪਹਿਲਾਂ ਆਪਣੀ ਸ੍ਰੇਣੀ ਦੇ ਨੇਤਾ ਲਈ ਮੰਤਰੀ ਦੀ ਪਦਵੀ ਦੀ ਮੰਗ ਕੀਤੀ ।ਇਸਤੋਂ ਇਲਾਵਾ ਇਹ ਸੱਚ ਨਹੀਂ ਹੈ ਕਿ ਸ਼੍ਰੇਣੀ ਚੋਣ ਖੇਤਰਾਂ ਤੋਂ ਬਿਨਾਂ ਸਦਨ ਵਿਚ ਇਨ੍ਹਾਂ ਸ੍ਰੇਣੀਆਂ ਦੇ ਹਿੱਤਾਂ ਦੀ ਕੋਈ ਪ੍ਰਤੀਨਿਧਤਾ ਨਹੀਂ ਹੋਵੇਗੀ ।ਅਜਿਹੇ ਹਿੱਤ ਉਸ ਸ੍ਰੇਣੀ ਦੇ ਮੈਂਬਰ ਦੁਆਰਾ ਪੂਰੀ ਤਰ੍ਹਾਂ ਸੁਰੱਖਿਅਤ ਹੋਣਗੇ, ਭਾਵੇਂ ਉਹ ਆਮ ਹਲਕੇ ਦੁਆਰਾ ਚੁਣਿਆ ਗਿਆ ਹੋਵੇ । ਇਹ ਸਪੱਸ਼ਟ ਹੋਵੇਗਾ, ਜੇਕਰ ਅਸੀਂ ਚੇਤੇ ਰੱਖੀਏ ਕਿ ਇਕ ਮੈਂਬਰ ਵਿਧਾਨ ਮੰਡਲ ਵਿਚ ਆਪਣੀ ਸੀਟ ਹਾਸਲ ਕਰਕੇ, ਭਾਵੇਂ ਉਹ ਸਿੱਧੇ ਤੌਰ ਤੇ ਆਪਣੇ ਹਲਕੇ ਦੀ ਪ੍ਰਤੀਨਿਧਤਾ ਕਰਦਾ ਹੈ, ਫਿਰ ਵੀ ਅਸਿੱਧੇ ਤੌਰ ਤੇ ਆਪਣੇ ਆਪ ਦਾ ਪ੍ਰਤੀਨਿਧਤਵ ਕਰਦਾ ਹੈ ਅਤੇ ਇਸ ਹੱਦ ਤੱਕ ਉਹ ਆਪਣੀ ਸ਼੍ਰੇਣੀ ਦੀ ਨੁਮਾਇੰਦਗੀ ਵੀ ਕਰਦਾ ਹੈ । ਅਸਲ ਵਿਚ ਅਸਿੱਧੇ ਤੌਰ ਤੇ ਆਪਣੇ ਆਪ ਦੀ ਨੁਮਾਇੰਦਗੀ ਕਰਨ ਦਾ ਇਕ ਮੈਂਬਰ ਦਾ ਰੁਝਾਨ ਭਾਵੇਂ ਰੋਕਿਆ, ਕੰਟਰੋਲ ਕੀਤਾ ਜਾਂ ਰੱਦ ਕੀਤਾ ਜਾ ਸਕਦਾ ਹੈ, ਪਰ ਫਿਰ ਵੀ ਇਹ ਇਤਨੀ ਪੱਕੀ ਤਰ੍ਹਾਂ ਵਿਦਮਾਨ ਹੈ ਕਿ ਇਹ ਸਿੱਧੀ ਪ੍ਰਤੀਨਿਧਤਾ ਨੂੰ ਪਿਛਾਂਹ ਸੁੱਟਦਾ ਹੈ ।ਉਦਾਹਰਣ ਦੇ ਤੌਰ ਤੇ ਕੋਈ ਵੀ ਇਹ ਵਿਸ਼ਵਾਸ

ਨਹੀਂ ਕਰ ਸਕਦਾ ਕਿ ਇਕ ਯੂਰਪੀਨ ਭਦਰਪੁਰਸ਼ ਚੈਂਬਰ ਆਫ ਕਮਰਸ ਦੀ ਨੁਮਾਇੰਦਗੀ ਕਰਦੇ ਹੋਏ ਕੇਵਲ ਵਪਾਰਕ ਹਿਤਾਂ ਦੀ ਨੁਮਾਇੰਦਗੀ ਕਰੇਗਾ ਅਤੇ ਯੂਰਪੀਨ ਸੰਪਰਦਾਇ ਦੀ ਪ੍ਰਤੀਨਿਧਤਾ ਨਹੀਂ ਕਰੇਗਾ ਕਿਉਂ ਜੋ ਉਹ ਚੈਂਬਰ ਆਫ ਕਮਰਸ ਦੁਆਰਾ ਚੁਣਿਆ ਗਿਆ ਹੈ ਨਾ ਕਿ ਆਮ ਯੂਰਪੀਨ ਸੰਪਰਦਾਇ ਦੁਆਰਾ । ਇਹ ਕੁਦਰਤੀ ਹੈ ਕਿ ਵਿਅਕਤੀ ਦਾ ਸਵੈ ਉਸਦੇ ਹਲਕੇ ਦੇ ਮੁਕਾਬਲੇ ਵਿਚ ਉਸਨੂੰ ਵਧੇਰੇ ਨਜ਼ਦੀਕ ਹੋਵੇਗਾ । ਇਕੂ ਕਹਾਵਤ ਹੈ ਕਿ ਆਦਮੀ ਦੀ ਚਮੜੀ ਉਸਦੀ ਕਮੀਜ਼ ਨਾਲੋਂ ਨੇੜੇ ਹੁੰਦੀ ਹੈ ਅਤੇ ਵਿਧਾਨ ਮੰਡਲ ਦੇ ਮੈਂਬਰਾਂ ਦੀ ਜ਼ਮੀਰ ਤੇ ਕੋਈ ਤੁਹਮਤ ਲਾਏ ਬਿਨਾ ਇਹੀ ਗੱਲ ਵਿਧਾਨ ਮੰਡਲ ਦੇ ਮੈਂਬਰਾਂ ਤੇ ਵੀ ਢੁੱਕਦੀ ਹੈ । ਇਸੇ ਗੱਲ ਤੇ ਯਕੀਨ ਰਖਦੇ ਹੋਇਆਂ ਅੰਗਰੇਜ਼ਾਂ ਨੇ ਇਕ ਸਮੇਂ ਇਸ ਗੱਲ ਦੀ ਕਾਮਨਾ ਕੀਤੀ ਸੀ ਕਿ ਅਜਿਹੇ ਸ੍ਰੇਣੀ ਚੋਣ ਖੇਤਰਾਂ ਦੇ ਵਿਚਾਰ ਨੂੰ ਤਿਆਗਣ ਲਈ ਹਾਊਸ ਆਫ ਕਾਮਨਜ਼ ਵਿਚ ਜਹਾਜ਼ਰਾਨੀ ਦਾ ਵਪਾਰ, ਉਨ ਦਾ ਵਪਾਰ ਅਤੇ ਲਿਲਨ ਦਾ ਵਪਾਰ ਹਰੇਕ ਦਾ ਆਪਣਾ ਬੁਲਾਰਾ ਹੋਣਾ ਚਾਹੀਦਾ ਹੈ । ਇਹ ਸਮਝਣਾ ਮੁਸ਼ਕਲ ਹੈ ਕਿ ਜਿਹੜੀ ਪ੍ਰਣਾਲੀ ਹੋਰ ਥਾਵਾਂ ਤੇ ਛੱਡ ਦਿੱਤੀ ਗਈ ਹੈ ਉਸਨੂੰ ਭਾਰਤ ਵਿਚ ਕਿਉਂ ਜਾਰੀ ਰੱਖਿਆ ਜਾਵੇ । ਇਹ ਇਨ੍ਹਾਂ ਦੇ ਸ੍ਰੇਣੀਆਂ ਦੇ ਹਿੱਤ ਵਿਚ ਜ਼ਰੂਰੀ ਨਹੀਂ ਹੈ ਅਤੇ ਇਹ ਰਾਜਨੀਤਿਕ ਢਾਂਚੇ ਲਈ ਨੁਕਸਾਨਦੇਹ ਹੈ । ਸਵਾਲ ਕੇਵਲ ਇਹ ਹੈ ਕਿ ਵਪਾਰਕ ਅਤੇ ਵਿਅਕਤੀਗਤ ਸ੍ਰੇਣੀਆਂ ਨਾਲ ਸੰਬੰਧ ਰੱਖਣ ਵਾਲੇ ਵਿਅਕਤੀ ਆਮ ਹਲਕਿਆਂ ਰਾਹੀਂ ਚੁਣਾਵ ਜਿੱਤ ਸਕਦੇ ਹਨ ਜਾਂ ਨਹੀਂ । ਮੈਂ ਅਜਿਹੀ ਕਿਸੇ ਗੱਲ ਤੋਂ ਵਾਕਿਫ ਨਹੀਂ ਹਾਂ ਜੋ ਇਨ੍ਹਾਂ ਸ੍ਰੇਣੀਆਂ ਲਈ ਚੋਣ ਦੌੜ ਵਿਚ ਅੜਚਣ ਹੋਵੇ । ਆਮ ਚੋਣਾਂ ਵਿਚ ਇਨਾਮਦਾਰਾਂ ਅਤੇ ਸਰਦਾਰਾਂ ਦੀ ਸਫਲਤਾ ਤੋਂ ਸਾਬਤ ਹੁੰਦਾ ਹੈ ਕਿ ਇਹ ਇਨ੍ਹਾਂ ਸ੍ਰੇਣੀਆਂ ਦੇ ਵਿਰੁਧ ਕੋਈ ਅੜਚਨ ਨਹੀਂ ਹੈ । ਜਿਥੇ ਇਨਾਮਦਾਰ ਅਤੇ ਸਰਦਾਰ ਕਾਮਯਾਬ ਹੋ ਸਕਦੇ ਹਨ, ਕੋਈ ਕਾਰਨ ਨਹੀਂ ਕਿ ਵਪਾਰਕ ਅਤੇ ਸਨਅਤੀ ਸ੍ਰੇਣੀਆਂ ਦੇ ਨੁਮਾਇੰਦੇ ਕਾਮਯਾਬ ਨਾ ਹੋ ਸਕਣ ।

52. *ਰਾਖਵੇਂ ਚੋਣ ਖੇਤਰ:* ਰਾਖਵੇਂ ਚੋਣ ਖੇਤਰਾਂ ਦੀ ਪ੍ਰਣਾਲੀ ਦੇ ਵਿਰੁੱਧ ਤਿੰਨ ਇਤਰਾਜ਼ ਉਠਾਏ ਜਾ ਸਕਦੇ ਹਨ । ਇਕ ਇਹ ਹੈ ਕਿ ਇਹ ਬਹੁਗਿਣਤੀ ਲਈ ਚੋਣ ਲਾਭ ਦੀ ਜਾਮਨੀ ਦੀ ਮੰਗ ਕਰਦਾ ਹੈ। ਇਹ ਸੱਚ ਹੈ ਕਿ ਮਰਹੱਟੇ ਅਤੇ ਉਨ੍ਹਾਂ ਨਾਲ ਸੰਬੰਧਤ ਜਾਤੀਆਂ ਪ੍ਰੈਜੀਡੈਂਸੀ ਦੇ ਮਰਾਠੀ ਬੋਲਦੇ ਭਾਗਾਂ ਵਿਚ ਵਸੋਂ ਅਤੇ ਵੋਟਾਂ ਦੀ ਗਿਣਤੀ ਦੋਨਾਂ ਦੇ ਲਿਹਾਜ਼ ਨਾਲ ਬਹੁ-ਗਿਣਤੀ ਬਣਾਉਂਦੀਆਂ ਹਨ ਅਤੇ ਇਸ ਤਰ੍ਹਾਂ ਰਾਜਨੀਤਿਕ ਸੁਰੱਖਿਆ ਲੈਣ ਲਈ ਹੱਕਦਾਰ ਨਹੀਂ ਹਨ । ਪਰੰਤੂ ਇਹ ਸਮਝ ਲੈਣਾ ਲਾਜ਼ਮੀ ਹੈ ਕਿ ਪ੍ਰੇਰਤ ਸ਼ਕਤੀ ਤੇ ਇਸਦੀ ਤਾਕਤ ਤੋਂ ਚੇਤੰਨ ਅਤੇ ਇਤਨੀ ਗੁਪਤ ਅਤੇ ਦੱਬੀ ਹੋਈ ਸ਼ਕਤੀ ਵਿਚਕਾਰ ਇਤਨਾ ਮਤਭੇਦ ਹੈ ਕਿ ਇਨ੍ਹਾਂ ਦੀ ਵਰਤੋਂ ਕਰਨ ਵਾਲਾ ਇਹ ਨਹੀਂ ਜਾਣਦਾ ਕਿ ਉਹ ਇਸਦੀ ਵਰਤੋਂ ਕਰ ਸਕਦਾ ਹੈ ।

ਮਰਹੱਟਿਆਂ ਅਤੇ ਉਨ੍ਹਾਂ ਨਾਲ ਸੰਬੰਧਤ ਜਾਤੀਆਂ ਦੀ ਉਨ੍ਹਾਂ ਹਲਕਿਆਂ ਵਿਚ ਵੋਟ ਸ਼ਕਤੀ ਦੀ ਤੁਲਨਾ ਜਿਥੇ ਉਨ੍ਹਾਂ ਲਈ ਸੀਟਾਂ ਰਾਖਵੀਆਂ ਕੀਤੀਆਂ ਗਈਆਂ ਹਨ, ਵੱਖ

ਵੱਖ ਚੋਣਾਵ ਲੜ ਰਹੇ ਉਮੀਦਵਾਰਾਂ ਵਿਚੋਂ ਉਨ੍ਹਾਂ ਦੇ ਪ੍ਰਤੀਨਿਧੀਆਂ ਨਾਲ ਕਰੀਏ ਤਾਂ ਇਸ ਗੱਲ ਨੂੰ ਪੂਰੀ ਤਰ੍ਹਾਂ ਪ੍ਰਮਾਣਤ ਕੀਤਾ ਜਾ ਸਕਦਾ ਹੈ ਕਿ ਮਰਹੱਟੇ ਅਤੇ ਉਨ੍ਹਾਂ ਨਾਲ ਸੰਬੰਧਤ ਜਾਤੀਆਂ ਆਪਣੀ ਸ਼ਕਤੀ ਬਾਰੇ ਚੇਤੰਨ ਨਹੀਂ ਹਨ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਅਜਿਹੇ ਹਰੇਕ ਹਲਕੇ ਵਿਚ ਮਰਹੱਟੇ ਵੋਟਰ, ਦੂਸਰੀਆਂ ਕੌਮਾਂ ਦੇ ਵੋਟਰਾਂ ਉਪਰ ਹਾਵੀ ਹਨ। ਫਿਰ ਵੀ 1922 ਅਤੇ 1926 ਦੀਆਂ ਚੋਣਾਂ ਵਿਚ ਉਨ੍ਹਾਂ ਨੂੰ ਅਲਾਟ ਕੀਤੀਆਂ ਗਈਆਂ ਸੱਤ ਸੀਟਾਂ ਵਿਚੋਂ ਉਹ ਤਿੰਨਾਂ ਤੇ ਵੀ ਚੁਣੇ ਨਹੀਂ ਜਾ ਸਕੇ। ਇਹ ਇਸ ਕਰਕੇ ਨਹੀਂ ਹੋਇਆ ਕਿ ਸੀਟਾਂ ਉਨ੍ਹਾਂ ਲਈ ਰਾਖਵੀਆਂ ਕੀਤੀਆਂ ਗਈਆਂ ਸਨ। ਇਹ ਸਚਮੁੱਚ ਹੈਰਾਨੀ ਵਾਲੀ ਗੱਲ ਹੈ ਕਿ ਉਸ ਕੌਮ ਦੇ ਉਮੀਦਵਾਰ ਜੋ ਚੁਣਾਵ ਸੂਚੀਆਂ ਵਿਚ ਸਭ ਤੋਂ ਉਪਰ ਸਨ, ਉਹ ਸਭ ਨਾਲੋਂ ਹੇਠਾਂ ਲਗਭਗ ਡੁੱਬਦੀ ਅਵਸਥਾ ਵਿਚ ਰਹਿ ਗਏ। ਇਹ ਹੈਰਾਨਕੁਨ ਹਕੀਕਤ ਕੇਵਲ ਇਸ ਗੱਲ ਦੀ ਪ੍ਰਤੀਕ ਹੈ ਕਿ ਇਹ ਇਤਨੀ ਵੱਡੀ ਕੌਮ ਜੋ ਆਪਣੀ ਸ਼ਕਤੀ ਬਾਰੇ ਪੂਰੀ ਤਰ੍ਹਾਂ ਚੇਤੰਨ ਨਹੀਂ ਸੀ ਅਤੇ ਉਹ ਬਾਹਰਲੇ ਪ੍ਰਭਾਵ ਦਾ ਸ਼ਿਕਾਰ ਸੀ।

53. ਇਤਰਾਜ਼ ਦਾ ਦੂਜਾ ਆਧਾਰ, ਸ਼੍ਰੇਣੀ ਦੇ ਉਨ੍ਹਾਂ ਮੈਂਬਰਾਂ ਦੁਆਰਾ ਪ੍ਰੇਰਿਤ ਹੈ ਜਿਹੜੇ ਰਾਖਵੀਆਂ ਸੀਟਾਂ ਦੀ ਪ੍ਰਣਾਲੀ ਤੋਂ ਖਾਸ ਤੌਰ ਤੇ ਪ੍ਰਭਾਵਤ ਹਨ ਕਿ ਇਹ ਉਨ੍ਹਾਂ ਨਾਲ ਅਨਿਆ ਕਰਦਾ ਹੈ ਕਿਉਂਕਿ ਇਹ ਉਨ੍ਹਾਂ ਨੂੰ ਸਿੱਧੇ ਚੋਣ ਮੁਕਾਬਲੇ ਵਿਚ ਜਿੱਤ ਦਾ ਲਾਭ ਉਠਾਉਣ ਦੀ ਆਗਿਆ ਨਹੀਂ ਦਿੰਦਾ। ਇਹ ਸੱਚ ਹੈ ਕਿ ਇਹ ਪ੍ਰਣਾਲੀ ਉਚ ਸ਼੍ਰੇਣੀਆਂ ਉਤੇ ਹੇਠਲੀਆਂ ਸ਼੍ਰੇਣੀਆਂ ਦਾ ਪ੍ਰਤੀਨਿਧ ਕਰਨ ਤੇ ਰੋਕ ਲਾਉਂਦੀ ਹੈ। ਪਰੰਤੂ ਕੀ ਇਸ ਵਿਚ ਕੋਈ ਤਰਕ ਹੈ ਕਿ ਪ੍ਰਤੀਨਿਧਤਾ ਕਰਨ ਦਾ ਅਧਿਕਾਰ, ਜਿਵੇਂ ਕਿ 'ਪ੍ਰਤੀਨਿਧਤਾ ਦੇ ਅਧਿਕਾਰ' ਤੋਂ ਵਿਲੱਖਣ ਕੀਤਾ ਗਿਆ ਹੈ, ਅਸੀਮਤ ਅਧਿਕਾਰ ਕਿਉਂ ਹੋਣਾ ਚਾਹੀਦਾ ਹੈ। ਆਧੁਨਿਕ ਸਿਆਸਤਦਾਨਾਂ ਨੇ ਆਪਣੀ ਸਾਰੀ ਸੂਖਮ ਬੁੱਧੀ ਵੋਟ ਦੇ ਅਧਿਕਾਰ ਨੂੰ ਸੀਮਤ ਕਰਨ ਲਈ ਤਰਕ ਲੱਭਣ ਦੀ ਕੋਸ਼ਿਸ਼ ਵਿਚ ਖਰਚ ਕੀਤੀ ਹੈ। ਮੇਰੇ ਵਿਚਾਰ ਵਿਚ ਜ਼ਿਆਦਾ ਜ਼ਰੂਰਤ ਇਸ ਗੱਲ ਦੀ ਹੈ ਕਿ ਅਸੀਂ ਇਕ ਉਮੀਦਵਾਰ ਦੇ ਦੂਜਿਆਂ ਦੀ ਪ੍ਰਤੀਨਿਧਤਾ ਕਰਨ ਦੇ ਅਧਿਕਾਰ ਸੀਮਤ ਕਰਨ ਲਈ ਯਤਨ ਕਿਉਂ ਨਾ ਕਰੀਏ। ਅਸਲ ਵਿਚ ਕੋਈ ਕਾਰਨ ਨਹੀਂ ਕਿ ਪ੍ਰਤੀਨਿਧਤਵ ਕਾਰਜ ਦੀਆਂ ਪੇਚੀਦਗੀਆਂ, ਇਨ੍ਹਾਂ ਨੂੰ ਗ੍ਰਹਿਣ ਕਰਨ ਦੀਆਂ ਸ਼ਰਤਾਂ ਦੀ ਵਿਆਖਿਆ ਕਿਉਂ ਨਾ ਕਰਨ। ਉਦਾਹਰਣ ਦੇ ਤੌਰ ਤੇ ਸਥਾਨਕ ਸਰਕਾਰ ਵਿਚ ਕੀਤੀ ਗਈ ਸੇਵਾ ਦੇ ਆਧਾਰ ਤੇ ਵਿਧਾਨ ਮੰਡਲ ਲਈ ਚੁਣੇ ਜਾਣਾ ਅਤੇ ਬਾਕੀ ਸਾਰੇ ਜਿਹੜੇ ਇਹ ਸ਼ਰਤ ਪੂਰੀ ਨਾ ਕਰਦੇ ਹੋਣ, ਉਨ੍ਹਾ ਦੀ ਨਾਮਜ਼ਦਗੀ ਰੱਦ ਕਰ ਦੇਣਾ, ਇਹ ਚੁਣੇ ਜਾਣ ਦੇ ਅਧਿਕਾਰ ਵਿਚ ਦਖਲ-ਅੰਦਾਜ਼ੀ ਕਰਨਾ ਨਹੀਂ ਹੋਵੇਗਾ। ਇਹ ਮੰਨ ਲੈਣਾ ਪੂਰਨ ਰੂਪ ਵਿਚ ਅਧਿਕਾਰਤ ਹੋਵੇਗਾ ਕਿ ਵਿਧਾਨ ਮੰਡਲ ਵਿਚ ਕੀਤੀ ਗਈ ਸੇਵਾ, ਇਸਦੇ ਨਤੀਜਿਆਂ ਲਈ ਇਤਨੀ ਮਹੱਤਵਪੂਰਨ ਹੈ ਕਿ ਇਸਤੋਂ ਪਹਿਲਾਂ ਕਿ ਪ੍ਰਤੀਨਿਧ ਕਰਨ ਦਾ ਦਾਅਵਾ ਸਵੀਕਾਰ ਕੀਤਾ ਜਾ ਸਕੇ, ਰੁਝਾਨ ਅਤੇ

ਤਜਰਬੇ ਦਾ ਸਬੂਤ ਪੇਸ਼ ਕੀਤਾ ਜਾਣਾ ਲਾਜ਼ਮੀ ਹੈ । ਉਚ ਸ਼੍ਰੇਣੀਆਂ ਦੇ ਹੇਠਲੀਆਂ ਸ੍ਰੇਣੀਆਂ ਦੇ ਪ੍ਰਤੀਨਿਧਤਵ ਕਰਨ ਦੇ ਅਧਿਕਾਰ ਨੂੰ ਸੀਮਤ ਕਰਨ ਦੀ ਦਲੀਲ ਇਨ੍ਹਾਂ ਲੀਹਾਂ ਦਾ ਅਨੁਕਰਣ ਕਰਦੀ ਹੈ । ਇਹ ਕੇਵਲ ਪ੍ਰਤੀਨਿਧਤਾ ਦੇ ਅਧਿਕਾਰ ਦੀ ਮਾਨਤਾ ਲਈ ਕੁਝ ਸਮਾਜਿਕ ਵਤੀਰਿਆਂ ਨੂੰ ਪੂਰਨ ਪ੍ਰਮਾਣ ਲਈ ਸ਼ਰਤ ਬਣਾਉਂਦਾ ਹੈ । ਨਾ ਹੀ ਇਹ ਕਿਹਾ ਜਾ ਸਕਦਾ ਹੈ ਕਿ ਇਹ ਲੋੜ ਫਜ਼ੂਲ ਹੈ । ਕਿਉਂ ਜੋ ਇਕ ਉਮੀਦਵਾਰ ਦੀ ਸਿਰਫ ਯੋਗਤਾ ਅਤੇ ਤਜਰਬਾ ਹੀ ਉਸਦੇ ਉਨ੍ਹਾਂ ਲੋਕਾਂ ਵੱਲ, ਜਿਨ੍ਹਾਂ ਦਾ ਉਹ ਪ੍ਰਤੀਨਿਧਤਵ ਕਰਨਾ ਚਾਹੁੰਦਾ ਹੈ, ਸਮਾਜਿਕ ਵਿਵਹਾਰ ਨਾਲੋਂ ਜ਼ਿਆਦਾ ਮਹੱਤਵਪੂਰਣ ਨਹੀਂ ਹੈ । ਅਸਲ ਵਿਚ ਇਕੱਲੀ ਯੋਗਤਾ ਅਤੇ ਤਜਰਬਾ ਤਬਾਹੀ ਦਾ ਕਾਰਨ ਹੋਣਗੇ, ਜੇਕਰ ਉਹ ਸਹੀ ਪ੍ਰਕਾਰ ਦੇ ਸਮਾਜਕ ਵਿਵਹਾਰ ਦੁਆਰਾ ਨਿਯਮਤ ਨਾ ਹੋਣ । ਇਸ ਵਿਚ ਕੋਈ ਸ਼ੱਕ ਨਹੀਂ ਕਿ ਉਚ ਸ੍ਰੇਣੀਆਂ ਦਾ ਹੇਠਲੀਆਂ ਸ੍ਰੇਣੀਆਂ ਪ੍ਰਤੀ ਸਮਾਜਕ ਵਿਵਹਾਰ ਸਹੀ ਪ੍ਰਕਾਰ ਦਾ ਨਹੀਂ ਹੈ । ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਹਮੇਸ਼ਾਂ ਇਨ੍ਹਾਂ ਸ੍ਰੇਣੀਆਂ ਦੇ ਹਿਤ ਵਿਚ ਕਿਹਾ ਜਾਂਦਾ ਹੈ ਕਿ ਇਹ ਬੁਧੀਮਤਾ ਦੇ ਲਿਹਾਜ਼ ਨਾਲ ਭਾਰਤ ਵਿਚ ਸਭ ਤੋਂ ਸ਼ਕਤੀਸ਼ਾਲੀ ਕੌਮਾਂ ਹਨ । ਪਰੰਤੂ ਇਹ ਵੀ ਉਨੀ ਹੀ ਸੱਚਾਈ ਨਾਲ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਨੇ ਆਪਣੀ ਬੁੱਧੀਮਤਾ ਦੀ ਸ਼ਕਤੀ ਹੇਠਲੀਆਂ ਸ੍ਰੇਣੀਆਂ ਦੀ ਸੇਵਾ ਲਈ ਕਦੋਂ ਪ੍ਰਯੋਗ ਨਹੀਂ ਕੀਤੀ । ਬਲਕਿ ਉਨ੍ਹਾਂ ਨੇ ਹਮੇਸ਼ਾਂ ਉਨ੍ਹਾ ਲੋਕਾਂ ਦਾ ਤ੍ਰਿਸਕਾਰ, ਤਿਆਗ ਅਤੇ ਉਪੇਖਿਆ ਕੀਤੀ ਜਿਹੜੇ ਭਾਵੇਂ ਉਨ੍ਹਾਂ ਦੀ ਆਪਣੀ ਜਾਤੀ ਤੋਂ ਵੱਖਰੇ ਨਹੀਂ ਸਨ ਪਰੰਤੂ ਵਖਰੇ ਤਬਕੇ ਨਾਲ ਸੰਬੰਧਤ ਸਨ । ਕਿਸੇ ਵੀ ਸ਼੍ਰੇਣੀ ਨੂੰ ਦੂਜੀ ਸ਼੍ਰੇਣੀ ਤੇ ਸ਼ਾਸਨ ਕਰਨ ਦਾ ਅਧਿਕਾਰ ਨਹੀਂ, ਭਾਰਤ ਵਿਚਲੀਆਂ ਉਚ ਜਾਤੀਆਂ ਵਿਚੋਂ ਕਿਸੇ ਜਾਤੀ ਨੂੰ ਤਾਂ ਬਿਲਕੁਲ ਹੀ ਨਹੀਂ । ਆਪਣੇ ਵਿਵਹਾਰ ਨਾਲ ਉਨ੍ਹਾ ਨੇ ਸਾਬਤ ਕੀਤਾ ਹੈ ਕਿ ਉਹ ਇਕ ਅਜਿਹੀ ਸ਼੍ਰੇਣੀ ਹੈ, ਜੋ ਆਪਣੀਆਂ ਹੀ ਪੱਖ-ਪਾਤੀ ਧਾਰਨਾਵਾਂ ਵਿਚ ਲਿਖਤ ਹੋਵੇ ਤੇ ਜਿਸਨੇ ਕਦੇ ਲੋਕਾਂ ਦੀਆਂ ਉਮੀਦਾਂ ਵਿਚ ਹਿੱਸਾ ਨਾ ਪਾਇਆ ਹੋਵੇ । ਜਿਵੇਂ ਕਿ ਉਹਨਾਂ ਦਾ ਉਨ੍ਹਾਂ ਨਾਲ ਕੋਈ ਵਾਸਤਾ ਹੀ ਨਾ ਹੋਵੇ ਅਤੇ ਉਨ੍ਹਾਂ ਦਾ ਹਿੱਤ ਉਨ੍ਹਾ ਲੋਕਾਂ ਦੇ ਹਿੱਤ ਨਾਲ ਟਕਰਾਵ ਖ਼ਾਂਦਾ ਹੋਵੇ । ਇਸ ਲਈ ਇਹ ਮੰਗ ਕਰਨਾ ਅਨਿਆ ਪੂਰਨ ਨਹੀਂ ਹੋਵੇਗਾ ਕਿ ਇਕ ਉਮੀਦਵਾਰ, ਜਿਹੜਾ ਦੂਸਰਿਆਂ ਦਾ ਪ੍ਰਤੀਨਿਧ ਕਰਨ ਲਈ ਖੜ੍ਹਾ ਹੋਵੇ, ਉਹ ਉਨਾਂ ਦੇ ਟੀਚਿਆਂ, ਮੰਤਵਾਂ ਅਤੇ ਉਦੇਸ਼ਾਂ ਦਾ ਸਿਰਜਕ ਹੋਵੇ, ਜਿਨ੍ਹਾਂ ਦਾ ਉਹ ਪ੍ਰਤੀਨਿਧਤਵ ਕਰਨਾ ਚਾਹੁੰਦਾ ਹੈ ।

54. ਰਾਖਵੇਂ ਚੋਣ ਖੇਤਰਾਂ ਦੀ ਪ੍ਰਣਾਲੀ ਬਾਰੇ ਤੀਸਰਾ ਇਤਰਾਜ਼ ਇਹ ਹੈ ਕਿ ਇਹ ਯੋਗਤਾ ਨੂੰ ਜਨਮ ਦਿੰਦੀ ਹੈ ਕਿਉਂਕਿ ਇਕ ਨੀਵੀਂ ਪੱਧਰ ਦਾ ਉਮੀਦਵਾਰ ਉਚੀ ਪੱਧਰ ਦੇ ਉਮੀਦਵਾਰ ਦੇ ਮੁਕਾਬਲੇ ਵਿਚ ਸੀਟ ਹਾਸਲ ਕਰਨ ਵਿਚ ਸਫਲ ਹੋ ਜਾਂਦਾ ਹੈ । ਇਹ ਆਲੋਚਨਾ ਸਹੀ ਵੀ ਹੈ, ਪਰੰਤੂ ਇਥੇ ਕੁਝ ਹੋਰ ਵੀ ਗੱਲਾਂ ਹਨ, ਜਿਨ੍ਹਾਂ ਤੇ ਗੌਰ ਕਰਨਾ ਬਹੁਤ ਜ਼ਰੂਰੀ ਹੈ । ਸਭ ਤੋਂ ਪਹਿਲਾਂ ਜਿਵੇਂ ਕਿ ਪ੍ਰੋਫੈਸਰ ਡਾਇਸੀ ਨੇ ਸਹੀ ਦਲੀਲ ਦਿੱਤੀ ਹੈ, "ਬੁਧੀਮੱਤਾ ਦੇ ਆਧਾਰ ਤੇ ਯਥਾ ਸੰਭਵ ਚੰਗੀ ਪਾਰਲੀਮੈਂਟ ਕਦੇ ਵੀ ਸੰਵਿਧਾਨਕ

ਪ੍ਰਬੰਧਾਂ ਦਾ ਮੁੱਢਲਾ ਮੰਤਵ ਨਹੀਂ ਰਿਹਾ ।" ਅਸਲ ਵਿਚ ਰਾਸ਼ਟਰ ਦੇ ਲੋਕਾਂ ਦੀ ਬੁੱਧੀ ਤੋਂ ਉਚ ਪਾਰਲੀਮੈਂਟ ਦਾ ਗਠਨ ਕਰਨ ਦੀ ਕੋਸ਼ਿਸ਼ ਪ੍ਰਤੀਨਿਧ ਸਰਕਾਰ ਦੇ ਵਿਚਾਰ ਦੇ ਪ੍ਰਤੀਕੂਲ ਹੋਵੇਗੀ । ਫਿਰ ਵੀ ਇਹ ਮੰਨਦੇ ਹੋਏ ਕਿ ਬੁੱਧੀਮਾਨ ਸ੍ਰੇਣੀਆਂ ਦੀ ਥਾਂ ਗੈਰ-ਬੁਧੀਮਾਨ ਸ਼੍ਰੇਣੀਆਂ ਦੇ ਉਮੀਦਵਾਰਾਂ ਨੂੰ ਖੜ੍ਹਾ ਕਰਨਾ ਇਕ ਘਾਟਾ ਹੈ, ਇਹ ਘਾਟਾ ਪਛੜੀਆਂ ਸ਼੍ਰੇਣੀਆਂ ਦੇ ਸੁਭਾਵਕ ਆਦਰਸ਼ਵਾਦ ਦੁਆਰਾ ਕਾਫੀ ਨਾਲੋਂ ਜ਼ਿਆਦਾ ਪੂਰਾ ਕੀਤਾ ਜਾ ਸਕਦਾ ਹੈ । ਇਸ ਵਿਚ ਕੋਈ ਸ਼ੱਕ ਨਹੀਂ ਕਿ ਉਚ-ਸ੍ਰੇਣੀਆਂ ਦੇ ਪ੍ਰਤੀਨਿਧੀ ਆਪਣੀਆਂ ਛੋਟੀਆਂ ਛੋਟੀਆਂ ਗੱਲਾਂ ਵਿਚ ਰੁਝੇ ਰਹਿੰਦੇ ਹਨ ਅਤੇ ਆਮ ਤੌਰ ਤੇ ਰਾਸ਼ਟਰ ਦੇ ਕੰਮਾਂ ਨਾਲੋਂ ਵਧੇਰੇ ਆਪਣੀ ਸ਼੍ਰੇਣੀ ਦੇ ਕੰਮਾਂ ਵਿਚ ਉਲਝੇ ਰਹਿੰਦੇ ਹਨ। ਉਨ੍ਹਾ ਦਾ ਜੀਵਨ ਇਤਨਾ ਵਿਅੱਸਤ ਜਾਂ ਇਤਨਾ ਖੁਸ਼ਹਾਲ ਹੁੰਦਾ ਹੈ ਅਤੇ ਇਤਨੇ ਜ਼ਿਆਦਾ ਆਤਮ ਵਿਅਸਤ ਅਤੇ ਆਤਮ-ਸੰਤੁਸਟ ਵਿਅਕਤੀਆਂ ਲਈ ਸਮਾਜਿਕ ਤਰੱਕੀ ਦਾ ਉਭੁਦਾ ਖਿਆਲ ਸ਼ਾਇਦ ਹੀ ਕਦੇ ਆਉਂਦਾ ਹੋਵੇ । ਪਰੰਤੂ, ਛੋਟੀ ਸ਼੍ਰੇਣੀ ਦੇ ਵਿਅਕਤੀਆਂ ਨੂੰ ਉਨ੍ਹਾਂ ਦੇ ਮੁਸੀਬਤ ਦੇ ਦਿਨ ਲਗਾਤਾਰ ਯਾਦ ਰਹਿੰਦੇ ਹਨ ਅਤੇ ਉਹ ਸਮਝਦੇ ਹਨ ਕਿ ਸਮਾਜਿਕ ਪਰਿਵਰਤਨ ਦੁਆਰਾ ਹੀ ਇਨ੍ਹਾਂ ਤੇ ਕਾਬੂ ਪਾਇਆ ਜਾ ਸਕਦਾ ਹੈ । ਇਕ ਜੁਟ ਹੋ ਕੇ ਕੀਤੀਆਂ ਗਈਆਂ ਕਾਰਵਾਈਆਂ ਨਾਲ ਉਤਪੰਨ ਆਤਮ ਨਿਰਭਰਤਾ ਦਾ ਅਨੁਭਵ ਉਦਾਰਤਾ ਨੂੰ ਜਨਮ ਦਿੰਦਾ ਹੈ ਜਦੋਂ ਕਿ ਅਣਸਿਖਿਅਤ ਸ਼ਕਤੀਆਂ ਅਤੇ ਅਵਿਕਸਿਤ ਯੋਗਤਾ ਦੇ ਗਿਆਨ ਨਾਲ ਉਨ੍ਹਾਂ ਅੰਦਰ ਉਮੰਗਾਂ ਅਤੇ ਉਮੀਦਾਂ ਪੈਦਾ ਹੁੰਦੀਆਂ ਹਨ । ਉਨਤੀ ਦੀ ਚਾਹ ਲਈ ਸਾਨੂੰ ਹਮੇਸ਼ਾ ਦਰਮਿਆਨੀਆਂ ਸ਼੍ਰੇਣੀਆਂ ਵੱਲ ਵੇਖਣਾ ਪਵੇਗਾ । ਪਛੜੀਆਂ ਹਿੰਦੂ ਕੌਮੀਅਤਾਂ ਲਈ ਸੀਟਾਂ ਦਾ ਰਾਖਵਾਂਕਰਨ, ਰਾਸ਼ਟਰੀ ਸੇਵਾ ਲਈ ਇਤਨੀ ਸ਼ਕਤੀਸ਼ਾਲੀ ਸਮਾਜਿਕ ਤਾਕਤ ਉਪਲਬਧ ਕਰਦਾ ਹੈ ਜਿਸਦੀ ਗੈਰ ਹਾਜ਼ਰੀ ਵਿਚ ਕੋਈ ਵੀ ਪਾਰਲੀਮੈਂਟਰੀ ਸਰਕਾਰ ਨਿਰਧਨ ਸਮਝੀ ਜਾ ਸਕਦੀ ਹੈ ।

55. *ਫਿਰਕੂ ਚੋਣ ਖੇਤਰ* : ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਉਨ੍ਹਾਂ ਕੌਮੀਅਤਾਂ ਲਈ ਕੁਝ ਨਿਸ਼ਚਿਤ ਪ੍ਰਤੀਨਿਧਤਾ ਲਾਜ਼ਮੀ ਅਤੇ ਅਟੱਲ ਹੈ ਜਿਨ੍ਹਾਂ ਦੇ ਹਿਤਾਂ ਵਿਚ ਫਿਰਕੂ ਚੋਣ ਖੇਤਰ ਬਣਾਏ ਗਏ ਹਨ । ਕਿਸੇ ਵੀ ਕੀਮਤ ਤੇ, ਆਉਣ ਵਾਲੇ ਕੁਝ ਸਮੇਂ ਲਈ ਜਿਹੜੇ ਇਕੱਲੇ ਨੁਕਤੇ ਤੇ ਸਵਾਲ ਕੀਤਾ ਜਾ ਸਕਦਾ ਹੈ ਉਹ ਇਹ ਹੈ ਕਿ ਅਜਿਹੀ ਫਿਰਕੂ ਪ੍ਰਤੀਨਿਧਤਾ ਫਿਰਕੂ ਚੋਣ ਖੇਤਰਾਂ ਰਾਹੀਂ ਹੋਣੀ ਚਾਹੀਦੀ ਹੈ । ਉਹਨਾਂ ਦੇ ਵਿਰੋਧੀਆਂ ਦੁਆਰਾ ਫਿਰਕੂ ਚੋਣ ਖੇਤਰ ਰਖੇ ਗਏ ਹਨ ਜੋ ਬਾਅਦ ਵਿਚ ਦੇਸ਼ ਦੇ ਕਈ ਭਾਗਾਂ ਵਿਚ ਫਿਰਕੂ ਫਸਾਦਾਂ ਲਈ ਜ਼ਿੰਮੇਵਾਰ ਠਹਿਰਾਏ ਗਏ ਹਨ । ਇਸ ਗੱਲ ਦਾ ਅੰਦਾਜ਼ਾ ਆਸਾਨੀ ਨਾਲ ਨਹੀਂ ਲਾਇਆ ਜਾ ਸਕਦਾ ਕਿ ਫਿਰਕੂ ਚੋਣ ਖੇਤਰਾਂ ਅਤੇ ਫਿਰਕੂ ਫਸਾਦਾਂ ਵਿਚ ਕੀ ਸਿੱਧਾ ਸੰਬੰਧ ਹੈ । ਬਲਕਿ ਦੂਜੇ ਪਾਸੇ, ਇਹ ਦਲੀਲ ਦਿੱਤੀ ਗਈ ਹੈ ਕਿ ਮੁਸਲਮਾਨਾਂ ਦੀ ਮੰਗ ਨੂੰ ਮੰਨਕੇ ਫਿਰਕੂ ਚੋਣ ਖੇਤਰਾਂ ਨੇ ਅਸੰਤੁਸ਼ਟੀ ਅਤੇ ਦੁਰਭਾਵਨਾ ਦੇ ਇਕ ਕਾਰਨ ਨੂੰ ਤਾਂ ਦੂਰ ਕਰ ਦਿੱਤਾ ਹੈ, ਪਰ ਇਹ ਵੀ ਸੱਚ ਹੈ ਕਿ ਫਿਰਕੂ ਚੋਣ ਖੇਤਰ ਫਿਰਕੂ ਫਸਾਦਾਂ

ਨੂੰ ਖਤਮ ਕਰਨ ਵਿਚ ਮਦਦ ਨਹੀਂ ਕਰਦੇ ਬਲਕਿ ਫਿਰਕੂ ਫਸਾਦਾਂ ਵਿਚ ਵਾਧਾ ਕਰਦੇ ਹਨ । ਕਿਉਂ ਜੋ ਫਿਰਕੂ ਚੋਣ ਖੇਤਰ ਫਿਰਕੂ ਭਾਵਨਾਵਾਂ ਨੂੰ ਤੇਜ਼ ਕਰਦੇ ਹਨ । ਤੇ ਇਹ ਦੋਹਾਂ ਕੌਮੀਅਤਾਂ ਦੇ ਨੇਤਾਵਾਂ ਨੂੰ ਇਕ ਦੂਜੇ ਪ੍ਰਤੀ ਕੋਈ ਜ਼ਿੰਮੇਵਾਰੀ ਮਹਿਸੂਸ ਨਹੀਂ ਹੋਣ ਦਿੰਦੇ ਜਿਸਦੇ ਨਤੀਜੇ ਵਜੋਂ ਇਹ ਲੋਕਾਂ ਨੂੰ ਸ਼ਾਂਤੀ ਦੇ ਰਸਤੇ ਪਾਉਣ ਦੀ ਬਜਾਏ ਲੋਕਾਂ ਵਿਚ ਵਕਤੀ ਆਵੇਗ ਅਤੇ ਉਕਸਾਹਟ ਪੈਦਾ ਕਰਦੇ ਹਨ ।

56. ਮੁਸਲਮਾਨ ਜੋ ਕਿ ਫਿਰਕੂ ਚੋਣ ਖੇਤਰਾਂ ਨੂੰ ਜਾਰੀ ਰੱਖਣ ਤੇ ਜ਼ੋਰ ਦਿੰਦੇ ਰਹੇ ਹਨ ਉਹ ਤਿੰਨ ਆਧਾਰਾਂ ਦੀ ਟੇਕ ਲੈਂਦੇ ਹਨ ।

57. ਪਹਿਲੀ ਥਾਂ ਤੇ ਉਹ ਕਹਿੰਦੇ ਹਨ ਕਿ ਮੁਸਲਮਾਨਾਂ ਦੇ ਹਿੱਤ ਦੂਸਰੀਆਂ ਕੌਮੀਅਤਾਵਾਂ ਦੇ ਹਿੱਤਾ ਨਾਲੋਂ ਵਖਰੇ ਹਨ ਅਤੇ ਇਨ੍ਹਾਂ ਹਿੱਤਾਂ ਦੀ ਹਿਫ਼ਾਜ਼ਤ ਲਈ ਉਨ੍ਹਾਂ ਨੂੰ ਵੱਖਰੇ ਚੋਣ ਖੇਤਰ ਮਿਲਣੇ ਚਾਹੀਦੇ ਹਨ ।ਇਸ ਪ੍ਰਸ਼ਨ ਤੇ ਵਿਚਾਰ ਕਰਨ ਤੋਂ ਪਹਿਲਾਂ ਕਿ ਵੱਖਰੇ ਹਿੱਤਾਂ ਦੀ ਹਿਫ਼ਾਜ਼ਤ ਲਈ ਵੱਖਰੇ ਚੋਣ ਖੇਤਰ ਜ਼ਰੂਰੀ ਹਨ, ਇਹ ਸਮਝ ਲੈਣਾ ਜ਼ਰੂਰੀ ਹੈ ਕਿ ਕੀ ਕੋਈ ਅਜਿਹੇ ਹਿੱਤ ਵੀ ਹਨ ਜੋ ਇਸ ਮਕਸਦ ਲਈ ਵਖਰੇ ਕਹੇ ਜਾ ਸਕਦੇ ਹੋਣ ਕਿ ਉਹ ਕਿਸੇ ਹੋਰ ਕੌਮ ਦੇ ਹਿੱਤ ਨਹੀਂ ਹਨ ।ਧਰਮਨਿਰਪੱਖ ਖੇਤਰ ਵਿਚ ਜਿਵੇਂ ਕਿ ਇਸਨੂੰ ਧਾਰਮਿਕ ਖੇਤਰ ਤੋਂ ਵਖਰਾਇਆ ਗਿਆ ਹੈ , ਹਰ ਇਕ ਮਸਲਾ ਸਾਰਿਆਂ ਦੇ ਆਮ ਸਰੋਕਾਰ ਦਾ ਮਸਲਾ ਹੁੰਦਾ ਹੈ ।ਕੀ ਕਰ ਅਦਾ ਕੀਤੇ ਜਾਣੇ ਚਾਹੀਦੇ ਹਨ ਜਾਂ ਨਹੀਂ, ਜੇਕਰ ਅਜਿਹਾ ਹੋਵੇ ਕਿੰਨੇ ਅਤੇ ਕਿੰਨੀ ਦਰ' ਤੇ, ਕੀ ਰਾਸ਼ਟਰੀ ਖਰਚ ਕਿਸੇ ਹੋਰ ਪਾਸੇ ਤੋਂ ਕਿਸੇ ਹੋਰ ਪਾਸੇ ਲਗਾਇਆ ਜਾਣਾ ਚਾਹੀਦਾ ਹੈ, ਕੀ ਵਿਦਿਆ ਮੁਫ਼ਤ ਅਤੇ ਲਾਜ਼ਮੀ ਹੋਣੀ ਚਾਹੀਦੀ ਹੈ, ਕੀ ਸਰਕਾਰੀ ਜ਼ਮੀਨਾਂ ਪ੍ਰਤੀਬੰਧਿਤ ਮਿਆਦ ਜਾਂ ਮਿਆਦੀ ਕਬਜ਼ੇ ਦੇ ਆਧਾਰ 'ਤੇ ਵੇਚਣੀਆਂ ਚਾਹੀਦੀਆਂ ਹਨ , ਕੀ ਸਨਅਤਾਂ ਨੂੰ ਸਰਕਾਰੀ ਸਹਾਇਤਾ ਦੇਣੀ ਚਾਹੀਦੀ ਹੈ ; ਕੀ ਕਿਸੇ ਖਾਸ ਖੇਤਰ ਵਿਚ ਜ਼ਿਆਦਾ ਪੁਲਿਸ ਹੋਣੀ ਚਾਹੀਦੀ ਹੈ ; ਕੀ ਰਾਜ ਨੂੰ ਕਿਰਤੀ ਸ਼੍ਰੇਣੀਆਂ ਦੀ ਗਰੀਬੀ ਵਿਰੁੱਧ ਉਨ੍ਹਾਂ ਦੀ ਬਿਮਾਰੀ, ਬੇਰੋਜ਼ਗਾਰੀ ਜਾਂ ਮੌਤ ਦੀ ਸੂਰਤ ਵਿਚ ਸਮਾਜਿਕ ਬੀਮਾ ਯੋਜਨਾ ਲਾਗੂ ਕਰਨੀ ਚਾਹੀਦੀ ਹੈ, ਕੀ ਆਨਰੇਰੀ ਮੈਜਿਸਟਰੇਟਾਂ ਦੀ ਭਰਤੀ ਦੁਆਰਾ ਨਿਆਂ ਦਾ ਪ੍ਰਬੰਧ ਚੰਗੀ ਤਰਾਂ ਚਲ ਰਿਹਾ ਹੈ ,ਅਤੇ ਕੀ ਡਾਕਟਰੀ ਸਦਾਚਾਰ ਜਾਂ ਕਾਨੂੰਨੀ ਸਦਾਚਾਰ ਦੇ ਨਿਯਮ ਬਦਲ ਦੇਣੇ ਚਾਹੀਦੇ ਹਨ ਤਾਂ ਕਿ ਚੰਗੇ ਨਤੀਜੇ ਪ੍ਰਾਪਤ ਹੋ ਸਕਣ , ਇਹ ਕੁਝ ਪ੍ਰਸ਼ਨ ਹਨ ਜੋ ਆਮ ਤੌਰ ਤੇ ਪ੍ਰੀਸ਼ਦ ਦੇ ਸਾਹਮਣੇ ਆਉਂਦੇ ਹਨ ।ਇਨ੍ਹਾਂ ਪ੍ਰਸ਼ਨਾਂ ਦੀ ਸੂਚੀ ਵਿਚੋਂ ਕੀ ਕੋਈ ਅਜਿਹਾ ਪ੍ਰਸ਼ਨ ਹੈ , ਜਿਸਨੂੰ ਕਿਹਾ ਜਾ ਸਕੇ ਕਿ ਇਹ ਇਕੱਲੀ ਮੁਸਲਮਾਨ ਕੌਮ ਨਾਲ ਸੰਬੰਧਤ ਹੈ ? ਇਹ ਸੱਚ ਹੈ ਕਿ ਮੁਸਲਮਾਨ ਕੌਮ ਖਾਸ ਤੌਰ ਤੇ ਵਿਦਿਆ ਅਤੇ ਲੋਕ ਸੇਵਾ ਦੇ ਪ੍ਰਸ਼ਨ ਵਿਚ ਰੁੱਚੀ ਰੱਖਦੀ ਹੈ ।ਪਰੰਤੂ ਇਥੇ ਫਿਰ ਇਹ ਦੱਸਣਾ ਜ਼ਰੂਰੀ ਹੈ ਕਿ ਮੁਸਲਮਾਨ ਕੌਮ ਹੀ ਇਕੱਲੀ ਕੌਮ ਨਹੀਂ ਹੈ ਜੋ ਇਨ੍ਹਾਂ ਪ੍ਰਸ਼ਨਾਂ ਨੂੰ ਖਾਸ ਮਹੱਤਤਾ ਦਿੰਦੀ ਹੋਵੇ । ਕੀ ਗੈਰ ਬ੍ਰਾਹਮਣ ਅਤੇ ਦਲਿਤ ਸ਼੍ਰੇਣੀਆਂ ਵੀ ਇਸ ਪ੍ਰਸ਼ਨ ਵਿਚ ਉਤਨੀ ਹੀ ਡੂਘਾਈ

ਨਾਲ ਰੁੱਚੀ ਰੱਖਦੀਆਂ ਹਨ ? ਇਸ ਗੱਲ ਦਾ ਪ੍ਰਮਾਣ ਬੰਬਈ ਵਿਧਾਨ ਪ੍ਰੀਸ਼ਦ ਵਿਚ ਯੂਨੀਵਰਸਿਟੀ ਰਿਫਾਰਮਰਜ਼ ਬਿਲ ਦੇ ਸੰਬੰਧ ਵਿਚ , ਇਨ੍ਹਾਂ ਤਿੰਨਾਂ ਵਲੋਂ ਕੀਤੇ ਗਏ ਸਾਂਝੇ ਯਤਨਾਂ ਤੋਂ ਮਿਲਦਾ ਹੈ। ਮੁਸਲਮਾਨ ਕੌਮ ਦੇ ਸਾਂਝੇ ਹਿੱਤਾਂ ਦੀ ਹੋਂਦ, ਇਸ ਲਈ ਕੇਵਲ ਇਕ ਢਕੋਸਲਾ ਹੈ।ਅਸਲ ਵਿਚ ਇਹ ਵੱਖਰੇ ਹਿਤ ਨਹੀਂ, ਸਗੋਂ ਕੁਝ ਮਸਲਿਆਂ' ਚ ਖਾਸ ਦਿਲਚਸਪੀਆਂ ਹਨ ।

58. ਇਹ ਮੰਨਦੇ ਹੋਏ ਕਿ ਭਾਵੇਂ ਸਾਂਝੇ ਹਿੱਤ ਹੋਂਦ ਵਿਚ ਹਨ, ਪ੍ਰਸ਼ਨ ਇਹ ਹੈ ਕਿ ਕੀ ਇਹ ਆਮ ਚੋਣ ਖੇਤਰਾਂ ਅਤੇ ਸਾਂਝੇ ਚੋਣ ਖੇਤਰਾਂ ਨਾਲੋਂ ਵੱਖਰੇ ਚੋਣ ਖੇਤਰਾਂ ਦੁਆਰਾ ਜ਼ਿਆਦਾ ਵਿਕਸਤ ਕੀਤੇ ਜਾ ਸਕਦੇ ਹਨ ? ਮੇਰਾ ਜ਼ੋਰਦਾਰ ਉਤਰ ਇਹ ਹੈ ਕਿ ਕਿਸੇ ਘੱਟ ਗਿਣਤੀ ਦੇ ਵੱਖਰੇ ਜਾਂ ਖਾਸ ਹਿੱਤ ਵਖਰੇ ਚੋਣ ਖੇਤਰਾਂ ਨਾਲੋਂ ਆਮ ਚੋਣ ਖੇਤਰਾਂ ਅਤੇ ਰਾਖਵੀਆਂ ਸੀਟਾਂ ਦੀ ਪ੍ਰਣਾਲੀ ਦੁਆਰਾ ਚੰਗੀ ਤਰਾਂ ਵਿਕਸਤ ਕੀਤੇ ਜਾ ਸਕਦੇ ਹਨ । ਇਹ ਮੰਨਣਾ ਪਵੇਗਾ ਕਿ ਕਿਸੇ ਵੀ ਹਿੱਤ ਨੂੰ ਚੋਟ ਪਹੁੰਚਾਣਾ ਮੁੱਖ ਰੂਪ ਵਿਚ ਗੈਰ-ਜ਼ਿੰਮੇਵਾਰਨਾ ਕਾਰਵਾਈ ਹੈ। ਚੰਗੀ ਪ੍ਰਣਾਲੀ ਇਹ ਹੈ ਕਿ ਮੁਸਲਮਾਨ ਉਮੀਦਵਾਰ ਹਿੰਦੂ ਮੱਤ-ਅਧਿਕਾਰ ਦੁਆਰਾ ਅਤੇ ਹਿੰਦੂ ਉਮੀਦਵਾਰ ਮੁਸਲਮਾਨ ਮੱਤ ਅਧਿਕਾਰ ਦੁਆਰਾ ਚੁਣੇ ਜਾ ਸਕਣ । ਫਿਰਕੂ ਚੋਣ ਖੇਤਰਾਂ ਨਾਲ ਸੰਯੁਕਤ ਚੋਣ ਖੇਤਰਾਂ ਦੀ ਪ੍ਰਣਾਲੀ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਇਸ ਪ੍ਰਣਾਲੀ ਦੁਆਰਾ ਵੱਖਰੇ ਚੋਣ ਖੇਤਰਾਂ ਦੀ ਪ੍ਰਣਾਲੀ ਨਾਲ ਚੰਗੇ ਨਤੀਜੇ ਮਿਲਣ ਦਾ ਅਨੁਮਾਨ ਲਗਾਇਆ ਜਾਂਦਾ ਹੈ । ਕਿਸੇ ਵੀ ਕੀਮਤ ਤੇ ਇਹ ਦ੍ਰਿੜਤਾ ਨਾਲ ਕਿਹਾ ਜਾਣਾ ਜ਼ਰੂਰੀ ਹੈ ਕਿ ਘੱਟ ਗਿਣਤੀ ਸੰਯੁਕਤ ਚੋਣ ਖੇਤਰਾਂ ਅਧੀਨ ਵੱਖਰੇ ਚੋਣ ਖੇਤਰਾਂ ਨਾਲ ਵਧੇਰੇ ਲਾਭ ਪ੍ਰਾਪਤ ਕਰਦੀ ਹੈ ।ਵਖਰੇ ਚੋਣ ਖੇਤਰਾਂ ਦੀ ਘੱਟ ਗਿਣਤੀ ਪ੍ਰਤੀਨਿਧਤਾ ਦਾ ਆਪਣਾ ਹੀ ਕੋਟਾ ਲੈਂਦੀ ਹੈ ਅਤੇ ਇਸਤੋਂ ਵੱਧ ਜ਼ਿਆਦਾ ਨਹੀਂ । ਬਾਕੀ ਦਾ ਸਦਨ ਇਸਨੂੰ ਕੋਈ ਵਜ਼ਨ ਨਹੀਂ ਦਿੰਦਾ ਅਤੇ ਇਸ ਲਈ ਘੱਟ ਗਿਣਤੀ ਦੀਆਂ ਉਮੀਦਾਂ ਨੂੰ ਪੂਰਾ ਕਰਨ ਦੀ ਆਸ ਤੋਂ ਪ੍ਰਭਾਵਤ ਨਹੀਂ ਹੁੰਦਾ । ਇਸ ਤਰ੍ਹਾਂ ਘੱਟ ਗਿਣਤੀ ਨੂੰ ਉਸਦੇ ਆਪਣੇ ਸੋਮਿਆਂ ਦੇ ਆਸਰੇ ਸੁੱਟ ਦਿੱਤਾ ਜਾਂਦਾ ਹੈ ਅਤੇ ਕਿਉਂ ਜੋ ਪ੍ਰਤੀਨਿਧਤਾ ਦੀ ਕੋਈ ਵੀ ਪ੍ਰਣਾਲੀ ਘੱਟ ਗਿਣਤੀ ਨੂੰ ਬਹੁਗਿਣਤੀ ਵਿਚ ਨਹੀਂ ਬਦਲ ਸਕਦੀ, ਇਹ ਕੁਚਲੇ ਜਾਣ ਲਈ ਮਜਬੂਰ ਹੈ । ਦੂਸਰੇ ਪਾਸੇ, ਸੰਯੁਕਤ ਚੋਣ ਖੇਤਰਾਂ ਅਤੇ ਰਾਖਵੀਆਂ ਸੀਟਾਂ ਦੀ ਪ੍ਰਣਾਲੀ ਦੇ ਤਹਿਤ ਘੱਟ ਗਿਣਤੀਆਂ ਨਾ ਕੇਵਲ ਆਪਣੀ ਪ੍ਰਤੀਨਿਧਤਾ ਦਾ ਕੋਟਾ ਪ੍ਰਾਪਤ ਕਰਦੀਆਂ ਹਨ, ਪਰੰਤੂ ਇਸ ਤੋਂ ਵੀ ਕੁਝ ਵੱਧ ਸੀਟਾਂ ਲੈਣ ਵਿਚ ਕਾਮਯਾਬ ਹੁੰਦੀਆਂ ਹਨ । ਕਿਉਂਕਿ ਬਹੁਗਿਣਤੀ ਦਾ ਹਰੇਕ ਮੈਂਬਰ, ਜੋ ਕੁਝ ਹੱਦ ਤੱਕ ਘੱਟ ਗਿਣਤੀ ਦੀਆਂ ਵੋਟਾਂ ਦੀ ਤਾਕਤ ਦੇ ਸਿਰ ਤੇ ਕਾਮਯਾਬ ਹੋਇਆ ਹੈ , ਜੇਕਰ ਉਹ ਘੱਟ ਗਿਣਤੀ ਦਾ ਮੈਂਬਰ ਨਹੀਂ ਹੈ , ਫਿਰ ਵੀ ਉਹ ਘੱਟ ਗਿਣਤੀ ਲਈ ਮੈਂਬਰ ਜ਼ਰੂਰ ਹੋਵੇਗਾ । ਇਹ ਮੇਰੇ ਵਿਚਾਰ ਵਿਚ, ਬਹੁਤ ਵੱਡਾ ਫਾਇਦਾ ਹੈ ਜਿਹੜਾ ਘੱਟ ਗਿਣਤੀਆਂ ਨੂੰ ਸੁਰੱਖਿਆ ਪ੍ਰਦਾਨ ਕਰਨ ਦੇ ਸਾਧਨ ਵੱਜੋਂ ਮਿਲੇ ਜੁਲੇ ਚੋਣ ਖੇਤਰਾਂ ਦੀ ਪ੍ਰਣਾਲੀ ਨੂੰ ਵੱਖਰੇ ਚੋਣ ਖੇਤਰਾਂ ਦੀ ਪ੍ਰਣਾਲੀ

ਤੋਂ ਉਤਮ ਬਣਾਉਦਾ ਹੈ । ਮੁਸਲਮਾਨ ਘੱਟ ਗਿਣਤੀ ਇੰਜ ਸੋਚਦੀ ਜਾਪਦੀ ਹੈ ਜਿਵੇਂ ਕਿ ਪ੍ਰੀਸ਼ਦ ਪਾਦਰੀ ਦੀ ਸਭਾ ਵਾਂਗ ਹੈ ਜੋ ਕਿ ਪੋਪ ਦੀ ਚੋਣ ਲਈ ਬੁਲਾਈ ਗਈ ਹੋਵੇ ਜਾਂ ਇਕ ਧਾਰਮਿਕ ਸੰਸਥਾ ਧਾਰਮਿਕ ਮਸਲਿਆਂ ਨੂੰ ਸੁਲਝਾਉਣ ਲਈ ਬੁਲਾਈ ਗਈ ਹੋਵੇ । ਜੇਕਰ ਇਹ ਠੀਕ ਸੀ ਤਾਂ ਉਨ੍ਹਾਂ ਦਾ ਕੁਝ ਆਦਮੀ ਪਰ ਤਾਕਤਵਰ ਆਦਮੀ ਰੱਖਣ ਤੇ ਜ਼ੋਰ ਦੇਣਾ ਇਕ ਚੰਗੀ ਕ੍ਰਿਆ ਵਿਧੀ ਹੋ ਸਕਦੀ ਸੀ । ਪਰੰਤੂ ਹੁਣ ਸਮਾਂ ਆ ਗਿਆ ਹੈ ਕਿ ਕੌਮ ਇਹ ਮਹਿਸੂਸ ਕਰੇ ਕਿ ਪ੍ਰੀਸ਼ਦ ਕੋਈ ਧਾਰਮਿਕ ਸਭਾ ਨਹੀਂ, ਧਰਮ ਨਿਰਪੱਖ ਮਸਲਿਆਂ ਨੂੰ ਸੁਲਝਾਉਣ ਲਈ ਇਕ ਧਰਮ ਨਿਰਪੇਖ ਸੰਸਥਾ ਹੈ । ਅਜਿਹੇ ਮਸਲੇ ਸੁਲਝਾਉਣ ਸਮੇਂ ਨਤੀਜਾ ਹਮੇਸ਼ਾ ਬਹੁ-ਗਿਣਤੀ ਦੇ ਹੱਕ ਵਿਚ ਹੁੰਦਾ ਹੈ । ਜੇਕਰ ਇਹ ਸੱਚ ਹੈ ਤਾਂ ਕੀ ਇਹ ਗੱਲ ਘੱਟ ਗਿਣਤੀ ਦੇ ਹਿਤ ਵਿਚ ਨਹੀਂ ਕਿ ਉਹ ਅਜਿਹੀ ਪ੍ਰਣਾਲੀ ਦਾ ਸਮਰਥਨ ਕਰੇ ਜੋ ਇਸਦੇ ਆਪਣਾ ਮੈਂਬਰਾਂ ਤੋਂ ਇਲਾਵਾ , ਦੂਸਰਿਆਂ ਨੂੰ ਵੀ ਇਸਦੀ ਪ੍ਰੋੜਤਾ ਕਰਨ ਲਈ ਮਜਬੂਰ ਕਰੇ ?

59. ਦੂਸਰਾ ਆਧਾਰ, ਜਿਸਤੇ ਵਖਰੇ ਚੋਣ ਖੇਤਰ ਰੱਖਣ ਦਾ ਦਾਅਵਾ ਨਿਰਭਰ ਕਰਦਾ ਹੈ, ਉਹ ਇਹ ਹੈ ਕਿ ਮੁਸਲਮਾਨ ਆਪਣੇ ਆਪ ਵਿਚ ਇਕ ਕੌਮ ਹਨ, ਕਿ ਉਹ ਦੂਸਰੀਆਂ ਕੌਮੀਅਤਾਵਾਂ ਨਾਲੋਂ ਕੇਵਲ ਧਾਰਮਿਕ ਤੌਰ ਤੇ ਵਖਰੇ ਨਹੀਂ ਹਨ, ਸਗੋਂ ਉਹ ਆਪਣੇ ਇਤਿਹਾਸ, ਆਪਣੀਆਂ ਰਵਾਇਤਾਂ, ਆਪਣੀ ਸਭਿਅਤਾ, ਆਪਣੇ ਵਿਅਕਤੀਗਤ ਨਿਯਮਾਂ, ਆਪਣੇ ਸਮਾਜਿਕ ਰੀਤੀ ਰਿਵਾਜਾਂ ਕਰਕੇ ਵਖਰੇ ਹਨ ਜੋ ਕਿ ਉਨ੍ਹਾਂ ਨੂੰ ਜੀਵਨ ਪ੍ਰਤੀ ਅਜਿਹੀ ਖੁੱਲ੍ਹੀ ਸੋਚ ਪ੍ਰਦਾਨ ਕਰਦੇ ਹਨ ਅਤੇ ਜੋ ਕਿ ਪੂਰੀ ਤਰ੍ਹਾਂ ਕਿਸੇ ਵੀ ਤਰ੍ਹਾਂ ਦੇ ਸਮਾਜਿਕ ਬੰਧਨਾਂ, ਹਮਦਰਦੀਆਂ ਜਾਂ ਸਹੂਲਤਾਂ ਤੋਂ ਪ੍ਰਭਾਵਤ ਹੁੰਦੀ ਹੈ ਕਿ ਉਹ ਅਸਲ ਵਿਚ ਵਖਰੀ ਕਿਸਮ ਦੇ ਵਿਅਕਤੀ ਹਨ ਅਤੇ ਉਹ ਸਦੀਆਂ ਤੋਂ ਇਸ ਦੇਸ਼ ਵਿਚ ਰਹਿਣ ਦੇ ਬਾਵਜੂਦ ਆਪਣੇ ਆਪ ਨੂੰ ਅਜਿਹਾ ਸਮਝਦੇ ਹਨ । ਇਸ ਧਾਰਨਾ ਤੇ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਜੇਕਰ ਉਨ੍ਹਾਂ ਨੂੰ ਦੂਜੀਆਂ ਕੌਮੀਅਤਾਵਾਂ ਨਾਲ ਸਾਝਾਂ ਚੋਣ ਖੇਤਰ ਭੋਗਣ ਲਈ ਮਜਬੂਰ ਕੀਤਾ ਜਾਂਦਾ ਹੈ ਤਾਂ ਇਸਦੇ ਨਤੀਜੇ ਵਜੋਂ ਪੈਦਾ ਹੋਈ ਰਾਜਨੀਤਿਕ ਰਲਗੱਡਤਾ ਉਨ੍ਹਾਂ ਦੀ ਕੌਮ ਦੇ ਵਿਅਕਤੀਤਵ ਨੂੰ ਨਸ਼ਟ ਕਰ ਦੇਵੇਗੀ । ਇਹ ਧਾਰਨਾ ਕਿਥੋਂ ਤੱਕ ਸਹੀ ਤਸਵੀਰ ਪੇਸ਼ ਕਰਦੀ ਹੈ ਮੈਂ ਇਸਤੇ ਕੁਝ ਨਹੀਂ ਕਹਿਣਾ ਚਾਹੁੰਦਾ, ਪਰ ਇਥੇ ਇਹੀ ਕਹਿਣਾ ਕਾਫੀ ਹੈ ਕਿ ਮੇਰੇ ਵਿਚਾਰ ਵਿਚ ਅਸੀਂ ਕਿਸੇ ਨੂੰ ਵੀ ਆਪਣੇ ਜੀਵਨ ਪ੍ਰਤੀ ਸਹੀ ਨਹੀਂ ਕਹਿ ਸਕਦੇ । ਪਰੰਤੂ ਇਸਤੇ ਸ਼ੱਕ ਕਰਨਾ ਠੀਕ ਨਹੀਂ ਅਤੇ ਮੈਂ ਇਸ ਬਾਰੇ ਕੇਵਲ ਏਨਾ ਹੀ ਕਹਿਣਾ ਚਾਹੁੰਦਾ ਹਾਂ ਕਿ ਮੇਰੀ ਰਾਇ ਵਿਚ ਇਹ ਜੀਵਨ ਦੀ ਸਚਾਈ ਨਹੀਂ ਹੈ । ਫਿਰ ਵੀ ਇਹ ਸੱਚ ਮੰਨਣਾ ਕਿ ਮੁਸਲਮਾਨਾਂ ਦੀ ਇਕ ਵੱਖ ਕੌਮ ਦੇ ਤੌਰ ਤੇ ਸੰਭਾਲ ਇਕ ਆਦਰਸ਼ ਹੈ ਜੋ ਕਿ ਉਸ ਕੌਮ ਨੂੰ ਸਵੀਕਾਰ ਹੈ, ਇਸ ਵਿਚ ਕੋਈ ਤਰਕ ਨਹੀਂ ਕਿ ਫਿਰਕੂ ਚੋਣ ਖੇਤਰ ਹੀ ਇਸ ਮੰਤਵ ਲਈ ਜ਼ਰੂਰੀ ਸਮਝੇ ਜਾ ਸਕਦੇ ਹਨ । ਦੁਨੀਆਂ ਵਿਚ ਭਾਰਤ ਹੀ ਇਕੱਲਾ ਦੇਸ਼ ਨਹੀਂ ਹੈ, ਜਿਥੇ ਵਖ ਵਖ ਜਾਤੀਆਂ ਨੂੰ ਇਕ ਸਾਂਝੀ ਸਰਕਾਰ

ਹੇਠ ਲਿਆਉਣ ਦੀ ਮੰਗ ਕੀਤੀ ਗਈ ਹੈ । ਕੈਨੇਡਾ ਅਤੇ ਦੱਖਣੀ ਅਫਰੀਕਾ, ਬ੍ਰਿਟਿਸ਼ ਸਾਮਰਾਜ ਵਿਚ ਦੋ ਰਾਜ ਹਨੋ ਜਿੱਥੇ ਦੋ ਵੱਖੋ ਵੱਖ ਜਾਤੀਆਂ ਸਰਕਾਰ ਦੀ ਸਾਂਝੀ ਪ੍ਰਣਾਲੀ ਦਾ ਹੱਲ ਲੱਭ ਰਹੀਆਂ ਹਨ । ਭਾਰਤ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਵਾਂਗ ਦੱਖਣੀ ਅਫਰੀਕਾ ਵਿਚ ਬਰਤਾਨਵੀ ਅਤੇ ਡੱਚ ਅਤੇ ਕੈਨੇਡਾ ਵਿਚ ਬਰਤਾਨਵੀ ਅਤੇ ਫਰਾਂਸੀਸੀ ਆਪਣੀਆਂ ਵਖੋ ਵਖ ਸਭਿਆਤਾਵਾਂ ਵਾਲੀਆਂ ਦੋ ਵਖੋ-ਵਖ ਕੌਮੀਅਤਾਵਾਂ ਹਨ । ਪਰੰਤੂ ਕਿਸੇ ਨੇ ਵੀ ਕਦੇ ਸਾਂਝੇ ਚੋਣ ਖੇਤਰਾਂ ਦੇ ਇਸ ਆਧਾਰ ਤੋਂ ਇਤਰਾਜ਼ ਨਹੀਂ ਕੀਤਾ। ਸਮਝਿਆ ਜਾਂਦਾ ਹੈ ਕਿ ਚੋਣਾਂ ਦੇ ਮੰਤਵ ਲਈ ਦੋਵਾਂ ਕੌਮਾਂ ਦੀ ਸਾਂਝੀ ਭਾਗੀਦਾਰੀ ਉਨ੍ਹਾਂ ਦੀਆਂ ਵਖ ਵਖ ਸਭਿਅਤਾਵਾਂ ਦੀ ਸੰਭਾਲ ਲਈ ਨੁਕਸਾਨਦੇਹ ਹੈ। ਵਖੋ ਵਖ ਕੌਮਾਂ ਦੁਆਰਾ ਸਾਂਝੇ ਚੋਣ ਖੇਤਰ ਭੋਗਣ ਦੀਆਂ ਉਦਾਹਰਣਾਂ ਦੀ ਗਿਣਤੀ ਸਾਮਰਾਜ ਤੋਂ ਬਾਹਰ ਵੀ ਘੱਟ ਨਹੀਂ । ਪੋਲੈਂਡ ਵਿਚ ਪੋਲਜ਼, ਰੁਥੇਨਿਅਨਜ਼, ਹਬਸ਼ੀ, ਚਿੱਟੇ ਰੂਸੀ, ਜਰਮਨ ਅਤੇ ਲਿਥੂਆਨੀਅਨਜ ਹਨ । ਲਾਤਵੀਆ ਵਿਚ ਲਾਤਵੀਅਨ, ਰੂਸੀ, ਹਬਸੀ, ਜਰਮਨ ਪੋਲਜ਼, ਲਿਥੂਆਨੀਅਨ ਅਤੇ ਈਸਤੋਨੀਅਨ ਹਨ । ਇਸਤੋਨੀਆ ਵਿਚ ਜਰਮਨ, ਹਬਸ਼ੀ, ਸਵੀਡਸ਼, ਰੂਸੀ, ਲਾਤਵੀਅਨਸ ਅਤੇ ਤਾਤਾਰ ਹਨ । ਆਸਟਰੀਆ ਵਿਚ ਜਰਮਨ, ਚੈਕਸੋਲੋਵੇਕੀਅਨ ਅਤੇ ਸੋਲੋਵੀਨਸ, ਜਦਕਿ ਹੰਗਰੀ ਵਿਚ ਹੰਗੇਰੀਅਨ , ਜਰਮਨ, ਸਲੋਵੇਨੀਅਨ, ਰੋਮਾਨੀਅਨ, ਰੁਥੇਨੀਅਨ, ਕਰੋਸ਼ੀਅਨ ਅਤੇ ਸਰਬੀਅਨ ਹਨ । ਇਹ ਸਾਰੇ ਗੁੱਟ ਕੇਵਲ ਕੌਮੀਅਤਾਵਾਂ ਨਹੀਂ ਹਨ । ਇਨ੍ਹਾਂ ਰਾਸ਼ਟਰੀਅਤਾਵਾਂ ਵਿਚੋਂ ਹਰੇਕ ਦਾ ਆਪਣਾ ਸਜੀਵ ਅਤੇ ਗਤੀਸ਼ੀਲ ਵਿਅਕਤੀਤਵ ਹੈ ਅਤੇ ਇਹ ਇਕ ਸਰਕਾਰ ਅਧੀਨ ਇਕ-ਦੂਜੇ ਦੇ ਨਾਲ ਘੁਲ ਮਿਲਕੇ ਰਹਿ ਰਹੀਆਂ ਹਨ । ਪਰ ਇਨ੍ਹਾਂ ਵਿਚੋਂ ਕਿਸੇ ਨੇ ਇਸ ਆਧਾਰ ਤੇ ਸਾਂਝੇ ਚੋਣ ਖੇਤਰ ਲਈ ਇਤਰਾਜ਼ ਨਹੀਂ ਕੀਤਾ ਕਿ ਇਸ ਵਿਚ ਭਾਗ ਲੈਣ ਨਾਲ ਉਨ੍ਹਾ ਦਾ ਆਪਣਾ ਨਿੱਜੀ ਵਿਅਕਤੀਤਵ ਖਤਮ ਹੋ ਜਾਏਗਾ ।

60. ਪਰੰਤੂ ਇਸ ਦਲੀਲ ਦੀ ਤੁੱਛਤਾ ਨੂੰ ਦਿਖਾਉਣ ਲਈ ਗੈਰ-ਮੁਸਲਮਾਨਾਂ ਦੇ ਕੇਸਾਂ ਦਾ ਵਰਨਣ ਕਰਨਾ ਜ਼ਰੂਰੀ ਨਹੀਂ ਹੈ । ਅਜਿਹੇ ਕੇਸਾਂ ਦੀ ਗਿਣਤੀ ਬਹੁਤ ਹੈ ਜਿਥੇ ਦੁਨੀਆ ਦੇ ਦੂਜੇ ਭਾਗਾਂ ਵਿਚ ਮੁਸਲਮਾਨ ਘੱਟ ਗਿਣਤੀਆਂ ਨੇ ਦੂਸਰੀਆਂ ਕੌਮਾਂ ਨਾਲ ਰਾਜਨੀਤਿਕ ਸੰਬੰਧਾਂ ਦੇ ਸਾਕਾਤਮਕ ਹੋਣ ਵਿਰੁਧ ਆਪਣੇ ਵਿਅਕਤੀਤਵ ਨੂੰ ਸੰਭਾਲਣ ਲਈ ਕਦੇ ਫਿਰਕੂ ਚੋਣ ਖੇਤਰਾਂ ਦੀ ਜ਼ਰੂਰਤ ਮਹਿਸੂਸ ਨਹੀਂ ਕੀਤੀ । ਭਾਰਤ ਹੀ ਇਕੱਲਾ ਦੇਸ਼ ਨਹੀਂ, ਜਿਥੇ ਮੁਸਲਮਾਲ ਘੱਟ ਗਿਣਤੀ ਵਿਚ ਹਨ । ਹੋਰ ਵੀ ਦੇਸ਼ ਹਨ, ਜਿਥੇ ਉਨ੍ਹਾਂ ਦੀ ਸਥਿਤੀ ਇਸੇ ਤਰ੍ਹਾਂ ਦੀ ਹੈ । ਅਲਬਾਨੀਆ ਵਿਚ ਮੁਸਲਮਾਨ ਇੱਕ ਵੱਡੀ ਕੌਮ ਦੇ ਰੂਪ ਵਿਚ ਰਹਿੰਦੇ ਹਨ । ਬੁਲਗਾਰੀਆ, ਯੂਨਾਨ ਅਤੇ ਰੁਮਾਨੀਆ ਵਿਚ ਉਨ੍ਹਾ ਦੀ ਘੱਟ ਗਿਣਤੀ ਹੈ ਅਤੇ ਯੂਗੋਸਲਾਵੀਆ ਅਤੇ ਰੂਸ ਵਿਚ ਉਨ੍ਹਾ ਦੀ ਬਹੁਤ ਵੱਡੀ ਗਿਣਤੀ ਹੈ । ਕੀ ਉਥੇ ਮੁਸਲਮਾਨ ਕੌਮੀਅਤਾਵਾਂ ਨੇ ਵੱਖਰੇ ਫਿਰਕੂ ਚੋਣ ਖੇਤਰਾਂ ਦੀ ਲੋੜ ਤੇ ਜ਼ੋਰ ਦਿੱਤਾ ਹੈ। ਜਿਵੇਂ ਕਿ ਰਾਜਨੀਤਿਕ ਇਤਿਹਾਸ ਦੇ ਸਾਰੇ ਵਿਦਿਆਰਥੀ ਜਾਣਦੇ ਹਨ, ਇਨ੍ਹਾਂ ਦੇਸ਼ਾਂ

ਵਿਚ ਮੁਸਲਮਾਨਾਂ ਨੇ ਵੱਖਰੇ ਚੋਣ ਖੇਤਰਾਂ ਦੇ ਲਾਭ ਤੋਂ ਬਿਨਾਂ ਗੁਜ਼ਾਰਾ ਕੀਤਾ ਹੈ, ਇੰਜ ਹੀ ਉਨ੍ਹਾ ਨੇ ਕੀ ਸੁਨਿਸ਼ਚਿਤ ਪ੍ਰਤੀਨਿਧਤਾ ਅਨੁਪਾਤ ਤੋਂ ਬਗੈਰ ਵੀ ਗੁਜ਼ਾਰਾ ਕੀਤਾ ਹੈ। ਭਾਰਤ ਵਿਚ ਲੋਕ-ਮੱਤ ਦੀ ਸਹਿਮਤੀ ਨਹੀਂ ਤੇ ਭਾਰਤ ਹਾਲੇ ਰਾਜਨੀਤੀ ਦੀ ਪੂਰਨ ਧਰਮ ਨਿਰਪੱਖ਼ ਅਵਸੱਥਾ ਵਿਚ ਨਹੀਂ ਪਹੁੰਚਿਆ। ਇਸ ਲਈ ਮੁਸਲਮਾਨ ਕੌਮ ਨੂੰ ਉਚਿਤ ਪ੍ਰਤੀਨਿਧਤਾ ਦਿੱਤੀ ਜਾਣੀ ਚਾਹੀਦੀ ਹੈ। ਨਹੀਂ ਤਾਂ ਇਹ ਰਾਜ਼ਨੀਤਿਕ ਖੇਤਰ ਵਿਚੋਂ ਬਹੁਗਿਣਤੀ ਦੀ ਧਾਰਮਿਕ ਨਫਰਤ ਦੁਆਰਾ ਪੂਰਨ ਰੂਪ ਵਿਚ ਹਟਾਏ ਜਾਣ ਦਾ ਨੁਕਸਾਨ ਝੱਲ ਸਕਦੀ ਹੈ। ਇਥੋਂ ਤੱਕ ਕਿ ਦੁਨੀਆਂ ਦੇ ਦੂਜੇ ਭਾਗਾਂ ਵਿਚ ਮੁਸਲਮਾਨ ਘੱਟ ਗਿਣਤੀਆਂ ਆਸ਼ਵਾਸ਼ਿਤ ਕੋਟੇ ਦੇ ਲਾਭ ਤੋਂ ਬਿਨਾਂ, ਆਪਣਾ ਕੰਮ ਚਲਾ ਰਹੀਆਂ ਹਨ, ਭਾਰਤ ਵਿਚ ਮੁਸਲਮਾਨਾਂ ਨੂੰ ਟੀਚੇ ਤੋਂ ਵੀ ਵੱਧ ਪ੍ਰਤੀਨਿਧਤਾ ਪ੍ਰਾਪਤ ਹੈ। ਇਸ ਲਈ ਉਹਨਾਂ ਦੀ ਦਲੀਲ ਵਿਚ ਕੋਈ ਵਜ਼ਨ ਨਹੀਂ ਹੈ।

61. ਤੀਸਰਾ ਆਧਾਰ, ਜਿਸ ਉਪਰ ਮੁਸਲਮਾਨਾਂ ਦੇ ਫਿਰਕੂ ਚੋਣ ਖੇਤਰ ਰੱਖਣ ਨੂੰ ਉਚਿਤ ਠਹਿਰਾਉਣ ਦੀ ਮੰਗ ਕੀਤੀ ਜਾਂਦੀ ਹੈ, ਉਹ ਇਹ ਹੈ ਕਿ ਮਿਲੇ ਜੁਲੇ ਚੋਣ ਖੇਤਰਾਂ ਵਿਚ ਮੁਸਲਮਾਨ ਵੋਟ ਸ਼ਕਤੀ ਗੈਰ-ਮੁਸਲਮਾਨਾਂ ਦੀ ਵੋਟ ਸ਼ਕਤੀ ਦੁਆਰਾ ਇਸ ਹੱਦ ਤੱਕ ਮੱਠੀ ਪੈ ਜਾਏਗੀ ਕਿ ਅਜਿਹੇ ਮਿਲੇ ਜੁਲੇ ਚੋਣ ਖੇਤਰਾਂ ਦੁਆਰਾ ਭੇਜੇ ਗਏ ਮੁਸਲਮਾਨ ਕਮਜ਼ੋਰ ਹੋਣਗੇ ਅਤੇ ਉਹ ਮੁਸਲਮਾਨਾਂ ਦੇ ਸੱਚੇ ਨੁਮਾਇੰਦੇ ਹੋਣ ਦੀ ਬਜਾਏ ਗੈਰ ਮੁਸਲਮਾਨ ਜਾਤੀਆਂ ਦੇ ਹੱਥਾਂ ਵਿਚ ਕਠਪੁਤਲੀ ਬਣਕੇ ਰਹਿ ਜਾਣਗੇ। ਇਹ ਡਰ ਬਿਨਾਂ ਸ਼ੱਕ ਹਕੀਕੀ ਨਜ਼ਰ ਆਉਂਦਾ ਹੈ। ਪਰ ਥੋੜ੍ਹਾ ਜਿਹਾ ਧਿਆਨ ਨਾਲ ਵੇਖੀਏ ਤਾਂ ਪਤਾ ਲੱਗੇਗਾ ਕਿ ਇਹ ਨਿਰ-ਆਧਾਰ ਹੈ। ਜੇਕਰ ਗੈਰ-ਮੁਸਲਮਾਨ ਵੋਟਰਾਂ ਦਾ ਸਮੂਹ ਮੁਸਲਮਾਨ ਉਮੀਦਵਾਰ ਨੂੰ ਚੁਣਨ ਵਿਚ ਲਗ ਜਾਵੇ ਤੇ ਜੇਕਰ ਗੈਰ-ਮੁਸਲਮਾਨ ਸ਼ਰਾਰਤ ਤੇ ਤੁਲ ਜਾਣ ਤਾਂ ਮੁਸਲਮਾਨ ਸ਼ਾਇਦ ਆਸ ਮੁਤਾਬਿਕ ਨਤੀਜਾ ਨਾ ਪ੍ਰਾਪਤ ਕਰ ਸਕਣ। ਪਰ ਹਕੀਕਤ ਇਹ ਹੈ ਕਿ ਆਮ ਚੋਣਾਂ ਸਮੇ ਬਹੁਤ ਸਾਰੇ ਗੈਰ-ਮੁਸਲਮਾਨ ਉਮੀਦਵਾਰ ਚੋਣਾਂ ਲਈ ਖੜੇ ਹੋਣਗੇ। ਅਜਿਹੀ ਸੂਰਤ ਵਿਚ ਸਾਰੇ ਗੈਰ-ਮੁਸਲਮਾਨ ਵੋਟਰਾਂ ਦੀ ਪੂਰੀ ਤਾਕਤ ਮੁਸਲਮਾਨ ਉਮੀਦਵਾਰਾਂ ਵੱਲ ਪ੍ਰੇਰਿਤ ਨਹੀਂ ਹੋਵੇਗੀ। ਨਾ ਹੀ ਗੈਰ ਮੁਸਲਮਾਨ ਉਮੀਦਵਾਰ ਗੈਰ ਮੁਸਲਮਾਨ ਵੋਟਰਾਂ ਨੂੰ ਮੁਸਲਮਾਨ ਉਮੀਦਵਾਰ ਤੇ ਨਿਰਭਰ ਕਰਕੇ ਆਪਣੇ ਵੋਟ ਫਜ਼ੂਲ ਗਵਾਉਣ ਦੀ ਆਗਿਆ ਦੇਣਗੇ। ਇਸਦੇ ਉਲਟ, ਉਹ ਜੇਕਰ ਸਾਰੇ ਨਹੀਂ ਤਾਂ ਕਈ ਵੋਟਰਾਂ ਨੂੰ ਆਪਣੇ ਵੱਲ ਖਿੱਚ ਲੈਣਗੇ। ਜੇਕਰ ਇਹ ਮੁਲਅੰਕਣ ਸਹੀ ਹੈ ਤਾਂ ਫਿਰ ਬਹੁਤ ਘੱਟ ਗੈਰ-ਮੁਸਲਮਾਨ ਵੋਟਰ ਮੁਸਲਮਾਨ ਉਮੀਦਵਾਰਾਂ ਦੀ ਚੋਣ ਵਿਚ ਭਾਗ ਲੈਣ ਲਈ ਬਾਕੀ ਰਹਿ ਜਾਣਗੇ ਤੇ ਮੁਸਲਮਾਨਾਂ ਦਾ ਮੁਸਲਮਾਨ ਉਮੀਦਵਾਰ ਵਿਰੁੱਧ ਗੈਰ ਮੁਸਲਮਾਨ। ਵੋਟਰਾਂ ਦੁਆਰਾ ਕਿਸੇ ਵੱਡੀ ਕਾਰਵਾਈ ਦਾ ਡਰ ਹੋਰ ਕੁਝ ਨਹੀਂ ਮਹਿਜ਼ ਇਕ ਵਹਿਮ ਹੈ। ਇਸ ਗੱਲ ਦਾ ਪ੍ਰਮਾਣ ਕਿ ਮੁਸਲਮਾਨ ਆਪ ਵੀ ਇਸ ਵਿਚ ਵਿਸ਼ਵਾਸ ਨਹੀਂ ਰੱਖਦੇ, 'ਦਿੱਲੀ' ਸੁਝਾਵਾਂ ਦੇ ਨਾਂ ਨਾਲ ਜਾਣੀ ਜਾਂਦੀ ਤਜਵੀਜ਼ ਤੋਂ ਮਿਲਦਾ ਹੈ। ਇਨ੍ਹਾਂ ਤਜਵੀਜ਼ਾਂ ਅਨੁਸਾਰ,

ਜਿਨ੍ਹਾਂ ਦਾ ਹਵਾਲਾ ਇਸ ਰਿਪੋਰਟ ਦੇ ਪਿਛਲੇ ਭਾਗ ਵਿਚ ਦਿੱਤਾ ਹੈ, ਮੁਸਲਮਾਨਾਂ ਨੇ ਮਿਲੇ ਜੁਲੇ ਚੋਣ ਖੇਤਰਾਂ ਦੇ ਹੱਕ ਵਿਚ ਫਿਰਕੂ ਚੋਣ ਖੇਤਰ ਛੱਡਣ ਲਈ ਆਪਣੀ ਇੱਛਾ ਪ੍ਰਗਟ ਕੀਤੀ ਹੈ, ਬਸ਼ਰਤਿ ਫਿਰਕੂ ਪ੍ਰਾਂਤਾਂ ਲਈ ਮੰਗ ਮੰਨ ਲਈ ਜਾਏ ਅਤੇ ਪੰਜਾਬ ਅਤੇ ਬੰਗਾਲ ਵਿਚ ਰਹਿੰਦੇ ਮੁਸਲਮਾਨਾਂ ਨੂੰ ਪ੍ਰਤੀਨਿਧਤਾ ਦੇ ਸੰਬੰਧ ਵਿਚ ਕੁਝ ਰਿਆਇਤਾਂ ਦੇ ਦਿੱਤੀਆਂ ਜਾਣ। ਹੁਣ ਜੇਕਰ ਮੰਨ ਲਈਏ ਕਿ ਇਨ੍ਹਾਂ ਫਿਰਕੂ ਪ੍ਰਾਂਤਾਂ ਦਾ ਆਪਣੇ ਪ੍ਰਾਂਤ ਤੋਂ ਬਾਹਰ ਕੋਈ ਮੰਤਵ ਨਹੀਂ ਹੈ ਅਤੇ ਇਹ ਇਕ ਅਜਿਹਾ ਵਿਚਾਰ ਹੈ ਜਿਹੜਾ ਸਾਨੂੰ ਜ਼ਰੂਰ ਪ੍ਰਗਟ ਕਰਨਾ ਚਾਹੀਦਾ ਹੈ, ਇਹ ਸਪਸ਼ਟ ਹੈ ਕਿ ਮੁਸਲਮਾਨ ਕੌਮ ਨੂੰ ਕਿਸੇ ਵੀ ਪ੍ਰਾਂਤ ਵਿਚ ਅਜਿਹੀ ਸੁਰੱਖਿਆ ਤੋਂ ਸੰਤੁਸ਼ਟ ਹੋਣਾ ਚਾਹੀਦਾ ਹੈ ਜਿਹੜੀ ਕਿ ਇਹ ਸਾਂਝੇ ਚੋਣ ਖੇਤਰਾਂ ਤੋਂ ਪ੍ਰਾਪਤ ਕਰ ਸਕਦੀ ਹੈ। ਇਸ ਲਈ ਸਵਾਲ ਇਹ ਉਠਦਾ ਹੈ ਕਿ ਫਿਰਕੂ ਪ੍ਰਾਂਤਾਂ ਨੂੰ ਸੰਮਿਲਤ ਕੀਤੇ ਬਗੈਰ ਸਾਂਝੇ ਚੋਣ ਖੇਤਰ ਕਿਉਂ ਨਹੀਂ ਚਲ ਸਕਦੇ, ਜਦੋਂ ਕਿ ਇਹ ਕਿਹਾ ਜਾਂਦਾ ਹੈ ਕਿ ਫਿਰਕੂ ਪ੍ਰਾਂਤਾਂ ਨੂੰ ਜੋੜੇ ਬਗੈਰ ਇਹ ਗੁਜ਼ਾਰਾ ਕਰ ਸਕਦੇ ਹਨ। ਪਰੰਤੂ ਇਸ ਵਿਚਾਰ ਨੂੰ ਇਕ ਪਾਸੇ ਰਖਦੇ ਹੋਏ, ਜੇਕਰ ਮੁਸਲਮਾਨਾਂ ਦੇ ਇਸ ਨਜ਼ਰੀਏ ਵਿਚ ਕੋਈ ਸੱਚਾਈ ਹੈ ਕਿ ਵੋਟਾਂ ਨੂੰ ਸਿੰਜਣਾਂ ਇਕ ਬੁਰਾਈ ਹੈ, ਜੋ ਕਿ ਆਪਣੇ-ਆਪ ਨੂੰ ਸਾਂਝੇ ਚੋਣ ਖੇਤਰਾਂ ਦੀ ਪ੍ਰਣਾਲੀ ਨਾਲ ਜੋੜਦੀ ਹੈ, ਫਿਰ ਮੇਰੇ ਵਿਚਾਰ ਵਿਚ ਇਸਦਾ ਇਲਾਜ ਫਿਰਕੂ ਚੋਣ ਖੇਤਰ ਰੱਖਣ ਵਿਚ ਨਹੀਂ ਹੈ। ਇਸਦਾ ਇਲਾਜ ਬਾਲਗ ਮੱਤ-ਅਧਿਕਾਰ ਲਾਗੂ ਕਰਕੇ ਮੁਸਲਮਾਨ ਵੋਟਰਾਂ ਦੀ ਵਧ ਤੋਂ ਵਧ ਗਿਣਤੀ ਵਧਾਉਣ ਵਿਚ ਹੈ ਤਾਂ ਕਿ ਮੁਸਲਮਾਨ ਕੌਮ ਗੈਰ-ਮੁਸਲਮਾਨ ਵੋਟਾਂ ਦੀ ਮਿਲਾਵਟ ਦੁਆਰਾ ਸੰਭਾਵਿਤ ਵੋਟਰ ਘਟਣ ਨੂੰ ਪ੍ਰਭਾਵਹੀਣ ਕਰਨ ਲਈ ਵਧ ਤੋਂ ਵਧ ਵੋਟ ਸ਼ਕਤੀ ਹਾਸਲ ਕਰ ਸਕਣ।

62. ਇਨ੍ਹਾਂ ਸਭ ਤੱਥਾਂ ਤੋਂ ਪਤਾ ਲਗਦਾ ਹੈ ਕਿ ਫਿਰਕੂ ਚੋਣ ਖੇਤਰ ਕਿਸੇ ਵੀ ਤਰਕਸ਼ੀਲ ਆਧਾਰ ਦੇ ਆਸਰੇ ਕਾਇਮ ਨਹੀਂ ਰੱਖੇ ਜਾ ਸਕਦੇ। ਇਸਦੇ ਹੱਕ ਵਿਚ ਕੇਵਲ ਭਾਵ ਅਤੇ ਭਾਵਨਾਵਾਂ ਹਨ। ਮੈਂ ਨਹੀਂ ਕਹਿੰਦਾ ਕਿ ਭਾਵ ਅਤੇ ਭਾਵਨਾ ਰਾਜਨੀਤਿਕ ਮਸਲੇ ਸੁਲਝਾਉਣ ਵਿਚ ਕੋਈ ਸਥਾਨ ਨਹੀਂ ਰੱਖਦੇ। ਮੈਨੂੰ ਪੂਰੀ ਤਰ੍ਹਾਂ ਯਕੀਨ ਹੈ ਕਿ ਸਰਕਾਰ ਪ੍ਰਤੀ ਵਫਾਦਾਰੀ ਇਕ ਵਿਸ਼ਵਾਸ ਦਾ ਮਸਲਾ ਹੈ ਅਤੇ ਵਿਸ਼ਵਾਸ ਭਾਵਨਾ ਦਾ ਮਸਲਾ ਹੈ। ਇਹ ਵਿਸ਼ਵਾਸ ਪ੍ਰਾਪਤ ਕੀਤਾ ਜਾਣਾ ਚਾਹੀਦਾ ਹੈ ਜੇਕਰ ਅਜਿਹਾ ਰਾਜਨੀਤਿਕ ਢਾਂਚੇ ਨੂੰ ਨੁਕਸਾਨ ਪਹੁੰਚਾਏ ਬਗੈਰ ਕੀਤਾ ਜਾ ਸਕੇ। ਪਰੰਤੂ ਫਿਰਕੂ ਪ੍ਰਤੀਨਿਧਤਾ ਮੌਲਿਕ ਰੂਪ ਵਿਚ ਇਤਨੀ ਗਲਤ ਹੈ ਕਿ ਇਸ ਵਿਚ ਭਾਵਨਾ ਨੂੰ ਸਥਾਨ ਦੇਣਾ ਇਸ ਬੁਰਾਈ ਨੂੰ ਸ਼ਹਿ ਦੇਣਾ ਹੋਵੇਗਾ। ਇਸ ਪ੍ਰਣਾਲੀ ਦੇ ਮੌਲਿਕ ਰੂਪ ਵਿਚ ਬੁਰੇ ਹੋਣ ਦਾ ਅਹਿਸਾਸ ਇਸ ਦੇ ਵਿਰੋਧੀਆਂ ਨੇ ਵੀ ਕੀਤਾ ਹੈ, ਪਰ ਇਸ ਹੋਂਦ ਦਾ ਅਹਿਸਾਸ ਹਰ ਵਿਅਕਤੀ ਨੂੰ ਅਖਰੇਗਾ ਜੋ ਇਸਦੇ ਪ੍ਰਚਲਣ ਨੂੰ ਦੇਖੇਗਾ। ਇਹ ਸਪੱਸ਼ਟ ਹੈ ਕਿ ਮੁਸਲਮਾਨਾਂ ਦੇ ਪ੍ਰਤਿਨਿਧ ਗੈਰ-ਮੁਸਲਮਾਨਾਂ ਲਈ ਕਾਨੂੰਨ ਬਣਾਉਂਦੇ ਹਨ ਤੇ ਉਹ ਗੈਰ-ਮੁਸਲਮਾਨਾਂ ਤੋਂ ਇਕੱਠੇ ਕੀਤੇ ਮਾਲੀਏ ਦਾ ਇਸਤੇਮਾਲ ਕਰਦੇ ਹਨ। ਓਹੇ ਗੈਰ ਮੁਸਲਮਾਨਾਂ ਦੀ ਵਿਦਿਆ ਨਿਸ਼ਚਿਤ

ਕਰਦੇ ਹਨ, ਉਹ ਇਸ ਗੱਲ ਦਾ ਨਿਰਣਾ ਕਰਦੇ ਹਨ ਕਿ ਗੈਰ-ਮੁਸਲਮਾਨ ਕਿਤਨੀ ਅਤੇ ਕਿਸੇ ਤਰ੍ਹਾਂ ਕਰ ਦੀ ਅਦਾਇਗੀ ਕਰਨਗੇ। ਇਹ ਕੁਝ ਅਹਿਮ ਚੀਜ਼ਾਂ ਹਨ, ਜਿਹੜੀਆਂ ਕਿ ਮੁਸਲਮਾਨ ਵਿਧਾਨਕਾਰ ਹੋਣ ਦੇ ਨਾਤੇ ਕਰਦੇ ਹਨ, ਜਿਨ੍ਹਾਂ ਦੁਆਰਾ ਗੈਰ ਮੁਸਲਮਾਨਾਂ ਦੀ ਭਲਾਈ ਹੁੰਦੀ ਹੈ। ਸਵਾਲ ਕੀਤਾ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਇਹ ਸਭ ਕੁਝ ਕਰਨ ਦਾ ਅਧਿਕਾਰ ਕਿਥੋਂ ਪ੍ਰਾਪਤ ਹੋਇਆ। ਇਸ ਗੱਲ ਨੂੰ ਨੋਟ ਕੀਤਾ ਜਾਵੇ ਕਿ ਮੁਸਲਮਾਨਾਂ ਦੇ ਨੁਮਾਇੰਦੇ ਵਜੋਂ ਚੁਣੇ ਜਾਣ ਦੇ ਅਧਿਕਾਰ ਦੁਆਰਾ ਉਹ ਅਜਿਹਾ ਨਹੀਂ ਕਰਦੇ ਬਲਕਿ, ਮੁਸਲਮਾਨਾਂ ਦਾ ਨੁਮਾਇੰਦਾ ਚੁਣੇ ਜਾਣ ਦੇ ਅਧਿਕਾਰ ਨਾਲ ਉਹ ਸਭ ਕੁਝ ਕਰਦੇ ਹਨ। ਹੁਣ ਇਹ ਸਿਆਸੀ ਜੀਵਨ ਦੇ ਵਿਧਾਨ ਦੁਆਰਾ ਮੰਨੀ ਹੋਈ ਗੱਲ ਹੈ ਕਿ ਗੌਰਮਿੰਟ ਲੋਕਾਂ ਦੀ ਰਾਏ ਨਾਲ ਬਣਾਈ ਜਾਣੀ ਚਾਹੀਦੀ ਹੈ। ਜੋ ਮੈਂ ਉਪਰ ਕਿਹਾ ਹੈ ਉਸਤੋਂ ਇਹ ਸਿੱਧ ਹੁੰਦਾ ਹੈ ਕਿ ਫਿਰਕੂ ਚੋਣ ਹਲਕੇ ਇਸ ਵਿਧਾਨ ਦੇ ਪ੍ਰਤੀਕੂਲ ਹਨ। ਕਿਉਂ ਜੋ ਇਹ ਲੋਕ ਸਹਿਮਤੀ ਤੋਂ ਬਗੈਰ ਸਰਕਾਰ ਹੈ। ਅਜਿਹੀ ਪ੍ਰਣਾਲੀ ਨੂੰ ਮਾਨਤਾ ਦੇਣਾ ਰਾਜਨੀਤਿਕ ਨਿਆਂ ਦੇ ਵਿਪਰੀਤ ਹੈ ਕਿਉਂਕਿ ਇਸ ਵਿਚ ਇਕ ਕੌਮੀਅਤ ਦੇ ਮੈਂਬਰਾਂ ਨੇ ਦੂਸਰੀਆਂ ਕੌਮਾਂ ਨੂੰ ਮਤ ਅਧਿਕਾਰ ਨਹੀਂ ਦਿੱਤਾ ਅਤੇ ਜੇਕਰ, ਜਿਵੇਂ ਕਿ ਮੁਸਲਮਾਨ ਕਹਿੰਦੇ ਹਨ ਕਿ ਉਹ ਦੂਸਰੀਆਂ ਕੌਮਾਂ ਨਾਲੋਂ ਬਹੁਤ ਵੱਖਰੇ ਹਨ, ਤਾਂ ਇਸ ਪ੍ਰਣਾਲੀ ਵਿਚ ਅੰਤਰਜਾਤ ਖਤਰਾ ਇਤਨਾ ਭਿਆਨਕ ਬਣ ਜਾਂਦਾ ਹੈ ਕਿ ਇਸਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ।

63. ਪ੍ਰੀਸ਼ਦ ਦੇ ਵਰਤਮਾਨ ਢਾਂਚੇ ਵਿਚ ਅਜਿਹੀਆਂ ਤੁਰਟੀਆਂ ਹਨ। ਇਹ 1919 ਵਿਚ ਸਾਊਥਬਰੋ ਕਮੇਟੀ ਵਲੋਂ ਬਣਾਇਆ ਗਿਆ ਸੀ। ਕਮੇਟੀ ਦੁਆਰਾ ਬਣਾਏ ਗਏ ਖਰੜੇ ਦੀ ਅਸਲੀ ਹਾਲਤ ਭਾਰਤ ਸਰਕਾਰ ਵਲੋਂ ਰਾਜ ਦੇ ਸਕੱਤਰ ਨੂੰ ਸੰਬੋਧਨ ਕੀਤੀ ਗਈ। 1919 ਦੀ ਸਰਕਾਰੀ ਚਿਠੀ ਨੰਬਰ 4 ਮਿਤੀ 23 ਅਪਰੈਲ 1919 ਤੋਂ ਸਾਫ ਪਤਾ ਲਗਦਾ ਹੈ, ਜਿਸ ਵਿਚ ਉਨ੍ਹਾਂ ਨੇ ਸਾਫ ਰਾਇ ਦਿੱਤੀ ਸੀ।

ਇਸਤੋਂ ਪਹਿਲਾਂ ਕਿ ਅਸੀਂ ਰਿਪੋਰਟ (ਸਾਊਥਬਰੋ ਕਮੇਟੀ ਦੀ) ਤੇ ਵਿਸਥਾਰ ਪੂਰਵਕ ਵਿਚਾਰ ਕਰੀਏ, ਇਕ ਮੁੱਢਲਾ ਪ੍ਰਸ਼ਨ ਪੈਦਾ ਹੁੰਦਾ ਹੈ। ਜਿਵੇਂ ਕਿ ਤੁਸੀਂ ਦੇਖੋਗੇ, ਕਮੇਟੀ ਦਾ ਕੰਮ ਵੱਡੇ ਪੈਮਾਨੇ ਤੇ ਸਿਧਾਂਤਾਂ ਦੀ ਸਥਾਪਨਾ ਨਹੀਂ ਹੈ, ਉਹਨਾਂ ਦੇ ਸਾਹਮਣੇ ਆਉਣ ਵਾਲੀਆਂ ਵਖ ਵਖ ਸਮੱਸਿਆਵਾਂ ਤੇ ਵਿਚਾਰ ਕਰਦੇ ਸਮੇਂ ਉਨਾਂ ਨੇ ਜ਼ਿਆਦਾਤਰ ਆਪਣੇ ਹੱਲ ਨੂੰ ਆਮ ਤਰਕਾਂ ਤੇ ਆਧਾਰਿਤ ਕਰਨ ਦੀ ਬਜਾਏ ਸਮਝੌਤੇ ਤੇ ਪਹੁੰਚਣ ਦੀ ਕੋਸ਼ਿਸ਼ ਕੀਤੀ ਹੈ।

64. ਮੇਰੇ ਸਾਥੀਆਂ ਨੇ ਖਰੜੇ ਦੇ ਅੰਤਰੀਵ ਭਾਵ ਨੂੰ ਵਿਚਾਰਨ ਦੀ ਖੇਚਲ ਨਹੀਂ ਕੀਤੀ। ਜਿਵੇਂ ਕਿ ਇਹ ਹੁਣ ਕਾਇਮ ਹੈ। ਉਨ੍ਹਾਂ ਨੇ ਬਿਨਾਂ ਸ਼ੱਕ ਇਹ ਸਿਫਾਰਸ਼ ਕੀਤੀ ਕਿ ਨਾਮਜ਼ਦਗੀ ਦੀ ਪ੍ਰਣਾਲੀ ਖਤਮ ਕੀਤੀ ਜਾਣੀ ਚਾਹੀਦੀ ਹੈ ਅਤੇ ਇਸ ਵਿਚ ਮੈਂ ਉਨਾਂ ਨਾਲ ਸਹਿਮਤ ਹਾਂ। ਜਿਵੇਂ ਕਿ ਮੈਂ ਸੰਕੇਤ ਦਿੱਤਾ ਹੈ, ਸਾਰਾ ਢਾਂਚਾ ਹੀ ਦੋਸ਼ਪੂਰਨ ਹੈ ਅਤੇ ਇਸਨੂੰ ਸੁਧਾਰਿਆ ਜਾਣਾ ਲਾਜ਼ਮੀ ਹੈ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਸੁਧਾਰਾਂ ਦਾ ਜੋ ਉਦੇਸ਼ ਅਗਸਤ

1917 ਦੀ ਘੋਸ਼ਣਾ ਵਿਚ ਸ਼ਾਮਲ ਕੀਤਾ ਗਿਆ ਹੈ, ਉਹ ਸਵੈ ਸ਼ਾਸਤ ਸੰਸਥਾਵਾਂ ਦੀ ਸਥਾਪਨਾ ਦਾ ਟੀਚਾ ਮਿਥਦਾ ਹੈ ।ਉਸ ਸਮੇਂ ਹੌਂਦ ਵਿਚ ਲਿਆਂਦਾ ਗਿਆ ਚੁਣਾਵ ਢਾਂਚਾ ਇਸ ਦਿਸ਼ਾ ਵੱਲ ਕੇਵਲ ਅਧੇ ਰਸਤੇ ਦਾ ਪੜਾਅ ਸੀ ਅਤੇ ਇਹ ਸਮਰਥਨ ਕੇਵਲ ਇਸ ਸਮਝੌਤੇ ਕਰਕੇ ਕੀਤਾ ਗਿਆ ਸੀ ।ਅਫਸਰਸ਼ਾਹੀ ਵਿਚੇ ਅਤੇ ਲੋਕ-ਰਾਜ ਵਿਚ ਪ੍ਰੀਵਰਤਨ ਦਾ ਸਮਾਂ ਜ਼ਰੂਰੀ ਹੈ ।ਇਹ ਵਰਤਮਾਨ ਚੋਣ ਪ੍ਰਣਾਲੀ ਇਹ ਮੰਨ ਕੇ ਜਾਰੀ ਰੱਖੀ ਜਾ ਸਕਦੀ ਹੈ ਕਿ ਵੰਡੀ ਹੋਈ ਸਰਕਾਰ ਦਾ ਵਰਤਮਾਨ ਢਾਂਚਾ ਜਾਰੀ ਰੱਖਿਆ ਜਾਵੇ । ਪ੍ਰਤੀਨਿਧਤਾ ਦਾ ਵਰਤਮਾਨ ਪ੍ਰਚਲਿਤ ਢਾਂਚਾ ਪੂਰਨ ਸਰਕਾਰ ਦੇ ਨਾਲ ਪੂਰੀ ਤਰ੍ਹਾਂ ਬੇਮੇਲ ਹੋਵੇਗਾ ਇਸ ਲਈ ਇਸਦਾ ਬਦਲਿਆ ਜਾਣਾ ਬਹੁਤ ਲਾਜ਼ਮੀ ਹੈ ।

65. ਇਕ ਹੋਰ ਵੀ ਕਾਰਨ ਹੈ ਜਿਸ ਕਰਕੇ ਪ੍ਰਤੀਨਿਧਤਾ ਦੇ ਵਰਤਮਾਨ ਢਾਂਚੇ ਨੂੰ ਬਦਲਿਆ ਜਾਣਾ ਚਾਹੀਦਾ ਹੈ ।ਪ੍ਰਤੀਨਿਧ ਸਰਕਾਰ ਹਰੇਕ ਜਗ੍ਹਾ ਇਕ ਪਾਰਟੀ ਦੀ ਸਰਕਾਰ ਹੁੰਦੀ ਹੈ ।ਅਸਲ ਵਿਚ ਪਾਰਟੀ ਦੀ ਸਰਕਾਰ ਪ੍ਰਤੀਨਿਧ ਸਰਕਾਰ ਦਾ ਅਜਿਹਾ ਵਿਆਪਕ ਅੰਗ ਹੈ ਕਿ ਇਹ ਕਹਿਣਾ ਉਚਿਤ ਹੋਵੇਗਾ ਕਿ ਪ੍ਰਤੀਨਿਧ ਸਰਕਾਰ ਪਾਰਟੀ ਸਰਕਾਰ ਤੋਂ ਬਿਨਾਂ ਨਹੀਂ ਚਲ ਸਕਦੀ । ਸਰਕਾਰ ਵੱਜੋਂ ਦੋ ਪਾਰਟੀ ਸਰਕਾਰ ਹੀ ਚੰਗੀ ਕਿਸਮ ਦੀ ਪਾਰਟੀ ਸਰਕਾਰ ਬਣ ਸਕਦੀ ਹੈ ।ਇਕ ਕਾਰਜਕਾਰਨੀ ਇਤਨੀ ਕੁ ਜ਼ਿੰਮੇਵਾਰ ਬਣਾਈ ਜਾ ਸਕਦੀ ਹੈ ਜਿਤਨਾ ਕਿ ਇਸਨੂੰ ਕਾਨੂੰਨ ਦੁਆਰਾ ਵਿਧਾਨ ਮੰਡਲ ਪ੍ਰਤੀ ਜ਼ਿੰਮੇਵਾਰ ਬਣਾਇਆ ਜਾ ਸਕਦਾ ਹੈ ,ਕੇਵਲ ਨਾ ਮਾਤਰ ਪਰੰਤੂ ਜ਼ਿੰਮਵਾਰੀ ਕੇਵਲ ਨਾ-ਮਾਤਰ ਹੋਵੇਗੀ ਜੇਕਰ ਵਿਧਾਨ ਮੰਡਲ ਦਾ ਗਠਨ ਇਸ ਤਰ੍ਹਾਂ ਕਰੇ ਕਿ ਇਹ ਕਾਰਜਕਾਰਨੀ ਤੇ ਆਪਣੀ ਮਰਜ਼ੀ' ਜ਼ਬਰਦਸਤੀ ਨਾ ਠੋਸ ਸਕੇ । ਸਥਾਈ ਸਰਕਾਰ ਉਹੀ ਹੁੰਦੀ ਹੈ ਜਿਸ ਵਿਚ ਅਨਿਸ਼ਚਿਤਤਾ ਨਾ ਹੋਵੇ। ਇਕ ਕਾਰਜਕਾਰਨੀ ਨੂੰ ਆਪਣੀ ਨੀਤੀ ਦੀ ਵਿਵਸਥਿਤੀ ਯੋਜਨਾ ਬਣਾਉਣ ਨੂੰ ਲਗਾਤਾਰ ਨਿਪੁੰਨ ਹੋਣਾ ਚਾਹੀਦਾ ਹੈ ।ਪਰ ਇਸ ਦੇ ਲਈ ਬਹੁਮਤ ਦੇ ਨਿਰੰਤਰ ਸਮਰਥਨ ਦੀ ਲੋੜ ਹੈ ਜੋ ਕਿ ਦੋ-ਪਾਰਟੀ ਸਰਕਾਰ ਦੁਆਰਾ ਹੀ ਹਾਸਲ ਕੀਤਾ ਜਾ ਸਕਦਾ ਹੈ । ਇਹ ਗਰੁਪ ਪ੍ਰਣਾਲੀ ਤੋਂ ਕਦੇ ਹਾਸਲ ਨਹੀਂ ਕੀਤਾ ਜਾ ਸਕਦਾ ।ਗਰੁਪ ਪ੍ਰਣਾਲੀ ਦੇ ਅਧੀਨ ਕਾਰਜਕਾਰਨੀ ਆਪਣੇ ਮੱਤ ਨੂੰ ਇਕ ਜਨਰਲ ਸੰਸਥਾ ਦੇ ਰੂਪ ਵਿਚ ਇਕ ਮੁਠ ਹੋ ਕੇ ਪੇਸ਼ ਨਹੀਂ ਕਰੇਗੀ, ਬਲਕਿ ਇਹ ਵਖ ਵਖ ਗਰੁੱਪਾਂ ਦੇ ਨੇਤਾਵਾਂ ਦੇ ਗਠਜੋੜ ਦੇ ਰੂਪ ਵਿਚ ,ਜੋ ਸੱਤਾ ਦੇ ਲਾਲਚ ਕਾਰਨ ਇਕੱਠੇ ਕੰਮ ਕਰਨ ਲਈ ਤਿਆਰ ਹੋ ਗਏ ਹੋਣ, ਸਾਹਮਣੇ ਆਉਣਗੇ। ਅਜਿਹੀ ਪ੍ਰਣਾਲੀ ਤੋਂ ਕਦੇ ਸਥਾਈ ਸਰਕਾਰ ਲਈ ਲੋੜੀਂਦੀ ਲਗਾਤਾਰ ਮੱਦਦ ਦਾ ਭਰੋਸਾ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਵਿਚ ਨਿੱਜੀ ਹਿੱਤਾਂ ਲਈ ਗਰੁੱਪਾਂ ਦੀ ਅਦਲਾ -ਬਦਲੀ ਦਾ ਲਾਲਚ ਹਮੇਸ਼ਾ ਬਣਿਆ ਰਹਿੰਦਾ ਹੈ । ਮੌਜੂਦਾ ਪ੍ਰੀਸ਼ਦ ,ਪ੍ਰਤੀਨਿਧਤਾ ਦੀ ਪ੍ਰਣਾਲੀ ਦੀ ਦਲੀਲ ਦੁਆਰਾ ਬਰਕ ਦੀ ਭਾਸ਼ਾ ਵਿਚ ਇਹ ਇਕ ਸੀਮਿੰਟ ਤੋਂ ਬਿਨਾਂ ਜੋੜਿਆ ਹੋਇਆ, ਨੋਕਦਾਰ ਪੱਥਰਾਂ ਨਾਲ ਤਰਾਸਿਆ ਹੋਇਆ ਉਬੜ-ਖਾਬੜ ਪੱਥਰਾਂ ਦੇ ਰਸਤੇ ਵਾਂਗ ਹੈ, ਜਿਸ ਵਿਚ ਦੇਸ਼ ਭਗਤ ਅਤੇ ਰਾਜ ਦਰਬਾਰੀ ਸਰਕਾਰ ਦੇ ਮਿੱਤਰ ਅਤੇ ਕੱਟੜ ਸ਼ਤਰੂ ਸ਼ਾਮਲ ਹਨੈ । ਵਿਧਾਨ

ਮੰਡਲ ਦਾ ਇਹ ਅਜੀਬੋ ਗਰੀਬ ਰਸਤੇ ਨੂੰ ਸਪਰਸ਼ ਕਰਨਾ ਅਤੇ ਇਸਤੇ ਖੜ੍ਹਾ ਹੋਣਾ ਅਸੁਰਖਿਅਤ ਅਤੇ ਅਨਿਸ਼ਚਤ ਹੈ। ਇਹ ਸਰਕਾਰ ਦੀ ਬਣੀ ਪਾਰਟੀ ਦੀ ਪ੍ਰਣਾਲੀ ਅੱਗੇ ਕਦੇ ਝੁਕ ਨਹੀਂ ਸਕਦੀ ਅਤੇ ਪਾਰਟੀ ਪ੍ਰਣਾਲੀ ਤੋਂ ਬਿਨਾਂ ਸਥਾਈ ਅਤੇ ਉਤਰਦਾਈ ਸਰਕਾਰ ਦੀ ਸਥਾਪਨਾ ਨਹੀਂ ਹੋ ਸਕਦੀ। ਗਰੁੱਪ ਪ੍ਰਣਾਲੀ ਦਾ ਜਨਮ ਕਿਸ ਤਰ੍ਹਾਂ ਹੋਇਆ, ਇਹ ਚੋਣ ਖੇਤਰਾਂ ਦੀ ਬਣਤਰ ਵਿਚ ਲੱਭਿਆ ਜਾਣਾ ਚਾਹੀਦਾ ਹੈ। ਕਿਉਂਕਿ ਆਖਿਰਕਾਰ ਇਹ ਚੋਣ ਖੇਤਰਾ ਇਕ ਸਾਂਚਾ ਹੈ ਜਿਸ ਵਿਚ ਪ੍ਰੀਸ਼ਦ ਢਾਲੀ ਜਾਂਦੀ ਹੈ। ਜੇਕਰ ਪ੍ਰੀਸ਼ਦ ਨੂੰ ਨਵਾਂ ਰੂਪ ਦਿੱਤਾ ਜਾਣਾ ਹੈ ਤਾਂ ਜੋ ਇਹ ਕੁਸ਼ਲਤਾ ਨਾਲ ਕੰਮ ਕਰੇ, ਫਿਰ ਇਹ ਸਪਸ਼ਟ ਹੈ ਕਿ ਸਾਂਚੇ ਦਾ ਨਵੇਂ ਸਿਰਿਓਂ ਬਣਾਇਆ ਜਾਣਾ ਜ਼ਰੂਰੀ ਹੈ।

66. ਚੋਣ ਪ੍ਰਣਾਲੀ ਨੂੰ ਨਵੇਂ ਸਿਰਿਓ ਬਣਾਉਣ ਲਈ ਆਪਣੇ ਸੁਝਾਉ ਦਿੰਦੇ ਸਮੇਂ ਮੈਂ ਤਿੰਨਾਂ ਵਿਚਾਰਧਾਰਾਵਾਂ ਦੀ ਅਗਵਾਈ ਲਈ ਹੈ: (1) ਭਾਰਤ ਵਿਚਲੇ ਬਹੁਤ ਸਾਰੇ ਸਿਆਸਤਦਾਨਾਂ ਦੀ ਘਾਤਕ ਸਾਧਾਰਨਤਾ ਦੀ ਅਗਵਾਈ ਨਾ ਲਈ ਜਾਵੇ ਤਾਂ ਕਿ ਚੋਣ ਪ੍ਰਣਾਲੀ ਕੇਵਲ ਇਲਾਕਾਈ ਹੋਵੇ ਅਤੇ ਇਸਦਾ ਦੇਸ਼ ਦੀਆਂ ਸਮਾਜਿਕ ਹਾਲਾਤਾਂ ਨਾਲ ਕੋਈ ਸੰਬੰਧ ਨਾ ਹੋਵੇ, (2) ਕਿਸੇ ਵੀ ਅਜਿਹੇ ਸਮਾਜਿਕ ਜਾਂ ਆਰਥਿਕ ਹਿਤ ਨੂੰ ਵਿਸ਼ੇਸ਼ ਪ੍ਰਤੀਨਿਧਤਾ ਲਈ ਮਾਨਤਾ ਨਾ ਦਿੱਤੀ ਜਾਵੇ ਜੋ ਕਿ ਇਲਾਕਾਈ ਚੋਣ ਖੇਤਰਾਂ ਦੁਆਰਾ ਪ੍ਰਤੀਨਿਧਤਾ ਹਾਸਲ ਕੀਤੀ ਜਾ ਸਕਦੀ ਹੈ, (3) ਜਦੋਂ ਕਿਸੇ ਖਾਸ ਹਿਤ ਨੂੰ ਵਿਸ਼ੇਸ਼ ਪ੍ਰਤੀਨਿਧਤਾ ਦਾ ਪਾਤਰ ਹੋਣ ਦੇ ਨਾ ਤੇ ਮਾਨਤਾ ਦਿੱਤੀ ਜਾਂਦੀ ਹੈ, ਜਿਸਦੀ ਪ੍ਰਤੀਨਿਧਤਾ ਦਾ ਢੰਗ ਅਜਿਹਾ ਹੋਵੇ ਕਿ ਇਹ ਅਜਿਹੇ ਹਿਤ ਦੇ ਪ੍ਰਤੀਨਿਧੀਆਂ ਨੂੰ ਵੱਖਰਾ ਗੁੱਟ ਬਣਾਉਣ ਦੀ ਆਜਾਦੀ ਦੀ ਆਗਿਆ ਦੇਣ ਵਾਲਾ ਨਾ ਹੋਵੇ।

67. ਇਨ੍ਹਾਂ ਤਿੰਨ ਵਿਚਾਰਧਾਰਾਵਾਂ ਵਿਚੋਂ ਦੂਸਰੀ ਸਪਸ਼ਟ ਤੌਰ ਤੇ ਮੱਤ ਅਧਿਕਾਰਾਂ ਦੀ ਪ੍ਰਕਿਰਤੀ ਤੇ ਨਿਰਭਰ ਕਰਦੀ ਹੈ। ਇਸ ਰਿਪੋਰਟ ਦੇ ਇਕ ਹੋਰ ਭਾਗ ਵਿਚ ਮੈਂ ਬਾਲਗ ਮਤ-ਅਧਿਕਾਰ ਲਾਗੂ ਕਰਨ ਦੀ ਸਿਫਾਰਸ਼ ਕੀਤੀ ਹੈ। ਮੈਨੂੰ ਯਕੀਨ ਹੈ ਕਿ ਇਹ ਸਵੀਕਾਰ ਕੀਤਾ ਜਾਵੇਗਾ। ਇਸ ਲਈ ਮੈਂ ਆਪਣੀਆਂ ਸਿਫਾਰਸ਼ਾਂ ਇਸਤੇ ਅਧਾਰਿਤ ਕੀਤੀਆਂ ਹਨ। ਪਰੰਤੂ ਜੇਕਰ ਇਹ ਸਵੀਕਾਰ ਨਹੀਂ ਕੀਤਾ ਜਾਂਦਾ ਅਤੇ ਜੇਕਰ ਰਾਖਵਾਂ ਮਤ-ਅਧਿਕਾਰ ਜਾਰੀ ਰੱਖਿਆ ਜਾਂਦਾ ਹੈ ਤਾਂ ਇਸ ਲਈ ਵੱਖਰੀਆਂ ਸਿਫ਼ਾਰਸ਼ਾਂ ਕਰਨ ਦੀ ਲੋੜ ਹੋਵੇਗੀ ਅਤੇ ਮੈਂ ਉਹ ਵੀ ਕਰਨ ਦਾ ਵਿਚਾਰ ਰੱਖਦਾ ਹਾਂ। ਉਪਰੋਕਤ ਤੇ ਹੇਠ ਦਿੱਤੇ ਗਏ ਕਾਰਨਾਂ ਕਰਕੇ ਮੈਂ ਸੁਝਾਉ ਦਿੰਦਾ ਹਾਂ ਕਿ-

1. ਜੇਕਰ ਮਤ ਅਧਿਕਾਰ ਨੂੰ ਪ੍ਰਵਾਨ ਕੀਤਾ ਜਾਂਦਾ ਹੈ ਤਾਂ ਮੁਸਲਮਾਨ ਦਲਿਤ ਸ਼੍ਰੇਣੀਆਂ ਅਤੇ ਐਂਗਲੋ ਇੰਡਿਅਨ ਤੋਂ ਸਿਵਾਏ ਇਲਾਕਾਈ ਚੋਣ-ਖੇਤਰ ਹੋਣਗੇ।

2. ਜੇ ਮਤ ਅਧਿਕਾਰ ਦਾ ਰਾਖਵਾਂਕਰਨ ਜਾਰੀ ਰੱਖਿਆ ਜਾਂਦਾ ਹੈ ਤਾਂ ਮੁਸਲਮਾਨਾਂ, ਦਲਿਤ ਸ਼੍ਰੇਣੀਆਂ, ਐਂਗਲੋ ਇੰਡਿਅਨ, ਮਰਹੱਟਿਆਂ ਅਤੇ ਉਨ੍ਹਾਂ ਨਾਲ ਸੰਬੰਧਤ ਜਾਤੀਆਂ ਅਤੇ ਕਿਰਤੀਆਂ ਨੂੰ ਛੱਡ ਕੇ ਸਾਰੀ ਪ੍ਰਤੀਨਿਧਤਾ ਇਲਾਕਾਈ ਹੋਵੇਗੀ।

3. ਇਹ ਵਿਸ਼ੇਸ਼ ਪ੍ਰਤੀਨਿਧਤਾ ਆਮ ਚੋਣ ਖੇਤਰਾਂ ਦੁਆਰਾ ਹੋਵੇਗੀ ਅਤੇ ਰਾਖਵੀਆਂ ਸੀਟਾਂ ਅਤੇ ਕਿਰਤੀਆਂ ਦੀ ਮਾਨਤਾ ਪ੍ਰਾਪਤ ਟਰੇਡ ਯੂਨੀਅਨਾਂ ਦੇ ਬਣਾਏ ਗਏ ਚੋਣ ਖੇਤਰਾਂ ਦੁਆਰਾ ਹੋਵੇਗੀ।

68. ਇਨ੍ਹਾਂ ਸੁਝਾਵਾਂ ਤੋਂ ਇਹ ਦੇਖਿਆ ਜਾਵੇਗਾ ਕਿ ਮੈਂ ਸਾਰੇ ਸ਼੍ਰੇਣੀ ਚੋਣ ਖੇਤਰਾਂ ਦੇ ਖਤਮ ਕਰਨ ਦੇ ਹਕ ਵਿਚ ਹਾਂ ਜਿਵੇਂ ਕਿ (1) ਇਨਾਮਦਾਰਾਂ ਅਤੇ ਸਰਦਾਰਾਂ, (2) ਵਪਾਰਕ ਅਤੇ ਤਜ਼ਾਰਤੀ ਭਾਵੇਂ ਭਾਰਤੀ ਜਾਂ ਯੂਰਪੀਨ (3) ਭਾਰਤੀ ਇਸਾਈ ਅਤੇ (4) ਸਨਅਤੀ, ਅਤੇ ਇਨ੍ਹਾਂ ਨੂੰ ਆਮ ਚੋਣ ਖੇਤਰਾਂ ਵਿਚ ਸਮੀਲਿਤ ਕਰਨ ਦੇ ਹੱਕ ਵਿਚ ਹਾਂ। ਕੋਈ ਅਜਿਹੀ ਚੀਜ਼ ਨਹੀਂ, ਜਿਹੜੀ ਉਨ੍ਹਾਂ ਦੀ ਆਵਾਜ਼ ਸਾਧਾਰਣ ਪ੍ਰਣਾਲੀ ਰਾਹੀਂ ਸੁਣੇ ਜਾਣ ਤੋਂ ਰੋਕ ਸਕੇ। ਦੂਸਰੇ, ਭਾਵੇਂ ਮੈਂ ਕੁਝ ਸ਼੍ਰੇਣੀਆਂ ਦੀ ਵਿਸ਼ੇਸ਼ ਪ੍ਰਤੀਨਿਧਤਾ ਹਾਸਲ ਕਰ ਲਏ ਜਾਣ ਦੇ ਹੱਕ ਵਿਚ ਹਾਂ, ਮੈਂ ਵੱਖਰੇ ਚੋਣ ਖੇਤਰਾਂ ਰਾਹੀਂ ਉਨ੍ਹਾਂ ਦੀ ਪ੍ਰਤੀਨਿਧਤਾ ਦੇ ਵਿਰੁਧ ਹਾਂ। ਇਲਾਕਾਈ ਚੋਣ-ਖੇਤਰ ਅਤੇ ਵੱਖਰੇ ਚੋਣ ਖੇਤਰ ਦੋ ਇਤਿਹਾਦੀ ਚੀਜ਼ਾਂ ਹਨ, ਜੋ ਕਿ ਪ੍ਰਤੀਨਿਧਤਾ ਦੀ ਕੋਈ ਵੀ ਯੋਜਨਾ ਜੋ ਕਿ ਇਸ ਅਤਿਅੰਤ ਗੈਰ ਪਰਜਾਤੰਤਰ ਦੇਸ਼ ਵਿਚ ਪਰਜਾਤੰਤਰ ਸਰਕਾਰ ਲਾਗੂ ਕਰਨ ਲਈ ਸੁਝਾਈ ਜਾਵੇ। ਰਾਖਵੀਆਂ ਸੀਟਾਂ ਨਾਲ ਸਾਡੇ ਚੋਣ ਖੇਤਰਾਂ ਦੀ ਪ੍ਰਣਾਲੀ ਤੋਂ ਬਚਣਾ ਚਾਹੀਦਾ ਹੈ। ਇਸਤੋਂ ਘੱਟ ਕੋਈ ਵੀ ਪ੍ਰਣਾਲੀ ਨਾ-ਕਾਫੀ ਹੋਵੇਗੀ ਅਤੇ ਇਸਤੋਂ ਵੱਧ ਹੋਵੇ ਤਾਂ ਚੰਗੀ ਸਰਕਾਰ ਦੇ ਟੀਚਿਆਂ ਦੀ ਅਸਫਲਤਾ ਹੋਵੇਗੀ। ਸਪਸ਼ਟ ਕਾਰਨਾਂ ਕਰਕੇ ਮੈਂ ਯੂਰਪੀਅਨ ਕੌਮੀਅਤ ਦੇ ਕੇਸ ਵਿਚ ਛੋਟ ਦਿੰਦਾ ਹਾਂ। ਉਹਨਾਂ ਨੂੰ ਆਪਣੇ ਵਿਸ਼ੇਸ ਚੋਣ ਖੇਤਰ ਰੱਖਣ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ। ਪਰੰਤੂ, ਉਹ ਆਮ ਚੋਣ ਖੇਤਰ ਹੋਣਗੇ ਨਾ ਕਿ ਸ੍ਰੇਣੀ ਚੋਣ ਖੇਤਰ।

ਅਧਿਆਇ 3

ਸੀਟਾਂ ਦੀ ਵੰਡ

1: ਘਟ ਗਿਣਤੀਆਂ ਵਿਚ ਸੀਟਾਂ ਦੀ ਵੰਡ :

69. ਮੇਰੇ ਸਾਥੀਆਂ ਵਲੋਂ ਵਖ ਵਖ ਘੱਟ ਗਿਣਤੀਆਂ ਨੂੰ ਦਿੱਤਾ ਗਿਆ ਸੀਟਾਂ ਦਾ ਕੋਟਾ ਸੂਚੀ ਦੇ ਰੂਪ ਵਿਚ ਹੇਠਾਂ ਦਿੱਤਾ ਜਾਂਦਾ ਹੈ।

ਘੱਟ ਗਿਣਤੀ	140 ਵਿਚੋਂ ਸੀਟਾਂ ਦੀ ਗਿਣਤੀ		
	ਆਮ	ਜਮਾਂ	ਵਿਸ਼ੇਸ਼
1. ਯੂਰਪੀਅਨ	2		5
2. ਐਗਲੋ ਇੰਡੀਅਨ	2		ਕੁਝ ਨਹੀਂ
3 ਭਾਰਤੀ ਇਸਾਈ	1		ਕੁਝ ਨਹੀਂ
4. ਦਲਿਤ ਸ਼੍ਰੇਣੀਆਂ	10		ਕੁਝ ਨਹੀਂ
5. ਮੁਸਲਮਾਨ	43		2

70. ਇਸ ਸਾਰਣੀ ਤੋਂ ਇਹ ਦੇਖਿਆ ਜਾਏਗਾ ਕਿ ਵੱਖ-ਵੱਖ ਕੌਮੀਅਤਾਵਾਂ ਵਿਚ

ਸੀਟਾਂ ਵੰਡਦੇ ਸਮੇ ਮੇਰੇ ਸਾਥੀਆਂ ਨੇ ਕਿਸੇ ਇਕਸਾਰ ਸਿਧਾਂਤ ਅਨੁਸਾਰ ਕਾਰਵਾਈ ਨਹੀਂ ਕੀਤੀ । ਨਾ ਹੀ ਇਹ ਜਾਪਦਾ ਹੈ ਕਿ ਉਨ੍ਹਾਂ ਨੇ ਸੰਬੰਧਤ ਘੱਟ ਗਿਣਤੀ ਨਾਲ ਇਨਸਾਫ ਕਰਨ ਦਾ ਕੋਈ ਯਤਨ ਕੀਤਾ । ਇਹ ਸਪਸ਼ਟ ਹੈ, ਜੇਕਰ ਅਸੀਂ ਮੇਰੇ ਸਾਥੀਆਂ ਵਲੋਂ ਮੁਸਲਮਾਨਾਂ ਨਾਲ ਕੀਤੇ ਗਏ ਸਲੂਕ ਦੀ ਤੁਲਨਾ ਵਿਚ ਉਨ੍ਹਾਂ ਵੱਲੋਂ ਦਲਿਤ ਸ੍ਰੇਣੀਆਂ ਨਾਲ ਕੀਤੇ ਗਏ ਸਲੂਕ ਨਾਲ ਕਰੀਏ ।ਮੁਸਲਮਾਨ ਪ੍ਰਜ਼ੀਡੈਂਸੀ ਦੀ ਸੰਖਿਆ ਦਾ 19 ਪ੍ਰਤੀਸ਼ਤ ਹਿੱਸਾ ਬਣਦੇ ਹਨ ।ਮੇਰੇ ਸਾਥੀਆਂ ਨੇ ਉਨਾਂ ਨੂੰ 31 ਪ੍ਰਤੀਸ਼ਤ ਤੋਂ ਵੱਧ ਪ੍ਰਤੀਨਿਧਤਾ ਦੇਣ ਦੀ ਤਜਵੀਜ਼ ਕੀਤੀ ਹੈ । ਦੂਸਰੇ ਹੱਥ, ਬਹੁਤ ਹੀ ਨਰਮ ਖਿਆਲ ਅਨੁਸਾਰ ਦਲਿਤ ਸ਼੍ਰੇਣੀਆਂ ਪ੍ਰੈਜ਼ੀਡੈਂਸੀ ਦੀ ਕੁਲ ਜਨਸੰਖਿਆ ਦਾ 8 ਪ੍ਰਤੀਸ਼ਤ ਭਾਗ ਹਨ, ਉਨ੍ਹਾਂ ਨੂੰ ਪ੍ਰੀਸ਼ਦ ਦੀਆਂ ਕੁਲ ਸੀਟਾਂ ਵਿਚੋਂ ਕੇਵਲ 7 ਪ੍ਰਤੀਸ਼ਤ ਦਿੱਤੀਆਂ ਗਈਆਂ ਹਨ ।ਇਸ ਵਿਤਕਰੇ ਦੇ ਕਾਰਨ ਸਮਝਣੇ ਬਹੁਤ ਮੁਸ਼ਕਲ ਹਨ । ਦੋਨਾਂ ਘੱਟ ਗਿਣਤੀਆਂ ਵਿਚੋਂ, ਮੁਸਲਮਾਨ ਕੌਮੀਅਤ ਬਿਨਾਂ ਸ਼ੱਕ ਗਿਣਤੀ, ਧਨ-ਦੌਲਤ ਅਤੇ ਵਿਦਿਆ ਦੇ ਲਿਹਾਜ਼ ਨਾਲ ਤਾਕਤਵਰ ਹੈ ।ਗਿਣਤੀ, ਦੌਲਤ ਅਤੇ ਵਿਦਿਆ ਦੇ ਲਿਹਾਜ਼ ਨਾਲ ਕਮਜ਼ੋਰ ਹੋਣ ਤੋਂ ਇਲਾਵਾ ਦਲਿਤ ਸ਼੍ਰੇਣੀਆਂ, ਉਨ੍ਹਾਂ ਅਯੋਗਤਾਵਾਂ ਦੇ ਬੋਝ ਹੇਠ ਦੱਬੀਆਂ ਹੋਈਆਂ ਹਨ, ਜਿਨ੍ਹਾਂ ਦੇ ਬੋਝ ਤੋਂ ਮੁਸਲਮਾਨ ਪੂਰੀ ਤਰ੍ਹਾਂ ਆਜ਼ਾਦ ਹਨ । ਦਲਿਤ ਸ਼੍ਰੇਣੀਆਂ ਜਨ-ਸਾਧਾਰਨ ਦੇ ਪਾਣੀ ਲੈਣ ਦੇ ਸਥਾਨ ਤੋਂ ਪਾਣੀ ਨਹੀਂ ਲੈ ਸਕਦੀਆਂ, ਭਾਵੇਂ ਇਹ ਸਥਾਨ ਸਰਕਾਰੀ ਰਾਸ਼ੀ ਨਾਲ ਚਲਾਏ ਜਾਂਦੇ ਹਨ, ਮੁਸਲਮਾਨ ਪਾਣੀ ਲੈ ਸਕਦੇ ਹਨ । ਦਲਿਤ ਸ਼੍ਰੇਣੀਆਂ ਉਨ੍ਹਾਂ ਦੇ ਅਛੂਤ ਹੋਣ ਦੇ ਨਾਤੇ ਪੁਲਿਸ, ਫੌਜ ਜਾਂ ਜਲ-ਸੈਨਾ ਵਿਚ ਭਰਤੀ ਨਹੀ ਹੋ ਸਕਦੀਆਂ ਭਾਵੇਂ ਕਿ ਭਾਰਤ ਸਰਕਾਰ ਦਾ ਐਕਟ, ਉਪਬੰਦ ਕਰਦਾ ਹੈ ਕਿ ਕਿਸੇ ਵੀ ਵਿਅਕਤੀ ਨੂੰ ਉਸਦੀ ਜਾਤੀ, ਨਸਲ ਜਾਂ ਰੰਗ ਦੇ ਕਾਰਨ ਕਿਸੇ ਸਰਕਾਰੀ ਦਫ਼ਤਰ ਵਿਚ ਲਗਣ ਦੇ ਅਧਿਕਾਰ ਤੋਂ ਵਾਂਝਿਆਂ ਨਹੀ. ਰੱਖਿਆ ਜਾਵੇਗਾ । ਮੁਸਲਮਾਨਾਂ ਲਈ ਨਾ ਕੇਵਲ ਸਰਕਾਰੀ ਨੌਕਰੀਆਂ ਲਈ ਦਰਵਾਜ਼ੇ ਖੁਲ੍ਹੇ ਹਨ, ਸਗੋਂ ਇਥੋਂ ਤਕ ਕਿ ਕਈ ਵਿਭਾਗਾਂ ਵਿਚ ਉਨ੍ਹਾਂ ਨੇ ਬਹੁਤ ਵੱਡਾ ਹਿੱਸਾ ਹਾਸਲ ਕਰ ਲਿਆ ਹੈ । ਦਲਿਤ ਸ੍ਰੇਣੀਆਂ ਨੂੰ ਪਬਲਿਕ ਸਕੂਲਾਂ ਵਿਚ ਦਾਖਲਾ ਨਹੀ. ਦਿੱਤਾ ਜਾਂਦਾ, ਭਾਵੇਂ ਕਿ ਇਹ ਸਰਕਾਰੀ ਰਾਸ਼ੀ ਨਾਲ ਚਲਾਏ ਜਾਂਦੇ ਹਨ ; ਮੁਸਲਮਾਨਾਂ ਲਈ ਅਜਿਹੀ ਕੋਈ ਰੋਕ ਨਹੀ. । ਦਲਿਤ ਸ੍ਰੇਣੀਆਂ ਦੇ ਆਦਮੀ ਦੀ ਛੂਹ ਨਾਲ ਪ੍ਰਦੂਸ਼ਨ ਫੈਲਦਾ ਹੈ : ਮੁਸਲਮਾਨ ਦੀ ਛੂਹ ਨਾਲ ਨਹੀ. ਫੈਲਦਾ ; ਵਪਾਰਕ ਅਤੇ ਸਨਅਤੀ ਅਦਾਰੇ ਮੁਸਲਮਾਨਾਂ ਲਈ ਖੁਲ੍ਹੇ ਹਨ, ਜਦਕਿ ਇਹ ਦਲਿਤ ਸ਼੍ਰੇਣੀਆਂ ਦੇ ਵਿਅਕਤੀ ਲਈ ਬੰਦ ਹਨ । ਮੁਸਲਮਾਨ ਦੇ ਨਾਂ ਤੇ ਘਟੀਆਪਨ ਦੇ ਅਹਿਸਾਸ ਦਾ ਧੱਬਾ ਨਹੀ. ਹੁੰਦਾ ਜਿਸ ਤਰ੍ਹਾਂ ਕਿ ਦਲਿਤ ਸ਼੍ਰੇਣੀਆਂ ਦੇ ਵਿਅਕਤੀ ਤੇ ਹੁੰਦਾ ਹੈ, ਜਿਸਦਾ ਨਤੀਜਾ ਇਹ ਹੈ ਕਿ ਮੁਸਲਮਾਨਾਂ ਆਪਣੀ ਪਸੰਦ ਦੀ ਪੋਸ਼ਾਕ ਪਹਿਨਣ ਲਈ, ਆਪਣੀ ਪਸੰਦ ਦਾ ਜੀਵਨ ਜੀਉਣ ਲਈ ਅਤੇ ਆਪਣੀ ਮਨ-ਮਰਜ਼ੀ ਕਰਨ ਲਈ ਆਜ਼ਾਦ ਹੈ । ਦਲਿਤ ਸ਼੍ਰੇਣੀਆਂ ਦੇ ਵਿਅਕਤੀਆਂ ਨੂੰ ਇਸ ਆਜ਼ਾਦੀ ਤੋਂ ਵਾਂਝਿਆਂ ਰੱਖਿਆ ਜਾਂਦਾ ਹੈ ।ਦਲਿਤ ਸ੍ਰੇਣੀ ਦਾ ਵਿਅਕਤੀ ਪਿੰਡ ਦੇ ਦੂਸਰੇ ਲੋਕਾਂ ਵਾਂਗ

ਚੰਗੇ ਕਪੜੇ ਨਹੀ ਪਹਿਨ ਸਕਦਾ ਭਾਵੇਂ ਕਿ ਉਸ ਕੋਲ ਇਨ੍ਹਾਂ ਦੀ ਕੀਮਤ ਅਦਾ ਕਰਨ ਦੀ ਆਰਥਿਕ ਸਮੱਰਥਾ ਹੋਵੇ । ਉਸਦਾ ਝੁੱਗੀ ਵਿਚ ਰਹਿਣਾ ਜ਼ਰੂਰੀ ਹੈ । ਕਿ ਦਲਿਤ ਸ਼੍ਰੇਣੀ ਦਾ ਆਦਮੀ ਆਪਣੀ ਦੌਲਤ ਅਤੇ ਸ਼ਾਨ-ਓ-ਸ਼ੌਕਤ ਦੀ ਖੁਲ੍ਹੀ ਨੁਮਾਇਸ਼ ਨਹੀ ਕਰ ਸਕਦਾ ਇਥੋਂ ਤਕ ਕਿ ਤਿਓਹਾਰਾਂ ਦੇ ਮੌਕਿਆਂ ਤੇ ਵੀ ਨਹੀ ਅਤੇ ਆਪਣੀ ਦੁਲਹਨ ਨੂੰ ਮੁੱਖ ਗਲ੍ਹੀਆਂ ਦੇ ਰਸਤੇ ਘੋੜੇ ਉਪਰ ਜਲੂਸ ਦੇ ਰੂਪ ਵਿੱਚ ਤਾਂ ਕਦੇ ਵੀ ਨਹੀਂ ਲਿਜਾ ਸਕਦਾ । ਉਸ ਵਲੋਂ ਰੀਤੀ ਰਿਵਾਜ਼ਾਂ ਦੇ ਕਾਨੂੰਨ ਦੇ ਵਿਰੁੱਧ ਜਾਂ ਉਸਦੀ ਹੈਸੀਅਤ ਤੋਂ ਵੱਧ ਕੀਤੀ ਗਈ ਕੋਈ ਵੀ ਕਾਰਵਾਈ ਸਾਰੇ ਦੇ ਸਾਰੇ ਪਿੰਡ ਦੇ ਲੋਕਾਂ, ਜਿਨ੍ਹਾਂ ਵਿਚ ਉਹ ਰਹਿੰਦਾ ਹੈ, ਦੇ ਕਰੋਧ ਨੂੰ ਸੱਦਾ ਦੇਵੇਗੀ । ਦਲਿਤ ਸ਼੍ਰੇਣੀ ਦਾ ਵਿਅਕਤੀ ਮੁਸਲਮਾਨ ਨਾਲੋਂ ਜ਼ਿਆਦਾ ਬਹੁਗਿਣਤੀਆਂ ਦੇ ਜ਼ੁਲਮ ਦਾ ਸ਼ਿਕਾਰ ਹੁੰਦਾ ਹੈ । ਦਲੀਲ ਇਹ ਹੈ ਕਿ ਮੁਸਲਮਾਨ ਵਿਅਕਤੀ ਜਿਸ ਕੋਲ ਸਾਰੇ ਮੁੱਢਲੇ ਮਨੁੱਖੀ ਅਧਿਕਾਰ ਹਨ, ਕੋਈ ਕਾਰਨ ਨਹੀਂ ਕਿ ਉਹ ਬਹੁਗਿਣਤੀ ਦੇ ਵਿਰੁੱਧ ਲੜੇ, ਸਿਵਾਏ ਇਸੇ ਕਿ ਜਦੋਂ ਕੋਈ ਧਾਰਮਿਕ ਮਸਲਾ ਸਾਹਮਣੇ ਆਵੇ । ਪਰੰਤੂ ਦਲਿਤ ਸ਼੍ਰੇਣੀ ਦੇ ਆਦਮੀ ਦੀ ਸਥਿਤੀ ਬਿਲਕੁਲ ਵਖਰੀ ਹੈ । ਉਸਦਾ ਜੀਵਨ ਜੋ ਕਿ ਮਨੁੱਖੀ ਅਧਿਕਾਰ ਹਾਸਲ ਕਰਨ ਲਈ ਇਕ ਨਿੰਰਤਰ ਜਦੋ-ਜਹਿਦ ਹੈ, ਬਹੁ-ਗਿਣਤੀ ਲਈ ਇਕ ਲਗਾਤਾਰ ਵੰਗਾਰ ਹੈ ਜੋ ਕਿ ਉਸਨੂੰ ਇਨ੍ਹਾਂ ਅਧਿਕਾਰਾਂ ਤੋਂ ਵਾਂਝਿਆਂ ਰਖਦੀ ਹੈ । ਨਤੀਜਾ ਇਹ ਹੁੰਦਾ ਹੈ ਕਿ ਉਹ ਬਹੁਗਿਣਤੀ ਨਾਲ ਹਮੇਸ਼ਾਂ ਵੈਰ-ਵਿਰੋਧ ਵਿਚ ਰਹਿੰਦਾ ਹੈ । ਇਥੇ ਹੀ ਬਸ ਨਹੀ । ਜੇਕਰ ਕਿਸੇ ਮੌਕੇ ਤੇ ਮੁਲਸਮਾਨ ਬਹੁਗਿਣਤੀ ਦੇ ਜ਼ੁਲਮ ਦਾ ਸ਼ਿਕਾਰ ਹੁੰਦਾ ਹੈ ਤਾਂ ਉਸਦੇ ਪੱਖ ਵਿਚ ਸਾਰੀ ਪੁਲੀਸ ਫੋਰਸ ਅਤੇ ਨਿਆਂਕਾਰੀ-ਅਧਿਕਾਰੀ ਹੁੰਦੇ ਹਨ । ਪਰੰਤੂ ਜਦੋਂ ਦਲਿਤ ਸ਼੍ਰੇਣੀ ਦਾ ਵਿਅਕਤੀ ਬਹੁ-ਗਿਣਤੀ ਦੇ ਜ਼ੁਲਮ ਦਾ ਸ਼ਿਕਾਰ ਹੁੰਦਾ ਹੈ ਤਾਂ ਪੁਲੀਸ ਦੇ ਦਸਤੇ ਜਾਂ ਨਿਆਂਕਾਰੀ ਅਧਿਕਾਰੀ ਕਦੇ ਉਸਦੇ ਬਚਾਉ ਲਈ ਨਹੀਂ ਆਉਂਦੇ । ਇਸਦੇ ਉਲਟ, ਬਹੁਗਿਣਤੀ ਨਾਲ ਮਿਲਕੇ ਉਸ ਨੂੰ ਨੁਕਸਾਨ ਪਹੁੰਚਾਉਣ ਲਈ ਕਾਰਵਾਈ ਕਰਦੇ ਹਨ । ਇਸ ਦਾ ਸਾਧਾਰਨ ਕਾਰਨ ਇਹ ਹੈ ਕਿ ਮੁਸਲਮਾਨਾਂ ਦੇ ਆਪਣੇ ਬਹੁਤ ਸਾਰੇ ਰਿਸ਼ਤੇਦਾਰ ਪ੍ਰਾਂਤ ਦੀ ਪੁਲੀਸ ਅਤੇ ਨਿਆਂ ਪ੍ਰਣਾਲੀ ਵਿਚ ਭਰਤੀ ਹੁੰਦੇ ਹਨ ; ਜਦਕਿ ਦਲਿਤ ਸ਼੍ਰੇਣੀਆਂ ਦਾ ਇਨ੍ਹਾਂ ਵਿਭਾਗਾਂ ਵਿਚ ਕੋਈ ਨਹੀਂ ਹੁੰਦਾ । ਅਤੇ ਇਹ ਨੋਟ ਕਰਨ ਵਾਲੀ ਗਲ ਹੈ ਕਿ ਦਲਿਤ ਸ਼੍ਰੇਣੀਆਂ ਨੂੰ ਨਾ ਕੇਵਲ ਕੱਟੜ ਹਿੰਦੂ ਸ਼ਕਤੀ ਦਾ ਵਾਰ ਸਹਿਣਾ ਪੈਂਦਾ ਹੈ, ਇਨ੍ਹਾਂ ਨੂੰ ਮੁਸਲਮਾਨਾਂ ਦੇ ਅਤਿਆਚਾਰਾਂ ਦਾ ਵੀ ਲੇਖਾ-ਜੋਖਾ ਰਖਣਾ ਪੈਂਦਾ ਹੈ । ਇਹ ਆਮ ਅਨੁਮਾਨ ਲਗਾਇਆ ਜਾਂਦਾ ਹੈ ਕਿ ਮੁਸਲਮਾਨ ਹਿੰਦੂਆਂ ਦੇ ਦਲਿਤ ਸ਼੍ਰੇਣੀਆਂ ਵਿਰੁੱਧ ਸਮਾਜਿਕ ਪੱਖ-ਪਾਤਾਂ ਤੋਂ ਆਜ਼ਾਦ ਹਨ । ਇਸ ਤੋਂ ਵੱਡੀ ਗਲਤੀ ਕੋਈ ਹੋਰ ਨਹੀ ਹੋ ਸਕਦੀ । ਸ਼ਹਿਰੀ ਇਲਾਕਿਆਂ ਨੂੰ ਪਾਸੇ ਛੱਡ ਕੇ ਪੇਂਡੂ ਭਾਗਾਂ ਵਿਚ ਮੁਸਲਮਾਨ, ਉਤਨਾ ਹੀ ਜ਼ਹਿਰ ਤੋਂ ਪ੍ਰਭਾਵਿਤ ਹਨ, ਜਿਤਨਾ ਕਿ ਹਿੰਦੂ । ਕੋਲਾਬਾ ਜ਼ਿਲ੍ਹੇ ਦੇ ਮਾਨਸਾਓ ਤਾਲੁਕਾ ਵਿਚ ਪੈਂਦੇ ਪਿੰਡ ਹਰਕੁਲ ਵਿਖੇ ਵਾਪਰੇ ਦੰਗੇ, ਇਸ ਗਲ ਦੀ ਇਕ ਉਦਾਹਰਣ ਹਨ । ਇਸ ਜ਼ਿਲ੍ਹੇ ਵਿਚ ਦਲਿਤ ਸ਼੍ਰੇਣੀਆਂ ਨੇ ਸਮਾਜਿਕ ਉਚਾਈ ਦੀ ਇਕ ਮੁਹਿੰਮ ਸ਼ੁਰੂ

ਕੀਤੀ ਅਤੇ ਕੁਝ ਗੰਦੀਆਂ ਪ੍ਰਥਾਵਾਂ ਛੱਡਣ ਦੀ ਪ੍ਰਤਿਗਿਆ ਕੀਤੀ ਜਿਨ੍ਹਾਂ ਨੇ ਉਨ੍ਹਾਂ ਨੂੰ ਘਟੀਆ ਮਿਆਰ ਦੇ ਵਿਅਕਤੀ ਵਜੋਂ ਅੰਕਿਤ ਕੀਤਾ ਹੋਇਆ ਸੀ। ਜ਼ਿਲ੍ਹੇ ਦੇ ਹਿੰਦੂ, ਜਿਨ੍ਹਾਂ ਨੇ ਪਹਿਲਾਂ, ਉਹਨਾਂ ਦੇ ਉਪਰ ਉਠਣ ਦੀ ਇਕ ਜ਼ਰੂਰੀ ਸ਼ਰਤ ਵਜੋਂ, ਇਨ੍ਹਾਂ ਗੰਦੀਆਂ ਪ੍ਰਥਾਵਾਂ ਨੂੰ ਛੱਡਣ ਦੀ ਇਨ੍ਹਾਂ ਲੋਕਾਂ ਨੂੰ ਸਿਖਿਆ ਦਿੱਤੀ ਸੀ, ਇਨ੍ਹਾਂ ਗਰੀਬ ਲੋਕਾਂ ਉਪਰ ਉਲਟੇ ਪੈ ਗਏ ਅਤੇ ਉਨ੍ਹਾਂ ਦਾ ਸਮਾਜਿਕ ਆਰਥਿਕ ਬਾਈਕਾਟ ਕਰਕੇ ਉਨ੍ਹਾਂ ਤੇ ਜ਼ਬਰ ਕੀਤਾ। ਪਰੰਤੂ ਇਹ ਕਦੇ ਆਸ ਨਹੀਂ ਕੀਤੀ ਜਾਂਦੀ ਸੀ ਕਿ ਜ਼ਿਲ੍ਹੇ ਦੇ ਮੁਲਸਮਾਨ ਆਪਣੇ ਹਿੰਦੂ ਗਵਾਂਢੀਆਂ ਦੇ ਪਿਛੇ ਲਗ ਤੁਰਨਗੇ। ਇਸਦੇ ਉਲਟ ਇਹ ਆਸ ਸੀ ਕਿ ਛੂਤ ਹਿੰਦੂਆਂ ਨਾਲ ਉਨ੍ਹਾਂ ਦੀ ਜਦੋਂ ਜਹਿਦ ਵਿਚ, ਮੁਸਲਮਾਨ ਉਨ੍ਹਾਂ ਦੇ ਦੋਸਤ ਵਜੋਂ ਕਾਰਵਾਈ ਕਰਨਗੇ। ਪਰੰਤੂ ਉਨ੍ਹਾਂ ਦੀਆਂ ਇਨ੍ਹਾਂ ਉਮੀਦਾਂ ਉਤੇ ਪਾਣੀ ਵਿਚ ਫਿਰ ਗਿਆ। ਕਿਉਂ ਜੋ ਜਲਦੀ ਹੀ ਪਤਾ ਲਗਿਆ ਕਿ ਮੁਸਲਮਾਨ ਭਾਵੇਂ ਕਿ ਛੂਆ-ਛੂਤ ਨੂੰ ਨਹੀਂ ਮੰਨਦੇ, ਪਰੰਤੂ ਉਹ ਇਸ ਵਿਸ਼ੈਲੇ ਵਿਚਾਰ ਕਿ ਦਲਿਤ ਸ਼੍ਰੇਣੀਆਂ ਦਾ ਜਨਮ ਹੇਠਲੇ ਸਮਾਜਿਕ ਪੱਧਰ ਵਿਚ ਹੋਇਆ ਸੀ ਅਤੇ ਇਹ ਕਿ ਉਨ੍ਹਾਂ ਦੀਆਂ ਆਪਣੀਆਂ ਗੰਦੀਆਂ ਆਦਤਾਂ ਨੂੰ ਛੱਡ ਕੇ ਉਪਰ ਉਠਣ ਦੀ ਕੋਸ਼ਿਸ਼ ਇਕ ਅਵੱਗਿਆ ਕਰਨੀ ਅਤੇ ਬੇਇਜ਼ਤੀ ਕਰਨ ਵਾਲੀ ਹਰਕਤ ਹੈ ਜੋ ਕਿ ਕੁਚਲ ਦਿੱਤੀ ਜਾਣੀ ਚਾਹੀਦੀ ਹੈ, ਨਾਲ ਉਤੇਨੇ ਹੀ ਜ਼ਿਆਦਾ ਸੰਚਾਰਿਤ ਸਨ, ਜਿਤਨੇ ਕਿ ਹਿੰਦੂ। ਨਤੀਜੇ ਵਜੋਂ ਬਹੁਤ ਸਾਰੀਆਂ ਅਜਿਹੀਆਂ ਲੜਾਈਆਂ ਸਨ ਜੋ ਕਿ ਜ਼ਿਲ੍ਹੇ ਦੇ ਦਲਿਤ ਸ਼੍ਰੇਣੀਆਂ ਅਤੇ ਮੁਸਲਮਾਨਾਂ ਵਿਚਕਾਰ ਵਿਚਕਾਰ ਹੋਈਆਂ ਅਤੇ ਇਨ੍ਹਾਂ ਵਿਚੋਂ ਇਕ ਵਿਚ ਹਾਰਕੁਲ ਵਿਖੇ ਦਲਿਤ ਸ਼੍ਰੇਣੀ ਦੇ ਵਿਅਕਤੀ ਨੇ ਅਸਲ ਵਿਚ ਆਪਣੀ ਜਾਨ ਵੀ ਗੁਆਈ।

71. ਇਸ ਲਈ ਇਹ ਸਪਸ਼ਟ ਹੈ ਕਿ ਦਲਿਤ ਸ਼੍ਰੇਣੀਆਂ ਦੀ ਸਮੱਸਿਆ ਮੁਸਲਮਾਨਾਂ ਦੀ ਸਮੱਸਿਆ ਨਾਲੋਂ ਕਿਤੇ ਵੱਡੀ ਹੈ। ਉਹ ਨਸਲੀ ਤੌਰ ਤੇ ਪਛੜੇ ਹੋ ਸਕਦੇ ਹਨ, ਭਾਵੇਂ ਕਿ ਉਹ ਇਤਨੇ ਉਨਤ ਹਨ ਕਿ ਵਿਦਿਆ ਦੇ ਲਿਹਾਜ਼ ਨਾਲ ਉਨ੍ਹਾਂ ਦਾ ਨੰਬਰ ਘੱਟੋ ਘੱਟ ਅਗਾਂਹ ਵਧੂ ਹਿੰਦੂਆਂ ਤੋਂ ਬਾਅਦ ਆਉਂਦਾ ਹੈ, ਪਰੰਤੂ ਉਹ ਲਾਚਾਰ ਕਤਈ ਨਹੀਂ ਹਨ। ਇਸ ਲਈ ਕੋਸ਼ਿਸ਼ ਅਤੇ ਹੌਂਸਲਾ ਅਫਜਾਈ ਨਾਲ ਉਪਰ ਉਠਣ ਦੀ ਆਸ ਰਖ ਸਕਦੇ ਹਨ। ਦੂਜੇ ਪਾਸੇ, ਦਲਿਤ ਸ਼੍ਰੇਣੀਆਂ ਕੇਵਲ ਪਛੜੀਆਂ ਹੋਈਆਂ ਹੀ ਨਹੀਂ ਹਨ, ਉਹ ਲਾਚਾਰ ਵੀ ਹਨ, ਇਸ ਲਈ ਕੋਈ ਕੋਸ਼ਿਸ ਜਾਂ ਹੌਂਸਲਾ ਅਫਜ਼ਾਈ ਉਨ੍ਹਾਂ ਦੀ ਇਸ ਲਾਚਾਰੀ ਨੂੰ ਪਹਿਲਾਂ ਦੂਰ ਕੀਤੇ ਬਗੈਰ ਉਨ੍ਹਾਂ ਦੇ ਉਪਰ ਉਠਣ ਵਿਚ ਸਹਾਈ ਨਹੀ ਹੋ ਸਕਦੀ ਕਿ ਦੋਨਾਂ ਵਿਚ ਅੰਤਰ ਹੋਣ ਕਰਕੇ ਜਿਤਨੀ ਰਾਜਨੀਤਕ ਸ਼ਕਤੀ ਦੀ ਮਾਤਰਾ, ਮੁਸਲਮਾਨਾਂ ਨੂੰ ਉਨ੍ਹਾਂ ਦੀ ਪਛੜੀ ਹਾਲਤ ਨੂੰ ਬਦਲਣ ਲਈ ਜ਼ਰੂਰੀ ਹੈ, ਦਲਿਤ ਸ਼੍ਰੇਣੀਆਂ ਨੂੰ ਅਜਿਹਾ ਕਰਨ ਲਈ ਜੇਕਰ ਵਧ ਨਹੀ. ਤਾਂ ਦੂਗਣੀ ਜ਼ਰੂਰ ਚਾਹੀਦੀ ਹੈ। ਫੇਰ ਵੀ ਮੇਰੇ ਸਾਥੀਆਂ ਨੇਂ ਉਨ੍ਹਾਂ ਦੀ ਪ੍ਰਤੀਨਿਧਤਾ ਦੀ ਅਨੁਪਾਤ ਘਟਾ ਦਿੱਤੀ ਹੈ। ਮੁਸਲਮਾਨ, ਜਿਹੜੇ ਕਿ 19 ਪ੍ਰਤੀਸ਼ਤ ਹਨ ਅਤੇ ਮਜ਼ਬੂਤ ਘੱਟ ਗਿਣਤੀ ਹਨ, ਉਨ੍ਹਾਂ ਨੂੰ ਪ੍ਰੀਸ਼ਦ ਵਿਚ 31 ਪ੍ਰਤੀਸ਼ਤ ਸੀਟਾਂ ਦਿੱਤੀਆਂ ਗਈਆਂ ਹਨ, ਜਦਕਿ ਦਲਿਤ ਸ਼੍ਰੇਣੀਆਂ ਜੋ ਕਿ ਬਹੁਤ ਘਟ ਅਨੁਮਾਨਾਂ ਦੇ ਅਨੁਸਾਰ ਵਜੋਂ

ਦਾ 8 ਪ੍ਰਤੀਸ਼ਤ ਹਿੱਸਾ ਬਣਦੇ ਹਨ, ਉਨ੍ਹਾਂ ਨੂੰ ਪ੍ਰੀਸ਼ਦ ਵਿਚ ਕੇਵਲ 7 ਪ੍ਰਤੀਸ਼ਤ ਸੀਟਾਂ ਦਿੱਤੀਆਂ ਗਈਆਂ ਹਨ, ਜੋ ਕਿ ਅਸਲ ਵਿਚ ਉਨ੍ਹਾਂ ਦੀ ਵਸੋਂ ਦੇ ਅਨੁਪਾਤ ਤੋਂ ਪ੍ਰਤੀਸ਼ਤ ਘੱਟ ਹੈ ।

72. ਇਕ ਧਾਰਨਾ ਇਹ ਹੈ ਕਿ ਦਲਿਤ ਸ਼੍ਰੇਣੀਆਂ ਦੀ ਸਮੱਸਿਆ ਸਮਾਜਿਕ ਸਮੱਸਿਆ ਹੈ ਅਤੇ ਇਹ ਕਿ ਇਸਦਾ ਹੱਲ ਵੀ ਸਮਾਜਿਕ ਖੇਤਰ ਵਿਚੋਂ ਹੀ ਲੱਭਿਆ ਜਾਣਾ ਜ਼ਰੂਰੀ ਹੈ। ਮੈਂ ਹੈਰਾਨ ਹਾਂ ਕਿ ਇਹ ਵਿਚਾਰਧਾਰਾ ਉਚ ਪੱਧਰ ਤੇ ਵੀ ਪ੍ਰਬਲ ਹੈ। ਮੈਨੂੰ ਡਰ ਹੈ ਕਿ ਜਿਹੜੇ ਇਹ ਦ੍ਰਿਸ਼ਟੀਕੋਣ ਰਖਦੇ ਹਨ, ਉਹ ਭੁੱਲ ਜਾਂਦੇ ਹਨ ਕਿ ਮਨੁੱਖੀ ਸਮਾਜ ਵਿਚ ਹਰ ਇਕ ਸਮੱਸਿਆ ਇਕ ਸਮਾਜਿਕ ਸਮੱਸਿਆ ਹੈ। ਨਸ਼ੇ ਦੀ ਸਮੱਸਿਆ, ਉਜਰਤ ਦੀ' ਸਮੱਸਿਆ, ਕੰਮ ਦੇ ਘੰਟਿਆਂ ਦੀ, ਰਿਹਾਇਸ਼ ਦੀ, ਬੇਰੁਜ਼ਗਾਰੀ ਦੇ ਬੀਮੇ ਦੀ ਸਮੱਸਿਆ– ਇਹ ਸਾਰੀਆਂ ਸਮਾਜਿਕ ਸਮੱਸਿਆਵਾਂ ਹਨ। ਇਸੇ ਤਰ੍ਹਾਂ ਹੀ ਛੂਆ–ਛੂਤ ਦੀ ਸਮੱਸਿਆ ਵੀ ਸਮਾਜਿਕ ਸਮੱਸਿਆ ਹੈ। ਪਰੰਤੂ ਸਵਾਲ ਇਹ ਨਹੀਂ ਕਿ ਕੀ ਇਹ ਸਮੱਸਿਆ ਇਕ ਸਮਾਜਿਕ ਸਮੱਸਿਆ ਹੈ। ਸਵਾਲ ਇਹ ਹੈ ਕਿ ਕੀ ਰਾਜਨੀਤਕ ਸ਼ਕਤੀ ਦੀ ਵਰਤੋਂ ਨਾਲ ਸਮੱਸਿਆ ਦਾ ਸਮਾਧਾਨ ਕੀਤਾ ਜਾ ਸਕਦਾ ਹੈ। ਇਸ ਸਵਾਲ ਬਾਰੇ ਮੇਰਾ ਉਤਰ ਜ਼ੋਰਦਾਰ "ਹਾਂ" ਵਿਚ ਹੈ। ਇਸ ਵਿਚ ਕਾਫ਼ੀ ਸੱਚਾਈ ਹੈ ਕਿ ਭਾਰਤ ਵਿਚ ਸਰਕਾਰ ਛੂਤਾਂ ਅਤੇ ਅਛੂਤਾਂ ਨੂੰ ਇਕ ਪਰਿਵਾਰ ਦੇ ਮੈਂਬਰ ਬਣਨ ਲਈ ਮਜਬੂਰ ਕਰਨ ਦੇ ਕਾਬਲ ਨਹੀਂ ਹੋਵੇਗੀ, ਭਾਵੇਂ ਉਹ ਪਸੰਦ ਕਰਨ ਜਾਂ ਨਾ। ਨਾ ਹੀ ਸਰਕਾਰ ਵਿਧਾਨ ਮੰਡਲ ਦੇ ਕਾਨੂੰਨ ਦੁਆਰਾ ਇਕ ਦੂਜੇ ਨਾਲ ਪਿਆਰ ਕਰਨ ਲਈ ਜਾਂ ਪ੍ਰੀਸ਼ਦ ਵਿਚ ਕਾਰਜਕਾਰਣੀ ਦੇ ਹੁਕਮ ਦੁਆਰਾ ਗਲਵਕੜੀ ਪਾਉਣ ਲਈ ਕਹਿਣ ਦੇ ਕਾਬਲ ਹਨ। ਪਰੰਤੂ ਇਸ ਤੋਂ ਛੁੱਟ, ਸਰਕਾਰ ਉਹ ਸਾਰੀਆਂ ਰੁਕਾਵਟਾਂ ਦੂਰ ਕਰ ਸਕਦੀ ਹੈ ਜੋ ਕਿ ਅਛੂਤਾਂ ਨੂੰ ਉਨ੍ਹਾਂ ਨੂੰ ਹੀਨ ਅਵਸਥਾ ਵਿਚ ਰਹਿਣ ਲਈ ਮਜਬੂਰ ਕਰਦੀਆਂ ਹਨ। ਜੇਕਰ ਇਹ ਦ੍ਰਿਸ਼ਟੀਕੋਣ ਸਹੀ ਹੈ, ਫਿਰ ਦਲਿਤ ਸ਼੍ਰੇਣੀਆਂ ਨਾਲੋਂ ਵੱਧ ਕਿਸੇ ਹੋਰ ਜਾਤੀ ਨੂੰ ਪ੍ਰਾਪਤ ਰਾਜਨੀਤਕ ਪ੍ਰਤੀਨਿਧਤਾ ਦੀ ਲੋੜ ਨਹੀਂ।

73. ਮੇਰੇ ਸਾਥੀ ਕਿਧਰੇ ਵੀ ਵਿਆਖਿਆ ਨਹੀਂ ਕਰਦੇ ਕਿ ਮੁਸਲਮਾਨਾਂ ਨੂੰ ਘੱਟ ਗਿਣਤੀ ਇਸਦੀ ਵਸੋਂ ਦੇ ਅਨੁਪਾਤ ਤੋਂ 12 ਪ੍ਰਤੀਸ਼ਤ ਵੱਧ ਸੀਟਾਂ ਕਿਉਂ ਮਿਲਣੀਆਂ ਚਾਹੀਦਆਂ ਹਨ ਅਤੇ ਦਲਿਤ ਸ਼੍ਰੇਣੀਆਂ ਉਨ੍ਹਾਂ ਦੀ ਵਸੋਂ ਦੇ ਆਧਾਰ ਤੇ ਬਣਦਾ ਭਾਗ ਵੀ ਕਿਉਂ ਨਹੀਂ ਲੈ ਸਕਦੀਆਂ। ਇਹ ਨੋਟ ਕਰਨ ਵਾਲੀ ਗਲ ਹੈ ਕਿ ਮੁਸਲਮਾਨ ਗਵਾਹਾਂ ਨੇ, ਜਿਨ੍ਹਾਂ ਨੇ ਆਪਣੀ ਪ੍ਰਤੀਨਿਧਤਾ ਦੇ ਵਾਧੇ ਲਈ ਵਕਾਲਤ ਕੀਤੀ ਉਨ੍ਹਾਂ ਨੇ ਅਜਿਹਾ ਇਸ ਆਧਾਰ ਤੇ ਨਹੀਂ ਕੀਤਾ ਜੋ ਕਿ ਕੀਤੇ ਜਾਣ ਦੀ ਉਨ੍ਹਾਂ ਤੋਂ ਆਸ ਕੀਤੀ ਜਾਂਦੀ ਸੀ ਤਾਂ ਕਿ ਉਨ੍ਹਾਂ ਦੀ ਤਰੱਕੀ ਜਾਂ ਚੰਗੇ ਜੀਵਨ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਹੈ। ਉਨ੍ਹਾਂ ਦਾ ਇਕੋ ਇਕ ਆਧਾਰ ਇਹ ਸੀ ਕਿ ਮੁਸਲਮਾਨ ਸ਼ਾਸਕ ਸ਼੍ਰੇਣੀਆਂ ਦੀ ਔਲਾਦ ਹਨ ਅਤੇ ਉਨ੍ਹਾਂ ਨੂੰ ਇਹ ਵੱਧ ਪ੍ਰਤੀਨਿਧਤਾ ਇਸ ਕਰਕੇ ਚਾਹੀਦੀ ਹੈ ਕਿਉਂਕਿ ਇਸ ਤੋਂ ਬਗੈਰ, ਉਨ੍ਹਾਂ ਨੂੰ ਡਰ ਹੈ ਕਿ ਕੌਮ ਦਾ ਮਹੱਤਵ ਅਤੇ ਪ੍ਰਭਾਵ ਘਟੇਗਾ। ਇਸ ਤੋਂ ਇਹ ਪਤਾ ਚਲਦਾ ਹੈ ਕਿ ਮੁਸਲਮਾਨਾਂ

ਦਾ ਅਜਿਹੀ ਵਾਧੂ ਪ੍ਰਤੀਨਿਧਤਾ ਲਈ ਦਾਅਵਾ ਯੋਗਤਾ ਦੇ ਆਧਾਰ ਤੇ ਨਹੀਂ, ਬਲਕਿ ਸਰਵ-ਉਚਤਾ ਦੇ ਆਧਾਰ ਤੇ ਹੈ। ਮੇਰਾ ਦ੍ਰਿੜ ਵਿਚਾਰ ਹੈ ਕਿ ਕਿਸੇ ਪਰਜਾਤੰਤਰ ਸਰਕਾਰ ਵਿਚ ਸਾਰੀਆਂ ਕੌਮੀਅਤਾਵਾਂ ਨਾਲ ਇਕੋ ਜਿਹਾ ਰਾਜਨੀਤਕ ਮਹੱਤਤਾ ਵਾਲਾ ਵਿਹਾਰ ਕਰਨਾ ਚਾਹੀਦਾ ਹੈ ਅਤੇ ਕਿਸੇ ਕੌਮ ਦੇ ਇਸ ਦਾਅਵੇ ਨੂੰ ਕਿ ਉਹ ਸਰਵਉਤਮ ਹੈ, ਕੋਈ ਮਹੱਤਤਾ ਨਹੀ ਦੇਣੀ ਚਾਹੀਦੀ। ਜਦੋਂ ਕੋਈ ਕਹਿੰਦਾ ਹੈ ਕਿ ਉਸਦੀ ਕੌਮ ਮੱਹੱਤਵਪੂਰਨ ਹੈ ਅਤੇ ਉਨ੍ਹਾਂ ਨੂੰ ਸਹੀ ਅਤੇ ਯੋਗ ਪ੍ਰਤੀਨਿਧਤਾ ਮਿਲਣੀ ਚਾਹੀਦੀ ਹੈ ਤਾਂ ਉਸਦਾ ਦਾ ਦਾਅਵਾ ਸਾਰਿਆਂ ਦੇ ਹਮਦਰਦੀ ਨਾਲ ਵਿਚਾਰ ਕਰਨ ਯੋਗ ਹੁੰਦਾ ਹੈ। ਪਰੰਤੂ ਜਦੋਂ ਕੋਈ ਮੰਗ ਕਰਦਾ ਹੈ ਕਿ ਉਸਦੀ ਕੌਮ ਖਾਸ ਤੌਰ ਤੇ ਮਹਤਵਪੂਰਨ ਹੈ ਤੇ ਇਸ ਲਈ ਉਸਨੂੰ ਹਿੱਸੇ ਤੋਂ ਵਾਧੂ ਪ੍ਰਤੀਨਿਧਤਾ ਮਿਲਣੀ ਚਾਹੀਦੀ ਹੈ ਤਾਂ ਇਸਦਾ ਨਿਰਸੰਦੇਹ ਅਰਥ ਇਹ ਹੈ ਕਿ ਦੂਸਰੀਆਂ ਕੌਮੀਅਤਾਵਾਂ ਉਨ੍ਹਾਂ ਦੀ ਤੁਲਨਾ ਵਿਚ ਘਟੀਆ ਹਨ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਸਹੀ ਹਿੱਸੇ ਤੋਂ ਘੱਟ ਪ੍ਰਤੀਨਿਧਤਾ ਮਿਲਣੀ ਚਾਹੀਦੀ ਹੈ। ਇਹ ਸਥਿਤੀ ਹੈ ਜਿਸਨੂੰ ਕਿ ਕੁਦਰਤੀ ਤੌਰ ਤੇ ਦੂਸਰੀਆਂ ਕੌਮੀਅਤਾਵਾਂ ਆਪਣੀ ਸਹਿਮਤੀ ਨਹੀਂ ਦੇਣਗੀਆਂ। ਜਿਤਨੀ ਜਲਦੀ ਹੋ ਸਕੇ ਮੁਸਲਮਾਨ ਕੌਮ ਦੇ ਜ਼ਿਹਨ ਵਿਚੋਂ ਇਸ ਫਜ਼ੂਲ ਖਿਆਲ ਨੂੰ ਕਢਿਆ ਜਾਵੇ। ਕਿਉਂਕਿ ਉਸ ਫਾਇਦੇ ਲਈ ਨਿਰੰਤਰ ਸੰਘਰਸ਼ ਕਰਨ ਦਾ ਕੋਈ ਲਾਭ ਨਹੀਂ ਜੋ ਕਿ ਦੂਸਰੀਆਂ ਕੌਮੀਅਤਾਵਾਂ ਖੁਸ਼ੀ ਨਾਲ ਦੇਣ ਨੂੰ ਤਿਆਰ ਨਾ ਹੋਣ। ਇਸਦੇ ਉਲਟ, ਇਹ ਮੁਸਲਮਾਨ ਕੌਮ ਨੂੰ ਨਫਰਤ ਦੇ ਬੀਜ ਦਾ ਸਥਾਰਤਮਕ ਨੁਕਸਾਨ ਅਤੇ ਸ਼ਾਇਦ ਇਨ੍ਹਾਂ ਅਤੇ ਦੂਸਰੀਆਂ ਕੌਮਾਂ ਵਿਚਕਾਰ ਦਸ਼ਮਣੀ ਪੈਦਾ ਕਰ ਸਕਦੀ ਹੈ।

74. ਮੁਸਲਮਾਨ ਇਕੱਲਾ ਸ਼ਾਸਕ ਵਰਗ ਨਹੀਂ ਹੈ ਜਿਸਦੀ ਸਥਿਤੀ ਵਿਚ ਗਿਰਵਾਟ ਆਈ ਹੈ। ਕੈਨੇਡਾ ਵਿੱਚ ਡੱਚ ਹੋਰ ਉਦਾਹਰਣਾਂ ਹਨ ਜਿਥੇ ਕਿ ਸ਼ਾਸਕ ਵਰਗ ਸ੍ਰੇਣੀ ਦੀ ਸਥਿਤੀ ਤੋਂ ਗਿਰ ਕੇ ਅਧੀਨ ਸ੍ਰੇਣੀਆਂ ਬਣੀ ਹੈ। ਪਰੰਤੂ ਨਾ ਕਨੇਡਾ ਵਿਚ ਫਰਾਂਸੀਸੀਆਂ ਨੇ ਅਤੇ ਨਾ ਹੀ ਦੱਖਣੀ ਅਫਰੀਕਾ ਵਿਚ ਡੱਚਾਂ ਨੇ ਆਪਣੀ ਪੁਰਾਣੀ ਸ਼ਾਸਕਾਂ ਵਾਲੀ ਸਥਿਤੀ ਨੂੰ ਬਣਾਈ ਰੱਖਣ ਲਈ ਫਾਲਤੂ ਪ੍ਰਤੀਨਿਧਤਾ ਦਾ ਦਾਅਵਾ ਪੇਸ਼ ਕੀਤਾ। ਨਾ ਹੀ ਦੁਨੀਆਂ ਦੇ ਦੂਜੇ ਭਾਗਾਂ ਵਿਚ ਰਹਿੰਦੇ ਮੁਸਲਮਾਨਾਂ ਨੂੰ ਅਜਿਹੀ ਰਿਆਇਤ ਦਿੱਤੀ ਹੈ। ਅਲਬਾਨੀਆ, ਰੁਮਾਨੀਆ, ਗਰੀਸ ਅਤੇ ਬੁਲਗਾਰੀਆ ਵਿਚ ਮੁਸਲਮਾਨ ਘੱਟ ਗਿਣਤੀਆਂ ਇਕ ਵੇਲੇ ਦੀਆਂ ਸ਼ਾਸਕ ਸ੍ਰੇਣੀਆਂ ਦੇ ਵੰਸ਼ ਵਿਚੋਂ ਹਨ। ਫਿਰ ਵੀ ਇਨ੍ਹਾਂ ਵਿਚੋਂ ਕਿਸੇ ਵੀ ਦੇਸ਼ ਵਿਚ ਕਿਸੇ ਨੇ ਪ੍ਰਤੀਨਿਧਤਾ ਵਿਚ ਆਪਣੇ ਸ਼ਾਹੀ ਹਿਸੇ ਦਾ ਦਾਅਵਾ ਨਹੀਂ ਕੀਤਾ। ਪ੍ਰਭਾਵ ਅਨੁਸਾਰ ਮੁਸਲਮਾਨਾਂ ਦਾ ਪ੍ਰਤੀਨਿਧਤਾਂ ਦਾ ਦਾਅਵਾ ਨਾ ਕੇਵਲ ਸੁਣਿਆ ਹੋਇਆ ਹੀ ਹੈ। ਸਗੋਂ ਪ੍ਰਤੀਨਿਧਤਵ ਸਰਕਾਰ ਦੀ ਪ੍ਰਣਾਲੀ ਲਈ ਓਪਰਾ ਵੀ ਹੈ। ਜਿਮੀਂਦਾਰਾਂ, ਪੂੰਜੀਪਤੀਆਂ ਅਤੇ ਸਾਧੂ-ਸੰਤਾਂ ਦਾ ਹਰੇਕ ਸਮਾਜ ਵਿਚ ਬੜਾ ਵੱਡਾ ਪ੍ਰਭਾਵ ਹੁੰਦਾ ਹੈ, ਪਰੰਤੂ ਕਿਸੇ ਨੇ ਕਦੇ ਸਵੀਕਾਰ ਨਹੀਂ ਕੀਤਾ ਕਿ ਇਨ੍ਹਾਂ ਸ਼੍ਰੇਣੀਆਂ ਨੂੰ ਪ੍ਰਤੀਨਿਧਤਾ ਦਾ ਬਹੁਤ ਵੱਡਾ ਹਿੱਸਾ ਮਿਲਣਾ ਚਾਹੀਦਾ ਹੈ। ਇਸ ਲਈ ਕੋਈ ਕਾਰਨ ਨਹੀਂ ਕਿ ਮੁਸਲਮਾਨਾਂ ਦੇ ਦਾਅਵੇ

ਨੂੰ ਮਾਨਤਾ ਦਿੱਤੀ ਜਾਵੇ, ਜਦੋਂ ਕਿ ਇਸ ਪ੍ਰਕਾਰ ਦੇ ਦਾਅਵੇ ਹੋਰ ਥਾਵਾਂ ਤੇ ਰੱਦ ਕੀਤੇ ਗਏ ਹਨ।

75. ਭਾਰਤ ਵਿਚ ਬ੍ਰਿਟਿਸ਼ ਰਾਜ ਦੇ ਆਗਮਨ ਤੋਂ ਪਹਿਲਾਂ ਉਨ੍ਹਾਂ ਦੀ ਕੋਈ ਵੀ ਸਥਿਤੀ ਰਹੀ ਹੋਵੇ, ਇਹ ਕਦੇ ਭੁਲਣਾ ਨਹੀਂ ਚਾਹੀਦਾ ਕਿ ਜੇਕਰ ਮੁਸਲਮਾਨਾਂ ਨੇ ਭਾਰਤ ਤੇ ਪੰਜ ਸਦੀਆਂ ਰਾਜ ਕੀਤਾ ਹੈ ਤਾਂ ਹਿੰਦੂਆਂ ਨੇ ਅਣਗਿਣਤ ਸਦੀਆਂ ਉਨ੍ਹਾਂ ਤੋਂ ਪਹਿਲਾਂ ਅਤੇ ਉਨ੍ਹਾਂ ਤੋਂ ਬਾਅਦ ਵੀ ਭਾਰਤ ਤੇ ਰਾਜ ਕੀਤਾ--ਸਾਰਿਆਂ ਨਾਲੋਂ ਸੁਰੱਖਿਅਤ ਰਸਤਾ ਇਹ ਹੋਵੇਗਾ ਜੇਕਰ ਇਸ ਆਧਾਰ ਤੇ ਅਮਲ ਕੀਤਾ ਜਾਵੇ ਕਿ ਅੰਗਰੇਜ਼ਾਂ ਦੀ ਫਤਿਹ ਦੇ ਕਾਰਨ ਸਾਰੀਆਂ ਕੌਮੀਅਤਾਵਾਂ ਇਕੋ ਪੱਧਰ ਤੇ ਖੜ੍ਹੀਆਂ ਹਨ, ਇਸ ਲਈ ਉਨ੍ਹਾਂ ਦੇ ਰਾਜਨੀਤਕ ਭੂਤ ਕਾਲ ਦਾ ਕੋਈ ਖਿਆਲ ਨਾ ਕੀਤਾ ਜਾਏ। ਅਜਿਹਾ ਵਤੀਰਾ ਨਾ ਕੇਵਲ ਨਿਆਂਪੂਰਨ ਹੋਵੇਗਾ, ਬਲਕਿ ਲਾਅ ਕਮਿਸ਼ਨਰ, ਜਿਸਨੇ ਭਾਰਤੀ ਦੰਡ ਨਿਯਮਾਵਲੀ ਦਾ ਖਰੜਾ ਤਿਆਰ ਕੀਤਾ ਸੀ, ਵਲੋਂ ਪ੍ਰਗਟ ਕੀਤੇ ਗਏ ਵਿਚਾਰਾਂ ਦੇ ਪੂਰੀ ਤਰ੍ਹਾਂ ਅਨੁਕੂਲ ਵੀ ਹੋਵੇਗਾ। ਉਸ ਵਿਚ ਉਨ੍ਹਾਂ ਕਿਹਾ ਸੀ ਕਿ ਆਦਰਯੋਗ ਲਾਰਡਸ਼ਿਪ ਇਨ ਕੌਂਸਿਲ, ਤੁਸੀਂ ਦੇਖੋਗੇ ਕਿ ਅਸੀਂ ਕੰਪਨੀ ਦੇ ਇਲਾਕੇ ਵਿਚ ਰਹਿੰਦੇ ਕਿਸੇ ਵੀ ਭਾਰਤ ਦੇ ਪੁਰਾਤਨ ਪ੍ਰਭੂਤਵ ਸ਼ਾਲੀ ਘਰਾਣੇ ਨੂੰ ਇਸ ਨਿਯਮਾਵਲੀ ਦੇ ਕਾਰਜ ਖੇਤਰ ਤੋਂ ਛੋਟ ਦੇਣ ਦੀ ਤਜਵੀਜ਼ ਨਹੀਂ ਕੀਤੀ। ਕੀ ਕੋਈ ਅਜਿਹੀ ਛੋਟ ਦਿੱਤੀ ਜਾਣੀ ਚਾਹੀਦੀ ਹੈ, ਇਹ ਇਕ ਪ੍ਰਸ਼ਨ ਹੈ ਜੋ ਮੌਜੂਦਾ ਸਮਝੌਤਿਆਂ ਦੇ ਸਹੀ ਗਿਆਨ ਤੋਂ ਬਗੈਰ ਇਨ੍ਹਾਂ ਸਮਝੌਤਿਆਂ ਦਾ ਵੀ ਮਤਲਬ ਲਿਆ ਜਾਂਦਾ ਹੈ, ਸੁਲਾਹਨਾਮਿਆਂ ਦਾ ਇਤਿਹਾਸ ਕੀ ਹੈ, ਵਿਸ਼ੇਸ਼ ਪਰਿਵਾਰਾਂ ਦੀ ਸ਼ਕਤੀ ਅਤੇ ਉਨ੍ਹਾਂ ਦੇ ਮਿਜਾਜ਼ ਬਾਰੇ ਅਤੇ ਲੋਕਾਂ ਦੇ ਉਨ੍ਹਾਂ ਪਰਿਵਾਰਾਂ ਪ੍ਰਤੀ ਵਿਚਾਰਾਂ ਬਾਰੇ ਅਸੀਂ ਸਹੀ ਗਿਆਨ ਪ੍ਰਾਪਤ ਕੀਤੇ ਬਗੈਰ ਕੋਈ ਨਿਰਣੇ ਲੈਣ ਦਾ ਹੌਸਲਾ ਨਹੀਂ ਕਰ ਸਕਦੇ। ਅਸੀਂ ਕੇਵਲ ਸਭਿਅਤਾ ਸਹਿਤ ਇਹ ਕਹਿਣ ਦੀ ਆਗਿਆ ਮੰਗਾਂਗੇ ਕਿ ਅਜਿਹੀ ਹਰੇਕ ਛੋਟ ਇਕ ਬੁਰਾਈ ਹੈ ਕਿ ਕੋਈ ਵੀ ਆਦਮੀ ਕਾਨੂੰਨ ਤੋਂ ਉਪਰ ਹੋਵੇ, ਕਿ ਇਹ ਇਸ ਤੋਂ ਵੱਡੀ ਬੁਰਾਈ ਹੈ ਕਿ ਲੋਕਾਂ ਨੂੰ ਦਸਿਆ ਜਾਵੇ ਕਿ ਕਾਨੂੰਨ ਤੋਂ ਉਪਰ ਹੋਣਾ ਉਚੀ ਅਤੇ ਈਰਖਾਯੋਗ ਵਿਸ਼ੇਸ਼ਤਾ ਹੈ, ਕਿ ਜਿਤਨਾ ਜ਼ਿਆਦਾ ਸਮਾਂ ਇਨ੍ਹਾਂ ਵਿਸ਼ੇਸ਼ ਅਧਿਕਾਰਾਂ ਨੂੰ ਕਾਇਮ ਰਹਿਣ ਦਿੱਤਾ ਜਾਂਦਾ ਹੈ, ਇਨ੍ਹਾਂ ਨੂੰ ਦੂਰ ਕਰਨਾ ਉਤਨਾ ਹੀ ਕਠਿਨ ਹੋ ਜਾਏਗਾ ਕਿ ਇਨ੍ਹਾਂ ਵਿਸ਼ੇਸ਼ ਅਧਿਕਾਰਾਂ ਨੂੰ ਖਤਮ ਕਰਨ ਦਾ ਇਸ ਤੋਂ ਵਧ ਕੋਈ ਹੋਰ ਸੁਨਹਿਰੀ ਮੌਕਾ ਨਹੀਂ ਹੋ ਸਕਦਾ, ਕਿ ਹੁਣ ਸਰਕਾਰ ਵਖ ਵਖ ਜਾਤੀਆਂ ਅਤੇ ਧਰਮਾਂ ਦੇ ਲੋਕਾਂ ਤੇ ਇਕੋ ਜਿਹਾ ਲਾਗੂ ਹੋਣ ਵਾਲਾ ਕਾਨੂੰਨ ਬਣਾ ਰਹੀ ਹੈ ਅਤੇ ਇਹ ਕਿ ਕੀ ਇਹ ਬੜੀ ਸ਼ੰਕਾ ਵਾਲੀ ਗਲ ਹੈ ਕਿ ਕੋਈ ਜਨਮਤ ਦੇ ਦ੍ਰਿੜ ਨਿਸ਼ਚੇ ਨਾਲ ਕੀਤੀ ਗਈ ਵਚਨਬੱਧਤਾ ਤੋਂ ਇਲਾਵਾ ਕਿਸੇ ਹੋਰ ਵਿਚਾਰਧਾਰਾ ਨੂੰ ਬਰਾਬਰ ਨਿਆਂ ਦੇ ਫਾਇਦਿਆਂ ਦੇ ਵਿਰੁੱਧ ਬੋਲਿਆ ਜਾ ਸਕਦਾ ਹੈ।

76. ਇਹ ਬਹੁਤ ਦਾਨਸ਼ਮੰਦੀ ਦੇ ਸ਼ਬਦ ਹਨ ਅਤੇ ਮੈਨੂੰ ਯਕੀਨ ਹੈ ਕਿ ਇਸ ਤੋਂ ਵੱਧ ਦਾਨਸ਼ਬੰਦੀ ਦੇ ਸ਼ਬਦ ਉਨ੍ਹਾਂ ਦੇ ਮਾਰਗ ਦਰਸ਼ਨ ਲਈ ਨਹੀਂ ਬੋਲੇ ਗਏ, ਜੋ ਭਾਰਤ ਦੇ ਜਨ-

ਮਸਲਿਆਂ ਦੇ ਪ੍ਰਬੰਧਕ ਹਨ। ਨਾ ਹੀ ਇਨ੍ਹਾਂ ਦੀ ਦਾਨਸ਼ਮੰਦੀ ਕੇਵਲ ਉਸ ਮੌਕੇ ਨਾਲ ਸਬੰਧਤ ਹੈ ਜਦੋਂ ਕਿ ਇਹ ਸ਼ਬਦ ਬੋਲੇ ਗਏ ਸਨ ਅਤੇ ਨਾ ਹੀ ਉਸ ਮੰਤਵ ਦੇ ਸਬੰਧ ਵਿਚ ਜਿਸ ਲਈ ਇਹ ਬੋਲੇ ਗਏ ਸਨ। ਮੈਨੂੰ ਇਸ ਗੱਲ ਤੇ ਕੋਈ ਸ਼ੱਕ ਨਹੀਂ ਕਿ ਇਹ ਮੌਜੂਦਾ ਸਥਿਤੀ ਤੇ ਵੀ ਜੇਕਰ ਵਧ ਨਹੀਂ ਤਾਂ ਬਰਾਬਰ ਦੀ ਸ਼ਕਤੀ ਨਾਲ ਲਾਗੂ ਹੁੰਦੇ ਹਨ। ਅਸਲ ਵਿਚ ਲਾਅ ਕਮਿਸ਼ਨਰ ਦੇ ਸ਼ਬਦਾਂ ਦੀ ਵਰਤੋਂ ਕਰਦੇ ਹੋਏ, ਮੈਨੂੰ ਇਹ ਕਹਿਣਾ ਪੈਂਦਾ ਹੈ ਕਿ ਦੇਸ਼ ਦੇ ਸੰਵਿਧਾਨਕ ਕਾਨੂੰਨ ਦੁਆਰਾ ਕਿਸੇ ਕੌਮ ਨੂੰ ਦੂਸਰੀਆਂ ਕੌਮਾਂ ਤੋਂ ਉਪਰ ਹੋਣ ਦੀ ਮਾਨਤਾ ਦੇਣੀ ਇਕ ਬੁਰਾਈ ਹੈ, ਜਦੋਂ ਕਿ ਇਸ ਤੋਂ ਵੀ ਵੱਡੀ ਬੁਰਾਈ ਹੈ ਕਿ ਲੋਕਾਂ ਦੇ ਸਮੂਹਾਂ ਨੂੰ ਸਮਾਜਿਕ ਮਹੱਤਤਾ ਦੇ ਤਰਾਜ਼ੂ ਵਿਚ ਇਸ ਤਰ੍ਹਾਂ ਤੁਲਣਾ ਸਿਖਾਇਆ ਜਾਵੇ ਕਿ ਇਕ ਦੂਜੇ ਵਲ ਸਨਮਾਨ ਨਾਲ ਅਤੇ ਦੂਜਾ ਉਸ ਵਲ ਨਫਰਤ ਨਾਲ ਵੇਖੇ ਜਿਤਨਾ ਜ਼ਿਆਦਾ ਸਮਾਂ ਅਜਿਹੀਆਂ ਧਾਰਨਾਵਾਂ ਨੂੰ ਜਿੰਦਾ ਰਹਿਣ ਦਿੱਤਾ ਜਾਵੇਗਾ, ਉਨ੍ਹਾਂ ਨੂੰ ਖਤਮ ਕਰਨਾ ਉਤਨਾ ਹੀ ਕਠਿਨ ਹੋ ਜਾਏਗਾ ਅਤੇ ਇਨ੍ਹਾਂ ਨੂੰ ਖਤਮ ਕਰਨ ਲਈ ਇਸ ਤੋਂ ਸਿਵਾਏ ਕੋਈ ਵੱਧੀਆ ਮੌਕਾ ਨਹੀਂ ਹੋ ਸਕਦਾ ਜਦੋਂ ਕਿ ਪਾਰਲੀਮੈਂਟ ਸਾਰਿਆਂ ਧਰਮਾਂ ਅਤੇ ਜਾਤੀਆਂ ਤੇ ਇਕ ਸਮਾਨ ਲਾਗੂ ਹੋਣ ਵਾਲਾ ਸੰਵਿਧਾਨਕ ਕਾਨੂੰਨ ਦਾ ਨਵਾਂ ਕੋਡ ਲਾਗੂ ਕਰ ਰਹੀ ਹੈ।

77. ਘੱਟ ਗਿਣਤੀਆਂ ਨਾਲ ਪ੍ਰਤੀਨਿਧਤਾ ਦੇ ਮਸਲੇ ਵਿਚ ਇਕੋ ਜਿਹਾ ਵਰਤਾਉ ਘਟ ਗਿਣਤੀਆਂ ਦੀ ਪ੍ਰਤੀਨਿਧਤਾ ਦੀ ਕਠਿਨਾਈ ਦਾ ਕੇਵਲ ਇਕ ਹਿੱਸਾ ਹੈ। ਸੀਟਾਂ ਦੀ ਵੰਡ ਲਈ ਇਹ ਇਕ ਤਸੱਲੀਯੋਗ ਪਰਿਣਾਮ-ਸੂਚਕ ਪੈਮਾਨਾ ਨਿਸ਼ਚਿਤ ਕਰਨਾ ਕਠਿਨਾਈ ਦਾ ਇਕ ਹੋਰ ਮਹੱਤਵਪੂਰਨ ਹਿੱਸਾ ਹੈ। ਪਰੰਤੂ ਇਹ ਇਕ ਬਹੁਤ ਜ਼ਿਆਦਾ ਵਿਵਾਦਪੂਰਨ ਪ੍ਰਸ਼ਨ ਹੈ, ਦੋ ਵਿਰੋਧੀ ਸਿਧਾਂਤਾਂ ਵਿਚੋਂ ਇਕ ਇਹ ਹੈ ਕਿ ਘਟ-ਗਿਣਤੀਆਂ ਦੀ ਪ੍ਰਤੀਨਿਧਤਾ ਇਨ੍ਹਾਂ ਦੀ ਵਸੋਂ ਦੇ ਸਹੀ ਅਨੁਪਾਤ ਅਨੁਸਾਰ ਹੋਣੀ ਚਾਹੀਦੀ ਹੈ। ਘਟ ਗਿਣਤੀ ਦਾ ਦੂਸਰਾ ਸਿਧਾਂਤ ਕਿ ਅਜਿਹੀ ਪ੍ਰਤੀਨਿਧਤਾ ਉਚਿਤ ਹੋਣੀ ਚਾਹੀਦੀ ਹੈ। ਮੈਂ ਨਹੀਂ ਸੋਚਦਾ ਕਿ ਪ੍ਰਤੀਨਿਧਤਾ ਦਾ ਗਣਿਤ-ਵਾਲਾ ਸਿਧਾਂਤ ਮੰਨਿਆ ਜਾ ਸਕਦਾ ਹੈ। ਜੇਕਰ ਵਿਧਾਨ ਪ੍ਰੀਸ਼ਦ ਚਿੜੀਆ ਘਰ ਜਾਂ ਅਜਾਇਬ ਘਰ ਹੁੰਦਾ ਹਰ ਇਕ ਨਸਲ ਦੀ ਕੁਝ ਗਿਣਤੀ ਰੱਖੀ ਜਾਂਦੀ ਤਾਂ ਘੱਟ ਗਿਣਤੀ ਦੀ ਪ੍ਰਤਿਨਿਧਤਾ ਦਾ ਅਜਿਹਾ ਸਿਧਾਂਤ ਮੰਨਿਆ ਜਾ ਸਕਦਾ ਸੀ। ਪਰੰਤੂ ਇਹ ਮੰਨਿਆ ਜਾਣਾ ਜ਼ਰੂਰੀ ਹੈ ਕਿ ਵਿਧਾਨ ਪ੍ਰੀਸ਼ਦ ਚਿੜੀਆ ਘਰ ਜਾਂ ਅਜਾਇਬ ਘਰ ਨਹੀਂ ਹੈ। ਇਹ ਅਧਿਕਾਰ ਹਾਸਲ ਕਰਨ ਲਈ, ਵਿਸ਼ੇਸ਼ ਅਧਿਕਾਰਾਂ ਦੇ ਵਿਕਾਸ ਲਈ ਅਤੇ ਅਨਿਆਂ ਨੂੰ ਰੋਕਣ ਲਈ ਇਕ ਲੜਾਈ ਦਾ ਮੈਦਾਨ ਹੈ। ਇਸ ਤਰ੍ਹਾਂ ਇਸ ਰੋਸ਼ਨੀ ਵਿਚ ਦੇਖਦੇ ਹੋਏ ਇਕ ਘੱਟ ਗਿਣਤੀ ਅੰਦਾਜ਼ਾ ਲਗਾ ਸਕਦੀ ਹੈ ਕਿ ਇਸ ਦੀ ਵਸੋਂ ਦੇ ਹਿਸਾਬ ਨਾਲ ਇਸ ਦੀ ਪ੍ਰਤਿਨਿਧਤਾ ਪੂਰੀ ਹੁੰਦੇ ਹੋਏ ਵੀ ਇਹ ਇਤਨੀ ਛੋਟੀ ਹੈ ਕਿ ਵਿਰੋਧੀ ਬਹੁ-ਗਿਣਤੀ ਦੇ ਹਮਲੇ ਵਿਰੁੱਧ ਆਪਣੀ ਸੁਰੱਖਿਆ ਅਤੇ ਸਥਿਤੀ ਦੇ ਸੁਧਾਰ ਲਈ ਕੀਤੀ ਹਰ ਇਕ ਕੋਸ਼ਿਸ਼ ਵਿਚ ਇਹ ਬੁਰੀ ਤਰ੍ਹਾਂ ਮਾਰ ਖਾਂਦੀ ਹੈ। ਜਦ ਤਕ ਘਟ ਗਿਣਤੀਆਂ ਦੀ ਪ੍ਰਤੀਨਿਧਤਾ ਦਾ ਮਕਸਦ ਰਾਜਨੀਤਕ ਤਮਾਸ਼ਾ ਕਰਨਾ ਹੈ, ਵਸੋਂ ਦੇ

ਅਨੁਸਾਰ ਪ੍ਰਤੀਨਿਧਤਾ ਦੇ ਸਿਧਾਂਤ ਦਾ ਤਿਆਗ ਕਰਨਾ ਲਾਜ਼ਮੀ ਹੈ ਅਤੇ ਅਧਿਕਾਰ ਭਾਰ ਰਾਹੀਂ ਇਨ੍ਹਾਂ ਦੀ ਵਸੋਂ ਦੇ ਅਨੁਪਾਤ ਤੋਂ ਇਲਾਵਾ ਇਨ੍ਹਾਂ ਦੀ ਪ੍ਰਤੀਨਿਧਤਾ ਵਿਚ ਵਾਧਾ ਕਰਨਾ ਜ਼ਰੂਰੀ ਹੈ।

78. ਪ੍ਰਤੀਨਿਧਤਾ ਦੀ ਲੋੜ ਨੂੰ ਮਾਨਤਾ ਦੇਣੀ ਬਿਨਾਂ ਸ਼ੱਕ ਮਹਤਵਪੂਰਨ ਹੈ। ਪਰੰਤੂ ਇਸ ਤੋਂ ਵੀ ਵਧ ਮਹਤਵਪੂਰਨ ਇਹ ਹੈ ਘੱਟ ਗਿਣਤੀਆਂ ਨੂੰ ਇਹ ਪ੍ਰਤਿਨਿਧਤਾ ਕਿਸੇ ਅਜਿਹੇ ਸਿਧਾਂਤ ਦੇ ਆਧਾਰ ਤੇ ਦਿੱਤੀ ਜਾਵੇ, ਜੋ ਯੋਗ ਅਤੇ ਤਰਕਸ਼ੀਲ ਹੋਵੇ। ਕਿਉਂਕਿ ਇਹ ਸਮਝਣਾ ਜ਼ਰੂਰੀ ਹੈ ਕਿ ਘੱਟ ਗਿਣਤੀਆਂ ਢੁੱਕਵੀਂ ਸੁਰੱਖਿਆ ਪ੍ਰਾਪਤ ਕਰਨ ਦੇ ਬਹਾਨੇ ਊਟ-ਪਟਾਂਗ ਮੰਗਾਂ ਦੇ ਪਿਛੇ ਪਈਆਂ ਰਹਿਣਗੀਆਂ। ਅਜਿਹੀ ਸਥਿਤੀ ਤੋਂ ਬਚਣ ਲਈ ਢੁੱਕਵੀਂ ਪ੍ਰਤੀਨਿਧਤਾ ਦੇ ਅਰਥ ਦੀ ਪ੍ਰੀਭਾਸ਼ਾ ਦੇਣੀ ਜ਼ਰੂਰੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਢੁੱਕਵੀਂ ਤੇ ਸਹੀ ਪ੍ਰੀਭਾਸ਼ਾ ਨਹੀਂ ਦਿੱਤੀ ਜਾ ਸਕਦੀ, ਪਰੰਤੂ ਇਸਦੀ ਅਨਿਸ਼ਚਤਤਾ ਕਾਫੀ ਹੱਦ ਤਕ ਘੱਟ ਜਾਏਗੀ ਜੇਕਰ ਅਸੀਂ ਕੁਝ ਮੋਟੇ ਵਿਚਾਰ ਧਿਆਨ ਵਿਚ ਰੱਖੀਏ। ਸਭ ਤੋਂ ਪਹਿਲਾਂ ਘੱਟ ਗਿਣਤੀ ਪ੍ਰਤੀਨਿਧਤਾ ਦੇ ਮਸਲੇ ਵਿਚ ਇਕ ਪਾਸੇ ਢੁੱਕਵੇਂਪਨ ਅਤੇ ਦੂਜੇ ਪਾਸੇ ਸਰਵ-ਉਚਤਾ ਵਿਚਕਾਰ ਫਰਕ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਸਰਵ-ਉਚਤਾ ਤੋਂ ਮੇਰਾ ਭਾਵ ਪ੍ਰਤੀਨਿਧਤਾ ਦੀ ਅਜਿਹੀ ਬਹੁਤ ਵੱਡੀ ਮਾਤਰਾ ਤੋਂ ਹੈ, ਜੋ ਘੱਟ ਗਿਣਤੀ ਨੂੰ ਤਾਨਾਸ਼ਾਹ ਬਣਾ ਸਕਦੀ ਹੈ। ਪ੍ਰਤੀਨਿਧਤਾ ਦੇ ਢੁਕਵੇਂਪਨ ਤੋਂ ਮੇਰਾ ਭਾਵ ਪ੍ਰਤੀਨਿਧਤਾ ਦੀ ਅਜਿਹੀ ਵੱਡੀ ਮਾਤਰਾ ਤੋਂ ਹੈ ਜੋ ਘੱਟ ਗਿਣਤੀ ਨੂੰ ਬਹ ਗਿਣਤੀ ਦੀ ਕਿਸੇ ਪਾਰਟੀ ਵਲੋਂ ਵੀ ਗਠਜੋੜ ਦੇ ਕਾਬਲ ਬਣਾਵੇ। ਜਿਥੇ ਇਕ ਪਾਰਟੀ ਬਹੁਗਿਣਤੀ ਨਾਲ ਗਠਜੋੜ ਕਰਨ ਲਈ ਮਜਬੂਰ ਹੁੰਦੀ ਹੈ, ਉਥੇ ਘੱਟ ਗਿਣਤੀ ਬਿਨਾਂ ਸ਼ੱਕ ਤਾਨਾਸ਼ਾਹ ਦੀ ਸਥਿਤੀ ਵਿਚ ਹੁੰਦੀ ਹੈ। ਦੂਜੇ ਪਾਸੇ ਜਿਥੇ ਇਕ ਪਾਰਟੀ ਘਟ ਗਿਣਤੀ ਨਾਲ ਕੇਵਲ ਗਠਜੋੜ ਕਰਦੀ ਹੈ, ਉਥੇ ਘਟ ਗਿਣਤੀ ਕੇਵਲ ਢੁੱਕਵੀਂ ਪ੍ਰਤੀਨਿਧਤਾ ਪ੍ਰਾਪਤ ਕਰਦੀ ਹੈ। ਇਸ ਲਈ ਘਟ ਗਿਣਤੀਆਂ ਨੂੰ ਸੀਟਾਂ ਦੀ ਵੰਡ ਕਰਦੇ ਸਮੇਂ ਪਹਿਲੀ ਗਲ ਧਿਆਨ ਵਿਚ ਇਹ ਰੱਖਣੀ ਚਾਹੀਦੀ ਹੈ ਕਿ ਢੁਕਵੇਂਪਨ ਅਤੇ ਸਰਵਉਚਤਾ ਦੋਨਾਂ ਦੀ ਚਰਮ ਸੀਮਾ ਨੂੰ ਟਾਲਿਆ ਜਾਵੇ। ਮੇਰੇ ਵਿਚਾਰ ਵਿਚ ਇਹ ਚਰਮਸੀਮਾਵਾਂ ਟਲ ਸਕਦੀਆਂ ਹਨ, ਜੇਕਰ ਅਸੀਂ ਇਹ ਨਿਯਮ ਆਪਨਾਈਏ ਕਿ ਘਟ ਗਿਣਤੀ ਪ੍ਰਤੀਨਿਧਤਾ ਮੁਖ ਰੂਪ ਵਿਚ ਇਸ ਤਰ੍ਹਾਂ ਦਿੱਤੀ ਜਾਵੇ ਕਿ ਜਿੰਨੀਆਂ ਸੀਟਾਂ ਦੀ ਗਿਣਤੀ ਲਈ ਇਕ ਘਟ ਗਿਣਤੀ ਹੱਕਦਾਰ ਹੈ, ਉਹ ਅਜਿਹੀ ਰਕਮ ਹੋਵੇਗੀ ਜੋ ਕਿ ਇਸਦੀ ਵਸੋਂ ਨਾਲ ਕੁਝ ਸੀਟਾਂ ਦਾ ਅਨੁਪਾਤ ਹੋਵੇਗੀ ਅਤੇ ਕਿਸੇ ਅਜਿਹੇ ਗੁਣਨਖੰਡ ਨਾਲ ਗੁਣਾਂ ਕੀਤੀ ਜਾਵੇਗੀ ਜੋ ਕਿ ਇਕ ਤੋਂ ਵੱਡਾ ਅਤੇ ਦੋ ਤੋਂ ਛੋਟਾ ਹੈ।

79. ਇਹ ਸੱਚ ਹੈ ਕਿ ਇਹ ਸਿਧਾਂਤ ਕੇਵਲ ਅਜਿਹੀਆਂ ਸੀਮਾਵਾਂ ਨਿਰਧਾਰਤ ਕਰਦਾ ਹੈ, ਜਿਨ੍ਹਾਂ ਦੇ ਅੰਦਰ ਅੰਦਰ ਘਟ ਗਿਣਤੀ ਦੀ ਪ੍ਰਤੀਨਿਧਤਾ ਨਿਸ਼ਚਤ ਕੀਤੀ ਜਾਣੀ ਜ਼ਰੂਰੀ ਹੈ। ਇਹ ਗੁਣਕ ਕਿਸੇ ਨਾਲੋਂ ਵੱਖਰਾ ਨਹੀਂ ਹੋਣਾ ਚਾਹੀਦਾ। ਇਹ ਸਿਧਾਂਤ ਇਸ ਬਾਰੇ ਵੀ ਅਨਿਸ਼ਚਤ ਅਤੇ ਅਸਪਸ਼ਟ ਹੈ। ਮੇਰਾ ਸੁਝਾਉ ਇਹ ਹੈ ਕਿ ਵਖ ਵਖ ਘਟ ਗਿਣਤੀਆਂ ਦੀਆਂ

ਜ਼ਰੂਰਤ ਦੇ ਮੁਤਾਬਕ ਵਖ ਵਖ ਹੋਣਾ ਚਾਹੀਦਾ ਹੈ। ਇਸ ਢੰਗ ਨਾਲ ਘੱਟ ਗਿਣਤੀਆਂ ਨੂੰ ਮਿਲਣ ਵਾਲੀ ਪ੍ਰਤੀਨਿਧਤਾ ਨੂੰ ਮਾਪਣ ਲਈ ਅਸੀਂ ਅਜਿਹੇ ਸਿਧਾਂਤ ਤੇ ਪਹੁੰਚਦੇ ਹਾਂ ਜੋ ਸਪਸ਼ਟ ਵੀ ਹੈ ਅਤੇ ਮੁਨਾਸਬ ਵੀ। ਕਿਉਂ ਜੋ ਅਸੀਂ ਇਸਦੇ ਘੱਟ ਗਿਣਤੀ ਦੀਆਂ ਜ਼ਰੂਰਤਾਂ ਦਾ ਲਗਭਗ ਸਹੀ ਨਿਰਣਾ ਕਰਨ ਦੇ ਕਾਬਲ ਹੋ ਜਾਂਦੇ ਹਾਂ। ਮੈਂ ਸਮਝਦਾ ਹਾਂ ਕਿ ਇਸ ਗਲ ਤੇ ਕਿ ਰਾਜਨੀਤਕ ਸੁਰੱਖਿਆ ਲਈ ਘੱਟ ਗਿਣਤੀ ਦੀਆਂ ਲੋੜਾਂ ਸਮਾਜਿਕ ਜਦੋ ਜਹਿਦ ਵਿਚ ਆਪਣੀ ਹਿਫਾਜ਼ਤ ਕਰਨ ਦੀ ਸ਼ਕਤੀ ਦੇ ਅਨੁਕੂਲ ਹੋਣੀਆਂ ਚਾਹੀਦੀਆਂ, ਇਹ ਸ਼ਕਤੀ ਸਪਸ਼ਟ ਤੌਰ ਤੇ ਘਟ ਗਿਣਤੀਆਂ ਦੇ ਵਿਦਿਅਕ ਅਤੇ ਆਰਥਿਕ ਮਿਆਰ ਤੇ ਨਿਰਭਰ ਕਰਦੀ ਹੈ। ਇਕ ਘੱਟ ਗਿਣਤੀ ਦਾ ਵਿਦਿਅਕ ਅਤੇ ਆਰਥਿਕ ਮਿਆਰ ਜਿਤਨਾ ਉਚਾ ਹੋਵੇਗਾ, ਉਸ ਘੱਟ ਗਿਣਤੀ ਨੂੰ ਰਾਜਨੀਤਕ ਹਿਫ਼ਾਜ਼ਤ ਦੀ ਉਤਨੀ ਹੀ ਘੱਟ ਲੋੜ ਹੋਵੇਗੀ। ਇਸ ਦੇ ਉਲਟ ਇਕ ਘੱਟ ਗਿਣਤੀ ਦਾ ਵਿਦਿਅਕ ਅਤੇ ਆਰਥਿਕ ਮਿਆਰ ਜਿਤਨਾ ਘਟੀਆ ਹੋਵੇਗਾ, ਇਸਦੀ ਰਾਜਨੀਤਕ ਸੁਰੱਖਿਆ ਲਈ ਉਤਨੀ ਹੀ ਜ਼ਿਆਦਾ ਜ਼ਰੂਰਤ ਹੋਵੇਗੀ।

80. ਇਕ ਪਾਸੇ ਬਰਾਬਰੀ ਦੇ ਸਿਧਾਂਤ ਤੇ ਦੂਜੇ ਪਾਸੇ ਢੁਕਵੇਂਪਨ ਦੇ ਸਿਧਾਂਤ ਤੇ ਕਾਇਮ ਰਹਿੰਦੇ ਹੋਏ ਮੈਂ ਮਹਿਸੂਸ ਕਰਦਾ ਹਾਂ ਕਿ ਮੈਨੂੰ ਮੇਰੇ ਸਾਥੀਆਂ ਵਲੋਂ ਵੱਖ-ਵੱਖ ਘਟ-ਗਿਣਤੀਆਂ ਨੂੰ ਸੀਟਾਂ ਵੰਡਣ ਦੀ ਤਜਵੀਜ਼ ਤੇ ਇਤਰਾਜ਼ ਜ਼ਰੂਰ ਕਰਨਾ ਚਾਹੀਦਾ ਹੈ। ਮੇਰੀ ਤਜਵੀਜ਼ ਇਹ ਹੈ ਕਿ 140 ਸੀਟਾਂ ਵਿਚੋਂ ਮੁਸਲਮਾਨਾਂ ਨੂੰ 33 ਅਤੇ ਦਲਿਤ ਸ਼੍ਰੇਣੀਆਂ ਨੂੰ 15 ਮਿਲਣੀਆਂ ਚਾਹੀਦੀਆਂ ਹਨ। ਮੁਸਲਮਾਨਾਂ ਨੂੰ ਪ੍ਰੀਸ਼ਦ ਦੀਆਂ 23 ਫੀਸਦੀ ਅਤੇ ਦਲਿਤ ਸ਼੍ਰੇਣੀਆਂ ਨੂੰ 10.7 ਫੀਸਦੀ ਪ੍ਰਤੀਨਿਧਤਾ ਮਿਲੇਗੀ। ਇੰਜ ਕਰਨ ਨਾਲ ਆਪਣੀ ਆਪਣੀ ਵਸੋਂ ਦੇ ਅਨੁਪਾਤ ਨਾਲ ਕ੍ਰਮਵਾਰ ਮੁਸਲਮਾਨ ਅਤੇ ਦਲਿਤ ਸ੍ਰੇਣੀਆਂ ਲਗਭਗ 4 ਫੀਸਦੀ ਅਤੇ 2 ਫੀਸਦੀ ਜ਼ਿਆਦਾ ਪ੍ਰਤੀਨਿਧਤਾ ਲੈਂਦੀਆਂ ਹਨ। ਮੇਰੇ ਵਿਚਾਰ ਵਿਚ ਸਬੰਧਤ ਕੌਮੀਅਤਾਵਾਂ ਨੂੰ ਇਤਨੀ ਪ੍ਰਤਿਨਿਧਤਾ ਦੇਣਾ ਤਰਕਸ਼ੀਲ ਅਤੇ ਜ਼ਰੂਰੀ ਹੈ ਅਤੇ ਇਹ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਮੇਰੀ ਤਜਵੀਜ਼ ਦੇ ਪੱਖ ਵਿਚ ਇਕ ਗਲ ਇਹ ਹੈ ਕਿ ਇਹ ਮੁਸਲਮਾਨਾਂ ਦੀ ਪ੍ਰਤੀਨਿਧਤਾ ਦੇ ਅਨੁਪਾਤ ਨੂੰ ਨਹੀਂ ਬਦਲਦੀ। ਵਰਤਮਾਨ ਪ੍ਰੀਸ਼ਦ ਵਿਚ ਮੁਸਲਮਾਨਾਂ ਦੀ ਪ੍ਰਤੀਨਿਧਤਾ ਕੁਲ ਪ੍ਰਤੀਨਿਧਤਾ ਦੀ 23 ਫੀਸਦੀ ਹੈ, ਮੇਰੀ ਤਜਵੀਜ਼ ਦੇ ਸਿੱਟੇ ਵਜੋਂ ਉਨ੍ਹਾਂ ਦਾ ਨਵੀਂ ਪ੍ਰੀਸ਼ਦ ਦੇ ਵਿਚ ਵੀ ਪ੍ਰਤੀਨਿਧਤਾ ਦਾ ਇਹੀ ਅਨੁਪਾਤ ਹੋਵੇਗਾ।

81. ਇਸ ਤੱਥ ਦੇ ਮੱਦੇਨਜਰ ਕਿ ਮੇਰੇ ਵਲੋਂ ਦਲਿਤ ਸ਼੍ਰੇਣੀਆਂ ਨੂੰ ਦਿਤੀ ਗਈ ਪ੍ਰਤੀਨਿਧਤਾ ਦੀ ਮਾਤਰਾ ਤੇ ਕੁਝ ਲੋਕ ਨਾਖੁਸ਼ ਹਨ, ਮੈਂ ਇਹ ਨਹੀਂ ਕਹਿੰਦਾ ਕਿ ਉਹ ਵਿਰੋਧਤਾ ਕਰਦੇ ਹਨ, ਮੈਂ ਸੋਚਦਾ ਹਾਂ ਕਿ ਇਹ ਲਾਜ਼ਮੀ ਹੈ ਕਿ ਮੈਂ ਹੋਰ ਸਪਸ਼ਟੀਕਰਨ ਦੇ ਕੇ ਇਸ ਭਰਮ ਨੂੰ ਦੂਰ ਕਰਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਦਲਿਤ ਸ਼੍ਰੇਣੀਆਂ ਨੂੰ ਦਿਤੀ ਗਈ ਪ੍ਰਤੀਨਿਧਤਾ ਸਮੁੱਚੇ ਤੌਰ ਤੇ ਗੈਰਵਾਜਬ ਸੀ। ਸੰਯੁਕਤ ਰਿਪੋਰਟ ਦੇ ਲੇਖਕਾਂ ਨੇ ਸਾਫ

ਜ਼ਾਹਿਰ ਕੀਤਾ ਹੈ (ਪੈਰਾ 153) "ਅਸੀਂ ਪ੍ਰਤੀਨਿਧਤਾ (ਦਲਿਤ ਸ੍ਰੇਣੀਆਂ ਦੀ) ਲਈ ਸਭ ਤੋਂ ਚੰਗਾ ਪ੍ਰਬੰਧ ਕਰਨਾ ਚਾਹੁੰਦੇ ਹਾਂ।" ਪਰੰਤੂ ਇਹ ਵਾਅਦਾ ਸਾਊਥਬਰੋ ਕਮੇਟੀ ਦੁਆਰਾ ਰੱਦ ਕਰ ਦਿੱਤਾ ਗਿਆ ਜੋ ਕਿ ਬਾਅਦ ਵਿਚ ਮਤਅਧਿਕਾਰੀਆਂ ਦੀ ਵਿਉਂਤ ਬਣਾਉਣ, ਚੋਣ ਹਲਕੇ ਬਣਾਉਣ ਅਤੇ ਭਾਰਤ ਵਿਚ ਪ੍ਰਚੱਲਿਤ ਸਮਾਜਿਕ ਹਾਲਾਤਾਂ ਅਨੁਸਾਰ ਤਜਵੀਜ਼ਤ ਲੋਕਪ੍ਰਿਅ ਸਰਕਾਰ ਦੀ ਸਥਾਪਨਾ ਬਾਰੇ ਸਿਫਾਰਸ਼ਾਂ ਕਰਨ ਲਈ ਨਿਯੁਕਤ ਕੀਤੀ ਗਈ ਸੀ। ਸਾਊਥਬਰੋ ਕਮੇਟੀ ਦਲਿਤ ਸ੍ਰੇਣੀਆਂ ਦੇ ਹਿਤਾਂ ਦੀ ਸੁਰੱਖਿਆ ਦਾ ਢੁੱਕਵਾਂ ਉਪਬੰਧ ਕਰਨ ਦੀ ਸਮੱਸਿਆ ਬਾਰੇ ਇਤਨੀਂ ਜ਼ਿਆਦਾ ਬੇ-ਰੁੱਖ ਸੀ ਕਿ ਭਾਰਤ ਸਰਕਾਰ ਨੇ ਵੀ ਜੋ ਕਿ ਇਸ ਮਸਲੇ ਵਿਚ ਜ਼ਿਆਦਾ ਚਾਹਵਾਨ ਨਹੀਂ ਸੀ, ਮਹਿਸੂਸ ਕੀਤਾ ਅਤੇ ਸਾਊਥਬਰੋ ਕਮੇਟੀ ਦੀ ਰਿਪੋਰਟ ਤੇ ਆਪਣੇ ਪੱਤਰ ਦੇ ਪੈਰਾ 13 ਵਿਚ ਲਿਖਿਆ ਹੈ: "ਅਸੀਂ ਸਾਧਾਰਨ ਰੂਪ ਵਿਚ ਤਜਵੀਜ਼ (ਗੈਰ ਸਰਕਾਰੀ ਨਾਮਜ਼ਦਗੀਆਂ ਲਈ) ਸਵੀਕਾਰ ਕਰਦੇ ਹਾਂ। ਪਰ ਸਾਨੂੰ ਇੰਜ ਜਾਪਦਾ ਹੈ ਕਿ ਇਕ ਕੌਮ ਅਜਿਹੀ ਹੈ ਜਿਸਦਾ ਕੇਸ ਕਮੇਟੀ ਦੁਆਰਾ ਕੀਤੇ ਗਏ ਵਿਚਾਰ ਤੋਂ ਜ਼ਿਆਦਾ ਵਿਚਾਰ ਕੀਤਾ ਜਾਣਾ ਲੋੜੀਂਦਾ ਹੈ। ਭਾਰਤੀ ਸੰਵਿਧਾਨਕ ਸੁਧਾਰਾਂ ਤੇ ਰਿਪੋਰਟ ਲਈ ਦਲਿਤ ਸ੍ਰੇਣੀਆਂ ਦੀ ਸਮੱਸਿਆ ਨੂੰ ਸਪਸ਼ਟ ਮਾਨਤਾ ਦਿੱਤੀ ਹੈ ਅਤੇ ਉਨ੍ਹਾਂ ਦਾ ਸਨਮਾਨ ਕਰਦੇ ਹੋਏ ਉਨ੍ਹਾਂ ਨਾਲ ਇਕਰਾਰ ਕੀਤਾ। 'ਰਿਪੋਰਟ ਵਿਚ 'ਹਿੰਦੂਆਂ', ਹੋਰਨਾਂ' ਵਜੋਂ ਦਰਸਾਈਆਂ ਗਈਆਂ ਜਾਤੀਆਂ ਭਾਵੇਂ ਵਖ ਵਖ ਸ਼ਬਦਾਂ ਵਿਚ ਪ੍ਰੀਭਾਸ਼ਤ ਕੀਤੀਆਂ ਗਈਆਂ ਹਨ, ਮੋਟੇ ਤੌਰ ਤੇ ਉਹ ਇਕ ਹੀ ਕਿਸਮ ਦੇ ਲੋਕ ਹਨ। ਉਨ੍ਹਾਂ ਨੂੰ ਬਾਹਰ ਰੱਖਣ ਦੀ ਕੱਟੜਤਾ ਵਿਚ ਅੰਤਰ ਹੋਣ ਤੋਂ ਸਿਵਾਏ, ਉਹ ਸਾਰੇ ਆਮ ਤੌਰ ਤੇ ਮਦਰਾਸ ਦੇ ਪੰਚਮ ਦੀ ਸਥਿਤੀ ਵਿਚ ਹਨ, ਨਿਸ਼ਚਤ ਤੌਰ ਤੇ ਹਿੰਦੂ ਕੌਮ ਤੋਂ ਬਾਹਰ ਜਿਨ੍ਹਾਂ ਨੂੰ ਇਨ੍ਹਾਂ ਮੰਦਰਾਂ ਵਿਚ ਜਾਣ ਦੀ ਆਗਿਆ ਹੈ। ਉਨ੍ਹਾਂ ਦੀ ਗਿਣਤੀ ਕੁਲ ਵਸੋਂ ਦਾ ਲਗਭਗ 1/5 ਹਿੱਸਾ ਹੈ ਅਤੇ ਉਨ੍ਹਾਂ ਨੂੰ ਮਾਰਲੇ-ਮਿੰਟੋ ਪ੍ਰੀਸ਼ਦ ਵਿਚ ਕੋਈ ਪ੍ਰਤੀਨਿਧਤਾ ਨਹੀਂ ਦਿੱਤੀ ਗਈ। ਕਮੇਟੀ ਦੀ ਰਿਪੋਰਟ ਦਲਿਤ ਸ੍ਰੇਣੀਆਂ ਨੂੰ ਕੇਵਲ ਇਹ ਦੱਸਣ ਲਈ ਕਿ ਉਨ੍ਹਾਂ ਨੂੰ ਦਿੱਤੇ ਗਏ ਤਸੱਲੀਬਖਸ਼ ਚੋਣ-ਖੇਤਰਾਂ ਦੀ ਅਣਹੋਂਦ ਜਾਂ ਨਾਮਜ਼ਦਗੀ ਦੁਆਰਾ ਪ੍ਰਤੀਨਿਧਤਾ ਦੇਣ ਬਾਰੇ ਦੋਬਾਰਾ ਜ਼ਿਕਰ ਕਰਦੀ ਹੈ। ਇਹ ਰਿਪੋਰਟ ਇਨ੍ਹਾਂ ਲੋਕਾਂ ਦੀ ਆਪਣੀ ਦੇਖ-ਭਾਲ ਆਪ ਕਰਨ ਦੀ ਸਮਰਥਾ ਦੀ ਸਥਿਤੀ ਬਾਰੇ ਜ਼ਿਕਰ ਨਹੀਂ ਕਰਦੀ। ਨਾ ਹੀ ਇਨ੍ਹਾਂ ਦੀ ਇਹ ਲੋਕਾਂ ਲਈ ਤਜਵੀਜ਼ ਕੀਤੀ ਗਈ ਨਾਮਜ਼ਦਗੀ ਦੀ ਮਿਕਦਾਰ ਬਾਰੇ ਵਿਆਖਿਆ ਕਰਦੀ ਹੈ। ਰਿਪੋਰਟ (ਮਤ-ਅਧਿਕਾਰ ਕਮੇਟੀ ਦੀ) ਦੀ ਪੈਰਾ 24 ਨਾਮਜ਼ਦ ਕੀਤੀਆਂ ਸੀਟਾਂ ਦੀ ਰੋਕ ਨੂੰ ਇਸ ਆਧਾਰ ਤੇ ਉਚਿਤ ਠਹਿਰਾਉਂਦੀ ਹੈ, ਜਿਸ ਤੋਂ ਇਹ ਪਤਾ ਲਗਦਾ ਕਿ ਕਮੇਟੀ ਦਲਿਤ ਸ੍ਰੇਣੀਆਂ ਦਾ ਹਵਾਲਾ ਦੇ ਰਹੀ ਹੈ। ਇਸ ਕੌਮੀਅਤ ਲਈ ਤਜਵੀਜ਼ ਕੀਤੀ ਗਈ ਪ੍ਰਤੀਨਿਧਤਾ ਦੀ ਮਾਤਰਾ ਹੇਠ ਲਿਖੇ ਅਨੁਸਾਰ ਹੈ:

ਪ੍ਰਾਂਤ	ਦਸ ਲਖਾਂ ਵਿਚ ਕੁੱਲ ਵਸੋਂ	ਦਲਿਤ ਸ੍ਰੇਣੀਆਂ ਦੀ ਦਸ ਲੱਖਾਂ ਵਿਚ	ਕੁੱਲ ਸੀਟਾਂ	ਦਲਿਤ ਸ੍ਰੇਣੀਆਂ ਲਈ ਸੀਟਾਂ
ਮਦਰਾਸ-	39.8	6.3	120	2
ਬੰਬਈ...	19.5	.6	113	1
ਬੰਗਾਲ...	45.0	9.9	127	1
ਸੰਯੁਕਤ ਪ੍ਰਾਂਤ	47.0	10.1	120	1
ਪੰਜਾਬ	19.5	1.7	85	-
ਬਿਹਾਰ ਤੇ ਉੜੀਸਾ	32.4	9.3	100	1
ਕੇਂਦਰੀ ਪ੍ਰਾਂਤ	12.0	3.7	72	1
ਆਸਾਮ	6.0	.3	54	-
	221.2	41.9	791	7

ਇਹ ਅੰਕੜੇ ਮੂੰਹ ਬੋਲਦੀ ਤਸਵੀਰ ਹਨ। ਇਹ ਸੁਝਾਓ ਦਿੱਤਾ ਗਿਆ ਹੈ ਕਿ ਬ੍ਰਿਟਿਸ਼ ਭਾਰਤ ਦੀ ਸਾਰੀ ਜਨਸੰਖਿਆ ਦੇ 1/5 ਭਾਗ ਨੂੰ ਵਾਸਤਵ ਵਿਚ 800 ਸੀਟਾਂ ਵਿਚੋਂ 7 ਸੀਟਾਂ ਅਲਾਟ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਇਹ ਸੱਚ ਹੈ ਕਿ ਸਾਰੀਆਂ ਪ੍ਰੀਸ਼ਦਾਂ ਵਿਚ ਅਜਿਹੇ ਕਰਮਚਾਰੀਆਂ ਦਾ ਅਨੁਪਾਤ ਮੋਟੇ ਤੌਰ ਤੇ 1/6 ਹੋਵੇਗਾ, ਜਿਨ੍ਹਾਂ ਤੋਂ ਆਸ ਰਖੀ ਜਾ ਸਕਦੀ ਹੈ ਕਿ ਦਲਿਤ ਸ੍ਰੇਣੀਆਂ ਦੇ ਹਿਤਾਂ ਨੂੰ ਧਿਆਨ ਵਿਚ ਰਖਣਗੇ। ਪ੍ਰੰਤੂ ਮੇਰੇ ਵਿਚਾਰ ਵਿਚ ਇਹ ਪ੍ਰਬੰਧ ਉਹ ਨਹੀਂ ਹੈ ਜਿਸਦਾ ਨਿਸ਼ਾਨਾ ਸੁਧਾਰਾਂ ਸਬੰਧੀ ਰਿਪਰੋਟ ਨੇ ਮਿਥਿਆ ਸੀ। ਰਿਪੋਰਟ ਦੇ ਨਿਰਮਾਤਾਵਾਂ ਨੇ ਬਿਆਨ ਕੀਤਾ ਸੀ ਕਿ ਦਲਿਤ ਸ਼੍ਰੇਣੀਆਂ ਨੂੰ ਸਵੈ-ਸੁਰੱਖਿਆ ਦਾ ਸਬਕ ਵੀ ਸਿਖਣਾ ਚਾਹੀਦਾ ਹੈ। ਇਹ ਆਸ ਰੱਖਣੀ ਪੱਕੇ ਤੌਰ ਤੇ ਕਾਲਪਨਿਕ ਹੈ ਕਿ ਇਹ ਨਤੀਜਾ ਕੌਮੀਅਤ ਦੇ ਇਕ ਮੈਂਬਰ ਨੂੰ ਅਸੈਂਬਲੀ ਵਿਚ ਸ਼ਾਮਲ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ, ਜਿੱਥੇ 60 ਤੋਂ 90 ਮੈਂਬਰ ਹਿੰਦੂ ਜਾਤੀਆਂ ਦੇ ਹਨ। ਰਿਪੋਰਟ ਦੇ 151,152 ਅਤੇ 155 ਪੈਰਿਆਂ ਦੇ ਸਿਧਾਤਾਂ ਦਾ ਘਾਟਾ ਪੂਰਾ ਕਰਨ ਲਈ ਸਾਨੂੰ ਜਾਤੀ ਭ੍ਰਿਸ਼ਟਾਂ ਨਾਲ ਜ਼ਿਆਦਾ ਉਦਾਰਤਾ ਨਾਲ ਸਲੂਕ ਕਰਨਾ ਚਾਹੀਦਾ ਹੈ।--"

82. ਇਥੋਂ ਤਕ ਕਿ ਸੰਯੁਕਤ ਸਿਲੈਕਟ ਕਮੇਟੀ ਨੇ ਮੰਨਿਆ ਹੈ ਕਿ ਪ੍ਰਤਿਨਿਧਤਾ ਦੇ ਮਸਲੇ ਵਿਚ ਸਾਊਥਬਰੋ ਕਮੇਟੀ ਵਲੋਂ ਦਲਿਤ ਸ੍ਰੇਣੀਆਂ ਨਾਲ ਨਿਆਂਪੂਰਨ ਸਲੂਕ ਕੀਤਾ ਗਿਆ ਕਿਉਂਕਿ ਕਮੇਟੀ ਨੇ ਆਪਣੀ ਰਿਪੋਰਟ ਵਿਚ ਇਹ ਪ੍ਰੇਖਣ ਕਰਨਾ ਜ਼ਰੂਰੀ ਸਮਝਿਆ ਕਿ "ਦਲਿਤ ਸ੍ਰੇਣੀਆਂ ਲਈ ਤਜਵੀਜ ਕੀਤੀ ਗਈ ਪ੍ਰਤੀਨਿਧਤਾ ਨਾ-ਕਾਫੀ ਹੈ। ਜਿਵੇਂ ਕਿ ਮਤ-ਅਧਿਕਾਰ ਕਮੇਟੀ ਦੀ ਰਿਪੋਰਟ ਵਿਚ ਵਿਖਾਇਆ ਗਿਆ ਹੈ, ਭਾਰਤ ਦੀ ਸਾਰੀ

ਜਨਸੰਖਿਆ ਦਾ ਵੱਡਾ ਅਨੁਪਾਤ ਪ੍ਰਭਾਸ਼ਾ ਦੇ ਘੇਰੇ ਅੰਦਰ ਸ਼ਾਮਲ ਕੀਤਾ ਗਿਆ ਹੈ। ਉਹ ਸੋਚਦੇ ਹਨ ਕਿ ਭਾਰਤ ਸਰਕਾਰ ਨੂੰ ਨਿਰਦੇਸ਼ ਦਿੱਤਾ ਜਾਣਾ ਚਾਹੀਦਾ ਹੈ ਕਿ ਹਰੇਕ ਪ੍ਰਾਂਤ ਵਿਚ ਦਲਿਤ ਸ੍ਰੇਣੀਆਂ ਦੀ ਗਿਣਤੀ ਦੇਖਦੇ ਹੋਏ ਅਤੇ ਸਥਾਨਕ ਸਰਕਾਰਾਂ ਨਾਲ ਮਸ਼ਵਰਾ ਕਰਨ ਤੋਂ ਬਾਅਦ ਉਹ ਅਜਿਹੀਆਂ ਸ੍ਰੇਣੀਆਂ ਨੂੰ ਨਾਮਜ਼ਦਗੀਆਂ ਦੁਆਰਾ ਪ੍ਰਤੀਨਿਧਤਾ ਵਿਚ ਵੱਡਾ ਹਿੱਸਾ ਦੇਵੇ। ਇਹ ਪ੍ਰਤੀਨਿਧਤਾ ਜੇਕਰ ਜ਼ਰੂਰਤ ਹੋਵੇ ਆਮ ਚੋਣ-ਖੇਤਰਾਂ ਤੋਂ ਇਲਾਵਾ ਹੋਣੀ ਚਾਹੀਦੀ ਹੈ ਨਾ ਕਿ ਘਾਟਾ ਪੂਰਾ ਕਰਨ ਲਈ।" ਇਸਦਾ ਕੋਈ ਲਾਭ ਨਾ ਹੋਇਆ ਅਤੇ ਸਾਊਥਬਰੋ ਕਮੇਟੀ ਦੁਆਰਾ ਦਲਿਤ ਸ੍ਰੇਣੀਆਂ ਨੂੰ ਪਹੁੰਚਾਇਆ ਗਿਆ ਨੁਕਸਾਨ ਠੀਕ ਨਾ ਕੀਤਾ ਜਾ ਸਕਿਆ। ਇਸ ਸਮੇਂ ਇਹ ਦਲਿਤ ਸ੍ਰੇਣੀਆਂ ਨੂੰ ਵਾਧੂ ਪ੍ਰਤੀਨਿਧਤਾ ਦੇਣ ਦੀ ਕੋਸ਼ਿਸ਼ ਨਹੀਂ ਹੈ। ਇਹ ਤਾਂ ਕੀਤੇ ਗਏ ਨੁਕਸਾਨ ਨੂੰ ਠੀਕ ਕਰਨ ਦੀ ਇਕ ਕੋਸ਼ਿਸ਼ ਹੈ। ਨਾ ਹੀ ਇਹ ਕਿਹਾ ਜਾ ਸਕਦਾ ਹੈ ਕਿ ਪ੍ਰਤੀਨਿਧਤਾ ਦਾ ਸੁਝਾਓ ਦਿੰਦੇ ਸਮੇਂ, ਇਸ ਨੂੰ ਫਾਲਤੂ ਦੱਸ ਕੇ ਇਤਰਾਜ਼ ਨਹੀਂ ਕੀਤਾ ਜਾ ਸਕਦਾ। ਕਿਉਂਕਿ ਇਥੋਂ ਤੱਕ ਕਿ ਕਮੇਟੀ ਨੇ ਵੀ ਕਿਹਾ ਸੀ ਕਿ ਇਸ ਸੱਚ ਦੀ ਇਕ ਆਮ ਮਾਨਤਾ ਹੈ ਕਿ ਇਹ ਦੋਵੇਂ ਹਿੱਤ (ਕਿਰਤੀ ਸ੍ਰੇਣੀਆਂ ਅਤੇ ਦਲਿਤ ਸ੍ਰੇਣੀਆਂ) ਹੋਰ ਪ੍ਰਤੀਨਿਧਤਾ ਪ੍ਰਾਪਤ ਕਰਨ ਅਤੇ ਆਪਣੇ ਆਪ ਨੂੰ "ਇਸ ਦ੍ਰਿਸ਼ਟੀਕੋਣ ਨਾਲ ਸਹਿਮਤੀ" ਵਿਚ ਜ਼ਾਹਰ ਕੀਤਾ ਜਾਵੇ ਅਤੇ ਵਿਧਾਨ ਪ੍ਰੀਸ਼ਦ ਦੀਆਂ 113 ਵਿਚੋਂ 11 ਸੀਟਾਂ ਦੇਣ ਦੀ ਤਜਵੀਜ਼ ਕੀਤੀ। ਜੇਕਰ 113 ਵਿਚੋਂ 11 ਸੀਟਾਂ ਦੀ ਵੰਡ ਮੁਨਾਸਬ ਵੰਡ ਸੀ ਤਾਂ 140 ਵਿਚੋਂ 15 ਸੀਟਾਂ ਦੀ ਵੰਡ ਨੂੰ ਬਹੁਤ ਉਦਾਰ ਮੰਨ ਕੇ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ। 15 ਸੀਟਾਂ ਦਾ ਕੋਟਾ ਜ਼ਿਆਦਾ ਇਸ ਲਈ ਜਾਪਦਾ ਹੈ, ਕਿਉਂ ਜੋ ਸ਼ੁਰੂ ਤੋਂ ਕੋਟਾ ਬਹੁਤ ਘੱਟ ਸੀ। ਜਿਹੜੇ 15 ਸੀਟਾਂ ਦੇ ਕੋਟੇ ਨੂੰ ਤੇ ਇਸ ਲਈ ਇਤਰਾਜ਼ ਕਰਦੇ ਹਨ ਕਿਉਂਕਿ ਉਹ ਵਰਤਮਾਨ ਕੋਟੇ ਤੋਂ ਬਹੁਤ ਜ਼ਿਆਦਾ ਹੈ, ਉਹ ਭੁਲਦੇ ਹਨ ਕਿ ਸੀਟਾਂ ਦਾ ਮੁੱਢਲਾ ਕੋਟਾ, ਜਿਸਨੂੰ ਉਹ ਇਕ ਮਾਪਦੰਡ ਦੇ ਵਜੋਂ ਅਪਣਾਉਂਦੇ ਹਨ, ਨਾ ਹੀ ਵਾਜਬ ਹੈ ਅਤੇ ਨਾ ਮਾਕੂਲ।

83. ਇਕ ਹੋਰ ਮਸਲਾ ਹੈ, ਜਿਸਦਾ ਨਿਪਟਾਰਾ ਕਰਨਾ ਜ਼ਰੂਰੀ ਹੈ। ਮੇਰੇ ਸਾਥੀ ਆਪਣੀ ਰਿਪੋਰਟ ਦੇ ਪੈਰ੍ਹਾ 16 ਜਿਸ ਵਿਚ ਉਹ ਮੁਸਲਮਾਨ ਕੌਮ ਨੂੰ ਸੀਟਾਂ ਦੀ ਵੰਡ ਦੇ ਪ੍ਰਸ਼ਨ, ਤੇ ਵਿਚਾਰ ਕਰਦੇ ਹਨ, ਕਹਿੰਦੇ ਹਨ ਕਿ "ਸਾਡੇ ਵਿਚੋਂ ਦੋ ਮੈਂਬਰ ਸਰਦਾਰ ਮਜੂਮਦਾਰ ਅਤੇ ਡਾਕਟਰ ਅੰਬੇਦਕਰ ਇਸ ਵਿਚਾਰ ਦੇ ਰਹੇ ਹਨ ਕਿ ਇਹ ਪ੍ਰਬੰਧ ਉਸ ਸਮੇਂ ਤਕ ਜਾਰੀ ਰਹਿ ਸਕਦਾ ਹੈ, ਜਦੋਂ ਤੱਕ ਲਖਨਊ ਪੈਕਟ ਲਾਗੂ ਹੈ, ਜਿਥੋਂ ਤੱਕ ਸਾਰੇ ਪ੍ਰਾਂਤਾਂ ਦਾ ਸਬੰਧ ਹੈ।" ਸਾਥੀਆਂ ਨੇ ਮੈਨੂੰ ਗਲਤ ਸਮਝਿਆ ਹੈ ਅਤੇ ਇਸ ਲਈ ਉਨ੍ਹਾਂ ਨੇ ਮੈਨੂੰ ਗਲਤ ਪੇਸ਼ ਕੀਤਾ ਹੈ। ਜੋ ਮੈਂ ਦੱਸਣਾ ਚਾਹੁੰਦਾ ਸੀ ਉਹ ਇਹ ਹੈ ਕਿ ਉਨ੍ਹਾਂ ਨੇ ਫਿਰਕੂ ਚੋਣ ਖੇਤਰਾਂ ਨੂੰ ਜਾਂ ਮੁਸਲਮਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੀਟਾਂ ਨੂੰ ਉਚਿਤ ਨਹੀਂ ਠਹਿਰਾਇਆ। ਇਹ ਚੰਗਾ ਹੁੰਦਾ ਜੇਕਰ ਉਨ੍ਹਾਂ ਨੇ ਆਪਣੀ ਰਿਪੋਰਟ ਵਿਚ ਦੱਸਿਆ ਹੁੰਦਾ ਕਿ ਅਜਿਹਾ ਲਖਨਊ ਪੈਕਟ ਦੀ ਪੈਰਵੀ ਵਿਚ ਕੀਤਾ ਗਿਆ ਹੈ। ਜਿਸ ਢੰਗ ਨਾਲ ਮੇਰੇ ਸਾਥੀਆਂ ਨੇ ਮੈਨੂੰ ਪੇਸ਼

ਕੀਤਾ ਹੈ, ਉਹ ਇਹ ਸੁਝਾਉ ਦਿੰਦਾ ਜਾਪਦਾ ਹੈ ਕਿ ਮੈਂ ਲਖਨਊ ਪੈਕਟ ਦੀ ਪ੍ਰੋੜਤਾ ਕਰਦਾ ਹਾਂ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਹ ਸੁਝਾਉ ਬਿਲਕੁਲ ਅਨੁਚਿਤ ਹੈ।

ਸੀਟਾਂ ਦੀ ਭੂਗੋਲਿਕ ਵੰਡ

84. ਮੇਰੇ ਸਾਥੀਆਂ ਨਾਲ ਮੇਰਾ ਮੱਤਭੇਦ ਕੇਵਲ ਵਖ ਵਖ ਕੌਮੀਅਤਾਵਾਂ ਨੂੰ ਸੀਟਾਂ ਦੀ ਵੰਡ ਦੇ ਪ੍ਰਸ਼ਨ ਤਕ ਹੀ ਸੀਮਤ ਨਹੀਂ ਹੈ। ਇਹ ਵਖ ਵਖ ਚੋਣ ਹਲਕਿਆਂ ਦਰਮਿਆਨ ਸੀਟਾਂ ਦੀ ਵੰਡ ਨਾਲ ਵੀ ਸਬੰਧ ਰਖਦਾ ਹੈ। ਨਵੀਂ ਬਣਾਈ ਗਈ ਪ੍ਰੀਸ਼ਦ ਦਾ ਇਕ ਨਾਂ ਖੁਸ਼ਗਵਾਰ ਪਹਿਲੂ ਇਸਦੇ ਵਿਚ ਕੁਝ ਭਾਗਾਂ ਦੀ ਵੱਧ ਪ੍ਰਤੀਨਿਧਤਾ ਅਤੇ ਕੁਝ ਭਾਗਾਂ ਦੀ ਘੱਟ ਪ੍ਰਤੀਨਿਧਤਾ ਹੈ। ਇਸ ਬੁਰਾਈ ਦੀ ਵਿਸ਼ਾਲ ਸੀਮਾ ਨੂੰ ਹੇਠ ਲਿਖੇ ਅੰਕੜਿਆਂ ਦੁਆਰਾ ਸਪਸ਼ਟ ਕੀਤਾ ਜਾਂਦਾ ਹੈ :-

	ਵਰਗਮੀਲਾਂ ਵਿਚ ਖੇਤਰ	ਜਨ ਸੰਖਿਆ	1925-26 ਲਈ ਭੋਂ ਮਾਲੀਏ ਦੀ ਮੰਗ	ਪ੍ਰੀਸ਼ਦ ਵਿਚ ਸੀਟਾਂ ਦੀ ਵਰਤਮਾਨ ਗਿਣਤੀ.
ਮਹਾਂਰਾਸ਼ਟਰ	47,854	8,536,217	2,18,18,155	25
ਗੁਜਰਾਤ	10,118	2,958,849	99,41,264	16
ਕਰਨਾਟਕ	18,870	3,188,523	82,91,225	8
ਸਿੰਧ	46,506	3,279,377	1,03,85,031	19

85. ਉਪਰੋਕਤ ਸਾਰਣੀ ਤੋਂ ਸਪਸ਼ਟ ਹੁੰਦਾ ਹੈ ਕਿ ਅਸਮਾਨਤਾਵਾਂ ਕਿੰਨੀਆਂ ਘੋਰ ਹਨ। ਜਨਸੰਖਿਆ ਦੇ ਆਧਾਰ ਤੇ ਮਹਾਂਰਾਸ਼ਟਰ ਅਤੇ ਕਰਨਾਟਕ ਦੀ ਪ੍ਰਤੀਨਿਧਤਾ ਬਹੁਤ ਘੱਟ ਹੈ। ਗੁਜਰਾਤ ਦੀ ਪ੍ਰਤੀਨਿਧਤਾ ਨੂੰ ਇਕ ਆਦਰਸ਼ ਪ੍ਰਤੀਨਿਧਤਾ ਵਜੋਂ ਅਪਣਾਈਏ ਤਾਂ ਮਹਾਂਰਾਸ਼ਟਰ ਨੂੰ 48 ਸੀਟਾਂ ਅਤੇ ਕਰਨਾਟਕਾ ਨੂੰ 17 ਸੀਟਾਂ ਮਿਲਣੀਆਂ ਚਾਹੀਦੀਆਂ ਹਨ। ਇਥੋਂ ਤੱਕ ਕਿ ਮਾਲੀਏ ਨੂੰ ਵੀ ਵੰਡ ਦਾ ਆਧਾਰ ਲੈ ਲਈਏ ਤਾਂ ਮਹਾਂਰਾਸ਼ਟਰ ਅਤੇ ਕਰਨਾਟਕ ਨਾਲ ਬਿਨਾਂ ਸ਼ਕ ਬਹੁਤ ਜ਼ਿਆਦਾ ਅਨੁਚਿਤ ਸਲੂਕ ਕੀਤਾ ਕੀਤਾ ਗਿਆ ਹੈ। ਕਿਉਂ ਜੋ ਇਸ ਆਧਾਰ ਤੇ ਵੀ ਮਹਾਂਰਾਸ਼ਟਰ 32 ਸੀਟਾਂ ਅਤੇ ਕਰਨਾਟਕ 15 ਸੀਟਾਂ ਲਈ ਯੋਗ ਹੈ। ਇਹ ਬਰਾਬਰ ਚੁਣਾਵ ਸ਼ਕਤੀ ਲਈ ਮੰਗ ਕੇਵਲ ਭਾਵੁਕ ਮੰਗ ਜਾਂ ਸਹੀ ਚੋਣ ਸਮਰੂਪਤਾ ਲਈ ਮੰਗ ਨਹੀਂ ਹੈ। ਇਸਦੇ ਪਿਛੇ ਕਾਫੀ ਸਿਧਾਂਤਕ ਪ੍ਰਮਾਣਿਕਤਾ ਹੈ। ਕਿਉਂ ਜੋ ਅਜਿਹੀ ਪ੍ਰਣਾਲੀ ਜਿਸ ਵਿਚ ਵੋਟ ਦਾ ਮੁਲ ਇਕ ਚੋਣ-ਹਲਕੇ ਵਿਚ ਵੱਧ ਅਤੇ ਦੂਸਰੇ ਵਿਚ ਘੱਟ ਹੈ, ਉਥੇ ਇਹ ਇਤਰਾਜ਼ ਹੋ ਸਕਦਾ ਹੈ ਕਿ ਕੌਮੀਅਤ ਦੇ ਹਰੇਕ ਮੈਂਬਰ ਨੂੰ ਆਪਣੀ ਪਸੰਦ ਦਾ ਸ਼ਾਸਕ ਚੁਣਨ ਲਈ ਦੂਸਰਿਆਂ ਬਾਕੀ ਲੋਕਾਂ ਦੇ ਬਰਾਬਰ ਦਾ ਹਿੱਸਾ ਨਹੀਂ ਮਿਲਦਾ।

ਪ੍ਰੰਤੂ ਜੇਕਰ ਸਾਰੀਆਂ ਵੋਟਾਂ ਦੀ ਸਹੀ ਤੁਲਨਾ ਦੇ ਸਿਧਾਂਤ ਨੂੰ ਰਾਜਨੀਤਕ ਨਿਆਂ ਦੇ ਮੂਲ ਸਿਧਾਂਤ ਵਜੋਂ ਨਹੀਂ ਸਵੀਕਾਰਿਆ ਜਾਂਦਾ, ਫਿਰ ਵੀ ਇਸ ਪ੍ਰਕਾਰ ਦਾ ਅੰਤਰ, ਦੇਸ਼ ਦੇ ਇਕ ਭਾਗ ਜਾਂ ਮੱਤਾਂ ਜਾਂ ਹਿੱਤਾਂ ਦੇ ਇਕ ਵਰਗ ਦੂਜਿਆਂ ਨੂੰ ਨੁਕਸਾਨ ਪਹੁੰਚਾ ਕੇ ਜ਼ਿਆਦਾ ਪ੍ਰਤੀਨਿਧਤਾ ਦੇ ਘਟੀਆ ਹਾਲਾਤ ਪੈਦਾ ਕਰਨ ਵਿਚ ਅਸਫ਼ਲ ਨਹੀਂ ਹੁੰਦਾ। ਤਜਰਬੇ ਤੋਂ ਪਤਾ ਲਗਦਾ ਹੈ ਕਿ ਸੀਟਾਂ ਦੀ ਮੌਜੂਦਾ ਵੰਡ ਨੇ ਵਿਧਾਨਕ ਅਤੇ ਕਾਰਜਕਾਰਨੀ ਕਾਰਵਾਈ ਦੀ ਗੁਰੂਤਾ ਦੇ ਕੇਂਦਰ ਨੂੰ ਪ੍ਰੈਜ਼ੀਡੈਂਸੀ ਦੇ ਕੁਝ ਹਿਸਿਆਂ ਨੂੰ ਪ੍ਰੈਜ਼ੀਡੈਂਸੀ ਦੇ ਦੂਸਰੇ ਹਿਸਿਆਂ ਦੇ ਹਿਤਾਂ ਦੀ ਪਰਵਾਹ ਨਾ ਕਰਦੇ ਹੋਏ, ਅਨੁਚਿਤ ਰੂਪ ਵਿਚ ਵੰਡਿਆ ਹੈ, ਜਿਸਦਾ ਨਤੀਜਾ ਇਹ ਹੋਇਆ ਹੈ ਕਿ ਪਿਛਲਿਆਂ ਨੂੰ ਸਰਕਾਰ ਦੀ ਪੂਰੀ ਤਵਜੋ ਦਾ ਆਪਣਾ ਹਿੱਸਾ ਲੈਣ ਤੋਂ ਅਣਜਾਣੇ ਵਿਚ ਵਾਂਝਿਆ ਰੱਖਿਆ ਗਿਆ ਹੈ। ਇਸ ਵਿਹਾਰਿਕ ਨਜ਼ਰੀਏ ਤੋਂ ਸੀਟਾਂ ਦੀ ਵੰਡ ਇਕ ਸ਼ਿਕਾਇਤ ਹੈ, ਜਿਸ ਵਿਚ ਨਿਆਂ ਨਹੀਂ ਹੋਇਆ। ਜਿਵੇਂ ਕਿ ਹੁਣ ਸਥਿਤੀ ਹੈ, ਕਰਨਾਟਕ ਅਤੇ ਮਹਾਂਰਾਸ਼ਟਰ ਇਸ ਪ੍ਰਾਂਤ ਵਿਚ ਸਰਕਾਰ ਤੇ ਉਹ ਪ੍ਰਭਾਵ ਨਹੀਂ ਪਾ ਸਕਦੇ, ਜਿਸ ਲਈ ਉਹ ਆਪਣੀ ਗਿਣਤੀ ਕਰਕੇ ਆਪਣੇ ਆਪ ਨੂੰ ਯੋਗ ਸਮਝਦੇ ਹਨ। ਇਹ ਇੱਕ ਠੋਸ ਸ਼ਿਕਾਇਤ ਹੈ, ਜਿਸਨੂੰ ਚੰਗੀ ਤਰ੍ਹਾਂ ਮਹਿਸੂਸ ਕੀਤਾ ਜਾਣਾ ਚਾਹੀਦਾ ਹੈ। ਜਿਵੇਂ ਕਿ ਕਰਨਾਟਕ ਤੋਂ ਸਬੂਤ ਤੇ ਸੰਕੇਤ ਮਿਲਦਾ ਹੈ। ਜਿਵੇਂ ਜਿਵੇਂ ਵਿਧਾਨ ਪ੍ਰੀਸ਼ਦ ਦੇ ਜ਼ਿੰਮਵਾਰਾਨਾ ਕਿਰਦਾਰ ਵਿੱਚ ਵਾਧਾ ਹੁੰਦਾ ਹੈ ਅਤੇ ਇਸ ਨਾਲ ਜੋ ਪ੍ਰਭਾਵ ਲੋਕ ਮਸਲਿਆਂ ਦੇ ਸੰਚਾਲਨ ਤੇ ਇਸ ਦਾ ਪਵੇਗਾ ਤਿਵੇਂ ਤਿਵੇਂ ਇਸ ਸ਼ਿਕਾਇਤ ਵਿਚ ਵਾਧਾ ਹੋਣਾ ਯਕੀਨੀ ਹੈ। ਇਸ ਲਈ ਇਸ ਡਰ ਵਿੱਚ ਕਾਫ਼ੀ ਤਰਕ ਹੈ ਕਿ ਇਹ ਬੁਰਾਈ ਖਤਮ ਹੋਣ ਦੀ ਬਜਾਏ, ਇਸ ਨੂੰ ਮਹਿਸੂਸ ਕਰਨ ਦੀ ਕੜਵਾਹਟ ਦਿਨ-ਬ-ਦਿਨ ਤੇਜ਼ ਹੁੰਦੀ ਜਾਵੇਗੀ। ਇਸ ਲਈ ਇਹ ਹੀ ਉਚਿਤ ਹੈ ਕਿ ਇਸ ਸਮੇਂ ਜਦੋਂ ਕਿ ਅਸੀਂ ਸਰਕਾਰੀ ਮਸ਼ੀਨਰੀ ਦੀ ਇਸ ਨਜ਼ਰੀਏ ਨਾਲ ਕਾਇਆ ਕਲਪ ਕਰ ਰਹੇ ਹਾਂ ਕਿ ਇਸਨੂੰ ਪ੍ਰਤੀਨਿਧਤਾ ਅਤੇ ਜ਼ਿੰਮੇਵਾਰ ਸਰਕਾਰ ਬਣਾਇਆ ਜਾਵੇ, ਇਸ ਸ਼ਿਕਾਇਤ ਦਾ ਨਿਵਾਰਨ ਵੀ ਕੀਤਾ ਜਾਣਾ ਚਾਹੀਦਾ ਹੈ।

86. ਇਸ ਪ੍ਰੈਜ਼ੀਡੈਂਸੀ ਦੇ ਕੁਝ ਭਾਗਾਂ ਦੀ ਦੂਸਰਿਆਂ ਦੀ ਪ੍ਰਤੀਨਿਧਤਾ ਘਟਾ ਕੇ ਵਧ ਪ੍ਰਤੀਨਿਧਤਾ ਦੀ ਬੁਰਾਈ ਇਸ ਕਰਕੇ ਸੀ ਕਿ ਸਾਊਥਬਰੋ ਕਮੇਟੀ ਨੇ ਪੂਰੀ ਤਰ੍ਹਾਂ ਮਨਮਰਜ਼ੀ ਦੀ ਕਾਰਵਾਈ ਕੀਤੀ ਅਤੇ ਸੀਟਾਂ ਦੀ ਵੰਡ ਲਈ ਕੋਈ ਵੀ ਨਿਸ਼ਚਤ ਸਿਧਾਂਤ ਅਪਨਾਉਣ ਤੋਂ ਇਨਕਾਰ ਕਰ ਦਿੱਤਾ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਮੇਰੇ ਸਾਥੀਆਂ ਨੇ ਜਿਥੋਂ ਤੱਕ ਸੰਭਵ ਹੋ ਸਕਿਆ, ਸੀਟਾਂ ਦੀ ਵੰਡ ਦੇ ਮਾਮਲੇ ਵਿਚ ਇਕ ਸਮਾਨ ਸਿਧਾਂਤ ਅਪਨਾਉਣ ਦੀ ਮੰਗ ਕੀਤੀ ਹੈ। ਪਰੰਤੂ ਮੇਰੀ ਸ਼ਿਕਾਇਤ ਇਹ ਹੈ ਕਿ ਉਨ੍ਹਾਂ ਨੇ ਸੀਟਾਂ ਦੀ ਵੰਡ ਦੇ ਆਧਾਰ ਵਜੋਂ ਸਭ ਤੋਂ ਘਟੀਆਂ ਸਿਧਾਂਤ ਅਪਣਾਇਆ ਹੈ। ਸਰਕਾਰੀ ਖਜ਼ਾਨੇ ਨੂੰ ਯੋਗਦਾਨ, ਸੂਚੀ ਤੇ ਚੋਣਕਾਰ, ਹਲਕੇ ਵਿਚ ਜਨ-ਸੰਖਿਆ, ਤਿੰਨ ਮੰਨਣਯੋਗ ਕਮੇਟੀਆਂ ਹਨ ਜਿਨ੍ਹਾਂ ਨੂੰ ਸੀਟਾਂ ਦੀ ਵੰਡ ਲਈ ਆਧਾਰ ਵਜੋਂ ਅਪਣਾਇਆ ਜਾ ਸਕਦਾ ਹੈ। ਇਨ੍ਹਾਂ ਤਿੰਨਾਂ ਵਿਚੋਂ ਚੋਣਕਾਰਾਂ ਦੀ ਕਸੌਟੀ ਸਭ ਤੋਂ ਅਨਿਆਂਪੂਰਨ ਅਤੇ ਅਨਿਸ਼ਚਿਤ ਹੈ। ਪਹਿਲੀ ਗੱਲ ਜਿਥੇ

ਮੱਤ-ਅਧਿਕਾਰ ਇਸ ਤਰ੍ਹਾਂ ਸੀਮਿਤ ਹੁੰਦਾ ਹੈ, ਜਿਵੇਂ ਕਿ ਅੱਜ ਸਾਡਾ ਹੈ, ਇਸ ਦਾ ਅਰਥ ਹੈ ਦੌਲਤ ਦਾ ਰਾਜ। ਇਸ ਦਾ ਭਾਵ ਹੈ ਕਿ ਜੇਕਰ ਕੋਈ ਖਾਸ ਹਲਕਾ ਜਾਇਦਾਦ ਯੋਗਤਾ ਦੀ ਕਿਸੇ ਅਖਤਿਆਰੀ ਕਸੌਟੀ ਤੇ ਚੋਣਕਾਰਾਂ ਦਾ ਮੂਲ ਕੋਟਾ ਪੂਰਾ ਨਹੀਂ ਕਰਦਾ ਤਾਂ ਉਸ ਨੂੰ ਪ੍ਰਤੀਨਿਧਤਾ ਤੋਂ ਬਗੈਰ ਰਹਿਣ ਦੇਣਾ ਚਾਹੀਦਾ ਹੈ। ਦਲਿਤ ਸ਼੍ਰੇਣੀਆਂ ਲਈ ਬਹੁਗਿਣਤੀ ਦੁਆਰਾ ਤਜਵੀਜ਼ ਕੀਤੀ ਗਈ ਸੀਟਾਂ ਦੀ ਵੰਡ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਚੋਣਕਾਰਾਂ ਦੀ ਕਸੌਟੀ ਅਪਨਾਉਣ ਦਾ ਅਟੱਲ ਸਿੱਟਾ ਹੋਣਾ ਲਾਜ਼ਮੀ ਹੈ, ਜਿਸ ਅਨੁਸਾਰ ਕੁਝ ਭਾਗਾਂ ਦੀਆਂ ਦਲਿਤ ਸ਼੍ਰੇਣੀਆਂ ਦੀ ਪ੍ਰਤੀਨਿਧਤਾ ਬਹੁਤ ਜ਼ਿਆਦਾ ਹੈ, ਜਦੋਂ ਕਿ ਪ੍ਰੈਜ਼ੀਡੈਂਸੀ ਦੇ ਦੂਜੇ ਭਾਗਾਂ ਕੋਲ ਕੋਈ ਵੀ ਪ੍ਰਤੀਨਿਧਤਾ ਨਹੀਂ ਹੈ। ਇਕ ਸਿਧਾਂਤ ਜੋ ਅਜਿਹੇ ਬੇਤੁੱਕੇ ਸਿੱਟੇ ਕੱਢੇ ਉਸ ਨੂੰ ਅਸੁਰੱਖਿਅਤ ਸਿਧਾਂਤ ਵਜੋਂ ਮੰਨਣਾ ਚਾਹੀਦਾ ਹੈ ਅਤੇ ਉਸਦਾ ਤ੍ਰਿਸਕਾਰ ਕੀਤਾ ਜਾਣਾ ਚਾਹੀਦਾ ਹੈ। ਮਾਲੀਏ ਦੀ ਕਸੌਟੀ ਚੋਣ-ਖੇਤਰਾਂ ਦੀ ਕਸੌਟੀ ਨਾਲੋਂ ਚੰਗੀ ਹੈ। ਕਿਉਂਕਿ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਸਰਕਾਰ ਨੂੰ ਪ੍ਰਭਾਵਤ ਕਰਨ ਦੀ ਸ਼ਕਤੀ ਸਰਕਾਰ ਨੂੰ ਦਿੱਤੇ ਜਾਂਦੇ ਮਾਲੀਏ ਦੇ ਅਨੁਕੂਲ ਹੋਣੀ ਚਾਹੀਦੀ ਹੈ। ਇਸ ਕਸੌਟੀ ਨੂੰ ਇਸ ਕਰਕੇ ਵੀ ਰੱਦ ਕੀਤਾ ਜਾ ਸਕਦਾ ਹੈ ਕਿ ਇਹ ਭਰਮਪੂਰਨ ਅਤੇ ਅਣ-ਉਪਯੁਕਤ ਹੈ ਕਿਉਂ ਕਿ ਸਾਰੇ ਮਾਲੀਏ ਦੀ ਅਦਾਇਗੀ ਉਸੇ ਸਮੇਂ ਨਹੀਂ ਕੀਤੀ ਜਾਂਦੀ ਜਦੋਂ ਕਿ ਇਹ ਕਮਾਇਆ ਜਾਂਦਾ ਹੈ। ਇਸ ਲਈ ਇਕ ਰਾਜ ਦੇ ਸਹੀ ਮਾਲੀਏ ਬਾਰੇ ਜਾਣਕਾਰੀ ਰੱਖਣੀ ਬਹੁਤ ਮੁਸ਼ਕਲ ਹੋ ਸਕਦੀ ਹੈ। ਇਕ ਹਲਕਾ ਜਿਸ ਵਿਚ ਜਿਆਦਾ ਮਾਤਰਾ ਵਿਚ ਮਾਲੀਆ ਕਮਾਇਆ ਜਾਂਦਾ ਹੈ, ਸੀਟਾਂ ਦੀ ਵੰਡ ਵਿਚ ਇਸ ਕਰਕੇ ਨੁਕਸਾਨ ਉਠਾ ਸਕਦਾ ਹੈ ਕਿਉਂ ਜੋ ਇਸਦੀ ਅਦਾਇਗੀ ਕਿਸੇ ਹੋਰ ਹਲਕੇ ਵਿਚ ਕੀਤੀ ਜਾਂਦੀ ਹੈ। ਪਰੰਤੂ ਇਨ੍ਹਾਂ ਦੋਨਾਂ ਕਸੌਟੀਆਂ ਲਈ ਸਭ ਤੋਂ ਮੰਦਭਾਗਾ ਇਤਰਾਜ਼ ਇਹ ਹੈ ਕਿ ਰਾਜ ਚੋਣਕਾਰਾਂ ਜਾਂ ਕਰ-ਅਦਾ ਕਰਨ ਵਾਲਿਆਂ ਲਈ ਵਿਦਮਾਨ ਨਹੀਂ ਹੁੰਦਾ। ਨਾ ਹੀ ਰਾਜ ਆਪਣੀ ਬਲ-ਸ਼ਾਲੀ ਕਾਰਵਾਈ ਨੂੰ ਉਨ੍ਹਾਂ ਤੱਕ ਸੀਮਤ ਕਰ ਸਕਦਾ ਹੈ। ਇਸ ਅਧਿਕਾਰ ਦਾ ਪ੍ਰਸਾਰ, ਇਸ ਵਿਚ ਰਹਿਣ ਵਾਲੇ ਸਾਰੇ ਲੋਕਾਂ ਤੱਕ ਇਸ ਗੱਲ ਦੀ ਪ੍ਰਵਾਹ ਕੀਤੇ ਬਗੈਰ ਹੁੰਦਾ ਹੈ, ਭਾਵੇਂ ਉਹ ਟੈਕਸ ਦੀ ਅਦਾਇਗੀ ਕਰਦਾ ਹੈ ਜਾਂ ਚੋਣਕਾਰ ਹੈ। ਇਸਤੋਂ ਪਤਾ ਲਗਦਾ ਹੈ ਕਿ ਸੀਟਾਂ ਦੀ ਨਿਆਂਪੂਰਨ ਸਹੀ ਵੰਡ ਲਈ ਜਨਸੰਖਿਆ ਹੀ ਇਕ ਕਸੌਟੀ ਹੈ। ਇੰਗਲੈਂਡ ਅਤੇ ਹੋਰ ਸਾਰੇ ਦੇਸ਼ਾਂ ਵਿਚ ਜਿਥੇ ਪ੍ਰਤੀਨਿਧਤਵ ਪ੍ਰਣਾਲੀ ਦੀ ਸਰਕਾਰ ਹੈ, ਇਹ ਕਸੌਟੀ ਲਾਗੂ ਕੀਤੀ ਜਾਂਦੀ ਹੈ ਅਤੇ ਮੈਂ ਸਿਫਾਰਸ਼ ਕਰਦਾ ਹਾਂ ਕਿ ਬੰਬਈ ਵਿਧਾਨ ਪ੍ਰੀਸ਼ਦ ਦੀਆਂ ਸੀਟਾਂ ਦੀ ਵੰਡ ਵੀ ਇਸ ਆਧਾਰ ਤੇ ਕੀਤੀ ਜਾਣੀ ਚਾਹੀਦੀ ਹੈ।

III ਸੀਟਾਂ ਦੀ ਵੰਡ ਦੇ ਹੋਰ ਪਹਿਲੂ

87. ਅਜਿਹੇ ਸਿਧਾਂਤ ਦੀ ਲੋੜ ਹੈ ਜੋ ਘਟ ਗਿਣਤੀਆਂ ਵਿਚਕਾਰ ਸੀਟਾਂ ਦੀ ਵੰਡ ਲਈ ਵਿਚਾਰਨ ਯੋਗ ਹੈ, ਜਿਵੇਂ ਕਿ ਮੇਰੇ ਸਾਥੀਆਂ ਨੇ ਤਜਵੀਜ਼ ਕੀਤਾ ਹੈ, ਇਹ ਪ੍ਰਥਮ-ਵਰਗ ਅਤੇ ਕਿਰਤੀਆਂ ਵਿਚਕਾਰ ਅਤੇ ਭੂਮੀ-ਪਤੀਆਂ ਅਤੇ ਪਟੇਦਾਰਾਂ ਵਿਚ ਸੀਟਾਂ ਉਨਾਂ

ਵੱਲੋਂ ਤਜਵੀਜ਼ ਕੀਤੀ ਗਈ ਸੀਟਾਂ ਦੀ ਵੰਡ ਲਈ ਵੀ ਵਿਚਾਰਨ ਯੋਗ ਹੈ । ਜਿਵੇਂ ਕਿ ਸਨਅੱਤ ਅਤੇ ਵਪਾਰ ਦੁਆਰਾ ਪ੍ਰਤੀਨਿਧ ਕਰਨ ਵਾਲੇ ਪ੍ਰਥਮ ਵਰਗ ਨੂੰ ਉਨ੍ਹਾਂ ਨੇ 11 ਸੀਟਾਂ ਦਿੱਤੀਆਂ ਹਨ, ਜਦੋਂ ਕਿ ਕਿਰਤੀ ਵਰਗ ਨੂੰ ਉਨ੍ਹਾਂ ਨੇ ਕੇਵਲ ਚਾਰ ਸੀਟਾਂ ਦਿੱਤੀਆਂ ਹਨ। ਪਟੇਦਾਰਾਂ ਨੂੰ ਉਨ੍ਹਾਂ ਨੇ ਕੁਝ ਨਹੀਂ ਦਿੱਤਾ, ਸਿਵਾਏ ਉਸਦੇ ਜੋ ਉਹ ਆਮ ਚੋਣਾਂ ਵਿਚ ਜਿੱਤ ਸਕਦੇ ਹਨ , ਜਦੋਂ ਕਿ ਭੂਮੀਪਤੀਆਂ ਨੂੰ ਉਸਨੇ ਪੰਜ ਸੀਟਾਂ ਦਿੱਤੀਆਂ ਹਨ ।ਪਰੰਤੂ ਇਹ ਠੀਕ ਨਹੀਂ ਹੈ , ਕਿਉਂਕਿ ਜੇਕਰ ਅਸੀਂ ਸਿੰਧ ਦੇ ਮੈਂਬਰਾਂ ਅਤੇ ਪ੍ਰੈਜੀਡੈਂਸੀ ਤੋਂ ਹੋਰ ਮੈਂਬਰਾਂ ਨੂੰ ਗਿਣਤੀ ਵਿਚ ਲਈਏ ਤਾਂ ਕੌਂਸਲ ਵਿਚ ਭੂਮੀਪਤੀਆਂ ਦੀਆਂ ਸੀਟਾਂ ਦੀ ਗਿਣਤੀ ਆਸਾਨੀ ਨਾਲ 40 ਤੱਕ ਪਹੁੰਚ ਸਕਦੀ ਹੈ। ਨਾ ਹੀ ਮੈਂ ਇਹ ਕਹਿ ਸਕਦਾ ਹਾਂ ਕਿ ਮੇਰੇ ਸਾਥੀਆਂ ਨੇ ਸ਼ਹਿਰੀ ਅਤੇ ਪੇਂਡੂ ਹਲਕਿਆਂ ਵਿਚਕਾਰ ਸੀਟਾਂ ਦੀ ਸਹੀ ਵੰਡ ਦੇ ਪ੍ਰਸ਼ਨ ਨੂੰ ਤਸੱਲੀਬਖਸ਼ ਬਿਆਨ ਦਿੱਤਾ ਹੈ ।ਅੱਜਕੱਲ੍ਹ ਵਿਧਾਨ ਮੰਡਲ ਬਹੁਤ ਜ਼ਿਆਦਾ ਸ਼ਾਸਕ ਸ਼੍ਰੇਣੀਆਂ ਦੇ ਰਹਿਮ 'ਤੇ ਹੈ ਅਤੇ ਜਿਮੀਦਾਰਾਂ ਦੇ ਨਾਂ ਤੇ ਖਤਰਨਾਕ ਖਬਤਾਂ ਜਿਵੇਂ ਕਿ ਸਥਾਈ ਸਥਾਪਨ, ਘਟੀਆ ਸਿੰਜਾਈ, ਆਜ਼ਾਦ, ਜੰਗਲਾਤ ਆਦਿ ਦਾ ਨਿਯਮੀਕਰਨ ਕਰਨ ਲਈ ਸਰਕਾਰੀ ਸ਼ਕਤੀਆਂ ਦੀ ਦੁਰਵਰਤੋਂ ਕੀਤੇ ਜਾਣ ਦਾ ਬਹੁਤ ਡਰ ਹੈ ।ਜੇਕਰ ਅਜਿਹੀਆਂ ਖਬਤਾਂ ਨੂੰ ਕਾਨੂੰਨੀ ਕਿਤਾਬ ਤੋਂ ਬਾਹਰ ਰੱਖਣਾ ਹੋਵੇ ਤਾਂ ਸ਼ਹਿਰੀ ਸ੍ਰੇਣੀਆਂ ਦੀ ਪ੍ਰਤੀਨਿਧਤਾ ਜੋ ਕਿ ਉਨ੍ਹਾਂ ਦੀ ਕਾਬਲੀਅਤ ਜਾਂ ਉਨ੍ਹਾ ਦੇ ਯੋਗਦਾਨ ਦੇ ਅਨੁਕੂਲ ਨਹੀਂ ਹੈ, ਵਿਚ ਵਾਧਾ ਕਰਨਾ ਬਹੁਤ ਜ਼ਰੂਰੀ ਹੈ ।ਬਹੁਤ ਚੰਗਾ ਹੁੰਦਾ ਜੇਕਰ ਮੇਰੇ ਸਾਥੀਆਂ ਨੇ ਬੰਬਈ ਪ੍ਰੈਜੀਡੈਂਸੀ ਦੇ ਵਖ ਵਖ ਭਾਗਾਂ ਵਿਚਕਾਰ ਸੀਟਾਂ ਦੀ ਸਹੀ ਵੰਡ ਦਾ ਕੰਮ ਅਲੱਗ ਕਮੇਟੀ ਦੇ ਹਵਾਲੇ ਕੀਤਾ ਹੁੰਦਾ। ਮੈਂ ਨਹੀਂ ਕਹਿ ਸਕਦਾ ਕਿ ਉਹ ਕਮਜ਼ੋਰ ਵਰਗ ਨਾਲ ਨਿਆਂ ਕਰਨ ਵਿਚ ਸਫਲ ਹੋਏ ਹਨ ।ਮੈਂ ਸੁਝਾਅ ਦਿਆਂਗਾ ਕਿ ਇਸਨੂੰ ਨਜਿੱਠਣ ਲਈ ਇਕ ਵੱਖਰੀ ਕਮੇਟੀ ਨਿਯੁਕਤ ਕੀਤੀ ਜਾਣੀ ਚਾਹੀਦੀ ਹੈ ।

IV ਸੀਟਾਂ ਅਤੇ ਰਿਹਾਇਸ਼ੀ ਯੋਗਤਾਵਾਂ

88. ਬੰਬਈ ਨਿਰਵਾਚਨ ਨਿਯਮ ਦੇ ਨਿਯਮ 6(1) (ਬੀ) ਅਧੀਨ ਵਿਧਾਨ ਪ੍ਰੀਸ਼ਦ ਲਈ ਚੁਣੇ ਜਾਣ ਵਾਸਤੇ, ਇਕ ਉਮੀਦਵਾਰ ਲਈ ਰਿਹਾਇਸ਼ੀ ਯੋਗਤਾਵਾਂ ਨਿਯਤ ਕੀਤੀਆਂ ਗਈਆਂ ਹਨ ।ਨਿਗਮ ਉਪਬੰਧ ਕਰਦਾ ਹੈ ਕਿ " ਕੋਈ ਵੀ ਵਿਅਕਤੀ ਇਕ ਆਮ ਹਲਕੇ ਦਾ ਪ੍ਰਤੀਨਿਧ ਕਰਨ ਲਈ ਪ੍ਰੀਸ਼ਦ ਦੇ ਮੈਂਬਰ ਵਜੋਂ ਚੁਣਾਵ ਲੜਨ ਦੇ ਯੋਗ ਨਹੀਂ ਹੋਵੇਗਾ ਜਦ ਤਕ ਕਿ ਉਹ ਹਲਕੇ ਵਿਚ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਲਈ ਨਿਯਤ ਕੀਤੀ ਗਈ ਮਿਤੀ ਤੋਂ ਤੁਰੰਤ ਪਹਿਲਾਂ ਤੋਂ ਛੇ ਮਹੀਨੇ ਤਕ ਦੇ ਸਮੇਂ ਲਈ ਹਲਕੇ ਜਾਂ ਮੰਡਲ, ਜਿਸਦਾ ਕੋਈ ਵੀ ਭਾਗ ਹਲਕੇ ਵਿਚ ਸ਼ਾਮਲ ਕੀਤਾ ਗਿਆ ਹੋਵੇ, ਵਿਚ ਰਹਿ ਰਿਹਾ ਹੋਵੇ। ਇਸ ਪ੍ਰੈਜ਼ੀਡੈਂਸੀ ਵਿਚ ਨਿਯਮ ਦੀ ਵਿਆਖਿਆ ਇੰਜ ਕੀਤੀ ਗਈ ਹੈ ਕਿ ਉਥੇ ਇਸਤੋਂ ਪਹਿਲਾਂ ਕਿ ਇਕ ਉਮੀਦਵਾਰ ਕਿਸੇ ਖਾਸ ਹਲਕੇ ਵਿਚ ਚੁਣੇ ਜਾਣ

ਲਈ ਖੜ੍ਹਾ ਹੋ ਸਕੇ, ਉਸ ਲਈ ਹਲਕੇ ਦਾ ਅਸਲੀ ਜਾਂ ਜੱਦੀ ਨਿਵਾਸੀ ਅਤੇ ਨਾ ਕੇਵਲ ਰਿਹਾਇਸ਼ ਦਾ ਇਕ ਸਥਾਨ ਜਾਂ ਉਥੇ ਕਦੇ ਕਦਾਈ ਦੇ ਦੌਰੇ ਹੋਣਾ ਜ਼ਰੂਰੀ ਹੈ। ਇਸਤੋਂ ਪਹਿਲਾਂ ਕਿ ਮੈਂ ਇਸ ਪ੍ਰਸ਼ਨ 'ਤੇ ਆਪਣੇ ਵਿਚਾਰ ਪ੍ਰਗਟ ਕਰਾਂ, ਜਿਥੋਂ ਤੱਕ ਇਸ ਪ੍ਰੈਜੀਡੈਂਸੀ ਦਾ ਸੰਬੰਧ ਹੈ, ਮੈਂ ਇਸ ਰੋਕ ਦੇ ਸੰਖੇਪ ਇਤਿਹਾਸ ਦਾ ਵਰਣਨ ਕਰਨਾ ਚਾਹਾਂਗਾ। ਸੰਯੁਕਤ ਰਿਪੋਰਟ ਦਾ 84ਵਾਂ ਪੈਰ੍ਹਾ ਇਸ ਤੱਥ 'ਤੇ ਟਿੱਪਣੀ ਕਰਦਾ ਹੈ ਕਿ ਉਸ ਸਮੇਂ ਪ੍ਰਚੱਲਿਤ ਚੋਣ ਪ੍ਰਣਾਲੀ ਦੀ ਧਿਆਨ ਦੇਣ ਵਾਲੀ ਗੱਲ ਚੋਣਾਂ ਵਿਚ ਸਫ਼ਲ ਹੋਣ ਵਾਲੇ ਉਮੀਦਵਾਰਾਂ ਵਿਚੋਂ ਵੱਡੀ ਪ੍ਰਤੀਸ਼ਤਤਾ ਕਾਨੂੰਨੀ ਪੇਸ਼ਾਵਰਾਂ ਦੀ ਸੀ ਅਤੇ ਜਿਨ੍ਹਾਂ ਨੇ ਇਹ ਇਸ਼ਾਰਾ ਕੀਤਾ ਸੀ ਕਿ ਰਾਜਨੀਤਿਕ ਖੇਤਰ ਵਿਚ ਇਕੋ ਤਰ੍ਹਾਂ ਦੇ ਆਦਮੀਆਂ ਦਾ ਇਤਨਾ ਵੱਡਾ ਦਬ-ਦਬਾ ਸਪਸ਼ਟ ਤੌਰ ਤੇ ਆਮ ਕੌਮੀਅਤ ਦੇ ਹਿੱਤ ਵਿਚ ਨਹੀਂ ਅਤੇ ਸੁਝਾਓ ਦਿੱਤਾ ਕਿ ਨਵੇਂ ਚੋਣ ਖੇਤਰ ਬਣਾਉਣ ਲੱਗਿਆਂ ਜਿਹੜੀ ਮਹੱਤਵਪੂਰਨ ਗੱਲ ਮਨ ਵਿਚ ਰੱਖਣੀ ਜ਼ਰੂਰੀ ਸੀ, ਉਹ ਇਹ ਸੀ ਕਿ ਦੂਜੀ ਸ੍ਰੇਣੀ ਅਤੇ ਧੰਦੇ ਦੇ ਆਦਮੀ ਪ੍ਰੀਸ਼ਦ ਵਿਚ ਸੀਟਾਂ ਦੀ ਤਸੱਲੀਬਖਸ਼ ਗਿਣਤੀ ਹਾਸਲ ਕਰ ਸਕਣ ਅਤੇ ਅਜਿਹਾ ਤਾਂ ਹੀ ਸੰਭਵ ਹੋ ਸਕਦਾ ਸੀ ਜੇਕਰ ਦਿਹਾਤੀ ਸੀਟਾਂ ਲਈ ਨਿਸ਼ਚਤ ਯੋਗਤਾਵਾਂ ਮਿੱਥੀਆਂ ਜਾਂਦੀਆਂ। ਸਾਊਥਬਰੋ ਕਮੇਟੀ ਨੇ ਇਸ ਪ੍ਰਸ਼ਨ ਦੀ ਧਿਆਨਪੂਰਵਕ ਪ੍ਰੀਖਿਆ ਕੀਤੀ, ਜਿਸਨੇ ਆਪਣੀ ਰਿਪੋਰਟ ਦੇ 29ਵੇਂ ਪੈਰ੍ਹੇ ਵਿਚ ਇਸ ਤੱਥ ਦਾ ਹਵਾਲਾ ਦਿੱਤਾ ਕਿ ਕੁਝ ਸਥਾਨਕ ਸਰਕਾਰਾਂ ਜਿਵੇਂ ਕਿ ਸੰਯੁਕਤ ਪ੍ਰਾਂਤਾ ਦੀਆਂ, ਬਿਹਾਰ ਅਤੇ ਉੜੀਸਾ ਦੀਆਂ ਅਤੇ ਆਸਾਮ ਦੀਆਂ, ਰਿਹਾਇਸ਼ੀ ਯੋਗਤਾ ਲਈ ਜ਼ੋਰ ਨਹੀਂ ਦਿੰਦੀਆਂ, ਜਦ ਕਿ ਬੰਗਾਲ, ਬੰਬਈ, ਮਦਰਾਸ ਅਤੇ ਪੰਜਾਬ ਦੀਆਂ ਸਰਕਾਰਾਂ ਦਾ ਵਿਚਾਰ ਹੈ ਕਿ ਅਜਿਹੇ ਵਿਅਕਤੀਆਂ ਨੂੰ ਜਿਹੜੇ ਕਿ ਜਿਸ ਹਲਕੇ ਦਾ ਪ੍ਰਤੀਨਿਧ ਕਰਨਾ ਚਾਹੁੰਦੇ ਹਨ, ਪਰ ਉਥੋਂ ਦੇ ਵਸਨੀਕ ਨਹੀਂ ਹਨ, ਉਨ੍ਹਾਂ ਨੂੰ ਉਮੀਦਵਾਰ ਵਜੋਂ ਸਵੀਕਾਰ ਕਰਨਾ ਨਵੇਂ ਚੋਣ ਖੇਤਰਾਂ ਦੇ ਵੱਡੇ ਅਨੁਪਾਤ ਲਈ ਨੁਕਸਾਨਦੇਹ ਹੋਵੇਗਾ। ਸਾਊਥਬਰੋ ਕਮੇਟੀ ਦੀ ਬਹੁਗਿਣਤੀ ਸਿਧਾਂਤਕ ਤੌਰ ਤੇ ਵਸਨੀਕੀ ਯੋਗਤਾ ਦੇ ਵਿਰੁਧੋ ਸੀ, ਪਰ ਉਹਨਾਂ ਨੇ ਸਮਝੌਤੇ ਦੇ ਰੂਪ ਵਿਚ ਕੇਂਦਰੀ ਪ੍ਰਾਂਤਾਂ ਵਿਚ ਇਹ ਰੋਕ ਲਗਾਉਣ ਦਾ ਮਤਾ ਪਕਾਇਆ। ਬੰਬਈ ਅਤੇ ਪੰਜਾਬ ਦੇ ਕੇਸ ਵਿਚ ਭਾਰਤ ਸਰਕਾਰ ਨੇ ਸਾਊਥਬਰੋ ਕਮੇਟੀ ਦੀਆਂ ਸਿਫਾਰਸ਼ਾਂ ਮੰਨ ਤਾਂ ਲਈਆਂ, ਪਰ ਆਪਣਾ ਵਿਚਾਰ ਪ੍ਰਗਟ ਕਰਦਿਆਂ ਸੰਕੇਤ ਕੀਤਾ ਕਿ ਜਿਵੇਂ ਕਮੇਟੀ ਨੇ ਇਸ ਪ੍ਰਸ਼ਨ ਨੂੰ ਹੱਲ ਕੀਤਾ ਹੈ, ਉਸਨੇ ਭਾਰਤ ਸਰਕਾਰ ਨੂੰ ਕੁਝ ਮੁਸ਼ਕਲ ਵਿਚ ਇਸ ਲਈ ਪਾ ਦਿੱਤਾ ਹੈ ਕਿਉਂਕਿ ਕਮੇਟੀ ਤੇ ਰੋਕ ਲਾਉਣ ਦੇ ਹੱਕ ਵਿਚ ਕੁਝ ਸਥਾਨਕ ਸਰਕਾਰਾਂ ਦੇ ਵਿਚਾਰ ਤਾਂ ਸਵੀਕਾਰ ਕਰ ਲਏ ਹਨ, ਪਰੰਤੂ ਕੁਝ ਹੋਰਨਾਂ ਦੇ ਵਿਚਾਰਾਂ ਨੂੰ, ਜਿਨ੍ਹਾਂ ਨੇ ਬਰਾਬਰੀ ਨਾਲ ਜ਼ੋਰ ਦਿੱਤਾ ਸੀ, ਰੱਦ ਕਰ ਦਿੱਤਾ। ਭਾਰਤ ਸਰਕਾਰ ਦੇ ਬਿਲ ਤੇ ਸਯੁਕਤ ਪਾਰਲੀਮਾਨੀ ਕਮੇਟੀ ਨੇ ਸਿਫਾਰਸ਼ ਕੀਤੀ ਕਿ ਮੱਤ-ਅਧਿਕਾਰ ਕਮੇਟੀ ਦੁਆਰਾ ਸੁਝਾਇਆ ਸਮਝੌਤਾ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ। ਇਹ ਸਿਫਾਰਸ਼ ਸਵੀਕਾਰ ਕੀਤੀ ਗਈ ਅਤੇ ਵਸਨੀਕੀ ਯੋਗਤਾ ਦੀ ਸ਼ਰਤ ਕੇਵਲ ਕੇਂਦਰੀ

ਪ੍ਰਾਂਤਾਂ ,ਬੰਬਈ ਅਤੇ ਪੰਜਾਬ ਵਿਚ ਲਾਗੂ ਕੀਤੀ ਗਈ ।ਮੈਂ ਦੱਸਣਾ ਚਾਹਾਂਗਾ ਕਿ ਇਸਤੋਂ ਪਿਛੋਂ ਕਿ 1923 ਦੀਆਂ ਆਮ ਚੋਣਾਂ ਤੋਂ ਬਾਅਦ ਕੀਤੀ ਗਈ ਨਿਯਮਾਂ ਵਿਚ ਸੋਧ ਨਾਲ ਪੰਜਾਬ ਵਿਚੋਂ ਵੀ ਵਸਨੀਕੀ ਯੋਗਤਾ ਦੀ ਸ਼ਰਤ ਖਤਮ ਕਰ ਦਿੱਤੀ ਗਈ ਮੁੱਧੀਮਾਨ ਕਮੇਟੀ ਨੂੰ ਦਿੱਤੇ ਗਏ ਆਪਣੇ ਵਿਚਾਰ ਵਿਚ ਪੰਜਾਬ ਸਰਕਾਰ ਨੇ ਆਪਣੇ ਆਪ ਦਸਿਆ ਕਿ ਪਹਿਲੀਆਂ ਆਮ ਚੋਣਾਂ ਲਈ ਵਸਨੀਕੀ ਯੋਗਤਾ ਨੇ ਦਿਹਾਤੀ ਨੁਮਾਇੰਦਿਆਂ ਦੇ ਦਾਖਲੇ ਨੂੰ ਹਿਚਕੋਲਾ ਦਿੱਤਾ, ਜਿਸਤੋਂ ਉਨ੍ਹਾਂ ਨੂੰ ਵੰਚਿਤ ਨਹੀਂ ਕੀਤਾ ਗਿਆ ਸੀ ਅਤੇ ਹੁਣ ਇਸ ਯੋਗਤਾ ਨੂੰ ਬਹਾਲ ਕਰਨ ਵਿਚ ਕੋਈ ਉਪਯੁਕਤ ਦਲੀਲ ਨਹੀਂ ਨਜ਼ਰ ਆਉਂਦੀ ਸੀ ਇਸ ਲਈ ਵਰਤਮਾਨ ਸਥਿਤੀ ਇਹ ਹੈ ਕਿ ਬੰਬਈ ਅਤੇ ਕੇਂਦਰੀ ਪ੍ਰਾਂਤ ਹੀ ਅਜਿਹੇ ਪ੍ਰਾਂਤ ਹਨ, ਜਿਥੇ ਵਸਨੀਕੀ ਯੋਗਤਾ ਹਾਲੇ ਵੀ ਹੋਂਦ ਵਿਚ ਹੈ ।ਕੇਂਦਰੀ ਪ੍ਰਾਂਤਾਂ ਵਿਚ ਇਹ ਰੋਕ ਇਤਨੀ ਸਖਤੀ ਨਾਲ ਲਾਗੂ ਨਹੀਂ ਕੀਤੀ ਜਾਂਦੀ ਜਿੰਨੀ ਕਿ ਇਸ ਪ੍ਰੈਜੀਡੈਂਸੀ ਵਿਚ। ਮੇਰੇ ਵਿਚਾਰ ਵਿਚ ਭਾਰਤ ਦੇ ਇਸ ਵਿਕਸਤ ਪ੍ਰਾਂਤ ਵਿਚ ਇਸ ਰੋਕ ਨੂੰ ਜਾਰੀ ਰੱਖਣ ਦੀ ਉਚਿੱਤਤਾ ਦੀ ਕੋਈ ਲੋੜ ਨਹੀਂ ।ਜਦੋਂ ਕਿ ਇਸਤੋਂ ਬਹੁਤ ਜ਼ਿਆਦਾ ਪਛੜੇ ਪ੍ਰਾਂਤਾਂ ਨੇ ਇਸਦੀ ਕੋਈ ਲੋੜ ਮਹਿਸੂਸ ਨਹੀਂ ਕੀਤੀ । ਇਸ ਯੋਗਤਾ ਨੂੰ ਜਾਰੀ ਰੱਖਣਾ ਮੇਰੇ ਵਿਚਾਰ ਵਿਚ ਕੁਝ ਹੱਦ ਤੱਕ ਘਟੀਆ ਆਦਮੀਆਂ ਦੇ ਪ੍ਰੀਸ਼ਦ ਲਈ ਚੁਣੇ ਜਾਣ ਲਈ ਅਤੇ ਚੰਗੀ ਪੁਜ਼ੀਸ਼ਨ , ਕਾਬਲੀਅਤ ਅਤੇ ਪ੍ਰਮਾਣਿਤ ਰਾਜਨੀਤਿਕ ਸਮਰੱਥਾ ਵਾਲੇ ਵਿਅਕਤੀਆਂ ਨੂੰ, ਜਿਹੜੇ ਕਿ ਜ਼ਿਆਦਾਤਰ ਵੱਡੇ ਸ਼ਹਿਰੀ ਇਲਾਕਿਆਂ ਵਿਚ ਮਿਲਦੇ ਹਨ ਅਤੇ ਜਿਹੜੇ ਇਸ ਯੋਗਤਾ ਦੀ ਹੋਂਦ ਕਰਕੇ ਕਿਤੇ ਵੀ ਚੁਣੇ ਜਾਣ ਤੋਂ ਰੋਕੇ ਜਾਂਦੇ ਹਨ, ਕਿਸੇ ਕਾਰਨ ਉਹ ਆਪਣੇ ਵਸਨੀਕੀ ਹਲਕੇ ਵਿਚੋਂ ਚੁਣੇ ਜਾਣ ਲਈ ਕਾਮਯਾਬ ਨਹੀਂ ਹੁੰਦੇ, ਉਨ੍ਹਾਂ ਨੂੰ ਪ੍ਰੀਸ਼ਦ ਤੋਂ ਬਾਹਰ ਰੱਖਣ ਲਈ ਜ਼ਿੰਮੇਵਾਰ ਹੈ । ਇਸ ਲਈ ਮੈਂ ਸਿਫਾਰਸ਼ ਕਰਦਾ ਹਾਂ ਕਿ ਜਿਥੋਂ ਤੱਕ ਇਸ ਪ੍ਰੈਜੀਡੈਂਸੀ ਦਾ ਸੰਬੰਧ ਹੈ ਵਸਨੀਕੀ ਯੋਗਤਾ ਨੂੰ ਹੁਣ ਖਤਮ ਕਰ ਦੇਣਾ ਚਾਹੀਦਾ ਹੈ।

ਅਧਿਆਏ 4

ਲਖਨਊ ਸੰਧੀ

89. ਮੈਂ ਜਾਣਦਾ ਹਾਂ ਕਿ ਫਿਰਕੂ ਚੋਣ ਖੇਤਰਾਂ ਦੀ ਥਾਂ ਸਾਂਝੇ ਚੋਣ ਖੇਤਰਾਂ ਦੀ ਅਦਲਾ ਬਦਲੀ ਅਤੇ ਸੀਟਾਂ ਦੀ ਵੰਡ ਦੇ ਮੁਤਅੱਲਕ ਮੇਰੀਆਂ ਸਿਫਾਰਸ਼ਾਂ ਲਖਨਊ ਸੰਧੀ ਦੀਆਂ ਸ਼ਰਤਾਂ ਨਾਲ ਜਿਥੋਂ ਤੱਕ ਉਹ ਮੁਸਲਮਾਨ ਕੌਮ ਦੀ ਪ੍ਰਤੀਨਿਧਤਾ ਨੂੰ ਪ੍ਰਭਾਵਿਤ ਕਰਦੀਆਂ ਹਨ, ਟਕਰਾਉਂਦੀਆਂ ਹਨ।1919 ਵਿਚ ਬਣਾਏ ਗਏ ਨਿਯਮਾਂ ਦੇ ਅਧੀਨ ਨਿਸ਼ਚਤ ਕੀਤੀ ਗਈ ਮੁਸਲਮਾਨ ਕੌਮ ਦੀ ਪ੍ਰਤੀਨਿਧਤਾ ਜ਼ਿਆਦਾਤਰ ਲਖਨਊ ਸੰਧੀ ਉੱਤੇ ਆਧਾਰਤ ਸੀ ।ਇਸ ਸੰਧੀ, ਵਿਚ ਲਖਨਊ ਵਿਖੇ 1917 ਵਿਚ ਮੁਸਲਮਾਨ ਲੀਗ ਅਤੇ ਕਾਂਗਰਸ

ਵਿਚਕਾਰ ਹੋਏ ਸਮਝੌਤੇ , ਜਿਸ ਵਿਚ ਮੁਸਲਮ ਲੀਗ ਨੇ ਮੁਸਲਮਾਨਾਂ ਦੀ ਅਤੇ ਕਾਂਗਰਸ ਨੇ ਹਿੰਦੂਆਂ ਦੀ ਪ੍ਰਤੀਨਿਧਤਾ ਕੀਤੀ ਸੀ, ਨੂੰ ਸ਼ਾਮਲ ਕੀਤਾ ਗਿਆ ਹੈ । ਇਸਨੇ ਮੁਸਲਮਾਨਾਂ ਨੂੰ ਪ੍ਰਾਂਤਕ ਅਤੇ ਕੇਂਦਰੀ ਵਿਧਾਨ ਮੰਡਲ ਵਿਚ ਫਿਰਕੂ ਚੋਣ-ਖੇਤਰ ਅਤੇ ਸੀਟਾਂ ਦੀ ਬਦਲਵੀਂ ਅਨੁਪਾਤ ਪ੍ਰਦਾਨ ਕੀਤੀ । ਮੈਂ ਸਮਝਦਾ ਹਾਂ ਕਿ ਜੋ ਵਿਚਾਰ ਮੈਂ ਮੁਸਲਮਾਨ ਕੌਮ ਦੀ ਪ੍ਰਤੀਨਿਧਤਾ ਤੇ ਦਿੱਤੇ ਹਨ, ਉਹ ਇਸ ਸਮਝੌਤੇ ਤੋਂ ਉਲਟ ਹਨ ਅਤੇ ਮੈਂ ਮਹਿਸੂਸ ਕਰਦਾ ਹਾਂ ਕਿ ਇਹ ਮੇਰੇ ਤੇ ਜ਼ਿੰਮੇਵਾਰੀ ਆਉਂਦੀ ਹੈ ਕਿ ਮੈਂ ਦੱਸਾਂ ਕਿ ਮੈਂ ਕਿਉਂ ਸੋਚਦਾ ਹਾਂ ਕਿ ਇਹ ਸਮਝੌਤਾ ਰੱਦ ਕੀਤਾ ਜਾਣਾ ਚਾਹੀਦਾ ਹੈ ।

90. ਮੇਰੀ ਪਹਿਲੀ ਦਲੀਲ ਇਹ ਹੈ ਕਿ ਲਖਨਊ ਸੰਧੀ ਵਿਚ ਸ਼ਾਮਲ ਕੀਤੀ ਗਈ ਵਿਵਸਥਾ ਇਕ ਗਲਤ ਵਿਵਸਥਾ ਹੈ । ਇਸ ਗੱਲ ਨੂੰ ਸਾਰੀਆਂ ਸਥਾਨਕ ਸਰਕਾਰਾਂ ਵਲੋਂ ਸਵੀਕਾਰ ਕੀਤਾ ਗਿਆ ਸੀ । ਭਾਰਤ ਸਰਕਾਰ ਨੇ ਆਪਣੇ ਪੱਤਰ ਵਿਚ, ਮੱਤ-ਅਧਿਕਾਰ ਕਮੇਟੀ ਦੀਆਂ ਸਿਫਾਰਸ਼ਾਂ ਦਾ ਪੁਨਰ-ਨਿਰੀਖਣ ਕਰਦਿਆਂ ਰਾਜ ਦੇ ਸਕੱਤਰ ਨੂੰ ਲਿਖਿਆ , ਸਾਨੂੰ ਪਤਾ ਲਗਿਆ ਹੈ ਕਿ ਸੰਧੀ ਨੂੰ ਸੰਮਤੀ ਦੇਣ ਵਿਚ ਸਾਰੀਆਂ ਸਥਾਨਕ ਸਰਕਾਰਾਂ ਇਕ ਮਤ ਨਹੀਂ ਸਨ । ਮਦਰਾਸ ਸਰਕਾਰ ਨੇ ਇਸ ਸੰਧੀ ਤੇ ਵਿਚਾਰ ਕੀਤੇ ਬਗੈਰ, ਮੁਸਲਮਾਨ ਪ੍ਰਤੀਨਿਧਤਾ ਦੀ ਆਪਣੀ ਤਜਵੀਜ਼ ਬਣਾਈ। ਬੰਬਈ ਸਰਕਾਰ ਨੇ ਸੰਧੀ ਅਪਣਾਉਂਦੇ ਹੋਏ, ਵਸੋਂ ਦੇ ਆਧਾਰ ਤੇ ਨਵੀਂ ਯੋਜਨਾ ਬਣਾਉਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ । ਕੇਂਦਰੀ ਪ੍ਰਾਂਤਾ ਦਾ ਚੀਫ ਕਮਿਸ਼ਨਰ ਮੁਸਲਮਾਨਾਂ ਲਈ ਵਖਰੇ ਚੋਣ ਖੇਤਰਾਂ ਦੇ ਵਿਰੁੱਧ ਸੀ, ਅਤੇ ਉਸਦੇ ਵਿਚਾਰ ਅਨੁਸਾਰ, ਸੰਧੀ ਵਿਚ ਤਜਵੀਜ਼ ਕੀਤੀ ਗਈ ਪ੍ਰਤੀਸ਼ਤਤਾ ਕੌਮੀਅਤ ਦੀ ਪੱਧਰ ਅਤੇ ਤਾਕਤ ਦੇ ਨਾਲ ਪੂਰੀ ਤਰ੍ਹਾਂ ਅਨੁਪਾਤਹੀਨ ਸੀ । ਆਸਾਮ ਦੇ ਚੀਫ ਕਮਿਸ਼ਨਰ ਨੇ ਸੋਚਿਆ ਕਿ ਮੁਸਲਮਾਨ ਕੌਮ ਨੂੰ ਉਨ੍ਹਾਂ ਦੀ ਗਿਣਤੀ ਦੇ ਅਨੁਪਾਤ ਤੋਂ ਵੱਧ ਪ੍ਰਤੀਨਿਧਤਾ ਦੇਣੀ, ਉਨ੍ਹਾਂ ਦੀ ਨਜ਼ਰ ਵਿਚ ਵੀ ਇਕ ਗਲਤੀ ਸੀ ।" ਨਾ ਹੀ ਭਾਰਤ ਸਰਕਾਰ ਨੇ ਪ੍ਰਾਂਤਕ ਸਰਕਾਰਾਂ ਦੇ ਇਸ ਆਮ ਤੌਰ ਤੇ ਰੱਖੇ ਵਿਚਾਰ ਨਾਲ ਅਸਿਹਿਮਤੀ ਪ੍ਰਗਟ ਕੀਤੀ । ਵਖ ਵਖ ਪ੍ਰਾਂਤਾਂ ਵਿਚ ਲਖਨਊ ਸੰਧੀ ਦੇ ਸਿੱਟਿਆਂ ਦਾ ਮੁਲਾਂਕਣ ਕਰਦਿਆਂ ਪੜਚੋਲ ਕੀਤੀ ।" ਨਤੀਜਾ ਇਹ ਹੋਇਆ ਕਿ ਜਦੋਂ ਕਿ ਬੰਗਾਲੀ ਮੁਸਲਮਾਨਾਂ ਅਤੇ ਪੰਜਾਬ ਦੇ ਮੁਸਲਮਾਨਾਂ ਨੂੰ ਜੋ ਉਹ ਵਸੋਂ ਦੇ ਆਧਾਰ ਤੇ ਪ੍ਰਾਪਤ ਕਰ ਸਕਦੇ ਸਨ, ਕ੍ਰਮਵਾਰ ਉਸਦਾ ਕੇਵਲ 3/4 ਹਿੱਸਾ ਅਤੇ 9/10 ਹਿੱਸਾ ਮਿਲਿਆ, ਦੂਜੇ ਪ੍ਰਾਂਤਾ ਦੇ ਮੁਸਲਮਾਨਾਂ ਨੂੰ ਕਾਫੀ ਚੰਗਾ ਅਤੇ ਉਨਾਂ ਵਿਚੋਂ ਕਈਆਂ ਨੂੰ ਤਾਂ ਚੌਖਾ ਹਿੱਸਾ ਮਿਲਿਆ । ਅਸੀਂ ਆਪਣੇ ਆਪ ਮਹਿਸੂਸ ਨਹੀਂ ਕਰ ਸਕਦੇ ਕਿ ਅਜਿਹੇ ਨਤੀਜੇ ਜਾਂ ਤਾਂ ਮੁਸਲਮਾਨਾਂ ਦੇ ਵਖ ਵਖ ਪ੍ਰਾਂਤਾਂ ਵਿਚ ਜਾਂ ਮੁਸਲਮਾਨਾਂ ਤੇ ਬਾਕੀ ਕੌਮ ਦੇ ਵਿਚ ਸਹੀ ਸੰਬੰਧਾਂ ਨੂੰ ਪੇਸ਼ ਕਰਦੇ ਹਨ ।" ਸਰ ਵਿਲੀਅਮ ਵਿਨਸੈਂਟ ਨੇ ਆਪਣੇ ਅਸਹਿਮਤੀ ਦੇ ਨੋਟ ਵਿਚ ਇਥੋਂ ਤੱਕ ਲਿਖਿਆ " ਮੇਰੇ ਵਿਚਾਰ ਵਿਚ ਸਾਨੂੰ ਮੁਸਲਮਾਨਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਲਈ, ਲਖਨਊ ਸੰਧੀ ਦੇ ਵੇਰਵਿਆਂ ਦੀ ਪਰਵਾਹ ਕੀਤੇ

ਬਗੈਰ, ਜੋ ਰਸਤਾ ਅਸੀਂ ਠੀਕ ਸਮਝੀਏ ਉਸਤੇ ਅੱਗੇ ਵਧਣਾ ਚਾਹੀਦਾ ਹੈ ।"

91. ਲਖਨਊ ਸੰਧੀ ਵਿਚ ਗਲਤੀ ਇਤਨੀ ਨਹੀਂ ਕਿ ਇਸਨੇ ਵਖ ਵਖ ਪ੍ਰਾਂਤਾਂ ਵਿਚ ਮੁਸਲਮਾਨਾਂ ਨੂੰ ਕੁਝ ਹਿੱਸਿਆਂ ਵਿਚ ਉਦਾਰਤਾ ਨਾਲ ਅਤੇ ਹੋਰਨਾਂ ਵਿਚ ਕੰਜੂਸੀ ਨਾਲ ਸੀਟਾਂ ਦਾ ਉਪਬੰਧ ਕਰਕੇ ਉਨ੍ਹਾਂ ਨਾਲ ਅਸਮਾਨ ਢੰਗ ਦਾ ਵਿਵਹਾਰ ਕੀਤਾ । ਤੁਲਨਾਤਮਕ ਤੌਰ ਤੇ ਇਹ ਇਕ ਛੋਟਾ ਮਸਲਾ ਹੈ । ਲਖਨਊ ਸੰਧੀ ਵਿਚ ਮੁੱਖ ਨੁਕਸ ਇਹ ਹੈ ਕਿ ਇਸਨੇ ਮੁਸਲਮਾਨਾਂ ਨੂੰ ਸੀਟਾਂ ਦੀ ਵੰਡ ਵਿਚ, ਇਸਦਾ ਦੂਜਿਆਂ ਹਿੱਤਾਂ ਉਤੇ ਪੈਣ ਵਾਲੇ ਪ੍ਰਭਾਵ ਤੇ ਵਿਚਾਰ ਨਹੀਂ ਕੀਤਾ । ਜਿਵੇਂ ਕਿ ਭਾਰਤ ਸਰਕਾਰ ਨੇ ਸੰਕੇਤ ਕੀਤਾ ਹੈ, ਸੰਧੀ ਤਿਆਰ ਕਰਨ ਵਾਲੇ ਇਹ ਗੱਲ ਯਾਦ ਰੱਖਣ ਵਿਚ ਅਸਫਲ ਹੋਏ ਹਨ ਕਿ ਜੋ ਵੀ ਫਾਇਦਾ ਮੁਸਲਮਾਨਾਂ ਨੂੰ ਦਿੱਤਾ ਜਾਂਦਾ ਹੈ, ਉਹ ਦੂਜੇ ਹਿੱਤ ਜਾਂ ਹਿੱਤਾਂ ਤੋਂ ਖੋਹਿਆ ਜਾਂਦਾ ਹੈ । ਸ਼ਰ ਵਿਲੀਅਮ ਵਿਨਸੈਂਟ ਨੇ ਵੀ ਇਸ ਬਾਰੇ ਸੰਕਤੇ ਦਿੱਤਾ ਸੀ। ਉਸਨੇ ਆਪਣੇ ਅਸਹਿਮਤੀ ਦੇ ਨੋਟ ਵਿਚ ਇਹ ਕਿਹਾ ਸੀ," ਸੰਧੀ ਨੂੰ ਵਰਤਮਾਨ ਸਮੇਂ ਦੀ ਅਲੋਚਨਾ ਨਾਲੋਂ ਕਿਤੇ ਜ਼ਿਆਦਾ ਸਵੀਕਾਰਤਾ ਮਿਲਦੀ ਹੈ, ਪਰੰਤੂ , ਇਸਤੋਂ ਪਿੱਛੋਂ , ਜਦੋਂ ਵੋਟ ਅਤੇ ਅਤੇ ਪ੍ਰਤੀਨਿਧਤਾ ਦਾ ਮੁਲ ਅਨੁਭਵ ਕੀਤਾ ਜਾਏਗਾ ਤਾਂ ਇਹ ਆਸ ਜ਼ਰੂਰ ਕੀਤੀ ਜਾ ਸਕਦੀ ਹੈ ਕਿ ਜਿਹੜੇ ਹਿਤਾਂ ਨੂੰ ਸਖਤ ਚੋਟ ਲਗੀ ਹੈ, ਉਹ ਕੁਝ ਬੇਇਨਸਾਫੀ ਦੀ ਸ਼ਿਕਾਇਤ ਕਰਨਗੇ ਕਿ ਭਾਰਤ ਸਰਕਾਰ ਨੂੰ ਇਸਦਾ ਅਨੁਮੋਦਨ ਜ਼ਰੂਰ ਕਰਨਾ ਚਾਹੀਦਾ ਸੀ ।" ਇਸ ਭਵਿਖਬਾਣੀ ਨੂੰ ਮਾਅਰਕੇ ਦੀ ਸੀਮਾ ਤੱਕ ਅਨੁਭਵ ਕੀਤਾ ਗਿਆ ਹੈ ਅਤੇ ਲਖਨਊ ਸੰਧੀ ਦੇ ਸਿੱਟਿਆਂ ਨਾਲ ਜੋ ਵਿਆਪਕ ਅਸੰਤੋਸ਼ ਅਨੁਭਵ ਕੀਤਾ ਗਿਆ ਹੈ , ਉਹ ਇਹ ਦਿਖਾਉਣ ਲਈ ਉਪਯੁਕਤ ਪਛਾਣ ਹੈ ਕਿ ਸਮਝੌਤੇ ਵਿਚ ਕੀਤੀ ਗਈ ਵਿਵਸਥਾ ਗਲਤ ਵਿਵਸਥਾ ਹੈ । ਇਹ ਪੁੱਛਣ ਵਿਚ ਕੋਈ ਬੁਰਾਈ ਨਹੀਂ ਹੈ ਕਿ ਜੋ ਵਿਵਸਥਾ ਗਲਤ ਕੀਤੀ ਗਈ ਹੈ, ਉਸਨੂੰ ਮੁੜ ਸਹੀ ਕਰ ਲਿਆ ਜਾਵੇ । ਅਜਿਹੀ ਮੰਗ ਮੁਸਲਮਾਨਾਂ ਵਲੋਂ ਵਿਰੋਧਤਾ ਕੀਤੇ ਜਾਣ 'ਤੇ ਵੀ ਸਵੀਕਾਰ ਕੀਤੀ ਜਾਣੀ ਚਾਹੀਦੀ ਹੈ । ਵਾਧੂ ਪੈਮਾਨੇ ਤੇ ਪ੍ਰਤੀਨਿਧਤਾ ਪ੍ਰਾਪਤ ਕਰ ਲੈਣ ਤੋਂ ਬਾਅਦ ਯਕੀਨੀ ਤੌਰ ਤੇ ਉਹ ਪੂਰਵ ਪ੍ਰਮਾਣਾਂ ਅਤੇ ਭੂਤਕਾਲ ਦੇ ਅਧਿਕਾਰਾਂ ਦਾ ਆਸਰਾ ਲੈਣਗੇ । ਪਰੰਤੂ ਜਿਵੇਂ ਕਿ ਥੌਮਸ ਪੇਨ ਨੇ ਦਸਿਆ ਹੈ ਕਿ ਜਿਹੜੇ ਪੁਰਾਤਨਕਾਲ ਦੀਆਂ ਉਦਾਹਰਣਾਂ ਦੇ ਕੇ ਆਪਣੇ ਅਧਿਕਾਰ ਦੀ ਰਾਖੀ ਲਈ ਦਲੀਲ ਦਿੰਦੇ ਹਨ , ਉਨ੍ਹਾਂ ਦੀ ਗਲਤੀ ਇਹ ਹੈ ਕਿ ਉਹ ਪ੍ਰਾਰੰਭ ਬਿੰਦੂ ਤਕ ਪਹੁੰਚਣ ਲਈ ਉਤਨਾ ਸਮਾਂ ਨਹੀਂ ਲੈਣਗੇ ਜਦੋਂ ਕਿ ਕੋਈ ਨਿਹਿਤ ਅਧਿਕਾਰ ਹੋਂਦ ਵਿਚ ਨਾ ਹੋਣ । ਇਹ ਇਸ ਤਰ੍ਹਾਂ ਹੀ ਹੋਣਾ ਚਾਹੀਦਾ ਹੈ, ਕਿਉਂਕਿ ਸਾਰੀ ਰਾਜਨੀਤਿਕ ਅਤੇ ਸਮਾਜਿਕ ਤਰੱਕੀ ਇਸ ਸਿਧਾਂਤ ਤੇ ਨਿਰਭਰ ਹੈ ਕਿ ਗਲਤ ਗੱਲ ਕੋਈ ਕਾਨੂੰਨੀ ਉਤਪਤੀ ਨਹੀਂ ਰੱਖ ਸਕਦੀ ਅਤੇ ਜੋ ਸਹੀ ਸਥਾਪਤ ਨਹੀਂ ਕੀਤਾ ਗਿਆ, ਕਦੇ ਵੀ ਸਥਾਪਤ ਨਹੀਂ ਹੋ ਸਕਦਾ ।

ਇਹ ਇਕ ਇਕੱਲੀ ਉਦਾਹਰਣ ਨਹੀਂ ਹੈ, ਜਿਸ ਵਿਚ ਲਖਨਊ ਸੰਧੀ ਵਰਗੇ ਸਮਝੌਤੇ

ਦੀ ਸੁਧਾਈ ਕਰਨ ਦੀ ਮੰਗ ਕੀਤੀ ਗਈ ਹੈ । ਐਕਟ ਆਫ ਯੂਨੀਅਨ ਬਿਟਵੀਨ ਆਇਰਲੈਂਡ ਐਂਡ ਇੰਗਲੈਂਡ ਵੀ ਇਸੇ ਪ੍ਰਕਾਰ ਦਾ ਇਕ ਸਮਝੌਤਾ ਸੀ । ਯਕੀਨਨ ਇਹ ਲਖਨਊ ਸਮਝੌਤੇ ਨਾਲੋਂ ਕਿਤੇ ਸੰਯੋਜੀ ਸ਼ਕਤੀ ਸੀ । ਅਸਲ ਵਿਚ ਇਹ ਇਕ ਸੰਧੀ ਸੀ, ਜੋ ਕਿ ਪਾਰਲੀਮੈਂਟ ਵਿਚ ਆਇਰਲੈਂਡ ਨੂੰ 100 ਸੀਟਾਂ ਦੀ ਗਰੰਟੀ ਦਿੰਦੀ ਸੀ । ਫਿਰ ਵੀ ਜਦੋਂ ਸ੍ਰੀ ਬਾਲਫੋਰ ਦੀ ਸਰਕਾਰ ਨੂੰ ਪਤਾ ਲੱਗਿਆ ਕਿ ਆਇਰਲੈਂਡ ਨੂੰ ਦਿੱਤੀ ਗਈ ਵਾਧੂ ਪ੍ਰਤੀਨਿਧਤਾ ਇਕ ਸਰਾਸਰ ਬੁਰਾਈ ਬਣ ਗਈ ਹੈ, ਤਾਂ ਉਸਨੇ 1905 ਵਿਚ ਇਕ ਬਿਲ ਲਿਆਉਣ ਤੋਂ ਗੁਰੇਜ਼ ਨਾ ਕੀਤਾ, ਜਿਸ ਦੁਆਰਾ ਆਇਰਲੈਂਡ ਦੀਆਂ ਸੀਟਾਂ ਦੀ ਗਿਣਤੀ 30 ਤੱਕ ਘਟਾਈ ਜਾ ਸਕਦੀ ਸੀ । ਇਹ ਵੱਖਰੀ ਗੱਲ ਹੈ ਕਿ ਸ੍ਰੀ ਬਾਲਫੋਰ ਦੀ ਸਰਕਾਰ ਦੁਆਰਾ ਅਸਤੀਫਾ ਦਿੱਤੇ ਜਾਣ ਕਰਕੇ ਇਹ ਬਿਲ ਕਾਨੂੰਨ ਨਹੀਂ ਬਣ ਸਕਿਆ। ਪ੍ਰੰਤੂ ਸੱਚਾਈ ਇਹ ਹੈ ਕਿ ਪ੍ਰਤੀਨਿਧਤਾ ਦੇ ਮਸਲੇ ਵਿਚ ਆਇਰਸ਼ ਸਮਝੌਤੇ ਦਾ ਸੰਸ਼ੋਧਨ, ਇਸ ਤੱਥ ਕਰਕੇ ਖਾਰਜ ਨਹੀਂ ਕੀਤਾ ਗਿਆ ਕਿਉਂਕਿ ਇਹ ਸੰਧੀ ਦੋ ਪਾਰਟੀਆਂ ਵਿਚਕਾਰ ਸਮਝੌਤੇ ਤੇ ਆਧਾਰਤ ਸੀ, ਨਾ ਹੀ ਸ੍ਰੀ ਬਾਲਫੋਰ ਇਸ ਨਜ਼ਰੀਏ ਨਾਲ ਸਹਿਮਤ ਸੀ ਕਿ ਅਜਿਹਾ ਸੰਸ਼ੋਧਨ ਕੇਵਲ ਆਇਰਲੈਂਡ ਦੀ ਸਹਿਮਤੀ ਨਾਲ ਹੀ ਕੀਤਾ ਜਾ ਸਕਦਾ ਹੈ । ਅਸਲ ਵਿਚ ਉਸਨੇ ਮੁੜ ਵੰਡ ਦੀ ਯੋਜਨਾ ਆਇਰਿਸ਼ ਵਿਰੋਧੀ ਧਿਰ ਦੇ ਸਖਤ ਵਿਰੋਧ ਦੇ ਬਾਵਜੂਦ ਸ਼ੁਰੂ ਕੀਤੀ । ਪ੍ਰੰਤੂ ਪੂਰਵ-ਪ੍ਰਮਾਣ ਲੱਭਣ ਲਈ ਬਹੁਤ ਜ਼ਿਆਦਾ ਦੂਰਾ ਜਾਣਾ ਜ਼ਰੂਰੀ ਨਹੀਂ, ਜਦੋਂ ਕਿ ਅਜਿਹਾ ਪੂਰਵ -ਪ੍ਰਮਾਣ ਨੇੜੇ ਹੀ ਉਪਲਬਧ ਹੋਵੇ । ਸੀਲੋਨ ਦੇ ਸੰਵਿਧਾਨ ਨੇ ਵੀ ਫਿਰਕੂ ਪ੍ਰਤੀਨਿਧਤਾ ਅਤੇ ਸੀਟਾਂ ਦੀ ਫਿਰਕੂ ਵੰਡ ਦੀ ਪ੍ਰਵਾਨਗੀ ਦੇਣ ਸੰਬੰਧੀ ਵਖ ਵਖ ਜਥੇਬੰਦੀਆਂ ਵਿਚਕਾਰ ਹੋਏ ਸਮਝੌਤਿਆਂ ਨੂੰ ਮਾਨਤਾ ਦਿੱਤੀ ਸੀ। ਪ੍ਰੰਤੂ 1925 ਦਾ ਸੀਲੋਨ ਕਮਿਸ਼ਨ ਆਪਣੇ ਨਜ਼ਰੀਏ ਵਿਚ ਬਹੁਤ ਦ੍ਰਿੜ ਸੀ ਕਿ " ਕਿਸੇ ਵੀ ਸੂਰਤ ਵਿਚ ਪ੍ਰਤੀਨਿਧਤਾ ਦੀ ਸਮੱਸਿਆ ਤੇ ਵਿਚਾਰ ਕਰਨ ਵਿਚ ਜਾਤੀਆਂ ਜਾਂ ਗੁੱਟਾਂ ਦਰਮਿਆਨ ਵਿਅਕਤੀਗਤ ਬੰਦੋਬਸ਼ਤ, ਭਾਵੇਂ ਧਿਆਨ ਦੇਣ ਯੋਗ ਹੋਵੇ, ਸੀਲੋਨ ਦੇ ਲੋਕਾਂ ਦੇ ਸਮੂਹਿਕ ਹਿੱਤਾਂ ਦੇ ਵਿਚਾਰਨ ਚ ਪਹਿਲਤਾ ਨਹੀਂ ਹਾਸਲ ਕਰ ਸਕਦੇ।" ਇਸ ਲਈ ਸੀਲੋਨ ਦੇ ਵਿਚਲੀ ਪ੍ਰਤੀਨਿਧਤਾ ਦੀ ਪੂਰੀ ਯੋਜਨਾ ਦੇ ਪੁਨਰ-ਵਿਚਾਰ ਕਰਨ ਵਿਚ ਕੋਈ ਸੰਕੋਚ ਨਹੀਂ । ਇਥੇ ਜਿਸ ਗੱਲ ਦੀ ਮੰਗ ਕੀਤੀ ਗਈ ਹੈ, ਉਹ ਉਸ ਨਾਲੋਂ ਵੱਧ ਨਹੀਂ, ਜਿਸਨੂੰ ਹੋਰਨਾਂ ਥਾਵਾਂ ਤੇ ਲਾਗੂ ਕੀਤਾ ਗਿਆ ਹੈ ।

92. ਇਸਤੋਂ ਅੱਗੇ ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਲਖਨਊ ਸੰਧੀ ਨਾ ਕੇਵਲ ਇਸ ਦੀਆਂ ਸ਼ਰਤਾਂ ਕਰਕੇ ਮਹੱਤਵਹੀਨ ਹੈ, ਕਿਉਂਕਿ ਭਾਰਤ ਸਰਕਾਰ ਦੇ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਇਹ " ਰਾਜਨੀਤਿਕ ਵਾਰਤਾਲਾਪ ਨਾਲੋਂ ਜ਼ਿਆਦਾ ਸੋਚੀ ਸਮਝੀ ਦਲੀਲ ਦਾ ਨਤੀਜਾ ਸੀ, ਪ੍ਰੰਤੂ ਇਸ ਲਈ ਵੀ ਕਿ ਉਹ ਉਨ੍ਹਾਂ ਜਥੇਬੰਦੀਆਂ ਦੁਆਰਾ ਤਿਆਰ ਕੀਤੀ ਗਈ, ਜਿਨਾਂ ਕੋਲ ਉਨ੍ਹਾਂ ਵਿਅਕਤੀਆਂ ਦੇ ਨਾਂ ਤੇ ਬੋਲਣ ਦੀ ਕੋਈ ਅਸਲ ਸ਼ਕਤੀ ਨਹੀਂ ਸੀ ਜਿਨ੍ਹਾਂ ਦੇ ਪੱਖ ਤੇ ਉਹ ਕਾਰਵਾਈ ਕਰਦੇ ਦੱਸਦੇ ਸਨ । ਆਲ ਇੰਡੀਆ ਮੁਸਲਿਮ ਲੀਗ ਨੂੰ ਸਾਰੇ ਮੁਸਲਮਾਨਾਂ ਲਈ ਬੋਲਣ ਲਈ ਹੱਕ ਹਾਸਲ ਨਹੀਂ ਸੀ ਅਤੇ ਇਹ ਸਪਸ਼ਟ

ਹੈ ਕਿ ਸਾਊਥਬਰੋ ਕਮੇਟੀ ਦੀ ਰਿਪੋਰਟ ਤੇ ਲਿਖੇ ਗਏ ਸਰਕਾਰ ਦੇ ਪੱਤਰ ਵਿਚ ਭਾਰਤ ਸਰਕਾਰ ਦਾ ਇਹ ਹੀ ਵਿਚਾਰ ਸੀ।ਕਾਂਗਰਸ ਦੇ ਮੁਤਅੱਲਕ ,ਇਹ ਨਿਰਵਿਵਾਦ-ਪੂਰਨ ਹੈ ਕਿ ਇਹ ਉਹ ਸੰਸਥਾ ਹੈ ਜੋ ਕਿ ਗੈਰ-ਬ੍ਰਾਹਮਣਾਂ ਦੀ ਵੱਡੀ ਗਿਣਤੀ ਅਤੇ ਦਲਿਤ ਸ਼੍ਰੇਣੀਆਂ ਦੀ ਪ੍ਰਤੀਨਿਧਤਾ ਨਹੀਂ ਕਰਦੀ।ਜਥੇਬੰਦੀਆਂ ਦੁਆਰਾ ਕੀਤੀ ਗਈ ਸੰਧੀ, ਜੋ ਲੋਕਾਂ ਦੇ ਸਮੂਹ ਦੀਆਂ ਚੋਣ ਸਭਾਵਾਂ ਨਹੀਂ ਹਨ, ਉਹ ਆਪਣੇ ਆਪ ਨੂੰ ਤਾਂ ਬੰਨ੍ਹ ਸਕਦੀਆਂ ਹਨ, ਪਰੰਤੂ ਉਹ ਲੋਕਾਂ ਦੇ ਬਹੁਮਤ ਨੂੰ ਨਹੀਂ ਬੰਨ੍ਹ ਸਕਦੀਆਂ।ਸੰਧੀ ਨੂੰ ਇਕ ਅਜਿਹੀ ਸ਼ਕਤੀ ਦੇਣਾ ਜਿਵੇਂ ਕਿ ਇਹ ਵਖ ਵਖ ਦੇਸ਼ਾਂ ਦੇ ਖੁਦਮੁਖਤਿਆਰ, ਜਿਨ੍ਹਾਂ ਨੂੰ ਪੂਰੀ ਤਰ੍ਹਾਂ ਸ਼ਕਤੀਆਂ ਸੌਂਪੀਆਂ ਗਈਆਂ ਹੋਣ, ਵਿਚਕਾਰ ਗੱਲਬਾਤ ਦੁਆਰਾ ਸਮਝੌਤਾ ਹੋਇਆ ਸੀ, ਲੀਗ ਅਤੇ ਕਾਂਗਰਸ ਵਿਚ ਇਕ ਅਜਿਹੀ ਸ਼ਕਤੀ ਮੰਨਣਾ ਹੈ ਜੋ ਕਿ ਉਸਦੇ ਪਾਸ ਨਹੀਂ ਹੈ ।ਸਮਝੌਤੇ ਦੀ ਬੰਧਨ ਸ਼ਕਤੀ ਦਾ ਅਨੁਮਾਨ ਲਗਾਉਣਾ ਬਹੁਤ ਜ਼ਰੂਰੀ ਹੋ ਗਿਆ ਹੈ, ਕਿਉਂਕਿ ਬੰਬਈ ਸਰਕਾਰ ਦਾ ਇਹ ਵਿਚਾਰ ਹੈ, " ਵਖਰੇ ਚੋਣ-ਖੇਤਰਾਂ ਨੂੰ ਖਤਮ ਕਰਨ ਦੀ ਸੋਧ ਵਿਚ ਕੀਤੀ ਗਈ ਕੋਈ ਵੀ ਤਬਦੀਲੀ , ਭਾਵੇਂ ਦੋ ਕੌਮੀਅਤਾਵਾਂ ਵਿਚਕਾਰ ਹੋਵੇ, ਸਮਝੌਤੇ ਤੇ ਆਧਾਰਤ ਹੋਵੇ, ਉਸਨੂੰ ਮੁਸਲਮਾਨਾਂ ਤੇ ਉਨ੍ਹਾਂ ਦੀ ਮਰਜ਼ੀ ਦੇ ਵਿਰੁਧ ਲਾਗੂ ਨਹੀਂ ਕੀਤਾ ਜਾ ਸਕਦਾ । ਸਵਾਲ ਪੂਰੇ ਭਾਰਤ ਦੀ ਪੱਧਰ ਦਾ ਹੈ ਅਤੇ ਇਸਤੇ ਹਰੇਕ ਪ੍ਰੈਜੀਡੈਂਸੀ ਲਈ ਵਖ ਵਖ ਲੀਹਾਂ ਤੇ ਵਿਚਾਰ ਨਹੀਂ ਕੀਤਾ ਜਾ ਸਕਦਾ । ਬੰਬਈ ਦੀ ਸਰਕਾਰ ਉਸ ਵਿਚਾਰ ਤੇ ਦ੍ਰਿੜ ਹੈ , ਜੋ ਉਸਨੇ 1916 ਵਿਚ ਪ੍ਰਗਟ ਕੀਤਾ ਸੀ ਕਿ ਫਿਰਕੂ ਚੋਣ-ਖੇਤਰ ਉਨ੍ਹਾਂ ਨੂੰ ਸਵੀਕਾਰ ਨਹੀਂ ਹਨ ਅਤੇ ਇਨ੍ਹਾਂ ਦਾ ਖਾਤਮਾ ਕਰਨਾ ਇੱਛਤ ਹੈ , ਜੇਕਰ ਇਸਨੂੰ ਦੋਨਾਂ ਪਾਰਟੀਆਂ ਦੀ ਸਹਿਮਤੀ ਨਾਲ ਹਾਸਲ ਕੀਤਾ ਜਾਵੇ ਜਿਵੇਂ ਕਿ ਲਖਨਊ ਸੰਧੀ ਦੇ ਕੇਸ ਵਿਚ ਹੋਇਆ ਹੈ ।" ਮੇਰੇ ਵਿਚਾਰ ਵਿਚ ਇਹ ਉਤਨਾ ਹੀ ਗੈਰ ਜ਼ਿੰਮੇਵਾਰ ਹੈ, ਜਿਤਨਾ ਕਿ ਇਹ ਖਤਰਨਾਕ ਹੈ ।ਇਹ ਗੈਰ-ਜ਼ਿੰਮੇਵਾਰ ਇਸ ਲਈ ਹੈ ਕਿਉਂਕਿ ਇਹ ਪਾਰਲੀਮੈਂਟ ਦੇ ਨਿਰਣਾ ਕਰਨ ਦੇ ਅਧਿਕਾਰ ਦਾ ਤਿਆਗ ਕਰਦਾ ਹੈ। ਇਹ ਸੱਚ ਹੈ ਕਿ ਭਾਰਤ ਸਰਕਾਰ ਨੇ ਸੰਧੀ ਨੂੰ "ਅੱਖੋਂ ਉਹਲੇ" ਕਰਨਾ ਹੀ ਚੰਗਾ ਸਮਝਿਆ ਜੋ ਕਿ ਉਨ੍ਹਾਂ ਦੇ ਵਿਚਾਰ ਵਿਚ, ਇਤਨੇ ਵੱਡੇ ਵਿਵਾਦਪੂਰਨ ਵਿਸ਼ੇ ਤੇ ਦੋਵਾਂ ਕੌਮਾਂ ਦੇ ਭਾਗ ਤੇ ਸਹੀ ਕੋਸ਼ਿਸ ਸੀ ਅਤੇ "ਵੱਡੀ ਕੌਮ ਦੇ ਪੱਖ ਤੇ ਘੱਟੋ ਘੱਟ ਉਨ੍ਹਾਂ ਨੇ ਤੁਰੰਤ ਹਿੱਤਾਂ ਨੂੰ ਸਰਬਸੰਮਤੀ ਤੇ ਸੰਗਠਿਤ ਰਾਜਨੀਤਿਕ ਪ੍ਰਗਤੀ ਦੇ ਮੰਤਵ ਲਈ ਅਧੀਨ ਕਰਨਾ ਸੀ।" ਪ੍ਰੰਤੂ ਇਹ ਕਹਿਣਾ ਠੀਕ ਨਹੀਂ ਕਿ ਭਾਰਤ ਸਰਕਾਰ ਜਾਂ ਕੋਈ ਹੋਰ ਸ਼ਕਤੀ ਇਹ ਵਿਚਾਰ ਰੱਖਦੀ ਹੈ ਕਿ ਮੁਸਲਮਾਨਾਂ ਦੀ ਪ੍ਰਤੀਨਿਧਤਾ ਦੇ ਪ੍ਰਸ਼ਨ ਤੇ ਉਨ੍ਹਾਂ ਦੀ ਸਥਿਤੀ ਕੇਵਲ ਕਾਂਗਰਸ ਲੀਗ ਦੁਆਰਾ ਆਪਸੀ ਗਲਬਾਤ ਰਾਹੀਂ ਲਏ ਗਏ ਫੈਸਲੇ ਨੂੰ ਦਰਜ ਕਰਨ ਵਾਲੀ ਹੈ ।ਅਸਲ ਵਿਚ ਸਰ ਵਿਲੀਅਮ ਵਿਨਸੈਂਟ ਇਹ ਕਥਨ ਕਰਦੇ ਹੋਏ ਬਹੁਤ ਚਿੰਤਤ ਸਨ ਕਿ "ਇਸ ਮਸਲੇ ਵਿਚ (ਭਾਰਤ ਸਰਕਾਰ) (ਆਪਣੀ) ਜ਼ਿੰਮੇਵਾਰੀ ਪਾਰਲੀਮੈਂਟ ਤੋਂ ਦੂਸਰੇ ਹੱਥਾਂ ਨੂੰ ਅਧਿਕ੍ਰਿਤ ਨਹੀਂ ਕਰ ਸਕਦੀ।"

93. ਬੰਬਈ ਸਰਕਾਰ ਦੁਆਰਾ ਅਪਣਾਇਆ ਗਿਆ ਵਤੀਰਾ ਖਤਰਨਾਕ ਹੈ, ਕਿਉਂਕਿ ਉਹ ਇਹ ਮੰਨਦੇ ਹੋਏ ਕਿ ਗਲਤੀ ਹੋ ਚੁੱਕੀ ਹੈ, ਇਸਨੂੰ ਸੁਧਾਰਨ ਦੀ ਜ਼ਿੰਮੇਵਾਰੀ ਲੈਣ ਤੋਂ ਇਨਕਾਰ ਕਰਦੀ ਹੈ। ਮੈਂ ਇਸ ਵਤੀਰੇ ਨੂੰ ਮਾਫ ਕੀਤੇ ਜਾਣ ਵਾਲੇ ਪਾਪ ਦੇ ਤੌਰ ਤੇ ਵੇਖਦਾ, ਜੇਕਰ ਇਹ ਗਲਤੀ ਦੇਸ਼ ਦੇ ਸੰਵਿਧਾਨਕ ਢਾਂਚੇ ਵਿਚ ਨਾ ਹੋਈ ਹੁੰਦੀ। ਪਰੰਤੂ ਬਦਕਿਸਮਤੀ ਨਾਲ ਇਹ ਗਲਤੀ ਸੰਵਿਧਾਨ ਵਿਚ ਹੋਈ ਹੈ, ਅਤੇ ਇਸਦੇ ਜ਼ਿਆਦਾ ਮਹੱਤਵਪੂਰਨ ਭਾਗ ਵਿਚ ਵਾਸ ਹੋਣ ਕਰਕੇ, ਇਹ ਇਸਦੇ ਕੰਮ ਕਾਜ ਨੂੰ ਬਹੁਤ ਬੁਰੀ ਤਰ੍ਹਾ ਪ੍ਰਭਾਵਤ ਕਰਦੀ ਹੈ। ਅਜਿਹੇ ਕਿਰਦਾਰ ਦੀ ਗਲਤੀ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਸੰਵਿਧਾਨਿਕ ਘਾੜਤ ਵਿਚ ਇਕ ਗਲਤੀ ਪੂਰੀ ਕੌਮ ਨੂੰ ਅਤੇ ਇਸ ਦੇ ਹਰੇਕ ਹਿੱਸੇ ਨੂੰ ਸਿੱਧੇ ਤੌਰ ਤੇ ਪ੍ਰਭਾਵਤ ਕਰਦੀ ਹੈ। ਇਹ ਸਰਕਾਰੀ ਜਾਂ ਨਿੱਜੀ ਬਰਬਾਦੀ ਨਾਲ ਜਾਂ ਤਬਾਹੀ ਨਾਲ, ਭਰਪੂਰ ਹੈ ਅਤੇ ਇਸਦੀ ਸੁਧਾਈ ਮੂਲੋਂ ਅਸੰਭਵ ਹੈ। ਬੰਬਈ ਦੀ ਸਰਕਾਰ ਅਮਲੀ ਰੂਪ ਵਿਚ ਮੰਨਦੀ ਹੈ ਕਿ ਸਾਰੀਆਂ ਸੰਵਿਧਾਨਕ ਸੋਧਾਂ ਅੰਤਿਮ ਹਨ ਅਤੇ ਇਹਨਾਂ ਸਾਰੀਆਂ ਨੂੰ ਮੰਨਣਾ ਚਾਹੀਦਾ ਹੈ, ਭਾਵੇਂ ਇਸਦੇ ਕੁਝ ਵੀ ਨਤੀਜੇ ਹੋਣ। ਬਿਨ੍ਹਾਂ ਸ਼ੱਕ, ਇਹ ਧਾਰਨਾ ਘਾਤਕ ਤਿਆਗ ਤੋਂ ਉਤਪੰਨ ਹੋਈ ਹੈ ਕਿ ਅਜਿਹੇ ਮਸਲਿਆਂ ਵਿਚ ਅਸੀਂ ਤਬਾਹੀ ਦੇ ਕਗਾਰ ਵਲ ਜਾਂਦੇ ਇਕ ਨਿਸ਼ਚਤ ਰਸਤੇ 'ਤੇ ਅਸੀਂ ਇਕ ਗੈਰ-ਜ਼ਿੰਮੇਵਾਰ ਸ਼ਕਤੀ ਦੁਆਰਾ ਧਕੇਲੇ ਜਾਂਦੇ ਹਾਂ। ਪ੍ਰੰਤੂ ਮੈਨੂੰ ਇਹ ਜਾਣ ਕੇ ਖੁਸ਼ੀ ਹੈ ਕਿ ਭਾਰਤ ਸਰਕਾਰ ਨੇ ਸੰਧੀ ਨੂੰ ਸਵੀਕਾਰ ਕਰਦੇ ਹੋਏ, ਇਹ ਨਹੀਂ ਸਵੀਕਾਰ ਕੀਤਾ ਕਿ ਇਸ ਦੀਆਂ ਸ਼ਰਤਾਂ ਜਿਵੇਂ ਕਿ ਇਹ ਐਕਟ ਵਿਚ ਹਨ, ਅਪਰੀਵਰਤਿਤ ਰਹਿਣੀਆਂ ਚਾਹੀਦੀਆਂ ਹਨ। ਮਸਲੇ ਨੂੰ ਸੰਦੇਹਪੂਰਨ ਰਹਿਣ ਦੇਣ ਦੀ ਬਜਾਇ, ਉਨ੍ਹਾਂ ਨੇ ਇਸਨੂੰ ਸਪਸ਼ਟ ਕੀਤਾ ਕਿ ਪ੍ਰਬੰਧ ਪਹਿਲੇ ਸਟੈਚਯੂਟਰੀ ਕਮਿਸ਼ਨ ਤੋਂ ਅਗਾਂਹ ਵੱਧਣ ਦਾ ਨਹੀਂ ਸੀ। ਸਾਊਥਬਰੋ ਕਮੇਟੀ ਦੀ ਰਿਪੋਰਟ ਤੋਂ ਆਪਣੇ ਪੱਤਰ ਵਿਚ ਉਨ੍ਹਾਂ ਕਿਹਾ ਕਿ "ਇਸਤੋਂ ਪਹਿਲਾਂ ਕਿ ਅਸੀਂ ਰਿਪੋਰਟ ਤੇ ਵਿਸਥਾਰਪੂਰਨ ਵਿਚਾਰ ਕਰੀਏ, ਇਕ ਮੁਢਲਾ ਪ੍ਰਸ਼ਨ ਜਿਸਦੀ ਕੁਝ ਮਹੱਤਤਾ ਹੈ, ਪੈਦਾ ਹੁੰਦਾ ਹੈ। ਜਿਵੇਂ ਕਿ ਤੁਸੀਂ ਵੇਖੋਗੇ, ਕਮੇਟੀ ਦਾ ਕੰਮ ਕਿਸੇ ਵੀ ਸੀਮਾ ਤੱਕ ਸਿਧਾਂਤਾਂ ਦੀ ਸਥਾਪਨਾ ਵਲ ਨਿਰਦੇਸ਼ਤ ਨਹੀਂ ਹੈ। ਵੱਖ-ਵੱਖ ਮੁਸਕਲਾਂ ਜੋ ਉਨ੍ਹਾ ਦੇ ਸਾਹਮਣੇ ਆਈਆਂ, ਉਨ੍ਹਾ ਤੇ ਵਿਚਾਰ ਕਰਦੇ ਹੋਏ ਉਨ੍ਹਾਂ ਨੇ ਆਪਣੇ ਸੁਝਾਂਵਾਂ ਨੂੰ ਆਮ ਦਲੀਲਾਂ ਤੇ ਆਧਾਰਤ ਕਰਨ ਦੀ ਬਜਾਇ, ਉਨ੍ਹਾ ਨੇ ਆਮ ਤੌਰ ਤੇ ਇਕ ਸਮਝੌਤੇ ਤੇ ਪੁੱਜਣ ਦੀ ਕੋਸ਼ਿਸ਼ ਕੀਤੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕੇਵਲ ਸਮੇਂ ਦੀਆਂ ਲੋੜਾਂ ਨੇ ਉਨ੍ਹਾਂ ਲਈ ਕਿਸੇ ਵੀ ਹੋਰ ਰਸਤੇ ਨੂੰ ਮੁਸ਼ਕਲ ਬਣਾ ਦਿੱਤਾ। ਪਰੰਤੂ ਉਨ੍ਹਾਂ ਦੀ ਤਜਵੀਜ਼ ਨੂੰ ਨਜਿੱਠਣ ਵਿਚ ਸਾਨੂੰ ਆਪਣੇ-ਆਪ ਨੂੰ ਇਹ ਪ੍ਰਸ਼ਨ ਪੁੱਛਣਾ ਪਵੇਗਾ ਕਿ ਅਜਿਹੀਆਂ ਵਿਉਤਾਂ ਦੇ ਸਿੱਟੇ ਕਿਸੇ ਵੀ ਮਿਕਦਾਰ ਵਿਚ ਸਥਾਈ ਹੋ ਸਕਦੇ ਹਨ, ਬਦਲਣ ਲਈ ਭਾਵੇਂ ਕੋਈ ਵੀ ਮਸ਼ੀਨਰੀ ਹੋਵੇ ਫਿਰ ਵੀ ਸਾਨੂੰ ਇਸ ਅਮਲੀ ਪ੍ਰਸ਼ਨ ਦਾ ਸਾਹਮਣਾ ਕਰਨਾ ਪਵੇਗਾ

ਕਿ ਭਾਰਤ ਵਿਚ ਸਥਾਪਿਤ ਪਹਿਲੀ ਚੋਣ ਪ੍ਰਣਾਲੀ ਕਦੋਂ ਤੱਕ ਚਲੇਗੀ । ਕੀ ਇਸਨੂੰ ਸ਼ੁਰੂ ਵਿਚ ਹੀ ਪ੍ਰਾਂਤਕ ਵਿਧਾਨ ਮੰਡਲਾਂ ਦੀ ਇੱਛਾ ਅਨੁਸਾਰ ਬਦਲਿਆ ਜਾਏਗਾ ਜਾਂ ਕਿ ਘਟੋ ਘਟ ਪਹਿਲੇ ਸਟੈਚਯੂਟਰੀ ਕਮਿਸ਼ਨ ਦੀ ਸਥਾਪਨਾ ਤੱਕ ਇਸਨੂੰ ਅਪਰੀਵਰਤਿਤ ਰਹਿਣ ਦਿੱਤਾ ਜਾਏਗਾ ।ਦੋਹਾਂ ਪੱਖਾਂ ਦੇ ਹੱਕ ਵਿਚ ਕੁਝ ਵਜ਼ਨਦਾਰ ਦਲੀਲਾਂ ਹਨ । ਜ਼ਿੰਮੇਵਾਰੀ ਦੇ ਵਿਕਾਸ ਦੇ ਹਿੱਤ ਵਿਚ ਇਹ ਲੋੜੀਂਦਾ ਨਹੀਂ ਹੈ ਕਿ ਨਿਸ਼ਚਤ ਅਨੁਪਾਤ ਵਿਚ ਵਖ ਵਖ ਹਿੱਤਾਂ ਦੀ ਪ੍ਰਤੀਨਿਧਤਾ ਟਿਕੀ ਰਹੇ। ਜਿੰਨਾ ਜ਼ਿਆਦਾ ਸਮਾਂ ਵੱਖ ਵੱਖ ਸ੍ਰੇਣੀਆਂ ਅਤੇ ਫਿਰਕਿਆਂ ਦੇ ਚੋਣ ਹਲਕਿਆਂ ਨੂੰ ਨਿਸ਼ਚਤ ਮਾਤਰਾ ਵਿਚ ਪਿਆ ਰਹਿਣ ਦਿੱਤਾ ਗਿਆ, ਪ੍ਰਤੀਨਿਧਤਾ ਦੇ ਆਮ ਢੰਗ ਵੱਲ ਤਰੱਕੀ ਕਰਨੀ ਉਤਨੀ ਹੀ ਕਠਿਨ ਹੋ ਜਾਵੇਗੀ ।ਦੂਸਰੇ ਪਾਸੇ, ਇਨ੍ਹਾ ਦੀ ਸੋਧ ਲਈ ਲਗਾਤਾਰ ਯਤਨ ਕਰਦੇ ਰਹਿਣਾ ਵੀ ਠੀਕ ਨਹੀਂ ਹੈ ।" ਇਹ ਕਮਿਸ਼ਨ ਨੂੰ ਦਸਣਾ ਚਾਹੀਦਾ ਹੈ ਕਿ ਕੀ ਇਸ ਗਲਤੀ ਨੂੰ ਜੀਵਤ ਰਖਿਆ ਜਾਏਗਾ ।ਮੈਨੂੰ ਆਸ ਹੈ ਕਿ ਕਮਿਸ਼ਨ ਨਾ ਕੇਵਲ ਕਹੇਗਾ, ਠੀਕ ਹੈ, ਅਸੀਂ ਫਿਰਕੂ ਪ੍ਰਣਾਲੀ ਦੇ ਸਿਧਾਂਤ ਤੇ ਇਤਰਾਜ਼ ਦੀ ਸ਼ਕਤੀ ਨੂੰ ਪੂਰੀ ਤਰ੍ਹਾਂ ਮਹਿਸੂਸ ਕਰਦੇ ਹਾਂ ।ਪਰੰਤੂ ਅਸੀਂ ਕੁਝ ਨਹੀਂ ਕਰ ਸਕਦੇ ਕਿਉਂਕਿ ਭਾਰਤ ਨੇ ਜ਼ਿੰਮੇਵਾਰ ਸਰਕਾਰ ਲਈ ਆਪਣਾ ਰਸਤਾ ਖੁਦ ਚੁਣਿਆ ਹੈ ।" ਕਿਉਂ ਜੋ ਕਮਿਸ਼ਨ ਮਹਿਸੂਸ ਕਰੇਗਾ ਕਿ ਸਹੀ ਰਸਤਾ ਦਿਖਾਉਣਾ ਅਤੇ ਉਸ ਉਪਰ ਭਾਰਤ ਦੀ ਰਹਿਨੁਮਾਈ ਕਰਨਾ, ਇਸਦਾ ਫਰਜ਼ ਹੈ, ਜੋ ਸਹੀ ਗੱਲ ਦੇ ਇਮਾਨਦਾਰੀ ਨਾਲ ਨਿਰੀਖਣ ਕਰਨ ਵਿਚੋਂ ਹੀ ਉਤਪੰਨ ਨਹੀਂ ਹੁੰਦਾ, ਸਗੋਂ ਇਹ ਬ੍ਰਿਟਿਸ਼ ਅਧਿਕਾਰੀ ਜੋ ਇਸ ਗਲਤ ਰਸਤੇ ਨੂੰ 1909 ਵਿਚ ਦਰਸਾਉਣ ਲਈ ਮੁਢਲੇ ਤੌਰ ਤੇ ਜ਼ਿੰਮੇਵਾਰ ਸਨ, ਦੀ ਨੈਤਿਕ ਜ਼ਿੰਮੇਵਾਰੀ ਤੋਂ ਵੀ ਉਤਪੰਨ ਹੁੰਦਾ ਹੈ ।

ਅਧਿਆਏ 5

ਦੂਜਾ ਸਦਨ

94. ਮੇਰੇ ਸਾਥੀਆਂ ਨੇ ਇਸ ਪ੍ਰੈਜੀਡੈਂਸੀ ਦੇ ਵਿਧਾਨ ਮੰਡਲ ਦੇ ਭਾਗ ਵਜੋਂ ਦੂਜੇ ਸਦਨ ਦੀ ਸੰਸਥਾ ਦੀ ਸਿਫਾਰਸ਼ ਕੀਤੀ ਹੈ ਅਤੇ ਇਸਦੇ ਸੰਵਿਧਾਨ ਲਈ ਢਾਂਚੇ ਦਾ ਸੁਝਾਉ ਦਿੱਤਾ ਹੈ ।ਮੈਨੂੰ ਡਰ ਹੈ ਕਿ ਮੇਰੇ ਸਾਥੀਆਂ ਨੇ ਇਸਨੂੰ ਬਚਾਉਣ ਨਾਲ ਸੰਬੰਧਤ ਕਠਿਨਾਈਆਂ ਤੇ ਉਚਿਤ ਵਿਚਾਰ ਨਹੀਂ ਕੀਤਾ। ਸੰਰਚਨਾ ਦੇ ਮਾਮਲੇ ਵਿਚ, ਦੂਜਾ ਸਦਨ, ਜੇਕਰ ਬਣਾਉਣਾ ਜ਼ਰੂਰੀ ਹੋਵੇ, ਪਹਿਲੇ ਸਦਨ ਤੋ ਭਿੰਨ ਹੋਣਾ ਚਾਹੀਦਾ ਹੈ। ਇਸਦੀਆਂ ਸ਼ਕਤੀਆਂ ਅਜਿਹੀਆਂ ਹੋਣੀਆਂ ਚਾਹੀਦੀਆਂ ਹਨ ਕਿ ਦੂਸਰਾ ਸਦਨ ਪਹਿਲੇ ਸਦਨ ਵਲੋਂ ਰੁਕਾਵਟ ਪਾਏ ਬਗੈਰ ਕੰਮ ਕਰ ਸਕੇ ।ਅਜਿਹੇ ਦੂਸਰੇ ਸਦਨ ਦਾ ਗਠਨ ਕਰਨਾ ਹੈ, ਜੋ ਇਹ ਦੋਵੇਂ ਸ਼ਰਤਾਂ ਪੂਰੀਆਂ ਕਰਦਾ ਹੋਵੇ , ਮੈਨੂੰ ਬਹੁਤ ਮੁਸ਼ਕਲ ਜਾਪਦਾ ਹੈ ।ਨਾਮਜ਼ਦ ਕੀਤੇ ਹੋਏ ਦੂਸਰੇ ਸਦਨ ਦਾ ਤਾਂ ਸਵਾਲ ਹੀ ਨਹੀਂ ਉਠਦਾ।

ਨਾਮਜ਼ਦ ਕੀਤੇ ਦੂਜੇ ਸਦਨ ਦੀ ਸਥਾਪਨਾ ਦੇ ਵਿਰੁੱਧ ਕੈਨੇਡਾ ਦੀ ਸੈਨੇਟ ਇਕ ਸਥਾਈ ਚੇਤਾਵਨੀ ਫੈਸਲਿਆਂ ਲਈ ਸਤਿਕਾਰ ਹਾਸਲ ਕਰਨ ਲਈ ਲੋਕਾਂ ਦੁਆਰਾ ਚੁਣੇ ਗਏ ਸਦਨ ਵਾਲੀ ਨੈਤਿਕ ਸ਼ਕਤੀ ਨਹੀਂ ਰੱਖ ਸਕਦੀ । ਨਾ ਹੀ ਇਸ ਕੋਲ ਲੋਕਾਂ ਦੁਆਰਾ ਚੁਣੇ ਗਏ ਸਦਨ ਵਾਲੀ ਨਿਰਣੈ ਦੇਣ ਦੀ ਆਜ਼ਾਦੀ ਹੈ ਕਿ ਉਹ ਉਸ ਕਾਰਜਕਾਰਨੀ ਦੇ ਕੰਮਕਾਰ ਤੇ ਪੁਨਰ ਵਿਚਾਰ ਕਰੇਗਾ ਜਿਸਨੇ ਕਿ ਇਸਦੀ ਸਥਾਪਨਾ ਕੀਤੀ ਹੈ , ਕਿਉਂਕਿ ਇਹ ਹੀ ਕਾਰਜਕਾਰਨੀ ਇਸਨੂੰ ਹੋਂਦ ਵਿਚ ਲਿਆਉਂਦੀ ਹੈ । ਜੇਕਰ ਦੂਸਰਾ ਸਦਨ ਚੁਣਿਆ ਜਾਣ ਵਾਲਾ ਸਦਨ ਹੋਵੇ, ਫਿਰ ਉਸਦਾ ਕੰਮਕਾਰ ਉਨ੍ਹਾਂ ਦੇ ਆਪੋ-ਆਪਣੇ ਮਤ ਅਧਿਕਾਰ, ਚੁਣੇ ਜਾਣ ਦੇ ਸਮੇਂ ਅਤੇ ਉਨ੍ਹਾਂ ਦੀਆਂ ਸ਼ਕਤੀਆਂ ਉਤੇ ਨਿਰਭਰ ਕਰਕੇ , ਉਨ੍ਹਾਂ ਦੀ ਪਹਿਲੀ ਮਰਜ਼ੀ ਅਨੁਸਾਰ, ਬੜੀ ਸਰਲਤਾ ਪੂਰਵਕ ਚਲੇਗਾ। ਜੇਕਰ ਦੂਸਰਾ ਸਦਨ ਸੀਮਤ ਮਤ-ਅਧਿਕਾਰ ਦੇ ਆਧਾਰ ਤੇ ਚੁਣਿਆ ਜਾਂਦਾ ਹੈ ਤਾਂ ਇਹ ਯਕੀਨੀ ਹੈ ਕਿ ਅਮੀਰਸ਼ਾਹੀ ਵਿਚੋਂ ਛੋਟੇ ਛੋਟੇ ਗੁੱਟਾਂ ਨੂੰ ਪੈਦਾ ਕਰਕੇ ਇਕ ਪ੍ਰਸ਼ਾਸਨਿਕ ਸ਼੍ਰੇਣੀ ਵਿਚ ਪ੍ਰੀਵਰਤਿਤ ਕਰੇਗਾ, ਜਿਨ੍ਹਾਂ ਦੇ ਹੱਥ ਵਿਚ ਲੋਕਾਂ ਦੀ ਕਿਸਮਤ ਦਾ ਫੈਸਲਾ ਕਰਨ ਦਾ ਵਿਸ਼ੇਸ਼ ਅਧਿਕਾਰ ਹੋਵੇਗਾ । ਅਜਿਹਾ ਦੂਸਰਾ ਸਦਨ, ਇਕ ਸੋਧ ਨਾ ਕਰਨਾ ਵਾਲਾ ਸਦਨ ਹੋਣ ਤੋਂ ਦੂਰ, ਹੇਠਲੇ ਸਦਨ ਦੀ ਕਲਪਿਤ ਤੇਜ਼-ਤਰਾਹੀ ਉਪਰ ਰੋਕ ਲਾਉਣ ਦੀ ਥਾਂ, ਇਕ ਅਜਿਹਾ ਸਦਨ ਹੋਵੇਗਾ ਜੋ ਆਮ ਰੂਪ ਵਿਚ ਸੁਧਾਰ ਕਰਨ ਦੀ ਬਜਾਇ , ਨਿਹਿਤ ਹਿਤਾਂ ਦੇ ਲਾਭ ਲਈ ਕੰਮ ਕਰੇਗਾ । ਇਹ ਰੂੜੀਵਾਦੀ ਪ੍ਰਸ਼ਾਸ਼ਨ ਅਧੀਨ ਸਿਥਿਲ ਹੋ ਸਕਦਾ ਹੈ ਅਤੇ ਇਹ ਕੇਵਲ ਗਰਮ-ਖਿਆਲ ਪ੍ਰਸ਼ਾਸਨ ਅਧੀਨ ਹੀ ਸਤਰਕ ਰਹਿ ਸਕਦਾ ਹੈ । ਜਦੋਂ ਇਸ ਵਲੋਂ ਸੰਸ਼ੋਧਨ ਕਰਨਾ ਲੋੜੀਂਦਾ ਹੋਵੇ , ਇਹ ਇਨਕਾਰ ਕਰ ਦੇਵੇਗਾ ਅਤੇ ਜਦੋਂ ਇਸ ਦੁਆਰਾ ਇਨਕਾਰ ਕਰਨਾ ਲੋੜੀਂਦਾ ਹੋਵੇ ਇਹ ਸੰਸ਼ੋਧਨ ਕਰੇਗਾ ਅਤੇ ਸ਼ਾਇਦ ਰੁਕਾਵਟ ਵੀ ਪਾਵੇਗਾ । ਜੇਕਰ ਦੋਵੇਂ ਸਦਨ ਇਕ ਤਰ੍ਹਾਂ ਦੇ ਮਤ-ਅਧਿਕਾਰ ਦੇ ਆਧਾਰ ਤੇ ਚੁਣੇ ਜਾਂਦੇ ਹਨ, ਫਿਰ ਦੂਸਰਾ ਪਹਿਲੇ ਦਾ ਕੇਵਲ ਪ੍ਰਤੀਰੂਪ ਹੋਵੇਗਾ ਅਤੇ ਬਿਲਕੁਲ ਫਜ਼ੂਲ ਹੋਵੇਗਾ । ਇਹ ਸਿੱਟਾ ਫਿਰ ਵੀ ਨਿਕਲ ਸਕਦਾ ਹੈ ' ਜੇਕਰ ਦੂਸਰਾ ਸਦਨ ਪਹਿਲੇ ਦੇ ਨਾਲ ਇਕੋ ਸਮੇਂ ਚੁਣਿਆ ਜਾਂਦਾ । ਇਸਤੋਂ ਉਲਟ ਜੇਕਰ ਦੂਸਰਾ ਸਦਨ ਪਹਿਲੇ ਨਾਲੋਂ ਵੱਖਰੇ ਸਮੇਂ ਤੇ ਚੁਣਿਆ ਜਾਂਦਾ ਹੈ, ਫਿਰ ਇਹ ਲਾਜ਼ਮੀ ਤੌਰ ਤੇ ਕਾਰਜਕਾਰਨੀ ਨੂੰ ਨਾ-ਕਮਜ਼ੋਰ ਕਰਕੇ ਇਸਦੀ ਨਿਪੁੰਨਤਾ ਨੂੰ ਘੱਟ ਕਰੇਗਾ । ਕਿਉਂ ਜੋ ਇਹ ਇਕ ਸਹੀ ਨੀਤੀ ਨਿਰਧਾਰਣ ਲਈ ਇਕ ਰੁਕਾਵਟ ਹੋਵੇਗਾ ਅਤੇ ਕਾਰਜਕਾਰਣੀ ਦੀ ਨੀਤੀ ਵਿਚ ਇਕ ਅਜਿਹੀ ਪ੍ਰਬਲ ਰੁਕਾਵਟ ਖੜ੍ਹੀ ਕਰ ਸਕਦਾ ਹੈ ਜੋ ਕਿ ਲਗਾਤਾਰ ਆਮ ਚੋਣਾਂ ਵੱਲ ਲਿਜਾ ਸਕਦੀ ਹੈ । ਜੇਕਰ ਦੋਵੇਂ ਸਦਨ ਸ਼ਕਤੀਆਂ ਵਿਚ ਬਰਾਬਰ ਹੋਣ ਵਿਚ ਅੜਚਨਾਂ ਖੜੀਆਂ ਹੋਣੀਆਂ ਜ਼ਰੂਰੀ ਹਨ ਅਤੇ ਸਾਰੀਆਂ ਅੜਚਨਾਂ ਦਾ ਨਾ ਟਾਲਿਆ ਜਾਣ ਵਾਲਾ ਸਿੱਟਾ, ਜੇਕਰ ਝਗੜੇ ਵਾਲੇ ਸਿਧਾਂਤ ਦਾ ਪੂਰਾ ਤਿਆਗ ਨਹੀਂ ਤਾਂ ਨਾ ਖੁਸ਼ ਗਵਾਰ ਸਮਝੌਤਾ ਹੈ । ਇਸਤੋਂ

ਉਲਟ ਜੇਕਰ ਦੂਸਰੇ ਸਦਨ ਦੀਆਂ ਸ਼ਕਤੀਆਂ ਪਹਿਲੇ ਸਦਨ ਦੀਆਂ ਸ਼ਕਤੀਆਂ ਨਾਲੋਂ ਘੱਟ ਹੋਣ, ਫਿਰ ਇਹ ਪਹਿਲੇ ਸਦਨ ਦੀ ਅਨੁਮਾਨਿਤ ਤੇਜ਼ ਰਫਤਾਰ ਤੇ ਕਾਬੂ ਪਾਉਣ ਦੇ ਯੋਗ ਨਹੀਂ ਹੋਵੇਗਾ ਅਤੇ ਇੰਜ ਆਪਣੇ ਜੀਵਨ ਦਾ ਮਕਸਦ ਪੂਰਾ ਕਰਨ ਵਿਚ ਅਸਫਲ ਰਹੇਗਾ ।

95. ਦੂਸਰੇ ਸਦਨ ਦੀ ਸਥਾਪਨਾ ਦਾ ਢਾਂਚਾ ਤਿਆਰ ਕਰਨ ਵਿਚ ਮੇਰੇ ਸਾਥੀਆਂ ਨੇ ਇਨ੍ਹਾਂ ਸਾਰੀਆਂ ਕਠਿਨਾਈਆਂ ਨੂੰ ਅੱਖੋਂ ਉਹਲੇ ਕੀਤਾ ਹੈ । ਅਜਿਹਾ ਕਰਦੇ ਹੋਏ ਉਨ੍ਹਾਂ ਨੇ ਦੂਜੇ ਸਦਨ ਦੀ ਸੰਰਚਨਾ ਕੀਤੀ ਹੈ ਜਿਸ ਵਿਚ ਮੈਂ ਇਹ ਕਹਿ ਸਕਦਾ ਹਾਂ ਕਿ ਸਾਰੇ ਔਗੁਣ ਹਨ ਅਤੇ ਕੋਈ ਵੀ ਖੁਸ਼ੀ ਨਹੀਂ , ਜੋ ਕਿ ਦੂਸਰੇ ਸਦਨ ਕੋਲ ਹੋਣੀ ਚਾਹੀਦੀ ਹੈ । ਦੂਸਰੇ ਸਦਨ ਦੀ ਪ੍ਰੌੜਤਾ ਕਰਦੇ ਹੋਏ ਮੈਨੂੰ ਇੰਜ ਲਗਦਾ ਹੈ, ਜਿਵੇਂ ਕਿ ਮੇਰੇ ਸਾਥੀਆਂ ਨੇ ਖਪਤੀ ਮਨੋਵਿਗਿਆਨ ਨੂੰ ਅਪਣਾਇਆ ਹੈ । ਇਤਿਹਾਸਕ ਸਮੇਂ ਵਿਚ ਦੂਸਰੇ ਸਦਨ ਦੀ ਆਮ ਹੋਂਦ ਨੇ ਰਾਜਨੀਤਿਕ ਵਿਗਿਆਨ ਦੇ ਇਸ ਮੱਤ ਨੂੰ ਉਭਾਰਿਆ ਹੈ ਕਿ ਦੂਸਰਾ ਸਦਨ ਲੋਕਪ੍ਰਿਯ ਸਰਕਾਰ ਦੀ ਜ਼ਰੂਰੀ ਸੰਗਤ ਹੈ । ਪਰੰਤੂ ਇਹ ਭੁਲਿਆ ਜਾ ਚੁਕਿਆ ਹੈ ਕਿ ਦੋ ਸਦਨੀ ਪ੍ਰਣਾਲੀ ਜਿਸਦਾ ਜਨਮ ਇੰਗਲੈਂਡ ਵਿਚ ਹੋਇਆ ਸੀ ਕੇਵਲ ਇਕ ਇਤਿਹਾਸਕ ਦੁਰਘਟਨਾ ਸੀ । ਵੱਡੇ ਦੇਸ਼ਾਂ ਦੀ ਛੋਟੇ ਦੇਸ਼ਾਂ ਵਲੋਂ ਨਕਲ ਕਰਨ ਦੇ ਸਿੱਟੇ ਵੱਜੋਂ, ਇਸਨੇ ਦੂਸਰੇ ਦੇਸ਼ਾਂ ਦੇ ਸੰਵਿਧਾਨਾਂ ਵਿਚ ਸਥਾਨ ਹਾਸਲ ਕੀਤਾ ਅਤੇ ਲੋਕਪ੍ਰਿਯ ਸਦਨ ਦੀ ਤੇਜ਼ ਰਫਤਾਰ ਤੇ ਰੋਕ ਲਗਾਉਣ ਵਾਲਾ ਗੁਣ ਇਸਤੇ ਨਾ ਮੜ੍ਹਣਾ ਵਿਆਪਕ ਸਚਾਈ ਨੂੰ ਠੀਕ ਠਹਿਰਾਉਣ ਲਈ ਮਨੁਖੀ ਦਿਮਾਗ ਦੀ ਬਾਅਦ ਦੀ ਖੋਜ ਹੈ । ਪਰੰਤੂ ਇਹ ਨੋਟ ਕੀਤਾ ਜਾਣਾ ਜ਼ਰੂਰੀ ਹੈ ਕਿ ਦੂਸਰੇ ਸਦਨ ਵਿਚ ਵਿਸ਼ਵਾਸ ਬਾਅਦ ਵਿਚ ਘਟਦਾ ਗਿਆ ਹੈ ਅਤੇ ਯੁੱਧ ਤੋਂ ਪਹਿਲਾਂ ਦੇ ਸੰਵਿਧਾਨ ਜਿਵੇਂ ਕਿ ਕੈਨੇਡਾ ਅਤੇ ਦੱਖਣੀ ਅਫਰੀਕਾ ਅਤੇ ਕਈ ਯੁਧ ਤੋਂ ਪਿਛੋਂ ਸੰਵਿਧਾਨਾਂ ਜਿਵੇਂ ਕਿ ਲਾਤਵੀਅ , ਲਿਥੁਆਨੀਆ, ਇੰਸਤੋਨੀਆ ਅਤੇ ਯੂਗੋਸਲਾਵੀਆ ਆਦਿ ਨੇ ਦੂਸਰੇ ਸਦਨ ਤੋਂ ਬਿਨਾਂ ਕੰਮ ਚਲਾਇਆ ਹੈ । ਇਹ ਪ੍ਰਤੀਕਰਮ ਵੱਧ ਰਹੀ ਧਾਰਨਾ ਦੁਆਰਾ ਆਇਆ ਹੈ ਕਿ ਸਰਕਾਰ ਨੂੰ ਉਸਦੇ ਢਾਂਚੇ ਦੀ ਸਿਧਾਈ ਤੋਂ ਨਹੀਂ ਪਰਖਿਆ ਜਾ ਸਕਦਾ, ਪਰੰਤੂ ਇਸਦੀਆਂ ਵਿਹਾਰਕ ਪ੍ਰਾਪਤੀਆਂ ਦੁਆਰਾ, ਅਸਲੀ ਸੇਵਾ ਜੋ ਇਹ ਕੌਮ ਨੂੰ ਮੁਹੱਈਆ ਕਰਦੀ ਹੈ, ਉਸਦੀ ਮਿਕਦਾਰ ਤੋਂ ਅਤੇ ਭਲਾਈ ਦੀ ਮਾਤਰਾ ਜੋ ਇਕ ਰਾਸ਼ਟਰ ਨੂੰ ਸਮੁੱਚੇ ਰੂਪ ਵਿਚ ਪ੍ਰਦਾਨ ਕਰਦੀ ਹੈ, ਦੁਆਰਾ ਪਰਖਿਆ ਜਾ ਸਕਦਾ ਹੈ ।

96. ਦੂਜੇ ਸਦਨ ਦੀ ਸੰਸਥਾ ਤੇ ਉਪਯੋਗਤਾਵਾਦੀ ਨਜ਼ਰੀਏ ਤੋਂ ਝਾਤ ਮਾਰਦੇ ਹੋਏ ਮੈਂ ਇਹ ਮੰਨਣ ਤੋਂ ਇਨਕਾਰ ਕਰਦਾ ਹਾਂ ਕਿ ਇਹ ਪੁਨਰ ਵਿਚਾਰ ਕਰਨ ਵਾਲੇ ਸਦਨ ਵਜੋਂ ਕੰਮ ਕਰ ਸਕਦਾ ਹੈ । ਜੇਕਰ ਸੰਸ਼ੋਧਨ ਕਰਨ ਦਾ ਭਾਵ ਚੋਣਕਾਰਾਂ ਦੀ ਮਰਜ਼ੀ ਨੂੰ ਪ੍ਰਗਟ ਕਰਨਾ ਹੈ ਤਾਂ ਮੈਂ ਇਹ ਸਮਝਣ ਵਿਚ ਅਸਫਲ ਹਾਂ ਕਿ ਦੂਜਾ ਸਦਨ ਪਹਿਲੇ

ਸਦਨ ਨਾਲੋਂ ਚੋਣਕਾਰਾਂ ਦੀ ਮਰਜ਼ੀ ਅਨੁਸਾਰ ਸਹੀ ਨਿਰਣਾ ਕਿਵੇਂ ਦੇ ਸਕਦਾ ਹੈ। ਮੇਰਾ ਵਿਚਾਰ ਹੈ ਕਿ ਜਦੋਂ ਅਜਿਹਾ ਸਵਾਲ ਉਠਦਾ ਹੈ ਤਾਂ ਚੋਣਕਾਰ ਨਾ ਕਿ ਦੂਜਾ ਸਦਨ ਚੰਗਾ ਨਿਰਣਾਇਕ ਹੋਵੇਗਾ, ਜਦ ਤੀਕ ਅਸੀਂ ਇਹ ਅਨੁਮਾਨ ਨਾ ਲਗਾਈਏ ਕਿ ਦੂਸਰੇ ਸਦਨ ਦੇ ਮੈਂਬਰ ਆਪਣੀ ਸਥਿਤੀ ਦੇ ਗੁਣ ਕਰਕੇ ਹੇਠਲੇ ਸਦਨ ਨਾਲੋਂ ਆਪਣੀ ਵੱਡੀ ਗਿਣਤੀ ਰੱਖਦੇ ਹਨ। ਮੈਂ ਨਹੀਂ ਸਮਝਦਾ ਕਿ ਦੂਸਰੇ ਸਦਨ ਕੋਲ ਕੋਈ ਅਜਿਹਾ ਗੁਣ ਹੈ। ਅਸਲ ਵਿਚ ਦੂਜਾ ਸਦਨ ਨਾ ਕੇਵਲ ਲੋਕਪ੍ਰਿਯ ਇੱਛਾ ਨੂੰ ਸਹੀ ਰੂਪ ਵਿਚ ਭਾਂਪਣ ਲਈ ਅਸਫਲ ਹੋ ਸਕਦਾ ਹੈ, ਪਰੰਤੂ ਇਸਦੇ ਆਪਣੇ ਹਿੱਤ ਇਸਨੂੰ ਇਕ ਪਾਸੇ ਜਾਂ ਦੂਸਰੇ ਪਾਸੇ ਇਤਨਾ ਸਵਾਰਥੀ ਬਣਾ ਦੇਣਗੇ ਕਿ ਇਹ ਆਜ਼ਾਦ ਅਤੇ ਯੁਕਤੀਪੂਰਨ ਨਿਰਣੇ ਤੇ ਪਹੁੰਚਣ ਵਿਚ ਅਸਫਲ ਰਹੇਗਾ। ਇਸ ਲਈ ਇਹ ਚੰਗਾ ਹੈ, ਸੁਰੱਖਿਅਤ ਅਤੇ ਜ਼ਿਆਦਾ ਤਰਕਸ਼ੀਲ ਹੈ ਕਿ ਇਕ ਸਦਨ ਰੱਖਿਆ ਜਾਵੇ ਅਤੇ ਜਦੋਂ ਕੋਈ ਸ਼ੱਕ ਖੜਾ ਹੋ ਜਾਵੇ ਤੇ ਚੋਣਕਾਰਾਂ ਉਤੇ ਜ਼ਿੰਮੇਵਾਰੀ ਸੁੱਟ ਦਿੱਤੀ ਜਾਵੇ ਜੋ ਕਿ ਪਹਿਲੇ ਸਦਨ ਦਾ ਚੁਣਾਵ ਕਰਦੇ ਹਨ। ਇਸਤੋਂ ਇਲਾਵਾ, ਜੇਕਰ ਦੂਜੇ ਸਦਨ ਦਾ ਅੰਤਰੀਵ ਭਾਵ ਪਹਿਲੇ ਸਦਨ ਦੇ ਫੈਸਲਿਆਂ ਨੂੰ ਲਾਗੂ ਕਰਨ ਵਿਚ ਦੇਰੀ ਕਰਨਾ ਹੀ ਹੈ ਤਾਂ ਇਹ ਹੱਕ ਗਵਰਨਰ ਨੂੰ ਪਹਿਲਾਂ ਹੀ ਹਾਸਲ ਹੈ। ਕਿਉਂਕਿ ਉਹ ਕਿਸੇ ਖਾਸ ਮਸਲੇ ਨੂੰ ਜੋ ਕਿ ਵਿਧਾਨ ਮੰਡਲ ਵਲੋਂ ਪਾਸ ਕੀਤਾ ਗਿਆ ਹੋਵੇ, ਮੁੜ ਵਿਚਾਰ ਲਈ ਵਾਪਸ ਭੇਜ ਸਕਦਾ ਹੈ। ਜੇਕਰ ਵਿਧਾਨ ਮੰਡਲ ਮੁੜ ਵਿਚਾਰ ਨਹੀਂ ਕਰਦਾ ਤੇ ਇਸਨੂੰ ਮੂਲ ਰੂਪ ਵਿਚ ਹੀ ਪਾਸ ਕਰ ਦਿੰਦਾ ਹੈ ਤਾਂ ਫਿਰ ਵੀ ਗਵਰਨਰ ਇਸਨੂੰ ਵੀਟੋ ਕਰਕੇ ਰੋਕ ਸਕਦਾ ਹੈ। ਤੇ ਜੇਕਰ ਵਿਧਾਨ ਮੰਡਲ ਗਵਰਨਰ ਦੇ ਫੈਸਲੇ ਨੂੰ ਨਹੀਂ ਮੰਨਦਾ ਤਾਂ ਇਹ ਝਗੜੇ ਵਾਲੇ ਮਸਲੇ ਨੂੰ ਚੋਣਕਾਰਾਂ ਅੱਗੇ ਪੇਸ਼ ਕਰਕੇ ਸਦਨ ਨੂੰ ਬਰਖਾਸ਼ਤ ਕਰਨ ਲਈ ਮਜਬੂਰ ਕਰ ਸਕਦਾ ਹੈ। ਇਸ ਲਈ ਇਹ ਸਪਸ਼ਟ ਹੈ ਕਿ ਜੋ ਦੂਜਾ ਸਦਨ ਕਰ ਸਕਦਾ ਹੈ ਜਾਂ ਜੋ ਉਸਨੂੰ ਕਰਨਾ ਚਾਹੀਦਾ ਹੈ, ਉਹ ਵੀ ਗਵਰਨਰ ਉਸ ਕੋਲ, ਵੀਟੋ, ਵਾਪਸ ਕਰਨ ਜਾਂ ਸਦਨ ਬਰਖਾਸਤ ਕਰਨ ਦੀ ਸ਼ਕਤੀ ਹੋਣ ਦੇ ਨਾਤੇ ਕਰ ਸਕਦਾ ਹੈ। ਜੇਕਰ ਇਹ ਸਵੀਕਾਰ ਕੀਤਾ ਜਾਂਦਾ ਹੈ ਤਾਂ ਫਿਰ ਦੂਸਰਾ ਸਦਨ ਚੁਣੇ ਹੋਏ ਸਦਨ ਦਾ ਕੇਵਲ ਬੇਲੋੜਾ ਉਪਅੰਗ ਹੀ ਰਹਿ ਜਾਂਦਾ ਹੈ।

97. ਮੈਨੂੰ ਯਕੀਨ ਹੈ ਕਿ ਮੇਰੇ ਸਾਥੀ ਉਪਯੋਗਤਾਵਾਦੀ ਪੈਮਾਨੇ ਨੂੰ ਅਪਣਾਏ ਬਗੈਰ ਕਦੇ ਵੀ ਉਸ ਗੱਲ ਪਿਛੇ ਨਾ ਲਗੇ ਹੁੰਦੇ ਜੋ ਕਿ ਕੁਝ ਦੂਸਰੇ ਦੇਸ਼ਾਂ ਵਿਚ ਹੋਂਦ ਵਿਚ ਸੀ। ਜੇਕਰ ਉਨ੍ਹਾਂ ਨੇ ਇਹ ਯਕੀਨੀ ਬਣਾਇਆ ਹੁੰਦਾ ਕਿ ਉਨ੍ਹਾਂ ਦਾ ਅਨੁਮਾਨ ਕਿ ਇਕ ਇਕਹਿਰਾ ਸਦਨ ਕਾਹਲੀ ਦੇ ਅਤੇ ਮੰਦ-ਖਿਆਲੀ ਵਾਲੇ ਕਾਨੂੰਨ ਬਣਾ ਸਕਦਾ ਹੈ, ਪੱਕੀਆਂ ਲੀਹਾਂ 'ਤੇ ਆਧਾਰਤ ਹੁੰਦਾ। ਮੈਨੂੰ ਇੰਜ ਜਾਪਦਾ ਹੈ ਕਿ ਇਹ ਅਨੁਮਾਨ ਪੂਰੀ ਤਰ੍ਹਾਂ ਨਿਰਆਧਾਰ ਹੈ ਅਤੇ ਆਧੁਨਿਕ ਰਾਜਨੀਤੀ ਦੀ ਕਾਰਜ ਪ੍ਰਣਾਲੀ ਲਈ ਪੂਰੀ ਤਰ੍ਹਾਂ ਅਣਜਾਣ ਹੈ। ਕੋਈ ਵੀ ਵਿਧਾਨ ਆਧੁਨਿਕ ਸਮੇਂ ਵਿਚ ਵਿਧਾਨ ਮੰਡਲ

ਤੇ ਅਚਾਨਕ ਨਹੀਂ ਥੋਪਿਆ ਜਾ ਸਕਦਾ । ਇਸਦੇ ਉਲਟ ਹਰੇਕ ਵਿਧਾਨਕ ਤਜਵੀਜ਼ ਕਾਨੂੰਨ ਵਿਚ ਪ੍ਰੀਵਰਤਿਤ ਹੋਣ ਤੋਂ ਪਹਿਲਾਂ ਸਾਲਾਂ ਬੱਧੀ ਲੋਕਾਂ ਦੇ ਵਿਚਾਰ ਅਤੇ ਵਿਸ਼ਲੇਸ਼ਣ ਦਾ ਵਿਸ਼ਾ ਬਣੀ ਰਹਿੰਦੀ ਹੈ । ਅਸਲ ਵਿਚ, ਜੇਕਰ ਹਰੇਕ ਪ੍ਰਸਤਾਵ ਦੇ ਪੂਰਵ ਇਤਿਹਾਸ ਜੋ ਕਿ ਸੰਵਿਧਾਨ ਵਿਚ ਦਰਜ ਹੁੰਦਾ ਹੈ, ਦੀ ਜਾਂਚ ਪੜਤਾਲ ਕੀਤੀ ਜਾਵੇ ਤਾਂ ਇਸਤੋਂ ਪਤਾ ਲਗੇਗਾ ਕਿ ਵਿਚਾਰ ਦੇ ਧਾਰਨ ਕਰਨ ਅਤੇ ਇਸਦੇ ਕਾਨੂੰਨ ਬਣਨ ਵਿਚ ਜ਼ਿਆਦਾਤਰ ਅਲਪਕਾਲ ਦੀ ਬਜਾਏ ਕਾਫੀ ਲੰਬਾ ਸਮਾ ਲਗਦਾ ਹੈ । ਅਜਿਹੇ ਹਾਲਾਤ ਦੀ ਸੂਰਤ ਵਿਚ ਇਹ ਮੰਨਣਾ ਕਿ ਲੋਕਾਂ ਦੁਆਰਾ ਚੁਣਿਆ ਗਿਆ ਸਦਨ ਕਾਹਲੀ ਵਿਚ ਕਾਰਵਾਈ ਕਰਦਾ ਹੈ ਅਤੇ ਇਸਦੇ ਪਹੀਆਂ 'ਤੇ ਬਰੇਕ ਲਗਾਉਣ ਦੀ ਲੋੜ ਹੈ, ਉਸ ਬਿਮਾਰੀ ਲਈ ਨੁਸਖਾ ਲਿਖਣ ਦੀ ਤਰ੍ਹਾਂ ਹੈ ਜੋ ਕਿ ਹੋਂਦ ਵਿਚ ਹੀ ਨਾ ਹੋਵੇ।

98. ਅਸਲ ਵਿਚ ਮੇਰੇ ਸਾਥੀ ਜਿਸ ਮਕਸਦ ਪਿਛੇ ਹਨ, ਉਹ ਸੰਸ਼ੋਧਨ ਕਰਨ ਵਾਲਾ ਸਦਨ ਨਹੀਂ, ਸਗੋ ਸ਼ਾਸਨ ਕਰਨ ਵਾਲੀ ਜਾਤੀ ਹੈ । ਇਹ ਗੱਲ ਇਸਨੂੰ ਸੌਂਪੇ ਗਏ ਮੰਤਵਾਂ, ਮੱਤ-ਅਧਿਕਾਰਾਂ, ਜਿਨ੍ਹਾਂ ਤੇ ਇਸਨੂੰ ਬਣਾਉਣ ਦੀ ਮੰਗ ਕੀਤੀ ਜਾਂਦੀ ਹੈ ਅਤੇ ਸ਼ਕਤੀਆਂ ਜਿਹੜੀਆਂ ਕਿ ਇਸਨੂੰ ਦੇਣ ਦੀ ਤਜਵੀਜ਼ ਕੀਤੀ ਗਈ ਹੈ, ਤੋਂ ਸਪੱਸ਼ਟ ਹੈ । ਮੈਂ ਇਕਬਾਲ ਕਰਦਾ ਹਾਂ ਕਿ ਮੈਨੂੰ ਕੁਝ ਹੈਰਾਨੀ ਹੈ ਕਿ ਉਨ੍ਹਾਂ ਨੂੰ ਸੋਚਣਾ ਚਾਹੀਦਾ ਸੀ ਕਿ ਵਿਧਾਨ ਮੰਡਲ ਨੂੰ ਸ਼ਕਤੀਆਂ ਦੀ ਸਪੁਰਦਗੀ , ਇਨ੍ਹਾਂ ਸ਼ਕਤੀਆਂ ਦੀ ਕਿਸੇ ਖਾਸ ਕੌਮ ਜਾਂ ਹਿੱਤ ਦੇ ਵਿਰੁੱਧ ਵਰਤੋਂ ਦੀ ਸੁਰੱਖਿਆ ਵਜੋਂ ਦੂਸਰੇ ਸਦਨ ਦੀ ਸੰਸਥਾ ਦੁਆਰਾ ਇਨ੍ਹਾਂ ਨੂੰ ਨਿਯਮਤ ਕਰਨਾ ਲਾਜ਼ਮੀ ਸੀ । ਕਿਉਂਕਿ ਜਿਵੇਂ ਕਿ ਮੈਂ ਸਮਝਦਾ ਹੈ ਕਿ ਜੋ ਲੋੜ ਅਸਲ ਵਿਚ ਮਹਿਸੂਸ ਕੀਤੀ ਗਈ ਸੀ, ਉਹ ਇਹ ਨਹੀਂ ਸੀ ਕਿ ਅਸੀਂ ਅਜਿਹੇ ਸੁਧਾਰ ਲਿਆਈਏ ਜਿਸ ਵਿਚ ਕੇਂਦਰ ਜਾਂ ਰਾਜਨੀਤਿਕ ਸ਼ਕਤੀ ਦਾ ਸੰਤੁਲਨ ਅਪ੍ਰੀਵਰਤਿਤ ਰਹੇਗਾ ਅਤੇ ਪਰੰਤੂ ਇਹ ਕਿ ਕੁਝ ਸੀਮਾਵਾਂ ਅੰਦਰ ਇਹ ਚੋਰੀ ਛਿਪੇ ਲੋਕਾਂ ਦੇ ਸਮੂਹ ਦੀ ਸੇਧ ਵਿਚ ਬਦਲਿਆ ਜਾ ਸਕੇਗਾ । ਇਸ ਸ਼ਕਤੀ ਦੀ ਸਪੁਰਦਗੀ ਨੂੰ ਨਿਯੰਤਰਣ ਕਰਨ ਦੀ ਕੋਸ਼ਿਸ਼ ਇਹ ਸੁਝਾਅ ਦਿੰਦੀ ਜਾਪਦੀ ਹੈ ਕਿ ਮੇਰੇ ਸਾਥੀ ਸੋਚਦੇ ਹਨ ਕਿ ਸਭ ਤੋਂ ਵਧੀਆ ਪ੍ਰਕਾਰ ਦਾ ਰਾਜਨੀਤਿਕ ਸੁਧਾਰ ਉਹ ਹੈ, ਜੋ ਵਖ ਵਖ ਕੌਮੀਅਤਾਵਾਂ ਵਿਚਕਾਰ ਸ਼ਕਤੀ ਦੇ ਸੰਤੁਲਨ ਨੂੰ ਨਹੀਂ ਬਦਲਦਾ। ਜਿਹੜੇ ਵਿਅਕਤੀ ਇਹ ਵਿਚਾਰ ਰਖਦੇ ਹਨ, ਮੇਰੇ ਵਿਚਾਰ ਵਿਚ ਜਾਂ ਤਾਂ ਉਹ ਰਾਜਨੀਤਿਕ ਸੁਧਾਰ ਦਾ ਅਰਥ ਨਹੀਂ ਜਾਣਦੇ ਜਾਂ ਉਹ ਇਸ ਦਾ ਅਰਥ ਜਾਣਕੇ ਵੀ, ਅਜਿਹੇ ਸੁਧਾਰ ਨਹੀਂ ਚਾਹੁੰਦੇ, ਜੋ ਵਰਤਮਾਨ ਅਵਸਥਾ ਵਿਚ ਅੜਚਨ ਪਾਵੇ । ਜਿਥੋਂ ਤੱਕ ਮੇਰਾ ਸੰਬੰਧ ਹੈ, ਮੈਂ ਇਸ ਤੱਥ ਬਾਰੇ ਕੋਈ ਗਲਤੀ ਨਹੀਂ ਕਰਦਾ ਕਿ ਸਾਰੇ ਸੁਧਾਰਾਂ ਦਾ ਮੂਲ ਮੰਤਵ ਵਖ ਵਖ ਸ੍ਰੇਣੀਆਂ ਵਿਚਕਾਰ ਸ਼ਕਤੀਆਂ ਤੇ ਸੰਤੁਲਨ ਵਿਚ ਤਬਦੀਲੀ ਲਿਆਉਣਾ ਹੈ। ਜੇਕਰ ਹੇਠਲੀਆਂ ਸ੍ਰੇਣੀਆਂ ਨੂੰ ਲਾਭ ਹੁੰਦਾ ਹੈ , ਤਾਂ ਕਿਸੇ ਹੋਰ ਸ੍ਰੇਣੀ

ਨੂੰ ਨੁਕਸਾਨ ਜ਼ਰੂਰੀ ਹੈ । ਜੇਕਰ ਹਰੇਕ ਸ੍ਰੇਣੀ ਨੂੰ ਪਹਿਲਾਂ ਨਾਲੋਂ ਵੱਧ ਰਾਜਨੀਤਿਕ ਸੱਤਾ ਨਹੀਂ ਮਿਲਦੀ, ਫਿਰ ਕੋਈ ਅਸਲ ਸੁਧਾਰ ਨਹੀਂ ਹੋ ਸਕਦਾ । ਇਹ ਅਨੁਮਾਨ ਲਗਾਉਣਾ ਸਹੀ ਹੈ ਕਿ ਜਾਂ ਤਾਂ ਹੇਠਲੀਆਂ ਸ੍ਰੇਣੀਆਂ ਤੇ ਜਾਂ ਉਨ੍ਹਾਂ ਦੇ ਮਸਲੇ ਲਈ ਕੋਈ ਵੀ ਸ੍ਰੇਣੀ ਜੋ ਸੁਧਾਰ ਕਰਨ ਲਈ ਚਾਹਵਾਨ ਹੋਵੇਗੀ, ਇਸ ਪ੍ਰਸਤਾਵ ਨਾਲ ਸੰਤੁਸ਼ਟ ਹੋਵੇਗੀ ਜਾਂ ਤਾਂ ਇਸ ਕਰਕੇ ਕਿ ਇਸਨੂੰ ਰਾਜਨੀਤਿਕ ਸੁਧਾਰ ਕਿਹਾ ਜਾਂਦਾ ਹੈ ਜਾਂ ਇਸ ਲਈ ਕਿ ਇਹ ਹਰੇਕ ਚੀਜ਼ ਵਿਚ ਬਦਲਾਉ ਬਾਰੇ ਤਜਵੀਜ਼ ਕਰਦੇ ਹੋਏ ਇਹ, ਜਿਉਂ ਦੀ ਤਿਉਂ ਸਥਿਤੀ ਰੱਖਣ ਵਾਲੇ ਯਤਨ ਕਰਦੀ ਹੈ । ਸਾਫ ਸ਼ਬਦਾਂ ਵਿਚ ਇਹ ਕਹਿਣਾ ਉਪਯੁਕਤ ਹੋਵੇਗਾ ਕਿ ਰਾਜਨੀਤਿਕ ਸ਼ਕਤੀਆਂ ਦੀ ਸਪੁਰਦਗੀ ਦੀ ਯੋਜਨਾ ਇਸ ਤਰ੍ਹਾਂ ਮਜ਼ਬੂਤ ਹੋਣੀ ਚਾਹੀਦੀ ਹੈ ਕਿ ਸ਼ਕਤੀਆਂ ਦਾ ਪ੍ਰਵਾਹ ਸ੍ਰੇਣੀਆਂ ਨਾਲ ਹੀ ਰੁਕੇ ਅਤੇ ਇਹ ਲੋਕਾਂ ਤੱਕ ਨਾ ਪਹੁੰਚ ਸਕੇ । ਫਿਰ ਵੀ ਮੈਂ ਇਸਨੂੰ ਸਪਸ਼ਟ ਜ਼ਰੂਰ ਕਰਾਂਗਾ ਕਿ ਮੈਂ ਅਜਿਹੀ ਕਿਸੇ ਵੀ ਸੁਧਾਰਾਂ ਦੀ ਯੋਜਨਾ ਵਿਚ ਹਿੱਸੇਦਾਰ ਨਹੀਂ ਬਣ ਸਕਦਾ।

99. ਇਹ ਮੰਨਦੇ ਹੋਏ ਕਿ ਦੂਸਰਾ ਸਦਨ ਇਕ ਜ਼ਰੂਰਤ ਹੈ, ਇਸਦੇ ਬਣਾਉਣ ਵਿਚ ਇਕ ਬਹੁਤ ਵੱਡੀ ਅੜਚਣ ਹੈ, ਮੌਂਟੈਗੂ-ਚੈਸਫ਼ੋਰਡ ਰਿਪੋਰਟ ਦੇ ਨਿਰਮਾਤਾਵਾਂ ਨੇ 1917 ਵਿਚ ਪ੍ਰਾਂਤਾਂ ਵਿਚ ਦੂਜਾ ਸਦਨ ਸਥਾਪਤ ਕਰਨ ਦੇ ਪ੍ਰਸ਼ਨ ਤੇ ਬੜੇ ਧਿਆਨ ਨਾਲ ਵਿਚਾਰ ਕੀਤਾ ਸੀ । ਪਰੰਤੂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰਖਦੇ ਹੋਏ ਉਨ੍ਹਾਂ ਨੇ ਤਜਵੀਜ਼ ਦੇ ਵਿਰੁਧ ਫੈਸਲਾ ਕੀਤਾ । ਉਨ੍ਹਾਂ ਕਿਹਾ " ਅਸੀਂ ਇਸ ਖਿਆਲ ਦੇ ਵਿਰੁਧ ਬਹੁਤ ਗੰਭੀਰ ਵਿਹਾਰਕ ਇਤਰਾਜ਼ ਦੇਖਦੇ ਹਾਂ । ਬਹੁਤ ਸਾਰੇ ਪ੍ਰਾਂਤਾਂ ਵਿਚ ਦੋ ਸਦਨਾਂ ਲਈ ਯੋਗ ਮੈਂਬਰਾਂ ਦੀ ਉਚਿਤ ਗਿਣਤੀ ਹਾਸਲ ਕਰਨਾ ਅਸੰਭਵ ਹੋਵੇਗਾ । ਸਾਨੂੰ ਇਹ ਵੀ ਡਰ ਹੈ ਕਿ ਦੂਸਰਾ ਸਦਨ ਜੋ ਕਿ ਮੁੱਖ ਰੂਪ ਵਿਚ ਜ਼ਿਮੀਦਾਰਾਂ ਅਤੇ ਧਨਵਾਨ ਹਿੱਤਾਂ ਦਾ ਪ੍ਰਤੀਨਿਧ ਕਰਦੇ ਹੋਏ ਅਜਿਹੇ ਵਿਧਾਨ ਬਣਾਉਣ ਵਿਰੁਧ ਕਾਫੀ ਅਸਰਦਾਰ ਰੁਕਾਵਟ ਸਾਬਤ ਹੋ ਸਕਦਾ ਹੈ ਜੋ ਕਿ ਅਜਿਹੇ ਹਿੱਤਾਂ ਨੂੰ ਪ੍ਰਭਾਵਤ ਕਰੇ । ਫਿਰ, ਦੂਜੇ ਸਦਨ ਵਿਚ ਜਾਗੀਰਦਾਰਾਂ ਦੀ ਵੱਡੀ ਗਿਣਤੀ ਵਿਚ ਹਾਜ਼ਰੀ , ਉਸੇ ਸ੍ਰੇਣੀ ਦੇ ਦੂਜੇ ਮੈਂਬਰਾਂ ਨੂੰ ਚੋਣਕਾਰਾਂ ਦੀਆਂ ਵੋਟਾਂ ਹਾਸਲ ਕਰਨ ਤੋਂ ਰੋਕ ਕੇ ਮਾੜੇ ਸਿੱਟੇ ਪੈਦਾ ਕਰ ਸਕਦੀ ਹੈ । ਅਸੀਂ ਸੋਚਦੇ ਹਾਂ ਕਿ ਦੋ ਸਦਨਾਂ ਦੁਆਰਾ ਕਾਨੂੰਨ ਪਾਸ ਕਰਨ ਵਿਚ ਲਗੀ ਦੇਰੀ ਪ੍ਰਾਂਤਕ ਵਿਧਾਨ ਮੰਡਲਾਂ ਦੇ ਕੰਮ ਨੂੰ ਬਹੁਤ ਜ਼ਿਆਦਾ ਮੁਸ਼ਕਲ ਬਣਾਏਗੀ । ਇਸ ਲਈ ਅਸੀਂ ਹਾਲ ਦੀ ਘੜੀ ਪ੍ਰਾਂਤਾਂ ਲਈ ਦੋ-ਸਦਨੀ ਸੰਸਥਾ ਦੇ ਵਿਰੁਧ ਫੈਸਲਾ ਦਿੱਤਾ ਹੈ । ਦੂਸਰੇ ਸਦਨ ਲਈ 1917 ਵਿਚ ਉਠਾਇਆ ਗਿਆ ਇਤਰਾਜ਼ ਅੱਜ ਵੀ ਸਹੀ ਲਗਦਾ ਹੈ । ਮੈਨੂੰ ਯਕੀਨ ਹੈ ਕਿ ਇਸ ਪ੍ਰੈਜੀਡੈਂਸੀ ਕੋਲ ਦੋਨਾਂ ਸਦਨਾਂ ਦਾ ਕੰਮਕਾਜ ਚਲਾਉਣ ਲਈ ਉਘੇ ਵਿਅਕਤੀਆਂ ਦੀ ਉਚਿਤ ਗਿਣਤੀ ਨਹੀਂ ਹੈ। ਇਕ ਦੂਜਾ ਸਦਨ ਪਹਿਲੇ ਸਦਨ ਨੂੰ ਕਮਜ਼ੋਰ ਕਰੇਗਾ ਜਾਂ ਪਹਿਲਾ ਦੂਜੇ ਨੂੰ ਕਮਜ਼ੋਰ ਕਰੇਗਾ । ਦੋਵਾਂ

ਸਦਨਾਂ ਨੂੰ ਬਣਾਉਣ ਲਈ ਸਾਧਨ ਨਾ ਕਾਫੀ ਹਨ । ਇਨ੍ਹਾਂ ਹਾਲਤਾਂ ਅਧੀਨ ਇਹ ਹੀ ਚੰਗਾ ਹੈ ਕਿ ਦੋ ਪ੍ਰਭਾਵਸ਼ਾਲੀ ਸਦਨ ਹੋਣ ਦੀ ਬਜਾਏ ਇਕਹਿਰਾ ਸੁਯੋਗ ਸਦਨ ਹੋਵੇ । ਇਨ੍ਹਾਂ ਕਾਰਨਾਂ ਕਰਕੇ ਮੈਂ ਇਸ ਪ੍ਰੈਜੀਡੈਂਸੀ ਵਿਚ ਦੂਸਰੇ ਸਦਨ ਦੀ ਸੰਸਥਾ ਦੀ ਵਿਰੋਧਤਾ ਕਰਦਾ ਹਾਂ।

ਅਧਿਆਇ 6

ਵਿਧਾਨ ਮੰਡਲ ਦੀਆਂ ਸ਼ਕਤੀਆ

100. *ਅਧਿਅਕਸ਼ ਨੂੰ ਨਿਯੁਕਤ ਕਰਨ ਅਤੇ ਪਦਵੀ ਤੋਂ ਹਟਾਉਣ ਦੀ ਸ਼ਕਤੀ:* 1919 ਦੇ ਸੁਧਾਰਾਂ ਤੋਂ ਪਹਿਲਾਂ ਗਵਰਨਰ ਜੋ ਕਿ ਪ੍ਰਾਂਤ ਦਾ ਮੁੱਖ ਪ੍ਰਬੰਧਕ ਸੀ, ਪ੍ਰਾਂਤਕ ਵਿਧਾਨ ਮੰਡਲ ਦਾ ਅਧਿਅਕਸ਼ ਹੁੰਦਾ ਸੀ। 1919 ਵਿਚ ਹੋਏ ਪਰੀਵਰਤਨਾਂ ਦੁਆਰਾ, ਪ੍ਰਾਂਤਕ ਵਿਧਾਨ ਮੰਡਲ ਨੇ ਆਪਣੇ ਮੈਂਬਰਾਂ ਵਿਚੋਂ ਇਕ ਮੈਂਬਰ ਨੂੰ ਅਧਿਅਕਸ਼ ਵਜੋਂ ਚੁਣਨ ਲਈ ਤੇ ਉਸਨੂੰ ਪਦਵੀ ਤੋਂ ਹਟਾਉਣ ਲਈ ਅਧਿਕਾਰ ਪ੍ਰਾਪਤ ਕਰ ਲਿਆ। ਇਹ ਬਹੁਮੁੱਲਾ ਵਿਸ਼ੇਸ਼ ਅਧਿਕਾਰ ਸੀ । ਇਸ ਵਿਸ਼ੇਸ਼ ਅਧਿਕਾਰ ਦੀ ਵਰਤੋਂ ' ਤੇ ਫਿਰ ਵੀ ਕੁਝ ਰੋਕਾਂ ਲਗਾਈਆਂ ਗਈਆਂ। ਜਿਥੋਂ ਤੱਕ ਅਧਿਅਕਸ਼ ਦੀ ਚੋਣ ਅਤੇ ਉਸਦੇ ਪਦਵੀ ਤੋਂ ਹਟਾਉਣ ਦਾ ਸੰਬੰਧ ਸੀ, ਇਹ ਗਵਰਨਰ ਦੀ ਪ੍ਰਵਾਨਗੀ ਅਤੇ ਸਹਿਮਤੀ ਨਾਲ ਹੀ ਹੋ ਸਕਦੀ ਸੀ । ਇਹ ਰੋਕਾਂ ਉਸ ਸਮੇਂ ਦੀਆਂ ਬਚੀਆਂ ਖੁਚੀਆਂ ਹਨ ਜਦੋਂ ਕਾਰਜਕਾਰਨੀ, ਵਿਧਾਨ ਮੰਡਲ ਤੋਂ ਸਰਵਉਚ ਹੁੰਦੀ ਸੀ। ਇਹ ਸ਼ਰਤਾਂ ਰਾਜਾਂ ਦੇ ਸੰਵਿਧਾਨਾਂ ਵਿਚ ਨਹੀਂ ਮਿਲਦੀਆਂ । ਇਹ ਵਿਧਾਨ ਮੰਡਲ ਦੀ ਆਜ਼ਾਦੀ ਨਾਲ ਬੇਮੇਲੇ ਹਨ ਅਤੇ ਇਨ੍ਹਾਂ ਦਾ ਖਤਮ ਕੀਤਾ ਜਾਣਾ ਜ਼ਰੂਰੀ ਹੈ । ਇਹ ਮੰਨਦੇ ਹੋਏ ਕਿ ਅਧਿਅਕਸ਼ ਨੂੰ ਕਾਰਜਕਾਰਨੀ ਤੋਂ ਆਜ਼ਾਦ ਹੋਣਾ ਚਾਹੀਦਾ ਹੈ, ਸਵਾਲ ਇਹ ਹੈ ਕਿ ਉਸਨੂੰ ਨਿਆਂਪਾਲਿਕਾ ਤੋਂ ਵੀ ਆਜਾਦ ਬਣਾਇਆ ਜਾਣਾ ਚਾਹੀਦਾ ਹੈ, ਗਵਰਨਮੈਂਟ ਆਫ ਇੰਡੀਆ ਐਕਟ ਦਾ ਸੈਕਸ਼ਨ 110 ਉਨ੍ਹਾਂ ਅਧਿਕਾਰਾਂ ਅਤੇ ਮਸਲਿਆਂ ਦੇ ਬਾਰੇ ਵਿਆਖਿਆ ਕਰਦਾ ਹੈ, ਜਿਨ੍ਹਾ ਦੇ ਸੰਬੰਧ ਵਿਚ ਉਹ ਉਚ-ਅਦਾਲਤਾਂ ਦੇ ਅਧਿਕਾਰ ਖੇਤਰ ਤੋਂ ਮੁਕਤ ਹਨ। ਵਿਧਾਨ ਪ੍ਰੀਸ਼ਦ ਦਾ ਅਧਿਅਕਸ਼ ਉਨ੍ਹਾਂ ਅਧਿਕਾਰੀਆਂ ਦੀ ਸੂਚੀ ਵਿਚ ਸ਼ਾਮਲ ਨਹੀਂ ਕੀਤਾ ਗਿਆ ਜਿਹੜੇ ਇਸ ਸੁਤੰਤਰਤਾ ਨੂੰ ਮਾਣਦੇ ਹਨ । ਇਸ ਹਾਲਾਤ ਦੀ ਸੂਰਤ ਵਿਚ ਵਿਧਾਨ ਮੰਡਲ ਦਾ ਅਧਿਅਕਸ਼ ਆਪਣੀ ਸਭਾਪਤੀ ਵਜੋਂ ਕੀਤੀ ਕਾਰਵਾਈ ਲਈ ਨਿਆਂਪਾਲਿਕਾ ਦੇ ਅਧਿਕਾਰ ਖੇਤਰ ਅਧੀਨ ਆਉਂਦਾ ਹੈ। ਇਸਦਾ ਭਾਵ ਹੈ ਕਿ ਸਭਾਪਤੀ ਵਜੋਂ ਉਸ ਵਲੋਂ ਕੀਤਾ ਗਿਆ ਸੰਚਾਲਨ ਕਾਨੂੰਨ ਸਾਹਮਣੇ ਵੰਗਾਰਿਆ ਜਾ ਸਕਦਾ ਹੈ । ਇਹ ਡਰ ਹੈ ਕਿ ਇੰਜ ਕਰਨ ਨਾਲ ਕਾਨੂੰਨੀ ਲੜਾਈ ਦਾ ਖੇਤਰ ਖੁਲ੍ਹ ਜਾਵੇਗਾ ਜਿਸੋ ਨਾਲ ਵਿਧਾਨ ਮੰਡਲ ਦੇ ਕਾਰਜ ਸੰਚਾਲਨ ਵਿਚ ਬਹੁਤ ਜ਼ਿਆਦਾ ਦੇਰੀ ਹੋਣ ਦਾ ਡਰ ਹੈ । ਸਭਾਪਤੀ ਨੂੰ ਨਿਆਂਪਾਲਿਕਾ ਦੇ

ਅਧਿਕਾਰ ਖੇਤਰ ਵਿਚ ਆਉਣ ਤੋਂ ਛੋਟ ਦੇ ਕੇ ਇਸ ਮੁਸ਼ਕਲ ਦਾ ਹੱਲ ਕਰਨ ਦੀ ਮੰਗ ਕੀਤੀ ਜਾਂਦੀ ਹੈ । ਮੈਂ ਇਸ ਪਰੀਵਰਤਨ ਦੇ ਵਿਰੁਧ ਹਾਂ ਅਤੇ ਹਾਲਾਤ ਨੂੰ ਜਿਉਂ ਦਾ ਤਿਉਂ ਰਹਿਣ ਦੇਣ ਨੂੰ ਤਰਜ਼ੀਹ ਦਿੰਦਾ ਹਾਂ ।

101. *ਵਿਸ਼ੇਸ਼ ਅਧਿਕਾਰਾਂ ਦੀ ਵਿਆਖਿਆ ਕਰਨ ਦੀ ਸ਼ਕਤੀ* - ਇਕ ਵਿਧਾਨ ਮੰਡਲ ਨੂੰ ਦਲੀਲ ਦੇ ਆਧਾਰ ਤੇ ਉਸਦੀ ਹੋਂਦ ਲਈ ਲੋੜੀਂਦੀ ਸ਼ਕਤੀ ਦੇਣ ਅਤੇ ਜਿਹੜੇ ਕੰਮ ਉਸਨੂੰ ਕਰਨੇ ਚਾਹੀਦੇ ਹਨ, ਉਨ੍ਹਾਂ ਦੀ ਸਹੀ ਵਰਤੋਂ ਦੀ ਉਚਿੱਤਤਾ ਨੂੰ ਕੋਈ ਵੀ ਕਿੰਤੂ ਨਹੀਂ ਕਰੇਗਾ । ਮੌਜੂਦਾ ਕਾਨੂੰਨ ਦੇ ਅਧੀਨ ਪ੍ਰਾਂਤਕ ਵਿਧਾਨ ਮੰਡਲਾਂ ਦੀ ਸਥਿਤੀ ਬਹੁਤ ਗੈਰ ਤਸੱਲੀਬਖਸ਼ ਹੈ । ਵਿਧਾਨ ਮੰਡਲ ਦੇ ਮੈਂਬਰਾਂ ਨੂੰ ਕੁਝ ਛੋਟਾਂ ਦੇਣ ਤੋਂ ਇਲਾਵਾ ਅਤੇ ਵਿਧਾਨ ਪ੍ਰੀਸ਼ਦ ਨਿਯਮਾਵਲੀ ਦੇ ਨਿਯਮ 17 ਅਨੁਸਾਰ, ਸਭਾਪਤੀ ਨੂੰ ਦਿੱਤੀਆਂ ਥੋੜ੍ਹੀਆਂ ਸ਼ਕਤੀਆਂ ਤੋਂ ਸਿਵਾਏ ਕਾਨੂੰਨ ਵਿਧਾਨ ਮੰਡਲ ਨੂੰ ਇਸਦੇ ਕੰਮ ਵਿਚ ਵਿਘਣ ਪਾਉਣ ਜਾਂ ਇਸਦੀ ਪ੍ਰਤੀਸ਼ਤਾ ਨੂੰ ਨੀਵਾਂ ਕਰਨ ਤੋਂ ਬਚਾਉਣ ਲਈ, ਇਸਨੂੰ ਕੋਈ ਸ਼ਕਤੀ ਨਹੀਂ ਦਿੰਦਾ। ਅਜਿਹੀ ਸ਼ਕਤੀ ਨੂੰ ਹੁਣ ਜ਼ਿਆਦਾ ਸਮਾਂ ਵਿਧਾਨ ਮੰਡਲ ਤੋਂ ਖੋਹਿਆ ਨਹੀਂ ਜਾ ਸਕਦਾ । ਇਸ ਲਈ ਮੈਂ ਸਿਫ਼ਾਰਸ਼ ਕਰਦਾ ਹਾਂ ਕਿ ਰਾਸ਼ਟਰੀ ਵਿਧਾਨ ਮੰਡਲਾਂ ਦੀ ਤਰ੍ਹਾਂ, ਪ੍ਰਾਂਤਕ ਵਿਧਾਨ ਮੰਡਲਾਂ ਨੂੰ ਦਿੱਤੀਆਂ ਕਾਨੂੰਨ ਦੁਆਰਾ ਪ੍ਰੀਭਾਸ਼ਤ ਕਰਨ ਲਈ ਉਹ ਸ਼ਕਤੀਆਂ ਅਤੇ ਵਿਸ਼ੇਸ਼ ਅਧਿਕਾਰ ਜੋ ਇਹ ਸਮਝੇ ਕਿ ਇਸਦੇ ਹਿੱਤ ਵਿਚ ਜ਼ਰੂਰੀ ਹਨ, ਨਿਰਧਾਰਤ ਸੀਮਾਵਾਂ ਅੰਦਰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ

102. *ਵਿੱਤੀ ਸੰਚਾਲਣ ਦੀ ਸ਼ਕਤੀ :* ਬੰਬਈ ਵਿਧਾਨ ਪ੍ਰੀਸ਼ਦ ਵਿਚ ਕਾਰਜ ਸੰਚਾਲਨ ਭਾਰਤ ਸਰਕਾਰ ਐਕਟ ਦੇ ਸੈਕਸ਼ਨ 72 ਡੀ (6) ਅਧੀਨ ਬਣੇ ਨਿਯਮਾਂ ਜੋ ਕਿ ਇਸੇ ਐਕਟ ਦੇ ਸੈਕਸ਼ਨ 72 ਡੀ (7) ਦੇ ਅਧੀਨ ਬਣਾਏ ਸਥਾਈ ਹੁਕਮਾਂ ਦੁਆਰਾ ਸੰਪੂਰਨ ਕੀਤੇ ਗਏ ਹਨ, ਦੁਆਰਾ ਚਲਾਇਆ ਜਾਂਦਾ ਹੈ । ਇਸ ਕਾਰਜ ਵਿਧੀ ਦੀ ਨਿਯਮਾਵਲੀ ਬਣਾਉਣ ਵਿਚ ਪ੍ਰਾਂਤਕ ਵਿਧਾਨ ਮੰਡਲਾਂ ਦਾ ਕੋਈ ਹੱਥ ਨਹੀਂ ਹੈ । ਸਥਾਈ ਹੁਕਮ ਗਵਰਨਰ ਜਨਰਲ ਇਨ ਕੌਂਸਲ ਦੁਆਰਾ ਬਣਾਏ ਗਏ ਸਨ, ਭਾਵੇਂ ਕਿ ਵਿਧਾਨ ਮੰਡਲ ਕੋਲ ਇਸ ਵਿਚ ਸੋਧਾਂ ਕਰਨ ਲਈ ਸੁਝਾਅ ਦੇਣ ਦੀ ਆਜ਼ਾਦੀ ਸੀ। ਪ੍ਰੰਤੂ ਨਿਯਮ ਗਵਰਨਰ ਜਨਰਲ ਇਨ ਕੌਂਸਲ ਦੁਆਰਾ ਸੈਕਸ਼ਨ 129 ਏ ਦੇ ਉਪਬੰਧ ਅਧੀਨ ਬਣਾਏ ਜਾਂਦੇ ਹਨ ਜੋ ਕਿ ਸਪਸ਼ਟ ਰੂਪ ਵਿਚ ਤਬਦੀਲੀ ਕਰਨ ਜਾਂ ਉਨ੍ਹਾਂ ਨੂੰ ਰੱਦ ਕਰਨ ਤੋਂ ਮਨ੍ਹਾਂ ਕਰਦੀ ਹੈ । ਮੇਰਾ ਵਿਚਾਰ ਹੈ ਕਿ ਪ੍ਰਾਂਤਕ ਵਿਧਾਨ ਮੰਡਲ ਕੋਲ ਆਪਣਾ ਕਾਰਜ ਸੰਚਾਲਨ ਕਰਨ ਦੀ ਸ਼ਕਤੀ ਹੋਣੀ ਚਾਹੀਦੀ ਹੈ । ਪ੍ਰਾਂਤਕ ਵਿਧਾਲ ਮੰਡਲਾਂ ਨੂੰ ਅਜਿਹੀ ਆਜ਼ਾਦੀ ਦੇਣ ਦੀ ਮੁਸ਼ਕਲ ਇਸ ਤੱਥ ਵਿਚੋਂ ਉਤਪੰਨ ਹੋਈ ਜਾਪਦੀ ਹੈ ਕਿ ਕੁਝ ਨਿਯਮ ਉਪਬੰਧ ਕਰਦੇ ਹਨ ਜੋ ਕਿ ਦੂਸਰੇ ਦੇਸ਼ਾਂ ਵਿਚ ਉਨ੍ਹਾਂ ਦੇ ਸੰਵਿਧਾਨਕ ਕਾਨੂੰਨ ਦਾ ਹਿੱਸਾ ਬਣਦੇ ਹਨ । ਇਸ ਲਈ ਨਿਯਮਾਂ ਨੂੰ ਸੋਧਣ ਦੀ

ਸ਼ਕਤੀ, ਅਸਲ ਵਿਚ ਸੰਵਿਧਾਨ ਬਦਲਣ ਦੀ ਸ਼ਕਤੀ ਬਣ ਜਾਂਦੀ ਹੈ। ਪਰੰਤੂ ਇਹ ਮੁਸ਼ਕਲ ਆਸਾਨੀ ਨਾਲ ਟਾਲੀ ਜਾ ਸਕਦੀ ਹੈ, ਜੇਕਰ ਅਜਿਹੇ ਨਿਯਮਾਂ ਨੂੰ ਭਾਰਤ ਸਰਕਾਰ ਐਕਟ ਦੇ ਸੈਕਸ਼ਨ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੁੰਦੀ। ਜੇਕਰ ਅਜਿਹਾ ਕੀਤਾ ਜਾਂਦਾ ਹੈ ਤਾਂ ਜਿਹੜੀ ਸਿਫ਼ਾਰਸ਼ ਮੈਂ ਕੀਤੀ ਹੈ, ਉਸਨੂੰ ਆਸਾਨੀ ਨਾਲ ਲਾਗੂ ਕੀਤਾ ਜਾ ਸਕਦਾ ਹੈ ਅਤੇ ਪ੍ਰਾਂਤਕ ਵਿਧਾਨ ਮੰਡਲਾਂ ਨੂੰ ਆਸਟਰੇਲੀਆ, ਦੱਖਣੀ ਅਫਰੀਕਾ ਅਤੇ ਕੈਨੇਡਾ ਦੇ ਰਾਸ਼ਟਰੀ ਵਿਧਾਨ ਮੰਡਲਾਂ ਦੇ ਬਰਾਬਰ ਲਿਆਂਦਾ ਜਾ ਸਕਦਾ ਹੈ।

103. *ਵਿਧਾਨ ਦੀ ਸ਼ਕਤੀ :* ਭਾਰਤ ਸਰਕਾਰ ਐਕਟ ਦਾ ਸੈਕਸ਼ਨ 80 ਸੀ ਇਹ ਉਪਬੰਧ ਕਰਦਾ ਹੈ ਕਿ ਕਿਸੇ ਵੀ ਵਿਧਾਨ ਮੰਡਲ ਦੇ ਕਿਸੇ ਮੈਂਬਰ ਲਈ ਗਵਰਨਰ, ਲੈਫਟੀਨੈਂਟ ਗਵਰਨਰ ਜਾਂ ਚੀਫ ਕਮਿਸ਼ਨਰ ਦੀ ਪੂਰਵ ਮਨਜੂਰੀ ਲਏ ਬਗੈਰ, ਕਿਸੇ ਪ੍ਰਾਂਤ ਦੇ ਜਨਤਕ ਮਾਲੀਏ ਨੂੰ ਪ੍ਰਭਾਵਤ ਕਰਨ ਜਾਂ ਉਸ ਮਾਲੀਏ ਉਤੇ ਕੋਈ ਕਰ ਲਗਾਉਣ ਦਾ ਕੋਈ ਵੀ ਸਾਧਨ ਪੇਸ਼ ਕਰਨਾ ਉਚਿਤ ਨਹੀਂ ਹੋਵੇਗਾ। ਇਹ ਸੈਕਸ਼ਨ ਵਿਧਾਨ ਮੰਡਲ ਦੀਆਂ ਸ਼ਕਤੀਆਂ ਤੇ ਇਕ ਸੁਭਾਵਿਕ ਰੋਕ ਹੈ। ਇਹ ਉਨ੍ਹਾਂ ਦਿਨਾਂ ਦੀ ਨਿਸ਼ਾਨੀ ਹੈ, ਜਦੋਂ ਲੋਕਾਂ ਦੀ ਦੇਸ਼ ਦੇ ਪ੍ਰਸ਼ਾਸਨਿਕ ਕੰਮਾਂ ਵਿਚ ਕੋਈ ਪੁੱਛ ਨਹੀਂ ਹੁੰਦੀ ਸੀ। ਇਨ੍ਹਾਂ ਸ਼ਕਤੀਆਂ ਤੇ ਬੰਧੇਜ ਕਾਰਜਕਾਰਨੀ ਦੇ ਉਪਰ ਸਰਵਉਚ ਵਿਧਾਨ ਨਾਲ ਦੁਰਭਾਗਾ ਸਮਝੌਤਾ ਹੋਵੇਗਾ। ਇਸ ਲਈ ਇਸ ਸੈਕਸ਼ਨ ਨੂੰ ਜ਼ਰੂਰ ਮਿਟਾਉਣਾ ਚਾਹੀਦਾ ਹੈ। ਗਵਰਨਰ ਕੋਲ ਹਾਲੇ ਵੀ ਪ੍ਰੀਸ਼ਦ ਵਲੋਂ ਪਾਸ ਕੀਤੇ ਕਿਸੇ ਵੀ ਵਿਧਾਨ ਨੂੰ ਵੀਟੋ ਕਰਬਨ ਦੀ ਸ਼ਕਤੀ ਹੋਵੇਗੀ। ਇਹ ਸ਼ਕਤੀ ਕੰਮ ਚਲਾਉਣ ਲਈ ਕਾਫੀ ਹੈ। ਇਸਤੋਂ ਵੱਧ ਕੁਝ ਵੀ ਉਸਦੀ ਸਥਿਤੀ, ਜੋ ਉਸਨੂੰ ਪੂਰਨ ਮੰਤਰੀ-ਮੰਡਲ ਦੀ ਜ਼ਿੰਮੇਵਾਰੀ ਦੇ ਅਧੀਨ ਅਖਤਿਆਰ ਕਰਨੀ ਪਵੇਗੀ, ਦੇ ਅਨੁਕੂਲ ਨਹੀਂ ਹੋਵੇਗਾ।

104. *ਨਮਿੱਤਣ ਦੀ ਸ਼ਕਤੀ :* ਸੈਕਸ਼ਨ 72 ਡੀ ਅਧੀਨ ਵਿਧਾਨ ਪ੍ਰੀਸ਼ਦ ਕਿਸੇ ਮੰਗ ਨੂੰ ਆਪਣੀ ਸਹਿਮਤੀ ਦੇ ਸਕਦੀ ਹੈ ਜਾਂ ਸਹਿਮਤੀ ਦੇਣ ਤੋਂ ਇਨਕਾਰ ਕਰ ਸਕਦੀ ਹੈ ਜਾਂ ਉਸ ਵਿਚ ਹਵਾਲਾ ਦਿੱਤੀ ਰਾਸ਼ੀ ਨੂੰ ਜਾਂ ਤਾਂ ਸਾਰੀ ਗਰਾਂਟ ਨੂੰ ਘਟਾ ਕੇ ਜਾਂ ਉਸੇ ਗਰਾਂਟ ਵਿਚੋਂ ਕਿਸੇ ਮੱਦ ਨੂੰ ਖਤਮ ਕਰਕੇ ਜਾਂ ਘਟਾ ਕੇ, ਘੱਟ ਕਰ ਸਕਦੀ ਹੈ। ਇਸ ਸ਼ਕਤੀ ਤੇ ਕੁਝ ਜ਼ਰੂਰੀ ਉਪਬੰਧਾਂ ਦੀ ਸ਼ਰਤ ਲੱਗੀ ਹੋਈ ਹੈ। ਕਿਸੇ ਰਾਖਵੇਂ ਵਿਸ਼ੇ ਨਾਲ ਸੰਬੰਧਤ ਮੰਗ ਦੀ ਸੂਰਤ ਵਿਚ ਗਵਰਨਰ ਕੋਲ ਵਿਧਾਨ ਮੰਡਲ ਦੇ ਨਿਰਣੇ ਨੂੰ ਰੱਦ ਕਰਨ ਦੀ ਸ਼ਕਤੀ ਹੈ, ਜੇਕਰ ਉਹ ਤਸਦੀਕ ਕਰਦਾ ਹੈ ਕਿ ਮੰਗ ਵਿਚ ਉਪਬੰਧ ਕੀਤਾ ਗਿਆ ਖਰਚ, ਵਿਸ਼ੇ ਲਈ ਉਸਦੀ ਜ਼ਿੰਮੇਵਾਰੀ ਨਿਭਾਉਣ ਲਈ ਜ਼ਰੂਰੀ ਹੈ। ਸੈਕਸ਼ਨ 72 ਡੀ ਦੇ ਕਲਾਜ਼ (2) (ਬੀ) ਵਿਚ ਦਰਜ ਇਕ ਹੋਰ ਉਪਬੰਧ ਵਿਧਾਨ ਮੰਡਲ ਦੀਆਂ ਨਮਿੱਤਣ ਦੀਆਂ ਸ਼ਕਤੀਆਂ ਨੂੰ ਸੀਮਤ ਕਰਦਾ ਹੈ, ਜਿਸ ਸਦਕਾ ਗਵਰਨਰ ਕੋਲ "ਅਪੱਤੀਕਾਲ ਦੀ ਸੂਰਤ ਵਿਚ ਅਜਿਹਾ ਖਰਚਾ ਮਨਜੂਰ ਕਰਨ ਦੀ ਸ਼ਕਤੀ ਹੈ

ਜੋ ਕਿ ਉਸਦੇ ਵਿਚਾਰ ਵਿਚ ਪ੍ਰਾਂਤ ਦੀ ਸੁਰੱਖਿਆ ਅਤੇ ਸ਼ਾਂਤੀ ਲਈ, ਜਾਂ ਕਿਸੇ ਵਿਭਾਗ ਦੇ ਜਾਰੀ ਰੱਖਣ ਲਈ ਜ਼ਰੂਰੀ ਹੋਵੇ । ਵਿਧਾਨ ਪ੍ਰੀਸ਼ਦ ਦੀਆਂ ਸ਼ਕਤੀਆਂ ਤੇ ਇਹ ਬਹੁਤ ਗੰਭੀਰ ਰੋਕਾਂ ਹਨ ਅਤੇ ਮੈਂ ਸੁਝਾਅ ਦਿੰਦਾ ਹਾਂ ਕਿ ਇਨ੍ਹਾਂ ਨੂੰ ਐਕਟ ਵਿਚੋਂ ਖਤਮ ਕਰ ਦੇਣਾ ਚਾਹੀਦਾ ਹੈ । ਪਹਿਲੇ ਉਪਬੰਧ ਅਧੀਨ ਗਵਰਨਰ ਨੂੰ ਦਿੱਤੀਆਂ ਸ਼ਕਤੀਆਂ ਅਜਿਹੀ ਸਰਕਾਰ ਵਿਚ ਜੋ ਕਿ ਪੂਰਨ ਤੌਰ ਤੇ ਜ਼ਿੰਮੇਵਾਰ ਹੈ ਅਤੇ ਜਿਸ ਵਿਚ ਗਵਰਨਰ ਕੋਲ ਕੰਮ ਕਾਜ ਚਲਾਉਣ ਦਾ ਕੋਈ ਭਾਰ ਨਹੀਂ ਹੈ, ਬੇਲੋੜੀਆਂ ਹਨ। ਪ੍ਰਾਂਤ ਦੀ ਸੁਰੱਖਿਆ ਅਤੇ ਸ਼ਾਂਤੀ ਨਾਲ ਗਵਰਨਰ ਦਾ ਜ਼ਿੰਮੇਵਾਰ ਕਾਰਜਕਾਰਨੀ ਨਾਲੋਂ ਕੋਈ ਵੱਧ ਖਾਸ ਸੰਬੰਧ ਨਹੀਂ ਹੈ । ਸੋ ਇਸ ਲਈ ਦੂਸਰੇ ਉਪਬੰਧ ਦੁਆਰਾ ਗਵਰਨਰ ਨੂੰ ਦਿੱਤੀਆਂ ਗਈਆਂ ਸ਼ਕਤੀਆਂ ਗੈਰ ਜ਼ਰੂਰੀ ਹਨ ਅਤੇ ਵਾਪਸ ਲੈ ਲੈਣੀਆਂ ਚਾਹੀਦੀਆਂ ਹਨ ।

105. ਵਿਧਾਨ ਪ੍ਰੀਸ਼ਦ ਦੀਆਂ ਵਿੱਤੀ ਸ਼ਕਤੀਆਂ ਤੇ ਇਕ ਹੋਰ ਰੋਕ ਸੈਕਸ਼ਨ 72 ਡੀ (3) ਵਿਚ ਦਰਜ ਹੈ । ਇਸਦਾ ਸਦਕਾ ਕਾਰਜਕਾਰਨੀ ਲਈ ਉਕਤ ਐਕਟ ਵਿਚ ਦਰਸਾਏ ਕੁਝ ਖਾਸ ਮੱਦਾ ਤੇ ਕੀਤੇ ਖਰਚ ਨੂੰ ਵਿਧਾਨ ਮੰਡਲ ਦੀ ਵੋਟ ਲਈ ਪੇਸ਼ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ । ਸਿੱਟਾ ਇਹ ਹੈ ਕਿ ਪ੍ਰਾਂਤ ਦੇ ਬਜਟ ਵਿਚ ਵੱਡੀ ਗਿਣਤੀ ਵਿਚ ਸਥਾਈ ਨਮਿੱਤਣ ਸ਼ਾਮਲ ਹੁੰਦੇ ਹਨ ,ਜਿਨ੍ਹਾ ਨੂੰ ਵਿਧਾਨ ਪ੍ਰੀਸ਼ਦ ਛੋਹ ਵੀ ਨਹੀਂ ਸਕਦੀ । ਸਿਧਾਂਤਕ ਤੌਰ ਤੇ ਖਰਚ ਦੀ ਹਰ ਇਕ ਮੱਦ ਹਰ ਸਾਲ ਵਿਧਾਨ ਮੰਡਲ ਦੁਆਰਾ ਮਨਜ਼ੂਰ ਕੀਤੀ ਜਾਣੀ ਚਾਹੀਦੀ ਹੈ । ਪਰੰਤੂ ਲਗਭਗ ਸਾਰੇ ਦੇਸ਼ਾਂ ਵਿਚ ਬਜਟ ਵਿਚ ਸਥਾਈ ਖਰਚੇ ਸ਼ਾਮਲ ਹੁੰਦੇ ਹਨ, ਜਿਨ੍ਹਾਂ ਨੂੰ ਹਰ ਸਾਲ ਸਦਨ ਦੀ ਵੋਟ ਲਈ ਰੱਖਣ ਦੀ ਜ਼ਰੂਰਤ ਨਹੀਂ ਹੁੰਦੀ । ਇਥੋਂ ਤੱਕ ਕਿ ਇੰਗਲੈਂਡ ਵਿਚ ਸਥਾਈ ਨਮਿੱਤਣਾਂ ਦੀ ਸੂਚੀ ਵਿਚ ਕਾਫੀ ਵਾਧਾ ਹੋਇਆ ਹੈ ਜਿਸ ਵਿਚ ਲੜਾਈ ਤੋਂ ਪਹਿਲਾਂ ਕੁੱਲ ਸਾਲਾਨਾ ਖਰਚ ਦਾ ਲਗਭਗ ਇਕ ਤਿਹਾਈ ਜੋੜ ਸ਼ਾਮਲ ਸੀ । ਕੀ ਕਾਰਜਕਾਰਨੀ ਤੇ ਰਾਸ਼ੀ ਨਿਸ਼ਚਤ ਕਰਣ ਅਤੇ ਜਨਤਕ ਖਰਚੇ ਦੀ ਸਥਿਤੀ ਮਿਥਣ ਲਈ ਵਿਸ਼ਵਾਸ਼ ਕੀਤਾ ਜਾ ਸਕਦਾ ਹੈ , ਇਹ ਨਿਰਭਰ ਕਰਦਾ ਹੈ ਕਿ ਸੰਵਿਧਾਨਿਕ ਸਰਕਾਰ ਨੂੰ ਅਨੁਭਵ ਕਰਨ ਵਿਚ ਲੋਕ ਤਰੱਕੀ ਦੀ ਕਿਸ ਅਵਸਥਾ ਵਿਚ ਪੁੱਜੇ ਹਨ । ਜੇਕਰ ਅਵਸਥਾ ਅਜਿਹੀ ਹੋਵੇ ਕਿ ਸਰਕਾਰ ਦੇ ਅਤੇ ਲੋਕਾਂ ਦੇ ਰਾਜਨੀਤਿਕ ਅਧਿਕਾਰਾਂ ਸੰਬੰਧੀ ਦੁਚਿੱਤੀ ਪੈਦਾ ਹੋਈ ਹੋਵੇ ਤਾਂ ਜਿਵੇਂ ਕਿ ਸੈਕਸ਼ਨ 72 ਡੀ (3) ਵਿਚ ਵਿਚਾਰ ਕੀਤਾ ਗਿਆ ਹੈ, ਵਿਧਾਨ ਮੰਡਲ ਦੀ ਮਨਜ਼ੂਰੀ ਤੋਂ ਬਗੈਰ ਸਰਕਾਰੀ ਰਾਸ਼ੀ ਦੇ ਅਜਿਹੇ ਸਥਾਈ ਨਮਿੱਤਣਾਂ ਦੀ ਆਗਿਆ ਦੇਣੀ ਸਹੀ ਨਹੀਂ ਹੋ ਸਕਦੀ । ਇਹ ਸੱਚ ਹੈ ਕਿ ਪ੍ਰਾਂਤਾਂ ਵਿਚ ਜ਼ਿੰਮੇਵਾਰ ਸਰਕਾਰ ਦੀ ਨੀਂਹ ਹਾਲੇ ਰੱਖੀ ਜਾ ਰਹੀ ਹੈ ਅਤੇ ਪ੍ਰਾਂਤਕ ਵਿਧਾਨ ਮੰਡਲਾਂ ਨੂੰ ਬੜੀ ਈਰਖਾ ਨਾਲ ਕਾਰਜਕਾਰਨੀ ਦੇ ਅਯੋਗ ਦਖਲ ਦੇ ਵਿਰੁਧ ਬਚਾਅ ਕਰਨਾ ਪਵੇਗਾ । ਇਸ ਤਰ੍ਹਾਂ ਮੇਰੇ ਵਿਚਾਰ ਵਿਚ ਇਹ ਮੰਨਣਾ ਜ਼ਰੂਰੀ ਹੈ ਕਿ ਜਨਤਕ ਮਸਲਿਆਂ

ਉਪਰ ਜਨਤਾ ਦੇ ਨਿਯੰਤਰਣ ਦੇ ਅਧਿਕਾਰ ਨੂੰ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ ਅਤੇ ਨਵੇਂ ਸੰਵਿਧਾਨ ਦੇ ਅਧੀਨ ਪੂਰੀ ਤਰ੍ਹਾਂ ਸਵੀਕਾਰ ਕੀਤਾ ਜਾਵੇਗਾ ਤਾਂ ਕਿ ਜਨਤਕ ਸ਼ਕਤੀ ਦੀ ਆਪ ਹੁੱਦਰੀ ਵਰਤੋਂ ਉਪਰ ਕਈ ਰੋਕਾਂ ਦੇ ਅਧੀਨ ਜਨਤਕ ਖਰਚੇ ਦੀ ਹਰੇਕ ਮੱਦ ਦੀ ਸਾਲਾਨਾ ਮਨਜ਼ੂਰੀ ਲਈ ਪੇਸ਼ਕਸ਼ ਦੀ ਲੋੜ ਤੇ ਜ਼ੋਰ ਨਾ ਦਿੱਤਾ ਜਾਵੇ। ਇਸ ਲਈ ਮੈਂ ਇਨ੍ਹਾਂ ਸਥਾਈ ਨਮਿੱਤਣਾਂ ਦੀ ਯੋਜਨਾ ਤੇ ਇਤਰਾਜ਼ ਨਹੀਂ ਕਰਦਾ। ਪਰੰਤੂ ਇਨ੍ਹਾਂ ਨੂੰ ਕਾਨੂੰਨੀ ਮਾਨਤਾ ਦੇਣ ਤੇ ਇਤਰਾਜ ਕਰਦਾ ਹਾਂ ਜਿਸ ਨਾਲ ਕਿ ਵਿਧਾਨ ਮੰਡਲ ਦੀਆਂ ਸ਼ਕਤੀਆਂ ਘਟਦੀਆਂ ਹਨ । ਇਨ੍ਹਾਂ ਨੂੰ ਕਾਨੂੰਨੀ ਮਾਨਤਾ ਦਿੱਤੇ ਜਾਣ ਨਾਲ ਵਿਧਾਨ ਮੰਡਲ ਤੇ ਇਹ ਪ੍ਰਭਾਵ ਪਵੇਗਾ ਕਿ ਵਿਧਾਨ ਮੰਡਲ ਨਾ ਵੋਟ ਕੀਤੀਆਂ ਜਾਣੀਆਂ ਵਾਲੀਆਂ ਮਦਾਂ ਦੀ ਪ੍ਰਸ਼ਾਸਨਿਕ ਨੀਤੀ ਤੇ ਬਹਿਸ ਕਰਨ ਤੋਂ ਵੀ ਵਾਝਿਆ ਰਹਿ ਜਾਵੇਗਾ। ਨਾ ਵੋਟ ਕੀਤੀਆਂ ਜਾਣ ਵਾਲੀਆਂ ਮੱਦਾਂ ਦੀ ਉਤਪਤੀ ਸੁਵਿਧਾ ਦਾ ਮਸਲਾ ਹੋਣੀ ਚਾਹੀਦੀ ਹੈ । ਉਨ੍ਹਾਂ ਲਈ ਵਿਧਾਨ ਮੰਡਲ ਤੇ ਕਾਨੂੰਨ ਦੁਆਰਾ ਕੋਈ ਰੋਕ ਨਹੀਂ ਹੋਣੀ ਚਾਹੀਦੀ ।

106. *ਕਾਰਜਕਾਰਨੀ ਨੂੰ ਨਿਯੰਤਰਣ ਕਰਨ ਦੀ ਸ਼ਕਤੀ :* ਅਸਲ ਵਿਚ 1919 ਦੇ ਸੁਧਾਰ ਕੀਤੇ ਗਏ ਸੰਵਿਧਾਨ ਦੇ ਅਧੀਨ ਪ੍ਰਾਂਤਕ ਵਿਧਾਨ ਮੰਡਲ ਮੰਤਰੀ ਨੂੰ ਤਿੰਨ ਤਰੀਕਿਆਂ ਨਾਲ ਕੰਟਰੋਲ ਕਰ ਸਕਦੀ ਸੀ (1) ਵਿਧਾਨ ਦੁਆਰਾ (2) ਖਰਚੇ ਬੰਦ ਕਰਕੇ, ਅਤੇ (3) ਉਨ੍ਹਾਂ ਦੀਆਂ ਤਨਖਾਹਾਂ ਬੰਦ ਕਰਕੇ; ਜਾਂ ਘਟਾ ਕੇ । ਦੂਜਾ ਅਤੇ ਤੀਜਾ ਹੀ ਅਜਿਹੇ ਰਸਤੇ ਹਨ ਜਿਨ੍ਹਾਂ ਦੁਆਰਾ ਵਿਧਾਨ ਮੰਡਲ ਮੰਤਰੀਆਂ ਦੁਆਰਾ ਪ੍ਰਸ਼ਾਸ਼ਨ ਤੇ ਕੰਟਰੋਲ ਕਰ ਸਕਦੀ ਹੈ । ਇਸ ਕੰਟਰੋਲ ਦੀ ਵਰਤੋਂ ਸਾਲ ਵਿਚ ਕੇਵਲ ਇਕ ਵਾਰੀ ਕੀਤੀ ਜਾ ਸਕਦੀ ਸੀ ਅਤੇ ਇਸ ਲਈ ਇਹ ਨਾਕਾਫੀ ਸੀ । ਸਿੱਟੇ ਵਜੋਂ 1926 ਵਿਚ ਮੰਤਰੀ ਵਿਸ਼ਵਾਸ਼ ਦੇ ਮੱਤੇ ਸੰਬੰਧੀ ਉਪਬੰਧ ਕੀਤਾ ਗਿਆ । ਇਹ ਸ਼ਕਤੀਆਂ ਵਿਧਾਨ ਮੰਡਲ ਲਈ ਮੰਤਰੀਆਂ ਦੀ ਕਾਰਵਾਈ ਤੇ ਕੰਟਰੋਲ ਕਰਨ ਲਈ ਕਾਫੀ ਹਨ ਅਤੇ ਇਸ ਵਿਚਾਰ ਦੇ ਅਨੁਕੂਲ ਹਨ ਕਿ ਮੰਤਰੀ ਆਪਣੀਆਂ ਕਾਰਵਾਈਆਂ ਲਈ ਵਿਅਕਤੀਗਤ ਤੌਰ ਤੇ ਜ਼ਿੰਮੇਵਾਰ ਹਨ । ਭਵਿੱਖ ਦਾ ਮੰਤਰੀ ਮੰਡਲ ਸਾਂਝੀ ਜ਼ਿੰਮੇਵਾਰੀ ਦੇ ਸਿਧਾਂਤ' ਤੇ ਆਧਾਰਤ ਹੋਵੇਗਾ, ਜਿਸ ਅਧੀਨ ਮੰਤਰੀ ਇਕੱਠੇ ਖੜ੍ਹੇ ਹੋਣਗੇ ਜਾਂ ਇਕੱਠੇ ਡਿੱਗਣਗੇ । ਵਿਧਾਨ ਮੰਡਲ ਦੀਆਂ ਮੌਜੂਦਾ ਸ਼ਕਤੀਆਂ ਵਿਚ ਕੋਈ ਅਜਿਹੀ ਸ਼ਕਤੀ ਨਹੀਂ, ਜਿਸ ਨਾਲ ਇਹ ਆਪਣੀ ਇੱਛਾ ਨਾਲ ਪੂਰੇ ਮੰਤਰੀ-ਮੰਡਲ ਨੂੰ ਬਰਖਾਸ਼ਤ ਕਰ ਸਕੇ । ਮੇਰੇ ਵਿਚਾਰ ਅਨੁਸਾਰ ਇਸ ਮਕਸਦ ਲਈ ਇਕ ਉਪਬੰਧ ਕੀਤਾ ਜਾਣਾ ਜ਼ਰੂਰੀ ਹੈ ਅਤੇ ਇਸ ਲਈ ਪ੍ਰਸਤਾਵ ਦੀ ਇਕ ਨਵੀਂ ਸ੍ਰੇਣੀ ਜਿਸਨੂੰ "ਅਵਿਸ਼ਵਾਸ਼ ਦਾ ਪ੍ਰਸਤਾਵ" ਕਿਹਾ ਜਾਵੇ, ਨੂੰ ਇਸ ਵਿਚ ਜੋੜਨਾ ਚਾਹੀਦਾ ਹੈ ਜੋ ਕਿ ਵਰਤਮਾਨ ਪ੍ਰਸਤਾਵ ਨਾਲੋਂ ਵਖਰੀ ਲਗੇ ਅਤੇ ਇਸਨੂੰ "ਕਿਸੇ ਖਾਸ ਮਸਲੇ ਵਿਚ ਮੰਤਰੀ ਦੀ ਨੀਤੀ ਨੂੰ ਪ੍ਰਸ਼ਨ ਕਰਨ ਵਾਲਾ ਮੱਤਾ" ਦਾ ਨਾਂ ਦਿੱਤਾ ਜਾਣਾ ਚਾਹੀਦਾ

ਹੈ । ਇਹ ਸੁਝਾਅ ਮੁੱਦੀਮਾਨ ਕਮੇਟੀ ਵਲੋਂ ਦਿੱਤਾ ਗਿਆ ਸੀ, ਪਰ ਇਸਨੂੰ ਸਵੀਕਾਰ ਨਹੀਂ ਕੀਤਾ ਗਿਆ ।

107. *ਸੰਵਿਧਾਨ ਬਦਲਣ ਦੀ ਸ਼ਕਤੀ:* ਪ੍ਰਾਂਤਕ ਵਿਧਾਨ ਮੰਡਲ ਉਸ ਦਸਤਾਵੇਜ਼ ਦੀਆਂ ਸ਼ਰਤਾਂ ਦੁਆਰਾ ਹੋਏ ਹਨ ਹਨ, ਜਿਸਨੇ ਇਨ੍ਹਾਂ ਦੀ ਸਿਰਜਣਾ ਕੀਤੀ, ਉਸ ਦਸਤਾਵੇਜ਼ ਸਦਕਾ ਇਹ "ਮੁਕੰਮਲ ਸ਼ਕਤੀਆਂ" ਵਾਲੀਆਂ ਸੰਸਥਾਵਾਂ ਬਣ ਗਈਆਂ ਹਨ, ਜਿਨ੍ਹਾਂ ਪਾਸ ਉਨ੍ਹਾਂ ਦੇ ਇਲਾਕੇ ਦੇ ਸਾਰੇ ਲੋਕਾਂ ਉਪਰ ਸ਼ਾਸ਼ਨ ਕਰਨ ਦੀ ਨਿਸ਼ਚਤ ਅਤੇ ਸਪਸ਼ਟ ਸ਼ਕਤੀ ਹੈ । ਸਰਕਾਰ ਦੀ ਮੁਕੰਮਲ ਸ਼ਕਤੀ ਨੂੰ ਇਹ ਨਹੀਂ ਕਿਹਾ ਜਾ ਸਕਦਾ ਕਿ ਉਸ ਕੋਲ ਸੰਵਿਧਾਨ ਬਦਲਣ ਦੀ ਸ਼ਕਤੀ ਹੈ । ਇਹ ਇੱਛਾ ਹੈ ਕਿ ਪ੍ਰਾਂਤਕ ਵਿਧਾਨ ਮੰਡਲ ਕੋਲ ਪ੍ਰਾਂਤ ਦਾ ਸੰਵਿਧਾਨ ਬਦਲਣ ਲਈ ਸੰਵਿਧਾਨ ਸਭਾ ਦੀ ਸ਼ਕਤੀ ਹੋਵੇ । ਇਸ ਤਜਵੀਜ਼ ਦੇ ਹੱਕ ਵਿਚ ਕਾਫੀ ਜ਼ੋਰ ਹੈ । ਪਾਰਲੀਮੈਂਟ ਦੁਆਰਾ ਪ੍ਰਾਂਤ ਦੇ ਲੋਕਾਂ ਨੂੰ ਸਵੈ-ਸਰਕਾਰ ਦੀ ਸਵੀਕਿਰਤੀ ਦਿੱਤੇ ਜਾਣ ਤੋਂ ਪਿਛੋਂ ਇਹ ਵੀ ਜ਼ਰੂਰੀ ਹੈ ਕਿ ਪ੍ਰਾਂਤ ਦੇ ਲੋਕਾਂ ਕੋਲ ਇਹ ਨਿਰਣਾ ਕਰਨ ਦਾ ਅਧਿਕਾਰ ਵੀ ਹੋਵੇ ਕਿ ਉਹ ਕਿਸ ਪ੍ਰਕਾਰ ਦੀ ਸਰਕਾਰ ਅਧੀਨ ਰਹਿਣਾ ਚਾਹੁੰਦੇ ਹਨ । ਪਰੰਤੂ ਇਹ ਸਵੀਕਾਰ ਕੀਤਾ ਜਾਣਾ ਲਾਜ਼ਮੀ ਹੈ ਕਿ ਕੁਝ ਘੱਟ ਗਿਣਤੀਆਂ ਹਨ ਜੋ ਕਿ ਇਹ ਪਸੰਦ ਨਹੀਂ ਕਰਨਗੀਆਂ ਕਿ ਉਨ੍ਹਾਂ ਦੇ ਸੰਵਿਧਾਨਿਕ ਅਧਿਕਾਰ ਬਹੁਗਿਣਤੀ ਦੁਆਰਾ ਨਿਸ਼ਚਤ ਕੀਤੇ ਜਾਣ, ਅਜਿਹਾ ਇਸ ਸੂਰਤ ਵਿਚ ਵੀ ਹੋ ਸਕਦਾ ਹੈ, ਜੇਕਰ ਪ੍ਰਾਂਤਕ ਵਿਧਾਲ ਮੰਡਲਾਂ ਨੂੰ ਸੰਵਿਧਾਨ ਬਦਲਣ ਦੇ ਅਧਿਕਾਰ ਦਿੱਤੇ ਹੁੰਦੇ । ਇਹੀ ਮੁਖ ਕਾਰਨ ਹੈ ਜਿਸ ਕਰਕੇ ਕੈਨੇਡਾ ਦਾ ਸੰਵਿਧਾਨ ਕੈਨੇਡੀਅਨ ਪਾਰਲੀਮੈਂਟ ਨੂੰ ਸੰਵਿਧਾਨ ਵਿਚ ਤਬਦੀਲੀ ਕਰਨ ਦਾ ਕੋਈ ਅਧਿਕਾਰ ਨਹੀਂ ਦਿੰਦਾ । ਐਪਰ, ਦੱਖਣੀ ਅਫਰੀਕਾ ਦੀ ਇਕ ਉਦਾਹਰਣ ਹੈ ਜਿਸਤੋਂ ਪਤਾ ਲਗਦਾ ਹੈ ਕਿ ਸੰਵਿਧਾਨ ਵਿਚ ਪਰੀਵਰਤਨ ਕਰਨ ਦੀ ਸ਼ਕਤੀ ਪਾਰਲੀਮੈਂਟ ਨੂੰ ਸੌਂਪੀ ਜਾ ਸਕਦੀ ਹੈ, ਜੇਕਰ ਇਸਦਾ ਘੱਟ ਗਿਣਤੀਆਂ ਨੂੰ ਕੋਈ ਨੁਕਸਾਨ ਨਾ ਹੁੰਦਾ ਹੋਵੇ । ਇਸ ਲਈ ਕੋਈ ਦਲੀਲ ਨਹੀਂ ਕਿ ਦੱਖਣੀ ਅਫਰੀਕਾ ਦੀ ਉਦਾਹਰਣ ਨੂੰ ਕਿਉਂ ਅਪਣਾਇਆ ਨਹੀਂ ਜਾ ਸਕਦਾ । ਮੈਂ ਸਿਫ਼ਾਰਸ਼ ਕਰਦਾ ਹਾਂ ਕਿ ਸੰਵਿਧਾਨ ਵਿਚ ਪਰਿਵਰਤਨ ਕਰਨ ਦੀ ਸ਼ਕਤੀ ਪ੍ਰਾਂਤਕ ਵਿਧਾਨ ਮੰਡਲ ਨੂੰ ਦਿੱਤੀ ਜਾਣੀ ਚਾਹੀਦੀ ਹੈ । ਐਪਰ ਇਹ ਕਿ ਇਸ ਕੋਲ ਵਿਧਾਨ ਮੰਡਲ ਵਿਚ ਘਟ ਗਿਣਤੀਆਂ ਦੀ ਪ੍ਰਤੀਨਿਧਤਾ ਵਿਚ ਪਰਿਵਰਤਨ ਕਰਨ ਦੀ ਕੋਈ ਸ਼ਕਤੀ ਨਾ ਹੋਵੇ ।

108. ਅਜਿਹਾ ਕਾਨੂੰਨ ਪਾਸ ਕਰਨ ਲਈ ਕਿਹੜੀ ਵਿਸ਼ੇਸ ਵਿਧੀ ਨਿਸ਼ਚਿਤ ਕੀਤੀ ਜਾ ਸਕਦੀ ਹੈ, ਇਹ ਇਕ ਮਸਲਾ ਹੈ ਜਿਸਦਾ ਫੈਸਲਾ ਕਰਨਾ ਬਹੁਤ ਕਠਿਨ ਹੈ । ਪਰੰਤੂ ਫਿਰ ਵੀ ਇਹ ਕਿਹਾ ਜਾ ਸਕਦਾ ਹੈ ਕਿ ਸੰਵਿਧਾਨ ਵਿਚ ਤਰਮੀਮ ਕਰਨ ਦਾ ਢੰਗ ਅਜਿਹਾ ਹੋਣਾ ਚਾਹੀਦਾ ਹੈ ਕਿ ਇਸਨੂੰ ਨਾਗਰਿਕਾਂ ਦੇ ਹੱਕਾਂ ਦੀ ਰਾਖੀ ਕਰਨ

ਲਈ ਕਾਫੀ ਦ੍ਰਿੜ੍ਹ ਬਣਾਇਆ ਜਾ ਸਕੇ ਪ੍ਰੰਤੂ ਉਸੇ ਸਮੇਂ ਇਤਨਾ ਕੁ ਲਚਕੀਲਾ ਹੋਣਾ ਵੀ ਜ਼ਰੂਰੀ ਹੈ, ਜਿਸਤੋਂ ਯਕੀਨੀ ਬਣਾਇਆ ਜਾ ਸਕੇ ਕਿ ਤਰੱਕੀ ਵੀ ਉਤਨਾ ਹੀ ਜੀਵਨ ਦਾ ਨਿਯਮ ਹੈ, ਜਿਤਨਾ ਕਿ ਹੋਂਦ ਅਤੇ ਬਹੁਗਿਣਤੀ ਦੁਆਰਾ ਸ਼ਾਸਨ ਦੇ ਸਿਧਾਂਤ ਦੀ ਇਕਸੁਰਤਾ ਵਿਚ ਕਾਰਵਾਈ ਕਰਨ ਅਤੇ ਅੰਤਿਮ ਫੈਸਲੇ ਤੋਂ ਪਹਿਲਾਂ ਵਿਚਾਰ ਵਟਾਂਦਰਾ ਕਰਨ ਦੇ ਹੱਕ ਦੀ ਪ੍ਰਾਪਤੀ ਹੋਣੀ ਚਾਹੀਦੀ ਹੈ। ਇਸ ਲਈ ਮੈਨੂੰ ਸਾਰਿਆਂ ਨਾਲੋਂ ਸੁਰੱਖਿਅਤ ਰਾਹ ਇਹ ਜਾਪਦਾ ਹੈ ਕਿ ਸੰਵਿਧਾਨ ਵਿਚ ਵਖੋ ਵਖਰੀਆਂ ਤਰਮੀਮਾਂ ਲਈ ਵਖ ਵਖ ਵਿਧੀਆਂ ਲਿਖੀਆਂ ਜਾਣ। ਇਸ ਲਈ ਸੰਵਿਧਾਨ ਦੇ ਘੱਟ ਮੌਲਿਕ ਭਾਗਾਂ ਵਿਚ ਤਰਮੀਮਾਂ ਕਰਨ ਨਾਲੋਂ ਜ਼ਿਆਦਾ ਮੌਲਿਕ ਭਾਗਾਂ ਵਿਚ ਤਰਮੀਮਾਂ ਕਰਨ ਲਈ ਵਿਧੀ ਜ਼ਿਆਦਾ ਕਠੋਰ ਹੋਣੀ ਚਾਹੀਦੀ ਹੈ।

ਭਾਗ 4

ਪ੍ਰਾਂਤਿਕ ਖੁਦਮੁਖਤਿਆਰੀ

ਅਧਿਆਏ ਪਹਿਲਾ

ਭਾਰਤ ਸਰਕਾਰ ਨਾਲ ਪ੍ਰਾਂਤਕ ਸਰਕਾਰ ਦੇ ਸਬੰਧ

109. ਇਹ ਸਪਸ਼ਟ ਹੈ ਕਿ ਕਾਰਜਕਾਰਨੀ ਦੀ ਜ਼ਿੰਮੇਵਾਰੀ ਬਹੁਤ ਘੱਟ ਮਹੱਤਵਪੂਰਨ ਹੋ ਜਾਵੇਗੀ ਜੇਕਰ ਪ੍ਰਾਂਤਕ ਕਾਰਜਕਾਰਨੀ ਪ੍ਰਾਂਤਕ ਵਿਧਾਨ ਮੰਡਲ ਦੇ ਅਧੀਨ ਹੋਣ ਦੀ ਬਜਾਏ ਪ੍ਰਾਂਤ ਤੋਂ ਬਾਹਰ ਕਿਸੇ ਸੰਸਥਾ ਦੇ ਅਧੀਨ ਹੈ ਜਾਂ ਜੇਕਰ ਪ੍ਰਾਂਤਕ ਵਿਧਾਨ ਮੰਡਲ ਆਪਣੇ ਖੇਤਰ ਵਿਚ ਸਰਵਉਚ ਹੋਣ ਦੀ ਬਜਾਏ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਨ ਦੇ ਮਾਮਲੇ ਵਿਚ ਕਿਸੇ ਹੋਰ ਸ਼ਕਤੀ ਦੇ ਅਧੀਨ ਕੀਤਾ ਜਾਂਦਾ ਹੈ । ਦੂਸਰੇ ਸ਼ਬਦਾਂ ਵਿਚ ਜ਼ਿੰਮੇਵਾਰ ਸਰਕਾਰ ਲਈ ਖੁਦਮੁਖਤਿਆਰ ਸਰਕਾਰ ਹੋਣਾ ਲਾਜ਼ਮੀ ਹੈ ।ਪ੍ਰਾਂਤਕ ਸਰਕਾਰ ਨੂੰ ਖੁਦਮੁਖਤਿਆਰ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਪ੍ਰਾਂਤਕ ਸਰਕਾਰਾਂ ਅਤੇ ਕੇਂਦਰੀ ਸਰਕਾਰ ਦੇ ਕੰਮ ਕਰਨ ਦੇ ਖੇਤਰਾਂ ਦਾ ਸਪਸ਼ਟ ਬਟਵਾਰਾ ਕੀਤਾ ਜਾਵੇ ।

110. 1919 ਤੋਂ ਪਹਿਲਾਂ ਭਾਰਤ ਸਰਕਾਰ ਐਕਟ 1915 ਦੇ ਸੈਕਸ਼ਨ 45 ਅਧੀਨ ਇਕ ਪ੍ਰਾਂਤਕ ਸਰਕਾਰ ਲਈ ਲੋੜੀਂਦਾ ਹੁੰਦਾ ਸੀ ਕਿ ਗਵਰਨਰ ਜਨਰਲ ਇਨ ਕੌਂਸਲ ਦੇ ਹੁਕਮਾਂ ਦੀ ਪਾਲਣਾ ਕਰੇ ਅਤੇ ਨਾਲ ਆਪਣੀਆਂ ਕਾਰਵਾਈਆਂ ਅਤੇ ਹੋਰ ਮਸਲੇ ਜਿਹੜੇ ਇਸਦੇ ਵਿਚਾਰ ਵਿਚ ਉਸਨੂੰ ਰਿਪੋਰਟ ਕੀਤੇ ਜਾਣੇ ਚਾਹੀਦੇ ਹੋਣ, ਜਾਂ ਜਿਨ੍ਹਾਂ ਦੀ ਉਹ ਸੂਚਨਾ ਚਾਹੁੰਦਾ ਹੈ ਅਤੇ ਉਸਦੀ ਨਿਗਰਾਨੀ , ਨਿਰਦੇਸ਼ ਅਤੇ ਨਿਯੰਤਰਣ ਅਧੀਨ ਪ੍ਰਾਂਤ ਨਾਲ ਸੰਬੰਧਤ ਸਾਰੇ ਮਸਲਿਆਂ ਬਾਰੇ ਉਸਨੂੰ ਲਗਾਤਾਰ ਅਤੇ ਮਿਹਨਤ ਨਾਲ ਜਾਣੂ ਰੱਖੇ । ਇਸਦਾ ਭਾਵ ਇਹ ਸੀ ਕਿ ਪ੍ਰਾਂਤਕ ਸਰਕਾਰਾਂ ਕੋਲ ਉਨ੍ਹਾਂ ਦੁਆਰਾ ਪ੍ਰਸ਼ਾਸ਼ਿਤ ਕਿਸੇ ਵੀ ਮਸਲੇ ਵਿਚ ਆਪਣੇ-ਆਪ ਕਾਰਵਾਈ ਕਰਨ ਦੀ ਕੋਈ ਪ੍ਰਵਾਨਤ ਸ਼ਕਤੀ ਨਹੀਂ ਸੀ ਕਿ ਜਿਹੜੀਆਂ ਵੀ ਸ਼ਕਤੀਆਂ ਦੀ ਉਹ ਵਰਤੋਂ ਕਰਦੇ ਸਨ ਉਹ ਕੇਂਦਰ ਸਰਕਾਰ ਦੁਆਰਾ ਉਸੇ ਤਰ੍ਹਾਂ ਉਨ੍ਹਾਂ ਨੂੰ ਸੌਂਪੀ ਗਈ ਸੀ ਜਿਵੇਂ ਕਿ ਇਕ ਮੁਖ ਅਧਿਆਪਕ ਆਪਣੇ ਪ੍ਰਤੀਨਿਧੀ ਨੂੰ ਆਪਣੀ ਸ਼ਕਤੀ ਸੌਂਪਦਾ ਹੈ । 1919 ਦੇ ਐਕਟ ਦੁਆਰਾ ਕੇਂਦਰੀ ਸਰਕਾਰ ਦਾ ਪ੍ਰਾਂਤਕ ਸਰਕਾਰਾਂ ਨਾਲ ਇਹ ਸੰਬੰਧ ਇਸਦੇ ਅਧੀਨ ਬਣਾਏ ਗਏ ਉਪਬੰਧਾਂ ਤੇ ਨਿਯਮਾਂ ਦੇ ਅਧੀਨ ਰਖਿਆ ਗਿਆ ਸੀ।

1919 ਦੇ ਐਕਟ ਦਾ ਸੈਕਸ਼ਨ 45 (1) (ਬੀ) "ਸਥਾਨਕ ਸਰਕਾਰਾਂ ਨੂੰ ਪ੍ਰਾਂਤਕ ਵਿਸ਼ਿਆਂ ਦੇ ਸੰਬੰਧ ਵਿਚ ਸ਼ਕਤੀ ਦੀ ਸਪੁਰਦਗੀ ਲਈ ਅਤੇ ਮਾਲੀਏ ਜਾਂ ਹੋਰ ਰਾਸ਼ੀ ਦੀ ਉਨ੍ਹਾਂ ਸਰਕਾਰਾਂ ਨੂੰ ਵੰਡ ਲਈ ਉਪਬੰਧ ਕਰਦਾ ਸੀ, ਜਦਕਿ ਸੈਕਸ਼ਨ 45(3) ਵਿਵਸਥਾ ਕਰਦਾ ਸੀ ਕਿ " ਸਥਾਨਕ ਸਰਕਾਰਾਂ ਦੀ ਨਿਗਰਾਨੀ, ਨਿਰਦੇਸ਼ਨ ਅਤੇ ਨਿਯੰਤਰਨ ਕਰਨ ਦੀ ਸ਼ਕਤੀ ਇਸ ਐਕਟ ਅਧੀਨ ਗਵਰਨਰ ਜਨਰਲ ਇਨ ਕੌਂਸਲ ਵਿਚ ਨਿਹਿਤ ਹੋਵੇਗੀ ਅਤੇ ਤਬਦੀਲ ਕੀਤੇ ਵਿਸ਼ਿਆਂ ਦੇ ਸੰਬੰਧ ਵਿਚ ਕੇਵਲ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਨਿਸ਼ਚਤ ਕੀਤੇ ਗਏ ਮੰਤਵਾਂ ਲਈ ਹੀ ਵਰਤੀ ਜਾਵੇਗੀ, ਪ੍ਰੰਤੂ ਗਵਰਨਰ ਜਨਰਲ ਇਨ ਕੌਂਸਲ ਹੀ ਇਕੱਲਾ ਨਿਰਣਾਇਕ ਹੋਵੇਗਾ ਕਿ ਕੀ ਕੋਈ ਖਾਸ ਕੇਸ ਵਿਚ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਦਾ ਮੰਤਵ, ਇਸ ਤਰ੍ਹਾਂ ਨਿਸ਼ਚਤ ਕੀਤੇ ਮੰਤਵਾਂ ਦੇ ਦਾਇਰੇ ਵਿਚ ਆਉਂਦਾ ਹੈ।" ਇਸ ਲਈ 1919 ਦੇ ਐਕਟ ਨੇ ਦੋ ਪ੍ਰੀਵਰਤਨ ਕੀਤੇ : (1) ਇਸਨੇ ਪ੍ਰਾਂਤਾਂ ਨੂੰ ਭਾਰਤ ਸਰਕਾਰ ਦੇ ਪ੍ਰਤੀਨਿਧੀ ਦੇ ਤੌਰ ਤੇ ਹਾਸਲ ਸ਼ਕਤੀ ਤੋਂ ਵਖਰੀ ਆਪਣੀ ਸ਼ਕਤੀ ਦਿੱਤੀ ,(2) ਇਸਨੇ ਉਨ੍ਹਾਂ ਵਿਸ਼ਿਆਂ ਦੇ ਸਬੰਧ ਵਿਚ ਭਾਰਤ ਸਰਕਾਰ ਦੀ ਆਗਿਆ ਮੰਨਣ ਦੀ ਬੰਦਸ਼ ਤੋਂ ਇਨ੍ਹਾਂ ਨੂੰ ਮੁਕਤ ਕਰ ਦਿੱਤਾ ਜਿਹੜੇ ਕਿ ਮੰਤਰੀਆਂ ਦੇ ਨਿਯੰਤਰਣ ਲਈ ਤਬਦੀਲ ਕੀਤੇ ਗਏ ਸਨ, ਪਰ ਉਨ੍ਹਾਂ ਦੀ ਨਿਗਰਾਨੀ ਦੀ ਸ਼ਕਤੀ ਰੱਖ ਲਈ ਗਈ ਸੀ। ਇਸ ਤੋਂ ਸਪਸ਼ਟ ਹੈ ਕਿ ਮੰਤਰੀਆਂ ਦੇ ਨਿਯੰਤਰਣ ਅਧੀਨ ਸਾਰੇ ਵਿਸ਼ਿਆਂ ਦੀ ਪੂਰੀ ਤਬਦੀਲੀ ਹੋਣੀ ਚਾਹੀਦੀ ਹੈ ; ਪ੍ਰੰਤੂ ਇਹ ਤਬਦੀਲੀ ਹਮੇਸ਼ਾਂ ਭਾਰਤ ਸਰਕਾਰ ਦੀ ਦੇਖ ਰੇਖ ਦੀ ਮੁਕਤੀ ਦੀ ਸ਼ਰਤ ਤੇ ਹੋਵੇਗੀ ਜਿਸ ਵਿਚ ਪ੍ਰਾਂਤਕ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਦੀ ਆਜ਼ਾਦੀ ਵਿਚ ਦਖਲ ਅੰਦਾਜ਼ੀ ਸ਼ਾਮਲ ਹੋਵੇਗੀ। ਸਵਾਲ ਇਹ ਹੈ ਕਿ ਕੀ ਦੇਖ ਰੇਖ ਦੀਆਂ ਇਹ ਸ਼ਕਤੀਆਂ ਜ਼ਰੂਰੀ ਹਨ ਅਤੇ ਜੇਕਰ ਅਜਿਹਾਂ ਹੈ, ਕੀ ਪ੍ਰਾਂਤਕ ਅਤੇ ਕੇਂਦਰੀ ਸਰਕਾਰਾਂ ਵਿਚਕਾਰ ਸਬੰਧ ਦੀ ਕੋਈ ਹੋਰ ਕਿਸਮ ਦੀ ਕਲਪਨਾ ਕੀਤੀ ਜਾ ਸਕਦੀ ਹੈ ਜਿਸ ਵਿਚ ਇਹ ਸ਼ਕਤੀਆਂ ਇਸ ਤਰ੍ਹਾਂ ਰੱਖੀਆਂ ਜਾਣ ਕਿ ਪ੍ਰਾਂਤ ਦੀ ਖ਼ੁਦਮੁਖਤਾਰੀ ਨਾਲ ਕੋਈ ਟਕਰਾਉ ਨਾ ਹੋ ਸਕੇ।

111. 1919 ਦੇ ਐਕਟ ਅਤੇ ਇਸ ਅਧੀਨ ਬਣਾਏ ਨਿਯਮਾਂ ਦੁਆਰਾ ਪ੍ਰਾਂਤਕ ਵਿਸ਼ੇ ਕੇਂਦਰੀ ਵਿਸ਼ਿਆਂ ਨਾਲੋਂ ਵਖਰੇ ਕੀਤੇ ਗਏ ਹਨ। ਇਸਦੇ ਬਾਵਜੂਦ ਪ੍ਰਾਂਤਕ ਵਿਧਾਨ ਮੰਡਲਾਂ ਨੂੰ ਪ੍ਰਾਂਤਕ ਵਿਸ਼ਿਆਂ ਉਪਰ ਕਾਨੂੰਨ ਬਣਾਉਣ ਵਿਚ ਕਾਰਵਾਈ ਦੀ ਆਜ਼ਾਦੀ ਜਾਂ ਕਾਰਵਾਈ ਦੀ ਅੰਤਿਮਤਾ ਨਹੀਂ ਦਿੱਤੀ ਗਈ। ਪ੍ਰਾਂਤਕ ਵਿਧਾਨ ਮੰਡਲ ਦੀਆਂ ਸ਼ਕਤੀਆ ਦੋ ਵਖ ਵਖ ਢੰਗਾਂ ਵਿਚ ਸੀਮਤ ਕੀਤੀਆਂ ਗਈਆਂ ਹਨ। ਸੈਕਸ਼ਨ 80 ਏ ਦੇ ਵਿਚ ਦਰਸਾਏ ਕੁਝ ਮਸਲਿਆਂ ਵਿਚ, ਇਹ ਗਵਰਨਰ ਜਨਰਲ ਦੀ ਪੂਰਵ ਪ੍ਰਵਾਨਗੀ ਤੋਂ ਬਗੈਰ ਕੋਈ ਕਾਨੂੰਨ ਨਹੀਂ ਬਣਾ ਸਕਦੀ ਜਾਂ ਬਣਾਉਣ ਤੇ ਵਿਚਾਰ ਨਹੀਂ ਕਰ ਸਕਦੀ, ਭਾਵੇਂ ਕਿ ਇਹ ਪ੍ਰਾਂਤਕ ਖੇਤਰ ਦੇ ਦਾਇਰੇ ਵਿਚ ਆਉਂਦੇ ਮਸਲੇ ਨਾਲ ਹੀ

ਸਬੰਧਤ ਕਿਉਂ ਨਾ ਹੋਵੇ। ਕੁਝ ਹੋਰ ਖਾਸ ਮਸਲਿਆਂ ਵਿਚ ਵਿਧਾਨ ਮੰਡਲ ਕਾਨੂੰਨ ਪਾਸ ਕਰ ਸਕਦੀ ਹੈ, ਪਰੰਤੂ ਜੇਕਰ ਕਾਨੂੰਨ ਸੈਕਸ਼ਨ 81-ਏ ਜਾਂ ਉਸ ਅਧੀਨ ਬਣਾਏ ਨਿਯਮਾਂ ਦੇ ਦਾਇਰੇ ਵਿਚ ਆਉਂਦਾ ਹੋਵੇ ਤਾਂ ਇਸਦੀ ਕਾਰਵਾਈ ਗਵਰਨਰ ਜਨਰਲ ਦੀ ਵੀਟੋ ਅਧੀਨ ਆ ਜਾਂਦੀ ਹੈ। ਪ੍ਰਾਂਤਕ ਖੁਦ-ਮੁਖਤਿਆਰੀ 'ਤੇ ਇਨ੍ਹਾਂ ਦੋ ਰੋਕਾਂ ਦਾ ਪ੍ਰਭਾਵ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਸਵਾਲ ਇਹ ਹੈ ਕਿ ਕੀ ਪ੍ਰਾਂਤਕ ਅਤੇ ਕੇਂਦਰੀਅ ਸਰਕਾਰਾਂ ਵਿਚਕਾਰ ਸਬੰਧਾਂ ਦੀ ਕੋਈ ਹੋਰ ਪ੍ਰਣਾਲੀ ਦੀ ਕਲਪਨਾ ਕੀਤੀ ਜਾ ਸਕਦੀ ਹੈ ਜਿਸ ਵਿਚ ਕੇਂਦਰੀ ਸਰਕਾਰ ਦੀਆਂ ਸ਼ਕਤੀਆਂ ਪ੍ਰਾਂਤ ਦੀ ਖੁਦਮੁਖਤਾਰੀ ਨਾਲ ਨਹੀਂ ਟਕਰਾਉਂਦੀਆਂ।

112. ਪ੍ਰਾਂਤਕ ਵਿਸ਼ਿਆਂ ਦੇ ਪ੍ਰਸ਼ਾਸਨ ਦੇ ਮਸਲਿਆਂ ਵਿਚ ਪ੍ਰਾਂਤਕ ਸਰਕਾਰ ਉਪਰ ਕੇਂਦਰੀ ਸਰਕਾਰ ਦੁਆਰਾ ਦੇਖ ਰੇਖ ਸਬੰਧੀ ਉਪਬੰਧ ਅਤੇ ਇਸ ਤੋਂ ਪਿਛੇ ਪ੍ਰਾਂਤਕ ਵਿਸ਼ਿਆਂ ਸਬੰਧੀ ਕੇਂਦਰ ਸਰਕਾਰ ਦੁਆਰਾ ਪ੍ਰਾਂਤਕ ਵਿਧਾਨ ਮੰਡਲ ਦੀ ਵੀਟੋ ਇਕ ਅਜਿਹਾ ਲੱਛਣ ਹੈ ਜੋ ਕਿ ਕਿਸੇ ਵੀ ਹੋਰ ਦੇਸ਼ ਵਿਚ ਨਹੀਂ ਮਿਲਦਾ ਜਿਥੇ ਸਰਕਾਰ ਦੇ ਕੰਮ-ਕਾਜ ਦੋ ਰਾਜਨੀਤਕ ਸੰਸਥਾਵਾਂ, ਕੇਂਦਰੀ ਅਤੇ ਪ੍ਰਾਂਤਕ ਵਿਚ ਵੰਡੇ ਹੋਏ ਹਨ, ਜਿਵੇਂ ਕਨੇਡਾ, ਆਸਟਰੇਲੀਆ ਅਤੇ ਸੰਘੀ ਰਾਜ ਆਦਿ। ਪੂਰਵ ਮਨਜ਼ੂਰੀ ਸਬੰਧੀ ਸੰਵਿਧਾਨ ਵਿਚ ਉਪਬੰਧ ਕੀਤਾ ਜਾਣਾ ਦੋ ਗਲਤ ਧਾਰਨਾਵਾਂ ਦਾ ਨਤੀਜਾ ਸੀ। ਇਕ ਇਹ ਕਿ ਕੰਮਾਂ ਨੂੰ ਨਿਵੇਕਲੇ ਤੌਰ ਤੇ ਵੰਡਣਾ ਮੁਨਾਸਬ ਨਹੀਂ ਸੀ। ਇਹ ਧਾਰਨਾ ਚੰਗੀ ਤਰ੍ਹਾਂ ਸਥਾਪਤ ਨਹੀਂ ਜਾਪਦੀ। ਕਿਉਂ ਜੋ ਕਨੇਡਾ ਵਿਚ ਸੰਵਿਧਾਨ ਕੰਮਾਂ ਨੂੰ ਦੋ ਵਖੋ ਵਖਰੀਆਂ ਸ਼੍ਰੇਣੀਆਂ ਵਿਚ ਵੰਡਦਾ ਹੈ। (1) ਉਹ ਜਿਹੜੇ ਨਿਵੇਕਲੇ ਤੌਰ ਤੇ ਕੇਂਦਰੀ ਸਰਕਾਰ ਨਾਲ ਸਬੰਧਤ ਹਨ ਅਤੇ (2) ਉਹ ਜਿਹੜੇ ਨਿਵੇਕਲੇ ਤੌਰ ਤੇ ਪ੍ਰਾਂਤਕ ਸਰਕਾਰਾਂ ਨਾਲ ਸਬੰਧਤ ਹਨ ਜੋ ਕਿ ਹਰੇਕ ਸਰਕਾਰ ਨੂੰ, ਉਨ੍ਹਾਂ ਨੂੰ ਨਿਰਧਾਰਤ ਕੀਤੇ ਇਲਾਕੇ ਵਿਚ ਪੂਰਨ ਖੁਦ ਮੁਖਤਿਆਰ ਬਣਾਉਂਦਾ ਹੈ। ਦੂਸਰੀ ਧਾਰਨਾ ਇਹ ਹੈ ਕਿ ਜਿਨ੍ਹਾਂ ਕਰਤੱਵਾਂ ਨੂੰ ਨਿਵੇਕਲੇ ਤੌਰ ਤੇ ਪ੍ਰਾਂਤਕ ਨਹੀਂ ਕਿਹਾ ਜਾ ਸਕਦਾ, ਉਨ੍ਹਾਂ ਨੂੰ ਨਿਪਟਾਉਣ ਲਈ ਇਕੱਲਾ ਰਸਤਾ ਹੈ ਕਿ ਉਨ੍ਹਾਂ ਨੂੰ ਪੂਰਵ ਪ੍ਰਵਾਨਗੀ ਅਤੇ ਇਸ ਤੋਂ ਪਿਛੋਂ ਕੇਂਦਰੀ ਸਰਕਾਰ ਦੀ ਵੀਟੋ ਦੀ ਸ਼ਰਤ 'ਤ ਵਰਤਿਆ ਜਾਵੇ। ਇਹ ਫਿਰ ਮੈਨੂੰ ਇਕ ਗਲਤ ਧਾਰਨਾ ਜਾਪਦੀ ਹੈ। ਆਸਟਰੇਲੀਆ ਅਤੇ ਸੰਘੀ ਰਾਜਾਂ ਦੇ ਸੰਵਿਧਾਨ ਉਦਾਹਰਣਾਂ ਹਨ ਜਿਨ੍ਹਾਂ ਵਿਚ ਸੰਵਿਧਾਨ ਨੇ ਕਰਤੱਵਾਂ ਨੂੰ ਨਿਵੇਕਲੇ ਤੌਰ ਤੇ ਦੋ ਸਪਸ਼ਟ ਭਾਗਾਂ ਵਿਚ ਨਹੀਂ ਵੰਡਿਆ, ਜਿਵੇਂ ਕਿ ਕਨੇਡਾ ਵਿਚ ਕੀਤਾ ਗਿਆ ਹੈ। ਆਸਟਰੇਲੀਆ ਦੇ ਸੰਵਿਧਾਨ ਦੁਆਰਾ ਅਪਣਾਈਆਂ ਗਈਆਂ ਸ਼ਕਤੀਆਂ ਅਤੇ ਕਰਤਵਾਂ ਦੀ ਯੋਜਨਾ ਦੁਆਰਾ ਕੁਝ ਅਜਿਹੇ ਮਸਲੇ ਹਨ ਜਿਨ੍ਹਾਂ ਉਪਰ ਕੇਂਦਰੀ ਸਰਕਾਰ ਨਿਵੇਕਲੀ ਸ਼ਕਤੀ ਰਖਦੀ ਹੈ। ਕੁਝ ਹੋਰ ਮਸਲਿਆਂ ਵਿਚ ਕੇਂਦਰ ਸਰਕਾਰ ਦੀਆਂ ਸ਼ਕਤੀਆਂ ਰਾਜ ਸਰਕਾਰ ਦੀਆਂ ਸ਼ਕਤੀਆਂ ਨਾਲ ਸਮਵਰਤੀ ਹਨ। ਪ੍ਰੰਤੂ ਸਮਵਰਤੀ ਵਿਧਾਨ ਦੇ ਮਸਲੇ ਦੋ ਸ਼੍ਰੇਣੀਆਂ ਵਿਚ ਵੰਡੇ ਹੋਏ

ਹਨ (1) ਜਿਨ੍ਹਾਂ ਵਿਚ ਸਰਵਉਚ ਵਿਧਾਨ ਦੁਆਰਾ ਕਾਮਨਵੈਲਥ ਪਾਰਲੀਮੈਂਟ ਦੀ ਸ਼ਕਤੀ ਲਾਗੂ ਹੁੰਦੀ ਹੈ ਜੋ ਕਿ ਰਾਜ ਸ਼ਕਤੀ, ਆਪਣੀ ਸ਼ਕਤੀ ਦੇ ਕਿਸੇ ਵੀ ਪ੍ਰਯੋਗ ਨੂੰ ਆਸਾਨੀ ਨਾਲ ਕੁਚਲ ਦਿੰਦੀ ਹੈ ਅਤੇ (2) ਜਿਨ੍ਹਾਂ ਵਿਚ ਕਾਮਨਵੈਲਥ ਦੀ ਕੋਈ ਸਰਵਉਚ ਸ਼ਕਤੀ ਨਹੀਂ ਹੈ। ਸੰਘੀ ਰਾਜਾਂ ਵਿਚ ਸਰਕਾਰੀ ਸ਼ਕਤੀਆਂ ਇੰਜ ਵੰਡੀਆਂ ਹੋਈਆਂ ਹਨ :(1) ਕੇਵਲ ਕੇਂਦਰੀ ਸਰਕਾਰ ਨੂੰ ਸੌਂਪੀਆਂ ਗਈ ਸ਼ਕਤੀਆਂ ,(2) ਕੇਵਲ ਰਾਜ ਸਰਕਾਰ ਵਿਚ ਵੰਡੀਆਂ ਹੋਈਆਂ ਸ਼ਕਤੀਆਂ, (3) ਕੇਂਦਰ ਜਾਂ ਰਾਜ ਸਰਕਾਰਾਂ ਦੁਆਰਾ ਵਰਤੀਆਂ ਜਾਣ ਵਾਲੀਆਂ ਸ਼ਕ਼ਤੀਆਂ, (4) ਕੇਂਦਰ ਸਰਕਾਰ ਨੂੰ ਵਰਜਿਤ ਕੀਤੀਆਂ ਗਈਆਂ ਸ਼ਕਤੀਆਂ ਅਤੇ (5) ਰਾਜ ਸਰਕਾਰਾਂ ਨੂੰ ਵਰਜਿਤ ਕੀਤੀਆਂ ਗਈਆਂ ਸ਼ਕਤੀਆਂ। ਇਸ ਤਰ੍ਹਾਂ ਦੋਨੋਂ ਆਸਟਰੇਲੀਆ ਅਤੇ ਸੰਘੀ ਰਾਜਾਂ ਦੇ ਸੰਵਿਧਾਨ ਮੰਨਦੇ ਹਨ ਕਿ ਕੁਝ ਕਰਤਵ ਅਜਿਹੇ ਹੋ ਸਕਦੇ ਹਨ, ਜਿਹੜੇ ਨਿਵੇਕਲੇ ਤੌਰ ਤੇ ਕਿਸੇ ਨਾਲ ਵੀ ਸਬੰਧਤ ਨਹੀਂ ਹੁੰਦੇ। ਪਰੰਤੂ ਉਨ੍ਹਾਂ ਵਿਚੋਂ ਕਿਸੇ ਨੇ ਵੀ ਦੂਸਰੀ ਸਰਕਾਰ ਦੀ ਪੂਰਵ ਪ੍ਰਵਾਨਗੀ ਅਤੇ ਮਗਰੋਂ ਉਸਦੁਆਰਾ ਵੀਟੋ ਕੀਤੇ ਜਾਣ ਦੀ ਸ਼ਰਤ ਤੇ ਇਕ ਸਰਕਾਰ ਦੇ ਸਪੁਰਦ ਕਰਨ ਦੀ ਯੋਜਨਾ ਨੂੰ ਨਹੀਂ ਅਪਣਾਇਆ। ਮੈਂ ਸਿਫ਼ਾਰਸ਼ ਕਰਦਾ ਹਾਂ ਕਿ ਕਨੇਡਾ ਵਰਗੀਆਂ ਸ਼ਕਤੀਆਂ ਅਤੇ ਕਰਤਵਾਂ ਦੀ ਵੰਡ ਦੀ ਯੋਜਨਾਂ ਦੀ ਅਜਮਾਇਸ਼ ਕੀਤੀ ਜਾਣੀ ਚਾਹੀਦੀ ਹੈ ਅਤੇ ਇਸਦੇ ਅਸਫਲ ਹੋਣ 'ਤੇ ਆਸਟਰੇਲੀਆ ਜਾਂ ਸੰਘੀ ਰਾਜਾਂ ਵਿਚ ਪ੍ਰਚਲਿਤ ਯੋਜਨਾ ਨੂੰ ਅਪਣਾਇਆ ਜਾਣਾ ਚਾਹੀਦਾ ਹੈ। ਪ੍ਰੰਤੂ ਪੂਰਵ ਪ੍ਰਵਾਨਗੀ ਅਤੇ ਵੀਟੋ ਕੀਤੇ ਜਾਣ ਵਾਲੇ ਉਪਬੰਧ ਦਾ ਹਰ ਸੂਰਤ ਵਿਚ ਤਿਆਗ ਕੀਤਾ ਜਾਣਾ ਚਾਹੀਦਾ ਹੈ।

113. ਉਹ ਉਪਬੰਧ ਜਿਸ ਦੁਆਰਾ ਕੇਂਦਰੀ ਸਰਕਾਰ ਨੂੰ ਉਨ੍ਹਾਂ ਵਿਸ਼ਿਆਂ ਦੀ ਦੇਖ ਰੇਖ ਦੀ ਸ਼ਕਤੀ ਸੌਂਪੀ ਗਈ ਹੈ, ਜਿਹੜੇ ਕਿ ਪ੍ਰਾਂਤਕ ਨਿਯੰਤਰਣ ਨੂੰ ਤਬਦੀਲ ਕੀਤੇ ਗਏ ਹਨ, ਕੁਝ ਹੱਦ ਤਕ ਕੇਂਦਰ ਤੇ ਪ੍ਰਾਂਤਾਂ ਵਿਚਕਾਰ ਵਿਸ਼ਿਆਂ ਦੀ ਅਸਪਸ਼ਟ ਸਪੁਰਦਗੀ ਕਰਕੇ ਅਤੇ ਕੁਝ ਹੱਦ ਤਕ ਪ੍ਰਾਂਤਕ ਵਿਸ਼ਿਆਂ ਦੇ ਪ੍ਰਬੰਧ ਲਈ ਕੇਂਦਰੀ ਸਰਕਾਰ ਦੀ ਜ਼ਿੰਮੇਵਾਰੀ ਦੇ ਗਲਤ ਦ੍ਰਿਸ਼ਟੀਕੋਣ ਸਦਕਾ ਹੈ। ਦੇਖ ਰੇਖ ਦੀ ਸ਼ਕਤੀ ਨੂੰ ਯੋਗ ਠਹਿਰਾਉਣ ਦੀ ਮੰਗ ਇਸ ਆਧਾਰ ਤੇ ਕੀਤੀ ਗਈ ਹੈ ਕਿ ਕੁਝ ਵਿਸ਼ੇ ਕੇਂਦਰ ਲਈ ਮਹੱਤਵਪੂਰਣ ਹੁੰਦੇ ਹਨ। ਇਸ ਦਲੀਲ ਦੇ ਆਧਾਰ ਕੈਨੇਡਾ, ਆਸਟਰੇਲੀਆ ਤੇ ਅਮਰੀਕਾ ਦੀਆਂ ਲੀਹਾਂ ਤੇ ਵਿਸ਼ਿਆਂ ਦੀ ਸਹੀ ਵੰਡ ਨਹੀਂ ਕੀਤੀ ਜਾ ਸਕਦੀ। ਦੇਖ ਰੇਖ ਦੀਆਂ ਸ਼ਕਤੀਆਂ ਦੀ ਦੂਸਰੀ ਦਲੀਲ ਇਹ ਹੈ ਕਿ ਭਾਰਤ ਸਰਕਾਰ ਨੂੰ ਸ਼ਾਂਤੀ, ਵਿਵਸਥਾ ਅਤੇ ਸਾਰੀ ਦੀ ਸਾਰੀ ਚੰਗੀ ਭਾਰਤ ਸਰਕਾਰ ਹੋਣਾ ਲਾਜ਼ਮੀ ਹੈ ਅਤੇ ਇਸਨੂੰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਇਸ ਕੋਲ ਦੇਖ ਰੇਖ ਦੀ ਸ਼ਕਤੀ ਹੋਣੀ ਲਾਜ਼ਮੀ ਹੈ। ਮੈਨੂੰ ਇੰਜ ਜਾਪਦਾ ਹੈ ਕਿ ਕਰਤੱਵਾਂ ਦੀ ਵੰਡ ਮਗਰੋਂ ਜ਼ਿੰਮੇਵਾਰੀਆਂ ਦੀ ਵੰਡ ਵੀ ਹੋ ਜਾਵੇਗੀ। ਜੇਕਰ ਇਹ ਜ਼ਿੰਮੇਵਾਰੀਆਂ ਵੰਡੀਆਂ ਜਾਂਦੀਆਂ ਹਨ ਅਤੇ ਇਹ

ਕਿ ਜੇਕਰ ਕੇਂਦਰੀ ਸਰਕਾਰ ਨੂੰ ਇਸ ਨੂੰ ਸੌਂਪੇ ਗਏ ਮਸਲਿਆਂ ਵਿਚੋਂ ਉਭਰੇ ਮਸਲਿਆਂ ਤਕ ਸੀਮਤ ਕੀਤਾ ਜਾਂਦਾ ਹੈ ਤਾਂ ਪ੍ਰਾਂਤਕ ਸਰਕਾਰ ਉਪਰ ਦੇਖ ਰੇਖ ਦੀ ਲੋੜ ਖਤਮ ਹੋ ਜਾਵੇਗੀ ਅਤੇ ਮੈਂ ਸੁਝਾਅ ਦਿੰਦਾ ਹਾਂ ਕਿ ਭਾਰਤ ਸਰਕਾਰ ਐਕਟ ਦੀਆਂ ਉਹ ਕਲਾਜ਼ਾਂ, ਜਿਹੜੀਆਂ ਕੇਂਦਰੀ ਸਰਕਾਰ ਦੀਆਂ ਜ਼ਿੰਮੇਵਾਰੀਆਂ ਦੀ ਵਿਆਖਿਆ ਕਰਦੀਆਂ ਹਨ, ਉਨ੍ਹਾਂ ਵਿਚ ਇਸੇ ਅਨੁਸਾਰ ਤਰਮੀਮ ਕੀਤੀ ਜਾਣੀ ਚਾਹੀਦੀ ਹੈ।

114. ਜਦਕਿ ਮੈਂ ਇਸ ਗੱਲ ਦਾ ਇਛਾਵਾਨ ਹਾਂ ਕਿ ਇਥੇ ਪੂਰਨ ਪ੍ਰਾਂਤਕ ਖੁਦਮੁਖਤਿਆਰੀ ਸਥਾਪਤ ਹੋਣੀ ਚਾਹੀਦੀ ਹੈ, ਮੈਂ ਕਿਸੇ ਵੀ ਅਜਿਹੇ ਪ੍ਰੀਵਰਤਨ ਦੇ ਖਿਲਾਫ ਹਾਂ ਜੋ ਕਿਸੇ ਵੀ ਤਰ੍ਹਾਂ ਕੇਂਦਰੀ ਸਰਕਾਰ ਨੂੰ ਕਮਜ਼ੋਰ ਕਰੇ ਜਾਂ ਇਸਦੇ ਰਾਸ਼ਟਰੀ ਚਰਿਤਰ ਨੂੰ ਕਮਜ਼ੋਰ ਕਰੇ ਜਾਂ ਲੋਕਾਂ ਦੀ ਨਜ਼ਰ ਵਿਚ ਇਸਦੀ ਹੋਂਦ ਨੂੰ ਧੁੰਦਲਾ ਕਰੇ। ਇਹ ਵਿਚਾਰ ਰਖਦੇ ਹੋਏ ਮੈਂ ਕੇਂਦਰੀ ਸਰਕਾਰ ਨੂੰ ਇਕ ਅਜਿਹੀ ਲੀਗ ਬਣਾਉਣ ਦੇ ਵਿਰੁੱਧ ਹਾਂ ਜਿਸ ਵਿਚ ਕੁਝ ਮੰਤਵਾਂ ਲਈ ਇਕ ਇਕਹਿਰੀ ਸੰਸਥਾ ਦਾ ਗਠਨ ਕਰਨ ਵਾਸਤੇ ਬਹੁਤ ਸਾਰੀਆਂ ਆਪਸ ਵਿਚ ਬੱਝੀਆਂ ਸਰਕਾਰਾਂ ਸ਼ਾਮਲ ਹੋਣ। ਅਜਿਹੀ ਵਿਵਸਥਾ ਦਾ ਪ੍ਰਭਾਵ ਸਪਸ਼ਟ ਹੈ। ਲੀਗ ਸਰਕਾਰਾਂ ਦੇ ਜੋੜ ਵਜੋਂ ਹੋਂਦ ਵਿਚ ਰਹੇਗੀ ਅਤੇ ਉਦੋਂ ਹੀ ਖ਼ਤਮ ਹੋ ਜਾਵੇਗੀ, ਜਦੋਂ ਸਰਕਾਰਾਂ ਆਪਣੇ ਆਪ ਨੂੰ ਇਕ ਦੂਸਰੇ ਤੋਂ ਅਲੱਗ ਕਰਨ ਦਾ ਫੈਸਲਾ ਕਰ ਲੈਣਗੀਆਂ। ਅਜਿਹੀ ਕੇਂਦਰੀ ਸਰਕਾਰ ਉਤਨਾ ਸਮਾਂ ਹੀ ਚਲੇਗੀ ਜਿੰਨਾ ਸਮਾਂ ਇਸ ਵਿਚ ਸ਼ਾਮਲ ਸਰਕਾਰਾਂ ਚਾਹੁਣਗੀਆਂ। ਲੀਗ ਨੂੰ ਸਰਕਾਰਾਂ ਦਾ ਸੰਘ ਹੋਣ ਕਰਕੇ ਸਰਕਾਰਾਂ ਨਾਲ ਵਿਉਹਾਰ ਕਰਨਾ ਪਵੇਗਾ ਅਤੇ ਉਨ੍ਹਾਂ ਦੀ ਮਰਜ਼ੀ ਮੁਤਾਬਕ ਚਲਣਾ ਪਵੇਗਾ, ਵਿਅਕਤੀਗਤ ਨਾਗਰਿਕਾਂ ਨਾਲ ਸਰਕਾਰ ਦਾ ਬਹੁਤ ਘੱਟ ਸਬੰਧ ਹੋਵੇਗਾ। ਵਿਅਕਤੀਆਂ ਤੇ ਕਰ ਲਗਾਉਣ, ਉਨ੍ਹਾਂ ਦੇ ਮੁਕਦਮਿਆਂ ਤੇ ਫੈਸਲੇ ਦੇਣ ਅਤੇ ਉਨ੍ਹਾਂ ਲਈ ਕਾਨੂੰਨ ਬਣਾਉਣ ਲਈ ਸਰਕਾਰ ਕੋਲ ਕੋਈ ਅਧਿਕਾਰ ਨਹੀਂ ਹੋਵੇਗਾ। ਅਜਿਹੀ ਕੇਂਦਰੀ ਸਰਕਾਰ ਦਾ ਕਮਜ਼ੋਰ ਸਰਕਾਰ ਹਣਾ ਸੁਭਾਵਕ ਹੈ। ਕੇਂਦਰੀ ਸਰਕਾਰ ਦੀ ਮੇਰੀ ਧਾਰਨਾ ਮੈਨੂੰ ਅਜਿਹੀ ਪ੍ਰਕਾਰ ਦੀ ਸਰਕਾਰ ਨਾਲ ਰਜ਼ਾਮੰਦ ਹੋਣ ਦੀ ਆਗਿਆ ਵੀ ਨਹੀਂ ਦੇਵੇਗੀ ਜੋ ਕਿ ਅਮਰੀਕਾ ਦੇ ਸੰਵਿਧਾਨ ਦੇ ਅਨੁਸਾਰ ਹੋਵੇ, ਜਿਸ ਵਿਚ ਕੇਂਦਰੀ ਸਰਕਾਰ ਰਾਸ਼ਟਰਮੰਡਲ ਹੋਣ ਦੇ ਨਾਲ ਨਾਲ ਰਾਸ਼ਟਰ ਮੰਡਲਾਂ ਦਾ ਸੰਘ ਵੀ ਹੈ। ਇਹ ਸੱਚ ਹੈ ਕਿ ਇਸ ਦੇ ਅਧੀਨ ਕੇਂਦਰੀ ਸਰਕਾਰ ਹਰੇਕ ਵਿਅਕਤੀ ਉਪਰ ਆਪਣੀਆਂ ਅਦਾਲਤਾਂ ਦੁਆਰਾ ਅਤੇ ਆਪਣੇ ਕਾਰਜਕਾਰੀ ਅਧਿਕਾਰੀਆਂ ਦੁਆਰਾ ਤੁਰੰਤ ਕਾਰਵਾਈ ਕਰਦੀ ਹੈ। ਇਹ ਵੀ ਉਤਨਾ ਹੀ ਸੱਚ ਹੈ ਕਿ ਸੰਘੀ ਰਾਜਾਂ (ਯੂਨਾਈਟਡ ਸਟੇਟਸ) ਵਿਚ ਕੇਂਦਰੀ ਸਰਕਾਰ ਰਾਜਾਂ ਦਾ ਇਕ ਸੰਘ ਹੈ। ਰਾਜਾਂ ਦੁਆਰਾਂ ਇਸ ਨੂੰ ਹੋਂਦ ਵਿਚ ਲਿਆਂਦਾ ਜਾਣ ਕਰਕੇ ਇਸਦਾ ਰਾਜਾਂ ਨਾਲ ਖੜ੍ਹਾ ਹੋਣਾ ਅਤੇ ਡਿਗਣਾ ਲਾਜ਼ਮੀ ਹੈ। ਰਾਜਾਂ ਨੇ ਸਾਰੀਆਂ ਸ਼ਕਤੀਆਂ ਰੱਖੀਆਂ ਹਨ ਜੋ ਕਿ ਉਨ੍ਹਾਂ ਨੇ ਸਪਸ਼ਟ ਤੌਰ ਤੇ ਨਹੀਂ ਤਿਆਗੀਆਂ। ਕੇਂਦਰੀ ਸਰਕਾਰ ਕੋਲ ਉਨ੍ਹਾਂ ਸ਼ਕਤੀਆਂ ਤੋਂ ਇਲਾਵਾ ਜੋ ਕਿ ਉਸ ਨੂੰ ਕਾਨੂੰਨ ਦੁਆਰਾ ਸੌਂਪੀਆਂ ਗਈਆਂ ਹਨ, ਕੋਈ ਹੋਰ ਸ਼ਕਤੀਆਂ ਨਹੀਂ। ਅਜਿਹੀ ਕੇਂਦਰੀ

ਸਰਕਾਰ, ਇਕ ਲੀਗ ਵਿਚਲੀ ਕੇਂਦਰੀ ਸਰਕਾਰ ਨਾਲੋਂ ਭਾਵੇਂ ਕਿੰਨੀ ਵੀ ਤਾਕਤਵਰ ਕਿਉਂ ਨਾ ਹੋਵੇ, ਮੇਰੇ ਵਿਚਾਰ ਵਿੱਚ ਭਾਰਤ ਦੀਆਂ ਲੋੜਾਂ ਅਨੁਸਾਰ ਯੋਗ ਰੂਪ ਵਿੱਚ ਤਾਕਤਵਰ ਨਹੀਂ ਹੋਵੇਗੀ। ਮੇਰਾ ਵਿਚਾਰ ਇਹ ਹੈ ਕਿ ਰਾਸ਼ਟਰੀ ਸਰਕਾਰ ਅਜਿਹੀ ਸਥਿਤੀ ਵਿਚ ਹੋਣੀ ਚਾਹੀਦੀ ਹੈ ਕਿ ਪ੍ਰਾਂਤਕ ਸਰਕਾਰਾਂ ਸਦਕਾ ਖੜ੍ਹੀ ਨਾ ਜਾਪਦੀ ਹੋਵੇ। ਅਸਲ ਵਿਚ ਇਸ ਦੀ ਸਥਿਤੀ ਇਤਨੀ ਆਜ਼ਾਦ ਹੋਣੀ ਚਾਹੀਦੀ ਹੈ ਕਿ ਨਾ ਕੇਵਲ ਇਹ ਉਸ ਸਮੇਂ ਕਾਇਮ ਰਹਿ ਸਕੇ, ਜਦੋਂ ਕਿ ਸਾਰੀਆਂ ਪ੍ਰਾਂਤਕ ਸਰਕਾਰਾਂ ਖਤਮ ਹੋ ਗਈਆਂ ਹੋਣ ਜਾਂ ਪੂਰਨ ਤੌਰ ਤੇ ਵਖਰੀਆਂ ਸੰਸਥਾਵਾਂ ਵਿਚ ਬਦਲ ਚੁਕੀਆਂ ਹੋਣ, ਪਰੰਤੂ ਇਸ ਕੋਲ ਉਸ ਹਾਲਤ ਵਿਚ ਵੀ ਪ੍ਰਾਂਤਕ ਪ੍ਰਸ਼ਾਸਨ ਚਲਾਉਣ ਦੀ ਸ਼ਕਤੀ ਹੋਣੀ ਚਾਹੀਦੀ ਹੈ, ਜਦੋਂ ਕਿ ਇਕ ਪ੍ਰਾਂਤਕ ਸਰਕਾਰ ਬਗਾਵਤ ਕਰਕੇ ਜਾਂ ਕਿਸੇ ਹੋਰ ਤਰ੍ਹਾਂ ਕੰਮ ਕਰਨਾ ਬੰਦ ਕਰ ਦੇਵੇ। ਨਤੀਜੇ ਵਜੋਂ ਪ੍ਰਸ਼ਨ ਦੇ ਇਸ ਪੱਖ ਤੇ ਮੈਂ ਹੇਠ ਲਿਖੀਆਂ ਸਿਫਾਰਸ਼ਾਂ ਕਰਦਾ ਹਾਂ: (1) ਸਾਰੀਆਂ ਬਾਕਾਇਆ ਸ਼ਕਤੀਆਂ ਕੇਂਦਰੀ ਸਰਕਾਰ ਕੋਲ ਹੋਣੀਆਂ ਚਾਹੀਦੀਆਂ ਹਨ (2) ਕਿਸੇ ਵੀ ਅਨੁਸ਼ਾਸਨਹੀਨ ਜਾਂ ਬਾਗੀ ਪ੍ਰਾਂਤ ਨੂੰ ਜੋ ਕਿ ਦੇਸ਼ ਦੇ ਹਿੱਤਾਂ ਦੇ ਪ੍ਰਤੀਕੂਲ ਕਾਰਵਾਈ ਕਰਦਾ ਹੋਵੇ, ਦਬਾਉਣ ਲਈ ਕੇਂਦਰੀ ਸਰਕਾਰ ਨੂੰ ਵਿਸ਼ੇਸ਼ ਸ਼ਕਤੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ (3) ਪ੍ਰਾਂਤਕ ਸਰਕਾਰ ਨੂੰ ਦਿੱਤੀਆਂ ਗਈਆਂ ਸਾਰੀਆਂ ਸ਼ਕਤੀਆਂ ਇਸਦੇ ਨਾਕਾਰਾ ਹੋ ਜਾਣ ਦੀ ਸੂਰਤ ਵਿਚ ਕੇਂਦਰੀ ਸਰਕਾਰ ਨੂੰ ਵਾਪਸ ਹੋ ਜਾਣਗੀਆਂ ਅਤੇ (4) ਕੇਂਦਰੀ ਵਿਧਾਨ ਮੰਡਲ ਦੀ ਚੋਣ ਸਿੱਧੇ ਤੌਰ ਤੇ ਹੋਵੇਗੀ।

ਅਧਿਆਇ 2

ਸਮਰਾਟ (ਕਰਾਊਨ) ਦਾ ਪ੍ਰਾਂਤਕ ਸਰਕਾਰ ਨਾਲ ਸਬੰਧ

115. ਪ੍ਰਾਂਤਕ ਖੁਦਮੁਖਤਾਰੀ ਹਾਸਲ ਕਰਨ ਦੇ ਮੰਤਵ ਲਈ ਕੇਵਲ ਪ੍ਰਾਂਤਕ ਸਰਕਾਰ ਅਤੇ ਕੇਂਦਰੀ ਸਰਕਾਰ ਵਿਚਕਾਰ ਹੀ ਸਹੀ ਸਬੰਧ ਸਥਾਪਤ ਕਰਨੇ ਕਾਫ਼ੀ ਨਹੀਂ। ਪ੍ਰਾਂਤਕ ਸਰਕਾਰ ਦੀ ਅਵਸਥਾ ਦੀ ਵਿਆਖਿਆ ਕਰਨਾ ਵੀ ਜ਼ਰੂਰੀ ਹੈ। ਉਨ੍ਹਾਂ ਦੇ ਵਿਦੇਸ਼ੀ ਸਬੰਧਾਂ ਦੇ ਪੱਖ ਵਿਚ ਇਹ ਸਿਧਾਂਤਕ ਤੌਰ ਤੇ ਵਿਹਾਰਕ ਮਹੱਤਤਾ ਵਾਲੀ ਗਲ ਹੈ। ਇਹ ਕਹਿਣਾ ਕਿ ਪ੍ਰਾਂਤਾਂ ਦਾ ਕੋਈ ਅੰਤਰਰਾਸ਼ਟਰੀ ਰੁਤਬਾ ਨਹੀਂ ਹੁੰਦਾ, ਬੜੀ ਫਜ਼ੂਲ ਗਲ ਹੈ। ਪ੍ਰੰਤੂ ਗ੍ਰਹਿ ਸਰਕਾਰ ਨਾਲ ਉਨ੍ਹਾਂ ਦੇ ਸਬੰਧਾਂ ਦਾ ਸਵਾਲ ਵਖਰੇ ਆਧਾਰ ਤੇ ਖੜ੍ਹਾ ਹੈ ਅਤੇ ਇਸਨੂੰ ਆਸਾਨੀ ਨਾਲ ਨਿਪਟਾਇਆ ਨਹੀਂ ਜਾ ਸਕਦਾ। ਇਹ ਸਪਸ਼ਟ ਹੈ ਕਿ ਪ੍ਰਾਂਤਕ ਅਤੇ ਗ੍ਰਹਿ ਸਰਕਾਰ ਵਿਚਕਾਰ ਕਿਸੇ ਵੀ ਪ੍ਰਕਾਰ ਦੇ ਸਬੰਧ ਹੋਣ, ਪਰੰਤੂ ਇਹ ਦੇਸ਼ ਦੇ ਸੰਵਿਧਾਨਕ ਕਾਨੂੰਨ ਦੇ ਅਨੁਰੂਪ ਹੋਣੇ ਚਾਹੀਦੇ ਹਨ। ਇਕ ਪ੍ਰਾਂਤ ਦੀ ਆਜ਼ਾਦੀ ਰਾਜਨੀਤਕ ਹੋਂਦ ਦੀ ਮਾਤਰਾ ਨੂੰ ਇਕ ਦ੍ਰਿਸ਼ਟੀਕੋਣ ਨਿਰਧਾਰਤ ਕਰਨਾ ਚਾਹੀਦਾ ਹੈ,

ਜਿਸਦੇ ਅਨੁਸਾਰ ਕਿਸੇ ਸਮੱਸਿਆਂ ਨੂੰ ਨਜਿਠਿਆ ਜਾਣਾ ਹੈ। ਕੀ ਪ੍ਰਾਂਤਾਂ ਨੂੰ ਇਤਨਾ ਜ਼ਿਆਦਾ ਆਜ਼ਾਦ ਰਾਜਨੀਤਕ ਹੋਂਦ ਤੋਂ ਵਾਂਝਿਆਂ ਰੱਖਿਆ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਕੇਵਲ ਅੰਦਰੂਨੀ ਵੰਡ ਵਾਲੀਆਂ ਇਕਾਈਆਂ ਕਰਾਰ ਦੇ ਕੇ ਸਥਾਨਕ ਸਰਕਾਰ ਦੇ ਖੇਤਰਾਂ ਨਾਲ ਤੁਲਨਾ ਕੀਤੀ ਜਾ ਸਕੇ, ਜੋ ਕਿ ਭਾਰਤ ਤੋਂ ਬਾਹਰ ਅਗਿਆਤ ਅਤੇ ਅਪਰਿਚਿਤ ਹੋਣ। ਜੇਕਰ ਅਜਿਹਾ ਹੋਵੇ ਕਿ ਸ਼ਾਹੀ ਸਰਕਾਰ ਕੇਵਲ ਇਕ ਭਾਰਤੀ ਸ਼ਕਤੀ, ਕੇਂਦਰੀ ਸਰਕਾਰ ਨੂੰ ਹੀ ਮੰਨੇਗੀ ਅਤੇ ਭਾਰਤ ਨੂੰ ਪ੍ਰਭਾਵਤ ਕਰਨ ਵਾਲੇ ਸਾਰੇ ਮਸਲਿਆਂ ਵਿਚ ਉਸੇ ਸਰਕਾਰ ਨੂੰ ਸੰਬੋਧਨ ਕਰੇਗੀ ਅਤੇ ਸਾਰੇ ਚਿੱਠੀ ਪੱਤਰ ਉਸੇ ਨਾਲ ਜਾਂ ਉਸ ਦੁਆਰਾ ਪ੍ਰਾਪਤ ਕਰੇਗੀ। ਇਸਦੇ ਉਲਟ, ਜੇਕਰ ਪ੍ਰਾਂਤਕ ਸਰਕਾਰ ਕਾਨੂੰਨ ਦੀ ਨਜ਼ਰ ਵਿਚ ਆਜ਼ਾਦ ਰਾਜਨੀਤਕ ਹੋਂਦ ਰਖੇਗੀ, ਜੇਕਰ ਉਨ੍ਹਾਂ ਨੂੰ ਇਹ ਅਵਸਥਾ ਪ੍ਰਾਪਤ ਹੋਵੇ, ਫਿਰ ਸ਼ਾਹੀ ਸਰਕਾਰ ਉਨ੍ਹਾਂ ਨੂੰ ਮਾਨਤਾ ਜ਼ਰੂਰ ਦੇਵੇਗੀ ਅਤੇ ਸਾਰੇ ਪ੍ਰਾਂਤਕ ਮਸਲਿਆਂ ਵਿਚ ਉਨ੍ਹਾ ਨੂੰ ਸੰਬੋਧਨ ਕਰੇਗੀ ਅਤੇ ਸਾਰੇ ਚਿੱਠੀ ਪੱਤਰ ਉਨ੍ਹਾਂ ਤੋਂ ਪ੍ਰਾਪਤ ਕਰੇਗੀ। ਸਬੰਧਾਂ ਦੇ ਇਨ੍ਹਾਂ ਦੋ ਸੰਭਵ ਆਧਾਰਾਂ ਵਿਚੋਂ, ਇਸ ਵਿਚ ਕੋਈ ਸ਼ੱਕ ਨਹੀਂ ਕਿ ਪਿਛਲੇਰਾ ਜ਼ਿਆਦਾ ਉਚਿਤ ਹੈ। ਪ੍ਰਾਂਤਾਂ ਲਈ ਇਕ ਆਜ਼ਾਦ ਰਾਜਨੀਤਕ ਹੋਂਦ ਹੁਣ ਇਕ ਸੰਪੂਰਨ ਤੱਥ ਹੈ। ਉਨ੍ਹਾਂ ਦੀ ਸਰਗਰਮੀ ਦਾ ਇਕ ਦਾਇਰਾ ਹੈ ਜਿਸ ਵਿਚ ਉਹ ਆਪਣਾ ਸੱਤਾ-ਅਧਿਕਾਰ ਰਖਦੀਆਂ ਹਨ। ਸੁਧਾਰਾਂ ਦੀ ਪੂਰੀ ਯੋਜਨਾ ਪ੍ਰਾਂਤਕ ਸਰਕਾਰਾਂ ਨੂੰ ਕੇਂਦਰੀ ਸਰਕਾਰ ਦੇ ਅਧੀਨ ਕਰਨ ਦੇ ਵਿਰੁੱਧ ਹੈ। ਪ੍ਰਾਂਤ ਦਾ ਮੁੱਖ ਪ੍ਰਬੰਧਕ ਕੇਂਦਰੀ ਸਰਕਾਰ ਦੇ ਮੁੱਖੀ ਦੁਆਰਾ ਨਾਮਜ਼ਦ ਕੀਤਾ ਨਹੀਂ ਹੁੰਦਾ। ਉਹ ਪ੍ਰਾਂਤ ਵਿਚ ਕਰਾਊਨ ਦਾ ਨੁਮਾਇੰਦਾ ਹੈ ਅਤੇ ਨਾ ਕਿ ਗਵਰਨਰ-ਜਨਰਲ ਦਾ। ਸੰਵਿਧਾਨ ਬਹੁਵਾਦੀ ਸੰਵਿਧਾਨ ਹੈ ਅਤੇ ਕੋਈ ਗਲ ਨਹੀਂ ਜੋ ਸੁਝਾਉਂਦੀ ਹੋਵੇ ਕਿ ਜਦ ਕਿ ਭਾਰਤ ਵਿਚ ਸੰਵਿਧਾਨ ਨੂੰ ਬਹੁਵਾਦੀ ਮੰਨਿਆ ਜਾਣਾ ਹੈ ਅਤੇ ਸ਼ਾਹੀ ਸਰਕਾਰ ਦੁਆਰਾ ਇਸਨੂੰ ਇਕ ਇਕਹਿਰੀ ਜ਼ਿੰਮੇਵਾਰ ਸਰਕਾਰ ਵਾਲਾ ਯੂਨਿਟਰੀ ਸੰਵਿਧਾਨ ਮੰਨਿਆ ਜਾਣਾ ਹੈ।

116. ਕਿਹੜੇ ਮਸਲੇ ਹਨ, ਜਿਨ੍ਹਾਂ ਵਿਚ ਪ੍ਰਾਂਤਕ ਸਰਕਾਰ ਦੇ ਗ੍ਰਹਿ ਸਰਕਾਰ ਨਾਲ ਸਿੱਧੇ ਵਿਵਹਾਰ ਕਰਨ ਦੇ ਅਧਿਕਾਰ ਨੂੰ ਮਾਨਤਾ ਦਿੱਤੀ ਜਾ ਸਕਦੀ ਹੈ ? ਆਸਟਰੇਲੀਅਨ ਰਾਸ਼ਟਰਮੰਡਲ ਦੇ ਕੇਸ ਵਿਚ ਉਥੇ ਪ੍ਰਚਲਤ ਭੂਮਿਕਾ ਨੂੰ ਮੰਨਦੇ ਹੋਏ ਕਿ ਉਨ੍ਹਾਂ ਮਸਲਿਆਂ ਵਿਚ, ਜਿਨ੍ਹਾਂ ਵਿਚ ਕਰਾਊਨ ਉਥੋਂ ਦੀ ਸਰਕਾਰ ਦੇ ਸੰਵਿਧਾਨ ਦਾ ਭਾਗ ਹੋਣ ਦੀ ਸਮਰਥਾ ਵਿਚ ਪੂਰਨ ਰੂਪ ਵਿਚ ਸਬੰਧਤ ਹੈ, ਉਥੇ ਸੰਚਾਰ ਰਾਜ ਦੇ ਗਵਰਨਰ ਅਤੇ ਉਪਨਿਵੇਸ਼ਕ ਦਫ਼ਤਰ ਦੇ ਵਿਚਕਾਰ ਗਵਰਨਰ-ਜਨਰਲ ਦੀ ਦਖਲ-ਅੰਦਾਜ਼ੀ ਤੋਂ ਬਿਨਾਂ ਸਿੱਧਾ ਚਲਦਾ ਹੈ, ਪ੍ਰਾਂਤਕ ਸਰਕਾਰਾਂ ਦੇ ਪੱਖ ਤੇ ਇਹ ਦਾਅਵਾ ਕੀਤਾ ਜਾਣਾ ਚਾਹੀਦਾ ਹੈ ਕਿ ਉਨ੍ਹਾਂ ਕੋਲ ਕੇਂਦਰੀ ਸਰਕਾਰ ਦੀ ਦਖਲਅੰਦਾਜ਼ੀ ਬਿਨਾਂ ਗ੍ਰਹਿ ਸਰਕਾਰ ਨਾਲ ਸਿੱਧੇ ਤੌਰ ਤੇ ਵਿਵਹਾਰ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ, ਜਿਨ੍ਹਾਂ ਮਸਲਿਆਂ ਵਿਚ ਇਨ੍ਹਾਂ ਸਰਕਾਰਾਂ ਕੋਲ ਅਜਿਹਾ ਅਧਿਕਾਰ ਹੋਣਾ ਜ਼ਰੂਰੀ ਹੈ, ਉਨ੍ਹਾਂ ਵਿਚ

ਰਾਖਵਾਂਕਰਨ, ਪ੍ਰਾਂਤਕ ਵਿਧਾਨਕਾਰੀ ਦੀ ਪ੍ਰਵਾਨਗੀ ਜਾਂ ਅ-ਪ੍ਰਵਾਨਗੀ, ਪ੍ਰਾਂਤਕ ਸਰਕਾਰਾਂ ਦੇ ਗਵਰਨਰਾਂ ਦੀ ਨਿਯੁਕਤੀ ਅਤੇ ਉਨ੍ਹਾਂ ਨੂੰ ਅਹੁੱਦੇ ਤੋਂ ਹਟਾਉਣਾ ਅਤੇ ਉਨ੍ਹਾਂ ਦੀਆਂ ਹਦਾਇਤਾਂ, ਪ੍ਰਾਂਤਕ ਸੰਵਿਧਾਨਾਂ ਦੀ ਤਰਮੀਮ ਅਤੇ ਹੋਰ ਮਸਲੇ ਜਿਹੜੇ ਨਿਵੇਕਲੇ ਤੌਰ ਤੇ ਪ੍ਰਾਂਤਕ ਸਰਕਾਰਾਂ ਨਾਲ ਸਬੰਧ ਰਖਦੇ ਹਨ, ਸ਼ਾਮਲ ਕੀਤੇ ਜਾਣੇ ਲਾਜ਼ਮੀ ਹਨ। ਪਰ ਉਨ੍ਹਾਂ ਮਸਲਿਆਂ ਦਾ ਕੀ ਬਣੇਗਾ ਜਿਹੜੇ ਕਿਸੇ ਵੀ ਸਰਕਾਰ ਨਾਲ ਨਿਵੇਕਲੇ ਤੌਰ ਤੇ ਸਬੰਧ ਨਹੀਂ ਰਖਦੇ। ਮੈਂ ਸੁਝਾਅ ਦਿੰਦਾ ਹਾਂ ਕਿ ਅਜਿਹੇ ਮਸਲਿਆਂ ਵਿੱਚ, ਜਿਨ੍ਹਾਂ ਵਿਚ ਕੇਂਦਰ ਸਰਕਾਰ ਕੋਲ ਵਿਧਾਨਕਾਰੀ ਦੀ ਸਰਬਉਚ ਸ਼ਕਤੀ ਹੈ, ਕੇਂਦਰੀ ਸਰਕਾਰ ਭਾਰਤ ਦੀ ਇਕੱਲੀ ਪ੍ਰਤੀਨਿਧੀ ਹੈ। ਪਰੰਤੂ ਜਿਥੋਂ ਤਕ ਕੇਂਦਰੀ ਅਤੇ ਪ੍ਰਾਂਤਕ ਸਰਕਾਰਾਂ ਦੇ ਸਾਂਝੇ ਅਧਿਕਾਰ ਖੇਤਰ ਵਿਚ ਆਉਂਦੇ ਮਸਲਿਆਂ ਦਾ ਸਬੰਧ ਹੈ, ਪ੍ਰਾਂਤਕ ਸਰਕਾਰਾਂ ਨੂੰ ਸਿੱਧੇ ਪ੍ਰਤੀਨਿਧਤਵ ਦਾ ਅਧਿਕਾਰ ਹੋਣਾ ਜ਼ਰੂਰੀ ਹੈ।

117. ਪ੍ਰਾਂਤਾਂ ਦੀ ਰਾਜਨੀਤਕ ਹੋਂਦ ਨੂੰ ਭਾਰਤ ਸਰਕਾਰ ਦੇ ਕੰਟਰੋਲ ਤੋਂ ਆਜ਼ਾਦ ਵਜੂਦ ਵਜੋਂ ਇਕ ਸਚਾਈ ਬਣਾਉਣ ਲਈ ਪ੍ਰਾਂਤਕ ਕਾਰਜਕਾਰਣੀ ਅਤੇ ਪ੍ਰਾਂਤਕ ਵਿਧਾਨ ਮੰਡਲ ਵਿਚ ਬਾਦਸ਼ਾਹ ਦੀ ਪ੍ਰਤੀਨਿਧਤਾ ਨੂੰ ਵਰਤਮਾਨ ਪ੍ਰਤੀਨਿਧਤਾ ਨਾਲੋਂ ਜ਼ਿਆਦਾ ਉਜਾਗਰ ਕੀਤਾ ਜਾਣਾ ਚਾਹੀਦਾ ਹੈ। ਵਰਤਮਾਨ ਕਾਨੂੰਨ ਅਧੀਨ ਰਾਜ ਦੇ ਸਕੱਤਰ ਨੇ ਬਾਦਸ਼ਾਹ ਨੂੰ ਪਿਛੋਕੜ ਵਿਚ ਸੁੱਟ ਕੇ ਅਸਲ ਵਿਚ ਉਸਦੇ ਸਥਾਨ ਨੂੰ ਹੜੱਪ ਲਿਆ ਹੈ। ਭਾਰਤ ਲਈ ਰਾਜ ਦੇ ਸਕੱਤਰ ਦਾ ਦਫ਼ਤਰ ਉਪਨਿਵੇਸ਼ਾਂ ਲਈ ਰਾਜਾਂ ਦੇ ਸਕੱਤਰ ਦੇ ਦਫ਼ਤਰ ਦੇ ਬਰਾਬਰ ਹੈ। ਪ੍ਰੰਤੂ ਦੋਨੋਂ ਪੂਰੀ ਤਰ੍ਹਾਂ ਵੱਖਰੇ ਵੱਖਰੇ ਫਰਜ਼ ਨਿਭਾਉਂਦੇ ਹਨ। ਉਪਨਿਵੇਸ਼ਾਂ ਲਈ ਰਾਜਾਂ ਦੇ ਸਕੱਤਰ ਰਾਜਾਂ ਦੇ ਸੰਵਿਧਾਨਕ ਕਾਨੂੰਨ ਵਿਚ ਕੋਈ ਸਥਾਨ ਨਹੀਂ ਰਖਦੇ। ਰਾਜਾਂ ਦੇ ਸੰਵਿਧਾਨ, ਕਾਨੂੰਨ ਅਤੇ ਘੋਸ਼ਣਾ ਪੱਤਰ ਵਿਚ ਜ਼ੋਰ ਦੇ ਕੇ ਕਹਿੰਦੇ ਹਨ ਕਿ ਉਨ੍ਹਾਂ ਦੀ ਕਾਰਜਕਾਰਨੀ ਅਤੇ ਵਿਧਾਨਕ ਸਰਕਾਰ ਕਰਾਊਨੇ ਵਿਚ ਨਿਹਿਤ ਹੈ। ਭਾਰਤ ਸਰਕਾਰ ਐਕਟ ਦਾ ਸੈਕਸ਼ਨ 2 ਰਾਜ ਦੇ ਸਕੱਤਰ ਨੂੰ ਨਿਸ਼ਚਤ ਕਾਨੂੰਨੀ ਦਰਜਾ ਪ੍ਰਦਾਨ ਕਰਦਾ ਹੈ। ਰਾਜ ਦੇ ਸਕੱਤਰ ਦੀ ਸਥਿਤੀ ਇਤਨੀ ਮਹੱਤਵਪੂਰਨ ਹੈ ਕਿ ਉਸਨੇ ਕਰਾਊਨ ਨੂੰ ਪੂਰੀ ਤਰ੍ਹਾਂ ਗ੍ਰਹਿਣ ਲਗਾ ਦਿੱਤਾ ਹੈ। ਅਸਲ ਵਿਚ ਸੈਕਸ਼ਨ 1 ਵਿੱਚ ਇਕ ਹਵਾਲਾ ਦਿੱਤੇ ਜਾਣ ਤੋਂ ਇਲਾਵਾ ਭਾਰਤ ਸਰਕਾਰ ਐਕਟ ਵਿਚ ਕਿਸੇ ਹੋਰ ਥਾਂ ਕਰਾਊਨ ਦਾ ਜ਼ਿਕਰ ਨਹੀਂ ਕੀਤਾ ਗਿਆ। ਇਸਦੇ ਕਾਰਨ ਬਿਨ੍ਹਾਂ ਸ਼ੱਕ, ਇਤਿਹਾਸਕ ਹਨ ਅਤੇ ਇਨ੍ਹਾਂ ਦੀ ਨੀਂਹ 1773 ਦੇ ਰੈਗੂਲੇਸ਼ਨ ਐਕਟ ਦੇ ਪਾਸ ਕੀਤੇ ਜਾਣ ਤੋਂ ਪਿਛੇ ਰੱਖੀ ਗਈ ਸੀ, ਜਦੋਂ ਕਿ ਈਸਟ ਇੰਡੀਆ ਕੰਪਨੀ ਨੇ ਕਰਾਊਨ ਦੁਆਰਾ ਪੂਰਬ ਵਿਚ ਹਾਸਲ ਕੀਤੇ ਗਏ ਕਬਜ਼ਿਆਂ ਦੇ ਅਧਿਕਾਰਾਂ ਨੂੰ ਵੰਗਾਰਿਆ ਸੀ। ਇਤਿਹਾਸਕ ਮਤਭੇਦ ਕੁਝ ਵੀ ਹੋਣ, ਪਰ ਸਚਾਈ ਇਹ ਹੈ ਕਿ ਡੋਮੀਨੀਅਨ ਦਾ ਕਾਨੂੰਨ ਰਾਜ ਦੇ ਸਕੱਤਰ ਨੂੰ ਮਾਨਤਾ ਨਹੀਂ ਦਿੰਦਾ, ਜਦੋਂ ਕਿ ਭਾਰਤੀ ਕਾਨੂੰਨ ਇਹ ਮਾਨਤਾ ਦਿੰਦਾ ਹੈ। ਨਤੀਜਾ ਇਹ ਕਿ ਉਪਨਿਵੇਸ਼ਾਂ ਲਈ ਰਾਜ ਦਾ ਸਕੱਤਰ ਡੋਮੀਨੀਅਨਾਂ

(ਅਧਿਕਾਰ ਪ੍ਰਾਪਤ ਰਾਜਾਂ) ਤੇ ਸ਼ਾਸਨ ਨਹੀਂ ਕਰਦਾ। ਉਸਦਾ ਕਰਤੱਵ ਡੋਮੀਨੀਅਨ ਸਰਕਾਰ ਦੇ ਕਿਸੇ ਕੰਮ ਨੂੰ ਪ੍ਰਵਾਨਗੀ ਦੇਣ ਜਾਂ ਰੱਦ ਕਰਨ ਲਈ ਸਲਾਹ ਦੇਣਾ ਹੈ। ਦੂਜੇ ਪਾਸੇ ਰਾਜ ਦਾ ਸਕੱਤਰ ਕੇਵਲ ਕਰਾਊਨ ਦਾ ਸਲਾਹਕਾਰ ਨਹੀਂ ਹੈ। ਭਾਰਤ ਸਰਕਾਰ ਐਕਟ ਦੇ ਸੈਕਸ਼ਨ 2 ਦੁਆਰਾ ਉਸਨੂੰ ਸਰਕਾਰ ਦੀਆਂ ਸੰਪੂਰਨ ਸ਼ਕਤੀਆਂ ਦਿੱਤੀਆਂ ਗਈਆਂ ਹਨ।

118. ਧਾਰਾ 2 ਵਿਚ ਦਰਜ ਉਪਬੰਧ ਕਿਸੇ ਵੀ ਹਾਲਾਤ ਵਿਚ ਉਚਿਤ ਨਹੀਂ ਠਹਿਰਾਇਆ ਜਾ ਸਕਦਾ। ਇਹ ਕਰਾਊਨ ਦੀ ਸਥਿਤੀ ਦੀ ਸ਼ਾਨ ਦੇ ਵਿਰੁੱਧ ਹਨ ਅਤੇ ਭਾਰਤ ਬਾਰੇ ਮੰਤਰੀ ਦੀ ਵਾਸਤਵਿਕ ਸਥਿਤੀ ਪੱਥ ਭ੍ਰਿਸ਼ਟਤਾ ਹੈ। ਉਹ ਪ੍ਰਾਂਤਕ ਸਰਕਾਰਾਂ ਦੀ ਸਥਿਤੀ ਦੀ ਝੂਠੀ ਤਸਵੀਰ ਪੇਸ਼ ਕਰਦੇ ਹਨ। 1919 ਤੋਂ ਪਹਿਲਾਂ ਸੈਕਸ਼ਨ 2 ਵਿਚ ਦਰਜ ਪ੍ਰਤੀਬੰਧਾਂ ਦੀ ਕੁਝ ਵੀ ਉਚਿਤਤਾ ਰਹੀ ਹੋਵੇ, ਉਸ ਸਾਲ ਵਿਚ ਕੀਤੇ ਸੁਧਾਰਾਂ ਨੇ ਇਨ੍ਹਾਂ ਨੂੰ ਪੂਰਨ ਤੌਰ ਤੇ ਖਤਮ ਕਰ ਦਿੱਤਾ ਸੀ। ਸਰਕਾਰ ਦੀਆਂ ਸ਼ਕਤੀਆਂ ਲੋਕਾਂ ਨੂੰ ਤਬਦੀਲ ਕੀਤੇ ਜਾਣ ਨਾਲ , ਇਨ੍ਹਾਂ ਸ਼ਕਤੀਆਂ ਨੂੰ ਹੁਣ ਭਾਰਤ ਬਾਰੇ ਮੰਤਰੀ ਦੇ ਹੱਥਾਂ ਵਿਚ ਰੱਖਣਾ ਸੰਭਵ ਨਹੀਂ ਹੈ। ਅਜਿਹਾ ਕਰਨਾ ਦੂਹਰੀ ਸਰਕਾਰ ਦੀ ਪ੍ਰਣਾਲੀ ਲਾਗੂ ਕਰਨਾ ਹੋਵੇਗਾ ਜੋ ਕਿ ਗੰਭੀਰ ਟਕਰਾਉ ਦੀ ਸੰਭਾਵਨਾ ਨਾਲ ਭਰਪੂਰ ਹੋਵੇਗਾ। ਇਸ ਲਈ ਮੈਂ ਸਿਫ਼ਾਰਸ਼ ਕਰਦਾ ਹਾਂ ਕਿ ਭਾਰਤ ਸਰਕਾਰ ਐਕਟ ਦੇ ਸੈਕਸ਼ਨ (2) ਨੂੰ ਖਤਮ ਕਰ ਦੇਣਾ ਚਾਹੀਦਾ ਹੈ ਅਤੇ ਹੇਠ ਲਿਖੇ ਮੰਤਵ ਦੇ ਦੋ ਨਵੇਂ ਸੈਕਸ਼ਨ ਜੋੜਨੇ ਚਾਹੀਦੇ ਹਨ:-

(1) ਪ੍ਰਾਂਤ ਦੀ ਵਿਧਾਨਕ ਸ਼ਕਤੀ ਪ੍ਰਾਂਤਕ ਪਾਰਲੀਮੈਂਟ ਵਿਚ ਨਿਹਿਤ ਹੋਵੇਗੀ ਜਿਸ ਵਿਚ ਬਾਦਸ਼ਾਹ ਅਤੇ ਬਾਦਸ਼ਾਹ ਦੀ ਪ੍ਰੀਸ਼ਦ ਅਤੇ ਪ੍ਰਤੀਨਿਧੀਆਂ ਦੀ ਪ੍ਰੀਸ਼ਦ ਸ਼ਾਮਲ ਹੋਵੇਗੀ ਜਿਸਨੂੰ ਹੁਣ ਤੋਂ ਬਾਅਦ "ਪ੍ਰਾਂਤਕ ਵਿਧਾਨ ਮੰਡਲ" ਕਿਹਾ ਜਾਵੇਗਾ (2) ਪ੍ਰਾਂਤ ਦੀ ਕਾਰਜਕਾਰੀ ਸ਼ਕਤੀ ਬਾਦਸ਼ਾਹ ਵਿਚ ਨਿਹਿਤ ਹੋਵੇਗੀ ਅਤੇ ਗਵਰਨਰ ਦੁਆਰਾ ਬਾਦਸ਼ਾਹ ਦੇ ਪ੍ਰਤੀਨਿਧੀ ਦੇ ਤੌਰ ਤੇ ਵਰਤੀ ਜਾਵੇਗੀ ਅਤੇ ਸੰਵਿਧਾਨ ਅਤੇ ਪ੍ਰਾਂਤ ਦੇ ਕਾਨੂੰਨ ਨੂੰ ਲਾਗੂ ਕਰੇਗੀ ਅਤੇ ਉਨ੍ਹਾਂ ਦੀ ਰੱਖਿਆ ਕਰੇਗੀ। ਇਸੇ ਪ੍ਰਕਾਰ ਦੇ ਸੈਕਸ਼ਨ ਭਾਰਤ ਸਰਕਾਰ ਵਿਚ ਕਰਾਊਨ ਦੀ ਸਥਿਤੀ ਦੇ ਸਬੰਧ ਵਿਚ 1919 ਦੇ ਐਕਟ ਵਿਚ ਜੋੜੇ ਜਾਣੇ ਚਾਹੀਦੇ ਹਨ। ਅਜਿਹੀ ਤਬਦੀਲੀ ਨਾ ਕੇਵਲ ਬਾਦਸ਼ਾਹ ਅਤੇ ਭਾਰਤ ਬਾਰੇ ਮੰਤਰੀ ਨੂੰ ਅਸਲੀ ਸਥਿਤੀ ਵਿਚ ਸਥਾਪਤ ਕਰੇਗੀ, ਸਗੋਂ ਇਹ ਭਾਰਤ ਦੇ ਸੰਵਿਧਾਨਕ ਕਾਨੂੰਨ ਨੂੰ ਡੋਮੀਨੀਅਨਜ਼ (ਰਾਜਾਂ) ਦੇ ਕਾਨੂੰਨ ਦੇ ਅਨੁਕੂਲ ਬਣਾਉਣ ਵਿਚ ਮਦਦ ਕਰੇਗੀ।

ਭਾਗ 5

ਸਰਕਾਰੀ ਸੇਵਾਵਾਂ

1. ਸਰਕਾਰੀ ਸੇਵਾਵਾਂ ਦਾ ਪੁਨਰਗਠਨ

119. *ਸੇਵਾਵਾਂ ਦੀ ਵੰਡ* – ਭਾਰਤ ਵਿਚ ਸਰਕਾਰੀ ਸੇਵਾਵਾਂ ਦਾ ਵਰਤਮਾਨ ਗਠਨ ਐਚੀਸਨ ਆਯੋਗ ਦੀਆਂ ਸਿਫਾਰਸ਼ਾਂ ਦਾ ਨਤੀਜਾ ਹੈ, ਜਿਸ ਨੇ 1926-27 ਵਿਚ ਭਾਰਤ ਵਿਚ ਸਰਕਾਰੀ ਸੇਵਾਵਾਂ ਦੀ ਜਾਂਚ ਕੀਤੀ। ਇਸ ਆਯੋਗ ਦੀ ਨਿਯੁਕਤੀ ਤੋਂ ਪਹਿਲਾਂ ਉਚੇ ਅਹੁਦਿਆਂ ਅਤੇ ਬਹੁਤੀਆਂ ਤਨਖਾਹਾਂ ਵਾਲੀਆਂ ਅਧਿਕਤਰ ਸਿਵਿਲ ਆਸਾਮੀਆਂ ਯਰੂਪ ਤੋਂ ਭਰਤੀ ਰਾਹੀਂ ਭਰੀਆਂ ਜਾਂਦੀਆਂ ਸਨ ਅਤੇ ਉਸ ਆਯੋਗ ਨੂੰ ਸਪਸ਼ੱਟ ਹਦਾਇਤ ਕੀਤੀ ਗਈ ਸੀ ਕਿ ਉਹ ਐਸੇ ਤਰੀਕਿਆਂ ਦਾ ਸੁਝਾਅ ਦੇਵੇ ਕਿ ਭਾਰਤ ਵਾਸੀਆਂ ਦੇ, ਆਪਣੇ ਦੇਸ਼ ਵਿਚ ਸਰਕਾਰੀ ਸੇਵਾਵਾਂ ਵਿਚ ਉਚੇ ਅਹੁਦਿਆਂ ਅਤੇ ਰੁਜ਼ਗਾਰ ਦੇ ਵਧੇਰੇ ਮੌਕਿਆਂ ਪ੍ਰਤੀ ਦਾਅਵੇ ਸੰਬੰਧੀ ਪੂਰਾ ਨਿਆਂ ਮਿਲ ਸਕੇ। ਆਯੋਗ ਦਾ ਵਿਚਾਰ ਸੀ ਕਿ ਮੁਲਕੀ ਸੇਵਾਵਾਂ (ਸਿਵਿਲ ਸੇਵਾਵਾਂ) ਕੇਵਲ ਕੁਝ ਚੋਣਵੇਂ ਲੋਕਾਂ ਦਾ ਸਮੂਹ ਹੀ ਹੋਣਾ ਚਾਹੀਦਾ ਹੈ ਅਤੇ ਇਸ ਦੇ ਸਿੱਟੇ ਵਜੋਂ ਹੀ ਉਸ ਨੇ ਸਿਫਾਰਸ਼ ਕੀਤੀ ਕਿ ਇਗਲੈਂਡ ਵਿਚੋਂ ਸਰਕਾਰੀ ਕਰਮਚਾਰੀਆਂ ਦੀ ਭਰਤੀ ਵਿਚ ਕਾਫੀ ਕਮੀ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਹੱਥਾਂ ਵਿਚੋਂ ਲਏ ਇਨ੍ਹਾਂ ਉਚੇ ਅਹੁਦਿਆਂ ਦੀ ਨਿਯੁਕਤੀ, ਭਾਰਤ ਵਿਚ ਸਥਾਨਕ ਤੌਰ 'ਤੇ ਕੀਤੀ ਜਾਣੀ ਚਾਹੀਦੀ ਹੈ। ਇਨ੍ਹਾਂ ਸਿਫਾਰਸ਼ਾਂ ਦੇ ਫਲਸਰੂਪ ਇੰਗਲੈਂਡ ਤੋਂ ਭਰਤੀ ਕੀਤੇ ਗਏ ਅਧਿਕਾਰੀਆਂ ਦੀਆਂ ਇੰਪੀਰੀਅਲ ਸੇਵਾਵਾਂ ਬਣੀਆਂ ਅਤੇ ਸਥਾਨਕ ਭਰਤੀ ਹੋਏ ਅਧਿਕਾਰੀਆਂ ਦੀਆਂ ਪ੍ਰਾਂਤਿਕ ਸੇਵਾਵਾਂ ਬਣੀਆਂ। ਦੋਹਾਂ ਸੇਵਾਵਾਂ ਨਾਲ ਸਬੰਧਤ ਅਧਿਕਾਰੀਆਂ ਦੀਆਂ ਤਨਖਾਹਾਂ, ਛੁੱਟੀ ਅਤੇ ਪੈਨਸ਼ਨ ਦੀਆਂ ਸੇਵਾ ਸ਼ਰਤਾਂ ਅਲੱਗ ਅਲੱਗ ਸੁਤੰਤਰ ਆਧਾਰ 'ਤੇ ਨਿਯਤ ਹੋਣੀਆਂ ਹੁੰਦੀਆਂ ਸਨ ਅਤੇ ਇਹ ਜ਼ਰੂਰੀ ਨਹੀਂ ਸੀ ਕਿ ਉਨ੍ਹਾਂ ਦਾ ਆਪਸ ਕੋਈ ਸ਼ਬੰਧ ਹੋਵੇ।

ਇਹ ਇੰਪੀਰੀਅਲ ਅਤੇ ਪ੍ਰਾਂਤਿਕ ਵੰਡ, ਜੋ ਦੇਸ਼ ਦੀਆਂ ਬਹੁਤ ਸਾਰੀਆਂ ਸਿਵਿਲ ਸੇਵਾਵਾਂ ਵਿਚ ਕੀਤੀ ਗਈ ਸੀ, ਦਾ ਵੇਰਵਾ ਦੇਣ ਦੀ ਲੋੜ ਨਹੀਂ ਹੈ। ਪਰ ਧਿਆਨ ਵਿਚ ਰੱਖਣ ਵਾਲੀ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਵੰਡ ਇੰਗਲੈਂਡ ਵਿਚ ਭਰਤੀ ਕੀਤੇ ਗਏ ਅਧਿਕਾਰੀਆਂ ਅਤੇ ਭਾਰਤ ਵਿਚ ਭਰਤੀ ਕੀਤੇ ਗਏ ਅਧਿਕਾਰੀਆ ਵਿਚ ਫਰਕ ਰੱਖਣ ਲਈ ਕੀਤੀ ਗਈ ਸੀ ਅਤੇ ਉਸ ਤਰ੍ਹਾਂ ਨਹੀਂ, ਜਿਵੇਂ ਨਾਮ ਤੋਂ ਜਾਪਦਾ ਹੈ, ਬਲਕਿ ਭਾਰਤ ਸਰਕਾਰ ਅਧੀਨ ਕੀਤੇ ਗਏ ਅਤੇ ਸਾਰੇ ਭਾਰਤ ਵਿਚ ਸੇਵਾ ਕਰਨ ਲਈ ਜ਼ਿੰਮੇਵਾਰ ਅਧਿਕਾਰੀਆਂ ਨੂੰ ਸਥਾਨਕ ਸਰਕਾਰ ਅਧੀਨ ਕੀਤੇ ਗਏ ਅਤੇ ਵਿਸ਼ੇਸ਼ ਪ੍ਰਾਂਤਾਂ ਵਿਚ ਸੇਵਾ ਕਰਨ ਲਈ ਜ਼ਿੰਮੇਵਾਰ ਅਧਿਕਾਰੀਆਂ ਤੋਂ ਅਲੱਗ ਰਖੱਣ ਲਈ ਕੀਤੀ ਗਈ ਸੀ।

ਉਦਾਹਰਣ, ਵਜਾਂ, ਟੈਲੀਗ੍ਰਾਫ (ਇੰਜੀਨੀਅਰਿੰਗ) ਅਤੇ ਭਾਰਤੀ ਸਰਵੇਖਣ ਵਰਗੀਆਂ ਪ੍ਰਾਂਤਿਕ ਸੇਵਾਵਾਂ ਨਾਲ ਸਬੰਧਤ ਅਧਿਕਾਰੀ ਸਿੱਧੇ ਤੌਰ ਤੇ ਭਾਰਤ ਸਰਕਾਰ ਦੇ ਅਧੀਨ ਹੁੰਦੇ ਹਨ ਅਤੇ ਕਿਸੇ ਖਾਸ ਪ੍ਰਾਂਤ ਤੱਕ ਸੀਮਿਤ ਹੀ ਨਹੀਂ ਹੁੰਦੇ, ਜਦਕਿ ਸਿਖਿਆ ਅਤੇ ਪੁਲਿਸ ਵਿਭਾਗਾਂ ਵਿਚ ਇੰਪੀਰੀਅਲ ਸੇਵਾਵਾਂ ਦੇ ਅਧਿਕਾਰੀ ਵੱਖ ਵੱਖ ਪ੍ਰਾਂਤਾਂ ਨੂੰ ਦੇ ਦਿਤੇ ਜਾਂਦੇ ਹਨ। ਮੇਰੇ ਵਿਚਾਰ ਅਨੁਸਾਰ ਹੁਣ ਵਕਤ ਆ ਗਿਆ ਹੈ ਕਿ ਹਰ ਇਕ ਪ੍ਰਾਂਤ ਨੂੰ ਆਪਣੀਆਂ ਸਿਵਿਲ ਸੇਵਾਵਾਂ ਗਠਨ ਕਰਨ ਦੀ ਸੁਤੰਤਰਤਾ ਹੋਣੀ ਚਾਹੀਦੀ ਹੈ। ਇਸ ਲਈ ਸੇਵਾਵਾਂ ਦਾ ਸਰਬ-ਭਾਰਤੀ ਰੂਪ ਖ਼ਤਮ ਹੋ ਜਾਣਾ ਚਾਹੀਦਾ ਹੈ। (ਹੁਣ) ਕੇਂਦਰੀ ਸਿਵਿਲ ਸੇਵਾਵਾਂ ਹੋਣੀਆਂ ਚਾਹੀਦੀਆਂ ਹਨ, ਜਿਸ ਦੀ ਭਰਤੀ ਲੋੜ ਅਨੁਸਾਰ ਕੇਂਦਰੀ ਸਰਕਾਰ ਦੁਆਰਾ, ਵੱਖ ਵੱਖ ਵਿਭਾਗਾਂ ਦਾ ਕੰਮ ਚਲਾਉਣ ਲਈ ਹੋਵੇ, ਜਿਹੜੇ ਇਸ ਨੂੰ ਭਾਰਤ ਸਰਕਾਰ ਦੁਆਰਾ ਸੌਂਪੇ ਜਾਂਦੇ ਹਨ। ਪ੍ਰੰਤੂ ਉਸ ਦੇ ਮੈਂਬਰਾਂ ਤੇ ਕਿਸੇ ਵੀ ਪ੍ਰਾਂਤਿਕ ਸਰਕਾਰ ਅਧੀਨ ਕੰਮ ਕਰਨ ਦੀ ਜ਼ਿੰਮੇਵਾਰੀ ਥੋਪੀ ਗਈ ਨਾ ਹੋਵੇ। ਇਸੇ ਤਰ੍ਹਾਂ ਪ੍ਰਾਂਤਿਕ ਸਿਵਿਲ ਸੇਵਾਵਾਂ ਹੋਣੀਆਂ ਚਾਹੀਦੀਆਂ ਹਨ ਜਿਸ ਦੀ ਭਰਤੀ ਹਰ ਇਕ ਪ੍ਰਾਂਤਿਕ ਸਰਕਾਰ ਦੁਆਰਾ ਕੇਵਲ ਆਪਣੇ ਹੀ ਪ੍ਰਾਂਤ ਲਈ, ਆਪਣੀ ਲੋੜ ਅਨੁਸਾਰ ਕੀਤੀ ਜਾਵੇ। ਇਸ ਸਿਫਾਰਸ਼ ਨਾਲ ਮੌਜੂਦਾ ਪ੍ਰਣਾਲੀ ਵਿਚ ਕੋਈ ਖ਼ਾਸ ਤਬਦੀਲੀ ਨਹੀਂ ਆਉਂਦੀ। ਕਿਉਂਕਿ, ਭਾਵੇਂ ਇੰਪੀਰੀਅਲ ਸੇਵਾਵਾਂ ਅਤੇ ਪ੍ਰਾਂਤਿਕ ਸੇਵਾਵਾਂ ਦੇ ਮੈਂਬਰ ਭਾਰਤ ਦੇ ਕਿਸੇ ਵੀ ਹਿੱਸੇ ਵਿਚ ਸੇਵਾ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ, ਉਨ੍ਹਾਂ ਦੀ ਸਰਬ-ਭਾਰਤੀ ਪ੍ਰਕਿਰਤੀ ਕੇਵਲ ਬਰਾਏ-ਨਾਮ ਹੀ ਹੁੰਦੀ ਹੈ, ਕਿਉਂਕਿ ਅਜਿਹੇ ਮਾਮਲੇ ਜਿਵੇਂ ਕਿ, ਸਿਵਿਲ ਸੇਵਾਵਾਂ, ਇੰਪੀਰੀਅਲ ਜਾਂ ਪ੍ਰਾਂਤਿਕ ਸੇਵਾ ਦੇ ਕਿਸੇ ਮੈਂਬਰ ਨੂੰ ਉਸ ਦੀ ਮੁੱਢਲੀ ਨਿਯੁਕਤੀ ਵਾਲੇ ਪ੍ਰਾਂਤ ਤੋਂ ਬਾਹਰ ਦੂਜੇ ਪ੍ਰਾਂਤ ਵਿਚ ਸੇਵਾ; ਕਰਨ ਲਈ ਬੁਲਾਇਆ ਗਿਆ ਹੋਵੇ, ਦੀਆਂ ਉਦਾਹਰਣਾਂ ਨਾਂਹ ਦੇ ਬਰਾਬਰ ਹੀ ਹਨ। ਉਨ੍ਹਾਂ ਵਿਚੋਂ ਲਗ ਭਗ ਸਾਰੇ ਉਸੇ ਹੀ ਪ੍ਰਾਂਤ ਵਿਚ ਸੇਵਾ ਕਾਲ ਖ਼ਤਮ ਹੋਣ ਤਕ ਕੰਮ ਕਰਦੇ ਰਹਿੰਦੇ ਹਨ, ਜਿਸ ਵਿਚ ਉਨ੍ਹਾਂ ਦੀ ਸ਼ੁਰੂ ਤੋਂ ਨਿਯੁਕਤੀ ਹੋਈ ਹੁੰਦੀ ਹੈ। ਇਸ ਲਈ, ਮੇਰੇ ਵਲੋਂ ਪ੍ਰਸਤਾਵਿਤ ਸੁਧਾਰ ਦੇ ਸੁਝਾਉ ਨਾਲ ਕੋਈ ਤਲਦੀਲੀ ਨਹੀਂ ਹੁੰਦੀ। ਇਸ ਨਾਲ ਕੇਵਲ ਮੌਜੂਦਾ ਤੱਥਾਂ ਨੂੰ ਮਾਨਤਾ ਪ੍ਰਾਪਤ ਹੋਵੇਗੀ।

120. ਮੇਰੇ ਵਲੋਂ ਸਿਵਿਲ ਸੇਵਾਵਾਂ ਦੇ ਗਠਨ ਵਿਚ ਇਸ ਸੁਧਾਰ ਤੇ ਜ਼ੋਰ ਦੇਣ ਦੇ ਬਹੁਤ ਸਾਰੇ ਕਾਰਨ ਹਨ। ਸਭ ਤੋਂ ਪਹਿਲਾਂ, ਸੇਵਾਵਾਂ ਦੀ ਅਜਿਹੀ ਵੰਡ, ਉਹ ਜਿਹੜੀਆਂ ਕੇਂਦਰੀ ਸੇਵਾਵਾਂ ਦੇ ਤੌਰ ਤੇ ਹਨ, ਉਹ ਭਾਰਤ ਸਰਕਾਰ ਦੀ ਸੇਵਾ ਵਿਚ ਹੁੰਦੀਆਂ ਹਨ ਅਤੇ ਜਿਹੜੀਆਂ ਪ੍ਰਾਂਤਿਕ ਸੇਵਾਵਾਂ ਹੁੰਦੀਆਂ ਹਨ, ਪ੍ਰਾਂਤਿਕ ਸਰਕਾਰਾਂ ਦੇ ਅਧੀਨ ਹੁੰਦੀਆਂ ਹਨ, ਉਨ੍ਹਾਂ ਨੂੰ ਇਹ ਸਭ ਤੋਂ ਵੱਡਾ ਲਾਭ ਹੈ, ਅਰਥਾਤ ਇਹ ਉਹ ਸੁਧਾਰ ਹੈ ਜੋ ਪ੍ਰਾਂਤਿਕ ਸਰਕਾਰ ਦਾ ਰੂਪ ਬਦਲਣ ਦੇ ਨਾਲ ਜ਼ਰੂਰੀ ਕੀਤਾ ਜਾਂਦਾ ਹੈ। ਜੇਕਰ ਵਰਤਮਾਨ ਪ੍ਰਣਾਲੀ ਜਾਰੀ ਰਹਿੰਦੀ, ਦਫਤਰੀ ਜ਼ਿੰਮੇਵਾਰੀ ਨਿਭਾਉਣਾ ਬਹੁਤ ਔਖਾ

ਹੁੰਦਾ। ਭਾਰਤ ਸਰਕਾਰ ਐਕਟ ਦੀ ਧਾਰਾ 96 (ਬੀ) ਦੇ ਅਨੁਸਾਰ, ਭਾਰਤ ਵਿਚ ਸਰਕਾਰੀ ਕਰਮਚਾਰੀ, ਬੇਸ਼ੱਕ ਕਰਾਊਨ ਦੀ ਮਰਜ਼ੀ ਅਨੁਸਾਰ ਆਪਣੇ ਅਹੁਦੇ ਤੇ ਰਹਿੰਦੇ ਹਨ। ਪ੍ਰੰਤੂ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਐਕਟ, ਮੰਤਰੀਆਂ ਨੂੰ ਇਹ ਫੈਸਲਾ ਕਰਨ ਦਾ ਅਖਤਿਆਰ ਨਹੀਂ ਦਿੰਦਾ ਕਿ ਉਹ ਬਾਦਸ਼ਾਹ ਕੋਲੋਂ ਜਦੋਂ ਚਾਹੁੰਣ ਸਰਕਾਰੀ ਕਰਮਚਾਰੀ ਨੂੰ ਅਹੁਦੇ ਤੋਂ ਹਟਵਾ ਸਕਦੇ ਹਨ। ਭਾਵੇਂ ਇਹ ਅਖਤਿਆਰ ਉਸ ਅਧਿਕਾਰੀ ਨੂੰ ਦਿਤਾ ਜਾਂਦਾ ਹੈ ਜੋ ਉਸ ਅਧਿਕਾਰੀ ਨੂੰ ਦਿਤਾ ਜਾਂਦਾ ਹੈ, ਜਿਹੜੀ ਉਸ ਦੀ ਨਿਯੁਕਤੀ ਕਰਦਾ ਹੈ, ਫਿਰ ਵੀ, ਬਰਖ਼ਾਸਤ ਹੋਏ ਅਧਿਕਾਰੀ ਨੂੰ ਭਾਰਤ ਬਾਰੇ ਮੰਤਰੀ ਦੇ ਸਕੱਤਰ ਪਾਸ ਅਪੀਲ ਕਰਨ ਦਾ ਅਖ਼ਤਿਆਰ ਹੈ। ਕੇਵਲ ਇਹੀ ਨਹੀਂ ਕਿ ਮੰਤਰੀ ਕਿਸੇ ਅਧਿਕਾਰੀ ਨੂੰ ਬਰਖ਼ਾਸ਼ਤ ਨਹੀਂ ਕਰ ਸਕਦਾ, ਬਲਕਿ ਉਹ ਉਸ ਨੂੰ ਨਿਡਰ ਹੋ ਕੇ ਸਜ਼ਾ ਵੀ ਨਹੀਂ ਦੇ ਸਕਦਾ, ਕਿਉਂਕਿ ਐਕਟ ਵਿਚ ਇਹ ਉਪਬੰਧ ਹੈ ਕਿ ਜੇਕਰ ਪ੍ਰੀਸ਼ਦ ਵਿਚ ਭਾਰਤ ਬਾਰੇ ਮੰਤਰੀ ਦੁਆਰਾ ਨਿਯੁਕਤ ਕੋਈ ਅਧਿਕਾਰੀ ਦੇ ਕਿਸੇ ਹੁਕਮ ਕਾਰਨ ਉਸ ਨਾਲ ਵਧੀਕੀ ਹੋਈ ਹੈ, ਉਹ ਰਾਜਪਾਲ ਪਾਸ ਸ਼ਿਕਾਇਤ ਕਰ ਸਕਦਾ ਹੈ ਅਤੇ ਰਾਜਪਾਲ ਐਕਟ ਰਾਹੀਂ ਅਤੇ ਲਿਖਤੀ ਹਦਾਇਤਾਂ ਦੇ ਅਧੀਨ ਪੜਤਾਲ ਕਰਨ ਅਤੇ ਅਜਿਹੇ ਹੁਕਮ ਕਰਨ ਲਈ, ਜੋ ਵੀ ਯੋਗ ਅਤੇ ਨਿਆਂਪੂਰਕ ਹੋਵੇ, ਵਚਨ-ਬੱਧ ਹੈ। ਇਹ ਉਪਬੰਧ, ਕਿਸੇ ਵੀ ਮੰਤਰੀ ਨੂੰ, ਚਾਹੇ ਉਹ ਕਿੰਨਾ ਵੀ ਤਕੜਾ ਹੋਵੇ, ਸਿਵਿਲ ਸੇਵਾ ਦੇ ਕਿਸੇ ਗੁਸਤਾਖ਼ ਮੈਂਬਰ, ਜੋ ਸਰਕਾਰ ਦੀ ਅਜਿਹੀ ਨੀਤੀ ਲਾਗੂ ਕਰਨ ਤੋਂ ਨਾਂਹ ਕਰ ਦਿੰਦਾ ਹੈ, ਜਿਸ ਲਈ ਮੰਤਰੀ ਉਤੇ ਵਿਧਾਨ ਸਭਾ ਵਿਚ ਉਤਰਦੇਹੀ ਦੀ ਜ਼ਿੰਮਵਾਰੀ ਹੁੰਦੀ ਹੈ, ਦੇ ਵਿਰੁੱਧ ਕੋਈ ਵੀ ਕਾਰਵਾਈ ਕਰਨ ਤੋਂ ਬੇਵੱਸ ਕਰ ਦਿੰਦੇ ਹਨ। ਮੰਤਰੀ ਦੀ ਜ਼ਿੰਮੇਵਾਰੀ ਨਿਭਾਉਣ ਲਈ ਜ਼ਰੂਰੀ ਹੈ ਕਿ ਉਸ ਦੇ ਅਧੀਨ ਕੰਮ ਕਰ ਰਹੇ ਗੁਸਤਾਖ਼ ਅਧਿਕਾਰੀ ਵਿਰੁੱਧ ਸਖਤ ਕਾਰਵਾਈ ਕਰਨ ਦਾ ਅਖ਼ਤਿਆਰ ਉਸ ਪਾਸ ਹੋਵੇ। ਉਸ ਪਾਸ ਇਹ ਨਿਰਣਾ ਕਰਨ ਦਾ ਅਖ਼ਤਿਆਰ ਵੀ ਹੋਣਾ ਚਾਹੀਦਾ ਹੈ ਕਿ ਉਹ ਕਿੰਨੇ ਅਧਿਕਾਰੀ ਆਪਣੇ ਅਧੀਨ ਰੱਖੇ ਅਤੇ ਕਿਸ ਵਿਸ਼ੇਸ਼ ਆਸਾਮੀ ਤੇ ਕਿਸ ਅਧਿਕਾਰੀ ਨੂੰ ਨਿਯੁਕਤ ਕੀਤਾ ਜਾਵੇ। ਵਰਤਮਾਨ ਉਪਬੰਧਾਂ ਅਧੀਨ ਉਸ ਨੂੰ ਅਜਿਹਾ ਕੋਈ ਅਖ਼ਤਿਆਰ ਨਹੀਂ ਹੈ, ਉਸ ਨੂੰ ਇਸ 'ਤੇ ਇਤਰਾਜ਼ ਕਰਨਾ ਚਾਹੀਦਾ ਹੈ। ਲੀਅ ਆਯੋਗ, ਜੋ ਇਨ੍ਹਾਂ ਸੁਧਾਰਾਂ ਨੂੰ ਪੇਸ਼ ਕਰਨ ਤੋਂ ਤੁਰੰਤ ਬਾਅਦ ਨਿਯੁਕਤ ਗਿਆ ਸੀ, ਸਾਹਮਣੇ ਇਹ ਬੇਕਾਇਦਗੀ ਆ ਗਈ ਸੀ। ਉਸ ਆਯੋਗ ਦੁਆਰਾ ਸਿਫਾਰਸ਼ ਕੀਤੀ ਗਈ ਸੀ ਕਿ ਤਬਦੀਲ ਕੀਤੇ ਗਏ ਵਿਭਾਗਾਂ ਵਿਚ ਸਰਬ-ਭਾਰਤੀ ਆਧਾਰ ਤੇ, ਅੱਗੇ ਤੋਂ ਕੋਈ ਵੀ ਭਰਤੀ ਨਾ ਕੀਤੀ ਜਾਵੇ ਅਤੇ ਉਨ੍ਹਾਂ ਲਈ ਲੋੜੀਂਦਾ ਅਮਲਾ, ਭਵਿੱਖ ਵਿਚ ਪ੍ਰਾਂਤਿਕ ਸਰਕਾਰਾਂ ਦੁਆਰਾ ਭਰਤੀ ਜਾਂ ਨਿਯੁਕਤ ਕੀਤਾ ਜਾਵੇ। ਇਸ ਸਿਫਾਰਸ਼ ਦੇ ਸਿੱਟੇ ਵਜੋਂ, ਪ੍ਰਾਂਤਾਂ ਨੂੰ ਉਨ੍ਹਾਂ ਅਧਿਕਾਰੀਆਂ ਦੀ ਭਰਤੀ ਲਈ ਨਿਯਮ ਬਣਾਉਣ ਦਾ ਅਖ਼ਤਿਆਰ ਦਿਤਾ ਗਿਆ ਹੈ, ਜਿਹੜੇ ਮੌਜੂਦਾ ਸਰਬ-ਭਾਰਤੀ ਸੇਵਾਵਾਂ ਦੇ ਅਧਿਕਾਰੀਆਂ ਦੀ ਜਗ੍ਹਾ ਲੈਣਗੇ, ਜੋ ਤਬਦੀਲ ਹੋਏ ਵਿਭਾਗਾਂ ਵਿਚ

ਕੰਮ ਕਰ ਰਹੇ ਹਨ, ਜਦੋਂ ਵੀ ਉਹ ਥਾਂ ਖਾਲੀ ਕਰਨਗੇ। ਇਹ ਸੁਧਾਰ, ਜਿਸ ਦਾ ਸੁਝਾਅ ਮੇਰੇ ਵਲੋਂ ਦਿੱਤਾ ਗਿਆ ਹੈ, ਉਸ ਹੀ ਸਿਧਾਂਤ ਵਿਚ ਵਾਧਾ ਹੈ ਜਿਸ ਦੀਆਂ ਜ਼ਰੂਰਤਾਂ ਨੇ ਅਧਿਕਾਰੀਆਂ ਨੂੰ ਮਜ਼ਬੂਰ ਕਰ ਦਿਤਾ ਹੈ ਕਿ ਇਸ ਨੂੰ ਪ੍ਰਵਾਨ ਕਰਨ। ਇਸ ਵਾਧੇ ਨੂੰ ਪ੍ਰਵਾਨ ਕਰਨ ਵਿਚ ਦੇਰੀ ਇਸ ਆਧਾਰ 'ਤੇ ਨਹੀਂ ਕਰਨੀ ਚਾਹੀਦੀ ਕਿ ਪੂਰਨ-ਉੱਤਰਦਾਈ ਪ੍ਰਣਾਲੀ ਵਾਲੀ ਸਰਕਾਰੀ ਦੇ ਅਧੀਨ 'ਰਾਖਵੇਂ' ਅਤੇ 'ਹਸਤਾਂਤਰਿਤ' ਵਿਭਾਗਾਂ ਵਿਚ ਅੰਤਰ ਖਤਮ ਹੋ ਜਾਵੇਗਾ।

121. ਵੱਖਰੀ ਅਤੇ ਸੁਤੰਤਰ ਪ੍ਰਾਂਤਿਕ ਸਿਵਿਲ ਸੇਵਾ ਦਾ ਦੂਜਾ ਲਾਭ ਇਹ ਹੋਵੇਗਾ ਕਿ ਇਸ ਨਾਲ ਪ੍ਰਾਂਤਿਕ ਸਰਕਾਰਾਂ, ਪ੍ਰਾਂਤ ਨਾਲ ਸਬੰਧਤ ਸੇਵਾਵਾਂ ਦੇ ਕਾਡਰ (ਸ਼੍ਰੇਣੀ) ਵਿਚ ਤਬਦੀਲੀ ਕਰਨ ਲਈ ਸੁਤੰਤਰ ਹੋਣਗੀਆਂ। ਸਰਬ-ਭਾਰਤੀ ਪ੍ਰਣਾਲੀ ਵਿਚ ਇਹ ਨੁਕਸ ਹੈ ਕਿ ਇਕ ਮੰਤਰੀ, ਜਿਹੜਾ ਇਹ ਸਮਝਦਾ ਹੈ ਕਿ ਬਹੁਤ ਸਾਰੀਆਂ ਅਜਿਹੀਆਂ ਫਾਲਤੂ ਆਸਾਮੀਆਂ ਹਨ, ਜਿਨ੍ਹਾਂ ਤੇ ਆਮ ਤੌਰ ਤੇ ਸਰਬ-ਭਾਰਤੀ ਸੇਵਾ ਦੇ ਮੈਂਬਰ ਹੀ ਲੱਗੇ ਹੁੰਦੇ ਹਨ ਅਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਕੰਮ, ਪ੍ਰਾਂਤਿਕ ਸੇਵਾਵਾਂ ਨਾਲ ਸਬੰਧਤ ਕਾਫੀ ਘੱਟ ਤਨਖਾਹ ਲੈਣ ਵਾਲੇ ਅਧਿਕਾਰੀ ਕਰ ਸਕਦੇ ਹਨ ਅਤੇ ਅਸਥਾਈ ਤੌਰ ਤੇ ਖਾਲੀ ਥਾਵਾਂ ਤੇ ਕਰਦੇ ਵੀ ਰਹੇ ਹਨ, ਅਤੇ ਹੋਰ ਅਜਿਹੀ ਆਸਾਮੀ ਨੂੰ ਖ਼ਤਮ ਕਰਨ ਜਾਂ ਪ੍ਰਾਂਤਿਕ ਸੇਵਾਵਾਂ ਦੀ ਕਿਸੇ ਵੀ ਸ਼ੇਣੀ ਵਿਚ ਤਬਦੀਲ ਕਰਨ ਲਈ ਇਛੁੱਕ ਹੁੰਦਾ ਹੈ, ਅਜਿਹਾ ਕਰਨ ਲਈ ਆਪਣੇ ਆਪ ਨੂੰ ਨਿਹੱਥਾ ਸਮਝਦਾ ਹੈ। ਕਿਉਂਕਿ ਐਕਟ ਦੇ ਅਧੀਨ ਉਸ ਨੂੰ ਅਜਿਹਾ ਕਰਨ ਦਾ ਕੋਈ ਅਖ਼ਤਿਆਰ ਨਹੀਂ ਹੈ। ਵੱਧ ਤੋਂ ਵੱਧ ਉਹ ਏਨਾ ਹੀ ਕਰ ਸਕਦਾ ਹੈ ਕਿ ਅਜਿਹੀ ਆਸਾਮੀ ਨੂੰ ਭਰਿਆ ਨਾ ਜਾਵੇ ਜਾਂ ਸਬੰਧਤ ਪ੍ਰਾਂਤਿਕ ਸੇਵਾਵਾਂ ਦੇ ਕਿਸੇ ਅਧਿਕਾਰੀ ਨੂੰ ਲੰਬੇ ਸਮੇਂ ਤੱਕ ਤੈਨਾਤ ਰੱਖੇ। ਪ੍ਰੰਤੂ ਅਜਿਹਾ ਕਰਨ ਲਈ ਵੀ ਉਸ ਦੇ ਅਖ਼ਤਿਆਰ ਸੀਮਿਤ ਹਨ। ਕਿਉਂਕਿ ਨਿਯਮਾਂ ਅਧੀਨ ਉਹ ਰਾਜ ਦੇ ਸਕੱਤਰ ਦੀ ਪ੍ਰਵਾਨਗੀ ਲਏ ਬਗੈਰ, ਕੁਝ ਨਿਸ਼ਚਿਤ ਮਹੀਨਿਆਂ ਤੋਂ ਵੱਧ ਸਮੇਂ ਲਈ ਅਜਿਹਾ ਨਹੀਂ ਕਰ ਸਕਦਾ। ਸੇਵਾਵਾਂ ਦੇ ਸਰਬ-ਭਾਰਤੀ ਗਠਨ ਕਾਰਣ ਪੈਦਾ ਹੋਈ, ਇਹ ਬੜੀ ਗੰਭੀਰ ਮਜਬੂਰੀ ਹੈ। ਇਸ ਨਾਲ ਅਰਥ-ਵਿਵਸਥਾ ਦੇ ਉਦਸ਼ਾਂ ਦੀ ਪ੍ਰਾਪਤੀ ਵਿਚ ਰੁਕਾਵਟ ਪੈਦਾ ਹੁੰਦੀ ਹੈ, ਜਿਸ ਦੀ ਖਾਤਿਰ 'ਸੁਧਾਰ ਪ੍ਰੀਸ਼ਦ' ਸ਼ੁਰੂ ਤੋਂ ਹੀ ਦੁਹਾਈ ਮਚਾ ਰਹੀ ਹੈ।

122. ਪ੍ਰਾਂਤਿਕ ਸਿਵਿਲ ਸੇਵਾਵਾਂ ਦੀ ਸੁਤੰਤਰ ਪ੍ਰਣਾਲੀ ਦੇ ਕੇਵਲ ਇਹੀ ਫਾਇਦੇ ਨਹੀਂ ਹਨ। ਸੇਵਾਵਾਂ ਦੀ ਸਰਬ-ਭਾਰਤੀ ਪ੍ਰਕਿਰਤੀ ਨਾਲ ਪ੍ਰਾਂਤਾਂ ਉਤੇ ਸੇਵਾ-ਸ਼ਰਤਾਂ, ਵਿਚ ਤਨਖਾਹ, ਛੁੱਟੀ-ਭੱਤੇ, ਤਰੱਕੀਆਂ ਅਤੇ ਪੈਨਸ਼ਨ ਸਬੰਧੀ ਬਰਾਬਰਤਾ ਥੋਪੀ ਜਾਂਦੀ ਹੈ। ਮੇਰਾ ਇਹ ਦਾਅਵਾ ਹੈ ਕਿ ਅਜਿਹੀ ਸਮਾਨਤਾ, ਤੁਲਨਾਤਮਕ ਗਰੀਬ ਪ੍ਰਾਂਤਾਂ ਦੇ ਸਾਧਨਾਂ ਤੇ ਇਕ ਮੁਸ਼ਕਲ ਖੜੀ ਕਰੇਗੀ। ਉਨ੍ਹਾਂ ਨੂੰ ਸੇਵਾ ਲਈ ਆਪਣੀ ਸਮੱਰਥਾ ਤੋਂ ਵੱਧ ਅਦਾ ਕਰਨਾ ਪੈਂਦਾ ਹੈ। ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਸਾਰੇ ਪ੍ਰਾਂਤਾਂ ਵਿਚ

ਬਰਾਬਰ ਤਨਖਾਹ ਦੇਣਾ, ਜੀਵਨ ਪੱਧਰ ਵਿਚ ਸਮਾਨਤਾ ਲਿਆਉਣ ਲਈ ਜ਼ਰੂਰੀ ਹੈ। ਇਹ ਵੀ ਮਾੜੀ ਗੱਲ ਹੈ ਕਿ ਦੋ ਵੱਖ ਵੱਖ ਪ੍ਰਾਂਤਾਂ ਵਿਚ ਸਥਾਨਕ ਹਾਲਾਤਾਂ ਵਿਚ ਫਰਕ ਹੁੰਦੇ ਹੋਏ, ਵੱਖ ਵੱਖ ਤਨਖਾਹ ਨਾਲ, ਦੋਨਾਂ ਪ੍ਰਾਂਤਾਂ ਵਿਚ ਇਕੋ ਜਿਹਾ ਜੀਵਨ ਪੱਧਰ ਕਾਇਮ ਕੀਤਾ ਜਾ ਸਕਦਾ ਹੈ। ਜੇ ਅਜਿਹਾ ਹੈ, ਤਦ ਕੋਈ ਕਾਰਣ ਨਹੀਂ ਕਿ ਤਨਖਾਹ ਵਿਚ ਸਮਾਨਤਾ ਲਾਗੂ ਨਾ ਕੀਤੀ ਜਾਵੇ, ਜਦ ਕਿ ਅਜਿਹੀ ਸਮਾਨਤਾ ਬੋਝ ਹੋਵੇ ਜਾਂ ਅਨਿਆ ਭਰਪੂਰ ਹੋਵੇ।

123. ਸੇਵਾ ਸ਼ਰਤਾਂ ਵਿਚ ਸਮਾਨਤਾ ਦੀ ਲੋੜ, ਸਿੱਧੇ ਤੌਰ ਤੇ ਸਿਵਿਲ ਸੇਵਾਵਾਂ ਦੇ ਸਰਬ-ਭਾਰਤੀ ਪ੍ਰਕਿਰਤੀ ਤੋਂ ਹੀ ਪੈਦਾ ਹੁੰਦੀ ਹੈ ਅਤੇ ਇਹ ਉਤਨਾ ਚਿਰ ਖ਼ਤਮ ਨਹੀਂ ਹੋਵੇਗੀ, ਜਦ ਤਕ ਸੇਵਾਵਾਂ ਦੀ ਸਰਬ-ਭਾਰਤੀ ਪ੍ਰਵਿਰਤੀ ਖ਼ਤਮ ਨਹੀਂ ਹੁੰਦੀ। ਸੁਤੰਤਰ ਪ੍ਰਾਂਤਿਕ ਸਿਵਿਲ ਸੇਵਾ ਗਠਨ ਇਸ ਉਦੇਸ਼ ਦੀ ਪ੍ਰਾਪਤੀ ਲਈ ਇਕ ਅਜਿਹਾ ਸਾਧਨ ਹੈ ਅਤੇ ਇਸ ਦਾ ਸੁਆਗਤ ਕਰਨਾ ਚਾਹੀਦਾ ਹੈ, ਖਾਸ ਕਰਕੇ ਜਦ ਇਸ ਦੀ ਪ੍ਰਾਪਤੀ ਨਾਲ ਪ੍ਰਸ਼ਾਸਨ ਦਾ ਖਰਚ ਘੱਟ ਸਕਦਾ ਹੈ ਅਤੇ ਪ੍ਰਾਂਤਾਂ ਨੂੰ ਆਪਣੇ ਕੰਮ-ਕਾਰ ਦਾ ਪ੍ਰਬੰਧ ਕਰਨ ਦਾ ਪੂਰਨ ਅਧਿਕਾਰ ਮਿਲ ਜਾਂਦਾ ਹੈ। ਬੇਸ਼ੱਕ ਇਸ ਦਾ ਮਤਲਬ ਹੈ ਕਿ ਸਰਕਾਰੀ ਸੇਵਾ ਵਿਚ ਭਰਤੀ ਸਬੰਧੀ ਭਾਰਤ ਬਾਰੇ ਮੰਤਰੀ ਅਤੇ ਪ੍ਰਾਂਤਿਕ ਸ਼ਰਕਾਰਾਂ ਦੀ ਸਥਿਤੀ ਵਿਚ ਤੁਰਤ ਬਦਲਾਉ ਹੋਣਾ ਚਾਹੀਦਾ ਹੈ। ਭਾਰਤ ਬਾਰੇ ਮੰਤਰੀ ਆਪ ਨਿਯੁਕਤੀ ਕਰਤਾ ਦੇ ਤੌਰ ਤੇ ਕੰਮ ਕਰਨ ਅਤੇ ਪ੍ਰਾਂਤਿਕ ਸਰਕਾਰਾਂ ਦੁਆਰਾ ਆਪਣੇ ਪ੍ਰਾਂਤਾਂ ਵਿਚ ਕੰਮ ਦੇ ਆਧਾਰ ਤੇ ਲੋੜੀਂਦੇ ਕਰਮਚਾਰੀਆਂ ਲਈ ਮੰਗ ਪੱਤਰ ਭੇਜਣ ਦੀ ਬਜਾਏ, ਭਾਰਤ ਬਾਰੇ ਮੰਤਰੀ ਉਨ੍ਹਾਂ ਮਾਮਲਿਆਂ ਸਬੰਧੀ ਜਿਥੇ ਇਗੰਲੈਂਡ ਵਿਚ ਭਰਤੀ ਕਰਨੀ ਜ਼ਰੂਰੀ ਹੋਵੇ, ਉਨ੍ਹਾਂ ਸਬੰਧਤ ਵਿਸ਼ੇਸ਼ ਪ੍ਰਾਂਤਾਂ ਦੇ ਕੇਵਲ ਪ੍ਰਤੀਨਿਧ ਦੇ ਤੌਰ ਤੇ, ਪ੍ਰਾਂਤਿਕ ਸਰਕਾਰ ਦੁਆਰਾ ਨਿਰਧਾਰਤ ਸ਼ਰਤਾਂ ਤੇ ਕੰਮ ਕਰੇ ਅਤੇ ਆਪਣੀਆਂ ਹੀ ਬਣਾਈਆਂ ਸ਼ਰਤਾਂ ਤੇ ਨਹੀਂ। ਪ੍ਰਾਂਤਾਂ ਨੂੰ ਭਾਰਤ ਬਾਰੇ ਸਕੱਤਰ ਦੁਆਰਾ ਭੇਜੇ ਗਏ ਜਾਂ ਚੁਣੇ ਗਏ, ਜਿਵੇਂ ਵੀ ਹੋਵੇ, ਵਿਅਕਤੀਆਂ ਦੀਆਂ ਸੇਵਾਵਾਂ ਦਾ ਇਸਤੇਮਾਲ ਕਰਨ ਵਾਲੇ ਅਧਿਕਾਰੀਆਂ ਦੇ ਤੌਰ ਤੇ ਕੰਮ ਕਰਨਾ ਤੁਰੰਤ ਬੰਦ ਕਰ ਦੇਣਾ ਚਾਹੀਦਾ ਹੈ। ਜਿੰਨਾ ਚਿਰ ਇਹ ਪ੍ਰਣਾਲੀ ਚਾਲੂ ਰਹੇਗੀ, ਭਾਰਤ ਬਾਰੇ ਸਕੱਤਰ ਇਨ੍ਹਾਂ ਅਖ਼ਤਿਆਰਾਂ ਦੇ ਦਾਅਵਾ ਰੱਖਦਾ ਰਹੇਗਾ ਜਿਨ੍ਹਾਂ ਦੀ ਵਰਤੋਂ ਉਹ ਹੁਣ ਭਾਰਤ ਸਰਕਾਰ ਐਕਟ ਦੀ ਧਾਰਾ 96 (ਬੀ) ਅਧੀਨ ਕਰ ਰਿਹਾ ਹੈ। ਸਿਵਿਲ ਸੇਵਾਵਾਂ ਸਬੰਧੀ ਭਾਰਤ ਬਾਰੇ ਮੰਤਰੀ ਦੇ ਅਖ਼ਤਿਆਰਾਂ ਬਾਰੇ ਮੰਤਰੀਆਂ ਦੁਆਰਾ ਇਸ ਆਧਾਰ 'ਤੇ ਬਹੁਤ ਨੁਕਤਾਚੀਨੀ ਕੀਤੀ ਜਾਂਦੀ ਹੈ ਕਿ ਉਨ੍ਹਾਂ ਨਾਲ ਜ਼ਿੰਮਵਾਰ ਸਰਕਾਰ ਦੀ ਹੋਂਦ ਅਸੰਭਵ ਬਣ ਜਾਂਦੀ ਹੈ। ਦੇਂਦੇ ਹਨ। ਇਹ ਅਲੋਚਨਾ ਬਿਲਕੁਲ ਵੈਧ ਹੈ। ਪ੍ਰੰਤੂ ਉਹ ਲੋਕ ਜਿਹੜੇ ਇਹ ਆਲੋਚਨਾ ਕਰਦੇ ਹਨ, ਇਹ ਨਹੀਂ ਜਾਣਦੇ ਕਿ ਇਹ ਅਖ਼ਤਿਆਰ ਕੇਵਲ ਉਦੋਂ ਹੀ ਖੋਹੇ ਜਾ ਸਕਦੇ ਹਨ, ਜਦੋਂ ਭਾਰਤ ਬਾਰੇ ਮੰਤਰੀ ਭਰਤੀ ਅਧਿਕਾਰੀ ਨਾ ਰਹੇ।

124. ਜੇਕਰ ਸੇਵਾਵਾਂ ਦੀ ਵੰਡ ਸਬੰਧੀ ਇਹ ਸੁਧਾਰ ਅਮਲ ਵਿਚ ਲਿਆਂਦਾ ਜਾਂਦਾ ਹੈ ਤਾਂ ਮੈਂ ਪ੍ਰਾਂਤਿਕ ਸਿਵਿਲ ਸੇਵਾਵਾਂ ਦੇ ਨਿਮਨ-ਅਨੁਸਾਰ ਵਰਗੀਕਰਨ ਦਾ ਸੁਝਾਅ ਦਿੰਦਾ ਹਾਂ :-

ਪ੍ਰਾਂਤਿਕ ਸਿਵਿਲ ਸੇਵਾਵਾਂ

ਸ੍ਰੇਸ਼ਟ ਸੇਵਾਵਾਂ	ਅਧੀਨ ਸੇਵਾਵਾਂ	ਦਫ਼ਤਰੀ ਸੇਵਾਵਾਂ	ਨੀਵੀਆਂ ਸੇਵਾਵਾਂ
ਕਲਾਸ 1 (ਅੱਵਲ ਦਰਜਾ) ਵਰਤਮਾਨ ਆਈ.ਸੀ.ਐਸ. ਅਤੇ ਇੰਪੀਰੀਅਲ ਸੇਵਾਵਾਂ ਦੇ ਬਰਾਬਰ	ਕਲਾਸ 2 (ਦੂਜਾ ਦਰਜਾ) ਵਰਤਮਾਨ ਪ੍ਰਾਂਤਿਕ ਸੇਵਾਵਾਂ ਦੇ ਬਰਾਬਰ		

125. ਪ੍ਰਾਂਤਿਕ ਸਿਵਿਲ ਸੇਵਾਵਾਂ ਲਈ ਭਰਤੀ ਏਜੰਸੀ:- ਇਸ ਤੋਂ ਅਗੇਰੇ ਵਿਚਾਰ ਕਰਨ ਯੋਗ ਪ੍ਰਸ਼ਨ ਉਸ ਏਜੰਸੀ ਜਾਂ ਵਿਭਾਗ ਨਾਲ ਸਬੰਧਤ ਹੈ ਜੋ, ਭਾਰਤ ਬਾਰੇ ਮੰਤਰੀ ਦੁਆਰਾ ਭਰਤੀ ਦਾ ਕੰਮ ਕਰਨਾ ਬੰਦ ਕਰਨ ਉਪਰੰਤ ਪ੍ਰਾਂਤਿਕ ਸਿਵਿਲ ਸੇਵਾਵਾਂ ਦੀ ਭਰਤੀ ਸਬੰਧੀ ਮਾਮਲਿਆਂ ਲਈ ਜ਼ਿੰਮੇਵਾਰ ਹੋਵੇ। ਮੈਂ ਇਹ ਮੰਨਦਾ ਹਾਂ ਕਿ ਮੌਜੂਦਾ ਸਿਵਿਲ ਸੇਵਾ ਵਿਵਸਥਾ ਸਿਆਸੀ ਪ੍ਰਭਾਵ ਦੀਆਂ ਬੁਰਾਈਆਂ ਤੋਂ ਮੁਕਤ ਹੈ ਅਤੇ ਸੇਵਾ ਵਿਚ ਭਰਤੀ ਅਤੇ ਉਸ ਤੇ ਨਿਅੰਤਰਣ ਮੰਤਰੀਆਂ ਤੋਂ ਸੁੰਤਤਰ ਅਧਿਕਾਰੀ ਦਾ ਹੋਣਾ ਚਾਹੀਦਾ ਹੈ। ਫਿਰ ਵੀ, ਮੈਂ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਹਾਂ ਕਿ ਇਸ ਕਿਸਮ ਦਾ ਕੰਮ ਕਰਨ ਲਈ ਪ੍ਰਾਂਤਿਕ ਸਿਵਿਲ ਸੇਵਾ ਆਯੋਗ ਬਣਾਇਆ ਜਾਵੇ। ਕੇਵਲ ਵਿੱਤੀ ਪੱਖ ਤੋਂ ਹੀ ਇਹ ਪ੍ਰਸਤਾਵ ਬਹੁਤ ਹੀ ਖਰਚੀਲਾ ਜਾਪਦਾ ਹੈ। ਫਿਰ ਵੀ, ਮੈਂ ਇਸ ਸੁਝਾਅ ਨਾਲ ਸਹਿਮਤ ਹਾਂ ਕਿ ਹਰ ਪ੍ਰਾਂਤ ਵਿਚ ਇਕ ਪੂਰਨਕਾਲਕ ਅਧਿਕਾਰੀ ਹੋਣਾ ਚਾਹੀਦਾ ਹੈ ਜੋ ਵਿਸ਼ੇਸ਼ ਤੌਰ ਤੇ ਸੇਵਾ ਸਬੰਧੀ ਮਾਮਲਿਆਂ ਲਈ ਜ਼ਿੰਮੇਵਾਰ ਹੋਵੇ। ਉਹ ਲੋਕ ਸੇਵਾ ਆਯੋਗ ਅਤੇ ਸਥਾਨਕ ਸਰਕਾਰ ਵਿਚਕਾਰ ਤਾਲਮੇਲ ਅਧਿਕਾਰੀ ਹੋਵੇ।

2. ਸੇਵਾਵਾਂ ਦਾ ਭਾਰਤੀਕਰਣ

126. (1) *ਭਾਰਤੀਆਂ ਦੀ ਭਰਤੀ:-* 1915 ਵਿਚ ਇਸਲਿੰਗਟਨ ਆਯੋਗ ਦੁਆਰਾ ਭਾਰਤੀਕਰਣ ਦੇ ਮਾਮਲੇ ਨੂੰ ਸਵੀਕਾਰ ਕੀਤਾ ਗਿਆ ਸੀ। ਸੰਯੁਕਤ ਰਿਪੋਰਟ ਦੇ ਲੇਖਕ ਦੁਆਰਾ, ਇਨ੍ਹਾਂ ਸੁਧਾਰਾਂ ਦੀ ਸਫਲਤਾ ਸਬੰਧੀ ਪੱਖ ਤੇ ਜ਼ੋਰ ਦਿਤਾ ਗਿਆ ਸੀ ਅਤੇ ਲੀਅ ਆਯੋਗ ਦੁਆਰਾ ਵੱਖ ਵੱਖ ਸੇਵਾਵਾਂ ਵਿਚ ਭਾਤਰੀਆਂ ਅਤੇ ਯੋਰਪੀਅਨ

ਦੇ ਅਨੁਪਾਤ ਦੀ ਪ੍ਰੀਭਾਸ਼ਾ ਦੇ ਕੇ, ਇਸ ਨੂੰ ਅਮਲੀ ਜਾਮਾ ਪਹਿਨਾਇਆ ਗਿਆ। ਇਸ ਲਈ, ਭਾਰਤੀਕਰਣ ਦੇ ਮਾਮਲੇ' ਤੇ ਨਵੇਂ ਸਿਰਿਉਂ ਚਰਚਾ ਕਰਨ ਦੀ ਲੋੜ ਨਹੀਂ ਹੈ। ਇਥੇ ਬਹੁਤ ਜ਼ਰੂਰੀ ਵਿਚਾਰ ਕਰਨਯੋਗ ਵਿਸ਼ਾ ਇਹੀ ਹੈ ਕਿ ਇਸਲਿੰਗਟਨ ਆਯੋਗ ਅਤੇ ਲੀਅ ਆਯੋਗ ਦੀ ਨਿਯੁਕਤੀ ਦੇ ਦਰਮਿਆਨ ਜੋ ਸਮਾਂ ਬੀਤ ਗਿਆ, ਉਸ ਦੇ ਦੌਰਾਨ ਇਸ ਪ੍ਰਸ਼ਨ ਸਬੰਧੀ ਦ੍ਰਿਸ਼ਟੀਕੋਣ ਬਿਲਕੁਲ ਬਦਲ ਗਿਆ ਸੀ। ਇਸਲਿੰਗਟਨ ਆਯੋਗ ਦੇ ਸਮੇਂ ਵਿਚ ਪ੍ਰਸ਼ਨ ਸੀ ਕਿ , "ਸਰਕਾਰੀ ਸੇਵਾਵਾਂ ਵਿਚ ਕਿੰਨੇ ਭਾਰਤੀ ਭਰਤੀ ਕੀਤੇ ਜਾਣੇ ਚਾਹੀਦੇ ਹਨ ?" ਲੀਅ ਆਯੋਗ ਦੇ ਸਮੇਂ ਇਹ ਪ੍ਰਸ਼ਨ ਬਣ ਗਿਆ ਸੀ ਕਿ, "ਘੱਟ ਤੋਂ ਘੱਟ ਕਿੰਨੇ ਅੰਗਰੇਜ਼ ਹਾਲੇ ਵੀ ਭਰਤੀ ਕਰਨੇ ਜ਼ਰੂਰੀ ਹਨ ?" ਮੈਨੂੰ ਇਹ ਕਹਿਣ ਵਿਚ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਲੀਅ ਆਯੋਗ ਦੁਆਰਾ ਇਸ ਬਦਲੇ ਹੋਏ ਦ੍ਰਿਸ਼ਟੀਕੋਣ ਨੂੰ ਪੂਰੀ ਮਾਨਤਾ ਦਿਤੀ ਗਈ। ਹੁਣ ਇਸ ਗੱਲ ਦੀ ਲੋੜ ਹੈ ਕਿ ਭਾਰਤੀਕਰਣ ਦੀ ਰਫਤਾਰ ਵਿਚ ਵਾਧਾ ਕਰਨ ਲਈ ਭਾਰਤੀਆਂ ਅਤੇ ਯੋਰਪੀਅਨਾਂ ਦਾ ਅਨੁਪਾਤ ਨਿਯਤ ਕਰਨ ਲਈ ਲੀਅ ਆਯੋਗ ਦੁਆਰਾ ਅਪਣਾਏ ਗਏ ਸਿਧਾਂਤਾਂ ਵਿਚ ਜ਼ਰੂਰੀ ਸੋਧਾਂ ਨਿਰਧਾਰਤ ਕੀਤੀਆਂ ਜਾਣ। ਮੇਰੇ ਵਿਚਾਰ ਅਨੁਸਾਰ, ਇਨ੍ਹਾਂ ਅਨੁਪਾਤਾਂ ਨੂੰ ਕਾਇਮ ਰੱਖਣ ਲਈ ਵਿਭਾਗਾਂ ਦੀ ਜ਼ਰੂਰਤ ਅਤੇ ਉਨ੍ਹਾਂ ਨੂੰ ਚਲਾਉਣ ਲਈ ਯੋਗ ਭਾਰਤੀਆਂ ਦੀ ਗੁਣਵੱਤਾ ਦਾ ਖਿਆਲ ਰੱਖਣਾ ਚਾਹੀਦਾ ਹੈ। ਜੇਕਰ ਇਸ ਖਿਆਲ ਨੂੰ ਮੰਨ ਲਿਆ ਜਾਵੇ ਤਦ ਲੀਅ ਆਯੋਗ ਦੁਆਰਾ ਨਿਰਧਾਰਤ ਅਨੁਪਾਤ ਨੂੰ ਸਾਰੇ ਵਿਭਾਗਾਂ ਵਿਚ, ਸਿਵਾਏ ਕਾਨੂੰਨ ਅਤੇ ਵਿਵਸਥਾ, ਜੰਗਲਾਤ ਅਤੇ ਤਕਨੀਕੀ ਵਿਭਾਗਾਂ ਦੇ, ਭਾਰਤੀਆਂ ਦੇ ਪੱਖ ਵਿਚ ਬਦਲਣਾ ਪਵੇਗਾ।

127.(2) *ਭਾਰਤੀਆਂ ਨੂੰ ਅਦਾਇਗੀ:-* ਮੈਂ ਭਾਰਤੀਕਰਣ ਤੇ ਜ਼ੋਰ ਕੇਵਲ ਇਸ ਗੁਣਾਂ ਕਰਕੇ ਹੀ ਨਹੀਂ ਦੇ ਰਿਹਾ, ਬਲਕਿ ਪ੍ਰਾਂਤ ਦੀ ਮਾਲੀ ਹਾਲਤ ਤੇ ਇਸ ਦੇ ਠੋਸ ਅਸਰ ਕਾਰਨ ਵੀ ਦੇ ਰਿਹਾ ਹਾਂ। ਕਿਉਂਕਿ, ਮੈਂ ਆਸ ਕਰਦਾ ਹਾਂ ਕਿ ਪ੍ਰਸ਼ਾਸਨ ਵਿਚ ਬਚਤ ਕਰਨ ਲਈ ਭਾਰਤੀਕਰਣ ਕੀਤਾ ਜਾ ਸਕਦਾ ਹੈ। ਮੈਂ ਇਹ ਸਮਝਣ ਵਿਚ ਜ਼ਾਤੀ ਤੌਰ ਤੇ ਅਸਮਰਥ ਰਿਹਾ ਹਾਂ ਕਿ ਭਾਰਤੀਆਂ ਅਤੇ ਯੋਰਪੀਅਨਾਂ ਦੀ ਤਨਖਾਹ ਦੀ ਸਮਾਨਤਾ ਸਰਬ-ਭਾਰਤੀ ਸੇਵਾ ਦੀ ਮੈਂਬਰ ਹੋਣ ਦੇ ਅਵੱਸ਼ ਪਰਿਣਾਮ ਵਜੋਂ ਕਿਉਂ ਮੰਨਣੀ ਚਾਹੀਦੀ ਹੈ ? ਇਸ ਪ੍ਰਸ਼ਨ ਨੂੰ ਯੋਗਤਾ ਦੇ ਨਜ਼ਰੀਏ ਤੋਂ ਦੇਖਦੇ ਹੋਏ, ਮੇਰਾ ਇਹ ਵਿਚਾਰ ਹੈ ਕਿ ਸਰਕਾਰੀ ਕਰਮਚਾਰੀਆਂ ਦੀਆਂ ਦੋਹਾਂ ਸ਼੍ਰੇਣੀਆਂ ਲਈ ਬਰਾਬਰ ਤਨਖ਼ਾਹ ਦੇਣ ਲਈ ਕੋਈ ਦਲੀਲਮਈ ਉਚਿਤਤਾ ਨਹੀਂ ਹੈ। ਇਕ ਵਰਗ ਉਹ ਸਰਕਾਰੀ ਕਰਮਚਾਰੀ ਹੁੰਦੇ ਹਨ, ਜਿਨ੍ਹਾਂ ਨੂੰ ਆਪਣੇ ਘਰ ਤੋਂ ਬਾਹਰ ਭੇਜਿਆ ਹੁੰਦਾ ਹੈ ਅਤੇ ਹਜ਼ਾਰਾਂ ਮੀਲ ਦੂਰ ਦੇਸ਼ ਵਿਚ ਤੈਨਾਤ ਕੀਤਾ ਹੁੰਦਾ ਹੈ, ਜਿਥੇ ਉਹ ਸਮਝਦੇ ਹਨ ਕਿ ਉਹ ਆਪਣੇ ਬੱਚਿਆਂ ਨੂੰ ਅੱਛੀ ਸਿਖਿਆ ਨਹੀਂ ਦੇ ਸਕਦੇ ਅਤੇ ਉਨ੍ਹਾਂ ਦੀ ਸਿਹਤ ਦਾ ਖਿਆਲ ਨਹੀਂ ਰੱਖ ਸਕਦੇ। ਅਜਿਹੇ ਹਾਲਾਤ, ਜਿਹੜੇ ਉਨ੍ਹਾਂ ਨੂੰ ਯਕੀਨੀ ਤੌਰ ਤੇ ਉੱਚੇ ਜੀਵਨ ਪੱਧਰ ਵਾਲੇ ਦੋਹਰੇ

ਘਰ ਵਸਾਉਣ ਲਈ ਮਜ਼ਬੂਰ ਕਰਦੇ ਹਨ, ਇਸ ਦੇ ਪੱਖ ਵਿਚ ਦਲੀਲਾਂ ਹਨ, ਜੋ ਉਨ੍ਹਾਂ ਸਿਵਿਲ ਕਰਮਚਾਰੀਆਂ ਤੇ ਲਾਗੂ ਨਹੀਂ ਹੁੰਦੀਆਂ ਜਿਹੜੇ ਭਾਰਤ ਦੇ ਬਾਂਸ਼ਿੰਦੇ ਹਨ। ਕਿਉਂਕਿ ਉਹ ਆਪਣੇ ਯੋਰਪੀਅਨ ਸਹਿ-ਕਰਮਚਾਰੀਆਂ ਦੇ ਮੁਕਾਬਲੇ, ਉਸ ਦੇਸ਼ ਵਿੱਚ ਕੰਮ ਕਰ ਰਹੇ ਹਨ ਜਿੱਥੇ ਉਹ ਦੋਹਰਾ ਘਰ ਵਸਾਉਣ ਵਰਗੀ ਕਠਿਨਾਈ ਤੋਂ ਮੁਕਤ ਹਨ ਅਤੇ ਜਲਵਾਯੂ ਪੱਖੋਂ ਉਨ੍ਹਾਂ ਦੀ ਸਿਹਤ ਖਰਾਬ ਹੋਣ ਦਾ ਡਰ ਨਹੀਂ ਹੈ ਅਤੇ ਆਪਣੇ ਸਾਥੀਆਂ ਦੇ ਮੁਕਾਬੁਲੇ ਨੀਵੇਂ ਜੀਵਨ ਪੱਧਰ ਵਿੱਚ ਰਹਿਣ ਦੇ ਆਦੀ ਹਨ। ਉਨ੍ਹਾਂ ਤੇ ਵਿੱਤੀ ਬੋਝ ਵੀ ਉਨ੍ਹਾਂ ਦੇ ਯੋਰਪੀਅਨ ਸਾਥੀਆਂ ਦੇ ਮੁਕਾਬਲੇ ਸਪਸ਼ਟ ਤੌਰ ਤੇ ਘੱਟ ਅਸਰਦਾਇਕ ਹੁੰਦਾ ਹੈ। ਜੇਕਰ ਉਨ੍ਹਾਂ ਦੀ ਸੇਵਾ ਦਾ ਕੰਮ ਕਰਨ ਵਿੱਚ ਜਾਤੀ ਜੋਖ਼ਮ ਅਤੇ ਬਲੀਦਾਨ ਦਾ ਫਰਕ ਮੰਨ ਲਿਆ ਜਾਂਦਾ ਹੈ, ਤਦ ਮੇਰੇ ਵਿਚਾਰ ਅਨੁਸਾਰ, ਉਨ੍ਹਾਂ ਨੂੰ ਇਕੋ ਆਧਾਰ' ਤੇ ਤਨਖਾਹ ਦੇਣ ਲਈ ਕੋਈ ਦਲੀਲਮਈ ਉਚਿਤਤਾ ਨਹੀਂ ਹੈ। ਅਸਲ ਵਿੱਚ, ਜੇਕਰ ਭਾਰਤ ਵਿੱਚ ਸਰਕਾਰੀ ਕਰਮਚਾਰੀਆਂ ਦੀਆਂ ਦੋਹਾਂ ਸ਼੍ਰੇਣੀਆਂ ਦੀ ਸਮੁੱਚੀ ਸਥਿੱਤੀ ਦੀ ਤੁਲਨਾ ਕੀਤੀ ਜਾਵੇ ਤਾਂ ਇਕ ਗੱਲ ਪੱਕੀ ਹੈ ਕਿ ਜੇਕਰ ਯੋਰਪੀਅਨ ਅਧਿਕਾਰੀਆਂ ਦੀ ਵਰਤਮਾਨ ਤਨਖਾਹ ਕਾਫੀ ਹੈ, ਤਦ ਇਸ ਵਿਚ ਕੋਈ ਸ਼ਕ ਨਹੀਂ ਹੈ ਕਿ ਭਾਰਤੀ ਅਧਿਕਾਰੀਆਂ ਨੂੰ ਜ਼ਿਆਦਾ ਤਨਖਾਹ ਮਿਲਦੀ ਹੈ। ਫਿਰ ਵੀ, ਜੇਕਰ ਇਹ ਦਲੀਲ ਹੈ ਕਿ ਭਾਰਤੀ ਅਧਿਕਾਰੀਆਂ ਨੂੰ ਜ਼ਿਆਦਾ ਤਨਖਾਹ ਨਹੀਂ ਦਿੱਤੀ ਜਾਂਦੀ, ਤਦ ਇਸ ਦਾ ਮਤਲਬ ਹੈ ਕਿ ਯੋਰਪੀਅਨ ਅਧਿਕਾਰੀਆਂ ਨੂੰ ਘੱਟ ਤਨਖਾਹ ਦਿੱਤੀ ਜਾਂਦੀ ਹੈ। ਦਲੀਲ ਕੋਈ ਵੀ ਮੰਨ ਲਈ ਜਾਵੇ, ਪਰ ਭਾਰਤੀਆਂ ਅਤੇ ਯੋਰਪੀਅਨਾਂ ਨੂੰ ਬਰਾਬਰ ਤਨਖਾਹ ਦੇਣ ਦੀ ਮੌਜੂਦਾ ਪ੍ਰਥਾ ਨਾਲ ਜੋ ਵੀ ਸਥਿੱਤੀ ਉਤਪੰਨ ਹੁੰਦੀ ਹੈ, ਉਹ ਤਸੱਲੀਬਖਸ਼ ਨਹੀਂ। ਮੈਨੂੰ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਹੈ ਕਿ ਸਮਾਨ ਤਨਖਾਹ ਦੇਣ ਦੀ ਮੌਜੂਦਾ ਪ੍ਰਥਾ ਅਧੀਨ, ਯੋਰਪੀਅਨਾਂ ਨੂੰ ਉਚਿਤ ਤਨਖਾਹ ਮਿਲਦੀ ਹੈ ਜਾਂ ਨਹੀਂ ਪਰ ਉਨ੍ਹਾਂ ਦੇ ਭਾਰਤੀ ਸਹਿਯੋਗੀਆਂ ਨੂੰ ਜ਼ਰੂਰ ਵੱਧ ਤਨਖਾਹ ਮਿਲਦੀ ਹੈ, ਕਿਉਂਕਿ ਇਹ ਮੇਰਾ ਵਿਚਾਰ ਹੈ, ਮੈਂ ਇਹ ਦੇਖਣ ਦਾ ਇੱਛੁਕ ਹਾਂ ਕਿ ਭਾਰਤੀ ਬਸ਼ਿੰਦੇ ਕਰਮਚਾਰੀਆਂ ਦੀ ਤਨਖਾਹ ਦਾ ਵੇਤਨਮਾਨ ਘੱਟ ਹੋਵੇ। ਮੇਰਾ ਯਕੀਨ ਹੈ ਕਿ ਇਹ ਦਲੀਲ ਉਸ ਹਰ ਭਾਰਤੀ ਦੇ ਦਿੱਲ ਨੂੰ ਲਗੇਗੀ, ਜਿਹੜਾ ਵੱਖ ਵੱਖ ਪ੍ਰਾਂਤਿਕ ਸਰਕਾਰਾਂ ਦੀ ਮਾਲੀ ਹਾਲਤ ਅਤੇ ਗੰਭੀਰ ਪ੍ਰੇਸ਼ਾਨੀ ਦਾ ਨਿਰੀਖਣ ਕਰਦਾ ਹੈ, ਜਿਸ ਵਿੱਚ ਹਰ ਇਕ ਪ੍ਰਾਂਤ ਨੂੰ, ਸਰਕਾਰੀ ਕਰਮਚਾਰੀਆਂ ਦੀ ਤਨਖਾਹ ਦੀ ਅਦਾਇਗੀ ਸਬੰਧੀ ਬਹੁਤ ਜ਼ਿਆਦਾ ਖਰਚੇ ਕਾਰਣ ਪਾਇਆ ਜਾਂਦਾ ਹੈ। ਮੈਂ ਜਾਣਦਾ ਹਾਂ ਕਿ ਕੁੱਝ ਭਾਰਤੀ ਤਨਖਾਹਾਂ ਵਿੱਚ ਅਸਮਾਨਤਾ ਦੇ ਇਸ ਸਿਧਾਂਤ ਤੇ ਇਤਰਾਜ਼ ਕਰਦੇ ਹਨ। ਪਰ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਇਹ ਇਤਰਾਜ਼ ਭਾਰਤੀਆਂ ਦੀਆਂ ਉਨ੍ਹਾਂ ਸ਼੍ਰੇਣੀਆਂ ਵਿੱਚੋਂ ਆਉਂਦੇ ਹਨ, ਜਿਨ੍ਹਾਂ ਵਿਚੋਂ ਸਿਵਿਲ ਸੇਵਾਵਾਂ ਵਿੱਚ ਬਹੁਤ ਜ਼ਿਆਦਾ ਭਰਤੀ ਕੀਤੀ ਜਾਂਦੀ ਹੈ ਅਤੇ ਉਹ ਦੇਸ਼ ਦੇ ਨੇਤਾ ਹੋਣ ਦਾ ਵੀ ਦਾਅਵਾ ਕਰਦੇ ਹਨ। ਉਨ੍ਹਾਂ ਦੀ ਦਲੀਲ ਵਿੱਚ ਨਾ ਕੋਈ ਸਚਾਈ

ਹੈ ਅਤੇ ਨਾ ਹੀ ਕੋਈ ਵਜ਼ਨ। ਇਸ ਵਿੱਚ ਕੋਈ ਵਜ਼ਨ ਨਹੀਂ ਕਿਉਂਕਿ ਤਨਖਾਹ ਵਿੱਚ ਅਸਮਾਨਤਾ ਦੇ ਪਰਿਣਾਮ ਵਜੋਂ ਰੁਤਬੇ ਵਿੱਚ ਅਸਮਾਨਤਾ ਜ਼ਰੂਰੀ ਨਹੀਂ ਹੁੰਦੀ। ਇਹ ਘ੍ਰਿਣਾ ਯੋਗ ਹੈ, ਕਿਉਂਕਿ ਇਹ ਸਵਾਰਥ ਤੇ ਆਧਾਰਿਤ ਹੈ। ਮੈਂ ਖੁੱਦ ਭਾਰਤੀਕਰਣ ਦੇ ਵਾਧੇ ਦੇ ਹੱਕ ਵਿੱਚ ਹਾਂ, ਮੁੱਖ ਰੂਪ ਵਿੱਚ ਇਸ ਲਈ ਕਿਉਂਕਿ ਇਹ ਪੱਕੇ ਤੌਰ ਤੇ ਅਰਥ-ਵਿਵਸਥਾ ਵਿੱਚ ਬਚਤ ਦਾ ਵਚਨ ਦੇਂਦੀ ਹੈ।

128(3) *ਭਾਰਤੀਕਰਣ ਅਤੇ ਪੱਛੜੀਆਂ ਜਾਤੀਆਂ ਦੇ ਦਾਅਵੇ:-* ਇਹ ਆਮ ਚਰਚਾ ਹੈ ਕਿ ਦੇਸ਼ ਦੀਆਂ ਸਰਕਾਰੀ ਸੇਵਾਵਾਂ, ਜਿਥੋਂ ਤਕ ਭਾਰਤੀਆਂ ਲਈ ਖੁਲ੍ਹੇ ਤੌਰ ਤੇ ਉਪਲੱਬਧ ਹਨ, ਕੁੱਝ ਹਾਲਤਾਂ ਕਾਰਨ ਬ੍ਰਾਹਮਣਾਂ ਅਤੇ ਸਬੰਧਤ ਜਾਤੀਆਂ ਦੀ ਮਲਕੀਅਤ ਬਣ ਚੁੱਕੀਆਂ ਹਨ। ਗੈਰ-ਬ੍ਰਾਹਮਣਾਂ, ਦਲਿਤ ਸ਼੍ਰੇਣੀਆਂ ਅਤੇ ਮੁਸਲਮਾਨਾਂ ਨੂੰ ਉਨ੍ਹਾਂ ਸੇਵਾਵਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ। ਉਹ ਆਪਣੇ ਲਈ ਸਰਕਾਰੀ ਸੇਵਾਵਾਂ ਦਾ ਯੋਗ ਹਿੱਸਾ ਪ੍ਰਾਪਤ ਕਰਨ ਲਈ ਪੁਰਜ਼ੋਰ ਅੰਦੋਲਨ ਚਲਾ ਰਹੇ ਹਨ। ਇਸ ਮੰਤਵ ਨੂੰ ਮੁੱਖ ਰੱਖਦੇ ਹੋਏ, ਉਹ ਖੁਲ੍ਹੇ ਮੁਕਾਬਲੇ ਰਾਹੀਂ ਨਿਯੁਕਤੀ ਦੀ ਪ੍ਰਣਾਲੀ ਦੀ ਬਜਾਏ, ਚੋਣ ਰਾਹੀਂ ਨਿਯੁਕਤੀ ਦੀ ਪ੍ਰਣਾਲੀ ਨੂੰ ਤਰਜੀਹ ਦਿੰਦੇ ਹਨ। ਬ੍ਰਾਹਮਣਾਂ ਅਤੇ ਸਬੰਧਿਤ ਜਾਤੀਆਂ ਦੁਆਰਾ ਇਸ ਵਿਚਾਰ ਦੀ ਪੁਰਜ਼ੋਰ ਵਿਰੋਧਤਾ ਇਸ ਆਧਾਰ ਤੇ ਕੀਤੀ ਜਾਂਦੀ ਹੈ ਕਿ ਦੇਸ਼ ਦੇ ਹਿਤ ਵਿੱਚ ਚਾਹੀਦਾ ਹੈ ਕਿ ਸਰਕਾਰੀ ਸੇਵਾਵਾਂ ਦੀ ਨਿਯੁਕਤੀ ਦੇ ਮਾਮਲਿਆਂ ਵਿੱਚ ਕੇਵਲ ਨਿਪੁੰਨਤਾ ਦੀ ਕਸੌਟੀ ਲਾਈ ਜਾਣੀ ਚਾਹੀਦੀ ਹੈ ਅਤੇ ਜ਼ਾਤ-ਪਾਤ ਦਾ ਕੋਈ ਅਸਰ ਨਹੀਂ ਹੋਣਾ ਚਾਹੀਦਾ। ਵਿਦਿਅਕ ਯੋਗਤਾ ਨੂੰ ਹੀ ਇਕ-ਮਾਤਰ ਪ੍ਰੀਖਿਆ ਮੰਨਦੇ ਹੋਏ, ਜਿਸ ਦੁਆਰਾ ਨਿਪੁੰਨਤਾ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ, ਉਹ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਸਰਕਾਰੀ ਸੇਵਾਵਾਂ ਦੀ ਭਰਤੀ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਆਧਾਰ ਤੇ ਹੀ ਹੋਣੀ ਚਾਹੀਦੀ ਹੈ। ਇਹ ਦਾਅਵਾ ਕੀਤਾ ਜਾਂਦਾ ਹੈ ਕਿ ਅਜਿਹੀ ਪ੍ਰਣਾਲੀ ਰਾਹੀਂ ਹੀ, ਸਰਕਾਰੀ ਸੇਵਾਵਾਂ ਵਿੱਚ ਪਛੜੀਆਂ ਸ਼੍ਰੇਣੀਆਂ ਦੇ ਦਾਖਲੇ ਨੂੰ ਉਦੇਸ਼ ਦੀ ਪੂਰਤੀ ਹੁੰਦੀ ਹੈ। ਕਿਉਂਕਿ ਮੁਕਾਬਲਾ-ਪ੍ਰੀਖਿਆ ਸਾਰੀਆਂ ਜਾਤਾਂ ਅਤੇ ਧਰਮਾਂ ਲਈ ਖੁਲ੍ਹੀ ਹੋਣ ਕਰਕੇ, ਇਹ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਉਮੀਦਵਾਰ ਲਈ ਦਰਵਾਜ਼ੇ ਖੁਲ੍ਹੇ ਰੱਖਦੀ ਹੈ, ਜੇਕਰ ਉਹ ਲੋੜੀਂਦੀ ਪ੍ਰੀਖਿਆਂ ਪਾਸ ਕਰਨ ਤਾਂ।

129. ਇਸ ਪ੍ਰਸ਼ਨ ਤੇ ਬ੍ਰਾਹਮਣਾਂ ਅਤੇ ਸਬੰਧਤ ਜਾਤੀਆਂ ਦਾ ਦ੍ਰਿਸ਼ਟੀਕੋਣ ਬੇਸ਼ਕ ਠੀਕ ਜਾਪਦਾ ਹੈ, ਪਰ ਇਸ ਮੁਕਾਬਲਾ-ਪ੍ਰੀਖਿਆਂ ਦੀ ਪ੍ਰਣਾਲੀ ਅਪਨਾਉਣ ਨਾਲ, ਮੌਜੂਦਾ ਹਾਲਾਤ ਅਧੀਨ ਸਾਰੀਆਂ ਜਾਤਾਂ ਅਤੇ ਧਰਮਾਂ ਨਾਲ ਨਿਆਂ ਹੋਵੇਗਾ। ਪ੍ਰੰਤੂ ਉਨ੍ਹਾਂ ਹਾਲਾਤ ਵਿੱਚ ਪਹਿਲਾਂ ਹੀ ਇਹ ਮੰਨ ਲਿਆ ਜਾਂਦਾ ਹੈ ਕਿ ਰਾਜ ਦੀ ਸਿੱਖਿਆ ਪ੍ਰਣਾਲੀ ਕਾਫੀ ਲੋਕਤੰਤਰਿਕ ਹੈ ਅਤੇ ਅਜਿਹੀ ਹੈ ਕਿ ਸਿੱਖਿਆ ਦੀਆਂ ਸਹੂਲਤਾਂ ਕਾਫੀ ਜ਼ਿਆਦਾ ਤੇ ਵਿਸ਼ਾਲ ਹਨ ਅਤੇ ਸਾਰੀਆਂ ਸ਼੍ਰੇਣੀਆਂ ਦੀ ਪਹੁੰਚ ਇਥੋਂ ਤੱਕ ਹੈ, ਜਿਸ ਨਾਲ ਸਾਰੀਆਂ ਸ਼੍ਰੇਣੀਆਂ ਵਿੱਚੋਂ ਸਰਕਾਰੀ ਨੌਕਰੀਆਂ ਲਈ ਮੁਕਾਬਲੇ ਵਾਸਤੇ ਅੱਗੇ ਆਉਣ

ਦੀ ਸੰਭਾਵਨਾ ਹੈ। ਖੁਲ੍ਹੇ ਮੁਕਾਬਲੇ ਦੀ ਪ੍ਰਣਾਲੀ ਵਿੱਚ ਵੀ ਬਹੁਤ ਸਾਰੀਆਂ ਜਮਾਤਾਂ ਯਕੀਨੀ ਤੌਰ' ਤੇ ਇਸ ਤੋਂ ਵਾਂਝਿਆਂ ਹੀ ਰਹਿ ਜਾਂਦੀਆਂ ਹਨ। ਇਹ ਸਪੱਸ਼ਟ ਹੈ ਕਿ ਭਾਰਤ ਵਿੱਚ ਇਹ ਮੁੱਢਲੀ ਸ਼ਰਤ ਪੂਰੀ ਨਹੀਂ ਹੁੰਦੀ , ਜਿਸ ਨਾਲ ਪਿੱਛੜੀ ਸ਼੍ਰੇਣੀਆਂ ਨੂੰ ਭਰੋਸਾ ਦਿੱਤਾ ਜਾ ਸਕੇ ਕਿ ਉਹ ਮੁਕਾਬਲਾ ਪ੍ਰੀਖਿਆ ਦੇ ਪਰਿਣਾਮ ਤੇ ਨਿਰਭਰ ਕਰਨ, ਜਿਸ ਰਾਹੀਂ ਉਨ੍ਹਾਂ ਨੂੰ ਸਰਕਾਰੀ ਨੌਕਰੀਆਂ ਵਿੱਚ ਦਾਖਲਾ ਮਿਲ ਸਕੇ, ਇਉਂ ਉਨ੍ਹਾਂ ਨਾਲ ਧੋਖਾ ਕਰਨ ਵਾਲੀ ਗੱਲ ਹੈ ਅਤੇ ਪਛੜੀਆਂ ਸ਼੍ਰੇਣੀਆਂ ਨੇ ਇਹ ਬਿਲਕੁਲ ਠੀਕ ਕੀਤਾ ਹੈ ਕਿ ਉਨ੍ਹਾਂ ਨੇ ਇਸ ਧੋਖੇ ਵਿੱਚ ਆਉਣ ਤੋਂ ਇਨਕਾਰ ਕਰ ਦਿੱਤਾ ਹੈ।

130. ਇਸ ਲਈ ਇਹ ਮੰਨਦੇ ਹੋਏ ਕਿ ਸਰਕਾਰੀ ਸੇਵਾਵਾਂ ਵਿੱਚ ਖੁਲ੍ਹੇ ਮੁਕਾਬਲੇ ਦੇ ਆਧਾਰ ਤੇ ਪੱਛੜੀਆਂ ਸ਼੍ਰੇਣੀਆਂ ਦਾ ਦਾਖਲਾ ਨਹੀਂ ਹੋ ਸਕਦਾ, ਵਿਚਾਰ ਕਰਨ ਯੋਗ ਪਹਿਲਾ ਪ੍ਰਸ਼ਨ ਉੱਠਦਾ ਹੈ ਕਿ ਕੀ ਪਛੜੀਆਂ ਸ਼੍ਰੇਣੀਆਂ ਪ੍ਰਤੀ ਲਿਹਾਜ਼ ਵਾਲਾ ਰਵੱਈਆਂ ਅਪਣਾਇਆ ਜਾਵੇ ? ਜਿੰਨਾ ਵਿਚ ਉਹ ਆਪਣਾ ਦਾਅਵਾ ਪੱਕਾ ਨਹੀਂ ਕਰ ਲੈਂਦੇ, ਉਤਨਾ ਚਿਰ ਉਹ ਨਿਪੁੰਨਤਾ ਦੀ ਕਸੌਟੀ ਤੋਂ ਬਿਨ੍ਹਾਂ ਹੋਰ ਕਿਸੇ ਆਧਾਰ ਤੇ ਭਰਤੀ ਦੇ ਪ੍ਰਵਾਨਿਤ ਸਿਧਾਤਾਂ ਵਿੱਚ ਕਿਸੇ ਸੋਧ ਦੀ ਉਮੀਦ ਨਹੀਂ ਕਰ ਸਕਦੇ, ਇਹ ਬੜੀ ਸਪੱਸ਼ਟ ਅਤੇ ਸਰਲ ਗੱਲ ਹੈ। ਇਸ ਮਹੱਤਵਪੂਰਨ ਪ੍ਰਸ਼ਨ ਦੇ ਸਬੰਧ ਵਿੱਚ, ਮੈਨੂੰ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਕਿ ਪਛੜੀਆਂ ਸ਼੍ਰੇਣੀਆਂ ਦਾ ਇਹ ਦਾਅਵਾ ਬਣਦਾ ਹੈ, ਜੋ ਬਹੁਤ ਠੋਸ ਹੈ।

131. ਸਭ ਤੋਂ ਪਹਿਲਾਂ, ਉਹ ਲੋਕ ਜਿਹੜੇ ਸਰਕਾਰੀ ਸੇਵਾਵਾਂ ਵਿੱਚ ਭਰਤੀ ਦਾ ਆਧਾਰ ਕੇਵਲ ਨਿਪੁੰਨਤਾ ਨੂੰ ਮੰਨਣ ਤੇ ਹੀ ਜ਼ੋਰ ਦਿੰਦੇ ਹਨ, ਉਨ੍ਹਾਂ ਨੂੰ ਇਸ ਗੱਲ ਦਾ ਉਚਿਤ ਗਿਆਨ ਨਹੀਂ ਕਿ ਅਜੋਕੇ ਸਮੇਂ ਵਿੱਚ ਪ੍ਰਸ਼ਾਸਨ ਦੇ ਘੇਰੇ ਵਿੱਚ ਕੀ ਕੁੱਝ ਆਉਂਦਾ ਹੈ। ਉਨ੍ਹਾਂ ਲਈ ਪ੍ਰਬੰਧ ਚਲਾਉਣਾ ਵਿਧਾਨ-ਸਭਾ ਦੁਆਰਾ ਬਣਾਏ ਗਏ ਕਾਨੂੰਨ ਨੂੰ ਲਾਗੂ ਕਰਨ ਦੀ ਪ੍ਰਣਾਲੀ ਤੋਂ ਵੱਧ ਹੋਰ ਕੁੱਝ ਵੀ ਨਹੀਂ ਹੈ। ਇਸ ਤੋਂ ਅੱਗੇ, ਉਨ੍ਹਾਂ ਦੀ ਸਮਝ ਇਸ ਦੇ ਉਦੇਸ਼ ਅਤੇ ਮਹੱਤਵ ਬਾਰੇ ਬਹੁਤ ਹੀ ਅਧੂਰੀ ਹੈ। ਆਧੁਨਿਕ ਸਮੇਂ ਵਿੱਚ ਪ੍ਰਸ਼ਾਸਨ ਵਿੱਚ, ਰਾਜ ਦੇ ਵਿਨਿਯਮਾਂ ਨੂੰ ਜਾਨਣ ਦੀ ਖਾਤਿਰ, ਕਾਨੂੰਨ ਦੀ ਵਿਆਖਿਆ ਕਰਨ ਤੋਂ ਵੱਧ ਹੋਰ ਵੀ ਬਹੁਤ ਕੁੱਝ ਆਉਂਦਾ ਹੈ। ਸਮੇਂ ਦੀ ਲੋੜ ਅਨੁਸਾਰ, ਸਮੇਂ ਸਮੇਂ ਤੇ ਜਾਂ ਸੁਵਿਧਾ ਅਨੁਸਾਰ, ਵਿਸ਼ੇਸ਼ ਕਾਨੂੰਨ ਲਾਗੂ ਕਰਨ ਦੇ ਮਨੋਰਥ ਨਾਲ, ਅੱਜਕਲ੍ਹ ਸਰਕਾਰੀ ਵਿਭਾਗ ਨੂੰ ਨਿਯਮ ਬਣਾਉਣ ਦੇ ਬਹੁਤ ਸਾਰੇ ਅਖਤਿਆਰ ਦਿੱਤੇ ਜਾਂਦੇ ਹਨ। ਅਜਿਹੇ ਮਾਮਲਿਆਂ ਵਿੱਚ, ਇਹ ਸਪੱਸ਼ਟ ਹੈ ਕਿ ਪ੍ਰਸ਼ਾਸਨ ਕੇਵਲ ਕਾਨੂੰਨ ਲਾਗੂ ਕਰਨਾ ਹੀ ਨਹੀਂ ਹੋ ਸਕਦਾ, ਇਸ ਵਿੱਚ ਨਿਯਮ ਬਣਾਉਣਾ ਵੀ ਸ਼ਾਮਿਲ ਹੈ, ਜਿਸ ਪਿੱਛੇ ਕਾਨੂੰਨੀ ਸ਼ਕਤੀ ਹੁੰਦੀ ਹੈ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੀ ਸ਼ਕਤੀ ਵੀ। ਕਿਸੇ ਹੋਰ ਨੂੰ ਅਖਤਿਆਰ ਦੇ ਕੇ ਕਾਨੂੰਨ ਬਣਾਉਣ ਦੀ ਇਹ ਪ੍ਰਣਾਲੀ, ਸਾਰੀਆਂ ਆਧੁਨਿਕ ਸਰਕਾਰਾਂ ਦਾ ਆਮ ਗੁਣ ਬਣ ਚੱਕਿਆ ਹੈ ਅਤੇ ਆਉਣ ਵਾਲੇ ਸਾਲਾਂ ਵਿੱਚ ਇਸ ਦੇ ਹੋਰ ਵੀ ਵੱਧਣ

ਦੀ ਸੰਭਾਵਨਾ ਹੈ। ਇਹ ਵਿਵਾਦ ਰਹਿਤ ਹੀ ਸਵੀਕਾਰ ਕਰ ਲੈਣਾ ਚਾਹੀਦਾ ਹੈ ਕਿ ਨਿਯਮ ਬਣਾਉਣ ਦੀਆਂ ਇਤਨੀਆਂ ਜ਼ਿਆਦਾ ਤਾਕਤਾਂ ਜਿਨ੍ਹਾਂ ਨਾਲ ਲੋਕਾਂ ਦੀਆਂ ਬਹੁਤ ਵੱਡੀਆਂ ਸ਼੍ਰੇਣੀਆਂ ਦੀ ਭਲਾਈ 'ਤੇ ਅਸਰ ਪੈਂਦਾ ਹੋਵੇ, ਇਕ ਵਿਸ਼ੇਸ਼ ਵਰਗ ਵਿਚੋਂ ਲਏ ਗਏ ਪ੍ਰਬੰਧਕਾਂ ਦੇ ਹੱਥਾਂ ਵਿੱਚ ਏਨੇ ਆਰਾਮ ਨਾਲ ਨਹੀਂ ਦਿੱਤੀਆਂ ਜਾ ਸਕਦੀਆਂ, ਅਸਲ ਵਿੱਚ ਜਿਸ ਵਰਗ ਦਾ ਮੰਤਵ ਅਤੇ ਹਿੱਤ ਦੂਜੇ ਲੋਕਾਂ ਦੇ ਹਿੱਤਾਂ ਦੇ ਵਿਰੁੱਧ ਹੈ, ਉਨ੍ਹਾਂ ਵਿੱਚ ਰਹਿ ਰਹੇ ਦੂਜੇ ਲੋਕਾਂ ਨਾਲ ਕੋਈ ਹਮਦਰਦੀ ਨਹੀਂ ਕਰਦਾ, ਜਿਸਨੂੰ ਉਨ੍ਹਾਂ ਦੀਆਂ ਜ਼ਰੂਰਤਾਂ, ਮੁਸ਼ਕਲਾਂ, ਮੰਗਾਂ ਅਤੇ ਇੱਛਾਵਾਂ ਦੀ ਕੋਈ ਚਿੰਤਾ ਨਹੀਂ ਹੈ ਅਤੇ ਉਨ੍ਹਾਂ ਦੀਆਂ ਅਭਿਲਾਸ਼ਾਵਾਂ ਨਾਲ ਦੁਸ਼ਮਣੀ ਹੈ, ਸਿਰਫ ਇਸ ਕਰਕੇ ਕਿ ਉਹ ਸਿੱਖਿਆ ਦੀ ਘਸਵੱਟੀ ਰਾਹੀਂ ਸਭ ਤੋਂ ਅੱਛੇ ਸਾਬਤ ਹੁੰਦੇ ਹਨ।

132. ਪਰੰਤੂ ਜੇ ਇਹ ਹੀ ਮੰਨ ਲਿਆ ਜਾਵੇ ਕਿ ਪ੍ਰਸ਼ਾਸਨ ਵਿਧਾਨ ਸਭਾ ਦੁਆਰਾ ਬਣਾਏ ਗਏ ਕਾਨੂੰਨ ਨੂੰ ਲਾਗੂ ਕਰਨ ਤੋਂ ਵੱਧ ਹੋਰ ਕੁੱਝ ਵੀ ਨਹੀਂ ਹੈ, ਤਦ ਵੀ ਇਸ ਨਾਲ ਪੱਛੜੀਆਂ ਸ਼੍ਰੇਣੀਆਂ ਦਾ ਦਾਅਵਾ ਕਮਜ਼ੋਰ ਨਹੀਂ ਹੁੰਦਾ, ਕਿਉਂਕਿ ਜਿਹੜੇ ਅਧਿਕਾਰੀ ਕਿਸੇ ਵਿਸ਼ੇਸ਼ ਜਾਤੀ ਵਿਚੋਂ ਲਏ ਜਾਂਦੇ ਹਨ ਅਤੇ ਜਿਨ੍ਹਾਂ ਦੇ ਮਨ ਵਿੱਚ ਜ਼ਾਤੀ ਭਾਵਨਾ ਲੋਕਾਂ ਪ੍ਰਤੀ ਕਰਤੱਵ ਸਬੰਧੀ ਈਮਾਨਦਾਰੀ ਨਾਲੋਂ ਜ਼ਿਆਦਾ ਹੁੰਦੀ ਹੈ, ਉਹ ਆਪਣੀ ਬਰਾਦਰੀ ਦੀ ਉੱਨਤੀ ਲਈ ਅਤੇ ਆਮ ਲੋਕਾਂ ਦੇ ਹਿੱਤਾਂ ਦੇ ਵਿਰੁੱਧ ਆਪਣੇ ਅਹੁੱਦੇ ਦੀ ਆਸਾਨੀ ਨਾਲ ਦੁਰਵਰਤੋਂ ਕਰ ਸਕਦੇ ਹਨ। ਇਕ ਸਾਧਾਰਣ ਦਾ ਮਾਮਲਾਤਦਾਰ ਮਾਮਲਾ ਹੀ ਲੈ ਲਵੋ। ਜੋ ਖੇਤੀ ਕਰਨ ਲਈ ਸਰਕਾਰੀ ਭੂਮੀ ਕਿਰਾਏ(ਠੇਕੇ) ਤੇ ਦੇਣ ਸਬੰਧੀ ਕਾਨੂੰਨ ਦੀ ਵਰਤੋਂ ਕਰਦਾ ਹੈ। ਬੇਸ਼ਕ, ਉਹ ਕੇਵਲ ਲਾਗੂ ਹੀ ਕਰਦਾ ਹੈ। ਪ੍ਰੰਤੂ ਕਾਨੂੰਨ ਲਾਗੂ ਕਰਦੇ ਸਮੇਂ, ਉਹ ਆਪਣੀ ਪਸੰਦ ਅਨੁਸਾਰ, ਪਟੇਦਾਰ ਚੁਣ ਸਕਦਾ ਹੈ ਅਤੇ ਇਹ ਵੀ ਸੰਭਵ ਹੈ ਕਿ ਉਹ ਉਨ੍ਹਾਂ ਠੇਕੇਦਾਰਾਂ ਦੇ ਵਿਰੁੱਧ ਫਿਰਕਾਪ੍ਰਸਤੀ ਦੇ ਆਧਾਰ ਤੇ ਫੈਸਲਾ ਦੇ ਦੇਵੇ, ਭਾਵੇਂ ਦੇਖਣ ਵਿੱਚ ਉਹ ਫਿਰਕਾਪ੍ਰਸਤ ਨਜ਼ਰ ਨਜ਼ਰ ਨਾ ਆਵੇ। ਇਕ ਹੋਰ ਅਧਿਕਾਰੀ ਦੀ ਉਦਾਹਰਣ ਲੈ ਲਵੋ, ਜਿਸਨੂੰ ਮਰਦਮਸ਼ੁਮਾਰੀ ਵਿਭਾਗ ਦਾ ਕੰਮ ਸੌਂਪਿਆ ਗਿਆ ਹੈ ਅਤੇ ਉਸ ਹੈਸੀਅਤ ਵਿੱਚ ਉਸ ਨੂੰ ਵੱਖ ਵੱਖ ਜਾਤੀਆਂ ਦੇ ਨਾਵਾਂ ਅਤੇ ਉਨ੍ਹਾਂ ਦੀ ਸਮਾਜ ਵਿੱਚ ਪੱਧਰ ਦੇ ਪ੍ਰਸ਼ਨਾਂ ਸਬੰਧੀ ਫੈਸਲਾ ਕਰਨ ਲਈ ਕਿਹਾ ਜਾਂਦਾ ਹੈ। ਇਸ ਵਿਭਾਗ ਦਾ ਇਹ ਅਧਿਕਾਰੀ ਇਕ ਵਿਸ਼ੇਸ਼ ਜਾਤੀ ਦਾ ਮੈਂਬਰ ਹੋਣ ਕਾਰਨ, ਆਪਣੇ ਵਿਰੋਧੀ ਫਿਰਕੇ ਨੂੰ ਉਸ ਦਾ ਉਚਿਤ ਬਣਦਾ ਨਾਂ ਜਾਂ ਰੁਤਬਾ ਨਾ ਦੇ ਕੇ ਉਸ ਨਾਲ ਅਨਿਆਂ ਕਰ ਸਕਦਾ ਹੈ। ਪੱਖਪਾਤ ਦੀਆਂ ਮਿਸਾਲਾਂ, ਵਿਸ਼ੇਸ਼ ਕਰਕੇ ਜ਼ਾਤ ਅਤੇ ਧਰਮ ਦੇ ਆਧਾਰ ਤੇ ਆਮ ਹੁੰਦੀਆਂ ਹਨ, ਭਾਵੇਂ ਉਨ੍ਹਾਂ ਨੂੰ ਕੁੱਝ ਹੋਰ ਚੰਗੇ ਲਿਖਣ ਵਾਲੇ ਕਾਰਨਾਂ ਕਾਰਨ ਮੁਕਤ ਕਰ ਦਿੱਤਾ ਜਾਂਦਾ ਹੈ। ਪ੍ਰੰਤੂ ਮੈਂ ਇਕ ਉਦਾਹਰਣ ਦੇਣੀ ਚਾਹਵਾਂਗਾ ਜੋ ਮਦਰਾਸ ਰਿਆਸਤ ਦੇ ਵਿਸ਼ਵਕਰਮਾ ਬਰਾਦਰੀ ਨਾਲ ਸਬੰਧਤ ਹੈ। ਇਸ ਦਾ ਹਵਾਲਾ ਉਨ੍ਹਾਂ ਵਲੋਂ 1924 ਦੀ ਸੁਧਾਰ ਪੜਤਾਲ ਕਮੇਟੀ ਨੂੰ ਲਿਖੇ ਗਏ ਪੱਤਰ ਵਿੱਚ ਹੈ ਜਿਸ ਵਿੱਚ ਉਨ੍ਹਾਂ

ਨੇ ਸ਼ਿਕਾਇਤ ਕੀਤੀ ਸੀ ਕਿ ਮਦਰਾਸ ਕਾਰਜਕਾਰਨੀ ਪ੍ਰੀਸ਼ਦ ਦੇ ਇਕ ਬ੍ਰਾਹਮਣ ਮੈਂਬਰ, ਸਰ(ਉਸ ਸਮੇਂ ਸ੍ਰੀ) ਪੀ. ਸ਼ਿਵਾਸਵਾਮੀ ਆਈਅਰ ਵਲੋਂ, ਜਦ ਉਹ ਕਾਨੂੰਨ ਵਿਭਾਗ ਦੇ ਇੰਚਾਰਜ ਸਨ, ਇਕ ਹੁਕਮ ਜ਼ਾਰੀ ਕੀਤਾ ਗਿਆ ਸੀ ਜਿਸ ਵਿੱਚ ਵਿਸ਼ਵਕਰਮਾ ਬਰਾਦਰੀ ਵੱਲੋਂ ਆਪਣੇ ਨਾਵਾਂ ਦੇ ਪਿੱਛੇ 'ਆਚਾਰਿਆ' ਲਿਖਣ ਤੇ ਇਤਰਾਜ਼ ਕੀਤਾ ਗਿਆ ਸੀ, ਜੋ ਵਿਸ਼ਵਕਰਮਾ ਆਮ ਤੌਰ ਤੇ ਆਪਣੇ ਨਾਮ ਪਿੱਛੇ ਲਿਖਦੇ ਸਨ ਅਤੇ ਉਨ੍ਹਾਂ ਨੂੰ ਉਸ ਦੀ ਜਗ੍ਹਾ 'ਆਸਰੀ' ਲਿਖਣ ਲਈ ਕਿਹਾ ਗਿਆ ਜੋ ਘਿਰ੍ਣਾ ਨਾਲ ਜਾਣਿਆ ਜਾਂਦਾ ਹੈ। ਭਾਵੇਂ ਇਸ ਦੀ ਲੋੜ ਨਹੀਂ ਸੀ ਅਤੇ ਮੈਂਬਰ ਦੁਆਰਾ ਕੀਤੀ ਗਈ ਕਾਰਵਾਈ ਦੀ ਉਚਿਤਤਾ ਵੀ ਨਹੀਂ ਸੀ, ਕਾਨੂੰਨ ਵਿਭਾਗ ਦੁਆਰਾ ਸਰਕਾਰੀ ਹੁਕਮ ਪ੍ਰਕਾਸ਼ਿਤ ਕੀਤਾ ਗਿਆ, ਸ਼ਾਇਦ ਇਹ 'ਸ਼ਬਦ ਜੋੜ ਦੀ ਗਲਤੀ ਠੀਕ ਕਰਨ ਵਾਲੀ ਕਮੇਟੀ' ਦੀ ਸ਼ਿਫਾਰਸ਼ ਅਨੁਸਾਰ ਕੀਤਾ ਗਿਆ। ਇਹ ਸਾਡੀ ਬਦਕਿਸਮਤੀ ਸੀ ਕਿ ਇਸ ਕਮੇਟੀ ਦੇ ਗੈਰ-ਸਰਕਾਰੀ ਮੈਂਬਰ ਜ਼ਿਆਦਾ ਬ੍ਰਾਹਮਣ ਬਰਾਦਰੀ ਵਿਚੋਂ ਲਏ ਗਏ ਸਨ, ਜਿਨ੍ਹਾਂ ਨੂੰ ਆਪਣੀਆਂ ਸਾਥੀ ਜਾਤਾਂ ਦੇ ਹੱਕਾਂ ਦੀ ਇਜ਼ਤ ਕਰਨ ਦੀ ਬਿਲਕੁੱਲ ਸੂਝ ਨਹੀਂ ਸੀ ਅਤੇ ਉਨ੍ਹਾਂ ਨੇ ਕਦੇ ਵੀ ਸਾਨੂੰ ਨਹੀਂ ਦੱਸਿਆ ਸੀ ਕਿ ਉਨ੍ਹਾਂ ਦੀ ਯੁਕਤੀ ਕੀ ਸੀ, ਜਿਸ ਬਾਰੇ ਉਨ੍ਹਾਂ ਵਲੋਂ ਫੈਸਲਾ ਕੀਤਾ ਗਿਆ ਸੀ। ਇਹ ਲਗਭਗ ਹਨੇਰੇ ਵਿੱਚ ਛੁਰਾ ਮਾਰਨ ਵਾਲੀ ਗੱਲ ਸੀ।

133. ਇਹ ਜ਼ਰੂਰੀ ਹੈ। ਜਮਾਤੀ ਹਕੂਮਤ ਦਾ ਅਰਥ ਹੈ ਜਮਾਤ ਦੇ ਹਿੱਤਾਂ ਅਤੇ ਜਮਾਤੀ ਪਖਪਾਤ ਲਈ ਹਕੂਮਤ ਕਰਨਾ। ਜੇਕਰ ਅਜਿਹੇ ਨਤੀਜੇ ਲਾਜ਼ਮੀ ਹੁੰਦੇ ਹਨ ਤਦ ਸਾਰੇ ਈਮਾਨਦਾਰ ਲੋਕਾਂ ਦੇ ਮਨਾਂ ਵਿੱਚ ਇਹ ਪ੍ਰਸ਼ਨ ਜ਼ਰੂਰ ਉੱਠਣਾ ਚਾਹੀਦਾ ਹੈ ਕਿ ਕੀ ਕੁਸ਼ਲ ਸਰਕਾਰ ਨੇ ਸਾਨੂੰ ਚੰਗੀ ਹਕੂਮਤ ਵੀ ਦਿੱਤੀ ਹੈ ? ਜੇਕਰ ਨਹੀਂ, ਤਦ ਇਸ ਦਾ ਕੀ ਉਪਾਅ ਹੈ ? ਮੇਰਾ ਵਿਚਾਰ ਹੈ ਕਿ ਬ੍ਰਾਹਮਣ ਅਤੇ ਉਨ੍ਹਾਂ ਨਾਲ ਮਿਲਦੀਆਂ ਜੁਲਦੀਆਂ ਜਾਤੀਆਂ ਨਾਲ ਸਬੰਧਤ ਅਧਿਕਾਰੀਆਂ ਦੇ ਜਮਾਤੀ ਪੱਖਪਾਤ ਤੋਂ ਪੈਦਾ ਹੋਣ ਵਾਲੀਆਂ ਹਾਨੀਆਂ, ਉਨ੍ਹਾਂ ਦੀ ਕਾਰਜ਼ਕੁਸ਼ਲਤਾ ਸਬੰਧੀ ਲਾਭਾਂ ਨਾਲੋਂ ਕਿਤੇ ਵੱਧ ਜਾਂਦੀਆਂ ਹਨ ਅਤੇ ਕੁਲ ਮਿਲਾ ਕੇ ਉਹ ਭਲੇ ਨਾਲੋਂ ਬੁਰਾ ਜ਼ਿਆਦਾ ਕਰਦੇ ਹਨ। ਇਸ ਦੇ ਉਪਾਅ ਵਜੋਂ, ਮੇਰੀ ਨਜ਼ਰ ਵਿਚ ਇਕ ਇਹ ਉਪਾਅ ਹੈ ਕਿ ਸਰਕਾਰੀ ਸੇਵਾਵਾਂ ਵਿਚ ਵੱਖ-ਵੱਖ ਜਾਤੀਆਂ ਦਾ ਮਿਲ-ਗੋਭਾ ਹੋਣਾ ਚਾਹੀਦਾ ਹੈ। ਪ੍ਰੰਤੂ ਇਸ ਨਾਲ ਜਮਾਤੀ ਪੱਖਪਾਤ ਦੀ ਬੁਰਾਈ ਵਿੱਚ ਵੱਡਮੁੱਲਾ ਸੁਧਾਰ ਹੋਵੇਗਾ। ਇਹ ਦੇਸ਼ ਵਿਚ ਚਲ ਰਹੇ ਸਮਾਜੀ ਸੰਘਰਸ਼ਾਂ ਕਾਰਨ ਹੁਣ ਇਹ ਹੋਰ ਵੀ ਬਹੁਤ ਜਿਆਦਾ ਜ਼ਰੂਰੀ ਹੋ ਗਿਆ ਹੈ। ਬ੍ਰਾਹਮਣਾਂ ਤੇ ਗੈਰ-ਬ੍ਰਾਹਮਣਾਂ, ਹਿੰਦੂਆਂ ਅਤੇ ਮੁਸਲਮਾਨਾਂ, ਉੱਚ ਜਾਤਾਂ ਅਤੇ ਅਛੂਤਾਂ ਵਿੱਚਕਾਰ ਅਸਮਾਨਤਾ ਨੂੰ ਖਤਮ ਕਰਨ ਅਤੇ ਸਮਾਨਤਾ ਸਥਾਪਿਤ ਕਰਨ ਲਈ ਚੱਲ ਰਹੇ ਸੰਘਰਸ਼ ਵਿੱਚ ਕੜਵਾਹਟ ਹੁੰਦੇ ਹੋਏ ਵੀ, ਜੱਜ, ਮੈਜਿਸਟਰੇਟ, ਸਿਵਿਲ ਅਤੇ ਪੁਲਿਸ ਅਧਿਕਾਰੀ ਇਨ੍ਹਾਂ ਸੰਘਰਸ਼ਾਂ ਦੇ ਸਹੀ ਜਾਂ ਗਲਤ ਹੋਣ ਸਬੰਧੀ ਫੈਸਲੇ ਕਰਨ ਸਮੇਂ ਅਪ੍ਰਭਾਵਿਤ ਨਹੀਂ ਰਹਿ ਸਕਦੇ। ਸੰਘਰਸ਼ ਕਰ ਰਹੀਆਂ ਜਾਤੀਆਂ ਦੇ ਮੈਂਬਰ ਹੋਣ ਕਰਕੇ, ਉਨ੍ਹਾਂ ਦਾ

ਤਰਫਦਾਰ ਹੋਣਾ ਜ਼ਰੂਰੀ ਹੈ, ਜਿਸ ਦੇ ਸਿੱਟੇ ਵਜੋਂ, ਜਨਤਾ ਦੁਆਰਾ ਆਪਣੇ ਸੇਵਕਾਂ ਵਿਚ ਰੱਖੇ ਗਏ ਭਰੋਸੇ ਨੂੰ ਬਹੁਤ ਧੱਕਾ ਲਗੇਗਾ।

134. ਹੁਣ ਤੱਕ, ਮੈਂ, ਪੱਛੜੀਆਂ ਜਾਤੀਆਂ ਦੇ ਮਾਮਲੇ ਤੇ ਪ੍ਰਸ਼ਾਸ਼ਨਿਕ ਉਪਯੋਗਤਾ ਦੇ ਆਧਾਰ ਤੇ ਹੀ ਵਿਚਾਰ ਕੀਤਾ ਹੈ। ਪ੍ਰੰਤੂ ਇਸ ਦੇ ਨੈਤਿਕ ਆਧਾਰ ਵੀ ਹਨ ਕਿ ਉਨ੍ਹਾਂ ਲਈ ਸਰਕਾਰੀ ਸੇਵਾਵਾਂ ਵਿੱਚ ਦਾਖਲਾ ਸੁਨਿਸ਼ਚਿਤ ਕਿਉਂ ਕੀਤਾ ਜਾਣਾ ਚਾਹੀਦਾ ਹੈ। ਸਰਕਾਰੀ ਸੇਵਾਵਾਂ ਵਿਚੋਂ ਕਿਸੇ ਵਿਅੱਕਤੀ ਨੂੰ ਵਾਂਝਿਆ ਰੱਖਣ ਨਾਲ ਪੈਦਾ ਹੋਣ ਵਾਲੀਆਂ ਨੈਤਿਕ ਬੁਰਾਈਆਂ ਦੇ ਚਿਤਰਣ ਕਦੇ ਵੀ ਐਨੇ ਅੱਛੇ ਢੰਗ ਨਾਲ ਨਹੀਂ ਕੀਤਾ ਗਿਆ, ਜਿਵੇਂ ਸੁਰਗਵਾਸੀ ਸ੍ਰੀ ਗੋਖਲੇ ਦੁਆਰਾ ਕੀਤਾ ਗਿਆ ਸੀ। ਉਨ੍ਹਾਂ ਨੇ ਆਪਣੇ ਭਾਸ਼ਣ ਦੇ ਦੌਰਾਨ ਇਹ ਟਿੱਪਣੀ ਕੀਤੀ ਸੀ ਕਿ, "ਵਿਦੇਸ਼ੀ ਏਜੰਸੀ ਦਾ ਬਹੁਤ ਜ਼ਿਆਦਾ ਮਹਿੰਗਾ ਹੋਣਾ ਹੀ ਕੇਵਲ ਇਸ ਦੀ ਬੁਰਾਈ ਨਹੀਂ ਹੈ। ਇਸ ਦੀ ਨੈਤਿਕ ਬੁਰਾਈ ਵੀ ਹੈ ਜੋ ਕਿਸੇ ਵੀ ਮਾਮਲੇ ਨਾਲੋਂ ਜ਼ਿਆਦਾ ਮਹੱਤਵਪੂਰਨ ਹੈ। ਵਰਤਮਾਨ ਪ੍ਰਣਾਲੀ ਅਧੀਨ ਭਾਰਤੀ ਨਸਲ ਨੂੰ ਇਕ ਤਰ੍ਹਾਂ ਨਾਲ ਨੀਵਾਂ ਜਾਂ ਛੋਟਾ ਕੀਤਾ ਜਾ ਰਿਹਾ ਹੈ। ਸਾਨੂੰ ਸਾਰੀ ਜ਼ਿੰਦਗੀ ਅਧੀਨਗੀ ਦੇ ਮਾਹੌਲ ਵਿੱਚ ਜੀਣੀ ਪੈਂਦੀ ਹੈ ਅਤੇ ਸਾਡੇ ਲਈ ਸਭ ਤੋਂ ਲੰਬੇ ਸਮੇਂ ਲਈ, ਮੌਜੂਦਾ ਪ੍ਰਣਾਲੀ ਅੱਗੇ ਝੁੱਕਣਾ ਜ਼ਰੂਰੀ ਹੈ ਤਾਂ ਕਿ ਉਸ ਪ੍ਰਣਾਲੀ ਦੀਆਂ ਮੰਗਾਂ ਦੀ ਪੂਰਤੀ ਹੋ ਸਕੇ। ਇਕ ਬਹੁਤ ਉੱਚਾ ਉਦੇਸ਼, ਜੇਕਰ ਮੈਂ ਅਜਿਹੇ ਵਾਕ ਦੀ ਵਰਤੋਂ ਕਰਾਂ, ਜੋ ਈਟੋਨ ਜਾਂ ਹੈਰੋ ਵਿਖੇ ਪੜ੍ਹਦੇ ਹਰ ਇਕ ਸਕੂਲੀ ਬੱਚੇ ਦੇ ਮਨ ਵਿੱਚ ਹੈ ਕਿ, ਉਹ ਇਕ ਦਿਨ ਗਲੈਡਸਟੋਨ, ਨੈਲਸ਼ਨ ਜਾਂ ਵਿਲਿੰਗਟਨ ਬਣੇਗਾ ਅਤੇ ਉਸ ਕਰਕੇ ਉਹ ਆਪਣੀ ਸਮਰੱਥਾ ਅਨੁਸਾਰ ਵੱਧ ਤੋਂ ਵੱਧ ਕੋਸ਼ਿਸ਼ ਵੀ ਕਰੇਗਾ, ਸਾਨੂੰ ਇਸ ਤੋਂ ਵਾਂਝਿਆ ਰੱਖਿਆ ਜਾਂਦਾ ਹੈ। ਸਾਡੀ ਮਾਨਵਤਾ ਜਿਸ ਬੁਲੰਦੀ ਤਕ ਪਹੁੰਚਣ ਦੀ ਸਮਰੱਥਾ ਰੱਖਦੀ ਹੈ, ਵਰਤਮਾਨ ਪ੍ਰਣਾਲੀ ਅਧੀਨ ਅਸੀਂ ਉਸ ਬੁਲੰਦੀ ਨੂੰ ਕਦੇ ਵੀ ਛੂਹ ਨਹੀਂ ਸਕਦੇ। ਨੈਤਿਕ ਉੱਨਤ ਜੋ ਹਰ ਇਕ ਖੁਦ-ਮੁਖਤਿਆਰ ਜਨਤਾ ਮਹਿਸੂਸ ਕਰਦੀ ਹੈ, ਉਹ ਅਸੀਂ ਕਦੇ ਵੀ ਮਹਿਸੂਸ ਨਹੀਂ ਕਰ ਸਕਦੇ। ਸਾਡੀਆਂ ਪ੍ਰਸ਼ਾਸਨਿਕ ਅਤੇ ਫੌਜੀ ਖੂਬੀਆਂ ਹੌਲੀ ਹੌਲੀ, ਇਸਤੇਮਾਲ ਨਾ ਹੋਣ ਕਾਰਨ, ਨਸ਼ਟ ਹੋ ਜਾਣਗੀਆਂ। ਜਦ ਤਕ ਅਸੀਂ ਆਪਣੇ ਦੇਸ਼ ਵਿਚ ਲੱਕੜੀ ਕੱਟਣ ਵਾਲਿਆਂ ਅਤੇ ਪਾਣੀ ਢੋਣ ਵਾਲਿਆਂ ਦੀ ਤਰ੍ਹਾਂ ਸਥਿਰ ਬਣੇ ਰਹਾਂਗੇ।" ਹੁਣ ਉਨ੍ਹਾਂ ਨੂੰ, ਜਿਹੜੇ ਸਰਕਾਰੀ ਸੇਵਾਵਾਂ ਵਿਚ ਦਾਖ਼ਲੇ ਲਈ ਪਛੜੀਆਂ ਸ਼੍ਰੇਣੀਆਂ ਦੇ ਮਾਮਲੇ ਵਿਚ ਨਿਆਂ ਨਹੀਂ ਕਰਦੇ, ਕੋਈ ਇਹ ਪੁੱਛਣਾ ਚਾਹੇਗਾ ਕਿ ਕੀ ਪਛੜੀਆਂ ਸ਼੍ਰੇਣੀਆਂ ਨੂੰ ਇਹ ਹੱਕ ਨਹੀਂ ਹੈ ਕਿ ਉਹ ਬਰਾਹਮਣਾਂ ਅਤੇ ਸਬੰਧਤ ਜਾਤੀਆਂ ਵਿਰੁੱਧ ਉਹੀ ਦੋਸ਼ ਲਗਾਉਣ ਜੋ ਸੁਰਗਵਾਸੀ ਸ੍ਰੀ ਗੋਖਲੇ ਦੁਆਰਾ, ਭਾਰਤੀ ਲੋਕਾਂ ਵਲੋਂ, ਵਿਦੇਸ਼ੀ ਏਜੰਸੀ ਵਿਰੁੱਧ ਲਗਾਇਆ ਗਿਆ ਸੀ? ਕੀ ਦਲਿਤ ਸ਼੍ਰੇਣੀਆਂ ਨੂੰ, ਗੈਰ-ਬਰਾਹਮਣਾਂ ਅਤੇ ਮੁਸਲਮਾਨਾਂ ਨੂੰ ਇਹ ਗੱਲ ਕਹਿਣ ਦੀ ਖੁੱਲ੍ਹ ਨਹੀਂ ਹੈ ਕਿ ਉਨ੍ਹਾਂ ਨੂੰ ਸਰਕਾਰੀ ਸੇਵਾਵਾਂ ਵਿਚ ਦਾਖਲਾ ਨਾ ਦੇ ਕੇ, ਇਕ ਤਰ੍ਹਾਂ ਨਾਲ ਉਨ੍ਹਾਂ ਦੀਆਂ ਬਰਾਦਰੀਆਂ

ਨੂੰ ਨੀਵਾਂ ਅਤੇ ਛੋਟਾ ਕੀਤਾ ਜਾ ਰਿਹਾ ਹੈ ? ਕੀ ਉਹ ਸ਼ਿਕਾਇਤ ਨਹੀਂ ਕਰ ਸਕਦੇ ਕਿ ਉਨ੍ਹਾਂ ਨੂੰ ਸਰਕਾਰੀ ਸੇਵਾਵਾਂ ਵਿਚੋਂ ਬਾਹਿਰ ਰੱਖਣ ਦੇ ਫਲਸਰੂਪ, ਉਨ੍ਹਾਂ ਨੂੰ ਆਪਣੀ ਸਾਰੀ ਜ਼ਿੰਦਗੀ ਅਧੀਨਗੀ ਦੇ ਮਹੌਲ ਵਿਚ ਜੀਣੀ ਪੈਂਦੀ ਹੈ ਅਤੇ ਉਨ੍ਹਾਂ ਵਿਚੋਂ ਸਭ ਤੋਂ ਲੰਬੇ ਸਮੇਂ ਲਈ, ਮੌਜੂਦਾ ਪ੍ਰਣਾਲੀ ਅੱਗੇ ਝੁਕਣਾ ਜ਼ਰੂਰੀ ਹੈ ਤਾਂ ਕਿ ਉਸ ਪ੍ਰਣਾਲੀ ਦੀਆਂ ਮੰਗਾਂ ਦੀ ਪੂਰਤੀ ਹੋ ਸਕੇ। ਕੀ ਉਹ ਜ਼ੋਰ ਦੇ ਕੇ ਇਹ ਨਹੀਂ ਕਹਿ ਸਕਦੇ ਕਿ ਜੋ ਉੱਚੇ ਉਦੇਸ਼ ਬਰਾਹਮਣ ਬਰਾਦਰੀ ਦਾ ਹਰ ਇਕ ਸਕੂਲੀ ਬੱਚਾ ਮਹਿਸੂਸ ਕਰਦਾ ਹੈ ਕਿ ਉਹ ਇਕ ਦਿਨ ਸਿਨਹਾ, ਸ਼ਾਸਤਰੀ, ਗਣਾਡੇ ਜਾਂ ਇਕ ਪਰਾਣਜਪਈ ਬਣੇ ਅਤੇ ਉਸ ਲਈ ਆਪਣੀ ਸਮਰੱਥਾ ਅਨੁਸਾਰ ਪੁਰਜ਼ੋਰ ਕੋਸ਼ਿਸ਼ ਕਰੇ, ਉਹ ਸਭ ਕੁਝ ਉਨ੍ਹਾਂ ਲਈ ਨਹੀਂ ਹੈ ? ਕੀ ਉਹ ਕਰੋਧ ਵਿਚ ਇਹ ਨਹੀਂ ਕਹਿ ਸਕਦੇ ਕਿ ਜਿਸ ਉੱਚਾਈ ਤੱਕ ਪਹੁੰਚਣ ਦੀ ਸਮਰੱਥਾ ਉਨ੍ਹਾਂ ਲੋਕਾਂ ਵਿਚ ਹੈ, ਉਹ ਮੌਜੂਦਾ ਪ੍ਰਣਾਲੀ ਅਧੀਨ ਕਦੇ ਵੀ ਉਸ ਉੱਚਾਈ ਨੂੰ ਛੂਹ ਨਹੀਂ ਸਕਦੇ ? ਕੀ ਉਹ ਇਸ ਗੱਲ ' ਤੇ ਖੇਦ ਪ੍ਰਗਟ ਨਹੀਂ ਕਰ ਸਕਦੇ ਕਿ ਨੈਤਿਕ ਬੁਲੰਦੀ ਜੋ ਹਰ ਕਿ ਖੁਦ-ਮੁਖ਼ਤਿਆਰ ਜਨਤਾ ਮਹਿਸੂਸ ਕਰਦੀ ਹੈ, ਉਹ ਕਦੇ ਵੀ ਮਹਿਸੂਸ ਨਹੀਂ ਕਰ ਸਕਦੇ ਅਤੇ ਉਨ੍ਹਾਂ ਦੀਆਂ ਪ੍ਰਸ਼ਾਸਨਿਕ ਖੂਬੀਆਂ, ਇਸਤੇਮਾਲ ਨਾ ਕਰਨ ਕਰਕੇ, ਹੌਲੀ ਹੌਲੀ ਨਸ਼ਟ ਹੋ ਜਾਣਗੀਆਂ, ਜਦ ਤਕ ਉਹ ਲੋਕ ਲਕੜਹਾਰਿਆਂ ਅਤੇ ਮਾਸ਼ਕੀਆਂ ਦੀ ਤਰ੍ਹਾਂ ਸਥਿਰ ਬਣੇ ਰਹਿਣਗੇ ? ਇਨ੍ਹਾਂ ਪ੍ਰਸ਼ਨਾਂ ਦਾ ਉੱਤਰ 'ਹਾਂ' ਦੇ ਸਿਵਾਏ ਹੋਰ ਕੋਈ ਹੈ ਹੀ ਨਹੀਂ। ਜੇਕਰ ਸਵਰਨ ਜਾਤੀਆਂ ਨੂੰ ਦੇਸ਼ ਦੀਆਂ ਸਰਕਾਰੀ ਸੇਵਾਵਾਂ ਤੋਂ ਬਾਹਿਰ ਰੱਖਣਾ ਨੈਤਿਕ ਤੌਰ ਤੇ ਗ਼ਲਤ ਹੈ ਤਾਂ ਪਛੜੀਆਂ ਜਾਤੀਆਂ ਨੂੰ ਉਸ ਖਿੱਤੇ ਵਿਚੋਂ ਬਾਹਿਰ ਰੱਖਣਾ ਵੀ ਨੈਤਿਕ ਤੌਰ' ਤੇ ਸਹੀ ਨਹੀਂ ਹੋਣਾ ਚਾਹੀਦਾ ਅਤੇ ਜੇਕਰ ਇਹ ਨੈਤਿਕ ਤੌਰ ਤੇ ਗ਼ਲਤ ਹੈ, ਤਦ ਇਸ ਦਾ ਸੁਧਾਰ ਹੋਣਾ ਬਹੁਤ ਜ਼ਰੂਰੀ ਹੈ।

135. ਇਹੀ ਕਾਰਣ ਹਨ ਕਿ ਮੈਂ ਪਛੜੀਆਂ ਜਾਤੀਆਂ ਦੇ ਪੱਖ ਵਿਚ ਹਾਂ। ਇਹੀ ਸਾਹਮਣੇ ਆਵੇਗਾ ਕਿ ਇਹ ਵਿਚਾਰਧਾਰਾ ਉਸ ਵਿਚਾਰਧਾਰਾ ਤੋਂ ਕਿਸੇ ਤਰ੍ਹਾਂ ਵੀ ਭਿੰਨ ਨਹੀਂ ਜਿਹੜੀ ਕਿ ਭਾਰਤੀਕਰਣ ਦੇ ਪੱਖ ਵਿਚ ਦਿਤੀ ਗਈ ਸੀ। ਇਹ ਯਾਦ ਰੱਖਣਾ ਚਾਹੀਦਾ ਹੈ ਕਿ ਭਾਰਤੀਕਰਣ ਦਾ ਮਾਮਲਾ, ਨਿਪੁੰਨ ਪ੍ਰਸ਼ਾਸਨ' ਤੇ ਆਧਾਰਤ ਨਹੀਂ ਸੀ। ਇਹ ਤਾਂ ਵਧੀਆ ਪ੍ਰਸ਼ਾਸਨ' ਤੇ ਆਧਾਰਿਤ ਸੀ। ਇਸ ਗੱਲ ਨੂੰ ਚੁਣੌਤੀ ਨਹੀਂ ਦਿਤੀ ਗਈ ਸੀ ਕਿ ਭਾਰਤੀ, ਨਿਪੁੰਨ ਪ੍ਰਸ਼ਾਸਨ ਬਣਾਉਣ ਵਾਲੇ ਗੁਣਾਂ ਵਿਚ ਕਿਸੇ ਯੋਰਪੀਅਨ ਨਾਲੋਂ ਘਟੀਆ ਹਨ। ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਗਿਆ ਸੀ ਕਿ ਯੋਰਪੀਅਨ ਅਧਿਕਾਰੀਆਂ ਵਲੋਂ ਆਪਣੀਆਂ ਸੜਕਾਂ ਦਾ ਸੁਧਾਰ ਹੋਇਆ, ਨਹਿਰਾਂ ਵਧੀਆਂ ਤੇ ਵਿਗਿਆਨਕ ਸਿਧਾਂਤਾਂ ਮੁਤਾਬਿਕ ਬਣਾਈਆਂ ਗਈਆਂ, ਰੈਲਾਂ ਰਾਹੀਂ ਆਵਾਜਾਈ ਸ਼ੁਰੂ ਕੀਤੀ ਗਈ, ਪੱਤਰ-ਵਿਹਾਰ ਦਾ ਕੰਮ ਸਸਤੀ ਡਾਕ ਰਾਹੀਂ ਸ਼ੁਰੂ ਕੀਤਾ ਗਿਆ, ਸੰਦੇਸ਼ ਤਾਰ ਰਾਹੀਂ ਭੇਜਣ ਦਾ ਪ੍ਰਬੰਧ ਕੀਤਾ ਗਿਆ, ਆਪਣੇ ਸਿੱਕੇ ਵਿਚ ਸੁਧਾਰ ਕੀਤਾ ਗਿਆ, ਆਪਣੀ ਭਾਰ-ਤੋਲ ਪ੍ਰਣਾਲੀ ਨੂੰ ਨਿਯਮਿਤ ਕੀਤਾ ਗਿਆ, ਭੂਗੋਲ,

ਜੋਤਿਸ਼ ਵਿਦਿਆ ਅਤੇ ਦਵਾਈਆਂ ਸਬੰਧੀ ਵਿਚਾਰਾਂ ਵਿਚ ਸੋਧ ਕੀਤੀ ਗਈ ਅਤੇ ਆਪਣੇ ਅੰਦਰੂਨੀ ਝਗੜੇ ਬੰਦ ਕੀਤੇ ਗਏ। ਇਸ ਤੱਥ ਲਈ ਹੋਰ ਵਧੀਆ ਗਵਾਹੀ ਹੋ ਹੀ ਨਹੀਂ ਸਕਦੀ ਕਿ ਯੋਰਪੀਅਨ ਅਧਿਕਾਰੀ/ਨੌਕਰਸ਼ਾਹੀ ਸਭ ਤੋਂ ਵੱਧ ਨਿਪੁੰਨ, ਜਿੰਨੀ ਕੁ ਸੰਭਵ ਸੀ, ਸਰਕਾਰ ਸਨ। ਇਸ ਦੇ ਨਾਲ ਹੀ ਯੋਰਪੀਅਨ ਅਧਿਕਾਰੀਆਂ ਦੀ ਨਿਖੇਧੀ ਵੀ ਕੀਤੀ ਗਈ ਸੀ ਕਿ ਉਨ੍ਹਾਂ ਵਿਚ ਮਾਨਵੀ ਪ੍ਰਸ਼ਾਸਨ ਬਣਾਉਣ ਵਾਲੇ ਗੁਣਾਂ ਦੀ ਘਾਟ ਸੀ, ਭਾਵੇਂ ਉਹ ਨਿਪੁੰਨ ਸਨ। ਇਸ ਲਈ, ਇਹ ਇਕ ਤਰ੍ਹਾਂ ਨਾਲ ਬੜੀ ਹੈਰਾਨੀ ਦੀ ਗੱਲ ਹੈ ਕਿ ਉਹੀ ਲੋਕ ਜਿਹੜੇ ਭਾਰਤੀਕਰਣ ਦੀ ਦੁਹਾਈ ਪਾਉਂਦੇ ਹਨ, ਪਛੜੀਆਂ ਸ਼੍ਰੇਣੀਆਂ ਦੇ ਹੱਕ ਵਿਚ ਜਾਂਦੀ ਉਸੇ ਦਲੀਲ ਦਾ ਵਿਰੋਧ ਕਰਦੇ ਹਨ ਅਤੇ ਇਹ ਭੁੱਲ ਜਾਂਦੇ ਹਨ ਕਿ ਭਾਰਤੀਕਰਣ ਦੇ ਮਸਲੇ ਵਿਚ ਪਛੜੀਆਂ ਸ਼੍ਰੇਣੀਆਂ ਦਾ ਮਸਲਾ ਵੀ ਸ਼ਾਮਿਲ ਹੈ। ਚਾਹੇ ਜੋ ਵੀ ਹੋਵੇ, ਮੈਂ ਪ੍ਰਾਂਤਿਕ ਖੁਦਮੁਖ਼ਤਾਰੀ ਜਾਂ ਪ੍ਰਾਂਤਿਕ ਕਾਰਜਕਾਰਣੀ ਵਿਚ ਮੁਕੰਮਲ ਜ਼ਿੰਮੇਵਾਰੀ ਨਾਲੋਂ ਇਸ ਮਸਲੇ ਨੂੰ ਬਹੁਤ ਜ਼ਿਆਦਾ ਮਹੱਤਵ ਦਿੰਦਾ ਹਾਂ। ਮੈਂ ਇਤਨੇ ਜ਼ਿਆਦਾ ਅਖ਼ਤਿਆਰ ਕਿਸੇ ਦੇ ਵੀ ਸਪੁਰਦ ਕਰਨ ਦੀ ਆਗਿਆ ਦੇਣ ਲਈ ਤਿਆਰ ਨਹੀਂ ਹੋਵਾਂਗਾ, ਜੇਕਰ ਮੈਂ ਇਹ ਸਮਝਦਾ ਹੋਵਾਂ ਕਿ ਉਹ ਅਖ਼ਤਿਆਰ ਇਕ ਵਿਸ਼ੇਸ਼ ਜਾਤੀ ਦੇ ਹੱਥਾਂ ਵਿਚ ਜਾਣ ਦੀ ਸੰਭਾਵਨਾ ਹੈ ਅਤੇ ਦੂਜੀਆਂ ਜਾਤੀਆਂ ਨੂੰ ਇਸ ਤੋਂ ਵਾਂਝੀਆਂ ਰੱਖਣ ਦੀ। ਇਸ ਵਿਚਾਰ ਦੇ ਆਧਾਰ ਤੇ, ਮੈਂ ਸੁਝਾਅ ਦਿੰਦਾ ਹਾਂ ਕਿ ਮੇਰੀਆਂ ਸਿਫਾਰਸ਼ਾਂ ਨੂੰ ਲਾਗੂ ਕਰਨ ਲਈ ਹੇਠਲੇ ਕਦਮ ਚੁੱਕਣੇ ਚਾਹੀਦੇ ਹਨ:-

(1) ਉੱਚੀਆਂ ਸੇਵਾਵਾਂ, ਦਰਜਾ 1 ਅਤੇ ਦਰਜਾ 2 ਅਤੇ ਅਧੀਨ ਸੇਵਾਵਾਂ ਵਿਚੋਂ ਵੀ, ਕੁਝ ਖਾਲੀ ਆਸਾਮੀਆਂ ਹਰ ਸਾਲ ਪਾਸ ਪ੍ਰੀਖਿਆ ਦੇ ਨਾਲ ਨਾਮਜ਼ਦਗੀ ਪ੍ਰਣਾਲੀ ਰਾਹੀਂ ਭਰਨੀਆਂ ਚਾਹੀਦੀਆਂ ਹਨ। ਇਹ ਨਾਮਜ਼ਦਗੀਆਂ ਇਕ ਕਮੇਟੀ ਦੀਆਂ ਸਿਫਾਰਸ਼ਾਂ ਰਾਹੀਂ ਭਰਨੀਆਂ ਚਾਹੀਦੀਆਂ ਹਨ, ਜਿਸ ਵਿਚ ਉਮੀਦਵਾਰਾਂ ਦੀ ਯੋਗਤਾ ਜਾਚਣ ਦੇ ਸਮਰੱਥ ਵਿਅਕਤੀ ਹੋਣ ਅਤੇ ਉਹ ਕਮੇਟੀ ਉਪਰੋਕਤ ਵਰਣਿਤ ਸਿਵਿਲ ਸੇਵਾ ਅਧਿਕਾਰੀ ਨਾਲ ਮਿਲ ਕੇ ਕੰਮ ਕਰੇ। ਅਜਿਹੀਆਂ ਨਾਮਜ਼ਦਗੀਆਂ, ਦਲਿਤ ਸ਼੍ਰੇਣੀਆਂ, ਮੁਸਲਮਾਨਾਂ ਅਤੇ ਗ਼ੈਰ-ਬਰਾਹਮਣਾਂ ਲਈ ਇਸ ਵਿਚ ਦਰਸਾਈ ਪ੍ਰਾਥਮਿਕਤਾ ਦੇ ਆਧਾਰ ਤੇ ਉਦੋਂ ਤੱਕ ਰਾਖਵੀਆਂ ਰੱਖੀਆਂ ਜਾਣਗੀਆਂ, ਜਦ ਤਕ ਕਿ ਉਨ੍ਹਾਂ ਦੀ ਗਿਣਤੀ ਸੇਵਾਵਾਂ ਵਿਚ ਇਕ ਵਿਸ਼ੇਸ਼ ਅਨੁਪਾਤ ਤੱਕ ਨਹੀਂ ਪਹੁੰਚ ਜਾਂਦੀ।

(2) ਕਿ ਇਨ੍ਹਾਂ ਹੀ ਜਾਤੀਆਂ ਨਾਲ ਸਬੰਧਤ ਵੱਧ ਤੋਂ ਵੱਧ ਅਧਿਕਾਰੀਆਂ ਨੂੰ ਮੁੱਖ ਦਫ਼ਤਰ ਵਿਚ ਲਗਾਉਣ ਦੇ ਕਦਮ ਉਠਾਏ ਜਾਣ।

(3) ਕਿ ਸਾਰੀਆਂ ਨਿਯੁਕਤੀਆਂ ਕਰਨ ਅਤੇ ਖਾਲੀ ਆਸਾਮੀਆਂ ਭਰਨ ਲਈ ਸਾਰੀਆਂ ਦਰਖ਼ਾਸਤਾਂ ਦਰਜ ਕਰਨ ਵਾਸਤੇ ਅਤੇ ਉਮੀਦਵਾਰਾਂ ਦਾ ਉਨ੍ਹਾਂ ਦਫ਼ਤਰਾਂ ਨਾਲ ਤਾਲਮੇਲ ਕਾਇਮ ਰੱਖਣ ਲਈ, ਜਿਥੇ ਖਾਲੀ ਆਸਾਮੀਆਂ ਮੌਜੂਦ ਹੋਣ ਜਾਂ ਸਮੇਂ ਸਮੇਂ ਖਾਲੀ ਹੁੰਦੀਆਂ ਹੋਣ, ਇਕ ਕੇਂਦਰੀ ਭਰਤੀ ਬੋਰਡ ਬਤੌਰ ਕੇਂਦਰੀ ਏਜੰਸੀ ਦੇ

ਬਣਾਉਣਾ ਚਾਹੀਦਾ ਹੈ। ਜੇਕਰ ਇਹ ਮਨੋਰਥ ਪੂਰਾ ਕਰਨਾ ਹੈ ਤਾਂ ਇਹ ਬਹੁਤ ਜ਼ਰੂਰੀ ਹੈ ਕਿ ਮਨੁੱਖ ਅਤੇ ਨੌਕਰੀ ਦਾ ਆਪਸ ਵਿਚ ਤਾਲਮੇਲ ਰਹੇ। ਅਜਿਹੇ ਬੋਰਡ ਦਾ ਨਾ ਹੋਣਾ ਹੀ ਇਕ ਕਾਰਨ ਹੈ ਕਿ ਬੰਬਈ ਸਰਕਾਰ ਦੇ ਇਸ ਸਬੰਧੀ ਯਤਨ ਸਫ਼ਲਤਾ ਪ੍ਰਾਪਤ ਨਹੀਂ ਕਰ ਸਕੇ ਜਿਸ ਦੀ ਉਨ੍ਹਾਂ ਤੋਂ ਉਮੀਦ ਸੀ।

ਭਾਗ 6

ਸਿਫਾਰਸ਼ਾਂ ਦਾ ਸਾਰ

ਭਾਗ 1

ਬੰਬਈ ਰਿਆਸਤ ਤੋਂ ਕਰਨਾਟਕ ਜਾਂ ਸਿੰਧ ਅਲੱਗ ਨਹੀਂ ਹੋਣਾ ਚਾਹੀਦਾ ।

ਭਾਗ 2

ਅਧਿਆਏ 1 : ਪ੍ਰਾਂਤਿਕ ਕਾਰਜਕਾਰਨੀ ਦੀ ਮੁਕੰਮਲ ਜ਼ਿੰਮੇਵਾਰੀ ਇਸ ਸ਼ਰਤ ਤੇ ਹੋਣੀ ਚਾਹੀਦੀ ਹੈ ਕਿ ਜੇਕਰ ਵਿਧਾਨ ਸਭਾ ਦੇ ਮੈਂਬਰ , ਇਸਨੂੰ ਰਾਖਵਾਂ ਵਿਸ਼ਾ ਬਣਾਉਣ ਲਈ ਮਤਾ ਪਾਸ ਕਰਨ ਤਾਂ ਉਨ੍ਹਾਂ ਦੇ ਮਤੇ ਤੇ ਅਮਲ ਕੀਤਾ ਜਾਵੇਗਾ ।

ਅਧਿਆਏ 2 : ਕਿਸੇ ਵੀ ਹਾਲਤ ਵਿਚ ਅਜਿਹਾ ਨਹੀਂ ਹੋਣਾ ਚਾਹੀਦਾ ਹੈ ਕਿ ਕਾਰਜਕਾਰਨੀ ਨੂੰ ਭੰਗ ਨਾ ਕੀਤਾ ਜਾ ਸਕੇ । ਕਾਰਜਕਾਰਣੀ ਵਿਚ ਫਿਰਕੂ ਪ੍ਰਤੀਨਿਧਤਾ ਨਹੀਂ ਹੋਵੇਗੀ। ਮੰਤਰੀ ਗੈਰ-ਕਾਨੂੰਨੀ ਕੰਮਾਂ ਲਈ ਕਾਨੂੰਨੀ ਅਦਾਲਤ ਵਿਚ ਉੱਤਰਦਾਈ ਹੋਣੇ ਚਾਹੀਦੇ ਹਨ । ਸੰਵਿਧਾਨ ਵਿਚ ਮੰਤਰੀਆਂ ਨੂੰ ਦੋਸ਼ੀ ਠਹਿਰਾਉਣ, ਹਟਾਉਣ ਦਾ ਉਪਬੰਧ ਹੋਣਾ ਚਾਹੀਦਾ ਹੈ । ਕਾਰਜਕਾਰਣੀ ਦੀ ਜ਼ਿੰਮੇਵਾਰੀ ਸਮੁੱਚੀ ਹੋਣੀ ਚਾਹੀਦੀ ਹੈ । ਕਾਰਜਕਾਰਣੀ ਦੀ ਪ੍ਰਧਾਨਗੀ ਪ੍ਰਧਾਨ ਮੰਤਰੀ ਦੁਆਰਾ ਹੋਣੀ ਚਾਹੀਦੀ ਹੈ , ਰਾਜਪਾਲ ਦੁਆਰਾ ਨਹੀਂ ।

ਅਧਿਆਏ 3 : ਰਾਜਪਾਲ ਦੀ ਪਦਵੀ ਸੰਵਿਧਾਨਕ ਮੁੱਖੀ ਵਜੋਂ ਹੋਣੀ ਚਾਹੀਦੀ ਹੈ। ਉਸ ਪਾਸੇ ਕੋਈ ਸੰਕਟਕਾਲੀ ਅਖਤਿਆਰ ਨਹੀਂ ਹੋਣਾ ਚਾਹੀਦਾ ।

ਭਾਗ 3

ਅਧਿਆਏ 1 : ਬਾਲਗ ਮਤ-ਅਧਿਕਾਰ ਹੋਣਾ ਚਾਹੀਦਾ ਹੈ ।

ਅਧਿਆਏ 2 : ਵਿਧਾਨ ਸਭਾ ਪੂਰਣ ਤੌਰ 'ਤੇ ਚੁਣੀ ਹੋਈ ਹੋਣੀ ਚਾਹੀਦੀ ਹੈ । ਯੋਰਪੀਅਨ ਦੇ ਸਿਵਾਏ ਸਾਰੇ ਜਮਾਤੀ ਅਤੇ ਫਿਰਕੂ ਚੋਣ ਖੇਤਰ ਖ਼ਤਮ ਕਰ ਦੇਣੇ ਚਾਹੀਦੇ ਹਨ । ਜੇਕਰ ਸੀਮਿਤ ਵੋਟ ਅਧਿਕਾਰ ਜਾਰੀ ਰੱਖਣਾ ਹੈ, ਤਦ ਕੇਵਲ ਮੁਸਲਮਾਨਾਂ, ਦਲਿਤ ਸ਼੍ਰੇਣੀਆਂ ਅਤੇ ਐਂਗਲੋ ਇੰਡੀਅਨਜ਼ ਅਤੇ ਗੈਰ-ਬ੍ਰਾਹਮਣਾਂ ਲਈ ਹੀ ਰਾਖਵੇਂ ਸਥਾਨਾਂ ਦਾ ਉਪਬੰਧ ਹੋਣਾ ਚਾਹੀਦਾ ਹੈ ।

ਅਧਿਆਏ 3 : ਵਿਧਾਨ ਸਭਾ ਵਿਚ 140 ਮੈਂਬਰ ਹੋਣੇ ਚਾਹੀਦੇ ਹਨ। ਇਨ੍ਹਾਂ ਵਿਚੋਂ 33 ਮੁਸਲਮਾਨ ਅਤੇ 15 ਦਲਿਤ ਸ਼੍ਰੇਣੀਆਂ ਨਾਲ ਸੰਬੰਧਤ ਹੋਣੇ ਚਾਹੀਦੇ ਹਨ । ਕੁਝ ਜ਼ਿਲਿਆਂ ਦੀ ਘੱਟ ਪ੍ਰਤੀਨਿਧਤਾ ਅਤੇ ਦੂਜੇ ਜ਼ਿਲ੍ਹਿਆਂ ਦੀ ਵੱਧ ਪ੍ਰਤੀਨਿਧਤਾ ਦੇ

ਹੈ । ਸੇਵਾ ਸੰਬੰਧੀ ਉਸਦੇ ਕੰਮ ਪ੍ਰਾਂਤਿਕ ਸਿਵਿਲ ਸੇਵਾ ਆਯੋਗ ਦੁਆਰਾ ਜਾਂ ਭਾਰਤ ਦੇ ਲੋਕ ਸੇਵਾ ਆਯੋਗ ਨਾਲ ਮਿਲ ਕੇ ਕੰਮ ਕਰਨ ਵਾਲੇ ਅਧਿਕਾਰੀ ਦੁਆਰਾ ਕੀਤੇ ਜਾਣੇ ਚਾਹੀਦੇ ਹਨ । ਸੇਵਾਵਾਂ ਦਾ ਭਾਰਤੀਕਰਣ ਬਹੁਤ ਜਲਦੀ ਹੋਣਾ ਚਾਹੀਦਾ ਹੈ । ਇਸਦੀ ਰਫਤਾਰ ਰਾਜ ਦੇ ਵਖ ਵਖ ਵਿਭਾਗਾਂ ਦੀ ਬਣਤਰ ਅਨੁਸਾਰ ਅਲੱਗ ਅਲੱਗ ਹੋਣੀ ਚਾਹੀਦੀ ਹੈ । ਭਾਰਤੀਕਰਣ ਦੇ ਨਾਲ ਨਾਲ ਤਨਖਾਹ ਅਤੇ ਭੱਤਿਆਂ ਦੇ ਵਖ ਵਖ ਵੇਤਨਮਾਨ ਵੀ ਬਣਨੇ ਚਾਹੀਦੇ ਹਨ । ਸੇਵਾਵਾਂ ਦਾ ਭਾਰਤੀਕਰਣ ਕਰਦੇ ਸਮੇਂ, ਪਛੜੀਆਂ ਜਾਤੀਆਂ ਦੇ ਦਾਅਵੇ ਦੀ ਪੂਰਤੀ ਕਰਨ ਦਾ ਵੀ ਪ੍ਰਬੰਧ ਹੋਣਾ ਚਾਹੀਦਾ ਹੈ ।

17 ਮਈ 1929 ਡਾ. ਬੀ. ਆਰ. ਅੰਬੇਡਕਰ

ਮਾਮਲੇ ਦਾ ਸੁਧਾਰ ਆਬਾਦੀ ਦੇ ਆਧਾਰ ਤੇ ਹੋਣਾ ਚਾਹੀਦਾ ਹੈ । ਵੱਖ ਵੱਖ ਸ੍ਰੇਣੀਆਂ ਅਤੇ ਗੁੱਟਾਂ ਵਿਚ ਸਥਾਨਾਂ ਦੇ ਸਮਾਧਾਨ ਲਈ ਇਕ ਕਮੇਟੀ ਹੋਣੀ ਚਾਹੀਦੀ ਹੈ । ਉਮੀਦਵਾਰ ਲਈ ਸਥਾਨਕ ਯੋਗਤਾ ਦੀ ਸ਼ਰਤ ਹਟਾ ਦੇਣੀ ਚਾਹੀਦੀ ਹੈ ।

ਅਧਿਆਏ 4 : ਲਖਨਊ ਸਮਝੌਤਾ ਪੱਕਾ ਬੰਦੋਬਸਤ ਨਹੀਂ ਹੈ ਅਤੇ ਇਸ ਵਿਚੋਂ ਨਵੇਂ ਸਿਰਿਓਂ ਉੱਠਣ ਵਾਲੇ ਪ੍ਰਸ਼ਨਾਂ ਨੂੰ ਉਹਨ੍ਹਾਂ ਦੇ ਗੁਣਾਂ ਅਨੁਸਾਰ ਚਰਚਿਤ ਹੋਣ ਤੋਂ ਰੋਕਿਆ ਨਹੀਂ ਜਾ ਸਕਦਾ ।

ਅਧਿਆਏ 5 : ਪ੍ਰਾਂਤ ਵਿਚ ਦੂਸਰਾ ਸਦਨ ਨਹੀਂ ਹੋਣਾ ਚਾਹੀਦਾ ।

ਅਧਿਆਏ 6 : ਵਿਧਾਨ ਸਭਾ ਪਾਸ ਰਾਸ਼ਟਰਪਤੀ ਨੂੰ ਨਿਯੁਕਤ ਕਰਨ ਅਤੇ ਹਟਾਉਣ, ਆਪਣੇ ਵਿਸ਼ੇਸ਼ ਅਧਿਕਾਰਾਂ ਦੀ ਵਿਆਖਿਆ ਕਰਨ ਅਤੇ ਆਪਣੀ ਵਿਧੀ ਨੂੰ ਨਿਯਮਤ ਕਰਨ ਦਾ ਅਖ਼ਤਿਆਰ ਹੋਣਾ ਚਾਹੀਦਾ ਹੈ । ਭਾਰਤ ਸਰਕਾਰ ਐਕਟ ਦੀ ਧਾਰਾ 70 ਸ ਅਤੇ 80 ਏ ਕਾਨੂੰਨ ਵਿਚੋਂ ਕੱਢ ਦੇਣੇ ਚਾਹੀਦੇ ਹਨ । ਵਿਧਾਨ ਸਭਾ ਪਾਸ " ਅਵਿਸ਼ਵਾਸ ਪ੍ਰਸਤਾਵ" ਪੇਸ਼ ਕਰਨ ਦਾ ਅਖ਼ਤਿਆਰ ਹੋਣਾ ਚਾਹੀਦਾ ਹੈ । ਵਿਧਾਨ ਸਭਾ ਨੂੰ ਸੰਵਿਧਾਨ ਬਦਲਣ ਦਾ ਅਖ਼ਤਿਆਰ ਕੁਝ ਸ਼ਰਤਾਂ ਅਧੀਨ ਹੋਣਾ ਚਾਹੀਦਾ ਹੈ ।

ਭਾਗ 4

ਅਧਿਆਏ 1: ਇਥੇ ਮੁਕੰਮਲ ਪ੍ਰਾਂਤਿਕ ਖੁਦਮੁਖਤਾਰੀ ਹੋਣੀ ਚਾਹੀਦੀ ਹੈ । ਕੇਂਦਰ ਅਤੇ ਪ੍ਰਾਂਤਾਂ ਵਿਚਕਾਰ ਕਰਤੱਵਾਂ ਦੀ ਵੰਡ ਅਤੇ ਮੁੜ ਵਿਚਾਰ ਇਸ ਆਧਾਰ ਤੇ ਕਰਨੀ ਚਾਹੀਦੀ ਹੈ ਕਿ ਕੇਂਦਰ ਸਰਕਾਰ ਦਾ ਨਿਯੰਤਰਣ (ਕੰਟਰੋਲ) , ਜੋ ਹੁਣ ਪੂਰਵ-ਪ੍ਰਵਾਨਗੀ ਅਤੇ ਬਾਅਦ ਵਿਚ ਮਨਜ਼ੂਰੀ ਨਾ ਦੇਣ ਦੀ ਪ੍ਰਣਾਲੀ ਰਾਹੀਂ ਚਲਦਾ ਹੈ, ਖਤਮ ਕੀਤਾ ਜਾਵੇ ।

ਅਧਿਆਏ 2 : ਪ੍ਰਾਂਤਿਕ ਸਰਕਾਰ ਨੂੰ ਦਿਤੇ ਗਏ ਕਰਤਵਾਂ ਦੁਆਰਾ ਨਿਯਤ ਹੱਦਾਂ ਦੇ ਅੰਦਰ-ਅੰਦਰ, ਉਸ ਸਰਕਾਰ ਅਤੇ ਗ੍ਰਹਿ ਸਰਕਾਰ ਦੇ ਦਰਮਿਆਨ ਸੰਬੰਧ ਸਿੱਧੇ ਹੋਣੇ ਚਾਹੀਦੇ ਹਨ , ਕੇਂਦਰੀ ਸਰਕਾਰ ਦੇ ਮਾਧਿਅਮ ਰਾਹੀਂ ਨਹੀਂ ਹੋਣੇ ਚਾਹੀਦੇ । ਭਾਰਤ ਸਰਕਾਰ ਐਕਟ ਦੀ ਧਾਰਾ 2 ਕੱਢ ਦੇਣੀ ਚਾਹੀਦੀ ਹੈ ਕਿਉਂਕਿ ਇਹ ਭਾਰਤ ਦਾ ਪ੍ਰਬੰਧ ਚਲਾਉਣ ਸੰਬੰਧੀ ਕਰਾਊਨ ਦੀ ਪਦਵੀ ਨੂੰ ਅਸਪੱਸ਼ਟ ਬਣਾਉਂਦੀ ਹੈ ।

ਭਾਗ 5

ਪ੍ਰਾਂਤਿਕ ਸਿਵਿਲ ਸੇਵਾ ਅਲੱਗ ਹੋਣੀ ਚਾਹੀਦੀ ਹੈ ਅਤੇ ਰਾਜ ਦੇ ਸਕੱਤਰ ਨੂੰ ਭਰਤੀਕਰਨ ਵਾਲੀ ਏਜੰਸੀ ਦੇ ਤੌਰ ਤੇ ਕੰਮ ਕਰਨਾ ਬਿਲਕੁਲ ਬੰਦ ਕਰ ਦੇਣਾ ਚਾਹੀਦਾ

ਜ਼ਮੀਮਾ

(ਪੰਨਾ 57 ਤੇ ਹੇਠਾਂ ਲਿਖਿਆ ਨੋਟ ਦੇਖੋ)

ਸਾਲ 1850-51 ਲਈ ਬੰਬਈ ਰਿਆਸਤ ਦੇ ਸਿਖਿਆ ਬੋਰਡ ਦੀ ਰਿਪੋਰਟ ਦਾ ਨਿਚੋੜ

ਨਿਰਦੇਸ਼ਕਾਂ ਦੀ ਅਦਾਲਤ ਦੇ ਵਿਚਾਰਾਂ ਤੇ ਆਧਾਰਿਤ ਬੋਰਡ ਦੁਆਰਾ ਅਪਣਾਈ ਗਈ ਪ੍ਰਣਾਲੀ

" ਪੈਰਾ 5, ਇਸ ਤਰ੍ਹਾਂ , ਇਸ ਰਿਆਸਤ ਦੇ ਸਿਖਿਆ ਬੋਰਡ ਵਲੋਂ ਮਾਨਯੋਗ ਅਦਾਲਤ ਦੇ ਹੁਕਮਾਂ ਵਿਚੋਂ ਮੁਖ ਵਿਚਾਰਾਂ ਦੇ ਮੁਤਾਬਿਕ ਸਿਖਿਆ ਦੀ ਸਕੀਮ ਬਣਾਈ ਗਈ ਸੀ ਅਤੇ ਭਾਰਤ ਵਿਚ ਸਿਖਿਆ ਦੀ ਪ੍ਰਗਤੀ ਤੇ ਧਿਆਨ-ਪੂਰਵਕ ਵਿਚਾਰ ਕਰ ਰਹੇ ਵਿਅਕਤੀਆਂ, ਜਿਵੇਂ ਕਿ ਆਕਲੈਂਡ ਦੇ ਆਰਕ, ਮੇਜਰ ਕੈਂਡੀ ਅਤੇ ਦੂਸਰਿਆਂ ਦੀ ਰਾਏ ਤੇ ਉਤਨੀ ਆਧਾਰਿਤ ਨਹੀਂ ਸੀ ਜਿਤਨੀ ਕਿ ਉਥੋਂ ਦੇ ਬਸ਼ਿੰਦਿਆਂ ਵਿਚੋਂ ਸਭ ਤੋਂ ਵੱਧ ਵਿਦਵਾਨਾਂ ਦੁਆਰਾ ਖੁੱਲ੍ਹੇ-ਆਮ ਐਲਾਨੀਆਂ ਗਈਆਂ ਮੰਗਾਂ ਉੱਤੇ । ਅਸੀਂ ਫਿਰ ਦੁਹਰਾਉਂਦੇ ਹਾਂ ਕਿ ਬੋਰਡ ਨੂੰ, ਪ੍ਰੀਸ਼ਦ ਵਿਚ ਜਨਾਬ ਤੋਂ ਪਹਿਲੇ ਜੱਜ ਦੁਆਰਾ ਸੂਚਿਤ ਕਰ ਦਿੱਤਾ ਗਿਆ ਸੀ ਕਿ ਇਹ ਪ੍ਰਣਾਲੀ ਜ਼ਰੂਰ ਬਦਲ ਦਿਤੀ ਜਾਵੇ । "

ਉੱਚ ਸ਼੍ਰੇਣੀਆਂ ਨੂੰ ਸਿੱਖਿਆ ਦੇਣ ਦੀ ਉਪਯੋਗਤਾ ਬਾਰੇ ਅਦਾਲਤ ਦੇ ਵਿਚਾਰ

" ਪੈਰਾ 8. ਜੇਕਰ ਸਾਨੂੰ ਇਹ ਕਹਿਣ ਦੀ ਆਗਿਆ ਹੋਵੇ , ਸਾਨੂੰ ਜਾਪਦਾ ਹੈ ਕਿ ਮਾਨਯੋਗ ਅਦਾਲਤ ਦੇ ਵਿਚਾਰ ਉਪਰੋਕਤ ਵਰਣਿਤ ਵਿਚਾਰਾਂ ਦੇ ਬਰਾਬਰ ਦੀ ਵਿਦਵਤਾ ਰੱਖਦੇ ਹਨ ਕਿ ਸਰਕਾਰੀ ਸਿਖਿਆ ਨੂੰ ਕੀ ਦਿਸ਼ਾ ਦੇਣੀ ਚਾਹੀਦੀ ਹੈ, ਵਿਸ਼ੇਸ਼ ਕਰਕੇ ਖਰਚੇ ਦੀ ਇਸ ਸ਼ਾਖਾ ਵਿਚ ਉਪਲਬਧ ਬਹੁਤ ਹੀ ਸੀਮਿਤ ਸਾਧਨਾਂ ਨਾਲ । ਮਾਨਯੋਗ ਅਦਾਲਤ ਵਲੋਂ ਮਦਰਾਸ ਨੂੰ 1830 ਵਿਚ ਇਉਂ ਲਿਖਿਆ ਗਿਆ ਸੀ, ' ਫਿਰ ਵੀ, ਸਿਖਿਆ ਵਿਚ ਸੁਧਾਰ ਜਿਹੜੇ ਕਿ ਲੋਕਾਂ ਦਾ ਇਖਲਾਕ ਅਤੇ ਬੌਧਿਕ ਪੱਧਰ ਉੱਚਾ ਚੁੱਕਣ ਵਿਚ ਪ੍ਰਭਾਵਸ਼ਾਲੀ ਯੋਗਦਾਨ ਪਾਉਂਦੇ ਹਨ, ਉਹ ਸੁਧਾਰ ਹੁੰਦੇ ਹਨ ਜਿਹੜੇ ਉੱਚ ਸ਼੍ਰੇਣੀਆਂ ਨਾਲ ਸੰਬੰਧਤ ਹੁੰਦੇ ਹਨ ਜਾਂ ਅਜਿਹੇ ਲੋਕਾਂ ਨਾਲ ਜਿਨ੍ਹਾਂ ਕੋਲ ਵਿਹਲ ਅਤੇ ਆਪਣੇ ਦੇਸ਼ ਦੇ ਲੋਕਾਂ ਦੇ ਮਨਾਂ ਤੇ ਸੁਭਾਵਕ ਤੌਰ ਤੇ ਪ੍ਰਭਾਵ ਪਾਉਣ ਦੀ ਸ਼ਕਤੀ ਹੁੰਦੀ ਹੈ । ਇਨ੍ਹਾਂ ਸ਼੍ਰੇਣੀਆਂ ਦਾ ਸਿਖਿਆ ਪੱਧਰ ਉੱਚਾ ਚੁੱਕਣ ਦੇ ਫਲਸਰੂਪ ਤੁਸੀਂ ਬਰਾਦਰੀ ਦੇ ਵਿਚਾਰਾਂ ਅਤੇ ਭਾਵਨਾਵਾਂ ਵਿਚ ਉਸ ਨਾਲੋਂ ਬਹੁਤ ਵੱਡਾ ਅਤੇ ਅਧਿਕ ਲਾਹੇਵੰਦ ਬਦਲਾਓ ਪੈਦਾ ਕਰੋਗੇ ਜਿੰਨਾ ਤੁਸੀਂ ਬਹੁ-ਗਿਣਤੀ ਜਮਾਤ ਤੇ ਸਿੱਧੀ ਕਾਰਵਾਈ ਕਰਨ ਨਾਲ ਬਦਲਾਓ ਪੈਦਾ ਕਰਨ ਦੀ ਆਸ ਰੱਖ ਸਕਦੇ ਹੋ । ਇਸਤੋਂ ਵੀ ਵੱਧ ਤੁਸੀਂ ਸਾਡੀ ਪ੍ਰਬਲ ਇੱਛਾ ਤੋਂ ਜਾਣੂ ਹੋ ਕਿ ਸਾਡੀ ਭਾਰਤ ਸਰਕਾਰ ਅਧੀਨ

ਪ੍ਰਚਲਤ ਪ੍ਰਥਾ ਨਾਲੋਂ ਵਧ ਆਪਣੇ ਦੇਸ਼ ਦੇ ਨਾਗਰਿਕ ਪ੍ਰਸ਼ਾਸ਼ਨ ਵਿਚ ਹਿੱਸਾ ਪ੍ਰਾਪਤ ਕਰਨ ਲਈ ਅਤੇ ਉੱਚੀਆਂ ਪਦਵੀਆਂ ਪ੍ਰਾਪਤ ਕਰਨ ਲਈ, ਆਪਣੀਆਂ ਆਦਤਾਂ ਅਤੇ ਹੁਨਰ ਦੁਆਰਾ ਯੋਗਤਾ ਪ੍ਰਾਪਤ ਮੂਲ ਬਸ਼ਿੰਦਿਆਂ ਦੀ ਸੰਸਥਾ ਹੋਵੇ, ਜਿਸਦਾ ਪ੍ਰਬੰਧ ਸਾਡੇ ਹੱਥਾਂ ਵਿਚ ਹੋਵੇ। ਐਪਰ , ਅਸੀਂ ਅਨੇਕ ਪਾਸਿਓਂ ਸੁਣਦੇ ਹਾਂ, ਬਲਕਿ ਉਨ੍ਹਾਂ ਤੋਂ ਵੀ ਜਿਨ੍ਹਾਂ ਨੂੰ ਭਾਰਤ ਵਿਚ ਆਮ ਲੋਕਾਂ ਨੂੰ ਸਿੱਖਿਆ ਦੇਣ, ਸੈਂਕੜੇ ਜਾਂ 14 ਕਰੋੜ ਲੋਕਾਂ ਵਿਚ ਯੋਰਪ ਦੀਆਂ ਕਲਾਵਾਂ ਅਤੇ ਵਿਗਿਆਨ ਦਾ ਵਿਸਤਾਰ ਕਰਨ ਦੀ ਜ਼ਰੂਰਤ ਅਤੇ ਸਹੂਲਤ ਬਾਰੇ ਜ਼ਿਆਦਾ ਚੰਗਾ ਪਤਾ ਹੋਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਦੇ ਹੋਰ ਆਮ ਲੋਕਾਂ ਤੋਂ ਜਿਹੜੇ, ਇਸ ਵਿਸ਼ੇ ਤੇ ਧੁੰਦਲੇ ਵਿਚਾਰ ਪ੍ਰਗਟ ਕਰਦੇ ਹਨ, ਕਿ ਕੋਈ ਤਮਾਸ਼ਬੀਨ ਇਹ ਜ਼ਰੂਰ ਸੋਚੇਗਾ ਕਿ ਇੰਗਲੈਂਡ ਦੀ ਇਕ ਸੰਸਥਾ ਨੂੰ ਦਿਤੀ ਗਈ ਕੁੱਲ ਰਕਮ ਤੋਂ ਘੱਟ ਥੋੜ੍ਹਾ ਜਿਹਾ ਭੱਤਾ ਦੇਣ ਦੀ ਬਜਾਇ ਰਾਜ ਦੇ ਸਾਰੇ ਸਾਧਨ ਸਿਖਿਆ ਬੋਰਡ ਦੇ ਹੱਥਾਂ ਵਿਚ ਹਨ।"

ਸਿੱਟਾ - ਆਮ ਲੋਕਾਂ ਦੀ ਸਿਖਿਆ ਲਈ ਕੋਈ ਸਾਧਨ ਉਪਲੱਬਧ ਨਹੀਂ ਹੈ

"ਪੈਰਾ 14, ਇਨ੍ਹਾਂ ਤੱਥਾਂ ਤੋਂ ਬਹੁਤ ਹੀ ਸਪੱਸ਼ਟ ਪਰਿਣਾਮ ਨਿਕਲਦਾ ਹੈ ਕਿ ਜੇਕਰ 175 ਸਥਾਨਕ -ਭਾਸ਼ੀ ਸਕੂਲਾਂ ਨੂੰ ਸਹੀ ਸਥਿਤੀ ਵਿਚ ਲਿਆਉਣ ਲਈ ਅਤੇ 10,730 ਲੜਕਿਆਂ ਨੂੰ ਚੰਗੀ ਮੁੱਢਲੀ ਸਿਖਿਆ ਦੇਣ ਲਈ ਲੋੜੀਂਦੇ ਫੰਡ ਉਪਲਬਧ ਨਹੀਂ ਹਨ , ਤਦ ਬੰਬਈ ਰਿਆਸਤ ਵਿਚ, ਦੇਸ਼ ਦੇ ਹਰ ਵਿਅਕਤੀ ਨੂੰ ਅਰਥਾਤ 14 ਕਰੋੜ ਲੋਕਾਂ ਨੂੰ, 9 ਲੱਖ ਬੱਚਿਆਂ ਨੂੰ ਸਿਖਿਆ ਦੇਣ ਦਾ ਪ੍ਰਸ਼ਨ ਹੀ ਨਹੀਂ ਰਹਿੰਦਾ ।ਉਦੇਸ਼ ਕੇਵਲ ਅਜਿਹਾ ਨਹੀਂ ਕਿ ਸਰਕਾਰ ਦੁਆਰਾ ਪ੍ਰਾਪਤ ਨਾ ਕੀਤਾ ਜਾ ਸਕੇ ਜਾਂ ਉਸਦੇ ਨੇੜੇ ਪਹੁੰਚਿਆ ਨਾ ਜਾ ਸਕੇ ਅਤੇ ਸਿਖਿਆ ਬੋਰਡ ਨੂੰ, ਬੇਖਬਰ ਪਰਉਪਕਾਰ ਦੇ ਕਲਪਿਤ ਵਿਚਾਰਾਂ ਦੁਆਰਾ ਆਪਣੇ ਆਪ ਨੂੰ ਕਾਰਵਾਈ ਦੇ ਬਹੁਤ ਹੀ ਸੀਮਿਤ ਅਮਲੀ ਖੇਤਰ ਵਿਚ ਬਾਹਰ ਨਿਕਲਣ ਦੀ ਪ੍ਰਵਾਨਗੀ ਨਹੀਂ ਦੇਣੀ ਚਾਹੀਦੀ ।"

ਸੀਮਿਤ ਸਾਧਨਾਂ ਨਾਲ ਕੰਮ ਕਰਨ ਦੇ ਸਭ ਤੋਂ ਵਧੀਆ ਢੰਗ ਬਾਰੇ ਨਿਰਦੇਸ਼ਕਾਂ ਦੀ ਅਦਾਲਤ ਦੇ ਵਿਚਾਰ

" ਪੈਰਾ 15, ਜਾਪਦਾ ਹੈ ਮਾਨਯੋਗ ਅਦਾਲਤ, ਪਿਛਲੇ ਪੈਰੇ ਵਿਚ ਲਏ ਗਏ ਨਿਰਣੈ ਨੂੰ ਵਿਸ਼ੇਸ਼ ਤੌਰ ਤੇ ਹਮੇਸ਼ਾਂ ਮੱਦੇ ਨਜ਼ਰ ਰੱਖਦੀ ਹੈ ।ਇਹ ਮਹਿਸੂਸ ਕਰਦੇ ਹੋਏ ਕਿ ਲੋਕਾਂ ਦੀ ਸਥਿਤੀ ਸੁਧਾਰਨ ਲਈ ਉਨ੍ਹਾਂ ਦੇ ਵਿਦਿਅਕ ਯਤਨ ਕੇਵਲ ਬਹੁਤ ਹੀ ਛੋਟੇ ਪੈਮਾਨੇ ਤੇ ਲਾਗੂ ਕੀਤੇ ਜਾ ਸਕਦੇ ਹਨ, ਉਨ੍ਹਾਂ ਨੇ ਇਹ ਜ਼ਰੂਰੀ ਸਮਝਿਆ ਹੈ ਕਿ ਉਹ ਆਪਣੀਆਂ ਅਲੱਗ ਅਲੱਗ ਸਰਕਾਰਾਂ ਨੂੰ ਸੀਮਿਤ ਸਾਧਨਾਂ ਰਾਹੀਂ ਵੱਧ ਤੋਂ ਵੱਧ ਫਲ ਪ੍ਰਾਪਤ ਕਰਨ ਦਾ ਸਹੀ ਢੰਗ ਦੱਸ ਹੀ ਦੇਣ । ਅਸੀਂ ਪਹਿਲਾਂ ਹੀ ਇਸ ਮੱਦ (ਪੈਰਾ 7) ਤੇ ਮਦਰਾਸ ਸਰਕਾਰ ਨੂੰ ਉਨ੍ਹਾਂ ਦੇ ਆਦੇਸ਼ ਦੱਸ ਚੁੱਕੇ ਹਾਂ ਅਤੇ ਉਨ੍ਹਾਂ ਨੂੰ ਉਸੇ

ਦਿਨ ਹੀ ਸਰਕਾਰ ਨੂੰ ਭੇਜਣ ਨਾਲ ਬਿਲਕੁਲ ਉਸੇ ਤਰ੍ਹਾਂ ਦੇ ਜਜ਼ਬਾਤ ਲਾਗੂ ਹੁੰਦੇ ਹਨ, ਇਹ ਸਾਡੀ ਪ੍ਰਬਲ ਇੱਛਾ ਹੈ ਕਿ ਭਾਰਤ ਦੇ ਬਸ਼ਿੰਦਿਆਂ ਦੇ ਉਚ ਵਰਗ ਨੂੰ, ਯੋਰਪ ਦੇ ਵਿਗਿਆਨ ਅਤੇ ਸਭਿਆ ਯੋਰਪ ਦੇ ਸਾਹਿਤ ਤੱਕ ਪਹੁੰਚ ਬਾਰੇ ਸਿਖਿਆ ਦੇ ਸਾਧਨ ਪ੍ਰਾਪਤ ਕਰਾਏ ਜਾਣ । ਜਿਹੋ ਜਿਹਾ ਆਚਰਣ ਉਨ੍ਹਾਂ ਲੋਕਾਂ ਦਾ ਬਣਾਇਆ ਜਾਂਦਾ ਹੈ, ਜਿਨ੍ਹਾਂ ਪਾਸ ਵਿਹਲਾ ਸਮਾਂ ਹੈ ਤਾਂ ਉਸਦਾ ਸੁਭਾਵਕ ਪ੍ਰਭਾਵ ਹੀ ਸਾਰਿਆ ਲੋਕਾਂ ਦਾ ਸੁਭਾਅ ਨਿਰਧਾਰਤ ਕਰਦਾ ਹੈ ।"

ਭਾਰਤ ਦੇ ਉੱਚ ਵਰਗਾਂ ਦੀ ਪੜਤਾਲ

"ਪੈਰਾ 16, ਉਸ ਸਮੇਂ ਵਿਚ ਸਿੱਧ ਕੀਤਾ ਗਿਆ ਸੀ ਕਿ ਭਾਰਤ ਵਿਚ ਸ਼ਰਕਾਰੀ ਸਿਖਿਆ ਦੇ ਪ੍ਰਭਾਵ ਅਧੀਨ ਆਬਾਦੀ ਦਾ ਕੇਵਲ ਥੋੜ੍ਹਾ ਜਿਹਾ ਹਿੱਸਾ ਹੀ ਲਿਆਂਦਾ ਜਾ ਸਕਦਾ ਹੈ, ਅਤੇ ਮਾਨਯੋਗ ਅਦਾਲਤ ਵਲੋਂ ਅਸਲ ਵਿਚ ਇਹ ਨਿਰਣਾ ਲਿਆ ਗਿਆ ਸੀ ਕਿ ਇਹ ਥੋੜ੍ਹਾ ਜਿਹਾ ਹਿੱਸਾ 'ਉੱਚ ਵਰਗ' ਹੀ ਹੋਣਾ ਚਾਹੀਦਾ ਹੈ । ਇਸ ਕਾਰਨ ਹੁਣ ਇਹ ਪਤਾ ਲਗਾਉਣਾ ਬਹੁਤ ਜ਼ਰੂਰੀ ਹੈ ਕਿ ਇਨ੍ਹਾਂ ਬਾਕੀਆਂ ਵਿਚ ਕੌਣ ਕੌਣ ਹੋਣਗੇ । ਯੋਰਪੀ ਪੜਤਾਲਕਾਰ ਲਈ ਇਥੇ ਇਹ ਅਤਿ ਜ਼ਰੂਰੀ ਹੈ ਕਿ ਆਪਣਾ ਮਨ ਯੋਰਪੀ ਸਿਧਾਂਤਾਂ ਤੋਂ ਪਰ੍ਹੇ ਹਟਾਵੇ, ਜਿਹੜੇ ਅਕਸਰ ਨਾ ਚਾਹੁੰਦੇ ਹੋਏ ਲਗਭਗ ਆਪਣੇ ਆਪ ਨੂੰ ਐਂਗਲੋ ਇੰਡੀਅਨ ਅੰਦਾਜ਼ਿਆਂ ਵਿਚ ਫਸਾ ਲੈਂਦੇ ਹਨ । ਯੋਰਪ, ਵਿਸ਼ੇਸ਼ ਕਰਕੇ, ਇੰਗਲੈਂਡ ਵਿਚ ਉਹ ਰੇਖਾ ਖਿੱਚੀ ਜਾ ਚੁੱਕੀ ਹੈ ਜੋ ਉੱਚ ਵਰਗ ਅਤੇ ਹੇਠਲੇ ਵਰਗਾਂ ਵਿਚ ਉਨ੍ਹਾਂ ਦੀਆਂ ਆਦਤਾਂ, ਧਨ, ਸਿਆਸਤ ਅਤੇ ਸਮਾਜਿਕ ਪ੍ਰਭਾਵ ਵਖਰਿਆਉਂਦੀ ਹੋਈ ਦਿਖਾਈ ਦੇਂਦੀ ਹੈ । ਭਾਰਤ ਵਿਚ ਅਜਿਹੀ ਲਕੀਰ (ਹਾਲੇ) ਨਹੀਂ ਲੱਗਦੀ, ਜਿਥੇ, ਜਿਵੇਂ ਕਿ ਸਾਰੀਆਂ ਸੁਤੰਤਰ ਹਕੂਮਤਾਂ ਅਧੀਨ ਹੈ, ਲੋਕਾਂ ਨੂੰ ਜ਼ਿੰਦਗੀ ਦੀ ਸਭ ਤੋਂ ਸੁਨਿਮਰ ਸਥਿਤੀ ਤੋਂ ਸਭ ਤੋਂ ਉੱਚੀ ਜਗ੍ਹਾ ਲਿਜਾਣ ਲਈ ਜੇ ਕੁਝ ਚਾਹੀਦਾ ਹੈ ਤਾਂ ਕੇਵਲ ਬਾਦਸ਼ਾਹ ਦੀ ਮਰਜ਼ੀ ਦੀ ਲੋੜ ਹੈ । ਤੇ ਜਿਥੇ, ਸਿੱਟੇ ਵਜੋਂ, ਹਮੇਸ਼ਾ ਆਦਤਾਂ ਵਿਚ ਮਹਾਨ ਇਕਸਾਰਤਾ ਪ੍ਰਚੱਲਤ ਹੋਵੇ । ਅੰਗਰੇਜ਼ੀ ਸਿਧਾਂਤਾਂ ਮੁਤਾਬਿਕ ਇਕ ਭਿਖਾਰੀ ਕੇਵਲ ਧੰਨ ਇਕੱਠਾ ਕਰਨ ਜਾਂ ਕੰਮ ਦੀ ਜਗ੍ਹਾ ਤੇ ਮਜ਼ਬੂਰਨ ਮਿਹਨਤ ਕਰਨ ਦੇ ਯੋਗ ਹੁੰਦਾ ਹੈ । ਭਾਰਤ ਵਿਚ ਉਹੀ ਇਕ ਮਾਨਯੋਗ ਵਿਅਕਤੀ ਹੈ ਅਤੇ ਬ੍ਰਾਹਮਣੀ ਸਿਧਾਂਤ ਮੁਤਾਬਿਕ ਪੂਰਨ ਆਦਰ ਤੇ ਸਤਿਕਾਰ ਯੋਗ ਹੈ, ਜੋ ਉਸਨੂੰ ਇਕ ਅਜਿਹਾ ਵਿਅਕਤੀ ਮੰਨਦੀ ਹੈ, ਜੋ ਗਿਆਨ ਪ੍ਰਾਪਤੀ ਲਈ ਅਤੇ ਪ੍ਰਮਾਤਮਾ ਦੀ ਨਿਰ-ਵਿਘਨ ਸਾਧਨਾ ਲਈ, ਜ਼ਿੰਦਗੀ ਦੀਆਂ ਸਾਰੀਆਂ ਖੁਸ਼ੀਆਂ ਅਤੇ ਲਾਲਸਾ ਤਿਆਗ ਚੁੱਕਿਆ ਹੈ ।"

ਭਾਰਤ ਵਿਚ ਉੱਚ ਵਰਗ

"ਪੈਰਾ 17, ਭਾਰਤ ਵਿਚੋਂ ਜਿਹੜੇ ਵਰਗਾਂ ਨੂੰ ਪ੍ਰਭਾਵੀ ਅਤੇ ਹੁਣ ਤੱਕ ਉੱਚ ਵਰਗਾਂ ਵਿਚ ਮੰਨਿਆ ਜਾਂਦਾ ਹੈ, ਉਨ੍ਹਾਂ ਦਾ ਵਰਗੀਕਰਣ ਨਿਮਨ ਅਨੁਸਾਰ ਕੀਤਾ

ਜਾ ਸਕਦਾ ਹੈ :-

ਪਹਿਲਾ- ਜ਼ਿੰਮੀਦਾਰ ਅਤੇ ਜਾਗੀਰਦਾਰ, ਸਾਬਕਾ ਫੌਜੀ, ਜਾਗੀਰਦਾਰਾਂ ਦੇ ਪ੍ਰਤੀਨਿਧ ਅਤੇ ਦੇਸ਼ ਦੀ ਤਾਕਤ ਅਧੀਨ ਪ੍ਰਾਪਤ ਵਿਅਕਤੀ ਅਤੇ ਉਹ ਜਿੰਨ੍ਹਾਂ ਨੂੰ ਸੈਨਿਕ ਵਰਗ ਕਿਹਾ ਜਾਂਦਾ ਹੈ ।

ਦੂਜਾ- ਉਹ ਜਿਨ੍ਹਾਂ ਨੇ ਵਪਾਰ ਜਾਂ ਕਿਸੇ ਧੰਦੇ ਵਿਚ ਧੰਨ ਕਮਾਇਆ ਹੋਵੇ ਜਾਂ ਵਪਾਰੀ ਜਮਾਤ।

ਤੀਜਾ- ਸਰਕਾਰ ਦੇ ਉੱਚ ਅਧਿਕਾਰੀ।

ਚੌਥਾ - ਬ੍ਰਾਹਮਣ, ਜਿਨ੍ਹਾਂ ਦੇ ਨਾਲ ਕਦੇ ਕਦੇ ਲੇਖਕਾਂ ਦੀਆਂ ਉੱਚੀਆਂ ਜਾਤੀਆਂ ਨੂੰ ਜੋੜਿਆ ਜਾ ਸਕਦਾ ਹੈ, ਜਿਹੜੇ ਕਲਮ ਦੇ ਸਹਾਰੇ ਜਿਉਂਦੇ ਹਨ ਜਿਵੇਂ ਕਿ ਬੰਬਈ ਵਿਚ ਪ੍ਰਭੂ ਅਤੇ ਸ਼ੰਨਵੀ , ਬੰਗਾਲ ਵਿਚ ਕਾਇਸਥ ਬਸ਼ਰਤੇ ਕਿ ਉਨ੍ਹਾਂ ਨੇ ਗਿਆਨ ਜਾਂ ਅਹੁਦੇ ਵਿਚ ਉਚ ਜਗ੍ਹਾ ਬਣਾਈ ਹੋਵੇ।" ।

ਬਰਾਹਮਣ ਸਭ ਤੋਂ ਵੱਧ ਪ੍ਰਭਾਵਸ਼ਾਲੀ

" ਪੈਰਾ 18, ਇਨ੍ਹਾਂ ਚਾਰ ਵਰਗਾਂ ਵਿਚੋਂ ਲਾਸਾਨੀ ਤੌਰ ਤੇ ਸਭ ਤੋਂ ਵੱਧ ਪ੍ਰਭਾਵਸ਼ਾਲੀ , ਸਭ ਤੋਂ ਵੱਧ ਗਿਣਤੀ ਵਿਚ ਅਤੇ ਸਰਕਾਰ ਦੁਆਰਾ ਸਭ ਤੋਂ ਵੱਧ ਆਸਾਨੀ ਨਾਲ ਗਿਣਿਆ ਜਾਣ ਵਾਲ ਵਰਗ ਹੈ ,ਆਖਰੀ ਵਰਗ।ਸਾਰੇ ਭਾਰਤ ਵਿਚ ਇਹ ਤੱਥ ਮੰਨਿਆ ਜਾਂਦਾ ਹੈ ਕਿ ਪੁਰਾਣੇ ਜਗੀਰਦਾਰ ਜਾਂ ਸੈਨਿਕ ਵਰਗਾਂ ਦੀ ਹਾਲਤ ਇਸ ਨਿਜ਼ਾਮ ਵਿਚ ਵਿਗੜਦੀ ਜਾ ਰਹੀ ਹੈ ।ਉਨ੍ਹਾਂ ਦਾ ਪੁਰਾਣਾ ਕਿੱਤਾ ਖਤਮ ਹੋ ਗਿਆ ਹੈ , ਅਤੇ ਉਨਾਂ ਲਈ ਨਵਾਂ ਕਿੱਤਾ ਅਪਣਾਉਣ ਲਈ ਜਾਂ ਅਮਲ ਦੀ ਕਲਾ ਵਿਚ ਸੁਧਾਰ ਕਰਨ ਲਈ ਕੋਈ ਇੰਤਜ਼ਾਮ ਨਹੀਂ ਕੀਤਾ ਗਿਆ ਜਾਂ ਕੋਈ ਹੋਰ ਹੈਸੀਅਤ ਨਹੀਂ ਦਿੱਤੀ ਗਈ ।

ਰਿਆਸਤ ਵਿਚ ਸ਼੍ਰੀ ਐਲਫਿਨਸਟੋਨ ਅਤੇ ਉਨ੍ਹਾਂ ਦੇ ਵਾਰਸਾਂ ਦੀਆਂ ਜ਼ਿੰਮੀਦਾਰ ਅਮੀਰਾਂ ਦੀ ਸਹਾਇਤਾ ਕਰਨ ਦੀਆਂ ਕੋਸ਼ਿਸਾਂ ਬੁਰੀ ਤਰ੍ਹਾਂ ਨਾਕਾਮ ਹੋਈਆਂ ਹਨ, ਰਾਜਨੀਤਿਕ ਮਾਣ ਅਤੇ ਉਹ ਨਸਲ, ਜਿਸ ਵਿਚ ਕਿਸੇ ਕਿਸਮ ਦੀ ਜਾਗ੍ਰਿਤੀ ਆਉਂਦੀ ਨਹੀਂ ਜਾਪਦੀ, ਬਲਕਿ ਵਿਅਰਥ ਦੇ ਅਡੰਬਰ ਅਤੇ ਫਜ਼ੂਲ-ਖਰਚੀ ਅਤੇ ਆਪਣੇ ਪੁਰਖਿਆਂ ਦੇ ਹਿੰਦੁਸਤਾਨ ਦੇ ਮੈਦਾਨਾਂ ਤੇ ਹਮਲਿਆਂ ਦੀਆਂ ਯਾਦਾਂ , ਰਾਹੀਂ ਪ੍ਰਸਿੱਧੀ ਦਾ ਰਾਹ ਖੋਲ੍ਹਣ ਦੀਆਂ ਸਾਰੀਆਂ ਕੋਸ਼ਿਸ਼ਾਂ ਜਿਵੇਂ ਕਿ ਰਾਜਨੀਤਿਕ ਮਾਣ ਅਤੇ ਚੰਗੀ ਸਿਖਿਆ,ਵਿਅਰਥ ਸਿੱਧ ਹੋਈਆਂ ਹਨ ਅਤੇ ਨਾ ਹੀ ਵਪਾਰਕ ਜਮਾਤਾਂ ਵਿਚ, ਕੁਝ ਇਕ ਨੂੰ ਛੱਡ ਕੇ , ਉੱਚੀ ਵਿਦਿਆ ਦੇ ਪ੍ਰਭਾਵ ਦੀ ਕੋਈ ਬਹੁਤੀ ਉਮੀਦ ਹੈ ।ਜਿਵੇਂ ਕਿ ਸਾਰੇ ਮੁਲਕਾਂ ਵਿਚ, ਪ੍ਰੰਤੂ ਯੂਰਪ ਦੇ ਬਹੁਤ ਸਭਿਆ ਮੁਲਕਾਂ ਨਾਲੋਂ ਵੱਧ ਭਾਰਤ ਵਿਚ, ਨੌਜਵਾਨ ਸੌਦਾਗਰਾਂ ਜਾਂ ਵਪਾਰੀਆਂ ਨੂੰ ਮੰਡੀ ਜਾਂ ਕੰਮ ਕਰਦੇ

ਦਫਤਰ ਵਿਚ ਆਪਣੇ ਕਿੱਤੇ ਲਈ ਲੋੜੀਂਦੀ ਵਿਸ਼ੇਸ਼ ਵਿਦਿਆ ਪ੍ਰਾਪਤ ਕਰਨ ਲਈ ਜਲਦੀ ਤੋਂ ਜਲਦੀ ਸਕੂਲ ਛੱਡਣਾ ਪੈਂਦਾ ਹੈ ।ਅੰਤ ਵਿਚ ਪ੍ਰਾਂਤਾਂ ਦੇ ਕਰਮਚਾਰੀ, ਜਿਨ੍ਹਾਂ ਦਾ ਭਾਵੇਂ ਸਰਕਾਰ ਦੇ ਸੰਪਰਕ ਵਿਚ ਆਉਣ ਵਾਲੇ ਬਹੁ-ਗਿਣਤੀ ਲੋਕਾਂ ਤੇ ਕਾਫੀ ਪ੍ਰਭਾਵ ਹੁੰਦਾ ਹੈ, ਪਰ ਉਨ੍ਹਾਂ ਲੋਕਾਂ ਤੋਂ ਨਹੀਂ, ਜਿਹੜੇ ਸਰਕਾਰ ਦੇ ਸੰਪਰਕ ਵਿਚ ਨਹੀਂ ਆਏ ਅਤੇ ਜਿਨ੍ਹਾਂ ਦੀ ਗਿਣਤੀ ਪਹਿਲਿਆਂ ਨਾਲੋਂ ਕਿਤੇ ਵੱਧ ਹੈ , ਸਗੋਂ ਇਹ ਕਰਮਚਾਰੀ ਲੋਕਾਂ ਵਿਚ ਉਸ ਤਰ੍ਹਾਂ ਦੀ ਬੇਵਿਸਾਹੀ ਦਾ ਭਾਵ ਪੈਦਾ ਕਰਦੇ ਹਨ ਜਿਹੋ ਜਿਹਾ ਇੰਗਲੈਂਡ ਦੇ ਲੋਕਾਂ ਵਿਚ ਉਥੋਂ ਦੇ ਸਰਕਾਰੀ ਕਰਮਚਾਰੀ ਕਰਦੇ ਹਨ, ਜਿਨ੍ਹਾਂ ਨੂੰ ਆਮ ਲੋਕ ਸਰਕਾਰੀ ਪਿੱਠੂ ਮੰਨਦੇ ਹਨ।"

ਬ੍ਰਾਹਮਣਾਂ ਦੀ ਗਰੀਬੀ

" ਪੈਰਾ 19, ਉਪਰ ਲਿਖਤ ਵਿਸ਼ਲੇਸ਼ਣ ਚਾਹੇ ਕੁਝ ਲੰਬਾ ਲਗੇ,ਪਰ ਇਹ ਉਨ੍ਹਾਂ ਕੁਝ ਮਹੱਤਵਪੂਰਣ ਸਿੱਟਿਆਂ ਲਈ,ਜੋ ਇਸ ਵਿਚੋਂ ਨਿਕਲ ਸਕਦੇ ਹਨ, ਬੇਹੱਦ ਜ਼ਰੂਰੀ ਹੈ ।ਪਹਿਲੀ, ਇਹ ਕਿ ਇਸ਼ਤੋਂ ਪਤਾ ਲਗਦਾ ਹੈ ਕਿ ਉਹ ਪ੍ਰਭਾਵਸ਼ਾਲੀ ਵਰਗ ਜਿਸ ਵਿਚ ਸਰਕਾਰ ਸਿਖਿਆ ਦੇ ਬੀਜ ਬੀਜਣਾ ਚਾਹੁੰਦੀ ਹੈ , ਉਹ ਬ੍ਰਾਹਮਣ ਅਤੇ ਉਨ੍ਹਾਂ ਦੇ ਬਰਾਬਰ ਦੀਆਂ ਕੁਝ ਹੋਰ ਜਾਤੀਆਂ ਹਨ । ਲੇਕਿਨ ਇਹ ਬ੍ਰਾਹਮਣ ਅਤੇ ਦੂਜੇ ਉੱਚ ਵਰਗ ਦੇ ਲੋਕ ਜ਼ਿਆਦਾਤਰ ਬੇਹੱਦ ਗਰੀਬ ਅਤੇ ਹਿੰਦੁਸਤਾਨ ਦੇ ਬਹੁਤ ਸਾਰੇ ਇਲਾਕਿਆਂ ਵਿਚ ਬ੍ਰਾਹਮਣ ਅਤੇ 'ਮੰਗਤੇ' ਦੋਹਾਂ ਸ਼ਬਦਾਂ ਦਾ ਸਮਾਨ ਅਰਥ ਹੈ ।"

ਇਸ ਸਮੇਂ ਅਮੀਰ ਵਰਗ ਵਧੀਆ ਸਿਖਿਆ ਦਾ ਸਮਰਥਨ ਨਹੀਂ ਕਰਨਗੇ ।

" ਪੈਰਾ 20, ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਜੋ ਕੁਝ ਕੌਂਸਲ ਦੇ ਮਾਨਯੋਗ ਸਲਾਹਕਾਰ ਸਾਹਿਬ ਨੇ ਸਾਨੂੰ ਆਪਣੇ 24 ਅਪ੍ਰੈਲ 1850 ਦੇ ਪੱਤਰ ਵਿਚ ਇੰਨਾ ਜ਼ੋਰ ਪਾ ਕੇ ਲਿਖਿਆ ਹੈ, ਉਸਨੂੰ ਲਾਗੂ ਕਰਨਾ ਕਿੰਨਾ ਨਿਰਾਸ਼ਾਜਨਕ ਰਹੇਗਾ, ਜੋ ਪਹਿਲੀ ਨਜ਼ਰੇ ਏਨਾ ਸਹੀ ਅਤੇ ਉਚਿਤ ਲਗਦਾ ਹੈ,ਅਤੇ ਜਿਸਨੂੰ ਬੋਰਡ ਨੇ ਖੁਦ ਐਨੀ ਵਾਰ ਕਰਨਾ ਚਾਹਿਆ ਹੈ, ਅਰਥਾਤ ਉੱਚ ਸਿੱਖਿਆ ਦਾ ਪ੍ਰਸਾਰ ਸਿਰਫ ਉਨ੍ਹਾਂ ਲੋਕਾਂ ਤੱਕ ਸੀਮਿਤ ਰੱਖਣਾ, ਜੋ ਇਸਦੇ ਖਰਚ ਦਾ ਬੋਝ ਉਠਾ ਸਕਦੇ ਹਨ ਜਾਂ ਫਿਰ ਉਨ੍ਹਾਂ ਕੁਝ ਆਸਾਧਾਰਣ ਬੁੱਧੀ ਵਾਲੇ ਯੁਵਕਾਂ ਲਈ (ਜੋ ਇਸਦੇ ਲਾਇਕ ਪਾਏ ਜਾਣ)। ਬੋਰਡ ਵਲੋਂ ਜਦੋਂ ਕਦੇ ਵੀ ਇਸ ਵਿਚਾਰ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ, ਹਮੇਸ਼ਾ ਇਹ ਵੀ ਜਵਾਬ ਮਿਲਿਆ ਕਿ ਅਮੀਰ ਵਰਗ ਉਚ ਸਿੱਖਿਆ ਪ੍ਰਤੀ ਉਦਾਸੀਨ ਹਨ ਅਤੇ ਗਰੀਬ ਤਬਕੇ ਵਿਚੋਂ ਆਸਾਧਾਰਣ ਬੁੱਧੀ ਵਾਲੇ ਵਿਦਿਆਰਥੀਆਂ ਨੂੰ ਡਾਂਟਣਾ ਉਦੋਂ ਤੱਕ ਸੰਭਵ ਨਹੀਂ ਜਦੋਂ ਤੱਕ ਕਿ ਸਕੂਲੀ ਸਿੱਖਿਆ ਦੁਆਰਾ ਉਨ੍ਹਾਂ ਦੀਆਂ ਯੋਗਤਾਵਾਂ ਦਾ ਵਿਕਾਸ ਅਤੇ ਪ੍ਰੀਖਿਅਣ ਨਹੀਂ ਹੁੰਦਾ ।ਬੇਸ਼ੱਕ ਅਮੀਰ ਵਰਗ ਵਿਚੋਂ ਬਹੁਤ ਥੋੜ੍ਹੇ ਲੋਕਾਂ ਦੁਆਰਾ ਇਸਦਾ ਦਿਖਾਵਾ ਕੀਤਾ ਜਾਂਦਾ ਹੈ, ਜਿਹੜੇ ਇਸ

ਵਧੀਆ ਸਿਖਿਆ ਦੇ ਲਾਭਾ ਨੂੰ ਜਾਣਦੇ ਹਨ ਅਤੇ ਇਹ ਵਰਗ ਬੰਗਾਲ ਵਿਚ ਬੰਬਈ ਨਾਲੋਂ ਬਹੁ-ਗਿਣਤੀ ਵਿਚ ਹੈ, ਜਿਥੇ ਸਰਕਾਰ ਕਾਫੀ ਸਮੇਂ ਤੋਂ ਸਿੱਖਿਆ ਦੇ ਪ੍ਰਸਾਰ ਵਿਚ ਲੱਗੀ ਹੋਈ ਹੈ ਅਤੇ ਅਸੀਂ ਇਹ ਸੋਚਦੇ ਹਾਂ ਕਿ ਇਹ ਵਰਗ ਹਰ ਹਾਲਤ ਵਿਚ ਹੋਰ ਵਧਗਾ, ਕਿਉਂਕਿ ਅਨੁਭਵ ਇਹੀ ਹੈ ਕਿ ਉੱਚ ਪ੍ਰਾਪਤੀਆਂ ਨਾਲ ਬੰਦੇ ਨੂੰ ਇੱਜ਼ਤ ਮਾਣ ਮਿਲਦਾ ਹੈ ਅਤੇ ਯੋਰਪੀਅਨਾਂ ਦੇ ਨੇੜੇ ਦੇ ਸੰਪਰਕ ਨਾਲ ਸਮਾਜਿਕ ਬਰਾਬਰੀ ਤੇ ਮੇਲ ਮਿਲਾਪ ਵਧਦਾ ਹੈ, ਪਰ ਇਹ ਸਭ ਕੁਝ ਵਿਚਾਰ ਅਧੀਨ ਰੱਖਦੇ ਹੋਏ ਹਾਲ ਦੀ ਘੜੀ, ਅਸੀਂ ਇਸ ਗੱਲ ਨਾਲ ਹੀ ਸੰਤੁਸ਼ਟ ਹਾਂ ਕਿ ਯੋਰਪ ਦੀਆਂ ਕਲਾਵਾਂ ਅਤੇ ਵਿਗਿਆਨ ਬਾਰੇ ਸਿੱਖਿਆ ਨਾ ਤੇ ਵਿਦਿਆਰਥੀਆਂ ਵਲੋਂ ਦਿਤੇ ਗਏ ਚੰਦੇ ਅਤੇ ਨਾ ਹੀ ਭਾਰਤ ਦੇ ਮਾਲਦਾਰ ਵਰਗ ਵਲੋਂ ਆਏ ਪੈਸੇ ਉਤੇ ਹੀ ਅਧਾਰਿਤ ਹੋ ਸਕਦੀ ਹੈ।"

ਛੋਟੀਆਂ ਜਾਤੀਆਂ ਨੂੰ ਸਿੱਖਿਆ ਦੇਣ ਬਾਰੇ ਪ੍ਰਸ਼ਨ

"ਪੈਰਾ 21, ਕਈ ਵਰ੍ਹਿਆਂ ਦੇ ਤਜਰਬੇ ਤੋਂ ਸਾਡੇ ਧਿਆਨ ਵਿਚ ਲਿਆਂਦੀਆਂ ਗਈਆਂ ਇਨ੍ਹਾਂ ਸਚਾਈਆਂ ਦਾ ਅਸਲੀ ਨਿਚੋੜ ਇਹੋ ਹੈ ਕਿ ਉਚ ਜਾਤੀ ਦੇ ਉਨ੍ਹਾਂ ਗਰੀਬ ਬੱਚਿਆਂ ਲਈ, ਜੋ ਕਿ ਸਾਡੇ ਤੋਂ ਸਿੱਖਿਆ ਪ੍ਰਾਪਤ ਕਰਨਾ ਚਾਹੁੰਦੇ ਹਨ, ਸਿਖਿਆ ਦਾ ਬਹੁਤ ਵੱਡਾ ਦਰਵਾਜ਼ਾ ਖੋਲ੍ਹ ਦਿੱਤਾ ਜਾਵੇ। ਪਰ ਇਥੇ ਇਕ ਹੋਰ ਪਰੇਸ਼ਾਨ ਕਰਨ ਵਾਲਾ ਪ੍ਰਸ਼ਨ ਉੱਠਦਾ ਹੈ, ਜਿਸ ਉਤੇ ਵਿਚਾਰ ਕਰਨਾ ਬਿਲਕੁਲ ਸਹੀ ਹੈ, ਜੇ ਗਰੀਬਾਂ ਦੇ ਬੱਚਿਆਂ ਨੂੰ ਸਰਕਾਰੀ ਸੰਸਥਾਵਾਂ ਵਿਚ ਖੁਲ੍ਹੇ ਆਮ ਦਾਖ਼ਲ ਕਰ ਲਿਆ ਜਾਵੇ ਤੇ ਫਿਰ ਢੇਡ, ਮਹਾਰ ਆਦਿ ਛੋਟੀਆਂ ਸਮਝੀਆਂ ਜਾਣ ਵਾਲੀਆਂ ਜਾਤੀਆਂ ਦੇ ਬੱਚਿਆਂ ਨੂੰ ਇਥੇ ਆਉਣ ਤੋਂ ਕਿਵੇਂ ਰੋਕਿਆ ਜਾ ਸਕਦਾ ਹੈ ?"

ਹਿੰਦੂਆਂ ਦੇ ਸਮਾਜਿਕ ਪੱਖਪਾਤ

"ਪੈਰਾ 22, ਇਸ ਵਿਚ ਜ਼ਰਾ ਸ਼ੱਕ ਨਹੀਂ ਕਿ ਜੇਕਰ ਇਨ੍ਹਾਂ ਛੋਟੀਆਂ ਜਾਤਾਂ ਦੇ ਲੋਕਾਂ ਨੂੰ ਬੰਬਈ ਵਿਚ ਪਰੀਸ਼ਦ ਦੀ ਸੇਵਾ ਅਧੀਨ ਕੰਮ ਕਰ ਰਹੇ ਯੋਗ ਮਾਸਟਰਾਂ ਅਤੇ ਪ੍ਰੋਫੈਸਰਾਂ ਅਧੀਨ ਸਿੱਖਿਆ ਦਿੱਤੀ ਜਾਵੇ ਤਾਂ ਇਨ੍ਹਾਂ ਨੂੰ ਬਰਾਦਰੀ ਵਿਚ ਹੋਰਨਾਂ ਨਾਲੋਂ ਵੀ ਵੱਧ ਬੁੱਧੀਮਾਨ ਇਨਸਾਨ ਬਣਾਇਆ ਜਾ ਸਕਦਾ ਹੈ ਅਤੇ ਫਿਰ ਉਸ ਸਿੱਖਿਆ ਦੇ ਆਧਾਰ ਤੇ, ਜਿਸਦੀ ਪ੍ਰਾਪਤੀ ਉਨ੍ਹਾਂ ਕਰ ਲਈ ਹੋਵੇਗੀ, ਉਨ੍ਹਾਂ ਨੂੰ ਸਰਕਾਰ ਵਿਚ ਹਿੰਦੁਸਤਾਨੀਆਂ ਲਈ ਖੁੱਲ੍ਹੀਆਂ ਸੇਵਾਵਾਂ ਤੇ ਉੱਚੀਆਂ ਪਦਵੀਆਂ ਅਰਥਾਤ ਜੱਜ, ਗਰੈਂਡ ਜਿਊਰੀ, ਸ਼ਾਸਨ ਦੇ ਬਾਦਸ਼ਾਹੀ ਕਮਿਸ਼ਨ, ਆਦਿ ਦੀ ਮੈਂਬਰੀ ਪ੍ਰਾਪਤ ਕਰਨ ਦੇ ਰਾਹ ਵਿਚ ਕੋਈ ਰੁਕਾਵਟ ਨਹੀਂ ਹੋਵੇਗੀ। ਬਹੁਤ ਸਾਰੇ ਪਰਉਪਕਾਰੀ ਲੋਕ ਸੋਚਦੇ ਹਨ ਕਿ ਇਹ ਗੁਲਾਮੀ ਅਤੇ ਕਮਜ਼ੋਰੀ ਦਾ ਸਿਖਰ ਹੈ ਕਿ ਬਰਤਾਨੀਆਂ ਸਰਕਾਰ ਅਜਿਹੇ ਪੱਖਪਾਤ ਅੱਗੇ ਗੋਡੇ ਟੇਕ ਦੇਵੇ, ਜਿਹੜੇ ਅਜਿਹੀਆਂ ਨਿਯੁਕਤੀਆਂ ਕਾਰਨ, ਹਿੰਦੂ

ਜਾਤੀ ਵਿਚ ਨਿਰਾਸ਼ਤਾ ਪੈਦਾ ਕਰਨ ਅਤੇ ਜਾਤ ਪਾਤ ਦੀਆਂ ਹੱਦਾਂ 'ਤੇ ਖੁੱਲ੍ਹਾ ਹਮਲਾ ਹੋਣਾ ਚਾਹੀਦਾ ਹੈ।"

ਮਾਨਯੋਗ ਮਾਉਂਟ ਸਟੂਅਰਟ ਐਲਫਿਸਟਨ ਦੀਆਂ ਵਿਵੇਕਪੂਰਨ ਟਿੱਪਣੀਆਂ ਹੇਠਾਂ ਦਿੱਤੀਆਂ ਜਾਂਦੀਆਂ ਹਨ :

"ਪੈਰਾ 23, ਪਰ ਇਥੇ ਮਿਸਟਰ ਐਲਫਿਸਟਨ, ਜੋ ਕਿ ਭਾਰਤ ਆਉਣ ਵਾਲੇ ਹਾਕਮਾਂ ਵਿਚੋਂ ਸਭ ਤੋਂ ਜ਼ਿਆਦਾ ਉਦਾਰਵਾਦੀ ਤੇ ਖੁੱਲ੍ਹਾ ਦਿਲ-ਦਿਮਾਗ ਰੱਖਣ ਵਾਲੇ ਸਨ, ਦੀ ਸਿਆਣੀ ਰਾਏ ਕਾਰਜ ਦਾ ਸਹੀ ਰਾਹ ਵਿਖਾਉਂਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਦੇਖਿਆ ਜਾਂਦਾ ਹੈ ਕਿ ਮਿਸ਼ਨਰੀ ਸਭ ਤੋਂ ਛੋਟੀਆਂ ਜਾਤੀਆਂ ਨੂੰ ਹੀ ਸਭ ਤੋਂ ਵਧੀਆ ਵਿਦਿਆਰਥੀਆਂ ਸਮਝਦੇ ਹਨ, ਪਰ ਇਨ੍ਹਾਂ ਜਾਤੀਆਂ ਨੂੰ ਵਧੇਰੇ ਉਤਸ਼ਾਹਿਤ ਕਰਨ ਵੇਲੇ ਸਾਨੂੰ ਬਹੁਤ ਸ਼ਾਵਧਾਨ ਰਹਿਣਾ ਪਵੇਗਾ। ਇਹ ਜਾਤੀਆਂ ਨਾ ਕੇਵਲ ਸਭ ਤੋਂ ਵੱਧ ਜ਼ਿਆਦਾ ਦੁਤਕਾਰੀਆਂ ਹੋਈਆਂ, ਸਗੋਂ ਇਹ ਗਿਣਤੀ ਵਿਚ ਵੀ ਬਾਕੀ ਵਰਗਾਂ ਤੋਂ ਘੱਟ ਹਨ ਅਤੇ ਜਾ ਸਾਡੀ ਸਿਖਿਆ ਪ੍ਰਣਾਲੀ ਸਭ ਤੋਂ ਪਹਿਲਾਂ ਇਨ੍ਹਾਂ ਵਿਚ ਆਪਣੀ ਜੜ੍ਹ ਮਜ਼ਬੂਤ ਕਰੇ ਤਾਂ ਇਹ ਕਦੇ ਵਧੇਗੀ ਨਹੀਂ, ਅਤੇ ਸ਼ਾਇਦ ਅਸੀਂ ਆਪਣੇ ਆਪ ਨੂੰ ਇਕ ਅਜਿਹੇ ਵਰਗ ਦੀ ਸਰਕਾਰ ਦੇ ਰੂਪ ਵਿਚ ਦੇਖੀਏ, ਜੋ ਗਿਆਨ ਵਿਚ ਤਾਂ ਬਾਕੀਆਂ ਨਾਲੋਂ ਅੱਗੇ ਹੋਵੇ, ਪਰ ਦੂਜੇ ਵਰਗਾਂ ਦੁਆਰਾ ਹਮੇਸ਼ਾਂ ਦੁਤਕਾਰਿਆ ਜਾਵੇ ਅਤੇ ਉਨ੍ਹਾਂ ਦੀ ਨਫਰਤ ਦਾ ਨਿਸ਼ਾਨਾ ਹੋਵੇ, ਜਿਨ੍ਹਾਂ ਨੂੰ ਇਨ੍ਹਾਂ ਨਵੀਆਂ ਪ੍ਰਾਪਤੀਆਂ ਲਈ ਅਸੀਂ ਤਰਜੀਹ ਦੇਈਏ। ਅਜਿਹੇ ਹਾਲਾਤ ਤਾਂ ਹੀ ਚੰਗੇ ਲੱਗ ਸਕਦੇ ਹਨ, ਜੇ ਅਸੀਂ ਆਪਣੀ ਸੈਨਾ ਉਤੇ ਪੂਰੀ ਤਰ੍ਹਾਂ ਨਿਰਭਰ ਹੋ ਜਾਣ ਵਿਚ ਸੰਤੁਸ਼ਟ ਹੋਈਏ ਜਾਂ ਫਿਰ ਇਕ ਛੋਟੇ ਜਿਹੇ ਵਰਗ ਨਾਲ ਵਰਤੋਂ ਰੱਖਣ ਵਿਚ, ਪਰ ਇਹ ਸਾਡੀਆਂ ਉਨ੍ਹਾਂ ਕੋਸ਼ਿਸ਼ਾਂ ਦੇ ਨਾਲ ਠੀਕ ਨਹੀਂ ਬੈਠਦੀ ਜੋ ਸਾਡੇ ਰਾਜ ਨੂੰ ਇਕ ਬਹੁਤ ਵੱਡੇ ਪੱਧਰ ਤੇ ਖੜ੍ਹਾ ਕਰਨ ਲਈ ਕੀਤੀਆਂ ਜਾ ਰਹੀਆਂ ਹਨ।"

ੳ

ਬੰਬਈ ਰਿਆਸਤ ਵਿਚ ਦਲਿਤ ਵਰਗਾਂ ਦੀ ਸਿਖਿਆ ਦੇ ਹਾਲਾਤ ਬਾਰੇ ਭਾਰਤੀ ਕਾਨੂੰਨ ਆਯੋਗ

ਨੂੰ

ਬਹਿਸ਼ਕਾਰਤਾ ਹਿਤਕਾਰਨੀ ਸਭਾ

(ਬੰਬਈ ਦੀ ਦਲਿਤ ਵਰਗ ਸੰਸਥਾ)

ਵਲੋਂ

ਡਾ: ਭੀਮ ਰਾਓ ਅੰਬੇਡਕਰ, ਐਮ .ਏ., ਪੀ.ਐਚ.ਡੀ, ਡੀ.ਐਸ.ਸੀ, ਬਾਰ ਐਟ ਲਾਅ,
ਮੈਂਬਰ ਵਿਧਾਨ ਪ੍ਰੀਸ਼ਦ , ਬੰਬਈ
ਦੁਆਰਾ ਪੇਸ਼ ਕੀਤਾ ਗਿਆ ਬਿਆਨ

29 ਮਈ 1928, ਦਮੋਦਰ ਹਾਲ
ਪਾਰੇਲੇ, ਬੰਬਈ-12, ਭਾਰਤ

ਨੋਟ : ਇਸ ਵਿਵਰਣ ਵਿਚ ਪਛੜੀਆਂ ਜਾਤੀਆਂ ਅਤੇ ਦਲਿਤ ਵਰਗ ਸ਼ਬਦਾਂ ਦਾ ਇਸਤੇਮਾਲ ਬਦਲ ਬਦਲ ਕੇ ਕੀਤਾ ਗਿਆ ਹੈ ।

1. 1813 ਤੋਂ 1854 ਤੱਕ

1. ਬੰਬਈ ਰਾਜ ਵਿਚ ਬਰਤਾਨਵੀ ਹਕੂਮਤ ਅਧੀਨ ਸਿੱਖਿਆ ਦਾ ਕੰਮ 1815 ਵਿਚ ਬੰਬਈ ਸਿਖਿਆ ਸਭਾ ਦੇ ਗਠਨ ਨਾਲ ਹੀ ਸ਼ੁਰੂ ਹੋ ਗਿਆ ਹੋਵੇਗਾ। ਇਸ ਸਭਾ ਨੇ ਯੋਰਪ ਮੂਲ ਦੇ ਬੱਚਿਆਂ ਦੀ ਪੜ੍ਹਾਈ ਲਈ ਕੋਈ ਖਾਸ ਜ਼ੋਰ ਨਹੀਂ ਲਾਇਆ (ਸਗੋਂ) ਭਾਰਤੀ ਮੂਲ ਦੇ ਬੱਚਿਆਂ ਨੂੰ ਸੂਰਤ ਅਤੇ ਥਾਨਾ ਵਿਖੇ ਚਲਾਏ ਜਾ ਰਹੇ ਸਕੂਲਾਂ ਵਿਚ ਪੜ੍ਹਨ ਲਈ ਉਤਸ਼ਾਹਿਤ ਕੀਤਾ ਅਤੇ 1820 ਦੇ ਸ਼ੁਰੂ ਵਿਚ ਬੰਬਈ ਸ਼ਹਿਰ ਵਿਚ ਭਾਰਤੀ ਵਿਦਿਆਰਥੀਆਂ ਲਈ ਚਾਰ ਨਵੇਂ ਸਕੂਲ ਖੋਲੇ ਗਏ ਅਤੇ ਇਨ੍ਹਾਂ ਵਿਚ ਲਗਭਗ 250 ਵਿਦਿਆਰਥੀ ਪੜ੍ਹਨ ਲਗ ਪਏ। ਇਸੇ ਸਾਲ ਦੇ ਅਗਸਤ ਮਹੀਨੇ ਵਿਚ ਭਾਰਤੀਆਂ ਦੀ ਸਿੱਖਿਆ ਲਈ ਹੋਰ ਯਤਨ ਕੀਤੇ ਗਏ। ਸਭਾ ਨੇ ਦੇਸ਼ੀ ਭਾਸ਼ਾਵਾਂ ਵਿਚ ਸਕੂਲ ਦੀਆਂ ਕਿਤਾਬਾਂ ਤਿਆਰ ਕਰਨ ਅਤੇ ਦੇਸ਼ੀ ਭਾਸ਼ਾਵਾਂ ਦੇ ਸਕੂਲਾਂ ਦੀ ਮੱਦਦ ਕਰਨ ਲਈ ਇਕ ਵਿਸ਼ੇਸ਼ ਕਮੇਟੀ ਬਣਾਈ। ਪਰ ਛੇਤੀ ਹੀ ਗਰੀਬਾਂ ਦੀ ਸਿੱਖਿਆ ਲਈ ਮੁੱਖ ਤੌਰ 'ਤ ਬਣਾਈ ਸਭਾ ਦੇ ਉਦੇਸ਼ ਤੋਂ ਜ਼ਿਆਦਾ ਹੋਰ ਉਮੀਦ ਨਜ਼ਰ ਨਾ ਆਈ। ਤੇ 1822 ਵਿਚ ਇਹ ਕਮੇਟੀ ਇਕ ਅਲੱਗ ਕਾਰਪੋਰੇਸ਼ਨ ਬਣ ਗਈ ਜਿਸਦਾ ਦਾ ਨਾ ਸੀ, ਬੰਬਈ ਨੇਟਿਵ ਸਕੂਲ ਬੁੱਕ ਅਤੇ ਸਕੂਲ ਸਭਾ ਅਤੇ ਫਿਰ 1827 ਵਿਚ ਇਸਦਾ ਨਾ ਬਦਲ ਕੇ ਬੰਬਈ ਨੇਟਿਵ ਸਿਖਿਆ ਸਭਾ ਰੱਖਿਆ ਗਿਆ। ਮਾਨਯੋਗ ਮਾਊਂਟ ਸਟੂਅਰਟ ਐਲਫਿਨਸਟਨ ਇਸ ਨਵੀਂ ਸਭਾ ਦੇ ਪਹਿਲੇ ਪ੍ਰਧਾਨ ਸਨ। ਇਸਦੇ ਉਪ ਪ੍ਰਧਾਨ ਚੀਫ ਜਸਟਿਸ ਸਨ ਅਤੇ ਬੰਬਈ ਸਰਕਾਰ ਦੀ ਕਾਰਜਕਾਰਨੀ ਕੌਂਸਲ ਦੇ ਤਿੰਨ ਮੈਂਬਰ ਅਤੇ ਪ੍ਰਬੰਧਕੀ ਕਮੇਟੀ ਵਿਚ ਬਾਰਾਂ ਯੂਰਪੀਅਨ ਅਤੇ ਬਾਰਾਂ ਭਾਰਤੀ ਮਾਹਿਰ ਸਨ, ਕੈਪਟਨ ਜਾਰਜ ਜਰਵਿਸ ਆਰ.ਈ ਅਤੇ ਸ੍ਰੀ ਸਦਾਸ਼ਿਵ ਕਾਸ਼ੀਨਾਥ ਛਾਤਰੇ ਇਸਦੇ ਸਕੱਤਰ ਸਨ। ਇਸ ਸਭਾ ਨੇ ਆਪਣਾ ਕੰਮ ਸਰਕਾਰ ਤੋਂ ਮਿਲਣ ਵਾਲੀ 600 ਰੁਪਏ (ਛੇ ਸੌ ਰੁਪਏ) ਮਾਹਵਾਰ ਦੀ ਮੱਦਦ ਨਾਲ ਸ਼ੁਰੂ ਕੀਤਾ। ਸੰਨ 1825 ਵਿਚ ਬੰਬਈ ਸਰਕਾਰ ਨੇ ਇਸਦੇ ਨਾਲ ਨਾਲ ਆਪਣੇ ਖ਼ਰਚੇ ਤੇ ਹਰ ਜ਼ਿਲ੍ਹੇ ਦੇ ਸ਼ਹਿਰਾਂ ਵਿਚ ਪ੍ਰਾਇਮਰੀ ਸਕੂਲ ਖੋਲ੍ਹ ਕੇ ਉਨ੍ਹਾਂ ਨੂੰ ਕੁਲੈਕਟਰਾਂ ਦੀ ਨਿਗਰਾਨੀ ਹੇਠ ਚਲਾਉਣਾ ਸ਼ੁਰੂ ਕਰ ਦਿੱਤਾ ਸੀ। ਦੋਹਾਂ ਵੱਖ ਵੱਖ ਸਭਾਵਾਂ ਦੇ ਕੰਮਾਂ ਵਿਚ ਤਾਲਮੇਲ ਰੱਖਣ ਲਈ ਸੰਨ 1840 ਵਿਚ ਇਕ ਸਿੱਖਿਆ ਬੋਰਡ ਬਣਾਇਆ ਗਿਆ, ਜਿਸ ਵਿਚ ਛੇ ਮੈਂਬਰ ਸਨ। ਤਿੰਨ ਸਰਕਾਰ ਦੇ ਨੁਮਾਇੰਦੇ ਤੇ ਤਿੰਨ ਨੇਟਿਵ ਸਿਖਿਆ ਸਭਾ ਦੇ। ਇਹ ਬੋਰਡ ਸਿਖਿਆ ਵਿਭਾਗ ਦੇ ਕੰਮ ਦੀ ਦੇਖਭਾਲ ਕਰਦਾ ਰਿਹਾ ਜਦ ਤੱਕ ਕਿ ਸੰਨ 1855 ਵਿਚ ਸਰਕਾਰੀ ਸਿਖਿਆ ਦੇ ਡਾਇਰੈਕਟਰ ਦੀ ਨਿਯੁਕਤੀ ਨਹੀਂ ਹੋਈ।

2. ਜਦੋਂ ਪਹਿਲੀ ਮਾਰਚ ਨੂੰ ਬੋਰਡ ਭੰਗ ਹੋਇਆ ਤਾਂ ਬੰਬਈ ਪ੍ਰੈਜ਼ੀਡੈਂਸੀ ਵਿੱਚ 15 ਅੰਗਰੇਜ਼ੀ ਕਾਲਜ ਅਤੇ ਸਕੂਲ ਸਨ ਜਿਨ੍ਹਾ ਵਿਚ 2850 ਵਿਦਿਆਰਥੀ ਪੜ੍ਹਦੇ ਸਨ ਅਤੇ 256 ਦੇਸੀ ਸਕੂਲ ਸਨ ਜਿਨ੍ਹਾਂ ਵਿਚ 18,888 ਵਿਦਿਆਰਥੀ ਪੜ੍ਹਦੇ ਸਨ।

ਬੋਰਡ ਦੀ ਇਸੇ ਰਿਪਰਟ ਵਿਚ ਕਿਹਾ ਗਿਆ ਹੈ

"24 ਅਗਸਤ 1855 ਵਿਚ ਸਾਨੂੰ ਅਹਿਮਦ ਨਗਰ ਦੇ ਕੁਝ ਵਾਸੀਆਂ ਪਾਸੋਂ ਉਨ੍ਹਾਂ ਦੇ ਇਲਾਕਾ ਵਿਚ ਨੀਵੀਆਂ ਜਾਤੀਆਂ ਦੀ ਸਿਖਿਆ ਲਈ ਇਕ ਸਕੂਲ ਖੋਲ੍ਹਣ ਦੀ ਅਰਜੀ ਮਿਲੀ ਅਤੇ ਸਾਡੇ ਕਾਨੂੰਨ ਦੀਆਂ ਸ਼ਰਤਾਂ ਮੁਤਾਬਿਕ ਉਸ ਮਾਸਟਰ ਦੀ ਅੱਧੀ ਤਨਖਾਹ ਦਾ ਖਰਚਾ ਉਨ੍ਹਾਂ ਪਾਸੋਂ ਲੈਣ ਦੀ ਗੱਲ ਵੀ ਲਿਖੀ ਗਈ ਸੀ। ਇਸ ਸਕੂਲ ਵਾਸਤੇ ਅਰਜ਼ੀ ਭੇਜਣ ਵਾਲਿਆਂ ਨੇ ਸਕੂਲਾਂ ਲਈ ਇਕ ਕਮਰਾ ਵੀ ਬਣਾ ਦਿੱਤਾ ਸੀ ਅਤੇ ਪੜ੍ਹਨ ਵਾਲੇ ਬੱਚਿਆਂ ਦੀ ਗਿਣਤੀ 30 ਸੀ। ਦੂਜੀਆਂ ਉੱਚੀਆਂ ਜਾਤਾਂ ਅਤੇ ਅਮੀਰ ਵਰਗ ਇਸ ਸਕੂਲ ਦੇ ਖੁਲ੍ਹਣ ਦੇ ਵਿਰੁਧ ਸਨ ਅਤੇ ਉਸ ਦਰਮਿਆਨੀ ਜਿਹੀ ਤਨਖਾਹ ਤੋਂ ਮਾਸਟਰ ਲੱਭਣ ਵਿਚ ਵੀ ਕੁਝ ਮੁਸ਼ਕਲ ਹੋਈ, ਪਰ ਕਿਉਂਕਿ ਇਹ ਅਰਜ਼ੀ ਸਾਡੇ ਵਲੋਂ ਦੱਸੀਆਂ ਗਈਆਂ ਸਭ ਸਰਤਾਂ ਨੂੰ ਪੂਰਾ ਕਰਦੀ ਸੀ, ਇਸ ਲਈ ਅਸੀਂ ਅਰਜ਼ੀ ਤੇ ਅਮਲ ਕਰਦਿਆਂ ਹੋਇਆਂ, ਨਵੰਬਰ ਵਿਚ ਇਹ ਸਕੂਲ ਖੋਲ੍ਹ ਦਿੱਤਾ। ਅਸੀਂ ਇਸ ਮਾਮਲੇ ਦਾ ਜ਼ਿਕਰ ਸਿਰਫ ਇਸ ਲਈ ਕਰ ਰਹੇ ਹਾਂ ਕਿਉਂਕਿ ਇਹ ਪਹਿਲਾ ਮੌਕਾ ਹੈ ਜਦੋਂ ਅਸੀਂ ਇਨ੍ਹਾਂ ਜਾਤੀਆਂ ਲਈ ਕੋਈ ਸਕੂਲ ਖੋਲ੍ਹਿਆ ਹੈ।

3 ਬੋਰਡ ਦੇ ਇਸ ਬਿਆਨ ਨਾਲ ਕਿ ਇਹ ਨੀਵੀਆਂ ਜਾਤੀਆਂ ਲਈ ਖੁਲਣ ਵਾਲਾ ਇਸ ਰਾਜ ਵਿਚ ਪਹਿਲਾ ਸਕੂਲ ਸੀ, ਇਸ ਸਵਾਲ ਉਠਦਾ ਹੈ ਕਿ 1855 ਤੋਂ ਪਹਿਲਾਂ ਇਨ੍ਹਾਂ ਦੱਬੀਆਂ ਹੋਈਆਂ ਜਾਤੀਆਂ ਦੀ ਸਿੱਖਿਆ ਬਾਰੇ ਅੰਗਰੇਜ਼ ਸਰਕਾਰ ਦੀ ਕੀ ਨੀਤੀ ਸੀ। ਇਸ ਸਵਾਲ ਦਾ ਜਵਾਬ ਦੇਣ ਲਈ ਸਾਨੂੰ ਇਸ ਰਾਜ ਦੀ ਅੰਗਰੇਜ਼ ਸਰਕਾਰ ਦੀ 1813 ਤੋਂ 1855 ਤੱਕ ਦੀ ਸਿਖਿਆ ਨੀਤੀ ਦਾ ਜਾਇਜ਼ਾ ਲੈਣਾ ਪਵੇਗਾ। ਇਹ ਮੰਨਣਾ ਪਵੇਗਾ ਕਿ ਪੇਸ਼ਵਾ ਦੇ ਰਾਜ ਦੇ ਵਿਚ ਇਨ੍ਹਾਂ ਛੋਟੀਆਂ ਜਾਤੀਆਂ ਲਈ ਪੜ੍ਹਾਈ-ਲਿਖਾਈ ਦੇ ਕੋਈ ਮੌਕੇ ਨਹੀਂ ਸਨ। ਇਨ੍ਹਾ ਜਾਤੀਆਂ ਦੀ ਪੜ੍ਹਾਈ ਲਿਖਾਈ ਨਾਲ ਕੋਈ ਵਾਸਤਾ ਨਹੀਂ ਸਮਝਿਆ ਜਾਂਦਾ ਸੀ ਕਿਉਂਕਿ ਪੇਸ਼ਵਾ ਦਾ ਰਾਜ ਮਨੂ ਸਮਰਿਤੀ ਅਤੇ ਦੂਜੀਆਂ ਸਮਰਿਤੀਆਂ' ਤੇ ਆਧਾਰਿਤ ਰੱਬ ਦਾ ਰਾਜ ਮੰਨਿਆ ਜਾਂਦਾ ਸੀ (ਜਿਸ ਵਿਚ ਸ਼ੂਦਰ ਅਤੇ ਅਤਿ ਸ਼ੂਦਰ ਇਹ ਜਾਤੀਆਂ ਉਹ ਹਨ ਜਿਨ੍ਹਾਂ ਨੂੰ ਅੱਜ ਦਾ ਸਿਖਲਾਈ ਵਿਭਾਗ ਪਛੜੀਆਂ ਜਾਤੀਆਂ ਦੇ ਨਾਂ ਨਾਲ ਜਾਣਦਾ ਹੈ), ਲੋਕਾਂ ਨੂੰ ਚਾਹੇ ਜ਼ਿੰਦਗੀ, ਆਜ਼ਾਦੀ ਅਤੇ ਮਾਲ-ਅਸਬਾਬ ਰੱਖਣ ਦੇ ਅਧਿਕਾਰ ਤਾਂ ਦਿੱਤੇ ਜਾ ਸਕਦੇ ਸਨ, ਪਰ ਪੜ੍ਹਾਈ ਲਿਖਾਈ ਦਾ ਅਧਿਕਾਰ ਉਨ੍ਹਾਂ ਨੂੰ ਕਿਸੇ ਹਾਲਤ ਵਿਚ ਨਹੀਂ ਸੀ ਦਿੱਤਾ ਜਾ ਸਕਦਾ। ਇਸ ਲਈ ਸੁਭਾਵਕ ਹੈ ਕਿ ਇਨ੍ਹਾਂ ਪਛੜੀਆਂ ਜਾਤੀਆਂ, ਜੋ ਇਨ੍ਹਾ ਹਾਲਾਤ ਵਿਚ ਸਖਤ ਮਿਹਨਤਕਸ਼ ਸਨ ਨੇ ਪੇਸ਼ਵਾ ਦੇ ਘਿਰਣਾਜਨਕ ਦੈਵੀ ਰਾਜ ਦੇ ਖਤਮ ਹੋਣ ਦੇ ਸੁੱਖ ਦਾ ਸਾਹ ਲਿਆ ਹੋਵੇਗਾ। ਇਨ੍ਹਾਂ ਪਛੜੀਆਂ ਜਾਤੀਆਂ ਵਿਚ ਬਹੁਤ ਸਾਰੀਆਂ ਉਮੀਦਾਂ ਅੰਗਰੇਜ਼ ਰਾਜ ਆਉਣ ਨਾਲ ਹੀ ਪੈਦਾ ਹੋਈਆਂ। ਸਭ ਤੋਂ ਪਹਿਲਾ ਇਸ ਲਈ ਕਿ ਅੰਗਰੇਜ ਰਾਜ ਇਕ ਲੋਕਤੰਤਰ ਸੀ ਜਿਸ ਵਿਚ ਉਨਾਂ

ਦਾ ਸੁਭਾਵਿਕ ਵਿਸ਼ਵਾਸ਼ ਸੀ ਕਿ ਉਨ੍ਹਾਂ ਨੂੰ ਬਰਾਬਰੀ ਦਾ ਹੱਕ ਮਿਲੇਗਾ ਅਤੇ ਕੋਈ ਵੀ ਉੱਚ ਨੀਚ ਦਾ ਭੇਦਭਾਵ ਨਹੀਂ ਕਰ ਸਕੇਗਾ। ਜੇ ਇਹ ਰਾਜ ਆਪਣੇ ਇਨ੍ਹਾਂ ਅਸੂਲਾਂ ਦੇ ਨਾਲ ਚੱਲਦਾ ਤਾਂ ਇਸ ਤਰ੍ਹਾਂ ਦਾ ਲੋਕਤੰਤਰ ਪੇਸ਼ਵਾ ਦੇ ਰੱਬੀ ਰਾਜ ਦਾ ਬਿਲਕੁਲ ਉਲਟਾ ਹੁੰਦਾ। ਦੂਸਰੇ ਇਨ੍ਹਾਂ ਪਛੜੀਆਂ ਜਾਤੀਆਂ ਨੇ ਅੰਗਰੇਜ਼ ਨੂੰ ਭਾਰਤ ਵਿਚ ਜਿੱਤ ਪ੍ਰਾਪਤ ਕਰਨ ਵਿਚ ਬੜੀ ਮੱਦਦ ਕੀਤੀ ਸੀ ਅਤੇ ਉਨ੍ਹਾਂ ਦੀ ਸੁਭਾਵਿਕ ਉਮੀਦ ਸੀ ਕਿ ਜੇ ਅੰਗਰੇਜ ਉਨ੍ਹਾਂ ਦੀ ਖਾਸ ਤੌਰ' ਤੇ ਮੱਦਦ ਨਾ ਵੀ ਕਰਨ ਤਾਂ ਵੀ ਉਹ ਉਨ੍ਹਾਂ ਦੀ ਹੋਰਨਾਂ ਦੇ ਬਰਾਬਰ ਮੱਦਦ ਦਾ ਜ਼ਰੂਰ ਕਰਨਗੇ।

4. ਇਕ ਲੰਮੇ ਸਮੇਂ ਤੱਕ ਅੰਗਰੇਜ ਭਾਰਤੀ ਲੋਕਾਂ ਦੀ ਪੜ੍ਹਾਈ ਲਿਖਾਈ ਦੇ ਮਸਲੇ ਦੇ ਚੁਪ ਸਾਧ ਕੇ ਬੈਠੇ ਰਹ। ਹਾਲਾਂ ਕਿ ਉਚੇ ਆਹੁਦਿਆਂ ਤੇ ਬੈਠੇ ਕੁਝ ਅਫਸਰਾਂ ਨੂੰ ਭਾਰਤੀ ਲੋਕਾਂ ਵਿਚ ਗਿਆਨ ਦਾ ਪ੍ਰਕਾਸ਼ ਫੈਲਾਉਣ ਦੀ ਆਪਣੀ ਨੈਤਿਕ ਜ਼ਿੰਮੇਵਾਰੀ ਅਤੇ ਪ੍ਰਸ਼ਾਸਨਿਕ ਜ਼ਰੂਰਤ ਦਾ ਅਹਿਸਾਸ ਸੀ, ਪਰ ਫਿਰ ਵੀ ਇਹ ਜ਼ਿੰਮੇਵਾਰੀ ਚੁੱਕਣ ਦੀ ਕੋਈ ਵੀ ਘੋਸ਼ਣਾ ਸੰਨ 1813 ਤੋਂ ਪਹਿਲਾਂ ਨਹੀਂ ਕੀਤੀ ਗਈ, ਜਦੋਂ ਕਿ ਜਾਰਜ 4, ਅਧਿਆਏ 155 ਕਾਨੂੰਨ, 53 ਦੇ 43ਵੇਂ ਹਿੱਸੇ ਵਿਚ ਸੰਸਦ ਨੇ ਲਿਖਿਆ ਕਿ "ਭਾਰਤੀ ਸਾਹਿਤ ਦੇ ਵਾਧੇ ਲਈ, ਪੜ੍ਹੇ ਲਿਖੇ ਭਾਰਤੀ ਲੋਕਾਂ ਦੀ ਹੌਸਲਾ ਅਫਜਾਈ ਲਈ ਅਤੇ ਭਾਰਤ ਵਿਚ ਬਰਤਾਨਵੀ ਹਕੂਮਤ ਤੇ ਇਲਾਕਿਆਂ ਦੇ ਵਾਸੀਆਂ ਦੀ ਵਿਗਿਆਨ ਬਾਰੇ ਸਿਖਲਾਈ ਅਤੇ ਤਰੱਕੀ ਲਈ ਹਰ ਸਾਲ ਘੱਟ ਤੋਂ ਘੱਟ ਇਕ ਲੱਖ ਰੁਪਿਆ ਲਾਇਆ ਜਾਵੇਗਾ।" ਪਰ ਇਸ ਕਾਨੂੰਨ ਦੇ ਬਾਵਜੂਦ ਭਾਰਤੀਆਂ ਦੀ ਸਿਖਿਆ ਵਾਸਤੇ 1823 ਤੋਂ ਪਹਿਲਾਂ ਕੋਈ ਵੀ ਠੋਸ ਕਦਮ ਨਹੀਂ ਚੁਕਿਆ ਗਿਆ। ਕਿਉਂਕਿ ਕੋਰਟ ਆਫ ਡਾਇਰੈਕਟਰਜ਼ ਨੇ ਆਪਣੀ 3 ਜੂਨ 1814 ਦੀ ਡਾਕ ਵਿਚ ਗਵਰਨਰ ਜਨਰਲ ਪ੍ਰੀਸ਼ਦ ਨੂੰ 1813 ਦੇ ਕਾਨੂੰਨ ਦੇ 43 ਵੇਂ ਹਿੱਸੇ' ਤੇ ਅਮਲ ਕਰਨ ਦਾ ਤਰੀਕਾ ਦੱਸਦਿਆਂ ਹੋਇਆਂ, ਇਹ ਹਦਾਇਤ ਕੀਤੀ ਕਿ ਹਿੰਦੂਆਂ ਵਿਚ ਸੰਸਕ੍ਰਿਤ ਦੀ ਸਿਖਿਆ ਨੂੰ ਵਧਾਉਣ ਨਾਲ ਉਹ ਕੰਮ ਹੋ ਜਾਵੇਗਾ ਜੋ ਸੰਸਦ ਨੇ ਕਾਨੂੰਨ ਬਣਾਉਂਦੇ ਵੇਲੇ ਸੋਚਿਆ ਸੀ। ਪਰ ਜਦੋਂ ਸਿਖਿਆ ਦੀਆਂ ਉਨ੍ਹਾਂ ਨੀਤੀਆਂ ਉਤੇ ਨਿਯਮਾਂ ਅਨੁਸਾਰ ਅਮਲ ਸ਼ੁਰੂ ਹੋਇਆ ਤਾਂ ਪਛੜੀਆਂ ਜਾਤੀਆਂ ਨੂੰ ਇਕ ਬਹੁਤ ਵੱਡਾ ਧੱਕਾ ਲੱਗਾ। ਕਿਉਂਕਿ ਅੰਗਰੇਜ਼ ਸਰਕਾਰ ਨੇ ਜਾਣ ਬੁਝ ਕੇ ਇਹ ਆਦੇਸ਼ ਜਾਰੀ ਕੀਤਾ ਕਿ ਇਹੋ ਸਿੱਖਿਆ ਸਿਰਫ ਉਚੀਆਂ ਜਾਤੀਆਂ ਲਈ ਹੋਵੇਗੀ। ਕਿਤੇ ਮੇਰੇ ਇਸ ਕਥਨ ਨੂੰ ਝੂਠ ਨਾ ਮੰਨ ਲਿਆ ਜਾਏ, ਇਸ ਲਈ ਤੁਹਾਡਾ ਧਿਆਨ ਬੰਬਈ ਰਾਜ ਦੇ ਸਿਖਿਆ ਬੋਰਡ ਦੀ 1850-51 ਦੀ ਰਿਪੋਰਟ ਦੇ ਇਨ੍ਹਾਂ ਕੁਝ ਹਿੱਸਿਆਂ ਵੱਲ ਦੁਆਉਣਾ ਚਾਹਾਂਗਾ :

"ਪੈਰਾ 5, ਬੋਰਡ ਵਲੋਂ ਅਪਣਾਈ ਗਈ ਨੀਤੀ ਕੀਤੀ ਕੋਰਟ ਆਫ ਡਾਇਰੈਕਟਰਜ਼ ਦੀ ਰਾਏ 'ਤੇ ਆਧਾਰਿਤ ਹੈ

ਇਸ ਤਰ੍ਹਾਂ ਇਸ ਰਿਆਸਤ ਦੇ ਸਿਖਿਆ ਬੋਰਡ ਵੱਲੋਂ ਜੋ ਸਿਖਿਆ ਦੀ ਨੀਤੀ ਮਾਨਯੋਗ ਅਦਾਲਤ ਦੀਆਂ ਮੁੱਖ

ਹਦਾਇਤਾਂ ਦੇ ਆਧਾਰ ਤੇ ਬਣਾਈ ਗਈ ਸੀ ਅਤੇਉਨ੍ਹਾਂ ਵਿਅਕਤੀਆਂ ਦੀ ਰਾਇ ਮੁਤਾਬਕ ਨਹੀਂ ਸੀ ਜਿਹੜੇ ਭਾਰਤ ਵਿਚ ਸਿੱਖਿਆ ਦੀ ਪ੍ਰਗਤੀ ਤੇ ਧਿਆਨਪੂਰਵਕ ਵਿਚਾਰ ਕਰ ਰਹੇ ਸਨ, ਜਿਵੇਂ ਕਿ ਆਕਲੈਂਡ ਦਾ ਪਰਲ, ਮੇਜਰ ਕੈਂਡੀ ਅਤੇ ਹੋਰ ਵਿਅਕਤੀ , ਬਲਕਿ ਮੂਲ ਵਾਸੀਆਂ ਵਿਚੋਂ ਬਹੁਤੇ ਵਿਦਵਾਨਾਂ ਦੀ ਖੁੱਲ੍ਹੇਆਮ ਘੋਸ਼ਿਤ ਮੰਗਾਂ ਤੇ ਆਧਾਰਿਤ ਸਨ, ਬੋਰਡ ਨੂੰ , ਅਸੀਂ ਦੋਬਾਰਾ ਦੱਸ ਦਈਏ , ਪ੍ਰੀਸ਼ਦ ਵਿਚੋਂ ਪਹਿਲੀ ਅਦਾਲਤ ਦੁਆਰਾ ਸੂਚਿਤ ਕੀਤਾ ਗਿਆ ਸੀ ਕਿ ਇਸ ਪ੍ਰਣਾਲੀ ਨੂੰ ਉਲਟਾ ਦਿੱਤਾ ਜਾਵੇ ।

ਪੈਰਾ 8. ਉਚ ਵਰਗਾਂ ਨੂੰ ਪੜ੍ਹਾਉਣ ਜੇ ਸਾਨੂੰ ਇਹ ਕਹਿਣ ਦੀ ਇਜਾਜ਼ਤ ਦਿੱਤੀ ਜਾਏ ਤਾਂ ਦੀ ਉਚਿੱਤਾ ਬਾਰੇ ਅਦਾਲਤ ਦੀ ਰਾਏ ਅਸੀਂ ਕਹਾਂਗੇ ਕਿ ਸਾਨੂੰ ਸਰਕਾਰੀ ਸਿਖਿਆ ਦੇ ਨਿਸ਼ਾਨਿਆਂ ਬਾਰੇ ਮਾਨਯੋਗ ਅਦਾਲਤ ਦੇ ਨਿਰਦੇਸ਼ ਉਪਰੋਕਤ ਦੇ ਬਰਾਬਰ ਹੀ ਸਿਆਣਪ ਭਰੇ ਲਗਦੇ ਹਨ ਅਤੇ ਖਾਸ ਕਰਕੇ ਉਸ ਸੀਮਤ ਜਿਹੀ ਪੂੰਜੀ ਨੂੰ ਦੇਖਦੇ ਹੋਏ, ਜੋ ਇਸ ਸ਼ਾਖਾ ਦੇ ਖਰਚ ਵਿਚ ਆਉਂਦੀ ਹੈ । ਮਾਨਯੋਗ ਅਦਾਲਤ ਨੇ 1830 ਵਿਚ ਮਦਰਾਸ ਨੂੰ ਨਿਮਨ ਅਨੁਸਾਰ ਲਿਖਿਆ : " ਫਿਰ ਵੀ ਸਿਖਿਆ ਵਿਚ ਵਾਧਾ ਜੋ ਲੋਕਾਂ ਦੀ ਨੈਤਿਕ ਅਤੇ ਮਾਨਸਿਕ ਸਥਿਤੀ ਨੂੰ ਉੱਚਾ ਚੁੱਕਣ ਲਈ ਠੋਸ ਯੋਗਦਾਨ ਪਾਉਂਦਾ ਹੈ, ਉਹ ਉਚ ਵਰਗ ਦੀ ਸਿਖਿਆ ਨਾਲ ਸੰਬੰਧ ਰੱਖਦਾ ਹੈ, ਉਨ੍ਹਾਂ ਲੋਕਾਂ ਦੇ ਨਾਲ ਜਿਨ੍ਹਾਂ ਕੋਲ ਸਮਾਂ ਵੀ ਹੈ, ਅਤੇ ਆਪਣੇ ਦੇਸ਼-ਵਾਸ਼ੀਆਂ ਦੇ ਮਨਾਂ ਉੱਤੇ ਸੁਭਾਵਕ ਪ੍ਰਭਾਵ ਵੀ । ਇਸ ਵਰਗ ਦੇ ਲੋਕਾਂ ਦੀ ਸਿਖਿਆ ਦੀ ਪੱਧਰ ਵਧਾ ਕੇ ਤੁਸੀਂ ਕੌਮ ਦੀ ਮਾਨਸਿਕਤਾ ਅਤੇ ਭਾਵਨਾਵਾਂ ਵਿਚ ਬਹੁਤ ਵੱਡਾ ਅਤੇ ਵਧੇਰੇ ਫਾਇਦੇਮੰਦ ਬਦਲਾਉ ਲਿਆ ਸਕਦੇ ਹੋ, ਜੋ ਕਿ ਤੁਸੀਂ ਸਿੱਧਾ ਦੂਸਰੇ ਬਹੁ-ਗਿਣਤੀ ਵਰਗਾਂ ਵਿਚ ਕਰਕੇ ਲਿਆਉਣ ਦੀ ਗੱਲ ਸੋਚ ਵੀ ਨਹੀਂ ਸਕਦੇ । ਇਸਦੇ ਇਲਾਵਾ ਤੁਸੀਂ ਸਾਡੀ ਇਸ ਇੱਛਾ ਬਾਰੇ ਵੀ ਜਾਣਦੇ ਹੋ ਕਿ ਅਸੀਂ ਭਾਰਤੀ ਲੋਕਾਂ ਦਾ ਇੱਕ ਐਸਾ ਵਰਗ ਬਨਾਉਣਾ ਚਾਹੁੰਦੇ ਹਾਂ, ਜੋ ਮੂਲ ਵਾਸੀਆਂ ਦੀਆਂ ਆਪਣੀਆਂ ਆਦਤਾਂ ਅਤੇ ਹੁਨਰ ਦੁਆਰਾ ਵਧ ਤੋਂ ਵਧ ਹਿੱਸਾ ਪ੍ਰਾਪਤ ਕਰ ਸਕੇ ਅਤੇ ਸਿਵਿਲ ਪ੍ਰਸ਼ਾਸ਼ਨ ਵਿਚ ਉਚ ਅਹੁਦੇ ਸੰਭਾਲ ਸਕੇ, ਜਿਹਾ ਕਿ ਭਾਰਤ ਸਰਕਾਰ ਵਿਚ ਪਹਿਲਾਂ ਕਦੇ ਨਹੀਂ ਹੋਇਆ।" ਤਾਂ ਵੀ ਅਸੀਂ ਕਈ ਪਾਸਿਆਂ ਤੋਂ ਸੁਣਦੇ ਹਾਂ, ਉਹਨਾਂ ਤੋਂ ਵੀ ਜਿਨ੍ਹਾਂ ਨੂੰ ਭਾਰਤ ਦੇ 14 ਕਰੋੜ ਲੋਕਾਂ ਨੂੰ ਪੜ੍ਹਾ ਕੇ ਯੂਰਪੀਨ ਕਲਾਵਾਂ ਅਤੇ ਵਿਦਿਆ ਫੈਲਾਉਣ ਦੀ ਲੋੜ ਦਾ ਸ਼ਾਇਦ ਪਤਾ ਹੈ ਅਤੇ ਹੋਰ ਸਰਬ ਸਾਧਾਰਣ, ਜੋ ਇਸ ਵਿਸ਼ੇ ਤੇ ਧੁੰਦਲੇ ਜਿਹੇ ਵਿਚਾਰ ਸੁਝਾਉਂਦੇ ਹਨ, ਤੋਂ ਸ਼ਾਇਦ ਕੋਈ ਤਮਾਸ਼ਬੀਨ ਇਹ ਸਮਝ ਲੈਣ ਕਿ ਰਾਜ ਦੇ ਸਾਰੇ ਸਾਧਨ ਹੀ ਸਿਖਿਆ ਬੋਰਡ ਦੇ ਹੱਥਾਂ ਵਿਚ ਹਨ। ਇੰਨੀ ਥੋੜ੍ਹੀ ਤੇ ਮਾਮੂਲੀ ਜਿਹੀ ਰਕਮ ਤਾਂ ਇੰਗਲੈਂਡ ਵਿਚ ਕੇਵਲ ਇਕ ਸੰਸਥਾ ਨੂੰ ਪ੍ਰਾਪਤ ਹੋ ਜਾਂਦੀ ਹੈ । ਪਿਛਲੇ ਕੁਝ ਪੈਰਿਆਂ ਵਿਚ ਦਿੱਤੀਆਂ ਗਈਆਂ ਦਲੀਲਾਂ ਤੋਂ ਇਹ ਪਤਾ ਲੱਗਦਾ ਹੈ ਕਿ

"ਪੈਰਾ 9. ਪਿਛਲੇ ਦਸ ਸਾਲਾਂ ਦੇ ਦੌਰਾਨ ਸਿਖਿਆ ਨਾਲ ਜੁੜੀਆਂ ਸੱਚਾਈਆਂ ਦਾ ਵਿਸ਼ਲੇਸ਼ਣ"

ਮਾਮਲੇ ਦੀਆਂ ਸੱਚਾਈਆਂ ਦੀ ਧਿਆਨ ਪੂਰਵਕ ਜਾਂਚ ਅਤੇ ਉਨ੍ਹਾਂ ਕੁਝ ਮੁੱਖ ਸਿਧਾਂਤਾਂ ਦਾ, ਜੋ ਰਾਜ ਦੀ ਸਿਖਿਆ ਨੀਤੀ ਦੇ ਨਾਲ ਸਾਹਮਣੇ ਆਈਆਂ ਹਨ, ਦਾ ਇਕ ਵਿਸ਼ਲੇਸ਼ਣ ਇਸ ਵਿਚ ਕਾਫੀ ਮੱਦਦਗਾਰ ਹੋ ਸਕਦੇ ਹਨ, ਜੇ ਉਸਨੂੰ ਮਿਹਨਤ ਨਾਲ ਅਤੇ ਪੱਖਵਾਦ ਤੋਂ ਹੱਟ ਕੇ , ਪੱਕੇ ਇਰਾਦੇ ਨਾਲ ਹਰ ਵਿਵਾਦ ਅਤੇ ਮਨਘੜਤ ਵੇਰਵੇ ਤੋਂ ਬਚਕੇ ਬਣਾਇਆ ਜਾਵੇ । ਵਰਤਮਾਨ ਯੁੱਗ ਵਿਚ ਵੀ ਜਾਪਦਾ ਹੈ ਕਿ ਬੀਤੇ ਉੱਤੇ ਨਜ਼ਰਸਾਨੀ ਦੀ ਲੋੜ ਹੈ, ਜਿਵੇਂ ਕਿ 1850 ਵਿਚ ਦੂਸਰਾ ਦਹਾਕਾ ਸ਼ੁਰੂ ਹੋਇਆ ਸੀ, ਜਿਸਦੇ ਦੌਰਾਨ ਰਾਜ ਦੇ ਸਾਰੇ ਸਕੂਲ ਸਰਕਾਰੀ ਬੋਰਡ ਦੇ ਪੂਰਨ ਨਿਯੰਤਰਣ ਵਿਚ ਆ ਗਏ ਸਨ ਅਤੇ ਇਹ ਸਪਸ਼ਟ ਹੈ ਕਿ ਹੁਣ ਸੂਚਨਾ ਪ੍ਰਸਾਰਣ ਲਈ ਇਕ ਠੋਸ ਸੰਸਥਾ ਬਣਾਉਣ ਦੀ ਲੋੜ ਹੈ ਅਤੇ ਜਿਵੇਂ ਕਿ ਮੌਜੂਦਾ ਮੈਂਬਰਾਂ ਵਿਚੋਂ ਬਹੁਤੇ ਉਸ ਵਕਤ ਬਹੁਤ ਚਿਰ ਮਾੜੀਆਂ ਸੀਟਾਂ' ਤੇ ਰਹੇ, ਉਹ ਖੁਸ਼ੀ ਨਾਲ ਉਮੀਦ ਰੱਖਣਗੇ ਕਿ ਉਹ ਆਪਣੇ ਅਨੁਭਵ ਦੇ ਆਧਾਰ ਤੇ, ਉਨ੍ਹਾਂ ਕਝੁ ਅਸਪੱਸ਼ਟ, ਪਰ ਬੜੇ ਸੁਆਦਲੇ ਪ੍ਰਸ਼ਨਾਂ ਤੇ ਰੋਸ਼ਨੀ ਪਾਉਣਗੇ , ਜਿਹੜੇ ਪ੍ਰਸ਼ਨ ਮੌਜੂਦਾ ਬੋਰਡ ਦੇ ਮੈਂਬਰਾਂ ਦੇ ਸਾਹਮਣੇ ਸਮੇਂ ਸਮੇਂ ਯਕੀਨਨ ਆਂਉਣਗੇ।

ਪੈਰਾ 10. ਬੰਗਾਲ ਤੇ ਬੰਬਈ ਦੋਹਾਂ ਰਾਜਾਂ ਵਿੱਚ ਲਾਲੋ ਨਾਲ ਫਿਰਾਸਦੀ ਰਹੀ ਇਕਸਾਰ ਨੀਤੀ।

ਹੁਣ ਅਸੀਂ ਸਿੱਖਿਆ ਨੀਤੀ ਬਾਰੇ ਉਨ੍ਹਾਂ ਗੱਲਾਂ ਦੀ ਜੋ, ਸਾਨੂੰ ਮੰਨਣੀਆਂ ਪਈਆਂ, ਜ਼ਿਆਦਾ ਤੋਂ ਜ਼ਿਆਦੇ ਬਰੀਕੀ ਨਾਲ ਦੱਸਣ ਦੀ ਕੋਸ਼ਿਸ਼ ਕਰਾਂਗੇ, ਅਤੇ ਅਸੀਂ ਸੋਚਦੇ ਹਾਂ ਕਿ ਜਦੋਂ ਉਨ੍ਹਾਂ ਗੱਲਾਂ' ਤੇ ਧਿਆਨ ਦਿੱਤਾ ਜਾਵੇਗਾ ਤਾਂ ਇਹ ਗੱਲ ਸਾਫ ਹੋ ਜਾਵੇਗੀ ਕਿ ਉਨ੍ਹਾਂ ਸਵਾਲਾਂ ਵਿਚੋਂ, ਜੋ ਭਾਰਤੀ ਸਿੱਖਿਆ ਵਿਭਾਗ ਵਿਚ ਉਠਦੇ ਹਨ, ਬਹੁਤ ਸਾਰੇ ਆਪੇ ਹੀ ਸੁਲਝੇ ਜਾਣਗੇ , ਅਤੇ ਇਹ ਵੀ ਪਤਾ ਲਗੇਗਾ ਕਿ ਬੰਬਈ ਅਤੇ ਹੋਰ ਰਾਜਾਂ ਵਿਚ ਇਕ ਨਵੀਂ ਨੀਤੀ ਹੌਲੀ ਹੌਲੀ ਵਿਕਸਿਤ ਹੁੰਦੀ ਜਾ ਰਹੀ ਹੈ ਜੋ ਕਿ ਭਾਰਤ ਦੇ ਹਾਲਾਤ ਲਈ ਠੀਕ ਹੈ ਅਤੇ ਲਗਾਤਾਰ ਤਰੱਕੀ ਤੇ ਵਿਕਾਸ ਲਈ ਲੋੜੀਂਦੀ ਹੈ ।

"ਪੈਰਾ 11. ਬੰਬਈ ਵਿੱਚ ਸਿੱਖਿਆ ਦੇ ਅੰਕੜੇ"

ਅਗਲੇ ਸਫੇ ਤੇ ਸਰਕਾਰ ਅਧੀਨ ਸਕੂਲਾਂ ਅਤੇ ਸਿੱਖਿਆ ਪ੍ਰਾਪਤ ਕਰ ਰਹੇ ਵਿਦਿਆਰਥੀਆਂ ਦੀ ਗਿਣਤੀ ਦੇ ਬਾਰੇ; ਉਸ ਵੇਲੇ ਦੀ ਝਲਕ ਤੁਲਨਾਤਮਕ ਪੇਸ਼ ਕੀਤੀ ਗਈ ਹੈ, ਜਦੋਂ ਇਹ ਸਿੱਖਿਆ ਸੰਸਥਾਨ ਬੋਰਡ ਅਧੀਨ ਪਹਿਲੀ ਵਾਰੀ 1840 ਅਤੇ ਫਿਰ ਅਪਰੈਲ 1850 ਵਿਚ ਆਏ। ਇਸਤੋਂ ਸਾਨੂੰ 1850 ਵਿਚ ਚਾਰ ਅੰਗਰੇਜ਼ੀ ਅਤੇ 83 ਦੇਸੀ ਭਾਸ਼ਾਵਾਂ ਦੇ ਸਕੂਲਾਂ ਦੇ ਖੁੱਲ੍ਹਣ ਅਤੇ ਵਿਦਿਆਰਥੀਆਂ ਦੀ ਗਿਣਤੀ ਵਿਚ ਸੌ ਫੀਸਦੀ ਵਾਧੇ ਦਾ ਪਤਾ ਲਗਦਾ ਹੈ । ਸਰਕਾਰੀ ਸਿੱਖਿਆ ਪ੍ਰਾਪਤ ਕਰ ਰਹੇ

ਵਿਦਿਆਰਥੀਆਂ ਦੀ ਗਿਣਤੀ ਇਸ ਵੇਲੇ 12,712 ਹੈ ਅਤੇ ਉਹ ਹੇਠ ਲਿਖੇ ਅਨੁਸਾਰ ਵੰਡੇ ਹੋਏ ਹਨ :

ਅੰਗਰੇਜ਼ੀ ਸਿੱਖਿਆ	1,699
ਦੇਸੀ ਭਾਸ਼ਾਵਾਂ ਦੀ ਸਿੱਖਿਆ	10,730
ਸੰਸਕ੍ਰਿਤ ਦੀ ਸਿੱਖਿਆ	283

(ਉੱਪਰ ਲਿਖੇ ਵੇਰਵੇ ਦੀ ਤੁਲਨਾ : 1840 ਵਿਚ 97 ਸਕੂਲ ਸਨ ਅਤੇ 5,491 ਵਿਦਿਆਰਥੀ । 1850 ਵਿਚ ਸਕੂਲਾਂ ਦੀ ਗਿਣਤੀ 185 ਅਤੇ ਵਿਦਿਆਰਥੀਆਂ ਦੀ ਗਿਣਤੀ 12,712 ਸੀ)।

"ਪੈਰਾ 12. ਬੰਬਈ ਵਿੱਚ ਸਿੱਖਿਆ ਦੇ ਅੰਕੜੇ" ਪਰ ਬੰਬਈ ਰਾਜ ਦੀ ਅਬਾਦੀ ਹੁਣ ਸਮਰੱਥ ਅਧਿਕਾਰੀਆਂ ਦੇ ਮੁਤਾਬਿਕ 100 ਲੱਖ ਹੋ ਗਈ ਹੈ । ਪਰਸ਼ੀਅਨ ਮਰਦਮ-ਸ਼ੁਮਾਰੀ ਤੇ ਅਧਾਰਿਤ ਅੰਕੜਿਆਂ ਦੇ ਇਕ ਸਿਧਾਂਤ ਮੁਤਾਬਿਕ ਏਨੀ ਆਬਾਦੀ ਵਿਚ ਨੌਂ ਲੱਖ ਦੇ ਲਗਭਗ ਸੱਤ ਅਤੇ ਚੌਦਾਂ ਵਰ੍ਹਿਆਂ ਦੇ ਵਿਚਾਲੇ ਦੀ ਉਮਰ ਦੇ ਮੁੰਡੇ ਪਾਏ ਜਾਣਗੇ ਜੋ ਕਿ ਸਕੂਲਾਂ ਵਾਸਤੇ ਸਹੀ ਵਿਦਿਆਰਥੀ ਹਨ । ਇਸਤੋਂ ਪਤਾ ਲਗਦਾ ਹੈ ਕਿ ਰਾਜ ਸਰਕਾਰ ਹਰ 69 ਮੁੰਡਿਆਂ ਵਿਚੋਂ, ਇਕ ਨਾਲੋਂ ਵੱਧ ਨੂੰ ਪੜ੍ਹਣ ਯੋਗ ਉਮਰ ਵਿਚ ਪੜ੍ਹਾਈ ਦਾ ਮੌਕਾ ਨਹੀਂ ਦੇ ਸਕੀ।

"ਪੈਰਾ 13. ਬੰਬਈ ਵਿੱਚ ਸਿੱਖਿਆ ਦੇ ਅੰਕੜੇ" ਇਸਤੋਂ ਇਲਾਵਾ ਇਹ ਵੀ ਮੰਨਿਆ ਜਾ ਚੁੱਕਿਆ ਹੈ ਕਿ ਦੇਸੀ ਭਾਸ਼ਾਵਾਂ ਦੇ ਸਕੂਲਾਂ ਵਿਚ ਦਿੱਤੀ ਗਈ ਸਿੱਖਿਆ ਕਿਸੇ ਕੰਮ ਦੀ ਨਹੀਂ। ਮਿਸਟਰ ਵਿਲੋਬੀ ਦੇ ਮਸੌਦੇ ਦੀ ਬਹੁਤ ਸਾਰੀ ਨੁਕਤਾਚੀਨੀ ਇਨ੍ਹਾਂ ਸਕੂਲਾਂ ਦੇ ਨਾਕਸ ਚਰਿੱਤਰ ਅਤੇ ਨਿਕੰਮੇ ਨਤੀਜੇ ਤੇ ਹੈ । ਬੋਰਡ ਨਾ ਕੇਵਲ ਇਸ ਗੱਲ ਨੂੰ ਮੰਨਦਾ ਹੈ, ਬਲਕਿ ਇਸ ਤੋਂ ਪਿਛਲੇ ਕਈ ਵਰ੍ਹਿਆਂ ਤੋਂ ਇਸ ਗੱਲ ਨੂੰ ਜੋਰ ਪਾ ਕੇ ਦਸ ਰਿਹਾ ਹੈ, ਅਤੇ ਕੁਝ ਸਮਰੱਥ ਅਧਿਕਾਰੀਆਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਬੋਰਡ ਨੇ ਦੇਸ਼ੀ ਭਾਸ਼ਾ ਦੇ ਸਕੂਲਾਂ ਦੀਆਂ ਗਲਤੀਆਂ ਨੂੰ ਵਧਾ ਚੜ੍ਹਾ ਕੇ ਦਰਸਾਇਆ ਹੈ । ਪਰ ਆਖਰ ਇਨ੍ਹਾਂ ਦਰਸਾਈਆਂ ਗਲਤੀਆਂ ਨੂੰ ਸੁਧਾਰਨ ਦੇ ਸਪੱਸ਼ਟ ਉਪਾਅ ਕੀ ਹਨ ? ਮਿਸਟਰ ਵਿਲੋਬੀ ਨੇ ਇਨ੍ਹਾਂ ਨੂੰ ਬੜੇ ਵਧੀਆ ਢੰਗ ਨਾਲ ਬਿਆਨ ਕੀਤਾ ਹੈ :

'ਵਧੀਆ ਸਿੱਖਿਆ ਪ੍ਰਾਪਤ ਸਕੂਲ ਮਾਸਟਰ, ਚੰਗੇ ਸਕੂਲ, ਸੁਚਾਰੂ ਦੇਖਭਾਲ, ਦੇਸੀ ਸਾਹਿਤ ਵਿਚ ਵਾਧਾ। ਪਰ ਇਨ੍ਹਾਂ ਵਿਸ਼ਿਆਂ ਤੇ ਬੋਰਡ ਦਾ ਧਿਆਨ ਪਿਛਲੇ ਕਈ ਵਰ੍ਹਿਆਂ ਤੋਂ ਹੈ ਅਤੇ ਇਨ੍ਹਾਂ ਬਾਰੇ ਕੋਈ ਵੀ ਕਦਮ ਚੁੱਕਣ ਦਾ ਮਤਲਬ ਹੋਵੇਗਾ ਵਾਧੂ ਖਰਚਾ । ਜਦੋਂ ਕਿ ਜਨਾਬਆਲੀ , ਸਲਾਹਕਾਰ ਦੇ ਖਤ ਵਿਚ ਸਾਨੂੰ ਦੱਸਿਆ ਗਿਆ ਹੈ ਕਿ ਆਉਣ ਵਾਲੇ ਕਾਫੀ ਸਮੇਂ ਤਕ ਸਰਕਾਰ ਵਿਚ ਬੋਰਡ ਨੂੰ ਵਾਧੂ ਮਾਲੀ ਮਦਦ

ਦੀ ਤਾਕਤ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ ।

ਪੈਰਾ 14. ਆਮ ਜਨਤਾ ਨੂੰ ਪੜ੍ਹਾਉਣ ਲਈ ਕੋਈ ਵੀ ਸਾਧਨ ਨਾ ਹੋਣ ਬਾਰੇ ਪਰਿਣਾਮ

ਉੱਪਰ ਲਿਖੀਆਂ ਗੱਲਾਂ ਤੋਂ ਇਹ ਸਾਫ ਹੋ ਜਾਂਦਾ ਹੈ ਕਿ ਜੇ 175 ਦੇਸੀ ਸਕੂਲਾਂ ਨੂੰ ਸਹੀ ਤਰੀਕੇ ਨਾਲ ਚਲਾਉਣ ਅਤੇ ਸਿਰਫ 10730 ਮੁੰਡਿਆਂ ਨੂੰ ਪੜ੍ਹਾਉਣ ਲਈ ਹੀ ਪੈਸਾ ਪੂਰਾ ਨਹੀਂ ਪੈਂਦਾ ਤਾਂ 'ਜਨਤਾ' ਅਰਥਾਤ 14 ਕਰੋੜਾਂ ਲੋਕਾਂ ਵਿਚੋਂ, ਉਨ੍ਹਾਂ ਨੌ ਲੱਖ ਮੁੰਡਿਆਂ ਨੂੰ ਜੋ ਬੰਬਈ ਰਾਜ ਵਿਚ ਹਨ, ਪੜ੍ਹਾਉਣ ਦਾ ਸਵਾਲ ਹੀ ਨਹੀਂ ਰਹਿੰਦਾ। ਇਹ ਐਸਾ ਨਿਸ਼ਾਨਾ ਹੈ, ਜਿਸਨੂੰ ਸਰਕਾਰ ਨੇ ਸੋਧਣਾ ਤਾਂ ਕੀ ਉਸਦੇ ਲਾਗੇ ਵੀ ਨਹੀਂ ਪਹੁੰਚ ਸਕਦੀ ਅਤੇ ਸਿੱਖਿਆ ਬੋਰਡਾਂ ਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਉਹ ਆਪਣੇ ਆਪ ਨੂੰ ਆਰਿਆਤ ਮੇਹਰਬਾਨੀ ਦੇ ਕਾਲਪਨਿਕ ਖਿਆਲਾਂ ਦੁਆਰਾ ਸੀਮਿਤ ਅਮਲੀ ਖੇਤਰ ਦੀ ਕਾਰਵਾਈ ਤੋਂ ਪਰ੍ਹੇ ਨਾ ਕਰਨ ।

ਪੈਰਾ 15. ਸੀਮਿਤ ਸਾਧਨਾਂ ਨਾਲ ਕੰਮ ਚਲਾਉਣ ਲਈ ਸਭ ਤੋਂ ਵਧੀਆਂ ਢੰਗ ਬਾਰੇ ਕੋਰਟ ਆਫ ਡਾਇਰੈਕਟਰਜ਼ ਦੇ ਵਿਚਾਰ ।

ਇਵੇਂ ਲਗਦਾ ਹੈ ਕਿ ਮਾਨਯੋਗ ਅਦਾਲਤ ਨੇ ਹਮੇਸ਼ਾਂ ਹੀ ਆਪਣੇ ਸਾਹਮਣੇ ਉਸ ਨਤੀਜੇ ਨੂੰ ਰੱਖਿਆ ਜਿਸਤੇ ਅਸੀਂ ਪਿਛਲੇ ਪੈਰੇ ਵਿਚ ਪਹੁੰਚੇ ਹਾਂ। ਇਹ ਜਾਣਦੇ ਹੋਏ ਕਿ ਉਹਨਾਂ ਲੋਕਾਂ ਨੂੰ ਸਿੱਖਿਅਕ ਤੌਰ ਤੇ ਅੱਗੇ ਵਧਾਉਣ ਦੀਆਂ ਕੋਸ਼ਿਸ਼ਾਂ ਬੜੇ ਛੋਟੇ ਪੱਧਰ ਤੇ ਹੀ ਹੋਣਗੀਆਂ। ਉਨ੍ਹਾਂ ਨੇ ਆਪਣੀਆਂ ਵੱਖ ਵੱਖ ਸਰਕਾਰਾਂ ਨੂੰ ਸੀਮਤ ਸਾਧਨਾਂ ਵਿਚ ਵਧੀਆ ਤੋਂ ਵਧੀਆ ਨਤੀਜੇ ਹਾਸਿਲ ਕਰਨ ਦੇ ਸਹੀ ਤਰੀਕੇ ਦੱਸਣਾ ਜ਼ਰੂਰੀ ਸਮਝਿਆ।ਅਸੀਂ ਇਸ ਵਿਸ਼ੇ ਤੇ ਉਨ੍ਹਾਂ ਦੇ ਮਦਰਾਸ ਸਰਕਾਰ ਨੂੰ ਦਿੱਤੇ ਸੁਝਾਵ ਪਹਿਲਾਂ ਹੀ ਲਿਖ ਚੁੱਕੇ ਹਾਂ (ਸਤਵਾਂ ਪੈਰਾ) ਅਤੇ ਸਰਕਾਰ ਨੂੰ ਉਨ੍ਹਾਂ ਦੀ ਉਸੇ ਮਿਤੀ ਦੀ ਡਾਕ ਇਸ ਗੱਲ ਦੀ ਪੁਸ਼ਟੀ ਕਰਦੀ ਹੈ : 'ਸਾਡੀ ਇਹ ਇੱਛਾ ਹੈ ਕਿ ਅਸੀਂ ਭਾਰਤੀ ਲੋਕਾਂ ਵਿਚ ਉਚ ਵਰਗ ਨੂੰ ਯੂਰਪੀਨ ਵਿਗਿਆਨ ਦੀ ਸਿਖਿਆ ਅਤੇ ਸਭਿਅ ਯੂਰਪ ਦਾ ਸਾਹਿਤ ਉਪਲਬਧ ਕਰਾ ਸਕੀਏ ।ਆਮ ਜਨਤਾ ਦਾ ਆਚਰਣ , ਆਖਰਕਾਰ ਉਨ੍ਹਾਂ ਲੋਕਾਂ, ਜਮਾਤਾਂ ਦੇ ਆਚਰਣ ਤੇ ਹੀ ਅਧਾਰਿਤ ਹੈ ਜਿਨ੍ਹਾਂ ਪਾਸ ਵਿਹਲ ਹੈ ਅਤੇ ਜੋ ਦੂਸਰੇ ਲੋਕਾਂ ਤੇ ਸੁਭਾਵਿਕ ਹੀ ਪ੍ਰਭਾਵ ਰੱਖਦੇ ਹਨ ।

"ਪੈਰਾ 16. ਭਾਰਤ ਦੇ ਉੱਚ ਵਰਗ ਕੌਣ ਹਨ ?"

ਹੁਣ ਜਦ ਕਿ ਇਹ ਗੱਲ ਸਾਬਤ ਹੋ ਚੁੱਕੀ ਹੈ ਕਿ ਆਬਾਦੀ ਦਾ ਇਕ ਛੋਟਾ ਜਿਹਾ ਹਿੱਸਾ ਹੀ ਸਰਕਾਰੀ ਸਿਖਿਆ ਅਧੀਨ ਲਿਆਇਆ ਜਾ ਸਕਦਾ ਹੈ , ਅਤੇ ਮਾਨਯੋਗ ਅਦਾਲਤ ਇਹ ਫੈਸਲਾ ਕਰ ਚੁੱਕੀ ਹੈ ਕਿ ਇਹ ਹਿੱਸਾ ਭਾਰਤ ਦਾ ਉਚ ਵਰਗ ਹੀ ਹੋਣਾ ਚਾਹੀਦਾ ਹੈ ਤਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਹ ਪਤਾ ਲਗਾਇਆ ਜਾਏ ਕਿ ਇਸ ਉੱਚ ਵਰਗ ਵਿਚ ਕੌਣ ਕੌਣ ਆਉਂਦਾ ਹੈ ।ਇਹ ਬੇਹੱਦ ਜ਼ਰੂਰੀ ਹੈ ਕਿ ਯੂਰਪੀ ਜਾਂਚ ਕਰਤਾ ਆਪਣੇ

ਮਨ ਯੂਰਪੀ ਤੁਲਨਾ ਤੋਂ ਹਟਾਉਣ, ਜੋ ਅਕਸਰ ਉਨ੍ਹਾਂ ਨੂੰ ਨਾ ਚਾਹੁੰਦੇ ਹੋਏ ਵੀ ਹੌਲੀ ਹੌਲੀ ਐਂਗਲੋ-ਇੰਡੀਅਨ ਖਿਆਲਾਂ ਵੱਲ ਧੱਕ ਦਿੰਦੀ ਹੈ । ਯੂਰਪ ਅਤੇ ਖਾਸ ਕਰਕੇ ਇੰਗਲੈਂਡ ਦੇ ਹਾਲਾਤ ਨੇ ਉਥੋਂ ਦੇ ਉਚ ਵਰਗ ਅਤੇ ਪਛੜੇ ਵਰਗ ਵਿਚਕਾਰ ਤੌਰ ਤਰੀਕੇ, ਮਾਲੀ ਹਾਲਤ, ਰਾਜਨੀਤਿਕ ਅਤੇ ਸਮਾਜਿਕ ਪ੍ਰਭਾਵ ਆਦਿ ਤੇ ਆਧਾਰਤ ਇਕ ਸਪੱਸ਼ਟ ਲਕੀਰ ਖਿੱਚ ਦਿੱਤੀ ਹੈ । ਪਰ ਭਾਰਤ ਵਿਚ ਜਿਥੇ ਕਿ ਹੋਰ ਤਾਨਾਸ਼ਾਹੀਆਂ ਵਾਂਗ ਕਿਸੇ ਵੀ ਬੰਦੇ ਨੂੰ ਛੋਟੇ ਅਹੁਦੇ ਤੋਂ ਲੈ ਕੇ ਰਾਜ ਦੇ ਵੱਡੇ ਤੋਂ ਵੱਡੇ ਅਹੁਦੇ ਤੇ ਬਿਠਾਉਣ ਲਈ ਸਿਰਫ ਰਾਜੇ ਦੀ ਮਰਜ਼ੀ ਦੀ ਲੋੜ ਹੈ, ਐਸੀ ਕੋਈ ਲਕੀਰ ਨਹੀਂ ਦਿਸਦੀ, ਅਤੇ ਇਸਦੇ ਨਤੀਜੇ ਦੇ ਤੌਰ ਤੇ ਲੋਕਾਂ ਦੇ ਤੌਰ- ਤਰੀਕਿਆਂ ਵਿਚ ਕਦੇ ਵੀ ਕੋਈ ਬਹੁਤਾ ਫਰਕ ਨਹੀਂ ਰਿਹਾ। ਅੰਗਰੇਜ਼ ਸੋਚ ਮੁਤਾਬਿਕ ਇਕ ਮੰਗਤਾ ਕੇਵਲ ਪਸ਼ੂਆਂ ਦੇ ਵਾੜੇ ਵਿਚ ਜਾਂ ਮਜ਼ਦੂਰੀ ਦੇ ਕੰਮ ਕਰਨ ਦੀ ਜਗ੍ਹਾ ਤੇ ਲਾਜ਼ਮੀ ਮਜ਼ਦੂਰੀ ਕਾਰਨ ਦੇ ਕਾਬਿਲ ਹੈ, ਜਦ ਕਿ ਭਾਰਤ ਵਿਚ ਉਸਨੂੰ ਇਕ ਸਨਮਾਨਯੋਗ ਦਰਜ਼ਾ ਦਿੱਤਾ ਜਾਂਦਾ ਹੈ ਅਤੇ ਬ੍ਰਾਹਮਣਾਂ ਦੇ ਮੁਤਾਬਿਕ ਉਹ ਮਾਨਯੋਗ ਹੈ ਕਿਉਂਕਿ ਉਸਨੇ ਦੁਨੀਆਂਦਾਰੀ ਨੂੰ ਤਿਆਗ ਕੇ ਸਨਿਆਸ ਲੈ ਰੱਖਿਆ ਹੈ ਅਤੇ ਗਿਆਨ ਪ੍ਰਾਪਤੀ ਦੇ ਰੱਬ ਵੱਲ ਨਿਰਵਿਘਨ ਧਿਆਨ ਲਾਇਆ ਹੋਇਆ ਹੈ ।

"ਪੈਰਾ 17. ਭਾਰਤ ਵਿਚ ਉੱਚ ਵਰਗ ਉਹ ਵਰਗ ਜਿਨ੍ਹਾਂ ਨੂੰ ਭਾਰਤ ਦੇ ਪ੍ਰਭਾਵੀ ਅਤੇ ਉਚ ਵਰਗ ਕਿਹਾ ਜਾ ਸਕਦਾ ਹੈ, ਹੇਠ ਲਿਖਤ ਹਨ :

1. ਜ਼ਿਮੀਦਾਰ ਅਤੇ ਜਾਗੀਰਦਾਰ, ਪੁਰਾਣੀਆਂ ਬਾਦਸ਼ਾਹੀਆਂ ਦੇ ਨੁਮਾਇੰਦੇ ਅਤੇ ਦੇਸੀ ਤਾਕਤਾਂ ਦੇ ਉਚ ਅਫਸਰ, ਅਤੇ ਉਹ ਜੋ ਭਾਰਤ ਦੇ ਸੈਨਿਕ (ਖੱਤੱਰੀ) ਵਰਗਾ ਕਹਾਉਂਦੇ ਹਨ ।

2. ਉਹ ਲੋਕ ਜਿਨ੍ਹਾਂ ਨੇ ਵਪਾਰ ਵਿਚ ਧੰਨ ਦੌਲਤ ਇਕੱਠੀ ਕੀਤੀ ਹੈ ਜਾਂ ਵਪਾਰੀ ਤਬਕਾ ।

3. ਸਰਕਾਰ ਦੇ ਉੱਚ ਅਫਸਰ।

4. ਬ੍ਰਾਹਮਣ, ਜਿਨ੍ਹਾਂ ਨਾਲ, ਉੱਚੀ ਜ਼ਾਤ ਦੇ ਉਹ ਲਿਖਾਰੀ ਜੋ ਕਲਮ ਦੇ ਆਸਰੇ ਜਿਉਂਦੇ ਹਨ, ਜਿਵੇਂ ਕਿ ਬੰਬਈ ਵਿਚ ਸ਼ੇਨਵੀ ਅਤੇ ਪ੍ਰਭੂ ਜਾਤੀ ਦੇ ਲੋਕ, ਬੰਗਾਲ ਵਿਚ ਕਾਇਸਥ, ਪਰ ਉਦੋਂ ਹੀ ਜਦੋਂ ਉਹ ਸਿਖਿਆ ਵਿਚ ਉਚਾ ਦਰਜਾ ਰੱਖਦੇ ਹੋਣ ਜਾਂ ਫਿਰ ਉਂਜ ਕਿਸੇ ਆਹੁਦੇ ਤੇ ਹੋਣ ।

"ਪੈਰਾ 18. ਬ੍ਰਾਹਮਣ ਸਭ ਤੋਂ ਵੱਧ ਪ੍ਰਭਾਵੀ ਉੱਪਰ ਦਿਤੇ ਚਾਰ ਵਰਗਾਂ 'ਚ ਬੇਸ਼ੱਕ ਸਭ ਤੋਂ ਵੱਧ ਪ੍ਰਭਾਵੀ, ਸਭ ਤੋਂ ਵੱਧ ਗਿਣਤੀ ਵਾਲੇ ਅਤੇ ਸਰਕਾਰ ਦੀ ਨੀਤੀ ਹੇਠ ਸਭ ਤੋਂ ਆਸਾਨ ਸ਼ੁਮਾਰ ਵਿਚ ਆਉਣ ਵਾਲਾ ਵਰਗ, ਅਖੀਰਲਾ ਵਰਗ ਹੀ ਹੈ। ਇਹ ਸਾਫ ਹੈ ਕਿ ਸਾਡੇ ਭਾਰਤ ਵਿਚ ਪੁਰਾਣੇ ਜਗੀਰਦਾਰ ਅਤੇ ਸੈਨਿਕ ਹੌਲੀ ਹੌਲੀ ਮੰਦੇ ਹਾਲ ਹੁੰਦੇ ਜਾ ਰਹੇ ਹਨ । ਉਨ੍ਹਾਂ ਦਾ ਪੁਰਾਣਾ ਕਿੱਤਾ ਛੁੱਟ ਗਿਆ ਹੈ ਅਤੇ

ਉਨ੍ਹਾਂ ਨੇ ਕੋਈ ਨਵਾਂ ਕੰਮ ਕਰਨ ਵਿਚ ਨਾ ਤੇ ਕੋਈ ਰੁਚੀ ਦਿਖਾਈ ਦਿੰਦੀ ਹੈ ਤੇ ਨਾ ਕੋਈ ਯੋਗਤਾ ਅਤੇ ਨਾ ਹੀ ਉਹ ਸ਼ਾਂਤੀ ਨਾਲ ਰਹਿਣ ਦੇ ਆਦੀ ਹੀ ਹੋਏ ਹਨ। ਰਾਜ ਵਿਚ ਮਿਸਟਰ ਐਲਫਿਨਸਟਨ ਅਤੇ ਉਨ੍ਹਾਂ ਦੇ ਉਤਰ ਅਧਿਕਾਰੀਆਂ ਨੇ ਜ਼ਿਮੀਂਦਾਰੀ ਨੂੰ ਸਹਾਰਾ ਦੇਣ ਦੀ ਜੋ ਕੋਸ਼ਿਸ਼ ਕੀਤੀ, ਉਹ ਨਾਕਾਮ ਰਹੀ , ਅਤੇ ਇਸ ਮੁਕੰਮਲ ਹਾਰ ਦੇ ਬਾਵਜੂਦ ਉਨ੍ਹਾਂ ਨਸਲਾਂ ਨੂੰ ਸ਼ਹਿਰੀ ਸਨਮਾਨ ਅਤੇ ਸਿਖਿਆ ਦੇ ਕੇ ਲੋਕਾਂ ਤੋਂ ਉਚਤਾ ਦੇਣ ਦੇ ਸਾਰੇ ਹੀਲੇ ਕੀਤ ਗਏ, ਪਰ ਉਨ੍ਹਾਂ' ਤੇ ਕੋਈ ਅਸਰ ਨਾ ਹੋਇਆ, ਪਰ ਉਨ੍ਹਾਂ ਦੇ ਸੁਰੱਖਿਆ ਦੇ ਹਿੰਦੁਸਤਾਨ ਦੇ ਮੈਦਾਨਾਂ ਵਿਚ ਸਫਲ ਹਮਲਿਆਂ ਦਾ ਵਿਅਰਥ ਤੇ ਫਜ਼ੂਲ ਖਰਚੀ ਦਾ ਦਿਖਾਵਾ ਹੀ ਰਿਹਾ, ਅਤੇ ਨਾ ਹੀ ਵਪਾਰੀ ਵਰਗ ਵਿਚ, ਕੁਝ ਇਕ ਨੂੰ ਛੱਡ ਕੇ , ਉਚ ਪੱਧਰੀ ਸਿਖਿਆ ਦਾ ਬਹੁਤਾ ਪ੍ਰਭਾਵ ਪਿਆ । ਜਿਵੇਂ ਸਾਰੇ ਮੁਲਕਾਂ ਵਿਚ, ਪ੍ਰੰਤੂ ਭਾਰਤ ਵਿਚ ਯੂਰਪ ਦੇ ਬਹੁਤੇ ਸਭਿਅ ਮੁਲਕਾਂ ਤੋਂ ਵੱਧ ਜੁਆਨ ਸੌਦਾਗਰ ਜਾਂ ਵਪਾਰੀ ਆਪਣੇ ਕਿੱਤੇ ਜਾਂ ਵਪਾਰਕ ਦਫਤਰਾਂ ਲਈ ਲੋੜੀਂਦੀ ਵਿਸ਼ੇਸ਼ ਸਿਖਿਆ ਪ੍ਰਾਪਤੀ ਲਈ ਜਲਦੀ ਹੀ ਸਕੂਲ ਛੱਡ ਜਾਂਦੇ ਹਨ । ਅੰਤ ਵਿਚ ਰਾਜ ਦੇ ਕਰਮਚਾਰੀ, ਭਾਵੇਂ ਉਨ੍ਹਾਂ ਦਾ ਪ੍ਰਭਾਵ ਸਰਕਾਰ ਦੇ ਸੰਪਰਕ ਵਿਚ ਆਉਣ ਵਾਲੇ ਬਹੁ-ਗਿਣਤੀ ਦੇ ਲੋਕਾਂ ' ਤੇ ਹੁੰਦਾ ਹੈ , ਹਾਲੇ ਵੀ ਸਰਕਾਰ ਦੇ ਸੰਪਰਕ ਵਿਚ ਨਾ ਆਉਣ ਵਾਲੇ ਲੋਕਾਂ ਦੀ ਭਾਰੀ ਗਿਣਤੀ ਤੇ ਕੋਈ ਅਸਰ ਨਹੀਂ ਰੱਖਦੇ, ਅਤੇ, ਦਰਅਸਲ, ਜਾਪਦਾ ਹੈ ਕਿ ਲੋਕਾਂ ਵਿਚ ਉਨ੍ਹਾਂ ਦਾ ਵੀ ਅਵਿਸ਼ਵਾਸ਼ ਹੀ ਪੈਦਾ ਹੋਇਆ ਹੈ ਜਿਵੇਂ ਕਿ ਇੰਗਲੈਂਡ ਵਿਚ ਸਰਕਾਰੀ ਕਰਮਚਾਰੀਆਂ ਦਾ ਹੈ, ਜਿਨ੍ਹਾਂ ਨੂੰ ਆਮ ਲੋਕਾਂ ਵਲੋਂ ਸਰਕਾਰ ਦੇ ਕੇਵਲ ਚਮਚੇ ਸਮਝਿਆ ਜਾਂਦਾ ਹੈ ।

"ਪੈਰਾ 19. ਬ੍ਰਾਹਮਣਾਂ ਦੀ ਗਰੀਬੀ

ਉਪਰੋਕਤ ਵਿਸ਼ਲੇਸ਼ਣ , ਬੇਸ਼ਕ, ਲੰਬਾ ਜਾਪਦਾ ਹੈ, ਐਪਰ, ਇਸਤੋਂ ਕੱਢੇ ਜਾ ਸਕਦੇ ਕੁਝ ਮਹੱਤਵਪੂਰਨ ਸਿੱਟਿਆਂ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ । ਪਹਿਲਾ, ਇਸਤੋਂ ਸਪੱਸ਼ਟ ਹੈ ਕਿ ਪ੍ਰਭਾਵੀ ਜਮਾਤ, ਜਿਸਨੂੰ ਸਰਕਾਰ ਵਲੋਂ ਸਿੱਖਿਆ ਦੇ ਬੀਜ ਬੀਜਣ ਲਈ ਵਰਤਿਆ ਜਾ ਸਕਦਾ ਹੈ , ਉਹ ਬ੍ਰਾਹਮਣ ਹਨ ਅਤੇ ਹੋਰ ਜੋ ਬ੍ਰਾਹਮਣਾਂ ਨਾਲ ਸੰਬੰਧਿਤ ਉਚੀਆਂ ਜਾਤੀਆਂ ਹਨ। ਪਰੰਤੂ ਇਨ੍ਹਾਂ ਬ੍ਰਾਹਮਣ ਅਤੇ ਇਨ੍ਹਾਂ ਉੱਚੀਆਂ ਜਾਤੀਆਂ ਵਿਚ ਬਹੁਤ ਸਾਰੇ ਲੋਕ ਬਹੁਤ ਹੀ ਗਰੀਬ ਹਨ, ਅਤੇ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਵਿਚ ਬ੍ਰਾਹਮਣ ਸ਼ਬਦ ' ਭਿਖਾਰੀ' ਦਾ ਸਮਾਨ -ਅਰਥ ਹੈ ।

"ਪੈਰਾ 20. ਅਮੀਰ ਵਰਗ ਇਸ ਸਮੇਂ ਉੱਚ ਪੱਧਰੀ ਸਿੱਖਿਆ ਦੀ ਹਮਾਇਤ ਨਹੀਂ ਕਰਨਗੇ ।

ਅਸੀਂ ਇਸਨੂੰ ਦੇਖੀਏ ਕਿ ਇਸਨੂੰ ਸਾਡੇ ਤੇ ਲਾਗੂ ਕਰਨ ਲਈ ਪ੍ਰੀਸ਼ਦ ਵਿਚ ਮਾਨਯੋਗ ਅਦਾਲਤ ਵੱਲੋਂ ਆਪਣੇ ਪੱਤਰ ਮਿਤੀ 24 ਅਪਰੈਲ , 1850 ਰਾਹੀਂ ਪੁਰਜ਼ੋਰ ਸਿਫਾਰਸ਼ ਕੀਤੀ ਹੈ, ਕਿੰਨੀ ਬੇਹੂਦਾ ਹੈ, ਜੋ ਉਪਰੋਂ ਦੇਖਣ ਵਿਚ ਕਿੰਨਾ ਖੂਬਸੂਰਤ ਅਤੇ ਉਚਿਤ ਜਾਪਦਾ ਹੈ ਜੋ ਦਰਅਸਲ ਬੋਰਡ ਬਾਰ ਬਾਰ ਅਜਮਾ ਚੁੱਕਿਆ ਹੈ, ਜਿਵੇਂ ਕਿ ਅਮੀਰਾਂ ਲਈ ਹੀ ਉਚੀ ਸਿੱਖਿਆ ਸੀਮਿਤ ਰੱਖਣਾ, ਜਿਹੜੇ ਉਸ ਲਈ ਖਰਚ ਕਰ ਸਕਦੇ

ਹਨ ਅਤੇ ਉਨ੍ਹਾਂ ਜੁਆਨਾਂ ਲਈ ਜਿਹੜੇ ਵਿਲੱਖਣ ਬੁੱਧੀ ਦੇ ਮਾਲਕ ਹੋਣ। ਬੋਰਡ ਵੱਲੋਂ ਜਦੋਂ ਵੀ ਅਜਿਹੀ ਕੋਸ਼ਿਸ਼ ਕੀਤੀ ਗਈ, ਉਨ੍ਹਾਂ ਨੂੰ ਆਮ ਤੌਰ 'ਤੇ ਇਹੀ ਜਵਾਬ ਮਿਲਿਆ ਕਿ ਅਮੀਰ ਉਚ ਪੱਧਰੀ ਸਿੱਖਿਆ ਨੂੰ ਕੋਈ ਮਹੱਤਤਾ ਨਹੀਂ ਦਿੰਦੇ ਅਤੇ ਗਰੀਬਾਂ ਵਿਚ ਵਿਲੱਖਣ ਬੁਧੀਮੱਤਾ ਲੱਭਣ ਦੇ ਕੋਈ ਸਾਧਨ ਨਹੀਂ ਹਨ, ਜਿੰਨਾ ਚਿਰ ਸਕੂਲੀ ਸਿੱਖਿਆ ਰਾਹੀਂ ਉਨ੍ਹਾਂ ਦੀ ਯੋਗਤਾ ਦੀ ਪ੍ਰੀਖਿਆ ਨਹੀਂ ਲਈ ਜਾਂਦੀ ਅਤੇ ਉਨ੍ਹਾਂ ਦੀ ਯੋਗਤਾ ਦਾ ਵਿਕਾਸ ਨਹੀਂ ਕੀਤਾ ਜਾਂਦਾ। ਬੇਸ਼ਕ ਅਮੀਰਾਂ ਦਾ ਇਕ ਛੋਟਾ ਜਿਹਾ ਵਰਗ ਅਜਿਹੀ ਸਿੱਖਿਆ ਪ੍ਰਾਪਤ ਕਰ ਰਿਹਾ ਹੈ, ਜਿਨ੍ਹਾਂ ਦੁਆਰਾ ਉੱਚੀ ਸਿੱਖਿਆ ਦੇ ਫਾਇਦਿਆਂ ਨੂੰ ਮਾਨਤਾ ਦਿੱਤੀ ਜਾਂਦੀ ਹੈ, ਇਹ ਬੰਗਾਲ ਵਿਚ ਜ਼ਿਆਦਾ ਦਿਖਾਈ ਦੇਂਦਾ ਹੈ, ਜਿੱਥੇ ਸਰਕਾਰ ਦੁਆਰਾ ਸਿੱਖਿਆ ਦਾ ਪ੍ਰਸਾਰ ਬੰਬਈ ਨਾਲੋਂ ਕਿਤੇ ਵੱਧ ਕੀਤਾ ਗਿਆ ਹੈ ਅਤੇ ਅਸੀਂ ਇਸ ਨੂੰ ਲਾਜ਼ਮੀ ਸਮਝਦੇ ਹਾਂ ਕਿ ਅਜਿਹੇ ਵਰਗ ਵਿਚ ਵਾਧਾ ਹੋਵੇ, ਕਿਉਂਕਿ ਸਾਡਾ ਇਹ ਤਜਰਬਾ ਹੈ ਕਿ ਉਚੀਆਂ ਪ੍ਰਾਪਤੀਆਂ ਹੀ ਪ੍ਰਸਿੱਧੀ ਵੱਲ, ਅਤੇ ਸਮਾਜਿਕ ਬਰਾਬਰੀ ਦੇ ਆਧਾਰ ਤੇ ਯੂਰਪੀਨ ਨਾਲ ਨੇੜੇ ਹੋ ਕੇ ਗਲਬਾਤ ਕਰਨ ਵੱਲ ਲਿਜਾਂਦੀਆਂ ਹਨ, ਪ੍ਰੰਤੂ ਇਸ ਸਮੇਂ, ਆਮ ਸੁਝਾਅ ਦੇ ਤੌਰ 'ਤੇ, ਅਸੀਂ ਇਸ ਗੱਲ ਤੋਂ ਸੰਤੁਸ਼ਟ ਹਾਂ ਕਿ ਯੂਰਪੀ ਕਾਲਾਵਾਂ ਅਤੇ ਵਿਗਿਆਨ ਵਿੱਚ ਵਿਦਿਅਕ ਯੋਗਤਾਵਾਂ ਭਾਰਤ ਦੇ ਵਿਦਿਆਰਥੀਆਂ ਦੇ ਯੋਗਦਾਨ ਜਾਂ ਅਮੀਰ ਵਰਗ ਦੀ ਦੌਲਤ ਤੇ ਆਧਾਰਿਤ ਨਹੀਂ ਹਨ।

"ਪੈਰਾ 21 ਨੀਵੀਆਂ ਜਾਤੀਆਂ ਨੂੰ ਸਿੱਖਿਆ ਦੇਣ ਬਾਰੇ ਪ੍ਰਸ਼ਨ।

ਪਿਛਲੇ ਕਈ ਸਾਲਾਂ ਦੇ ਤਜਰਬੇ ਤੋਂ ਜੋ ਸਾਡੇ ਧਿਆਨ ਵਿੱਚ ਆਇਆ ਹੈ ਅਤੇ ਉਪਰੋਕਤ ਤੱਥਾਂ ਤੋਂ ਇਹੀ ਸਿੱਟਾ ਨਿਕਲਦਾ ਹੈ ਕਿ ਉੱਚੀਆਂ ਜਾਤੀਆਂ ਦੇ ਗਰੀਬਾਂ ਦੇ ਬੱਚਿਆਂ ਲਈ, ਜੋ ਸਾਡੇ ਕੋਲੋਂ ਸ਼ਿੱਖਿਆ ਪ੍ਰਾਪਤ ਕਰਨਾ ਚਾਹੁੰਦੇ ਹੋਣ, ਬਹਤ ਜ਼ਿਆਦਾ ਮੌਕੇ ਪ੍ਰਦਾਨ ਕੀਤੇ ਜਾਣ, ਪ੍ਰਤੂ, ਇਥੇ ਫਿਰ ਇਕ ਉਲਝਣ ਖੜ੍ਹੀ ਹੁੰਦੀ ਹੈ ਜਿਸ ਨੂੰ ਧਿਆਨ ਵਿੱਚ ਰੱਖਣਾ ਅਤਿ ਜ਼ਰੂਰੀ ਹੈ: ਜੇਕਰ ਗਰੀਬਾਂ ਦੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਖੁਲ੍ਹੇਆਮ ਦਾਖਲ ਕੀਤਾ ਜਾਂਦਾ ਹੈ, ਤਦ ਦਲਿਤ ਵਰਗਾਂ ਦੇ ਬੱਚਿਆਂ ਨੂੰ ਦਾਖਲ ਕਰਨ ਵਿੱਚ ਕੀ ਰੁਕਾਵਟ ਹੈ, ਜਿਵੇਂ ਕਿ ਢੇਡ ਮਹਾਰ ਆਦਿ ?

"ਪੈਰਾ 22. ਹਿੰਦੂਆਂ ਦਾ ਸਮਾਜਿਕ ਪੱਖਪਾਤ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜੇਕਰ ਦਲਿਤ ਵਰਗਾਂ ਨੇ ਬੰਬਈ ਵਿੱਚ ਇਕ ਅਜਿਹੀ ਜਮਾਤ ਬਣਾਉਣੀ ਹੈ ਤਾਂ, ਉਨ੍ਹਾਂ ਨੂੰ, ਬੋਰਡ ਦੀ ਸੇਵਾ ਵਿੱਚ ਕੰਮ ਕਰ ਰਹੇ ਅਜਿਹੇ ਪ੍ਰੋਫੈਸਰਾਂ ਅਤੇ ਮਾਸਟਰਾਂ ਦੇ ਸੇਧਕ ਪ੍ਰਭਾਵ ਅਧੀਨ ਸਿੱਖਿਅਤ ਕਰਨਾ ਚਾਹੀਦਾ ਹੈ ਤਾਂ ਕਿ ਉਹ ਕਿਸੇ ਵੀ ਜਾਤੀ ਦੇ ਉੱਚੀ ਲਿਆਕਤ ਦੇ ਲੋਕਾਂ ਦੇ ਬਰਾਬਰ ਹੋ ਜਾਣ ਅਤੇ ਉਹ ਅਜਿਹੀ ਯੋਗਤਾ ਪ੍ਰਾਪਤ ਕਰਨ ਕਿ ਉਨ੍ਹਾਂ ਲਈ ਦੇਸੀ ਯੋਗਤਾ ਰੱਖਣ ਵਾਲੇ ਲੋਕਾਂ ਲਈ ਖੁੱਲ੍ਹੇ ਉਚੇ ਅਹੁੱਦੇ ਜੱਜ, ਗਰੈਂਡ ਜਿਊਰੀ, ਸ਼ਾਂਤੀ ਲਈ ਮਹਾਂਰਾਣੀ ਵਲੋਂ ਨਿਯੁਕਤ

ਆਯੋਗ ਪ੍ਰਾਪਤ ਕਰਨ ਲਈ ਕੋਈ ਰੁਕਾਵਟ ਨਾ ਜਾਪੇ। ਬਹੁਤ ਮਿਹਰਬਾਨ ਲੋਕਾਂ ਦਾ ਵਿਚਾਰ ਹੈ ਕਿ ਇਹ ਬਰਤਾਨੀਆ ਸਰਕਾਰ ਵਿੱਚ ਗੁਲਾਮੀ ਅਤੇ ਕਮਜ਼ੋਰੀ ਦੀ ਹੱਦ ਹੈ ਕਿ ਇਨ੍ਹਾਂ ਖਦਸ਼ਿਆਂ ਦੇ ਥੱਲੇ ਲਗਣਾ ਕਿ ਹਿੰਦੂ ਬਰਾਦਰੀ ਵਿੱਚ ਅਜਿਹੀਆਂ ਨਿਯੁਕਤੀਆਂ ਨਾਲ ਘ੍ਰਿਣਾ ਪੈਦਾ ਹੋਵੇਗੀ ਅਤੇ ਜ਼ਾਤ-ਪਾਤ ਦੀਆਂ ਹੱਦਾਂ ਉੱਤੇ ਖੁੱਲ੍ਹੇ ਆਮ ਹਮਲਾ ਕਰਨਾ ਚਾਹੀਦਾ ਹੈ।

"ਪੈਰਾ 23 ਮਾਨ ਯੋਗ ਮਾਊਂਟ ਸਟੂਅਰਟ ਐਲਫੈਨਸਟਨ ਵਲੋਂ ਕੀਤੀਆਂ ਗਈਆਂ ਬੁੱਧੀਮਾਨ ਟਿਪਣੀਆਂ।

ਪ੍ਰੰਤੂ ਇਥੇ ਸ੍ਰੀ ਐਲਫੈਨਸਟਨ, ਜੋ ਭਾਰਤ ਵਿਚ ਬਹੁਤ ਖੁਲ੍ਹੇ ਦਿਲ ਵਾਲਾ ਅਤੇ ਆਜ਼ਾਦ ਖਿਆਲਾਂ ਵਾਲਾ ਸੀ, ਦੀਆਂ ਬੁਧੀਮਾਨ ਟਿੱਪਣੀਆਂ ਤੋਂ ਸੱਚੇ ਕਰਮ ਪ੍ਰਸ਼ਾਸ਼ਨ ਦਾ ਪਤਾ ਲੱਗਦਾ ਹੈ। ਉਹ ਕਹਿੰਦਾ ਹੈ ਕਿ "ਇਹ ਵੇਖਿਆ ਗਿਆ ਹੈ ਕਿ ਮਿਸ਼ਨਰੀਆਂ ਦੀ ਰਿਪੋਰਟ ਅਨੁਸਾਰ ਨੀਵੀਆਂ ਜਾਤੀਆਂ ਸਭ ਤੋਂ ਵਧੀਆ ਵਿਦਿਆਰਥੀ ਹਨ; ਪ੍ਰੰਤੂ ਸਾਨੂੰ ਸੁਚੇਤ ਰਹਿਣਾ ਚਾਹੀਦਾ ਹੈ ਕਿ ਉਨ੍ਹਾਂ ਜਾਤੀਆਂ ਦੇ ਲੋਕਾਂ ਨੂੰ ਵਿਸ਼ੇਸ਼ ਅਧਿਕਾਰ ਕਿਵੇਂ ਦੇਈਏ; ਉਨ੍ਹਾਂ ਨੂੰ ਕੇਵਲ ਸਭ ਤੋਂ ਵੱਧ ਘ੍ਰਿਣਾ ਹੀ ਨਹੀਂ ਕੀਤੀ ਜਾਂਦੀ, ਬਲਕਿ ਉਹ ਸਮਾਜ ਦੀ ਵੰਡ ਵਿੱਚ ਘੱਟ ਗਿਣਤੀ ਵਿੱਚ ਵੀ ਹਨ ਅਤੇ ਇਸ ਗੱਲ ਦਾ ਡਰ ਵੀ ਹੈ ਕਿ ਜੇਕਰ ਸਾਡੀ ਸਿੱਖਿਆ ਪ੍ਰਣਾਲੀ ਉਨ੍ਹਾਂ ਵਿੱਚ ਪਹਿਲਾਂ ਜੜ੍ਹਾਂ ਪਕੜ ਗਈ, ਇਹ ਕਦੇ ਵੀ ਵਧੇਗੀ ਨਹੀਂ, ਅਤੇ ਸਾਡੇ ਵਿੱਚ ਇਕ ਹੋਰ ਜਮਾਤ ਹੋਵੇਗੀ ਜੋ ਬਾਕੀਆਂ ਨਾਲੋਂ ਲਾਹੇਵੰਦ ਗਿਆਨ ਵਿੱਚ ਉੱਪਰ ਹੋਵੇਗੀ, ਪ੍ਰੰਤੂ ਉਨ੍ਹਾਂ ਜਾਤੀਆਂ ਵੱਲੋਂ, ਜਿਹੜੀਆਂ ਇਨ੍ਹਾਂ ਨਵੀਆਂ ਪ੍ਰਾਪਤੀਆਂ ਲਈ ਸਾਨੂੰ ਪ੍ਰੇਰਿਤ ਕਰਨਗੀਆਂ ਕਿ ਉਨ੍ਹਾਂ ਨੂੰ ਤਰਜੀਹ ਦਿੱਤੀ ਜਾਵੇ, ਇਨ੍ਹਾਂ ਜਾਤੀਆਂ ਨੂੰ ਨਫਰਤ ਅਤੇ ਘ੍ਰਿਣਾ ਕੀਤੀ ਜਾਵੇਗੀ। ਅਜਿਹੀ ਸਥਿੱਤੀ ਤਦ ਹੀ ਉਚਿਤ ਹੋਵੇਗੀ, ਜੇਕਰ ਅਸੀਂ ਅਬਾਦੀ ਦੇ ਕੁੱਝ ਹਿੱਸੇ ਨੂੰ ਤਾਕਤ ਦੇਣ ਲਈ ਸੰਤੁਸ਼ਟ ਹੋਈਏ ਜਿਸਦਾ ਸਬੰਧ ਬਹੁ-ਗਿਣਤੀ ਨਾਲ ਕਿਸੇ ਤਰ੍ਹਾਂ ਵੀ ਨਾ ਹੋਵੇ।"

5. ਇਸ ਤਰ੍ਹਾਂ, ਇਹ ਸਪੱਸ਼ਟ ਹੈ ਕਿ ਜੇਕਰ ਬੰਬਈ ਰਿਆਸਤ ਵਿੱਚ 1855 ਤੋਂ ਪਹਿਲਾਂ ਦਲਿਤ ਵਰਗਾਂ ਨਹੀਂ ਸਕੂਲ ਨਹੀਂ ਖੋਲ੍ਹੇ ਗਏ ਸਨ ਤਾਂ ਇਹ ਉੱਚ ਜਾਤੀਆਂ ਦੇ ਗਰੀਬਾਂ, ਖਾਸ ਕਰਕੇ ਗਰੀਬ ਬ੍ਰਾਹਮਣਾਂ ਨੂੰ ਸਿੱਖਿਆ ਦੇ ਫਾਇਦੇ ਨਾ ਦੇਣ ਲਈ ਅੰਗਰੇਜ਼ ਸਰਕਾਰ ਦੀ ਜਾਣ ਬੁਝਕੇ ਅਪਣਾਈ ਗਈ ਨੀਤੀ ਸੀ। ਇਹ ਨੀਤੀ ਸਹੀ ਸੀ ਜਾਂ ਗਲਤ, ਅਲੱਗ ਗੱਲ ਹੈ, ਫਿਰ ਵੀ, ਇਹ ਸੱਚ ਹੈ ਕਿ ਇਸ ਸਮੇਂ ਦੇ ਦੌਰਾਨ ਦਲਿਤ ਵਰਗਾਂ ਨੂੰ ਸਿੱਖਿਆ ਰੂਪੀ ਵਰਦਾਨ ਦਾ ਹਿੱਸਾ ਪ੍ਰਾਪਤ ਕਰਨ ਦੀ ਸਰਕਾਰ ਵੱਲੋਂ ਆਗਿਆ ਨਹੀਂ ਸੀ।

2. 1854 ਤੋਂ 1882 ਤੱਕ

6. 19 ਜੁਲਾਈ 1854 ਦੀ ਆਪਣੀ 49 ਨੰਬਰ ਚਿੱਠੀ ਵਿੱਚ ਕੋਰਟ ਆਫ ਡਾਇਰੈਕਟਰਜ਼ ਨੇ ਕਿਹਾ: "ਜੇ ਇਹ ਹੋ ਸਕੇ, ਤਾਂ ਸਾਡਾ ਧਿਆਨ ਹੁਣ ਉਸ ਗੱਲ ਵੱਲ

ਲੱਗ ਜਾਣਾ ਚਾਹੀਦਾ ਹੈ ਜਿਸ ਦੇ ਉੱਤੇ ਅਜੇ ਤਕ ਧਿਆਨ ਨਹੀਂ ਦਿੱਤਾ, ਯਾਨੀ ਕਿ ਵਿਵਹਾਰਿਕ ਅਤੇ ਕੰਮ ਆਉਣ ਵਾਲੀ ਜਾਣਕਾਰੀ ਲੋਕਾਂ ਨੂੰ ਕਿਵੇਂ ਚੰਗੇ ਢੰਗ ਨਾਲ ਦਿੱਤੀ ਜਾਵੇ, ਖਾਸ ਕਰਕੇ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਲਈ ਬਿਨਾਂ ਸਹਾਇਤਾ ਸਿੱਖਿਆ ਪ੍ਰਾਪਤ ਕਰਨਾ ਨਾ-ਮੁਮਕਿਨ ਹੈ ਅਤੇ ਭਵਿੱਖ ਵਿੱਚ ਅਸੀਂ ਸਰਕਾਰ ਦੀਆਂ ਕੋਸ਼ਿਸ਼ਾਂ ਨੂੰ ਇਸ ਉਦੇਸ਼ ਵਲ ਖ਼ਾਸ ਤੌਰ ਤੇ ਲੱਗੇ ਵੇਖਣਾ ਚਾਹੁੰਦੇ ਹਾਂ ਜਿਸ ਦੀ ਪੂਰਤੀ ਲਈ ਅਸੀਂ ਕਾਫ਼ੀ ਖ਼ਰਚਾ ਵਧਾਉਣ ਲਈ ਵੀ ਤਿਆਰ ਹਾਂ। ਇਸ ਚਿੱਠੀ ਨੂੰ ਭਾਰਤ ਵਿਚ ਆਮ ਲੋਕਾਂ ਦੀ ਸਿਖਿਆ ਦੀ ਨੀਂਹ ਮੰਨਿਆ ਜਾਂਦਾ ਹੈ। ਇਸ ਨੀਤੀ ਦੇ ਨਤੀਜਿਆਂ ਦੀ ਜਾਂਚ ਪਹਿਲੇ ਭਾਰਤੀ ਸਿਖਿਆ ਕਮਿਸ਼ਨ, ਹੰਟਰ ਕਮਿਸ਼ਨ ਵਲੋਂ 1882 ਵਿਚ ਕੀਤੀ ਗਈ। ਇਨ੍ਹਾਂ 28 ਸਾਲਾਂ ਵਿਚ ਜੋ ਕੁਝ ਕੀਤਾ ਗਿਆ ਉਸ ਦਾ ਲੇਖਾ ਜੋਖਾ ਹੇਠ ਲਿਖਿਆ ਹੈ:

ਮੁਢਲੀ ਸਿਖਿਆ

1881-82

	ਸਕੂਲ ਵਿਚ ਵਿਦਿਆਰਥੀਆਂ ਦੀ ਗਿਣਤੀ	ਕੁੱਲ ਫ਼ੀ ਸਦੀ
ਇਸਾਈ	1,521	0.49
ਬ੍ਰਾਹਮਣ	63,071	20.17
ਬਾਕੀ ਹਿੰਦੂ	202,345	64.69
ਮੁਸਲਮਾਨ	39,231	12.54
ਪਾਰਸੀ	3,517	1.12
ਆਦਿਵਾਸੀ ਅਤੇ ਪਹਾੜੀ ਕਬੀਲੇ	2,713	0.87
ਨੀਚ ਜਾਤ ਦੇ ਹਿੰਦੂ	2,862	0.87
ਯਹੂਦੀ ਤੇ ਹੋਰ	373	0.12

ਸੈਕੰਡਰੀ ਸਿਖਿਆ
1881-82.

	ਮਿਡਲ ਸਕੂਲ		ਹਾਈ ਸਕੂਲ	
	ਸਕੂਲ ਵਿਚ ਵਿਦਿਆਰਥੀਆਂ ਦੀ ਗਿਣਤੀ	ਕੁੱਲ ਫੀਸਦੀ	ਸਕੂਲ ਵਿਚ ਵਿਦਿਆਰਥੀਆਂ ਦੀ ਗਿਣਤੀ	ਕੁੱਲ ਫੀ ਸਦੀ
ਇਸਾਈ	1,429	12.06	111	2.26
ਬ੍ਰਾਹਮਣ	3,639	30.70	1,978	40.29
ਬਾਕੀ ਹਿੰਦੂ	624	5.26	140	2.85
	17	.14		
	3,823	32.25	1,573	32.04
ਮੁਸਲਮਾਨ	687	5.80	100	2.04
ਪਾਰਸੀ	1,526	12.87	965	19.66
ਆਦਿਵਾਸੀ ਅਤੇ ਪਹਾੜੀ ਕਬੀਲੇ	6	.05		..
ਬਾਕੀ(ਯਹੂਦੀਆਂ ਆਦਿ ਨੂੰ ਮਿਲਾ ਕੇ)	..103	.87	92	.86

ਕਾਲਜ ਪੱਧਰ ਦੀ ਸਿਖਿਆ
1881-82

	ਸਕੂਲ ਵਿਚ ਵਿਦਿਆਰਥੀਆਂ ਦੀ ਗਿਣਤੀ	ਕੁੱਲ ਫੀ ਸਦੀ
ਇਸਾਈ	14	3
ਬ੍ਰਾਹਮਣ	241	50
ਬਾਕੀ ਹਿੰਦੂ	5	1
	0	0
	103	21.3

	7	1.5
ਮੁਸਲਮਾਨ	108	21.5
ਪਾਰਸੀ	0	0
ਆਦਿਵਾਸੀ ਤੇ ਪਹਾੜੀ ਕਬੀਲੇ	2	0.4
ਬਾਕੀ(ਯਹੂਦੀਆਂ ਆਦਿ ਨੂੰ ਮਿਲਾ ਕੇ)		

7. ਇਨ੍ਹਾਂ ਅੰਕੜਿਆਂ ਤੋਂ ਕੀ ਪਤਾ ਲੱਗਦਾ ਹੈ? ਇਹ ਸਾਨੂੰ ਦੱਸਦੇ ਹਨ ਕਿ ਹਾਲਾਂਕਿ ਸਰਕਾਰ ਦੀ ਨੀਤੀ ਆਮ ਜਨਤਾ ਵਿਚ ਸਿਖਿਆ ਦੀ ਸੀ, ਪਰ ਫਿਰ ਵੀ ਆਮ ਲੋਕ ਸਿਖਿਆ ਦੇ ਦਾਇਰੇ ਤੋਂ ਉਨੇ ਦੂਰ ਸਨ, ਜਿੰਨੇ ਕਿ ਉਹ 1854 ਤੋਂ ਪਹਿਲਾਂ ਸਨ ਅਤੇ ਹਿੰਦੂਆਂ ਵਿਚ ਆਦਿਵਾਸੀ ਅਤੇ ਹੇਠਲੇ ਵਰਗ ਵਾਲੇ ਹਾਲੇ ਵੀ ਸਿਖਿਆ ਵਿਚ ਸਭ ਤੋਂ ਥੱਲੇ ਸਨ; ਇੰਨਾ ਜਿਆਦਾ ਕਿ 1881-82 ਵਿਚ ਇਨ੍ਹਾਂ ਵਰਗਾਂ ਦਾ ਕੋਈ ਵੀ ਵਿਦਿਆਰਥੀ ਇਸ ਰਾਜ ਦੇ ਕਿਸੇ ਵੀ ਹਾਈ ਸਕੂਲ ਜਾਂ ਕਾਲਜ ਵਿਚ ਨਹੀਂ ਸੀ। ਸਿਖਿਆ ਦੇ ਮਾਮਲੇ ਵਿਚ ਪਛੜੀਆਂ ਜਾਤੀਆਂ ਨੂੰ ਬਾਕੀਆਂ ਦੇ ਬਰਾਬਰ ਲਿਆ ਸਕਣ ਵਿਚ ਅਸਮਰਥਤਾ ਦਾ ਕੀ ਕਾਰਨ ਹੋ ਸਕਦਾ ਸੀ? ਇਸ ਸਵਾਲ ਦਾ ਜਵਾਬ ਸਾਨੂੰ ਫਿਰ ਤੋਂ ਰਾਜ ਸਰਕਾਰ ਦੀ ਸਿਖਿਆ ਨੀਤੀ ਦੇ ਇਤਿਹਾਸ ਵਿਚੋਂ ਲੱਭਣਾ ਪਏਗਾ।

8. ਕੋਰਟ ਆਫ਼ ਡਾਇਰੈਕਟਰਜ਼ ਦੀ ਸਾਲ 1854 ਦੀ ਰਿਪੋਰਟ ਨੇ ਲਗਭਗ 40 ਸਾਲਾਂ ਦੇ ਵਕਫ਼ੇ ਦੇ ਬਾਅਦ ਵਿਚ ਰਾਏ ਨੂੰ ਮੰਨਿਆ ਕਿ ਆਮ ਜਨਤਾ ਦੀ ਸਿਖਿਆ ਰਾਜ ਸਰਕਾਰ ਦਾ ਇਕ ਫ਼ਰਜ਼ ਹੈ, ਪਰ ਹਾਲੇ ਵੀ ਕੁਝ ਅਜਿਹੇ ਲੋਕੀਂ ਸਨ, ਜਿਨ੍ਹਾਂ ਨੂੰ ਇਸ ਰਿਪੋਰਟ ਵਿਚ ਕਹੀ ਗਈ ਗੱਲ ਸਿਆਣਪ ਭਰੀ ਨਹੀਂ ਲੱਗਦੀ ਅਤੇ ਉਹ ਇਸ ਨੀਤੀ ਨੂੰ ਬਦਲਣ ਲਈ ਪੂਰਾ ਜ਼ੋਰ-ਲਗਾ ਰਹੇ ਸਨ। ਪਛੜੀਆਂ ਜਾਤੀਆਂ ਨੂੰ ਉਨ੍ਹਾਂ ਦੇ ਵਰਤਮਾਨ ਹਾਲਾਤ ਤੋਂ ਉੱਚਾ ਚੁੱਕਣ ਕਾਰਣ ਅੰਗਰੇਜ਼ ਰਾਜ ਉਤੇ ਮਾੜੇ ਅਸਰ ਪੈਣ ਦਾ ਡਰ ਹਾਲੇ ਵੀ ਲਾਰਡ ਐਲਨਬਰੋ, ਜੋ ਕਿ ਕੋਰਟ ਆਫ ਡਾਇਰੈਕਟਰਜ਼ ਦੇ ਪ੍ਰਧਾਨ ਸਨ, ਵਰਗਿਆਂ ਲੋਕਾਂ ਨੂੰ ਸਤਾਉਂਦਾ ਸੀ, ਲਾਰਡ ਐਲਨਬਰੋ 28 ਅਪ੍ਰੈਲ1858 ਨੂੰ ਕੋਰਟ ਆਫ ਡਾਇਰੈਕਟਰਜ਼ ਨੂੰ ਆਪਣੀ ਚਿੱਠੀ ਵਿਚ ਇਹ ਕਹਿਣ ਤੋਂ ਨਹੀਂ ਝਿਜਕੇ ਕਿ: "ਪਤਵੰਤੇ ਸੱਜਣੋ, ਪਿਛਲੇ ਕੁਝ ਸਮੇਂ ਤੋਂ ਮੈਨੂੰ ਕੋਰਟ ਆਫ ਡਾਇਰੈਕਟਰਜ਼ ਦੀ 1854 ਦੇ ਆਦੇਸ਼ਾਂ ਅਧੀਨ ਭਾਰਤ ਦੇ ਕਈ ਹਿੱਸਿਆਂ ਵਿਚੋਂ ਸਿਖਿਆ ਦੀ ਹਾਲਤ ਬਾਰੇ ਚਿੱਠੀਆਂ ਮਿਲਦੀਆਂ ਰਹੀਆਂ ਹਨ, ਅਤੇ ਮੈਂ ਇਹ ਮੰਨਦਾ ਹਾਂ ਕਿ ਇਨ੍ਹਾਂ ਚਿੱਠੀਆਂ ਤੋਂ ਮੈਨੂੰ ਇਹ ਲੱਗਿਆ ਹੈ ਕਿ ਜਿਤਨਾ ਕੁ ਚੰਗਾ ਨਤੀਜਾ ਅਸੀਂ ਚਾਹੁੰਦੇ ਸੀ ਉਹ ਵਰਤਮਾਨ ਸਿਖਿਆ ਪ੍ਰਣਾਲੀ ਨਹੀਂ ਕੱਢ ਸਕੀ। ਜਦ ਕਿ ਇਸ ਵਿਚ ਜਿੰਨੇ ਖ਼ਰਚ ਦੇ ਵਾਧੇ ਦੀ ਉਮੀਦ ਕੀਤੀ ਗਈ ਸੀ, ਉਸਦੀ ਪ੍ਰਾਪਤੀ ਵੱਲ ਪ੍ਰਗਤੀ ਹੋਈ ਜਾਪਦੀ ਹੈ।

*****

ਪੈਰਾ 11. ਮੇਰਾ ਇਹ ਵਿਸ਼ਵਾਸ ਹੈ ਕਿ ਅਸੀਂ ਸ਼ਾਇਦ ਹੀ ਕਦੇ ਹੇਠਲੇ ਵਰਗ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਕੂਲ ਭੇਜਣ ਲਈ ਤਿਆਰ ਕਰ ਸਕਾਂਗੇ ਅਤੇ ਜੇ ਅਸੀਂ ਹੁਣ ਸਿਖਿਆ ਪ੍ਰਸਾਰ ਨੂੰ ਆਪਣੀ ਮਰਜ਼ੀ ਮੁਤਾਬਿਕ ਵਧਾਉਣ ਵਿਚ ਸਫ਼ਲ ਹੋ ਜਾਈਏ ਤਾਂ ਅਸੀਂ ਮੰਜ਼ਦੂਰ ਵਰਗ ਨੂੰ ਜ਼ਿਆਦਾ ਪੜ੍ਹਾ--ਸਿਖਾ ਦੇਵਾਂਗੇ ਅਤੇ ਅਮੀਰਾਂ ਨੂੰ ਗਿਆਨਹੀਣ ਹੀ ਰਹਿਣ ਦੇਵਾਂਗੇ।

"ਪੈਰਾ 12. ਇਸ ਨਤੀਜੇ ਨਾਲ ਅਸੀਂ ਇਕ ਚੰਗਾ ਸਮਾਜ ਨਹੀਂ ਬਣਾ ਸਕਾਂਗੇ। ਸਾਡੀ ਸਰਕਾਰ ਉਨ੍ਹਾਂ ਛੋਟੀਆਂ ਜਾਤੀਆਂ ਦੇ ਵੱਧ ਤੋਂ ਵੱਧ ਪੜ੍ਹੇ ਹੋਏ ਬੰਦਿਆਂ ਦੀਆਂ ਉਨ੍ਹਾਂ ਉਮੀਦਾਂ ਨੂੰ, ਜੋ ਕਿ ਅਸੀਂ ਉਨ੍ਹਾਂ ਵਿਚ ਜਗਾਵਾਂਗੇ, ਪੂਰਾ ਕਰਨ ਦਾ ਕੋਈ ਹੀਲਾ ਨਹੀਂ ਕਰ ਸਕਦੀ।

"ਪੈਰਾ 13. ਇਸ ਤਰ੍ਹਾਂ ਅਸੀਂ ਸਿਰਫ ਅਸੰਤੁਸ਼ਟ ਅਤੇ ਗ਼ਰੀਬ ਲੋਕਾਂ ਦਾ ਇਕ ਅਜਿਹਾ ਵਰਗ ਬਣਾ ਦਿਆਂਗੇ ਜਿਸ ਦਾ ਹੋਰ ਲੋਕਾਂ' ਤੇ ਸਾਡੇ ਦੁਆਰਾ ਦਿਤੀ ਉਚੇਰੀ ਸਿਖਿਆ ਕਾਰਣ ਬਹੁਤ ਪ੍ਰਭਾਵ ਹੋਵੇਗਾ।

"ਪੈਰਾ 14. ਸਿਖਿਆ ਅਤੇ ਸਭਿਅਤਾ ਉਚੇ ਵਰਗ ਤੋਂ ਹੇਠਲੇ ਵਰਗ ਵਿਚ ਤਾਂ ਜਾ ਸਕਦੀ ਹੈ ਅਤੇ ਐਸਾ ਹੋਣ ਤੋਂ ਸਮਾਜ ਨੂੰ ਇਕ ਨਵੀਂ ਤਾਕਤ ਵੀ ਮਿਲੇਗੀ, ਪਰੰਤੂ ਇਹ ਛੋਟੀਆਂ ਜਾਤੀਆਂ ਵਿਚ ਨਹੀਂ ਜਾ ਸਕਦੀ ਅਤੇ ਜੇ ਇਹ ਸਿੱਖਿਆ ਸਿਰਫ ਛੋਟੀਆਂ ਜਾਤੀਆਂ ਤੋਂ ਉਚੀਆਂ ਜਾਤੀਆਂ ਨੂੰ ਦਿਤੀ ਜਾਵੇ ਤਾਂ ਇਹ ਇਕ ਸਮਾਜਿਕ ਉੱਥਲ ਪੁੱਥਲ ਦਾ ਕਾਰਨ ਬਣੇਗੀ ਜਿਸ ਦੇ ਪਹਿਲੇ ਸ਼ਿਕਾਰ ਵਿਦੇਸ਼ੀ ਹੀ ਹੋਣਗੇ।

"ਪੈਰਾ 15. ਅਸੀਂ ਸਿਖਿਆ ਫੈਲਾਉਣਾ ਚਾਹੁੰਦੇ ਹਾਂ ਤਾਂ ਸਾਨੂੰ ਪਹਿਲੋਂ ਉੱਚ ਜਾਤੀਆਂ ਨੂੰ ਸਿਖਿਆ ਦੇਣੀ ਚਾਹੀਦੀ ਹੈ।

"ਪੈਰਾ 16. ਅਜਿਹਾ ਕਰਨ ਦੇ ਦੋ ਹੀ ਤਰੀਕੇ ਇਹ ਹਨ, ਅਜਿਹੇ ਕਾਲਜ ਸਥਾਪਿਤ ਕਰਨਾ ਜਿਨ੍ਹਾਂ ਵਿਚ ਸਿਰਫ਼ ਉੱਚ ਜਾਤੀਆਂ ਨੂੰ ਦਾਖ਼ਲ ਕੀਤਾ ਜਾਵੇ, ਅਤੇ ਸੈਨਾ ਦੇ ਪੁਨਰਗਠਨ ਵਿਚ ਚੰਗੇ ਬੰਸ਼ਿਦਿਆਂ ਦੇ ਲੜਕਿਆਂ ਨੂੰ, ਜਿਹੜੇ ਉਸ ਦੇ ਯੋਗ ਹੋਣ ਤੁਰੰਤ ਕਮਿਸ਼ਨ ਦਿਤੇ ਜਾਣ।"

9. ਯੂਰਪੀ ਅਫਸਰਾਂ ਦੀ ਅਛੂਤ ਜਾਤੀਆਂ ਲਈ ਇਹ ਮੁਖ਼ਾਲਫ਼ਤ ਆਖ਼ਿਰਕਾਰ ਭਾਰਤ ਬਾਰੇ ਮੰਤਰੀ ਨੇ ਦੂਰ ਕੀਤੀ, ਜਦੋਂ ਉਨ੍ਹਾਂ ਨੇ 1859 ਵਿਚ ਆਪਣੀ ਚਿੱਠੀ ਵਿਚ ਫਿਰ ਤੋਂ ਆਮ ਜਨਤਾ ਨੂੰ ਪੜ੍ਹਾਉਣਾ ਸਰਕਾਰ ਦੀ ਜ਼ਿਮੇਵਾਰੀ ਦੱਸਿਆ।

10. ਹੈਰਾਨੀ ਭਰਿਆ ਸੱਚ ਤਾਂ ਇਹ ਹੈ ਕੇ ਸਰਕਾਰ ਨੇ ਪਛੜੀਆਂ ਜਾਤੀਆਂ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਸਿਰਫ਼ ਗੱਲੀਂ ਬਾਤੀਂ ਲਈ ਸੀ। ਕਿਉਂਕਿ ਸਕੂਲ ਤਾਂ ਬਹੁਤ ਜ਼ਿਲ੍ਹਿਆਂ ਵਿਚ ਖੋਲ੍ਹੇ ਗਏ, ਪਰ ਪਛੜੀਆਂ ਜਾਤੀਆਂ ਦੇ ਦਾਖ਼ਲੇ ਦਾ ਸਵਾਲ ਹਾਲੇ ਵੀ ਜਿਉਂ ਦਾ ਤਿਉਂ ਹੀ ਸੀ। ਅਜਿਹਾ ਇਕ ਸਵਾਲ 1856 ਵਿਚ ਵੀ ਉੱਠਿਆ ਸੀ, ਪਰ

ਸਰਕਾਰ ਦਾ ਇਹ ਨਿਰਣਾ ਪਛੜੀਆਂ ਜਾਤੀਆਂ ਦੇ ਹੱਕ ਵਿਚ ਨਹੀਂ ਸੀ, ਜਿਵੇਂ ਕਿ ਤੁਸੀਂ ਬੰਬਈ ਰਾਜ ਦੇ ਸਿਖਿਆ ਵਿਭਾਗ ਦੇ ਡਾਇਰੈਕਟਰ ਦੀ 1856-57 ਦੀ ਰਿਪੋਰਟ ਦੇ ਹਿੱਸਿਆਂ ਵਿਚ ਵੇਖੋਗੇ।

"ਪੈਰਾ 17. ਛੋਟੀਆਂ ਜਾਤੀਆਂ ਅਤੇ ਜੰਗਲੀ ਕਬੀਲਿਆਂ ਲਈ ਸਕੂਲ:

ਛੋਟੀਆਂ ਜਾਤੀਆਂ ਲਈ ਕੋਈ ਖ਼ਾਸ ਸਕੂਲ ਸਰਕਾਰ ਵਲੋਂ ਨਹੀਂ ਖੋਲ੍ਹੇ ਗਏ ਅਤੇ ਸੁਪਰੀਮ ਸਰਕਾਰ ਨੇ ਵੀ (ਅਜਿਹੇ) ਸਕੂਲਾਂ ਨੂੰ ਖੋਲ੍ਹਣ ਦੀ ਪ੍ਰਵਾਨਗੀ ਨਹੀਂ ਦਿਤੀ। ਆਮ ਸਰਕਾਰੀ ਸਕੂਲ ਕੇਵਲ ਸਿਧਾਂਤਕ ਤੌਰ' ਤੇ ਹੀ ਸਭ ਜਾਤਾਂ ਲਈ ਖੁਲ੍ਹੇ ਹਨ। 1855-56 ਦੀ ਮੇਰੀ ਰੀਪੋਰਟ ਤੇ ਸਰਕਾਰ ਵਲੋਂ ਟਿੱਪਣੀ ਕਰਦੇ ਹੋਏ ਇਹ ਆਦੇਸ਼ ਜਾਰੀ ਕੀਤਾ ਗਿਆ: "ਹਾਲੇ ਤੱਕ ਸਰਕਾਰ ਸਾਹਮਣੇ ਛੋਟੀਆਂ ਜਾਤੀਆਂ ਦੇ ਬੱਚਿਆਂ ਦੇ ਦਾਖ਼ਲੇ ਸੰਬੰਧੀ ਇਕੋ ਮਾਮਲਾ ਲਿਆਂਦਾ ਗਿਆ ਹੈ, ਜੋ ਇਕ ਮਹਾਰ ਮੁੰਡੇ ਦਾ ਹੈ, ਜਿਸ ਵਲੋਂ ਜੂਨ 1856 ਵਿਚ ਇਹ ਸ਼ਿਕਾਇਤ ਦਰਜ ਕਰਵਾਈ ਗਈ ਕਿ ਹਾਲਾਂ ਕਿ ਉਹ ਸਕੂਲ ਦੀ ਪੂਰੀ ਫੀਸ ਦੇਣ ਲਈ ਰਾਜ਼ੀ ਹੈ, ਫਿਰ ਵੀ ਉਸ ਨੂੰ ਧਰਵਾਰ ਸਰਕਾਰੀ ਸਕੂਲ ਵਿਚ ਦਾਖ਼ਲਾ ਨਹੀਂ ਦਿਤਾ ਗਿਆ।"

ਇਸ ਮੌਕੇ ਤੇ ਸਰਕਾਰ ਦੇ ਸਾਹਮਣੇ ਨਿਆਂ ਦਾ ਇਕ ਬਹੁਤ ਔਖਾ ਸਵਾਲ ਆ ਖੜਾ ਹੋਇਆ ਜਿਸ ਵਿਚ ਉਨ੍ਹਾਂ ਦੇ ਨਿਆਂ ਬਾਰੇ ਖ਼ਿਆਲ ਆਮ ਲੋਕਾਂ ਦੇ ਮੱਤ ਦੇ ਵਿਰੁੱਧ ਸਨ, ਜਿਨ੍ਹਾਂ ਦੀ ਜਾਗ੍ਰਿਤੀ ਲਈ ਵੱਧ ਤੋਂ ਵੱਧ ਸਿਖਿਆ ਲਈ ਸਰਕਾਰੀ ਸਿਖਿਆ ਵਿਭਾਗ ਬਣਾਇਆ ਗਿਆ ਸੀ, ਅਤੇ ਇਹ ਫ਼ੈਸਲਾ ਕੀਤਾ ਗਿਆ ਸੀ ਜੋ ਉਸ ਸਮੇਂ ਕੁਝ ਝਿਜਕ ਨਾਲ ਪਾਸ ਕੀਤੇ ਗਏ ਮਤੇ* ਤੋਂ ਪਤਾ ਲੱਗਦਾ ਹੈ ਕਿ ਕਿਸੇ ਇਕ ਵਿਅਕਤੀ ਕੇਵਲ ਇਕ ਮਹਾਰ ਦੀ ਖ਼ਾਤਿਰ, ਜੋ ਉੱਚ ਜਾਤੀਆਂ ਦੇ ਵਿਦਿਆਰਥੀਆਂ ਲਈ ਸਕੂਲ

ਨੋਟ : * 21 ਜੁਲਾਈ , 1856 ਨੂੰ ਸਰਕਾਰ ਦੁਆਰਾ ਪਾਸ ਕੀਤੇ ਗਏ ਮਤੇ ਦਾ ਮੂਲ ਪਾਠ।

1. ਪੱਤਰ-ਵਿਹਾਰ ਵਿਚ ਵਿਚਾਰਿਆ ਗਿਆ ਪ੍ਰਸ਼ਨ ਅਮਲੀ ਤੌਰ ਤੇ ਇਕ ਬਹੁਤ ਵੱਡੀ ਮੁਸ਼ਕਲ ਹੈ।
2. ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਮਹਾਰ ਪ੍ਰਾਰਥਕ ਵੱਲ ਸਿਧਾਂਤਕ ਨਿਆਂ ਹੈ ਅਤੇ ਸਰਕਾਰ ਦਾ ਵਿਸ਼ਵਾਸ ਹੈ ਕਿ ਜਿਹੜੇ ਪੱਖਪਾਤ ਕਾਰਨ, ਉਸ ਨੂੰ ਹੁਣ ਧਰਾਵਰ ਵਿਚ ਸਿਖਿਆ ਦੇ ਮੌਜੂਦਾ ਸਾਧਨਾਂ ਦਾ ਫਾਇਦਾ ਲੈਣ ਤੋਂ ਰੋਕਿਆ ਗਿਆ, ਕਿਸੇ ਵਕਤ ਦੂਰ ਕੀਤੇ ਜਾਣਗੇ।
3. ਪੈਟੀਸ਼ਨ ਕਰਨ ਵਾਲਿਆਂ ਨੂੰ ਜਿਨ੍ਹਾਂ ਜਿਸ ਤਰ੍ਹਾਂ ਦੀਆਂ ਕੱਠਿਨਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਹ ਗੱਲ ਇਸ ਤਰ੍ਹਾਂ ਨਹੀਂ ਹੈ। ਇਹ ਗੱਲ ਇਸ ਤਰ੍ਹਾ ਨਹੀਂ, ਜਿਸ ਦਾ ਆਰੰਭ ਇਸ ਸਰਕਾਰ ਨੇ ਇਸ ਤਰ੍ਹਾਂ ਕੀਤੀ ਹੋਵੇ, ਜਿਸ ਤਰ੍ਹਾਂ ਸਰਕਾਰ ਆਪਣੇ ਪੱਖ ਵਿੱਚ ਤੁਰੰਤ ਦਖ਼ਲ ਦੇ ਕੇ ਕਠਿਨਾਈਆਂ ਦੂਰ ਦੇਵੇ, ਜਿਵੇਂ ਕਿ ਉਸ ਪੈਟੀਸ਼ਨ ਵਿਚ ਮੰਗ ਕੀਤੀ ਗਈ ਹੈ। ਪੰਰਤੂ ਸਰਕਾਰ ਨੂੰ ਇਹ ਗਲ ਧਿਆਨ ਵਿੱਚ ਰੱਖਣੀ ਹੋਵੇਗੀ ਕਿ ਜੇਕਰ ਕਿਸੇ ਇਕ ਜਾਂ ਕੁਝ ਵਿਅਕਤੀਆਂ ਲਈ ਸਰਸਰੀ ਤੌਰ ਤੇ ਜੁੱਗਾਂ ਪੁਰਾਣੀਆਂ ਪ੍ਰਥਾਵਾਂ ਵਿੱਚ ਜੇ ਕੋਈ ਰੱਦੋ-ਬਦਲ ਕੀਤੀ ਤਾਂ ਉਸ ਨਾਲ ਸਿਖਿਆ ਪ੍ਰਣਾਲੀ ਨੂੰ ਭਾਰੀ ਨੁਕਸਾਨ ਹੋਵੇਗੀ।

ਵਿਚ ਦਾਖ਼ਲੇ ਲਈ ਸਾਹਮਣੇ ਆਇਆ ਹੈ ਅਤੇ ਉਨ੍ਹਾਂ ਦੀ ਸੰਗਤ ਵਿਚ ਉਸ ਨੂੰ ਰੱਖਣਾ ਜਾਇਜ਼ ਨਹੀਂ ਹੋਵੇਗਾ, ਜਿਸ ਕਾਰਨ ਆਮ ਜਨਤਾ ਲਈ ਉਹ ਸੰਸਥਾ ਸ਼ਾਇਦ ਅਮਲੀ ਤੌਰ ਤੇ ਵਿਅਰਥ ਸਿੱਧ ਹੋਵੇਗੀ।

ਬੰਬਈ ਸਰਕਾਰ ਦੀ ਕਾਰਵਾਈ ਬਾਰੇ ਭਾਰਤ ਸਰਕਾਰ ਨੇ 23 ਜਨਵਰੀ1857 ਦੇ ਚਿੱਠੀ ਨੰ:111 ਵਿਚ ਇਹ ਕਿਹਾ:

"ਪ੍ਰੀਸ਼ਦ ਦੇ ਗਵਰਨਰ ਜਨਰਲ ਦੇ ਵਿਚਾਰ ਵਿਚ ਇਹ ਸੰਭਵ ਹੋ ਸਕਦਾ ਹੈ ਕਿ ਬੰਬਈ ਸਰਕਾਰ ਇਸ ਮਾਮਲੇ ਵਿਚ ਸਹੀ ਕੰਮ ਕਰ ਰਹੀ ਹੋਵੇ; ਪਰ ਮੈਂ(ਸਕੱਤਰ ਭਾਰਤ ਸਰਕਾਰ) ਇਹ ਕਹਿਣਾ ਚਾਹੁੰਦਾ ਹਾਂ ਕਿ ਬੰਗਾਲ ਰਾਜ ਦੇ ਕਿਸੇ ਵੀ ਸਰਕਾਰੀ ਸਕੂਲ ਵਿਚ ਕਿਸੇ ਨੇ ਵੀ ਦਾਖ਼ਲਾ ਦੇਣ ਤੋਂ ਨਾਂਹ ਨਹੀਂ ਕੀਤੀ ਜਾਵੇਗੀ।" ਇਹ ਪੱਤਰ ਪ੍ਰਾਪਤ ਹੋਣ ਤੇ ਇਹ ਮਤਾ ਪਾਸ ਕੀਤਾ ਗਿਆ ਕਿ ਭਾਰਤ ਸਰਕਾਰ ਨੂੰ ਯਕੀਨ ਦਿਵਾਉਣਾ ਚਾਹੀਦਾ ਹੈ ਕਿ ਰਾਜ ਸਰਕਾਰ ਦਾ ਇਹ ਬਿਲਕੁਲ ਇਰਾਦਾ ਨਹੀਂ ਹੈ ਕਿ ਭਾਰਤ ਵਿਚ ਸਕੂਲ ਖੋਲ੍ਹਣ ਲਈ ਕੋਈ ਵੀ ਕਸਰ ਛੱਡੀ ਜਾਵੇ ਜਿਵੇਂ ਕਿ ਅਮਲੀ ਤੌਰ ਤੇ ਜ਼ਾਤ-ਪਾਤ ਦੇ ਮਾਮਲੇ ਵਿਚ ਹਨ, ਬਸ਼ਰਤੇ ਕਿ ਸਰਕਾਰੀ ਸਕੂਲਾਂ ਦੀ ਬਦਨਾਮੀ ਨਾ ਹੋਵੇ ਅਤੇ ਉਨ੍ਹਾਂ ਦੀ ਕੁਸ਼ਲਤਾ ਨਸ਼ਟ ਨਾ ਹੋਵੇ ਅਤੇ ਜਿਸ ਮੰਤਵ ਲਈ ਉਹ ਖੋਲ੍ਹੇ ਗਏ ਸਨ, ਉਸ ਮੰਤਵ ਨੂੰ ਖ਼ਤਮ ਕੀਤੇ ਬਗ਼ੈਰ ਅਜਿਹਾ ਹੋ ਸਕੇ। ਇਹ ਵੀ ਫੈਸਲਾ ਕੀਤਾ ਗਿਆ ਸੀ ਕਿ ਉਸ ਸਿਧਾਂਤ ਦੇ ਅਮਲੀ ਤੌਰ ਤੇ ਪ੍ਰਭਾਵ ਦੀ ਜਾਂਚ ਕੀਤੀ ਜਾਵੇ ਜੋ ਬੰਗਾਲ ਵਿਚ ਪ੍ਰਚਲਤ ਹੋਣ ਨਾਲ ਸਰਕਾਰੀ ਸਕੂਲਾਂ ਦੀ ਆਮ ਲਾਹੇਵੰਦੀ 'ਤੇ ਅਸਰ ਪਾਉਂਦਾ ਸੀ।

11. ਬੰਗਾਲ ਵਿਚ ਚਾਲੂ ਸਿਖਿਆ ਨੀਤੀ ਬਾਰੇ ਪੁੱਛ-ਗਿਛੱ ਤੋਂ ਇਹ ਪਤਾ ਲੱਗਿਆ ਹੈ ਕਿ ਭਾਰਤ ਸਰਕਾਰ ਦੇ ਵਿਸ਼ਵਾਸ਼ ਦੇ ਵਿਰੁੱਧ ਬੰਗਾਲ ਸਰਕਾਰ ਨੇ ਸਕੂਲਾਂ ਵਿਚ ਛੋਟੀਆਂ ਜਾਤੀਆਂ ਨੂੰ ਦਾਖ਼ਲਾ ਦੇਣ ਜਾਂ ਨਾ ਦੇਣ ਦਾ ਪੂਰਾ ਹੱਕ ਜ਼ਿਲ੍ਹਾ ਸਿਖਿਆ ਕਮੇਟੀਆਂ ਨੂੰ ਦੇ ਦਿਤਾ ਹੈ ਅਤੇ ਇਹ ਨਿਰਣਾ ਜ਼ਿਲ੍ਹੇ ਦੇ ਲੋਕਾਂ ਦੀ ਮਰਜ਼ੀ ਮੁਤਾਬਿਕ ਕੀਤਾ ਜਾਂਦਾ ਸੀ। ਇਸ ਦਾ ਨਤੀਜ਼ਾ ਇਹ ਹੋਇਆ ਕਿ ਪਛੜੀਆਂ ਜਾਤੀਆਂ ਨੂੰ ਉੱਚੀ ਜਾਤੀ ਵਾਲਿਆਂ ਨੇ ਗਿਆਨ ਦੀ ਉਹ ਅੱਗ ਜੋ ਸਰਕਾਰ ਨੇ ਸਭ ਲਈ ਬਾਲੀ ਸੀ, ਤਾਪਣ ਤੋਂ ਵਾਂਝਿਆਂ ਕਰ ਦਿਤਾ।

ਨੋਟ * "ਪੱਤਰ ਨੰ: 58, ਮਿਤੀ 28 ਅਪ੍ਰੈਲ,1858 ਰਾਹੀਂ ਕੋਰਟ ਆਫ ਡਾਇਰੈਕਟਰਜ਼ ਵਲੋਂ ਇਸ ਵਿਸ਼ੇ ਤੇ ਹੇਠ ਲਿਖੇ ਅਨੁਸਾਰ ਆਦੇਸ਼ ਦਿਤਾ ਗਿਆ ਸੀ: "ਅਸੀਂ ਚਾਹੁੰਦੇ ਹਾਂ ਕਿ ਸਰਕਾਰ ਦੀਆਂ ਸਿਖਿਆ ਸੰਸਥਾਵਾਂ ਸਾਰੀਆਂ ਜਾਤੀਆਂ ਲਈ ਖੋਲ੍ਹੀਆਂ ਜਾਣ ਅਤੇ ਅਸੀਂ ਉਸ ਸਿਧਾਂਤ ਤੋਂ ਵੀ ਪਰ੍ਹੇ ਨਹੀਂ ਹੱਟ ਸਕਦੇ ਜੋ ਲਾਜ਼ਮੀ ਤੌਰ ਤੇ ਠੀਕ ਹੈ ਅਤੇ ਜਿਸ ਨੂੰ ਬਣਾਈ ਰੱਖਣ ਦੀ ਮਹੱਤਤਾ ਪਰਮ ਅਗੇਤ ਹੈ। ਇਹ ਸੰਭਵ ਨਹੀਂ ਹੈ ਕਿ ਕੁਝ ਮਾਮਲਿਆਂ ਵਿਚ, ਕੁਝ ਵਿਦਿਆਰਥੀਆਂ ਨੂੰ ਵਾਪਿਸ ਲੈ ਕੇ ਇਹ ਸਿਧਾਂਤ ਲਾਗੂ ਕੀਤਾ ਜਾਵੇ, ਪ੍ਰੰਤੂ ਇਤਨਾ ਕਹਿਣਾ ਹੀ ਕਾਫੀ ਹੈ ਕਿ ਜਿਹੜੇ ਵਿਅਕਤੀਆਂ ਨੂੰ ਇਸ ਤੇ ਇਤਰਾਜ਼ ਹੈ, ਉਨ੍ਹਾਂ ਨੂੰ ਇਸ ਗੱਲ ਦੀ ਪੂਰੀ ਖੁਲ੍ਹ ਹੈ ਕਿ ਉਹ ਆਪਣੇ ਯੋਗਦਾਨ ਵਾਪਿਸ ਲੈ ਲੈਣ ਅਤੇ ਉਹ ਆਪਣੇ ਫੰਡ ਕਿਸੇ ਹੋਰ ਆਧਾਰ ਤੇ ਸਕੂਲ ਖੋਲ੍ਹਣ ਲਈ ਖ਼ਰਚ ਕਰ ਸਕਦੇ ਹਨ।"

12. ਇਨ੍ਹਾਂ ਹਾਲਾਤ ਵਿਚ ਆਮ ਲੋਕਾਂ ਦੀ ਸਿਖਿਆ ਬਾਰੇ ਜਿਵੇਂ 1854 ਵਿਚ ਸੋਚਿਆ ਗਿਆ ਸੀ ਉਹੋ ਜਿਹੀ ਸਿਖਿਆ ਅਮਲੀ ਰੂਪ ਵਿਚ ਪਛੜੀਆਂ ਜਾਤੀਆਂ ਨੂੰ ਛੱਡ ਕੇ ਹੋਰ ਸਭ ਨੂੰ ਮਿਲਦੀ ਸੀ। ਇਸ ਤਰ੍ਹਾਂ 1854 ਵਿਚ ਪਛੜੀਆਂ ਜਾਤੀਆਂ ਦੀ ਸਿਖਿਆ ਉਤੋਂ ਰੋਕ ਦਾ ਚੁੱਕਿਆ ਜਾਣਾ ਸਿਰਫ ਇਕ ਕਾਗਜ਼ੀ ਕਾਰਵਾਈ ਸੀ। ਹਾਲਾਂਕਿ ਸਰਕਾਰ ਨੇ ਜ਼ਾਤ-ਪਾਤ ਦੀ ਨੀਤੀ ਨੂੰ ਹਟਾ ਕੇ ਸਭ ਨੂੰ ਸਿਖਿਆ ਦੇਣ ਦਾ ਵਾਅਦਾ ਕੀਤਾ, ਪਰ ਇਸ ਉਤੇ ਅਮਲ ਕਰਨ ਦੇ ਪ੍ਰਤੀ ਬੜੇ ਧਿਆਨ ਨਾਲ ਰੋਕ ਲਾਈ ਗਈ। ਸੋ ਅਸੀਂ ਕਹਿ ਸਕਦੇ ਹਾਂ ਕਿ ਉਹ ਰੋਕ ਪਹਿਲਾਂ ਦੀ ਤਰ੍ਹਾਂ ਹੀ ਜਾਰੀ ਸੀ।

ਪਛੜੀਆਂ ਜਾਤੀਆਂ ਦੀ ਸਿਖਿਆ ਦਾ ਇਕ ਵਸੀਲਾ ਬਣਿਆ ਸੀ ਅਤੇ ਉਹ ਸਨ ਈਸਾਈ ਪ੍ਰਚਾਰਕ। ਮਾਊਂਟ ਸਟੂਅਰਟ ਐਲਫਿਨਸਟੋਨ ਦੇ ਅਨੁਸਾਰ ਉਹ "ਸਭ ਤੋਂ ਛੋਟੀਆਂ ਜਾਤੀਆਂ ਨੂੰ ਸਭ ਤੋਂ ਵਧੀਆ ਲੋਕ ਮੰਨਦੇ ਸਨ।" ਪਰ ਸਰਕਾਰ ਧਰਮ ਨਿਰਪੇਖਤਾ ਦਾ ਵਾਅਦਾ ਕਰ ਚੁੱਕੀ ਸੀ ਅਤੇ ਇਸ ਲਈ ਇਨ੍ਹਾਂ ਮਿਸ਼ਨਰੀ ਸਕੂਲਾਂ ਦੀ ਮੱਦਦ ਕਰਨ ਦਾ ਉਸ ਨੂੰ ਕੋਈ ਰਾਹ ਨਹੀਂ ਸੀ ਸੁੱਝਦਾ, ਇਥੋਂ ਤੱਕ ਕਿ ਇਸ ਰਾਜ ਵਿਚ ਇਨ੍ਹਾਂ ਸਕੂਲਾਂ ਨੂੰ ਕੋਈ ਮਾਲੀ ਮੱਦਦ ਵੀ ਨਹੀਂ ਦਿਤੀ ਗਈ, ਹਾਲਾਂਕਿ 1854 ਦੇ ਸਿਖਿਆ ਕਾਨੂੰਨ ਨੇ ਇਸ ਮੱਦਦ ਉਤੇ ਕੋਈ ਰੋਕ ਨਹੀਂ ਲਾਈ ਸੀ।

13. ਇਸ ਮੁਸ਼ਕਿਲ 'ਚੋਂ ਨਿਕਲਣ ਲਈ ਸਰਕਾਰ ਨੇ ਦੋ ਰਾਹ ਚੁਣੇ:- (1) ਛੋਟੀਆਂ ਜਾਤਾਂ ਦੇ ਮੁੰਡਿਆਂ ਲਈ ਅਲੱਗ ਸਕੂਲਾਂ ਦਾ ਖੋਲ੍ਹਿਆ ਜਾਣਾ ਅਤੇ (2) ਮਾਲੀ ਮੱਦਦ ਬਾਰੇ ਕਾਨੂੰਨਾਂ ਵਿਚ ਢਿੱਲ ਦੇ ਕੇ ਪਛੜੀਆਂ ਜਾਤੀਆਂ ਦੀ ਸਿਖਿਆ ਲਈ ਮਿਸ਼ਨਰੀ ਅਦਾਰਿਆਂ ਨੂੰ ਖ਼ਾਸ ਮਦਦ ਅਤੇ ਹਲਾਸ਼ੇਰੀ ਦੇਣਾ। ਜੇ ਇਹ ਦੋ ਨੀਤੀਆਂ ਨਾ ਵਰਤੀਆਂ ਜਾਂਦੀਆਂ ਤਾਂ ਪਛੜੀਆਂ ਜਾਤੀਆਂ ਦੀ ਸਿਖਿਆ ਦੇ ਉਹ ਨਤੀਜੇ ਕਦੇ ਨਾ ਹੁੰਦੇ ਜਿਨ੍ਹਾਂ ਨੂੰ 1882 ਦੇ ਹੰਟਰ ਕਮਿਸ਼ਨ ਨੇ ਦਰਸਾਇਆ ਹੈ।

III. 1882 ਤੋਂ 1928 ਤੱਕ

14. ਬੰਬਈ ਰਾਜ ਦੇ ਸਿੱਖਿਆ ਦੇ ਇਤਿਹਾਸ ਵਿੱਚ ਸੰਨ 1882 ਤੋਂ ਬਾਅਦ ਸੰਨ 1923 ਹੀ ਸਭ ਤੋਂ ਮਹੱਤਵਪੂਰਨ ਵਰ੍ਹਾ ਸੀ। ਇਸ ਸਾਲ ਮੁਢਲੀ ਸਿੱਖਿਆ ਦੀ ਵਾਗਡੋਰ ਸੂਬਾ ਸਰਕਾਰਾਂ ਦੇ ਹੱਥੋਂ ਨਿਕਲ ਕੇ ਸਥਾਨਿਕ ਅਦਾਰਿਆਂ ਦੇ ਹੱਥਾਂ ਵਿੱਚ ਆ ਗਈ। ਇਸ ਕਰਕੇ 1923 ਦੇ ਹਾਲਾਤ ਦਾ ਜਾਇਜ਼ਾ ਲੈਣਾ ਠੀਕ ਰਹੇਗਾ। ਬੰਬਈ ਰਾਜ ਵਿਚ 1923 ਵਿੱਚ ਵੱਖ ਵੱਖ ਜਾਤੀਆਂ ਦੇ ਸਿੱਖਿਆ ਪੱਧਰ ਦਾ ਲੜੀਵਾਰ ਵੇਰਵਾ ਨਿਮਨ-ਅਨੁਸਾਰ ਹੈ:-

ਰਾਜ ਵਿੱਚ ਅਬਾਦੀ ਦੇ ਵਰਗ*	ਆਬਾਦੀ ਸਬੰਧੀ ਦਰਜਾ	ਸਿੱਖਿਆ ਸਬੰਧੀ ਦਰਜਾ		
		ਮੁਢਲੀ	ਹਾਈ ਸਕੂਲ	ਕਾਲਿਜ
ਵਿਕਸਿਤ ਹਿੰਦੂ	ਚੌਥਾ	ਪਹਿਲਾ	ਪਹਿਲਾ	ਪਹਿਲਾ
ਹਿੰਦੂਆਂ ਦਾ ਵਿਚਕਾਰਲਾ ਵਰਗ	ਪਹਿਲਾ	ਤੀਸਰਾ	ਤੀਸਰਾ	ਤੀਸਰਾ
ਪਛੜੀਆਂ ਜਾਤੀਆਂ ਦੇ ਹਿੰਦੂ	ਦੂਜਾ	ਚੌਥਾ	ਚੌਥਾ	ਚੌਥਾ
ਮੁਸਲਮਾਨ	ਤੀਜਾ	ਦੂਜਾ	ਦੂਜਾ	ਦੂਜਾ

15. ਇਸ ਵੇਰਵੇ ਤੋਂ ਸਾਨੂੰ ਵੱਖ ਵੱਖ ਜਾਤੀਆਂ ਦੇ ਸਿੱਖਿਆ ਪੱਧਰ ਵਿੱਚ ਇਕ ਬਹੁਤ ਵੱਡਾ ਫਰਕ ਦਿਖਾਈ ਦਿੰਦਾ ਹੈ। ਜੇ ਇਨ੍ਹਾਂ ਲੋਕਾਂ ਦੇ ਵਰਗਾਂ ਨੂੰ ਪਹਿਲਾਂ ਆਬਾਦੀ ਅਤੇ ਫਿਰ ਸਿੱਖਿਆ ਪੱਧਰ ਦੇ ਵਿਕਾਸ ਵਜੋਂ ਇਕ ਦੂਸਰੇ ਦੇ ਮੁਕਾਬਲੇ ਵਿੱਚ ਦੇਖਿਆ ਜਾਵੇ ਤਾਂ ਅਸੀਂ ਦੇਖਦੇ ਹਾਂ ਕਿ ਹਿੰਦੂਆਂ ਦਾ ਵਿਚਕਾਰਲਾ ਵਰਗ ਜੋ ਕਿ ਅਬਾਦੀ ਦੇ ਹਿਸਾਬ ਨਾਲ ਪਹਿਲੇ ਦਰਜੇ 'ਤੇ ਹੈ, ਕਾਲਿਜ ਦੀ ਪੜ੍ਹਾਈ ਵਿੱਚ ਤੀਸਰੇ ਨੰਬਰ ਤੇ, ਹਾਈ ਸਕੂਲ ਦੀ ਪੜ੍ਹਾਈ ਵਿੱਚ ਤੀਸਰੇ ਨੰਬਰ ਤੇ ਅਤੇ ਫਿਰ ਮੁਢਲੀ ਸਿੱਖਿਆ ਵਿੱਚ ਵੀ ਤੀਸਰੇ ਨੰਬਰ ਤੇ ਹੈ। ਪਛੜੀਆਂ ਜਾਤੀਆਂ ਜੋ ਕਿ ਅਬਾਦੀ ਦੇ ਹਿਸਾਬ ਨਾਲ ਦੂਸਰੇ ਨੰਬਰ ਤੇ ਹਨ ਉਂਝ ਚੌਥੇ ਸਥਾਨ ਤੇ ਖੜ੍ਹੀਆਂ ਹਨ ਅਰਥਾਤ ਕਾਲਿਜ ਦੀ ਪੜ੍ਹਾਈ ਵਿੱਚ ਸਭ ਤੋਂ ਪਿੱਛੇ, ਹਾਈ ਸਕੂਲ ਦੀ ਪੜ੍ਹਾਈ ਵਿੱਚ ਵੀ ਸਭ ਤੋਂ ਪਿੱਛੇ ਅਤੇ ਫਿਰ ਮੁਢਲੀ ਸਿੱਖਿਆ ਵਿੱਚ ਵੀ ਸਭ ਤੋਂ ਪਿੱਛੇ ਹਨ। ਰਾਜ ਵਿੱਚ ਮੁਸਲਮਾਨ ਆਬਾਦੀ ਦੇ ਹਿਸਾਬ ਨਾਲ ਤੀਸਰੇ ਨੰਬਰ ਤੇ ਹਨ ਅਤੇ ਕਾਲਿਜ ਦੀ ਪੜ੍ਹਾਈ ਵਿੱਚ ਦੂਸਰੇ ਨੰਬਰ ਤੇ, ਹਾਈ ਸਕੂਲ ਦੀ ਪੜ੍ਹਾਈ ਵਿੱਚ ਦੂਸਰੇ ਨੰਬਰ ਤੇ, ਅਤੇ ਮੁੱਢਲੀ ਸਿੱਖਿਆ ਵਿੱਚ ਵੀ ਦੂਸਰੇ ਨੰਬਰ' ਤੇ ਹਨ, ਜਦੋਂ ਕਿ "ਵਿਕਸਤ ਹਿੰਦੂ" ਜੋ ਕਿ ਅਬਾਦੀ ਦੇ ਹਿਸਾਬ ਨਾਲ ਚੌਥੇ, ਅਰਥਾਤ ਆਖਰੀ ਸਥਾਨ ਤੇ ਹਨ, ਕਾਲਿਜ ਦੀ ਪੜ੍ਹਾਈ ਵਿੱਚ ਪਹਿਲੇ ਨੰਬਰ ਤੇ, ਹਾਈ ਸਕੂਲ ਦੀ ਪੜ੍ਹਾਈ ਵਿੱਚ ਪਹਿਲੇ ਨੰਬਰ ਤੇ ਅਤੇ ਮੁਢਲੀ ਸਿੱਖਿਆ ਵਿੱਚ ਵੀ ਪਹਿਲੇ ਨੰਬਰ ਤੇ ਹਨ। ਜੇ ਸਭ ਵਰਗਾਂ ਨੂੰ ਮੁਕਾਬਲੇ ਵਿੱਚ ਰੱਖ ਕੇ ਗੱਲ ਕੀਤੀ ਜਾਵੇ ਤਾਂ ਹੀ ਅਸੀਂ ਇਹ ਆਸਾਨੀ ਨਾਲ

*ਬੰਬਈ ਰਾਜ ਦੀ ਸਰਕਾਰ ਦੇ ਸਿੱਖਿਆ ਵਿਭਾਗ ਵਲੋਂ ਇਸ ਰਾਜ ਦੀ ਆਬਾਦੀ ਨੂੰ ਵਿਭਾਗੀ ਮਨੋਰਥਾਂ ਲਈ ਚਾਰ ਵਰਗਾਂ ਵਿੱਚ ਵੰਡਿਆ ਗਿਆ ਹੈ। ਇਨ੍ਹਾਂ ਵਿਚੋਂ ਇਕ ਵਰਗ ਵਿੱਚ ਬ੍ਰਾਹਮਣ ਅਤੇ ਉਸ ਨਾਲ ਸਬੰਧਿਤ ਜਮਾਤਾਂ ਰੱਖੀਆਂ ਗਈਆਂ ਹਨ ਜਿਨ੍ਹਾਂ ਨੂੰ 'ਵਿਕਸਿਤ ਹਿੰਦੂ' ਕਿਹਾ ਜਾਂਦਾ ਹੈ। ਮਰਾਠੇ ਅਤੇ ਉਨ੍ਹਾਂ ਨਾਲ ਸਬੰਧਿਤ ਹੋਰ ਜਾਤੀਆਂ ਦਾ ਇਕ ਹੋਰ ਵਰਗ ਅਰਥਾਤ 'ਵਿਚਕਾਰਲੇ ਦਰਜੇ ਦੇ ਹਿੰਦੂ' ਇਸ ਵਿੱਚ ਰੱਖੇ ਗਏ ਹਨ। ਬਾਕੀ ਦੀ ਆਬਾਦੀ ਜਿਸ ਵਿੱਚ ਦਲਿਤ ਵਰਗ, ਪਹਾੜੀ ਕਬੀਲੇ ਅਤੇ ਕਰੀਮਨਾ ਕਬੀਲੇ ਆਉਂਦੇ ਹਨ ਜਿਨ੍ਹਾਂ ਨੇ ਆਪਣੇ ਆਪ ਨੂੰ ਇਸ ਵਰਗ ਵਿੱਚ ਰੱਖਿਆ ਹੈ, ਉਨ੍ਹਾਂ ਨੂੰ ਪਛੜੀਆਂ ਜਾਤੀਆਂ ਕਿਹਾ ਜਾਂਦਾ ਹੈ। ਇਨ੍ਹਾਂ ਤਿੰਨਾਂ ਵਰਗਾਂ ਵਿੱਚ ਇਕ ਹੋਰ ਚੌਥਾ ਵਰਗ ਵੀ ਜੋੜਨਾ ਬਣਦਾ ਹੈ ਜਿਸ ਵਿੱਚ ਬੰਬਈ ਅਤੇ ਸਿੰਧ ਰਾਜ ਦੇ ਮੁਸਲਮਾਨ ਆਉਂਦੇ ਹਨ।

ਕਹਿ ਸਕਦੇ ਹਾਂ ਕਿ 1882 ਤੋਂ ਹੁਣ ਤਕ ਸਿੱਖਿਆ ਪੱਧਰ ਵਿੱਚ ਕੋਈ ਵਿਕਾਸ ਨਹੀਂ ਹੋਇਆ।

16. ਉਪਰੋਕਤ ਬਿਆਨ ਜੋ ਕਿ ਬੰਬਈ ਰਾਜ ਦੇ ਸਿੱਖਿਆ ਵਿਭਾਗ ਦੇ ਡਾਇਰੈਕਟਰ ਦੀ 1923-24 ਦੀ ਰਿਪੋਰਟ ਤੇ ਅਧਾਰਿਤ ਹੈ, ਸਾਨੂੰ ਵੱਖ ਵੱਖ ਵਰਗਾਂ ਦੇ ਸਿੱਖਿਅਕ ਵਿਕਾਸ ਵਿਚਕਾਰ ਬਹੁਤ ਵੱਡੇ ਫਰਕ ਨੂੰ ਦਰਸਾਉਂਦਾ ਹੈ। ਪਰ ਜੇ ਇਹ ਫਰਕ ਐਨਾ ਵੱਡਾ ਨਾ ਹੁੰਦਾ ਤਾਂ ਵੀ ਇਸ ਦਾ ਕੋਈ ਮਹੱਤਵ ਨਾ ਰਹਿੰਦਾ। ਜਦ ਤਕ ਸਾਨੂੰ ਇਸ ਫਰਕ ਦੇ ਦਰਜੇ ਦਾ ਸਹੀ ਸਹੀ ਅਨੁਮਾਨ ਨਾ ਹੋਵੇ ਉਦੋਂ ਤਕ ਅਸੀਂ ਕੋਈ ਮਹੱਤਵਪੂਰਨ ਨਿਰਣਾ ਨਹੀਂ ਲੈ ਸਕਦੇ। ਇਸ ਪੱਖੋਂ ਗੱਲ ਸਾਫ ਕਰਨ ਲਈ ਇਕ ਸੂਚੀ ਹੇਠਾਂ ਦਿੱਤੀ ਗਈ ਹੈ:-

ਸੂਚੀ

ਅਬਾਦੀ ਦੇ ਵਰਗ	ਵਰਗ ਦੇ ਹਰ 1000 ਲੋਕਾਂ ਵਿਚੋਂ ਮੁੱਢਲੀ ਸਿਖਿਆ ਦੇ ਵਿਦਿਆਰਥੀ	ਅਬਾਦੀ ਦੇ ਹਰ ਇਕ ਲੱਖ ਵਿਚੋਂ ਹਾਈ ਸਕੂਲ ਦੇ ਵਿਦਿਆ-ਰਥੀ	ਅਬਾਦੀ ਦੇ ਹਰ ਦੋ ਲੱਖ ਲੋਕਾਂ ਵਿਚੋਂ ਕਾਲਜ ਦੇ ਵਿਦਿਆਰਥੀ
ਵਿਕਸਿਤ ਹਿੰਦੂ	119	3,000	1,000
ਮੁਸਲਮਾਨ	92	500	52
ਹਿੰਦੂਆਂ ਦਾ ਵਿਚਕਾਰਲਾ ਵਰਗ	38	140	14
ਪਛੜੀਆਂ ਜਾਤੀਆਂ ਦੇ ਹਿੰਦੂ	18	14	0
		(ਜੇਕਰ ਕੋਈ ਹੋਵੇ ਵੀ ਤਾਂ ਸਿਰਫ ਇਕ)	

17. ਉਪਰੋਕਤ ਅੰਕੜਿਆਂ ਤੋਂ ਸਾਨੂੰ ਪਤਾ ਚਲਦਾ ਹੈ ਕਿ ਕਿਹੜੀ ਕਿਹੜੀ ਜਾਤੀ ਇਕ ਦੂਸਰੇ ਤੋਂ ਮੁੱਢਲੀ ਸਿੱਖਿਆ, ਸੈਕੰਡਰੀ ਸਿੱਖਿਆ ਅਤੇ ਕਾਲਿਜ ਦੀ ਸਿੱਖਿਆ ਵਿੱਚ ਵੱਧ ਵਿਕਸਿਤ ਸੀ। ਇਹ ਸਾਨੂੰ ਵੱਖ ਵੱਖ ਜਾਤੀਆਂ ਦੇ ਸਿੱਖਿਆ ਪੱਧਰ ਵਿਚਲੇ ਫਰਕ ਨੂੰ ਵਿਖਾਉਂਦਾ ਹੈ। ਜਿਸ ਤੋਂ ਇਹ ਪਤਾ ਲਗਦਾ ਹੈ ਕਿ ਸਿੱਖਿਆ ਦੇ ਮਾਮਲੇ ਵਿੱਚ ਕੁਝ ਜਾਤੀਆਂ ਦੀ ਹਾਲਤ ਹੈਰਾਨ ਕਰ ਦੇਣ ਵਾਲੀ ਹੈ। ਉੱਪਰ ਦਿੱਤੇ ਗਏ ਅੰਕੜਿਆਂ ਤੋਂ

ਦੋ ਗੱਲਾਂ ਐਸੀਆਂ ਨਿਕਲਦੀਆਂ ਹਨ ਜਿਨ੍ਹਾਂ ਬਾਰੇ ਕੋਈ ਦੋ ਰਾਵਾਂ ਨਹੀਂ: (1) ਇਕ ਇਹ ਕਿ ਪਛੜੀਆਂ ਜਾਤੀਆਂ ਦੀ ਸਿੱਖਿਆ ਦੀ ਹਾਲਤ ਇਸ ਰਾਜ ਵਿੱਚ ਬਹੁਤ ਮੰਦੀ ਹੈ। ਅਬਾਦੀ ਦੇ ਮਾਮਲੇ ਵਿੱਚ ਤਾਂ ਉਹ ਕਾਫੀ ਉੱਚੇ ਅਰਥਾਤ ਦੂਸਰੇ ਨੰਬਰ ਤੇ ਹਨ, ਪਰ ਪੜ੍ਹਾਈ ਦੇ ਮਾਮਲੇ ਵਿੱਚ ਉਹ ਸਭ ਤੋਂ ਪਿੱਛੇ ਅਤੇ ਸਭ ਤੋਂ ਹੇਠਲੀ ਥਾਂ ਤੇ ਹਨ; (2) ਇਹ ਵੀ ਕਿ ਰਾਜ ਦੇ ਮੁਸਲਮਾਨਾਂ ਨੇ ਸਿੱਖਿਆ ਦੇ ਮਾਮਲੇ ਵਿੱਚ ਬਹੁਤ ਤਰੱਕੀ ਕਰ ਲਈ ਹੈ, ਐਨੀ ਕਿ ਤੀਹ ਸਾਲ ਦੇ ਛੋਟੇ ਜਿਹੇ ਸਮੇਂ ਵਿੱਚ ਉਹ ਨਾ ਕੇਵਲ ਪਛੜੀਆਂ ਅਤੇ ਵਿਚਕਾਰਲੀਆਂ ਜਾਤੀਆਂ ਤੋਂ ਅੱਗੇ ਨਿਕਲ ਆਏ ਹਨ, ਬਲਕਿ ਹੁਣ ਉਹ ਬ੍ਰਾਹਮਣਾਂ ਅਤੇ ਹੋਰ ਸਵਰਣ ਜਾਤੀਆਂ ਦੇ ਬਹੁਤ ਲਾਗੇ ਪਹੁੰਚ ਗਏ ਹਨ।

18. ਇਸ ਦਾ ਕੀ ਕਾਰਨ ਹੋ ਸਕਦਾ ਹੈ ? ਇਸ ਹਮੇਸ਼ਾਂ ਉੱਠਣ ਵਾਲੇ ਸਵਾਲ ਦਾ ਸਾਡਾ ਹਮੇਸ਼ਾ ਵਰਗਾ ਜਵਾਬ ਹੈ-ਸਰਕਾਰ ਦੀ ਪੱਖਪਾਤੀ ਨੀਤੀ। ਦੋਹਾਂ ਵਰਗਾਂ ਵਿਚਕਾਰ ਕਿੰਨਾ ਕੁ ਪੱਖਪਾਤ ਕੀਤਾ ਗਿਆ ਇਸ ਦਾ ਪਤਾ ਸਾਨੂੰ ਸਿੱਖਿਆ ਬਾਰੇ ਪੰਜ ਸਾਲਾ ਰਿਪੋਰਟ ਦੇ ਕੁੱਝ ਹਿੱਸੇ ਪੜ੍ਹ ਕੇ ਲਗੇਗਾ। ਸਰਕਾਰ ਦੇ ਮੁਸਲਮਾਨਾਂ ਨਾਲ ਵਿਵਾਹਰ ਦੇ ਮਾਮਲੇ ਵਿੱਚ ਤੀਸਰੀ ਪੰਜ ਸਾਲਾਂ ਰਿਪੋਰਟ (1892-96) ਦੇ ਇਹ ਕੁੱਝ ਬਿਆਨ ਮਹੱਤਵਪੂਰਨ ਹਨ:

" ਬੰਬਈ ਵਿੱਚ ਮੁਸਲਮਾਨ ਵਿਦਿਆਰਥੀਆਂ ਦੀ ਗਿਣਤੀ ਬਾਰੇ--ਡਾਇਰੈਕਟਰ ਦਾ ਕਹਿਣਾ ਹੈ ਕਿ ਇਸ ਗਿਣਤੀ ਵਿੱਚ ਹੋਰ ਵੀ ਵਾਧਾ ਹੁੰਦਾ, 'ਜੇਕਰ ਹਾਲਾਤ ਇਸ ਦੇ ਉਲਟ ਨਾ ਹੁੰਦੇ'। ਬੰਬਈ ਵਿੱਚ ਬਹੁਤ ਪਹਿਲਾਂ ਤੋਂ ਇਹ ਮੰਨਿਆ ਜਾ ਚੁੱਕਾ ਹੈ ਕਿ ਮੁਸਲਮਾਨ ਬਾਕੀ ਆਬਾਦੀ ਨਾਲੋਂ ਵੱਧ ਸਰਕਾਰੀ ਸੰਸਥਾਵਾਂ ਦਾ ਫਾਇਦਾ ਉਠਾਉਂਦੇ ਹਨ--ਮੁਸਲਮਾਨਾਂ ਦੀ ਸਿੱਖਿਆ ਨੂੰ ਉਤਸ਼ਾਹ ਦੇਣ ਦੇ ਪ੍ਰਸ਼ਨ ਉੱਤੇ ਡਾਇਰੈਕਟਰ ਲਿਖਦਾ ਹੈ:

"ਪਹਿਲੀ ਗੱਲ ਇਹ ਕਿ ਹਰ ਜ਼ਿਲ੍ਹੇ ਵਿੱਚ ਇਕ ਮੁਸਲਮਾਨ ਅਫਸਰ ਲਾਇਆ ਜਾਂਦਾ ਹੈ, ਚਾਹੇ ਡਿਪਟੀ ਜਾਂ ਸਹਾਇਕ ਡਿਪਟੀ ਇਨਸਪੈਕਟਰ; ਅਤੇ ਸਾਡੇ ਪਾਸ ਤਿੰਨ ਮੁਸਲਮਾਨ ਗਰੈਜੂਏਟ ਬਤੌਰ ਡਿਪਟੀ ਕੈਰਾ, ਸ਼ੋਲਾਪੁਰ ਅਤੇ ਹੈਦਰਾਬਾਦ ਵਿਖੇ ਹਨ, ਜਦ ਕਿ ਚੌਥਾ ਮਾਲ ਵਿਭਾਗ ਵਿੱਚ ਉੱਚੇ ਅਹੁੱਦੇ ਤੇ ਤਾਇਨਾਤ ਕੀਤਾ ਗਿਆ ਹੈ।"

ਇਸ ਤਰ੍ਹਾਂ ਕੋਈ ਵੀ ਜ਼ਿਲ੍ਹਾ ਐਸਾ ਨਹੀਂ, ਜਿੱਥੇ ਦਫ਼ਤਰੀ ਕਰਮਚਾਰੀ ਮੁਸਲਮਾਨ ਆਬਾਦੀ ਤੋਂ ਪੂਰੀ ਤਰ੍ਹਾਂ ਜਾਣੂ ਨਾ ਰਹਿੰਦੇ ਹੋਣ। ਬੰਬਈ, ਕਰਾਚੀ ਅਤੇ ਜੂਨਾਗੜ੍ਹ(ਜੋ ਕਿ ਕਾਠੀਆਵਾੜ ਵਿੱਚ ਇਕ ਮੁਸਲਮਾਨ ਪ੍ਰਦੇਸ਼ ਹੈ) ਵਿਖੇ ਮੁਸਲਮਾਨਾਂ ਲਈ ਘੱਟ ਫੀਸ ਵਾਲੇ ਹਾਈ ਸਕੂਲ ਬਣਾਉਣ ਲਈ ਖਾਸ ਤੌਰ ਤੇ ਕੰਮ ਕੀਤਾ ਗਿਆ ਅਤੇ ਹੋਰ ਅੰਜੁਮਨਾਂ ਦੁਆਰਾ ਖੁਦ (ਮੁਸਲਮਾਨ ਸੰਸਥਾਵਾਂ) ਹੋਰਨਾਂ ਥਾਵਾਂ ਤੇ ਛੋਟੇ ਛੋਟੇ ਸਕੂਲ ਖੋਲ੍ਹੇ ਗਏ ਹਨ। ਵਿਭਾਗ ਵਲੋਂ ਮੁਸਲਮਾਨਾਂ ਦੇ ਫਾਇਦੇ ਲਈ ਵਿਸ਼ੇਸ਼ ਮਿਆਰ ਦਾ ਉਪਬੰਧ ਕੀਤਾ ਗਿਆ

ਹੈ ਅਤੇ ਕੁੱਝ ਇਲਾਕਿਆਂ ਵਿੱਚ ਵਿਸ਼ੇਸ਼ ਸਕੂਲ ਚਲਾਏ ਜਾਂਦੇ ਹਨ, ਅਤੇ ਪ੍ਰਾਂਤਿਕ ਅਤੇ ਸਥਾਨਿਕ ਵਜ਼ੀਫਿਆਂ ਵਿਚੋਂ ਇਕ ਤਿਹਾਈ ਵਜ਼ੀਫੇ ਮੁਸਲਮਾਨਾਂ ਲਈ ਰਾਖਵੇਂ ਰੱਖੇ ਜਾਂਦੇ ਹਨ। ਫਿਰ ਖਾਨ ਬਹਾਦੁਰ ਕਾਜ਼ੀ ਸ਼ਹਾਬੁਦੀਨ(ਇਕ ਵਕਤ ਬੜੌਦਾ ਦੇ ਦੀਵਾਨ) ਵਲੋਂ ਚਾਲੂ ਕੀਤੇ ਗਏ ਵਜ਼ੀਫੇ ਵੀ ਦਿੱਤੇ ਜਾਂਦੇ ਹਨ, ਅਤੇ ਸਿੰਧ ਵਿੱਚ ਖੈਰਪੁਰ ਦੇ ਪਹਿਲੇ ਰਾਜ ਦੇ ਵਾਰਸ ਵਲੋਂ ਆਰਟਸ ਕਾਲਿਜ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਲਈ ਕੁੱਝ ਖੁਰਾਕ ਸਬੰਧੀ ਵਜ਼ੀਫੇ ਵੀ ਦਿੱਤੇ ਗਏ ਹਨ। (ਪਿਛਲੇ ਸਾਲ ਇਨ੍ਹਾਂ ਨੂੰ ਵੰਡਣ ਵਿੱਚ ਮੈਨੂੰ ਬੜੀ ਮੁਸ਼ਕਲ ਹੋਈ ਭਾਵੇਂ ਇਸ ਦੀ ਰਕਮ 25 ਰੁਪਏ ਮਹੀਨਾ ਹੀ ਸੀ।)

ਮੁੱਢਲੀ ਸਿੱਖਿਆ ਦੇ ਸਕੂਲਾਂ ਵਿੱਚ ਮੁਸਲਮਾਨਾਂ ਨੂੰ ਫੀਸ ਦੇ ਮਾਮਲੇ ਵਿੱਚ ਬੜੀ ਰਿਆਇਤ ਦਿੱਤੀ ਜਾਂਦੀ ਸੀ ਅਤੇ ਬੜੀ ਨਰਮੀ ਵਰਤੀ ਜਾਂਦੀ ਸੀ। ਟਰੇਨਿੰਗ ਕਾਲਿਜਾਂ ਵਿੱਚ ਆਉਣ ਲਈ ਉਨ੍ਹਾਂ ਨੂੰ ਉਤਸਾਹਿਤ ਕਰਨ ਲਈ ਵਿਸ਼ੇਸ਼ ਨਿਯਮਾਂ ਅਧੀਨ ਉਨ੍ਹਾਂ ਦਾ ਹਿੰਦੂਆਂ ਨਾਲੋਂ ਥੋੜਾ ਸੌਖਾ ਇਮਤਿਹਾਨ ਲਿਆ ਜਾਂਦਾ ਸੀ:.....ਬੰਬਈ ਵਿਖੇ ਜੌਇੰਟ ਸਕੂਲ ਕਮੇਟੀ ਨੇ ਪਿਛਲੇ ਦਿਨੀਂ ਮੁਸਲਮਾਨਾਂ ਦੀ ਸਿੱਖਿਆ ਨੂੰ ਵਿਕਸਿਤ ਕਰਨ ਲਈ ਇਕ ਮੁਸਲਮਾਨ ਡਿਪਟੀ ਇੰਸਪੈਕਟਰ ਦੀ ਨਿਯੁਕਤੀ ਕੀਤੀ ਹੈ----"।

19. ਇਸ ਨਾਲ ਪਛੜੀਆਂ ਜਾਤੀਆਂ ਦੀ ਸਿੱਖਿਆ ਬਾਰੇ ਪੰਜਵੀ ਪੰਜ ਸਾਲਾ ਰਿਪੋਰਟ(1902-1907) ਵਿੱਚ ਕਹੀਆਂ ਗੱਲਾਂ ਦਾ ਮੁਕਾਬਲਾ ਕਰਕੇ ਵੇਖੀਏ:

"959. ਬੰਬਈ-ਬੰਬਈ ਦੀ ਸੈਂਟਰਲ ਡਿਵੀਜ਼ਨ ਵਿੱਚ ਛੋਟੀ ਜਾਤ ਦੇ ਬੱਚਿਆਂ ਨੂੰ ਸਕੂਲਾਂ ਵਿੱਚ ਮੁਫਤ ਦਾਖਲੇ ਦਿੱਤੇ ਜਾਂਦੇ ਹਨ ਅਤੇ ਕਿਤਾਬਾਂ, ਸਲੇਟਾਂ ਆਦਿ ਵਰਗੇ ਉਪਹਾਰ ਵੀ ਦਿੱਤੇ ਜਾਂਦੇ ਹਨ ....ਕਾਠੀਆਵਾੜ ਵਿੱਚ ਪਛੜੀਆਂ ਜਾਤੀਆਂ ਦੇ ਸਿਰਫ ਤਿੰਨ ਬੱਚੇ ਪੜ੍ਹਾਈ ਕਰ ਰਹੇ ਹਨ। ਦੱਖਣੀ ਡਿਵੀਜ਼ਨ ਵਿੱਚ 72 ਵਿਸ਼ੇਸ਼ ਸਕੂਲ ਜਾਂ ਉਨ੍ਹਾਂ ਦੀਆਂ ਜਮਾਤਾਂ ਹਨ, ਜਿਨ੍ਹਾਂ ਵਿਚ ਬਹੁਤ ਹੀ ਘੱਟ ਪੜ੍ਹੇ ਲਿਖੇ ਅਧਿਆਪਕ ਹਨ।"

20. ਇਸ ਪੱਖਪਾਤ ਦਾ ਜਨਮ ਸਥਾਨ ਹੰਟਰ ਕਮਿਸ਼ਨ ਦੇ ਸੁਝਾਵ ਹਨ। ਹੰਟਰ ਕਮਿਸ਼ਨ ਕਿੰਨਾ ਕੁ ਪੱਖਪਾਤੀ ਸੀ, ਇਸ ਗੱਲ ਦਾ ਅੰਦਾਜ਼ਾ ਉਸ ਵਲੋਂ ਮੁਸਲਮਾਨਾਂ ਲਈ ਸਿਫਾਰਸ਼ਾਂ ਅਤੇ ਪਛੜੀਆਂ ਜਾਤੀਆਂ ਲਈ ਸਿਫਾਰਸ਼ਾਂ ਦੀ ਤੁਲਨਾ ਕਰਕੇ ਹੋ ਸਕਦਾ ਹੈ। ਕਮਿਸ਼ਨ ਨੇ ਮੁਸਲਮਾਨਾਂ ਲਈ 17 ਸਿਫਾਰਸ਼ਾਂ ਕੀਤੀਆਂ ਸਨ, ਜਿਨ੍ਹਾਂ ਵਿਚੋਂ ਹੇਠ ਲਿਖੀਆਂ ਵਰਨਣਯੋਗ ਹਨ:-

1. ਮੁਸਲਮਾਨਾਂ ਨੂੰ ਸਿਖਿਆ ਲਈ ਉਤਸਾਹਿਤ ਕਰਨ ਦਾ ਖ਼ਰਚਾ ਸਥਾਨਕ ਮਿਉਂਸਪਲ ਕਮੇਟੀਆਂ ਅਤੇ ਰਾਜ ਦੇ ਖਜ਼ਾਨੇ ਉਤੇ ਇਕ ਜਾਇਜ਼ ਬੋਝ ਮੰਨਿਆ ਜਾਵੇ।

7. ਮੁਸਲਮਾਨਾਂ ਲਈ ਅੰਗਰੇਜ਼ੀ ਸਿਖਿਆ ਨੂੰ, ਜਿਸ ਵਿਚ ਉਨ੍ਹਾਂ ਨੂੰ ਖਾਸ ਮੱਦਦ ਦੀ ਲੋੜ ਹੈ, ਖੁਲ੍ਹੇ ਦਿਲ ਨਾਲ ਉਤਸ਼ਾਹ ਦਿਤਾ ਜਾਵੇ।

8. ਜਿਥੇ ਕਿਤੇ ਵੀ ਜ਼ਰੂਰਤ ਹੋਵੇ ਉਥੇ ਮੁਸਲਮਾਨਾਂ ਲਈ ਵਿਸ਼ੇਸ਼ ਵਜ਼ੀਫੇ ਚਾਲੂ

ਕੀਤੇ ਜਾਣ ਜਿਹੜੇ ਮੁੱਢਲੇ ਸਕੂਲ ਵਿਚ ਦਿਤੇ ਜਾਣ ਅਤੇ ਮਿਡਲ ਸਕੂਲ ਤੱਕ ਜਾਰੀ ਰਹਿਣ; (ਅ) ਮਿਡਲ ਸਕੂਲ ਵਿਚ ਦਿਤੇ ਜਾਣ ਅਤੇ ਹਾਈ ਸਕੂਲਾਂ ਵਿਚ ਜਾਰੀ ਰਹਿਣ, (ੲ) ਦਸਵੀਂ ਅਤੇ ਫਸਟ ਆਰਟਸ ਦੀਆਂ ਪ੍ਰੀਖਿਆਵਾਂ ਤੇ ਨਤੀਜੇ ਤੋਂ ਆਧਾਰਤ ਹੋਣ ਅਤੇ ਕਾਲਜ ਵਿਚ ਵੀ ਜਾਰੀ ਰਹਿਣ।

9. ਸਰਕਾਰੀ ਖਰਚੇ ਤੇ ਚੱਲਣ ਵਾਲੇ ਸਕੂਲਾਂ ਵਿਚ ਮੁਸਲਮਾਨ ਸਾਰੀਆਂ ਕਲਾਸਾਂ ਦੇ ਵਿਦਿਆਰਥੀਆਂ ਲਈ ਮੁਫਤ ਪੜ੍ਹਾਈ ਦੇ ਇਕ ਨਿਸ਼ਚਿਤ ਅਨੁਪਾਤ 'ਚੇ ਮੁਸਲਮਾਨ ਵਿਦਿਆਰਥੀਆਂ ਲਈ ਸਪਸ਼ਟ ਰੂਪ ਵਿਚ ਸੀਟਾਂ ਰਾਖਵੀਆਂ ਰੱਖੀਆਂ ਜਾਣ।

10. ਜਿਥੇ ਵੀ ਮੁਸਲਮਾਨਾਂ ਦੀ ਭਲਾਈ ਲਈ ਸਿਖਿਆ ਸਬੰਧੀ ਦਾਨ ਦਾ ਪ੍ਰਬੰਧ ਹੋਵੇ ਅਤੇ ਸਰਕਾਰ ਦੇ ਕੰਟਰੋਲ ਅਧੀਨ ਹੋਵੇ ਉਸ ਦਾਨ ਤੋਂ ਪ੍ਰਾਪਤ ਹੋਈ ਰਕਮ ਕੇਵਲ ਮੁਸਲਮਾਨਾਂ ਦੀ ਸਿਖਿਆ ਦੇ ਵਿਕਾਸ ਤੇ ਹੀ ਖ਼ਰਚ ਕੀਤੀ ਜਾਵੇ।

11. ਜਿਥੇ ਜਿਥੇ ਮੁਸਲਮਾਨ ਰਹਿੰਦੇ ਹਨ, ਚਾਹੇ ਸਕੂਲ ਕਿਸੇ ਨਿੱਜੀ ਪ੍ਰਬੰਧ ਜਾਂ ਕਿਸੇ ਸੰਸਥਾ ਦੇ ਅਧੀਨ ਹੋਵੇ, ਉਨ੍ਹਾਂ ਦੀ ਖੁਲ੍ਹੀ ਮੱਦਦ ਕੀਤੀ ਜਾਵੇ ਅਤੇ ਅਨੁਦਾਨ ਪ੍ਰਣਾਲੀ ਤੇ ਆਧਾਰਿਤ ਅੰਗਰੇਜ਼ੀ ਸਕੂਲ ਤੇ ਕਾਲਜ ਖੁਲ੍ਹਵਾਏ ਜਾਣ।

12. ਜਿਥੇ ਕਿਤੇ ਲੋੜ ਹੋਵੇ ਮੁਸਲਮਾਨ ਅਧਿਆਪਕਾਂ ਦੀ ਸਿਖਲਾਈ ਲਈ ਨਾਰਮਲ ਸਕੂਲ ਜਾਂ ਕਲਾਸਾਂ ਖੋਲ੍ਹੀਆਂ ਜਾਣ।

14. ਮੌਜੂਦਾ ਗਿਣਤੀ ਨਾਲੋਂ ਜ਼ਿਆਦਾ ਗਿਣਤੀ ਵਿਚ ਮੁਸਲਮਾਨਾਂ ਦੇ ਮੁੱਢਲੇ ਸਕੂਲਾਂ ਦੀ ਜਾਂਚ ਲਈ ਮੁਸਲਮਾਨ ਇਨਸਪੈਕਟਰ ਲਾਏ ਜਾਣ।

17. ਪੜ੍ਹੇ-ਲਿਖੇ ਮੁਸਲਮਾਨਾਂ ਅਤੇ ਹੇਠ ਵਰਗਾਂ ਨੂੰ ਦਿਤੀ ਜਾਣ ਵਾਲੀ ਰਿਜ਼ਰਵੇਸ਼ਨ ਦੇ ਪ੍ਰਸ਼ਨ ਵੱਲ ਸਥਾਨਕ ਸਰਕਾਰਾਂ ਨੂੰ ਧਿਆਨ ਦੇਣਾ ਚਾਹੀਦਾ ਹੈ।

21. ਹੰਟਰ ਕਮਿਸ਼ਨ ਦੀਆਂ ਇਹ ਸਾਰੀਆਂ ਸਿਫਾਰਸ਼ਾਂ ਪਛੜੀਆਂ ਜਾਤੀਆਂ ਦੀ ਸਿਖਿਆ ਲਈ ਵੀ ਜ਼ਰੂਰੀ ਸਨ। ਪਰ ਜਦੋਂ ਅਸੀਂ ਪਛੜੀਆਂ ਜਾਤੀਆਂ ਲਈ ਕਮਿਸ਼ਨ ਵਲੋਂ ਦਿਤੀਆਂ ਗਈਆਂ ਸਿਫਾਰਸ਼ਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਉਨ੍ਹਾਂ ਵਿਚ ਕਿਤੇ ਵੀ ਨਹੀਂ ਕਿਹਾ ਗਿਆ ਕਿ ਪਛੜੀਆਂ ਜਾਤੀਆਂ ਦੀ ਸਿਖਿਆ ਸਰਕਾਰੀ ਖਜ਼ਾਨੇ ਤੇ ਕੋਈ ਜਾਇਜ਼ ਬੋਝ ਹੈ। ਵਜ਼ੀਫੇ ਅਤੇ ਵਿਕਾਸ ਦੇ ਮੌਕੇ ਇਨ੍ਹਾਂ ਲਈ ਵੀ ਸੁਰੱਖਿਅਤ ਕੀਤੇ ਜਾਣੇ ਚਾਹੀਦੇ ਹਨ। ਵਿਸ਼ੇਸ਼ ਜਾਂਚ ਅਫਸਰ ਇਨ੍ਹਾਂ ਦੀਆਂ ਸਿਖਿਆ ਜ਼ਰੂਰਤਾਂ ਪੂਰੀਆਂ ਕਰਨ ਲਈ ਰੱਖੇ ਜਾਣ ਜਾਂ ਫਿਰ ਉਨ੍ਹਾਂ ਵਿਚ ਵੀ ਸਿਖਿਆ ਦਾ ਵਿਕਾਸ ਉਤਸਾਹਿਤ ਕਰਨ ਲਈ, ਉਨ੍ਹਾਂ ਨੂੰ ਵੀ ਸਰਕਾਰੀ ਸਹਾਇਤਾ ਦਿਤੀ ਜਾਵੇ।

ਕਮਿਸ਼ਨ ਸਿਰਫ ਇਹੀ ਕਹਿੰਦਾ ਪਾਇਆ ਜਾਂਦਾ ਹੈ ਕਿ (1) "ਕੇਵਲ ਜਾਤ ਦੇ ਆਧਾਰ ਤੇ ਕਿਸੇ ਵੀ ਬੱਚੇ ਨੂੰ ਸਰਕਾਰੀ ਕਾਲਜ ਜਾਂ ਸਕੂਲ ਵਿਚ ਦਾਖਲਾ ਦੇਣ ਤੋਂ ਮਨ੍ਹਾਂ ਨਾ ਕੀਤਾ ਜਾਏ," ਇਸ ਅਸੂਲ ਨੂੰ ਮੁੜ ਤੋਂ ਪੱਕਿਆਂ ਕੀਤਾ ਜਾਏ ਅਤੇ ਲੋੜੀਦੀ

ਚੌਕਸੀ ਨਾਲ ਉਸ ਅਦਾਰੇ ਵਿਚ ਅਮਲ ਵਿਚ ਲਿਆਂਦਾ ਜਾਵੇ ਜਿਹੜਾ ਕਿ ਸਿਰਫ ਕਿਸੇ ਖਾਸ ਜਾਤੀ ਲਈ ਨਾ ਹੋਵੇ ਅਤੇ ਜੋ ਪੂਰਨ ਤੌਰ ਤੇ ਸਰਕਾਰੀ ਖਜ਼ਾਨੇ ਦੇ ਖ਼ਰਚੇ ਤੇ ਹੀ ਚਲਦਾ ਹੋਵੇ, ਭਾਵੇਂ ਪ੍ਰਾਂਤਿਕ ਤੇ ਭਾਵੇਂ ਮਿਊਂਸੀਪਲ ਕਮੇਟੀ ਦਾ ਜਾਂ ਸਥਾਨਿਕ ਹੋਵੇ।

(2) ਜਿਥੇ ਕਿਤੇ ਵੱਖਰੇ ਸਕੂਲ ਖੋਲ੍ਹਣ ਜਾਂ ਕਲਾਸਾਂ ਚਾਲੂ ਕਰਨ ਦੇ ਯੋਗ ਅਜਿਹੇ ਬੱਚਿਆਂ ਦੀ ਗਿਣਤੀ ਕਾਫ਼ੀ ਹੋਵੇ ਅਤੇ ਜਿਥੇ ਸਰਕਾਰੀ ਖ਼ਰਚੇ ਤੇ ਚੱਲਦੇ ਸਕੂਲਾਂ ਵਿਚ ਉਨ੍ਹਾਂ ਦੀ ਪੜ੍ਹਾਈ ਦਾ ਉਚਿਤ ਪ੍ਰਬੰਧ ਨਾ ਹੋਵੇ, ਉਥੇ ਨੀਵੀਆਂ ਜਾਤੀਆਂ ਦੇ ਬੱਚਿਆਂ ਲਈ ਵਿਸ਼ੇਸ਼ ਸਕੂਲ ਖੋਲ੍ਹਣ ਜਾਂ ਕਲਾਸਾਂ ਚਾਲੂ ਕਰਨ ਦੇ ਕੰਮ ਨੂੰ ਖੁਲ੍ਹ-ਦਿਲੀ ਨਾਲ ਉਤਸ਼ਾਹ ਦਿਤਾ ਜਾਵੇ। ਅਸਲ ਗੱਲ ਤਾਂ ਇਹ ਹੈ ਕਿ ਜੋ ਸਿਫਾਰਸ਼ਾਂ ਕਮਿਸ਼ਨ ਨੇ ਮੁਸਲਮਾਨਾਂ ਲਈ ਕੀਤੀਆਂ ਸਨ, ਉਨ੍ਹਾਂ ਦੀ ਜ਼ਰੂਰਤ ਮੁਸਲਮਾਨਾਂ ਨਾਲੋਂ ਪਛੜੀਆਂ ਜਾਤੀਆਂ ਨੂੰ ਕਿਤੇ ਵੱਧ ਸੀ, ਕਿਉਂਕਿ ਹੰਟਰ ਕਮਿਸ਼ਨ, ਜਿਸ ਦੀ ਪਰਤੱਖ ਰੂਪ ਵਿਚ ਮੁਸਲਮਾਨਾਂ ਦੇ ਹਮਾਇਤੀ ਚੇਅਰਮੈਨ ਦੁਆਰਾ ਪ੍ਰਧਾਨਗੀ ਕੀਤੀ ਗਈ ਸੀ, ਉਸ ਨੇ ਮੰਨਿਆ ਕਿ 1871-73 ਵਿਚ ਕੀਤੀ ਗਈ ਜਾਂਚ ਇਸ ਗੱਲ ਨੂੰ ਸਾਬਤ ਕਰਦੀ ਹੈ ਕਿ ਉਚੇਰੀ ਸਿਖਿਆ ਨੂੰ ਛੱਡ ਕੇ ਬਾਕੀ ਥਾਵਾਂ ਤੇ ਮੁਸਲਮਾਨਾਂ ਦੇ ਪਛੜੇ ਹੋਣ ਦੀ ਗੱਲ ਵਧਾ ਚੜ੍ਹਾ ਕੇ ਪੇਸ਼ ਕੀਤੀ ਗਈ ਹੈ।" ਇਸ ਦੇ ਹੁੰਦੇ ਹੋਏ ਵੀ ਹੰਟਰ ਕਮਿਸ਼ਨ ਨੇ ਵੀ ਉਪਰ ਦੱਸੀਆਂ ਦੋ ਸਿਫਾਰਸ਼ਾਂ ਕੀਤੀਆਂ। ਪਛੜੀਆਂ ਜਾਤੀਆਂ ਲਈ ਇਨ੍ਹਾਂ ਦੋਹਾਂ ਸਿਫਾਰਸ਼ਾਂ ਤੋਂ ਵੀ ਕੋਈ ਖਾਸ ਫਾਇਦਾ ਹੋਣ ਦੀ ਉਮੀਦ ਨਹੀਂ ਸੀ। ਉਨ੍ਹਾਂ ਦੇ ਅਸਫਲ ਹੋਣ ਦੀ ਗੱਲ ਪੱਕੀ ਸੀ। ਇਸ ਸਿਧਾਂਤ ਦੀ ਪੁਸ਼ਟੀ ਵੀ ਭਾਵੇਂ ਪੰਜਵੀਂ ਵਾਰ ਹੋ ਰਹੀ ਸੀ, ਪਰ ਸੀ ਇਹ ਵਿਅਰਥ। ਕਮਿਸ਼ਨ ਦੁਆਰਾ ਲਗਾਈ ਗਈ ਸ਼ਰਤ ਮੁਤਾਬਿਕ ਇਸ ਸਿਧਾਂਤ ਦੇ ਅਮਲ ਉਤੇ ਰੋਕ ਲਗੀ ਹੋਈ ਸੀ। ਇਸ ਤਰ੍ਹਾਂ ਪਛੜੀਆਂ ਜਾਤੀਆਂ ਲਈ ਅਲੱਗ ਸਕੂਲ, ਖੋਲ੍ਹਣਾ ਵੀ ਸੰਭਵ ਨਹੀਂ ਸੀ ਜੋ ਫਿਰ ਪੱਕੇ ਤੌਰ ਤੇ ਵਿਅਰਥ ਗੱਲ ਸੀ। ਅਲੱਗ ਸਕੂਲ ਜਿਨ੍ਹਾਂ ਉਤੇ ਵਾਧੂ ਖਰਚਾ ਹੋਣਾ ਸੀ, ਇਹ ਗੱਲ ਉਸ ਸਰਕਾਰ ਨੂੰ ਕਿਵੇਂ ਮਨਜ਼ੂਰ ਹੋ ਸਕਦੀ ਸੀ ਜਿਸ ਲਈ ਮੁਢਲੀ ਸਿਖਿਆ ਵੀ ਇਕ ਬਹੁਤ ਵੱਡਾ ਕੰਮ ਸੀ। ਇਸ ਦੇ ਨਾਲ ਹੀ ਇਹ ਸ਼ਰਤ ਕਿ ਸਕੂਲ ਉਥੇ ਖੋਲ੍ਹੇ ਜਾਣ ਜਿਥੇ ਪਛੜੀਆਂ ਜਾਤੀਆਂ ਦੀ ਕਾਫੀ ਆਬਾਦੀ ਹੋਵੇ, ਸਾਰੀਆਂ ਸਿਫਾਰਸ਼ਾਂ ਨੂੰ ਨਾਕਾਮ ਕਰਨ ਲਈ ਕਾਫੀ ਸੀ, ਕਿਉਂਕਿ ਪੇਂਡੂ ਇਲਾਕਿਆਂ ਵਿਚ ਪਛੜੀਆਂ ਜਾਤੀਆਂ ਦੇ ਵੱਡੇ ਸਮੂਹ ਕਿਸੇ ਇਕੋ ਥਾਂ ਇਕੱਠੇ ਨਹੀਂ ਰਹਿੰਦੇ।

22. ਇਹ ਸਮਝਣਾ ਬੜਾ ਮੁਸ਼ਕਿਲ ਹੈ ਕਿ ਹੰਟਰ ਕਮਿਸ਼ਨ ਨੇ ਪਛੜੀਆਂ ਜਾਤੀਆਂ ਦੀਆਂ ਸਿਖਿਅਕ ਜ਼ਰੂਰਤਾਂ ਵੱਲ ਐਨਾ ਘੱਟ ਧਿਆਨ ਕਿਉਂ ਦਿਤਾ। ਜੇਕਰ ਉਹ ਮੁਸਲਮਾਨਾਂ ਉਤੇ ਦਿਆਲੂ ਹੋਣ ਦੀ ਜ਼ਰੂਰਤ ਸਮਝਦੇ ਸਨ ਤਾਂ ਉਨ੍ਹਾਂ ਨੂੰ ਪਛੜੀਆਂ ਜਾਤੀਆਂ ਜੋ ਕਿ ਮੁਸਲਮਾਨਾਂ ਨਾਲੋਂ ਸਿਖਿਆ, ਦੌਲਤ ਅਤੇ ਸਮਾਜਕ ਪੱਧਰ ਵਿਚ ਕਿਤੇ ਪਿੱਛੇ ਸੀ, ਨਾਲ ਵੀ ਨਿਆਂ-ਪੂਰਬਕ ਪੇਸ਼ ਆਉਣਾ ਚਾਹੀਦਾ ਸੀ। ਬੱਸ ਇਕ ਵਾਰੀ

ਹੰਟਰ ਕਮਿਸ਼ਨ ਨੇ ਪਛੜੀਆਂ ਜਾਤੀਆਂ ਨੂੰ ਪਿੱਛੇ ਧੱਕਿਆ ਤਾਂ ਉਸ ਤੋਂ ਬਾਅਦ ਉਹ ਉਥੇ ਹੀ ਰਹਿ ਗਈਆਂ ਅਤੇ ਫਿਰ ਸਰਕਾਰ ਨੇ ਉਨ੍ਹਾਂ ਵੱਲ ਕਦੇ ਧਿਆਨ ਨਹੀਂ ਦਿਤਾ। ਇਸ ਬੇਰੁਖ਼ੀ ਦੀ ਮਿਸਾਲ 21 ਫਰਵਰੀ 1913 ਦਾ ਦਿੱਲੀ ਵਿਖੇ ਪਾਸ ਹੋਇਆ ਸਿਖਿਆ ਵਿਭਾਗ, ਭਾਰਤ ਸਰਕਾਰ ਦਾ ਮਤਾ ਹੈ। ਇਹ ਸਭ ਤੋਂ ਮਹੱਤਵਪੂਰਣ ਮਤਿਆਂ ਵਿਚੋਂ ਇਕ ਸੀ ਅਤੇ ਇਸ ਵਿਚ ਉਸਨੇ ਫ਼ੈਸਲਾ ਕੀਤਾ ਕਿ "ਵੱਖ ਵੱਖ ਰਾਜਾਂ ਵਿਚ ਸਿਖਿਆ ਫੈਲਾਉਣ ਲਈ ਸਥਾਨਕ ਸਰਕਾਰ ਨੂੰ ਬਾਦਸ਼ਾਹੀ ਖਜ਼ਾਨੇ ਵਿਚੋਂ ਕਾਫ਼ੀ ਵੱਡੀ ਮਾਲੀ ਮੱਦਦ ਦਿਤੀ ਜਾਵੇ।" ਇਸ ਮਤੇ ਵਿਚ ਉਨ੍ਹਾਂ ਵੱਲੋਂ ਵਿਸ਼ੇਸ਼ ਤੌਰ ਤੇ ਪ੍ਰਾਂਤਿਕ ਸਰਕਾਰਾਂ ਨੂੰ ਮੁੱਢਲੇ ਵਾਸੀਆਂ ਦੀ ਬਰਾਦਰੀ ਅਤੇ ਮੁਸਲਮਾਨ ਜਾਤਾਂ ਦੀਆਂ ਸਿਖਿਆ ਸਬੰਧੀ ਲੋੜਾਂ ਬਾਰੇ ਦੱਸਿਆ ਗਿਆ। ਪਰ ਪਛੜੀਆਂ ਜਾਤੀਆਂ ਬਾਰੇ ਪੂਰੇ ਮਤੇ ਵਿਚ ਉਨ੍ਹਾਂ ਇਕ ਵੀ ਸ਼ਬਦ ਨਹੀਂ ਕਿਹਾ। ਬੰਬਈ ਸਰਕਾਰ ਨੇ ਇਸ ਸੁਝਾਵ ਨੂੰ ਤੁਰੰਤ ਮੰਨ ਲਿਆ ਅਤੇ 1913 ਵਿੱਚ ਮੁਸਲਮਾਨਾਂ ਵਿੱਚ ਸਿਖਿਆ ਦੇ ਪਰਸਾਰ ਦੇ ਸੰਬੰਧ ਵਿਚ ਸਿਫ਼ਾਰਸ਼ ਕਰਨ ਵਾਲੀ ਸਿਖਿਆ ਸਮਿਤੀ ਵਿੱਚ ਇਕ ਮੁਸਲਮਾਨ ਨੂੰ ਸ਼ਾਮਲ ਕਰ ਲਿਆ। ਸਰਕਾਰ ਦੀ ਅਜਿਹੀ ਅਪ੍ਰਾਧਕ ਉਪੇਖਿਆ ਪ੍ਰਤੀ ਕੋਈ ਗੱਲ ਹੀ ਸ਼ਾਇਦ ਠੀਕ ਹੋਵੇ। ਖਾਸ ਤੌਰ 'ਤੇ ਜਦੋਂ ਇਹ ਅਨੁਭਵ ਕੀਤਾ ਜਾਵੇ ਕਿ 1913 ਤੋਂ ਬਾਅਦ ਭਾਰਤ ਸਰਕਾਰ ਵਲੋਂ ਦਿੱਤੀ ਗਈ ਬਹੁਤ ਸਾਰੀ ਮਾਲੀ ਸਹਾਇਤਾ ਉਸ ਐਲਾਨ ਦੀ ਪੂਰਤੀ ਵਜੋਂ ਦਿਤੀ ਗਈ ਜੋ 6 ਜਨਵਰੀ1912 ਨੂੰ ਕਲਕੱਤਾ ਯੂਨੀਵਰਸਿਟੀ ਦੇ ਭਾਸ਼ਣ ਦਾ ਜਵਾਬ ਦਿੰਦਿਆਂ ਹੋਇਆ ਮਹਾਨ ਦਿਆਲੂ ਸਾਮਰਾਜੀ ਬਾਦਸ਼ਾਹ ਦੇ ਸਮਰਾਟ ਵਲੋਂ ਕੀਤਾ ਗਿਆ ਸੀ।

" ਮੈਂ ਇਹ ਚਾਹੁੰਦਾ ਹਾਂ ਕਿ ਸਾਰੇ ਦੇਸ਼ ਵਿਚ ਸਕੂਲਾਂ ਅਤੇ ਕਾਲਜਾਂ ਦਾ ਇਕ ਜਾਲ ਜਿਹਾ ਵਿਛ ਜਾਏ, ਜਿਨ੍ਹਾਂ ਵਿਚੋਂ ਵਫ਼ਾਦਾਰ ਬਹਾਦੁਰ ਅਤੇ ਪਾਏਦਾਰ ਨਾਗਿਰਕ ਨਿਕਲਣ ਜੋ ਉਦਯੋਗ, ਖੇਤੀਬਾੜੀ ਅਤੇ ਹੋਰ ਕੰਮਾਂ ਲਈ ਜ਼ਿੰਦਗੀ ਵਿਚ ਆਪਣੇ ਆਪ ਨੂੰ ਚੰਗਾ ਸਾਬਤ ਕਰ ਸਕਣ। ਮੈਂ ਇਹ ਵੀ ਚਾਹੁੰਦਾ ਹਾਂ ਕਿ ਮੇਰੀ ਭਾਰਤੀ ਜਨਤਾ ਦੇ ਘਰ ਗਿਆਨ ਦੇ ਪ੍ਰਕਾਸ਼ ਨਾਲ ਜਗ ਮਗਾ ਉਠਣ ਅਤੇ ਉਨ੍ਹਾਂ ਦੇ ਕੰਮ-ਕਾਜ ਹੋਰ ਚੰਗੇ ਹੋ ਜਾਣ ਅਤੇ ਇਸ ਦੇ ਨਾਲ ਜੋ ਕੁਝ ਹੋਰ ਹੋ ਸਕਦਾ ਹੈ ਉਹ ਵੀ ਹੋਵੇ, ਸੋਚ ਦਾ, ਸੁੱਖ ਅਤੇ ਸਿਹਤ ਦਾ ਇਕ ਉੱਚਾ ਪੱਧਰ ਆਏ। ਮੇਰੀ ਇਹ ਖਾਹਿਸ਼ ਕੇਵਲ ਸਿਖਿਆ ਦੁਆਰਾ ਹੀ ਪੂਰੀ ਹੋ ਸਕਦੀ ਹੈ ਅਤੇ ਭਾਰਤ ਵਿਚ ਸਿਖਿਆ ਪ੍ਰਸਾਰ ਦਾ ਕੰਮ ਹਮੇਸ਼ਾਂ ਮੇਰੇ ਦਿਲ ਦੇ ਬਹੁਤ ਲਾਗੇ ਰਹੇਗਾ, ਜੋ ਮੇਰਾ ਪਿਆਰਾ ਧਰਮ ਹੋਵੇਗਾ।

1923 ਤੋਂ ਬਾਅਦ

23. ਸੁਧਾਰ ਐਕਟ 1921 ਵਿੱਚ ਲਾਗੂ ਹੋ ਗਿਆ। ਸਿਖਿਆ ਵਿਭਾਗ ਬਦਲ ਕੇ ਇਕ ਮੰਤਰੀ ਦੇ ਅਧੀਨ ਕਰ ਦਿਤਾ ਗਿਆ। ਫਿਰ ਵੀ, ਪਛੜੀਆਂ ਜਾਤੀਆਂ ਨੂੰ ਸ਼ੱਕ ਹੀ ਸੀ ਕਿ ਮੰਤਰੀ ਦੇ ਅਧੀਨ ਸਿਖਿਆ ਵਿਭਾਗ ਕਰਨ ਨਾਲ ਵੀ ਉਨ੍ਹਾਂ ਨੂੰ ਕੋਈ

ਫ਼ਾਇਦਾ ਹੋ ਸਕੇਗਾ। ਉਹ ਪਹਿਲਾਂ ਹੀ ਅਫ਼ਸਰਸ਼ਾਹੀ ਦੇ ਹੱਥੋਂ ਸਿਖਿਆ ਲਾਗੂ ਹੋਣ ਦੇ ਪਹਿਲੇ ਸਮੇਂ ਦੇ ਦੌਰਾਨ, ਅਫ਼ਸਰਸ਼ਾਹੀ ਵਲੋਂ ਉਨ੍ਹਾਂ ਨੂੰ ਸਿਖਿਆ ਦੇ ਲਾਭ ਪ੍ਰਾਪਤ ਕਰਨ ਦੀ ਆਗਿਆ ਨਹੀਂ ਦਿਤੀ ਗਈ ਸੀ। ਦੂਜੇ ਪੜਾਅ ਵਿਚ ਵੀ ਅਫ਼ਸਰਸ਼ਾਹੀ ਵਲੋਂ ਉਨ੍ਹਾਂ ਦੀ ਸਿਖਿਆ ਪ੍ਰਾਪਤ ਕਰਨ ਵਿਚ ਮੱਦਦ ਨਹੀਂ ਕੀਤੀ ਗਈ ਸੀ। ਮੁੱਕਦੀ ਗੱਲ ਇਹ ਕਿ ਅਫ਼ਸਰਸ਼ਾਹੀ ਇਸ ਗੱਲ ਤੇ ਅੜੀ ਖੜ੍ਹੀ ਸੀ ਕਿ ਪਛੜੀਆਂ ਜਾਤੀਆਂ ਨੂੰ ਸਿਖਿਆ ਦੇ ਹੱਕ ਦਾ ਸਿਧਾਂਤ ਨਹੀਂ ਮੰਨਣਾ। ਪਛੜੀਆਂ ਜਾਤੀਆਂ ਭਾਰਤੀ ਬੁੱਧੀਜੀਵੀਆਂ ਦੀ ਉਸੇ ਤਰ੍ਹਾਂ ਦੀ ਜਾਗ੍ਰਿਤੀ ਦੇ ਮਗਰ ਲੱਗਣ ਲਈ ਤਿਆਰ ਨਹੀਂ ਸਨ ਜਿਹੜੇ ਅਫ਼ਸਰਸ਼ਾਹੀ ਨੂੰ ਬਦਲਣ ਲਈ ਸੰਘਰਸ਼ ਕਰ ਰਹੇ ਸਨ ਕਿਉਂਕਿ ਭਾਰਤੀ ਬੁੱਧੀਜੀਵੀਆਂ ਦੀਆਂ ਜੜ੍ਹਾਂ ਉਸ ਹਿੱਸੇ ਵਿਚ ਸਨ ਜਿਥੇ ਪਛੜੀਆਂ ਜਾਤੀਆਂ ਨੂੰ ਜਾਣ ਦਾ ਕੋਈ ਹੱਕ ਪ੍ਰਾਪਤ ਨਹੀਂ ਸੀ। ਪਛੜੀਆਂ ਜਾਤੀਆਂ ਨੂੰ ਡਰ ਸੀ ਕਿ ਉਨ੍ਹਾਂ ਦੇ ਵਰਤਮਾਨ ਵਿਚ ਵੀ ਫਿਰ ਉਨ੍ਹਾਂ ਦਾ ਅਤੀਤ ਜੀਵਿਤ ਨਾ ਹੋ ਜਾਵੇ।

24. ਬਦਕਿਸਮਤੀ ਨਾਲ ਉਨ੍ਹਾਂ ਦੇ ਸ਼ੱਕ ਸਹੀ ਨਿਕਲੇ ਅਤੇ ਇਹ ਕਿਹਾ ਜਾ ਸਕਦਾ ਹੈ ਕਿ ਸੁਧਾਰ ਐਕਟ ਹੇਠ ਬੰਬਈ ਰਾਜ ਵਿਚ ਪਛੜੀਆਂ ਜਾਤੀਆਂ ਦਾ ਹੋਰ ਵੀ ਪਤਨ ਹੋਇਆ। ਮੌਜੂਦਾ ਹਾਲਾਤ ਨੂੰ ਦਰਸਾਉਣ ਵਾਲਾ ਇਹ ਵਿਵਰਣ ਭਾਵੇਂ ਬਹੁਤ ਸਖ਼ਤ ਕਿਹਾ ਜਾ ਸਕਦਾ ਹੈ ਪਰੰਤੂ ਬੰਬਈ ਰਾਜ ਦੇ ਲਾਜ਼ਮੀ ਮੁੱਢਲੀ ਸਿਖਿਆ ਅਧਿਨਿਯਮ (1923 ਦਾ 4 (ਬੰਬਈ ਐਕਟ) ਨੇ ਪਛੜੀਆਂ ਜਾਤੀਆਂ ਲਈ ਜੋ ਹਾਲਾਤ ਬਣਾ ਦਿਤੇ ਹਨ, ਉਹ ਇਸ ਤੋਂ ਹੋਰ ਢੁਕਵੇਂ ਸ਼ਬਦਾਂ ਰਾਹੀਂ ਨਹੀਂ ਦਰਸਾਏ ਜਾ ਸਕਦੇ। ਇਹ ਲਾਜ਼ਮੀ ਮੁੱਢਲੀ ਸਿਖਿਆ ਅਧਿਨਿਯਮ ਇਕ ਬਹੁਤ ਹੀ ਵੱਡਾ ਧੋਖਾ ਹੈ। ਇਸ ਐਕਟ ਬਾਰੇ ਇਹ ਕਿਹਾ ਗਿਆ ਸੀ ਕਿ ਇਹ ਐਕਟ ਸਿਖਿਆ ਨੀਤੀ ਨੂੰ ਪੂਰੀ ਤਰ੍ਹਾਂ ਬਦਲ ਕੇ ਇੱਛਾ-ਪੂਰਵਕ ਸਿਖਿਆ ਤੋਂ ਜ਼ਰੂਰੀ ਸਿਖਿਆ ਕਰ ਦੇਵੇਗਾ। ਪਰ ਇਸ ਐਕਟ ਨੇ ਅਜਿਹਾ ਕੁਝ ਨਹੀਂ ਕੀਤਾ। ਇਸ ਐਕਟ ਦਾ ਸੈਕਸ਼ਨ-10 ਇਸ ਧੋਖੇ ਨੂੰ ਪੂਰੀ ਤਰ੍ਹਾਂ ਉਜਾਗਰ ਕਰਦਾ ਹੈ। ਇਹ ਪ੍ਰਣਾਲੀ ਹੁਣ ਵੀ ਉਨੀ ਹੀ ਮਨ-ਮਰਜ਼ੀ ਦੀ ਹੈ, ਜਿੰਨੀ ਕਿ ਪਹਿਲਾਂ ਸੀ ਅਤੇ ਸ਼ਾਇਦ ਹਮੇਸ਼ਾਂ ਇਵੇਂ ਹੀ ਰਹੇਗੀ ਕਿਉਂਕਿ ਨਾ ਤਾਂ ਇਸ ਪ੍ਰਣਾਲੀ ਨੂੰ ਜ਼ਰੂਰੀ ਬਣਾਉਣ ਦੀ ਕੋਈ ਮਜਬੂਰੀ ਹੈ ਅਤੇ ਨਾ ਹੀ ਐਕਟ ਵਿਚ ਇਸ ਕੰਮ ਨੂੰ ਪੂਰਾ ਕਰਨ ਲਈ ਕੋਈ ਸਮਾਂ ਨਿਰਧਾਰਤ ਕੀਤਾ ਗਿਆ। ਇਸ ਤੋਂ ਇਲਾਵਾ ਲਾਜ਼ਮੀ ਮੁੱਢਲੀ ਸਿਖਿਆ ਅਧਿਨਿਯਮ ਨੇ ਮੁੱਢਲੀ ਸਿਖਿਆ ਦੇ ਪ੍ਰਬੰਧ ਵਿਚ ਇਕ ਬਹੁਤ ਵੱਡਾ ਹੇਰ-ਫੇਰ ਕੀਤਾ। ਹੁਣ ਤੱਕ ਮੁੱਢਲੀ ਸਿਖਿਆ ਦਾ ਸਾਰਾ ਪ੍ਰਬੰਧ ਸੂਬਾ ਸਰਕਾਰ ਕਰਦੀ ਸੀ ਅਤੇ ਇਸ ਦਾ ਸਾਰਾ ਖ਼ਰਚਾ ਸੂਬੇ ਦੇ ਖ਼ਜ਼ਾਨੇ ਵਿਚੋਂ ਕੀਤਾ ਜਾਂਦਾ ਸੀ, ਸਿਵਾਏ ਇਸ ਦੇ ਕਿ ਸਥਾਨਕ ਬੋਰਡ ਮਿਥੇ ਸਾਧਨਾਂ ਦੀ ਆਮਦਨ ਦਾ ਇਕ ਤਿਹਾਈ ਹਿੱਸਾ ਅਨੁਦਾਨ ਵਜੋਂ ਦਿੰਦੇ ਸਨ। ਪਰ ਇਸ ਲਾਜ਼ਮੀ ਮੁੱਢਲੀ ਸਿਖਿਆ ਅਧਿਨਿਯਮ ਅਧੀਨ ਮੁੱਢਲੀ ਸਿਖਿਆ ਦਾ ਸਾਰਾ ਪ੍ਰਬੰਧ ਹੁਣ ਜ਼ਿਲ੍ਹਾ ਸਿਖਿਆ ਬੋਰਡ (ਜੋ ਕਿ ਜ਼ਿਲ੍ਹਾ ਸਥਾਨਕ ਬੋਰਡ ਦੀਆਂ ਕਮੇਟੀਆਂ

ਹਨ) ਦੇ ਹੱਥਾਂ ਵਿਚ ਹੈ ਅਤੇ ਹੁਣ ਬਜਾਏ ਇਸ ਦੇ ਕਿ ਸਥਾਨਕ ਬੋਰਡ ਸੂਬਾ ਸਰਕਾਰ ਨੂੰ ਆਪਣਾ ਹਿੱਸਾ ਭੇਜੇ, ਹੁਣ ਸੂਬਾ ਸਰਕਾਰ ਜ਼ਿਲ੍ਹਾ ਸਕੂਲ ਬੋਰਡ ਨੂੰ ਮੱਦਦ ਭੇਜਦੀ ਹੈ। ਇਹ ਇਕ ਖਰਚੀਲਾ ਤੇ ਗੁੰਮਰਾਹ ਕਰਨ ਵਾਲਾ ਖ਼ਿਆਲ ਸੀ ਜਿਸ ਕਰਕੇ ਇਹ ਤਬਦੀਲੀ ਕੀਤੀ ਗਈ ਕਿ ਇਹ ਐਕਟ ਇਨ੍ਹਾਂ ਸਕੂਲ ਬੋਰਡਾਂ ਨੂੰ ਆਪਣੇ ਕਾਰਜਕਾਰੀ ਅਫ਼ਸਰ ਨਿਯੁਕਤ ਕਰਨ ਦਾ ਅਧਿਕਾਰ ਦਿੰਦਾ ਹੈ, ਇਕ ਵਿਸ਼ੇਸ਼ ਅਧਿਕਾਰੀ ਜੋ ਬੰਬਈ ਦੀ ਮਿਉਂਸੀਪੈਲਟੀ ਵਰਗੀਆਂ ਵਿਸਿਤ ਕਾਰਪੋਰੇਸ਼ਨਾਂ ਨੂੰ ਵੀ ਪ੍ਰਾਪਤ ਨਹੀਂ ਹੈ।

25. ਸਭਾ ਸੋਚਦੀ ਹੈ ਕਿ ਇਹ ਬਦਲਾਉ ਇਕ ਬੜਾ ਹੀ ਕ੍ਰਾਂਤੀਕਾਰੀ ਬਦਲਾਉ ਹੈ ਅਤੇ ਇਹ ਰਾਜ ਅਤੇ ਖ਼ਾਸ ਕਰਕੇ ਪਛੜੀਆਂ ਜਾਤੀਆਂ ਦੇ ਹਿੱਤਾਂ ਲਈ ਮਾੜਾ ਸਾਬਤ ਹੋਵੇਗਾ। ਇਹ ਹਮੇਸ਼ਾਂ ਧਿਆਨ ਵਿਚ ਰਖਿਆ ਜਾਣਾ ਚਾਹੀਦਾ ਹੈ ਕਿ ਜਨਤਾ ਦੇ ਸਾਰੇ ਵਰਗਾਂ ਨੇ ਹਾਲੇ ਸਿਖਿਆ ਦੀ ਜ਼ਰੂਰਤ ਨੂੰ ਨਹੀਂ ਸਮਝਿਆ। ਆਮ ਧਾਰਨਾ ਇਹ ਹੈ ਕਿ ਸਿਖਿਆ ਬ੍ਰਾਹਮਣਾਂ ਦੇ ਇਲਾਵਾ ਹੋਰ ਕਿਸੇ ਲਈ ਨਹੀਂ ਹੈ। ਸਿਖਿਆ ਦੇ ਪ੍ਰਸਾਰ ਵੱਲ ਸਿਰਫ਼ ਉਹੀ ਥੋੜ੍ਹੇ ਜਿਹੇ ਲੋਕੀਂ, ਜੋ ਰਾਜਨੀਤੀ ਵਿਚ ਆ ਗਏ ਹਨ, ਹੀ ਧਿਆਨ ਦਿੰਦੇ ਹਨ। ਸਕੂਲ ਬੋਰਡ ਉਨ੍ਹਾਂ ਪੇਂਡੂ ਲੋਕਾਂ ਵਿਚੋਂ ਬਣਾਇਆ ਜਾਂਦਾ ਹੈ, ਜੋ ਇਸ ਵਾਤਾਵਰਣ ਵਿਚ ਪਲੇ ਹਨ ਜਿਸ ਵਿਚ ਸਿਖਿਆ ਸਿਰਫ਼ ਬ੍ਰਾਹਮਣਾਂ ਲਈ ਹੈ ਅਤੇ ਸੁਭਾਵਕ ਤੌਰ ਤੇ ਉਹ ਸਿਖਿਆ ਨੂੰ ਜ਼ਰੂਰੀ ਬਣਾਏ ਜਾਣ ਦੇ ਖਿਲਾਫ਼ ਹੋਣਗੇ। ਜੇ ਅਸੀਂ ਸਿਖਿਆ ਦਾ ਚੰਗਾ ਪ੍ਰਬੰਧ ਕਰਨਾ ਹੈ ਤਾਂ ਇਹ ਜ਼ਰੂਰੀ ਹੈ ਕਿ ਇਹ ਪ੍ਰਬੰਧ ਹਾਲੇ ਕੁਝ ਸਮੇਂ ਲਈ ਸੂਬਾ ਸਰਕਾਰ ਹੇਠ ਹੀ ਰਹੇ ਜੋ ਕਿ ਸਿੱਧੇ ਤੌਰ ਤੇ ਵਿਧਾਨ ਪ੍ਰੀਸ਼ਦ ਦੇ ਅਧੀਨ ਹੋਵੇ, ਜਿਥੇ ਕਿ ਕੁਝ ਉਹ ਸਿਆਸਤਦਾਨ ਹੋਣ ਜਿਨ੍ਹਾਂ ਨੂੰ ਸਿਖਿਆ ਦੀ ਜ਼ਰੂਰਤ ਬਾਰੇ ਪਤਾ ਹੈ। ਇਸ ਲਈ ਸਿਖਿਆ ਸਿਖਿਆ ਵਿਭਾਗ ਤੋਂ ਸਕੂਲ ਬੋਰਡ ਅਧੀਨ ਜਾਣਾ ਭਰੋਸੇਮੰਦ ਹੱਥਾਂ ਤੋਂ ਨਾਕਾਬਿਲ ਹੱਥਾਂ ਵਿਚ ਜਾਣਾ ਹੈ। ਪਰ ਜੇ ਇਹ ਬਦਲਾਵ ਪੂਰੇ ਸਿਖਿਆ ਪ੍ਰਸਾਰ ਲਈ ਆਮ ਤੌਰ ਤੇ ਹਾਨੀਕਾਰਕ ਹੈ, ਤਾਂ ਪਛੜੀਆਂ ਜਾਤੀਆਂ ਲਈ ਤਾਂ ਇਹ ਖਾਸ ਕਰਕੇ ਮਾੜਾ ਹੈ। ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਇਸ ਗੱਲ ਬਾਰੇ ਤਾਂ ਕੋਈ ਸ਼ੱਕ ਹੋ ਸਕਦਾ ਹੈ ਕਿ ਆਮ ਲੋਕੀਂ ਸਿਖਿਆ ਵਿਚ ਵਿਸ਼ਵਾਸ ਕਰਦੇ ਹਨ ਜਾਂ ਨਹੀਂ, ਪਰ ਇਸ ਗੱਲ ਬਾਰੇ ਕੋਈ ਸ਼ੱਕ ਨਹੀਂ ਕਿ ਉਹ ਪਛੜੀਆਂ ਜਾਤੀਆਂ ਦੀ ਸਿਖਿਆ ਵਿਚ ਵਿਸ਼ਵਾਸ ਨਹੀਂ ਕਰਦੇ। ਛੋਟੀਆਂ ਜਾਤੀਆਂ ਵੱਲ ਸਿਖਿਆ ਦੇ ਫੈਲਾਉ ਬਾਰੇ ਉੱਚ ਜਾਤੀਆਂ ਦੇ ਵਿਵਹਾਰ ਬਾਰੇ ਹੰਟਰ ਕਮਿਸ਼ਨ ਨੇ ਕਿਹਾ ਸੀ: "ਕਈ ਗਵਾਹਾਂ ਨੇ ਦੱਸਿਆ ਹੈ ਕਿ ਛੋਟੀ ਜਾਤ ਦੇ ਮੁੰਡਿਆਂ ਦੇ ਸਕੂਲਾਂ ਵਿਚ ਦਾਖਲੇ ਦੇ ਖਿਲਾਫ਼ ਉੱਚ ਜਾਤੀਆਂ ਨੇ ਸਿੱਧਾ ਅਤੇ ਹਿੰਸਕ ਵਿਰੋਧ ਦਿਖਾਇਆ ਹੈ। ਮਦਰਾਸ ਦੇ ਇਕ ਗਵਾਹ ਨੇ ਦੱਸਿਆ ਕਿ ਕਾਲੀਕਟ ਵਿਚ ਪ੍ਰਾਚੀਨ ਗੁਲਾਮ ਜਾਤੀ ਚੇਰੂਮਨ ਦੇ ਮੁੰਡਿਆਂ ਲਈ ਸਕੂਲ ਖੋਲ੍ਹਿਆ ਗਿਆ, ਪਰ ਨਈਅਰ ਅਤੇ ਤੀਆ ਲੋਕ ਸਕੂਲ ਜਾਂਦੇ ਮੁੰਡਿਆਂ ਤੋਂ ਉਨ੍ਹਾਂ ਦੀਆਂ ਕਿਤਾਬਾਂ ਆਦਿ ਖੋਹ ਲੈਂਦੇ ਸਨ ...."

ਇਸ ਵਿਸ਼ੇ ਉਤੇ ਚਰਚਾ ਦੇ ਦੌਰਾਨ ਸਾਡੇ ਧਿਆਨ ਵਿਚ ਲਿਆਂਦਾ ਗਿਆ ਸੀ ਕਿ ਕੇਂਦਰੀ ਪ੍ਰਾਂਤ ਅਤੇ ਬੰਬਈ ਰਾਜ ਦੇ ਪੇਂਡੂ ਇਲਾਕਿਆਂ ਵਿਚ ਛੋਟੀਆਂ ਜਾਤੀਆਂ ਨੂੰ ਸਿਖਿਆ ਦੇਣ ਬਾਰੇ ਵਿਸ਼ੇਸ਼ ਤੌਰ ਤੇ ਇਸ ਆਧਾਰ ਤੇ ਇਤਰਾਜ਼ ਕੀਤਾ ਗਿਆ ਸੀ ਕਿ ਸਿਖਿਆ ਨਾਲ ਉਨ੍ਹਾਂ ਦੀ ਜ਼ਿੰਦਗੀ ਵਿਚ ਤਰੱਕੀ ਹੋਵੇਗੀ ਅਤੇ ਉਨ੍ਹਾਂ ਨੂੰ ਆਪਣੇ ਹੁਣ ਦੇ ਮੰਦੇ ਹਾਲ ਤੋਂ ਛੁਟਕਾਰਾ ਪਾਉਣ ਲਈ ਉਤਸਾਹਿਤ ਕਰੇਗੀ। 1896-97 ਦੀ ਆਪਣੀ ਰੀਪੋਰਟ ਵਿਚ ਬੰਬਈ ਦੇ ਸਿਖਿਆ ਵਿਭਾਗ ਦੇ ਡਾਇਰੈਕਟਰ ਨੇ ਇਕ ਐਸੀ ਵਾਰਦਾਤ ਦਾ ਜ਼ਿਕਰ ਕੀਤਾ ਹੈ ਜਿਸ ਵਿਚ ਕੈਰਾ ਜ਼ਿਲ੍ਹੇ ਦੇ ਕੁਝ ਅਫ਼ਸਰਾਂ ਵਲੋਂ ਸਕੂਲ ਵਿਚ ਕੁਝ ਛੋਟੀ ਜਾਤ ਦੇ ਮੁੰਡਿਆਂ ਦੇ ਦਾਖਲੇ ਲਈ ਜ਼ੋਰ ਦੇਣ ਕਾਰਨ ਪੰਜ ਛੇ ਵੱਡੇ ਸਕੂਲਾਂ ਨੂੰ ਕਈ ਸਾਲਾਂ ਤੱਕ ਬੰਦ ਰਹਿਣਾ ਪਿਆ ਅਤੇ ਇਕ ਪਿੰਡ ਵਿਚ ਛੋਟੀ ਜਾਤ ਦੇ ਲੋਕਾਂ ਦੀਆਂ ਝੁੱਗੀਆਂ ਅਤੇ ਫ਼ਸਲਾਂ ਸਾੜ ਦਿਤੀਆਂ ਗਈਆਂ ਅਤੇ ਉਸ ਪਿੰਡ ਨੂੰ ਦੋ ਸਾਲਾਂ ਲਈ ਭਾਰੀ ਸਜ਼ਾ ਦੇਣ ਲਈ ਚੌਂਕੀ ਤਾਇਨਾਤ ਕਰ ਦਿਤੀ ਗਈ।

26. ਪੇਂਡੂ ਲੋਕਾਂ ਦੇ ਅਜਿਹੇ ਵਿਵਹਾਰ ਦੇ ਸਾਹਵੇਂ ਇਹ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ ਕਿ ਸਕੂਲ ਬੋਰਡ ਜੋ ਕਿ ਇਨ੍ਹਾਂ ਹੀ ਪੇਂਡੂ ਲੋਕਾਂ ਵਿਚੋਂ ਹੀ ਬੰਦੇ ਲੈ ਕੇ ਬਣਾਇਆ ਜਾਂਦਾ ਹੈ, ਪਛੜੀਆਂ ਜਾਤੀਆਂ ਨੂੰ ਸਿਖਿਆ ਦੇਣ ਦਾ ਆਪਣਾ ਕੰਮ ਵਫ਼ਾਦਾਰੀ ਨਾਲ ਕਰੇਗਾ? ਪਛੜੀਆਂ ਜਾਤੀਆਂ ਦੀ ਸਿਖਿਆ ਦਾ ਨਿਯੰਤਰਣ ਬੋਰਡ ਨੂੰ ਦੇਣ ਦਾ ਮਤਲਬ ਹੈ ਦਾਵੇਦਾਰ ਨੂੰ ਹੀ ਸ਼ਾਸਕ ਬਣਾ ਦੇਣਾ। ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਪਛੜੀਆਂ ਜਾਤੀਆਂ ਵਲੋਂ ਮੁੱਢਲੀ ਸਿੱਖਿਆ ਦਾ ਬੰਦੋਬਸਤ ਸਕੂਲ ਬੋਰਡਾਂ ਹੇਠ ਆਉਣ ਬਾਰੇ ਆਪਣੇ ਕਈ ਮਤਿਆਂ ਵਿਚ ਨਿੰਦਾ ਅਤੇ ਵਿਰੋਧ ਕੀਤਾ ਜਾਂਦਾ ਹੈ। ਜੇਕਰ ਸਕੂਲ ਬੋਰਡਾਂ ਵਿਚ ਪਛੜੀਆਂ ਜਾਤੀਆਂ ਤੋਂ ਕਾਫੀ ਨੁਮਾਇੰਦੇ ਲਏ ਜਾਂਦੇ ਤਾਂ ਸ਼ਾਇਦ ਕੁਝ ਰਾਹਤ ਮਿਲਦੀ। ਪਰ ਇਹ ਨਹੀਂ ਹੋ ਰਿਹਾ। ਪਛੜੀਆਂ ਜਾਤੀਆਂ ਦੀ, ਕੌਂਸਲ ਤੋਂ ਲੈ ਕੇ ਸਥਾਨਕ ਬੋਰਡਾਂ ਤੱਕ, ਸਭ ਖੁਦਮੁਖ਼ਤਿਆਰ ਅਦਾਰਿਆਂ ਵਿਚ ਨੁਮਾਇੰਦਗੀ ਸਰਕਾਰ ਨੇ ਕਿਸੇ ਅਜਾਇਬ ਘਰ ਦੇ ਉਸ ਪ੍ਰਬੰਧਕ ਵਾਂਗ ਨਿਰਧਾਰਤ ਕੀਤੀ ਹੈ, ਜੋ ਆਪਣੇ ਅਜਾਇਬ ਘਰ ਵਿਚ ਕਿਸੇ ਵੀ ਕਿਸਮ ਦਾ ਇਕ ਤੋਂ ਵੱਧ ਨਮੂਨਾ ਨਹੀਂ ਰੱਖਣਾ ਚਾਹੁੰਦਾ। ਸਰਕਾਰ ਜ਼ਿਲ੍ਹਾ ਸਥਾਨਕ ਬੋਰਡ ਦੇ ਚਾਲੀ ਮੈਂਬਰਾਂ ਵਿਚੋਂ ਪਛੜੀਆਂ ਜਾਤੀਆਂ ਦਾ ਇਕ ਮੈਂਬਰ ਨਾਮਜ਼ਦ ਕਰਦੀ ਹੈ ਅਤੇ ਸਕੂਲ ਬੋਰਡ ਨੂੰ ਆਪਣੇ ਲਈ ਪਛੜੀਆਂ ਜਾਤੀਆਂ ਵਿਚੋਂ ਇਕ ਮੈਂਬਰ ਚੁਣਨ ਦਾ ਨਿਰਦੇਸ਼ ਦਿਤਾ ਜਾਂਦਾ ਹੈ। ਇਸ ਚੋਣ ਦੇ ਸਿਧਾਂਤ ਅਨੁਸਾਰ, ਗਲਤ ਬੰਦਾ ਚੁਣੇ ਜਾਣ ਦਾ ਹਮੇਸ਼ਾਂ ਖ਼ਤਰਾ ਰਹਿੰਦਾ ਹੈ-ਅਜਿਹਾ ਖ਼ਤਰਾ ਜੋ ਪਿਛਲੇ ਦਿਨੀਂ ਪੂਰਬੀ ਖਾਨਦੇਸ਼ ਦੀਆਂ ਪਛੜੀਆਂ ਜਾਤੀਆਂ ਨੇ ਪਿਛਲੇ ਸਕੂਲ ਬੋਰਡ ਦੀ ਚੋਣ ਵਿਚ ਮਹਿਸੂਸ ਕੀਤਾ। ਪਰ ਜੇਕਰ ਸਹੀ ਚੁਣਿਆ ਵੀ ਜਾਵੇ, ਫਿਰ ਇਕੱਲਾ ਬੰਦਾ 15 ਬੰਦਿਆਂ ਦੇ ਵਿਰੋਧੀ ਗੁੱਟ ਸਾਹਮਣੇ, ਜੋ ਇਕ ਸਕੂਲ ਬੋਰਡ ਦੀ ਵੱਧ ਤੋਂ ਵੱਧ ਗਿਣਤੀ ਹੈ, ਕੀ ਕਰ ਸਕਦਾ ਹੈ?

27. ਜੇਕਰ ਸਰਕਾਰ ਸੱਚਮੁੱਚ ਪਛੜੀਆਂ ਜਾਤੀਆਂ ਦੀ ਸਿਖਿਆ ਦਾ ਵਿਕਾਸ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ ਕੁਝ ਖਾਸ ਕਦਮ ਚੁੱਕਣੇ ਪੈਣਗੇ। ਇਸ ਮਾਮਲੇ ਵਿਚ ਸਰਕਾਰ ਨੂੰ ਕੀ ਕਰਨਾ ਚਾਹੀਦਾ ਹੈ, ਇਸ ਬਾਰੇ ਸਭਾ ਦੇ ਆਪਣੇ ਵਿਚਾਰ ਹਨ ਅਤੇ ਉਹ ਇਨ੍ਹਾਂ ਨੂੰ ਕੁਝ ਇਸ ਤਰ੍ਹਾਂ ਦਰਸਾਉਣਾ ਚਾਹੁੰਦੀ ਹੈ:-

(1) ਜੇਕਰ ਲਾਜ਼ਮੀ ਮੁੱਢਲੀ ਸਿਖਿਆ ਐਕਟ ਰੱਦ ਨਾ ਕੀਤਾ ਗਿਆ ਅਤੇ ਮੁੱਢਲੀ ਸਿਖਿਆ ਦਾ ਬੰਦੋਬਸਤ ਸਕੂਲ ਬੋਰਡਾਂ ਹੇਠ ਜਾਣ ਤੋਂ ਨਾ ਰੋਕਿਆ ਗਿਆ ਤਾਂ ਸਭਾ ਨੂੰ ਇਹ ਡਰ ਹੈ ਕਿ ਪਛੜੀਆਂ ਜਾਤੀਆਂ ਦੀ ਸਿਖਿਆ ਨੂੰ ਇਕ ਬਹੁਤ ਵੱਡਾ ਧੱਕਾ ਲੱਗੇਗਾ।

(2) ਜਦੋਂ ਤੱਕ ਕਿ ਮੁੱਢਲੀ ਸਿਖਿਆ ਨੂੰ ਜ਼ਰੂਰੀ ਨਹੀਂ ਬਣਾਇਆ ਜਾਵੇਗਾ ਅਤੇ ਜ਼ਬਰਦਸਤੀ ਮੁੱਢਲੇ ਸਕੂਲਾਂ ਵਿਚ ਦਾਖ਼ਲੇ ਨਹੀਂ ਦਿਤੇ ਜਾਣਗੇ ਉਦੋਂ, ਤੱਕ ਪਛੜੀਆਂ ਜਾਤੀਆਂ ਦੀ ਸਿਖਿਅਕ ਤਰੱਕੀ ਲਈ ਜ਼ਰੂਰੀ ਹਾਲਾਤ ਪੈਦਾ ਨਹੀਂ ਹੋ ਸਕਦੇ।

(3) ਜਦੋਂ ਤੱਕ ਕਿ ਹੰਟਰ ਕਮਿਸ਼ਨ ਵਲੋਂ ਮੁਸਲਮਾਨਾਂ ਦੀ ਸਿਖਿਆ ਵਾਸਤੇ ਦਿਤੀਆਂ ਗਈਆਂ ਸਿਫਾਰਸ਼ਾਂ ਪਛੜੀਆਂ ਜਾਤੀਆਂ ਲਈ ਵੀ ਲਾਗੂ ਨਹੀਂ ਕੀਤੀਆਂ ਜਾਣਗੀਆਂ ,ਉਦੋਂ ਤੱਕ ਇਨ੍ਹਾਂ ਦੀ ਸਿਖਿਅਕ ਤਰੱਕੀ ਹਕੀਕਤ ਨਹੀਂ ਬਣ ਸਕਦੀ।

(4) ਜਦੋਂ ਤੱਕ ਸਰਕਾਰੀ ਸੇਵਾਵਾਂ ਵਿਚ ਪਛੜੀਆਂ ਜਾਤੀਆਂ ਲਈ ਥਾਂ ਸੁਰੱਖਿਅਤ ਨਹੀਂ ਕੀਤੇ ਜਾਣਗੇ ਉਦੋਂ ਤੱਕ ਉਨ੍ਹਾਂ ਨੂੰ ਪੜ੍ਹਨ ਦੀ ਕੋਈ ਲਾਲਸਾ ਨਹੀਂ ਹੋਵੇਗੀ।

28. ਸਭਾ ਪ੍ਰੈਜ਼ੀਡੈਂਸੀ ਵਿੱਚ ਸੁਧਾਰਾਂ ਅਧੀਨ ਰਾਜ ਦੇ ਸਿਖਿਅਕ ਮਸਲਿਆਂ ਬਾਰੇ ਇਹ ਟਿੱਪਣੀਆਂ ਦੇਂਦੇ ਹੋਏ ਸਭਾ ਇਸ ਗੱਲ ਨੂੰ ਨਹੀਂ ਭੁੱਲੀ ਹੈ ਕਿ ਪਛੜੀਆਂ ਜਾਤੀਆਂ ਨੂੰ ਕੁਝ ਖਾਸ ਸਹੂਲਤਾਂ ਜਿਵੇਂ ਕਿ ਹੋਸਟਲਾਂ ਦੇ ਰੂਪ ਵਿਚ ਅਤੇ ਉੱਚ ਸਿਖਿਆ ਲਈ ਵਜ਼ੀਫਿਆਂ ਦੀ ਸ਼ਕਲ ਵਿਚ (ਰਕਮਾਂ) ਦਿਤੀਆਂ ਜਾ ਰਹੀਆਂ ਹਨ। ਪਰ ਸਭਾ ਇਹ ਪ੍ਰਾਰਥਨਾ ਕਰਨਾ ਚਾਹੁੰਦੀ ਹੈ ਕਿ ਮੁੱਢਲੀ ਸਿਖਿਆ ਦਾ ਵਿਕਾਸ ਪੱਕਾ ਕੀਤੇ ਬਗੈਰ ਉਚ ਸਿਖਿਆ ਲਈ ਸਹੂਲਤਾਂ ਦੇਣਾ ਵਿਅਰਥ ਹੈ। ਇਸ ਤੋਂ ਬਿਨ੍ਹਾਂ ਇਹ ਵੀ ਕੋਈ ਪਤਾ ਨਹੀਂ ਕਿ ਇਹ ਸਹੂਲਤਾਂ ਅੱਗੇ ਵੀ ਜਾਰੀ ਰਹਿਣਗੀਆਂ ਜਾਂ ਨਹੀਂ। ਦੂਜੇ ਪਾਸੇ ਉਹ ਇਸ ਗੱਲ ਤੇ ਨਿਰਭਰ ਹਨ ਕਿ ਸਿਖਿਆ ਮੰਤਰੀ ਦੀਆਂ ਨੀਤੀਆਂ ਕੀ ਹਨ ਅਤੇ ਵਿਧਾਨ ਪ੍ਰੀਸ਼ਦ ਵਿਚ ਉਨ੍ਹਾਂ ਦੀਆਂ ਵੋਟਾਂ ਕਿੰਨੀਆਂ ਹਨ। ਦੋਨੋਂ ਗੱਲਾਂ ਕੱਚੀਆਂ ਹਨ ਅਤੇ ਉਨ੍ਹਾਂ ਤੇ ਨਿਰਭਰ ਨਹੀਂ ਰਿਹਾ ਜਾ ਸਕਦਾ।

ੲ
ਵਿਵਰਣ

ਬੰਬਈ ਪ੍ਰੇਜ਼ੀਡੈਂਸੀ ਵਿਚ ਘੱਟ ਗਿਣਤੀ ਵਜੋਂ ਦਲਿਤ ਵਰਗਾਂ ਦੇ ਹਿੱਤਾਂ ਦੀ ਰਾਖੀ ਲਈ ਬਚਾਉ ਸਾਧਨਾਂ ਅਤੇ ਸੁਬਾਈ ਖੁਦਮੁਖ਼ਤਿਆਰੀ ਅਧੀਨ ਬੰਬਈ ਵਿਧਾਨ ਪਰੀਸ਼ਦ ਦੀ ਬਣਤਰ ਵਿਚ ਤਰਮੀਮਾਂ ਅਤੇ ਉਸ ਤੋਂ ਜ਼ਾਮਨੀ ਨੂੰ ਯਕੀਨੀ ਬਣਾਉਣ ਸਬੰਧੀ

ਡਾ. ਭੀਮ ਰਾਓ ਅੰਬੇਡਕਰ, ਐਮ.ਏ., ਪੀ.ਐਚ.ਡੀ., ਡੀ.ਐਸ.ਸੀ.,
ਬਾਰ-ਐਟ-ਲਾਅ
ਮੈਂਬਰ, ਵਿਧਾਨ ਪਰੀਸ਼ਦ ਬੰਬਈ

ਦੁਆਰਾ

ਬਹਿਸ਼ਕਾਰਿਤਾ ਹਿਤਕਾਰਣੀ ਸਭਾ

(ਦਲਿਤ ਵਰਗ ਸੰਸਥਾ, ਬੰਬਈ)

ਦੀ ਤਰਫੋਂ

ਭਾਰਤੀ ਕਾਨੂੰਨ ਆਯੋਗ

ਨੂੰ ਪੇਸ਼ ਕੀਤਾ ਗਿਆ।

29 ਮਈ 1928

ਦਮੋਦਰ ਹਾਲ

ਪਾਰਲੇ, ਬੰਬਈ-12

ਭਾਰਤ

I ਉਚਿਤ ਪ੍ਰਤਿਨਧਤਾ ਰਾਹੀਂ ਸੁਰੱਖਿਆ

1.ਪ੍ਰਾਰੰਭਕ:– ਸੰਸਦ ਦੇ ਇਸ ਫੈਸਲੇ ਕਿ ਕਾਨੂੰਨ ਆਯੋਗ ਵਿਚੇ ਕੋਈ ਭਾਰਤੀ ਨਿਯੁਕਤ ਨਹੀਂ ਕੀਤਾ ਜਾਵੇਗਾ, ਸਭਾ ਇਕ ਬੜੀ ਚਿੰਤਾਜਨਕ ਮਸਲੇ ਤੋਂ ਰਾਹਤ ਮਹਿਸੂਸ ਰਕਦੀ ਹੈ। ਕਿਸੇ ਭਾਰਤੀ ਦੀ ਨਿਯੁਕਤੀ ਤੇ ਅੰਦੋਲਨ ਕਰਨਾ ਵਾਜਿਬ ਹੁੰਦਾ, ਜੇਕਰ ਆਯੋਗ ਆਮ ਭਾਰਤੀ ਦੀ ਸਵੈ-ਸ਼ਾਸਨ ਦੀ ਮੰਗ ਤੇ ਵਿਚਾਰ ਕਰਦਾ, ਪਰ ਅਸਲੀਅਤ ਇਹ ਹੈ ਕਿ ਕਮਿਸ਼ਨ ਵਲੋਂ ਕਿਸੇ ਇਕ ਮੰਗ ਤੇ ਵਿਚਾਰ ਨਹੀਂ ਕੀਤਾ ਜਾਵੇਗਾ, ਸਗੋਂ ਦੇਸ਼ ਵਿਚ ਮੌਜੂਦ ਵੱਖ ਵੱਖ ਹਿੱਤਾਂ ਵਾਲੇ ਧੜਿਆਂ ਵਲੋਂ ਪੇਸ਼ ਕੀਤੀਆਂ ਗਈਆਂ ਮੰਗਾਂ ਤੇ ਵਿਚਾਰ ਕਰੇਗਾ। ਇਸ ਅਵਸਥਾ ਵਿਚ ਆਯੋਗ ਤੇ ਅਜਿਹੇ ਸਾਰੇ ਧੜਿਆਂ ਦੀ ਨੁਮਾਇੰਦਗੀ, ਲਈ ਅੰਦੋਲਨ ਹੋਣਾ ਸੀ। ਸਭਾ ਇਹ ਕਹਿਣਾ ਚਾਹੁੰਦੀ ਹੈ ਕਿ ਵੱਖ ਵੱਖ ਹਿੱਤਾਂ ਦੀ ਨੁਮਾਇੰਦਗੀ ਸਣੇ ਉਨ੍ਹਾਂ ਦੇ ਆਪਣੇ ਹਿੱਤ ਦੀ ਨੁਮਾਇੰਦਗੀ, ਕਰਨ ਵਾਲੇ ਹਿੰਦੁਸਤਾਨੀ ਕਾਨੂੰਨੀ ਆਯੋਗ ਤੇ ਨਿਯੁਕਤ ਹੁੰਦੇ ਤਾਂ ਇਸ ਤੋਂ ਚੰਗੇਰੀ ਤਸੱਲੀ ਦਲਿਤ ਜਾਤੀਆਂ ਨੂੰ ਨਹੀਂ ਸੀ ਹੋਣੀ। ਕਾਨੂੰਨੀ ਕਮਿਸ਼ਨ ਤੇ ਨੁਮਾਇੰਦਗੀ ਦੀ ਮੰਗ ਕੋਈ ਅਜਿਹੀ ਮੰਗ ਨਹੀਂ ਸੀ ਅਤੇ ਇਸੇ ਲਈ ਇਸ ਦੀ ਮੰਗ ਕਰਨ ਵਾਲਿਆਂ ਨਾਲ ਸਭਾ ਦੀ ਭਾਵੁਕ ਸਾਂਝ ਨਹੀਂ ਸੀ। ਇਹ ਠੀਕ ਹੈ ਕਿ ਸਭਾ ਵਲੋਂ ਇਸ ਗੱਲ ਦੀ ਮੰਗ ਉਸ ਤਰ੍ਹਾਂ ਨਹੀਂ ਕੀਤੀ ਗਈ ਸੀ, ਜਿਵੇਂ ਉਸ ਨੂੰ ਆਪਣੇ ਵਿਚਾਰਾਂ ਦੇ ਮੁਤਾਬਿਕ ਕਮਿਸ਼ਨ ਤੇ ਪਛੜੀਆਂ ਜਾਤੀਆਂ ਦੀ ਨੁਮਾਇੰਦਗੀ ਲਈ ਕਰਨੀ ਚਾਹੀਦੀ ਸੀ। ਪਰ ਇਸ ਦਾ ਕਾਰਨ ਇਹ ਸੀ ਕਿ ਸਭਾ ਨੇ ਮਹਿਸੂਸ ਕੀਤਾ ਕਿ ਇਕ ਅਜਿਹੇ ਮੁਲਕ ਵਿਚ ਜਿਥੇ ਵਾਇਸਰਾਇ ਤੋਂ ਲੈ ਕੇ ਹੇਠਾਂ ਤੱਕ ਮਾਮਲਿਆਂ ਦੇ ਸਾਰੇ ਇੰਚਾਰਜ ਥੋੜ੍ਹੇ ਜਿਹੇ ਸ਼ੋਰ ਪਾਉਣ ਵਾਲੇ ਲੋਕਾਂ ਨੂੰ ਮਾਨਤਾ ਦੇਣ ਅਤੇ ਲੱਖਾਂ ਗੁੰਗੇ ਲੋਕਾਂ ਨੂੰ ਭੁਲਾਉਣ ਦੇ ਆਦੀ ਹੋਣ, ਉਥੇ ਬਹੁਤੀ ਆਸ ਰੱਖਣੀ ਸੰਭਵ ਨਹੀਂ। ਬਰਕ ਦੇ ਮੁਤਾਬਿਕ, ਕਿਉਂਕਿ ਅੱਧੀ ਦਰਜਨ ਸਿਆਸਤਦਾਨ, ਇਕ ਪੌਦੇ ਤੇ ਟਿੱਡਿਆਂ ਦੀ ਤਰ੍ਹਾਂ ਕੰਨ ਚੀਰਵੀਂ ਟਰ ਟਰ ਨਾਲ ਇਲਾਕੇ ਨੂੰ ਗੁੰਜਾ ਦਿੰਦੇ ਹਨ; ਜਦ ਕਿ ਆਮ ਲੋਕ ਹਜ਼ਾਰਾਂ ਪਸ਼ੂਆਂ ਦੀ ਤਰ੍ਹਾਂ ਬਲੂਤ ਦੇ ਰੁੱਖ ਹੇਠਾਂ ਜੁਗਾਲੀਂ ਕਰਦੇ ਚੁੱਪ ਬੈਠੇ ਰਹਿੰਦੇ ਹਨ। ਭਾਰਤ ਸਰਕਾਰ ਸਮਝਦੀ ਹੈ ਕਿ ਜਿਹੜੇ ਸਿਆਸੀ ਲੋਕ ਸ਼ੋਰ ਪਾਉਂਦੇ ਹਨ ਉਹੀ ਇਸ ਇਲਾਕੇ ਦੇ ਵਸਨੀਕ ਹਨ-- ਨਿਰਸੰਦੇਹ ਉਹ ਹੀ ਗਿਣਤੀ ਵਿਚ ਵੱਧ ਹਨ ਜਾਂ ਉਹ ਸਮੇਂ ਦੇ ਨਿੱਕੇ, ਝੁਰੜੀਆਂ ਮਾਰੇ, ਥੋੜ੍ਹੇ, ਟੱਪਣੇ, ਭਾਵੇਂ ਉੱਚੀ ਆਵਾਜ਼ ਵਾਲੇ ਦੁਖਦਾਈ ਕੀਟਾਂ ਤੋਂ ਬਿਨਾਂ ਕੁਝ ਹੋਰ ਹਨ। ਪਰ ਇਕ ਹੋਰ ਕਾਰਨ ਵੀ ਸੀ ਜਿਸ ਕਰਕੇ ਸਭਾ ਨੇ ਆਪਣੇ ਵਿਚਾਰ ਠੋਸਣ ਤੇ ਜ਼ੋਰ ਨਹੀਂ ਦਿਤਾ। ਸਭਾ ਦੇ ਵਿਚਾਰ ਵਿਚ, ਕਾਨੂੰਨ ਆਯੋਗ ਤੋਂ ਭਾਰਤੀਆਂ ਨੂੰ ਪਰ੍ਹੇ ਰੱਖਣਾ ਪਛੜੀਆਂ ਜਾਤੀਆਂ ਉਤੇ ਵੱਡੀ ਮਿਹਰਬਾਨੀ ਸੀ, ਕਿਉਂਕਿ ਕੁਝ ਵੀ ਹੋਵੇ ਭਾਰਤੀਆਂ ਦੀ ਨਿਯੁਕਤੀ ਨਾ ਹੋਣ ਨਾਲ ਪਛੜੀਆਂ ਜਾਤੀਆਂ ਉਸ ਪੱਖ-ਪਾਤ ਤੋਂ ਬਚ ਗਈਆਂ ਜਿਹੜਾ ਉਨ੍ਹਾਂ ਦੇ ਇਸ ਕੇਸ ਵਿਚ ਹੋਣਾ ਸੀ, ਜਿਹੜਾ ਸਭਾ ਹੁਣ ਆਯੋਗ ਅੱਗੇ ਪੇਸ਼ ਕਰਨ ਜਾ ਰਹੀ ਹੈ।

2. 1919 ਵਿਚ ਪਛੜੀਆਂ ਜਾਤੀਆਂ ਨਾਲ ਹੋਇਆ ਅਨਿਆਂ- ਮੌਂਟੈਗੂ ਚੈਮਸਫੋਰਡ ਰਿਪੋਰਟ ਵਿਚ ਇਹ ਪੂਰਨ ਤੌਰ ਤੇ ਮੰਨਿਆ ਗਿਆ ਹੈ (ਪੈਰਾ 151) ਕਿ ਸਮਾਜਿਕ ਭਿੰਨ-ਭੇਦ ਅਤੇ ਵੰਡਾਂ "ਭਾਰਤੀ ਸਮਾਜ ਦੀ ਵਿਸ਼ੇਸ਼ਤਾ ਹਨ, ਜੋ ਉਨ੍ਹਾਂ ਵਿਚਾਰਾਂ ਨਾਲ ਮੇਲ ਨਹੀਂ ਖਾਂਦੇਂ, ਜਿਨ੍ਹਾਂ ਤੇ ਪ੍ਰਤੀਨਿਧ ਵਿਸ਼ਵ ਸੰਸਥਾਵਾਂ ਟਿਕੀਆਂ ਹੋਈਆਂ ਹਨ" ਅਤੇ ਰਿਪੋਰਟ ਦੇ ਲੇਖਕਾਂ ਵਲੋਂ ਕਿਹਾ ਗਿਆ ਹੈ(ਪੈਰਾ 153) ਕਿ "ਉਨ੍ਹਾਂ ਦਾ ਜ਼ਰੂਰ ਧਿਆਨ ਰੱਖਣਾ ਪੈਣਾ ਹੈ ਅਤੇ ਉਨ੍ਹਾਂ ਨੂੰ ਜ਼ਰੂਰ ਭਾਰਤੀ ਜੀਵਨ ਦੀਆਂ ਵਿਸ਼ੇਸ਼ ਹਾਲਤਾਂ ਨਾਲ ਮਿਲਦੀਆਂ ਹੋਰ ਮੁਲਕਾਂ ਵਿਚ ਲੋਕਤੰਤਰੀ ਸਰਕਾਰਾਂ ਦੇ ਅਨੁਕੂਲ ਬਣਾਉਣ ਵੱਲ ਲੈ ਜਾਣਾ ਚਾਹੀਦਾ ਹੈ।" ਇਸ ਦੇ ਅਨੁਸਾਰ, ਰਿਪੋਰਟ ਦੇ ਲੇਖਕਾਂ ਨੇ, ਪਛੜੀਆਂ ਜਾਤੀਆਂ ਨੂੰ ਸ਼ਾਂਤ ਕਰਨ ਲਈ ਜਿਨ੍ਹਾਂ ਬੜੀ ਤਕੜਾਈ ਨਾਲ ਸੁਧਾਰ ਲਾਗੂ ਕਰਨ ਦਾ ਵਿਰੋਧ ਕੀਤਾ, ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਨ ਦਾ ਵਾਅਦਾ ਕੀਤਾ ਜੋ ਉਨ੍ਹਾਂ ਦੀ ਰਿਪੋਰਟ ਦੇ ਪੈਰਾ 155 ਦੇ ਹੇਠ ਲਿਖੇ ਵਿਵਰਣ ਵਿਚੋਂ ਦੇਖਿਆ ਜਾ ਸਕਦਾ ਹੈ, ਜਿਸ ਵਿਚ ਉਸ ਨੇ ਕਿਹਾ ਹੈ:

> "ਅਸੀਂ ਇਹ ਦਰਸਾ ਚੁੱਕੇ ਹਾਂ ਕਿ ਪਰਜਾ ਦੀ ਰਾਜਸੀ ਸਿਖਿਆ ਤੇਜ਼ੀ ਨਾਲ ਨਹੀਂ ਹੋ ਸਕਦੀ ਅਤੇ ਬਹੁਤ ਔਖੀ ਕਿਰਿਆ ਹੋ ਸਕਦੀ ਹੈ। ਜਿੰਨਾ ਚਿਰ ਇਹ ਮੁਕੰਮਲ ਨਹੀਂ ਹੁੰਦੀ, ਉਸ ਨੂੰ ਉਨ੍ਹਾਂ ਲੋਕਾਂ ਦਾ ਤਸ਼ੱਦਦ ਝੱਲਣਾ ਪਵੇਗਾ, ਜਿਹੜੇ ਉਸ ਤੋਂ ਤਕੜੇ ਅਤੇ ਵੱਧ ਚਲਾਕ ਹਨ; ਅਤੇ ਜਿੰਨਾ ਚਿਰ ਇਹ ਸਪੱਸ਼ਟ ਨਹੀਂ ਹੋ ਜਾਂਦਾ ਕਿ ਉਸ ਦੇ ਹਿੱਤ ਉਸਦੇ ਆਪਣੇ ਹੱਥਾਂ ਵਿਚ ਸੁਰੱਖਿਅਤ ਛੱਡੇ ਜਾ ਸਕਦੇ ਹਨ ਜਾਂ ਵਿਧਾਨ ਪਰੀਸ਼ਦ ਉਸ ਦੇ ਹਿੱਤਾਂ ਦੀ ਨੁਮਾਇੰਦਗੀ ਕਰੇਗੀ ਅਤੇ ਉਨ੍ਹਾਂ ਦਾ ਖਿਆਲ ਰੱਖੇਗੀ, ਸਾਨੂੰ ਉਸ ਦੇ ਬਚਾਉ ਲਈ ਸ਼ਕਤੀ ਆਪਣੇ ਹੱਥਾਂ ਵਿਚ ਰੱਖਣੀ ਚਾਹੀਦੀ ਹੈ। ਇਸ ਲਈ ਪਛੜੀਆਂ ਸ਼੍ਰੇਣੀਆਂ ਦੇ ਨਾਲ ਉਨ੍ਹਾਂ ਦੀ ਪ੍ਰਤਿਨਿਧਤਾ ਲਈ ਅਸੀਂ ਜਿੰਨਾ ਵੀ ਵਧੀਆ ਬੰਦੋਬਸਤ ਕਰ ਸਕਦੇ ਹਾਂ, ਕਰਨਾ ਚਾਹੁੰਦੇ ਹਾਂ ਤਾਂ ਕਿ ਉਹ ਆਖਿਰਕਾਰ ਆਪਣੀ ਸੁਰੱਖਿਆ ਆਪ ਕਰਨ ਦਾ ਸਬਕ ਸਿੱਖ ਲੈਣ। ਪਰ ਜੇਕਰ ਇਹ ਪਤਾ ਲਗ ਗਿਆ ਕਿ ਉਨ੍ਹਾਂ ਦੇ ਹਿੱਤਾਂ ਨੂੰ ਹਾਨੀ ਹੋ ਰਹੀ ਹੈ ਅਤੇ ਉਹ ਆਮ ਪ੍ਰਗਤੀ ਵਿਚ ਸਾਂਝੀ ਨਹੀਂ ਹੋ ਰਹੇ, ਤਾਂ ਉਨ੍ਹਾਂ ਦੀ ਸਹਾਇਤਾ ਲਈ ਸਾਨੂੰ ਸਾਧਨ ਆਪਣੇ ਹੱਥਾਂ ਵਿਚ ਰੱਖਣੇ ਚਾਹੀਦੇ ਹਨ "।

3. ਸਭਾ ਨੂੰ ਖੇਦ ਹੈ ਕਿ ਸਾਊਥਬਰੋ ਕਮੇਟੀ ਨੇ, ਜਿਹੜੀ ਬਾਅਦ ਵਿਚ ਵੋਟਾਂ ਬਣਾਉਣ, ਹਲਕੇ ਨਿਰਧਾਰਤ ਕਰਨ ਅਤੇ ਭਾਰਤ ਵਿਚ ਪ੍ਰਚਲਤ ਵਚਿੱਤਰ ਸਮਾਜਕ ਹਾਲਾਤ ਦੇ ਸਿੱਟੇ ਵਜੋਂ,ਪ੍ਰਸਤਾਵਿਤ ਲੋਕਾਂ ਦੀ ਸਰਕਾਰ ਦੇ ਰੂਪ ਵਿਚ ਲੋੜੀਂਦੇ ਸੁਧਾਰਾਂ ਦੀ ਸਿਫਾਰਸ਼ ਕਰਨ ਲਈ ਬਣਾਈ ਗਈ ਸੀ, ਉਪਰੋਕਤ ਸਾਰੇ ਵਾਇਦੇ ਭੁਲਾ ਦਿਤੇ। ਪਛੜੀਆਂ ਜਾਤੀਆਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਉਚਿਤ ਉਪਬੰਧ ਕਰਨ ਦੇ ਮਸਲੇ

ਤੇ ਸਾਊਥਬਰੋ ਕਮੇਟੀ ਦਾ ਵਿਹਾਰ ਇਤਨਾ ਰੁੱਖਾ ਸੀ ਕਿ ਭਾਰਤ ਸਰਕਾਰ, ਜਿਹੜੀ ਇਸ ਮਸਲੇ ਤੇ ਬਹੁਤ ਜ਼ਿਆਦਾ ਚਿੰਤਿਤ ਨਹੀਂ ਸੀ, ਉਸ ਨੂੰ ਵੀ ਸਾਊਥਬਾਰੋ ਕਮੇਟੀ ਦੀ ਰਿਪੋਰਟ ਤੇ ਆਪਣੇ ਪੱਤਰ ਦੇ ਪੈਰਾ 13 ਵਿਚ ਇਹ ਕਹਿਣਾ ਪਿਆ: " ਅਸੀਂ ਆਮ ਤੌਰ ਤੇ ਇਹ ਪ੍ਰਸਤਾਵ(ਗ਼ੈਰ-ਸਰਕਾਰੀ ਨਾਮਜ਼ਦਗੀ ਲਈ) ਸਵੀਕਾਰ ਕਰਦੇ ਹਾਂ। ਪਰ ਇਕ ਜਾਤੀ ਐਸੀ ਹੈ ਜਿਸਦਾ ਕੇਸ ਕਮੇਟੀ ਵਲੋਂ ਕੀਤੀ ਗਈ ਸ਼ਿਫਾਰਸ਼ ਨਾਲੋਂ, ਸਾਡੇ ਵਿਚਾਰ ਅਨੁਸਾਰ, ਹੋਰ ਅੱਛੀ ਤਰ੍ਹਾਂ ਵਿਚਾਰ ਮੰਗਦਾ ਹੈ। ਭਾਰਤੀ ਸੰਵਿਧਾਨਿਕ ਸੁਧਾਰਾਂ ਤੇ ਰਿਪੋਰਟ ਵਿਚ ਪਛੜੀਆਂ ਜਾਤੀਆਂ ਦੀ ਇਸ ਸਮੱਸਿਆ ਨੂੰ ਸਪੱਸ਼ਟ ਤੌਰ ਤੇ ਮੰਨਿਆ ਗਿਆ ਅਤੇ ਉਨ੍ਹਾਂ ਨੂੰ ਮਾਣ ਦੇਣ ਦਾ ਵਾਇਦਾ ਕੀਤਾ ਗਿਆ। ਕਮੇਟੀ ਦੀ ਰਿਪੋਰਟ ਵਿਚ 'ਹਿੰਦੂ ਹੋਰ' ਦੇ ਤੌਰ ਤੇ ਦਰਸਾਈਆਂ ਗਈਆਂ ਜਾਤੀਆਂ, ਭਾਵੇਂ ਵੱਖ ਵੱਖ ਨਾਵਾਂ ਨਾਲ ਦਸੀਆਂ ਗਈਆਂ ਹਨ, ਮੋਟੇ ਤੌਰ ਤੇ ਉਹੋ ਸਾਰੇ ਲੋਕ ਹਨ। ਉਨਾਂ ਤੇ ਵਰਜਣ ਦੀ ਕਠੋਰਤਾ ਤੋਂ ਬਿਨਾਂ, ਉਹ ਲਗਭਗ ਮਦਰਾਸ ਦੇ ਪੰਚਮਾਂ ਦੀ ਸਥਿਤੀ ਵਿਚ ਹਨ, ਯਕੀਨੀ ਤੌਰ ਤੇ ਇਹ ਹਿੰਦੂ ਜਾਤੀ ਦੇ ਉਨ੍ਹਾਂ ਲੋਕਾਂ ਤੋਂ ਬਾਹਰ ਹਨ, ਜਿਨ੍ਹਾਂ ਨੂੰ ਮੰਦਰਾਂ ਵਿਚ ਜਾਣ ਦੀ ਆਗਿਆ ਹੈ। ਉਹ ਲੋਕ ਕੁੱਲ ਵਸੋਂ ਦਾ ਲਗਭਗ ਪੰਜਵਾਂ ਹਿੱਸਾ ਹਨ, ਅਤੇ ਉਨ੍ਹਾਂ ਨੂੰ ਮਾਰਲੇ-ਮਿੰਟੋ ਪਰੀਸ਼ਦਾਂ ਵਿਚ ਕੋਈ ਪ੍ਰਤਿਨਿਧਤਾ ਨਹੀਂ ਦਿਤੀ ਗਈ। ਕਮੇਟੀ ਦੀ ਰਿਪੋਰਟ ਵਿਚ ਪਛੜੀਆਂ ਜਾਤੀਆਂ ਦਾ ਜ਼ਿਕਰ ਦੋ ਵਾਰ ਕੀਤਾ ਗਿਆ ਹੈ, ਪਰ ਕੇਵਲ ਇਹ ਦੱਸਣ ਲਈ ਕਿ ਤਸੱਲੀਬਖ਼ਸ਼ ਚੋਣ-ਖੇਤਰ ਦੀ ਅਣਹੋਂਦ ਕਾਰਨ ਉਨ੍ਹਾਂ ਲਈ ਨਾਮਜ਼ਦਗੀ ਦਾ ਉਪਬੰਧ ਕੀਤਾ ਗਿਆ ਹੈ। ਇਸ ਵਿਚ ਉਨ੍ਹਾਂ ਲੋਕਾਂ ਦੀ ਸਥਿਤੀ ਬਾਰੇ ਜਾਂ ਉਨ੍ਹਾਂ ਵਲੋਂ ਆਪਣੇ-ਆਪ ਦੀ ਦੇਖ-ਭਾਲ ਕਰਨ ਦੀ ਸਮਰਥਾ ਬਾਰੇ ਕੋਈ ਵਾਦ-ਵਿਵਾਦ ਨਹੀਂ ਕੀਤਾ ਗਿਆ। ਇਸ ਰਿਪੋਰਟ ਵਿਚ ਇਹ ਵੀ ਨਹੀਂ ਦੱਸਿਆ ਗਿਆ ਕਿ ਉਨ੍ਹਾਂ ਵਲੋਂ ਪ੍ਰਸਤਾਵਿਤ ਪ੍ਰਤਿਨਿਧਤਾ ਕਿੰਨੀ ਹੋਵੇਗੀ। ਰਿਪੋਰਟ(ਵੋਟ ਅਧਿਕਾਰ ਕਮੇਟੀ) ਦੇ ਪੈਰਾ 24 ਵਿਚ ਨਾਮਜ਼ਦ ਸੀਟਾਂ ਸੀਮਿਤ ਰੱਖਣ ਨੂੰ ਇਸ ਆਧਾਰ ਤੇ ਉਚਿਤ ਦੱਸਿਆ ਗਿਆ ਹੈ, ਉਸ ਤੋਂ ਕੋਈ ਪਤਾ ਨਹੀਂ ਲੱਗਦਾ ਕਿ ਕਮੇਟੀ ਦਲਿਤ ਜਾਤੀਆਂ ਬਾਰੇ ਕਹਿ ਰਹੀ ਹੈ। ਇਸ ਜਾਤੀ ਲਈ ਉਨ੍ਹਾਂ ਵਲੋਂ ਪ੍ਰਸਤਾਵਿਤ ਨੁਮਾਇੰਦਗੀ ਦੀ ਮਾਤਰਾ ਨਿਮਨ-ਲਿਖਤ ਹੈ:

ਪ੍ਰਾਂਤ	ਕੁਲ ਵਸੋਂ (ਦਸ ਲੱਖਾਂ ਵਿਚ)	ਦਲਿਤ ਜਾਤੀਆਂ ਦੀ ਵਸੋਂ (ਦਸ ਲੱਖਾਂ ਵਿਚ)	ਕੁੱਲ ਸੀਟਾਂ	ਦਲਿਤ ਜਾਤੀਆਂ ਦੀਆਂ ਸੀਟਾਂ
ਮਦਰਾਸ	39.8	6.3	120	2
ਬੰਬਈ	19.5	0.6	113	1

ਬੰਗਾਲ	45.0	9.9	127	1
ਉੱਤਰ ਪ੍ਰਦੇਸ਼	47.0	10.1	120	1
ਪੰਜਾਬ	19.5	1.7	85	..
ਬਿਹਾਰ ਅਤੇ ਉੜੀਸਾ	32.6	9.3	100	1
ਕੇਂਦਰੀ ਪ੍ਰਾਂਤ	12.0	3.7	72	1
ਆਸਾਮ	6.0	0.3	54	..
ਕੁੱਲ ਗਿਣਤੀ	221.4	41.9	791	7

"ਇਹ ਅੰਕੜੇ ਆਪਣੀ ਕਹਾਣੀ ਆਪ ਦੱਸਦੇ ਹਨ। ਇਹ ਸੁਝਾਅ ਦਿਤਾ ਗਿਆ ਹੈ ਕਿ ਬਰਤਾਨਵੀ ਹਿੰਦੁਸਤਾਨ ਦੀ ਕੁੱਲ ਵਸੋਂ ਦੇ ਪੰਜਵੇਂ ਹਿੱਸੇ ਨੂੰ ਲਗਭਗ ਅੱਠ ਸੌ ਵਿਚੋਂ ਕੇਵਲ ਸੱਤ ਸੀਟਾਂ ਦਿਤੀਆਂ ਜਾਣ। ਇਹ ਸੱਚ ਹੈ ਕਿ ਸਾਰੀਆਂ ਪਰੀਸ਼ਦਾਂ ਵਿਚ ਲਗਭਗ ਛੇਵਾਂ ਹਿੱਸਾ ਅਫਸਰ ਹੋਣਗੇ ਜਿਨ੍ਹਾਂ ਤੋਂ ਦਲਿਤ ਜਾਤੀਆਂ ਦੇ ਭਲੇ ਦਾ ਖਿਆਲ ਰੱਖਣ ਦੀ ਆਸ ਰੱਖੀ ਜਾ ਸਕਦੀ ਹੋਵੇਗੀ। ਪਰ ਸਾਡੇ ਖਿਆਲ ਵਿਚ ਇਹ ਪ੍ਰਬੰਧ ਅਜਿਹਾ ਨਹੀਂ ਸੀ ਜੋ ਰਿਪੋਰਟ ਦਾ ਉਦੇਸ਼ ਸੀ। ਉਸਦੇ ਲੇਖਕਾਂ ਨੇ ਕਿਹਾ ਸੀ ਕਿ ਦਲਿਤ ਜਾਤੀਆਂ ਨੂੰ ਆਪਣਾ ਬਚਾਉ ਆਪ ਕਰਨਾ ਵੀ ਸਿੱਖਣਾ ਚਾਹੀਦਾ ਹੈ। ਪਰ 60-90 ਉੱਚ ਜਾਤੀ ਹਿੰਦੂਆਂ ਨਾਲ ਭਰੀ ਸਭਾ ਵਿਚ ਦਲਿਤ ਜਾਤੀ ਦੇ ਇਕ ਦੋ ਵਿਅਕਤੀਆਂ ਦੀ ਸ਼ਮੂਲੀਅਤ ਨਾਲ ਅਜਿਹੇ ਨਤੀਜੇ ਦੀ ਆਸ ਰੱਖਣੀ ਨਿਰੀ ਕਲਪਨਾ ਹੈ। ਰਿਪੋਰਟ ਦੇ ਪੈਰਾ 151,152,154 ਅਤੇ 155 ਵਿਚ ਦੱਸੇ ਗਏ ਸਿਧਾਂਤਾਂ ਨੂੰ ਅਮਲੀ ਰੂਪ ਦੇਣ ਲਈ ਸਾਨੂੰ ਦਲਿਤ ਜਾਤੀਆਂ ਨਾਲ ਜ਼ਿਆਦਾ ਦਿਆਲੜਾ ਨਾਲ ਪੇਸ਼ ਆਉਣਾ ਚਾਹੀਦਾ ਹੈ।"

4. ਸਭਾ ਨੂੰ ਪ੍ਰਸੰਨਤਾ ਹੈ ਕਿ ਜੋ ਇਹ ਮਹਿਸੂਸ ਕਰਦੇ ਹਨ ਕਿ 1919 ਦੀ ਸੁਧਾਰ ਸਕੀਮ ਬਣਾਉਣ ਵਾਲਿਆਂ ਨੇ ਉਨ੍ਹਾਂ ਨਾਲ ਅਨਿਆਂ ਕੀਤਾ ਹੈ, ਉਨ੍ਹਾਂ ਵਿਚੋਂ ਉਹ ਇਕੱਲੀ ਨਹੀਂ। ਇਹੋ ਮਤ ਦੋ ਸਾਲ ਬਾਅਦ ਸੁਧਾਰ ਸਕੀਮ ਨੂੰ ਵਿਕਸਿਤ ਅਤੇ ਵਿਸਤ੍ਰਿਤ ਕਰਨ ਲਈ ਨਿਯੁਕਤ ਕੀਤੀ ਗਈ ਮੁੱਦੀਮਾਨ ਕਮੇਟੀ ਦਾ ਵੀ ਸੀ। ਇਸ ਕਮੇਟੀ ਨੇ ਆਪਣੀ ਰਿਪੋਰਟ(ਪੈਰਾ-64) ਵਿਚ ਇਹ ਸਵੀਕਾਰ ਕੀਤਾ ਹੈ ਕਿ ਸਕੀਮ ਅਧੀਨ ਦਲਿਤ ਜਾਤੀਆਂ ਨੂੰ, ਜੋ ਪ੍ਰਤਿਨਿਧਤਾ ਦਿਤੀ ਗਈ ਸੀ, ਉਹ ਬਹੁਤ ਘੱਟ ਹੈ।

5. ਦਲਿਤ ਜਾਤੀਆਂ ਨੂੰ ਜਿਸ ਹੱਦ ਤਕ ਪ੍ਰਤਿਨਿਧਤਾ ਦਿਤੀ ਜਾਣੀ ਚਾਹੀਦੀ ਹੈ:- ਦਲਿਤ ਜਾਤੀਆਂ ਨੂੰ ਕਿਤਨੀ ਪ੍ਰਤਿਨਿਧਤਾ ਦਿਤੀ ਜਾਵੇ ਜਿਸ ਨੂੰ ਕਾਫੀ ਕਿਹਾ ਜਾ ਸਕਦਾ ਹੈ ? ਸਭਾ ਦੇ ਖਿਆਲ ਵਿਚ ਇਹ ਮੰਨਦਿਆਂ ਹੋਇਆਂ ਕਿ ਸਿੰਧ ਨੂੰ ਪ੍ਰੈਜ਼ੀਡੈਂਸੀ ਨਾਲੋਂ ਅਲੱਗ ਕਰ ਦਿਤਾ ਜਾਏਗਾ, ਬੰਬਈ ਵਿਧਾਨ ਪਰੀਸ਼ਦ ਦੀ ਦਿਤੀ ਵਿਉਂਤ ਦਲਿਤ ਜਾਤੀਆਂ ਦੀ ਉਚਿਤ ਪ੍ਰਤਿਨਿਧਤਾ ਦੀ ਮੰਗ ਨੂੰ ਸ਼ਾਇਦ ਪੂਰਾ ਕਰ ਸਕੇਗੀ:

ਸਿੰਧ ਦੇ ਬਰੌਰ ਬੰਬਈ ਪ੍ਰੇਜ਼ੀਡੈਂਸੀ ਲਈ ਬੰਬਈ ਵਿਧਾਨ ਪਰੀਸ਼ਦ ਦੀ ਬਣਤਰ

ਚੋਣ ਖੇਤਰ	ਸੀਟਾਂ ਦੀ ਕੁੱਲ ਗਿਣਤੀ	ਦਲਿਤ ਜਾਤੀਆਂ ਲਈ ਸੁਰੱਖਿਅਤ	ਮੁਸਲਮਾਨਾਂ ਲਈ ਸੁਰੱਖਿਅਤ	ਮਰਾਠਿਆਂ ਅਤੇ ਸਬੰਧਤ ਜਾਤੀਆਂ ਲਈ ਸੁਰੱਖਿਅਤ
1. ਆਮ:				
(ੳ) ਸ਼ਹਿਰੀ				
1. ਉੱਤਰੀ ਬੰਬਈ ਸ਼ਹਿਰ	5	1	1	..
2. ਦੱਖਣੀ ਬੰਬਈ ਸ਼ਹਿਰ	3	..	..	..
3. ਅਹਿਮਦਾਬਾਦ ਸ਼ਹਿਰ	3	1	1	..
4. ਸੂਰਤ ਸ਼ਹਿਰ	1	..	.. ..	
5. ਸ਼ੋਲਾਪੁਰ ਸ਼ਹਿਰ	3	1	1 ..	
6.ਪੂਨਾ	1	..	.. ..	
(ਅ) ਪੇਂਡੂ ਡਿਵੀਜ਼ਨ				
ਉੱਤਰੀ ਡਿਵੀਜ਼ਨ				
7. ਅਹਿਮਦਾਬਾਦ ਜ਼ਿਲ੍ਹਾ	5	1	1	ਮੌਜੂਦਾ ਸਥਿਤੀ ਅਨੁਸਾਰ
8. ਭੜੋਚ ਜ਼ਿਲ੍ਹਾ	4	1	1	
9. ਕੈਰਾ ਜ਼ਿਲ੍ਹਾ	5	1	1	
10. ਪੰਚ ਮਹਲ ਜ਼ਿਲ੍ਹਾ	4	1	1	
11.ਸੂਰਤ ਜ਼ਿਲ੍ਹਾ	5	1	1	
12. ਥਾਣਾ ਜ਼ਿਲ੍ਹਾ	5	1	1	
ਕੇਂਦਰੀ ਡਿਵੀਜ਼ਨ				
13. ਅਹਿਮਦਨਗਰ ਜ਼ਿਲ੍ਹਾ	5	1	1	
14.ਖ਼ਾਂਦੇਸ਼ ਪੂਰਵੀ ਜ਼ਿਲ੍ਹਾ	6	1	1	
15. ਖ਼ਾਂਦੇਸ਼ ਪਛਮੀ ਜ਼ਿਲ੍ਹਾ	5	1	1	
16. ਨਾਸਿਕ ਜ਼ਿਲ੍ਹਾ	5	1	1	
17. ਪੂਨਾ ਜ਼ਿਲ੍ਹਾ	6	1	1	
18. ਸਤਾਰਾ ਜ਼ਿਲ੍ਹਾ	6	1	1	

19. ਸ਼ੋਲਾਪੁਰ ਜ਼ਿਲ੍ਹਾ	5	1	1
ਦੱਖਣੀ ਡਿਵੀਜ਼ਨ			
20. ਬੈਲਗਾਂਬ ਜ਼ਿਲ੍ਹਾ	5	1	1
21. ਬੀਜਾਪੁਰ ਜ਼ਿਲ੍ਹਾ	5	1	1
22. ਧਾਰਵਾੜ ਜ਼ਿਲ੍ਹਾ	6	1	1
23. ਕਨਾਰਾ ਜ਼ਿਲ੍ਹਾ	4	1	1
24. ਕੋਲਾਬਾ ਜ਼ਿਲ੍ਹਾ	4	1	1
25. ਰਤਨਗਿਰੀ ਜ਼ਿਲ੍ਹਾ	6	1	1
ਆਮ ਦਾ ਜੋੜ	112	22	22 ਜਿਵੇਂ ਹੁਣ ਹੈ।
2. ਖ਼ਾਸ:			
26. ਮਜ਼ਦੂਰ ਯੂਨੀਅਨਾਂ	4		
27. ਵਿਸ਼ਵ ਵਿਦਿਆਲਾ	3		
28. ਯੂਰਪੀ	4		
29. ਮਿੱਲ ਮਾਲਕ	2		
30. ਵਪਾਰ	2		
31. ਖੇਤੀਬਾੜੀ	3		
32. ਇਨਾਮਦਾਰ	1		
33. ਸਰਕਾਰੀ	9		
ਖ਼ਾਸ ਦਾ ਜੋੜ	28		
ਕੁੱਲ ਜੋੜ	140		

ਜੋ ਕਿ ਬੰਬਈ ਪਰੀਸ਼ਦ ਦੇ ਮੈਂਬਰਾਂ ਦੀ ਕੁੱਲ ਗਿਣਤੀ ਹੋਣੀ ਚਾਹੀਦੀ ਹੈ।

6. ਜੇ ਕਿਤੇ ਸਿੰਧ ਨੂੰ ਬੰਬਈ ਪ੍ਰੈਜ਼ੀਡੈਂਸੀ ਦਾ ਹੀ ਇਕ ਹਿੱਸਾ ਰਹਿਣ ਦਿਤਾ ਜਾਵੇ

ਤਾਂ ਸਭਾ ਬੰਬਈ ਵਿਧਾਨ ਪਰੀਸ਼ਦ ਦੀ ਬਣਤਰ ਦੀ ਵਿਉਂਤ ਨਿਮਨ-ਲਿਖਤ ਅਨੁਸਾਰ ਤਜਵੀਜ਼ ਕਰਦੀ ਹੈ:

2. ਸਿੰਧ ਸਮੇਤ ਬੰਬਈ ਪ੍ਰੈਜ਼ੀਡੈਂਸੀ ਲਈ ਬੰਬਈ ਵਿਧਾਨ ਪਰੀਸ਼ਦ ਦੀ ਬਣਤਰ

ਚੋਣ ਖੇਤਰ	ਕੁੱਲ ਸੀਟਾਂ	ਦਲਿਤ ਜਾਤੀਆਂ ਲਈ ਸੁਰੱਖਿਅਤ	ਮਰਾਠਾ ਅਤੇ ਸਬੱਧ ਜਾਤੀਆਂ ਲਈ ਸੁਰੱਖਿਅਤ
1. ਗ਼ੈਰ ਮੁਸਲਮਾਨਾਂ ਲਈ:			
(ੳ) ਸ਼ਹਿਰੀ			
1. ਉੱਤਰੀ ਬੰਬਈ ਸ਼ਹਿਰ	5	1	
2. ਦੱਖਣੀ ਬੰਬਈ ਸ਼ਹਿਰ	4	..	
3. ਕਰਾਚੀ ਸ਼ਹਿਰ	1	..	
4. ਅਹਿਮਦਾਬਾਦ ਸ਼ਹਿਰ 3	1		
5. ਸੂਰਤ ਸ਼ਹਿਰ	2	..	
6. ਸ਼ੋਲਾਪੁਰ ਸ਼ਹਿਰ	4	1	
7. ਪੂਨਾ ਸ਼ਹਿਰ	2	..	
(ਅ) ਪੇਂਡੂ			
8. ਅਹਿਮਦਾਬਾਦ ਜ਼ਿਲ੍ਹਾ	5	1	ਮੌਜੂਦਾ
9. ਭੜੋਚ ਜ਼ਿਲ੍ਹਾ	4	1	ਸਥਿਤੀ
10. ਕੈਰਾ ਜ਼ਿਲ੍ਹਾ	4	1	ਅਨੁਸਾਰ
11. ਪੰਚ ਮਹਲ ਜ਼ਿਲ੍ਹਾ	4	1	
12. ਸੂਰਤ ਜ਼ਿਲ੍ਹਾ	4	1	
13. ਥਾਣਾ ਜ਼ਿਲ੍ਹਾ	4	1	
14. ਅਹਿਮਦਨਗਰ ਜ਼ਿਲ੍ਹਾ	4	1	
15. ਖ਼ਾਂਦੇਸ਼ ਪੂਰਬੀ ਜ਼ਿਲ੍ਹਾ	5	1	

16. ਨਾਸਿਕ ਜ਼ਿਲ੍ਹਾ	4	1
17. ਪੂਨਾ ਜ਼ਿਲ੍ਹਾ	5	1
18. ਸਤਾਰਾ ਜ਼ਿਲ੍ਹਾ	5	1
19. ਬੈਲਗਾਂਬ ਜ਼ਿਲ੍ਹਾ	4	1
20. ਬੀਜਾਪੁਰ ਜ਼ਿਲ੍ਹਾ	4	1
21. ਧਾਰਵਾੜ ਜ਼ਿਲ੍ਹਾ	4	1
22. ਕਨਾਰਾ ਜ਼ਿਲ੍ਹਾ	4	1
23. ਰਤਨਗਿਰੀ ਜ਼ਿਲ੍ਹਾ	5	1
24. ਪੂਰਬੀ ਸਿੰਧ ਜ਼ਿਲ੍ਹਾ	2	..
25. ਪੱਛਮੀ ਸਿੰਧ ਜ਼ਿਲ੍ਹਾ	2	..
26. ਸ਼ੋਲਾਪੁਰਾ ਜ਼ਿਲ੍ਹਾ	4	1
27. ਕੋਲਾਬਾ ਜ਼ਿਲ੍ਹਾ	4	1
28. ਪੱਛਮੀ ਖਾਂਦੇਸ਼ ਜ਼ਿਲ੍ਹਾ	4	1
ਜੋੜ	86	22

	ਕੁੱਲ ਸੀਟਾਂ	ਪਛੜੀਆਂ ਜਾਤੀਆਂ ਲਈ ਸੁਰੱਖਿਅਤ	ਮਰਾਠਾ ਤੇ ਸਬੱਧ ਜਾਤੀਆਂ ਲਈ ਸੁਰੱਖਿਅਤ
2. ਮੁਸਲਮਾਨ			
	(ੳ) ਸ਼ਹਿਰੀ		
29. ਬੰਬਈ ਸ਼ਹਿਰ	2		
30. ਕਰਾਚੀ ਸ਼ਹਿਰ	2		
31. ਅਹਿਮਦਾਬਾਦ ਸ਼ਹਿਰ	1		
32. ਸੂਰਤ ਸ਼ਹਿਰ	1		
33. ਪੂਨਾ ਸ਼ਹਿਰ	1		

34. ਸ਼ੋਲਾਪੁਰ ਸ਼ਹਿਰ	1
	(ਅ) ਪੇਂਡੂ
35. ਉੱਤਰੀ ਡਿਵੀਜ਼ਨ	2
36. ਵਿਚਕਾਰਲਾ ਡਿਵੀਜ਼ਨ	3
37. ਦੱਖਣੀ ਡਿਵੀਜ਼ਨ	3
38. ਹੈਦਰਾਬਾਦ ਜ਼ਿਲ੍ਹਾ	2
39. ਕਰਾਚੀ ਜ਼ਿਲ੍ਹਾ	2
40. ਲੜਕਾਣਾ ਜ਼ਿਲ੍ਹਾ	2
41. ਸੱਖਰ ਜ਼ਿਲ੍ਹਾ	2
42. ਥਾਰ ਅਤੇ ਪਾਰਕਰ ਜ਼ਿਲ੍ਹਾ	2
43. ਨਵਾਬਸ਼ਾਹ ਜ਼ਿਲ੍ਹਾ	2
44. ਅਪਰ ਸਿੰਧ ਸਰਹੱਦ	2
ਜੋੜ	30

3. ਖਾਸ

45. ਮਜ਼ਦੂਰ ਯੂਨੀਅਨਾਂ	4
46. ਵਿਸ਼ਵ-ਵਿਦਿਆਲਾ	2
47. ਯੂਰਪੀ	4
48. ਮਿੱਲ ਮਾਲਕ	1
49. ਵਪਾਰ	1
50. ਖੇਤੀਬਾੜੀ	1
51. ਇਨਾਮਦਾਰ ਤੇ ਜਾਗੀਰਦਾਰ	2
52. ਅਫਸਰ	9
ਖਾਸ ਦਾ ਜੋੜ	24
ਕੁੱਲ ਜੋੜ	140

ਜੋ ਕਿ ਪਰੀਸ਼ਦ ਦੇ ਮੈਂਬਰਾਂ ਦੀ ਕੁੱਲ ਗਿਣਤੀ ਹੋਣੀ ਚਾਹੀਦੀ ਹੈ।

ਦੋਹਾਂ ਮਾਮਲਿਆਂ ਵਿਚ ਸਭਾ ਦੀ ਮੰਗ 140 ਮੈਂਬਰਾਂ ਦੀ ਪਰੀਸ਼ਦ ਵਿਚ ਦਲਿਤ ਜਾਤੀਆਂ ਲਈ 22 ਪ੍ਰਤਿਨਿਧਾਂ ਦੀ ਮੰਗ ਕੀਤੀਹੈ। ਸਭਾ ਇਹ ਜ਼ੋਰ ਦੇ ਕੇ ਕਹਿਣਾ ਚਾਹੁੰਦੀ ਹੈ ਕਿ 140 ਮੈਂਬਰਾਂ ਦੀ ਪਰੀਸ਼ਦ ਵਿਚ ਦਲਿਤ ਜਾਤੀਆਂ ਦੀ ਇਤਨੀ ਪ੍ਰਤਿਨਿਧਤਾ ਹੀ ਜਾਇਜ਼ ਹੈ। ਸਭਾ ਇਸ ਗੱਲ ਤੋਂ ਜਾਣੂੰ ਹੈ ਕਿ ਹੋ ਸਕਦਾ ਹੈ ਕਿ ਕਈ ਲੋਕ ਇਸ ਮੰਗ ਨੂੰ ਬਹੁਤ ਜ਼ਿਆਦਾ ਕਹਿਣ। ਪਰ ਇਹ ਨਜ਼ਰੀਆ ਸਿਰਫ ਦਲਿਤ ਜਾਤੀਆਂ ਦੇ ਖਿਲਾਫ਼ ਪੱਖਪਾਤ ਦਾ ਨਤੀਜਾ ਸਮਝਣਾ ਚਾਹੀਦਾ ਹੈ। ਇਹ ਕਿਸੇ ਠੋਸ ਕਾਰਨ' ਤੇ ਅਧਾਰਤ ਨਹੀਂ ਆਖਿਆ ਜਾ ਸਕਦਾ। ਸਭਾ ਇਹ ਸੋਚਦੀ ਹੈ ਕਿ ਦਲਿਤ ਜਾਤੀਆਂ ਦੀ ਵਸੋਂ ਦਾ ਸਹੀ ਸਹੀ ਵਿਚਾਰ ਇਸ ਕਿਸਮ ਦੇ ਨਜ਼ਰੀਏ ਨੂੰ ਠੀਕ ਕਰਨ ਲਈ ਕਾਫੀ ਹੋਵੇਗਾ ਕਿਉਂਕਿ ਇਹ ਮੰਨਣਾ ਚਾਹੀਦਾ ਹੈ ਕਿ ਕਿਸੇ ਵੀ ਵਰਗ ਨੂੰ ਕਿੰਨੀ ਪ੍ਰਤਿਨਿਧਤਾ ਦਿਤੀ ਜਾਏ, ਇਸ ਗੱਲ ਦਾ ਮਾਪ ਉਸ ਵਰਗ ਦੀ ਵਸੋਂ ਤੇ ਹੀ ਹੈ। ਇਸ ਲਈ ਦਲਿਤ ਜਾਤੀਆਂ ਦੀ ਸਹੀ ਸਹੀ ਗਿਣਤੀ ਕਰਨਾ ਕਾਫ਼ੀ ਮਹੱਤਤਾ ਵਾਲਾ ਮਾਮਲਾ ਹੈ। ਪਹਿਲਾਂ ਹੀ ਬੰਬਈ ਪ੍ਰੈਜ਼ੀਡੈਂਸੀ ਦੀਆਂ ਦਲਿਤ ਜਾਤੀਆਂ ਨਾਲ 1919 ਦੀ ਸਾਊਥਬਰੋ ਕਮੇਟੀ ਨੇ ਬਹੁਤ ਵੱਡਾ ਅਨਿਆਂ ਕੀਤਾ ਹੈ। ਇਸ ਕਮੇਟੀ ਨੇ ਬੰਬਈ ਪ੍ਰੈਜ਼ੀਡੈਂਸੀ ਵਿੱਚ ਦਲਿਤ ਜਾਤੀਆਂ ਦੀ ਗਿਣ਼ਤੀ ਬਾਰੇ ਬਹੁਤ ਗਲਤ ਅੰਕੜੇ* ਦਿਤੇ ਹਨ। ਇਹ ਅੰਕੜੇ 1911 ਦੀ ਮਰਦਮਸ਼ੁਮਾਰੀ ਦੇ ਬਿਲਕੁਲ ਉਲਟ ਸਨ। ਸਾਊਥਬਰੋ ਕਮੇਟੀ ਵਲੋਂ ਦਲਿਤ ਜਾਤੀਆਂ ਦੀ ਗਿਣਤੀ ਇਤਨੀ ਘੱਟ ਦਿਖਾਈ ਗਈ ਸੀ ਕਿ ਭਾਰਤ ਸਰਕਾਰ ਦਾ ਬੰਬਈ ਵਿਧਾਨ ਪਰੀਸ਼ਦ ਵਿਚ ਦਲਿਤ ਜਾਤੀਆਂ ਨੂੰ ਸਿਰਫ਼ ਦੋ ਸੀਟਾਂ ਦੇਣ ਦਾ ਤੁੱਛ ਜਿਹਾ ਸੁਝਾਉ ਵੀ ਬੇਅਸਰ ਰਿਹਾ। ਜ਼ਿਲ੍ਹੇਵਾਰ ਹਲਕਿਆਂ ਵਿਚ ਦਲਿਤ ਜਾਤੀਆਂ ਦੀ ਆਬਾਦੀ ਨੂੰ ਘੱਟ ਦਰਸਾਉਣ ਦੀ ਇ਼ਸੇ ਤਰ੍ਹਾਂ ਦੀ ਹੁਣ ਵੀ ਕੋਸ਼ਿਸ਼ ਹੋ ਰਹੀ ਹੈ। ਮਿਸਾਲ ਦੇ ਤੌਰ ਤੇ ਵਿਧਾਨ ਸਭਾ ਵਿਚ ਭਾਰਤ ਸਰਕਾਰ ਵਲੋਂ ਬੋਲਦਿਆਂ, ਸ੍ਰੀ ਬਾਜਪਾਈ ਨੇ 23 ਫਰਵਰੀ 1928 ਨੂੰ ਕਿਹਾ, "ਕਿ ਭਾਰਤ ਵਿਚ ਦਲਿਤ ਜਾਤੀਆਂ ਦੀ ਗਿਣਤੀ ਵਧਾ-ਚੜ੍ਹਾ ਕੇ ਦੱਸੀ ਜਾਂਦੀ ਰਹੀ ਹੈ ਅਤੇ ਦਲਿਤ ਜਾਤੀਆਂ ਦੀ ਸਹੀ ਗਿਣਤੀ 2 ਕਰੋੜ 85 ਲੱਖ ਹੈ ਨਾ ਕਿ 6 ਕਰੋੜ" ਜਿਵੇਂ ਕਿ ਉਸ ਤੋਂ ਪਹਿਲਾਂ ਦੱਸੀ ਜਾਂਦੀ ਸੀ। ਸਭਾ ਨੂੰ ਡਰ ਹੈ ਕਿ ਕਮਿਸ਼ਨ ਵੀ ਉਹੋ ਗਲਤੀ ਨਾ ਕਰੇ, ਜੋ ਸਾਊਥਬਰੋ ਕਮੇਟੀ ਨੇ ਕੀਤੀ ਸੀ ਅਤੇ ਨਤੀਜੇ ਦੇ ਤੌਰ ਤੇ ਗਲਤ ਗਣਨਾ ਤੇ ਆਧਾਰਿਤ ਸਿਫਾਰਸ਼ਾਂ ਨਾ ਕਰੇ। ਇਸ ਲਈ, ਸਭਾ ਕਮਿਸ਼ਨ ਦਾ ਧਿਆਨ ਇਸ ਸਬੰਧ ਵਿਚ ਭਾਰਤ ਦੇ ਮਰਦਮਸ਼ੁਮਾਰੀ ਦੇ ਡਾਇਰੈਕਟਰ ਦੇ ਕਥਨ ਵੱਲ ਦਿਲਾਉਣਾ ਚਾਹੁੰਦੀ ਹੈ। 1921 ਦੀ

* ਸਾਊਥਬਾਰੋ ਕਮੇਟੀ ਨੇ ਜੋ ਅੰਕੜੇ ਦਿਤੇ ਅਤੇ ਭਾਰਤ ਸਰਕਾਰ ਨੇ ਮੰਨੇ ਉਹ ਉਪਰ ਦਿਤੀ ਸਾਰਣੀ ਅਨੁਸਾਰ 5,77,516 ਸਨ। ਸਾਊਥਬਾਰੋ ਕਮੇਟੀ ਨੇ ਜਿਸ ਮਾਹਿਰ, ਸਲਾਹਕਾਰ ਦੀ ਮੱਦਦ ਲਈ ਸੀ ਉਸੇ ਦੇ ਮੁਤਾਬਿਕ 1911 ਵਿਚ ਬੰਬਈ ਪ੍ਰੈਜ਼ੀਡੈਂਸੀ ਵਿਚ ਦਲਿਤ ਜਾਤੀਆਂ ਦੀ ਗਿਣਤੀ 21,45,208 ਸੀ।

ਮਰਦਮਸ਼ੁਮਾਰੀ ਦੀ ਜਿਲਦ 1 ਦੇ ਅਧਿਆਇ 11 ਵਿਚ ਡਾਇਰੈਕਟਰ ਨੇ ਕਿਹਾ ਹੈ:

"ਪੈਰਾ 193. ਪਿਛਲੇ ਕੁਝ ਸਾਲਾਂ ਵਿਚ ਸਮਾਜ ਦੇ ਇਸ ਖ਼ਾਸ ਹਿੱਸੇ ਨੂੰ ਦਲਿਤ ਸ਼੍ਰੇਣੀਆਂ ਕਹਿਣਾ ਇਕ ਆਮ ਜਿਹੀ ਗੱਲ ਬਣ ਗਈ ਹੈ। ਜਿਥੋਂ ਤੱਕ ਮੈਂ ਜਾਣਦਾ ਹਾਂ ਇਸ ਸ਼ਬਦ ਦੀ ਕੋਈ ਮੁਕੰਮਲ ਪਰਿਭਾਸ਼ਾ ਨਹੀਂ, ਅਤੇ ਨਾ ਹੀ ਇਹ ਪੱਕਾ ਹੈ ਕਿ ਇਸ ਵਰਗ ਵਿਚ ਕੌਣ ਕੌਣ ਆਉਂਦਾ ਹੈ। 1912-17 ਤੱਕ ਦੀ ਸਿਖਿਆ ਵਿਚ ਹੋਈ ਤਰੱਕੀ ਬਾਰੇ ਪੰਜ ਸਾਲਾ ਜਾਂਚ ਵਿਚ(ਅਧਿਆਇ 18, ਪੈਰਾ 505) ਦਲਿਤ ਸ਼੍ਰੇਣੀਆਂ ਦੀ ਸਿਖਿਅਕ ਸਹਾਇਤਾ ਅਤੇ ਤਰੱਕੀ ਸਬੰਧੀ ਖ਼ਾਸ ਜ਼ਿਕਰ ਕੀਤਾ ਗਿਆ ਹੈ, ਅਤੇ ਇਸ ਰਿਪੋਰਟ ਦੇ 13ਵੇਂ ਜ਼ਮੀਮੇ ਵਿਚ ਇਨ੍ਹਾਂ ਸ਼੍ਰੇਣੀਆਂ ਅਤੇ ਕਬੀਲਿਆਂ ਦੀ ਇਕ ਸੂਚੀ ਦਿਤੀ ਗਈ ਹੈ। ਇਨ੍ਹਾਂ ਸੂਚੀਆਂ ਮੁਤਾਬਿਕ ਸ਼੍ਰੇਣੀ ਦੀ ਕੁੱਲ ਆਬਾਦੀ 3 ਕਰੋੜ 10 ਲੱਖ ਹੈ, ਅਰਥਾਤ ਬਰਤਾਨਵੀ ਹਿੰਦੁਸਤਾਨ ਵਿਚ ਹਿੰਦੂ ਅਤੇ ਕਬੀਲਿਆਂ ਦੀ ਕੁੱਲ ਆਬਾਦੀ ਦਾ 19% ਹਿੱਸਾ। ਨਿਰਸੰਦੇਹ, ਸਰਕਾਰੀ ਰਿਪੋਰਟ ਵਿਚ ਅਜਿਹੇ ਸਮਾਜਿਕ ਵਿਤਕਰਿਆਂ ਦਾ ਜ਼ਿਕਰ ਕਰਨਾ, ਜੋ ਅਪਮਾਨਜਨਕ ਸਮਝੇ ਜਾਣ, ਖ਼ਤਰੇ ਤੋਂ ਖਾਲੀ ਨਹੀਂ, ਪਰ ਤਿਆਰ ਕੀਤੀਆਂ ਜਾ ਚੁੱਕੀਆਂ ਸੂਚੀਆਂ ਅਤੇ ਇਸ ਸਚਾਈ ਨੂੰ ਵੇਖਦਿਆਂ ਕਿ ਦੱਖਣੀ ਭਾਰਤ ਵਿਚ ਖਾਸ ਕਰਕੇ ਦਲਿਤਾਂ ਵਿਚ ਆਪਣੀ ਜਮਾਤ ਬਾਰੇ ਜਾਗ੍ਰਿਤੀ ਆਈ ਹੈ ਅਤੇ ਵਰਗ ਸੰਗਠਨ ਹੋਂਦ ਵਿਚ ਆਇਆ ਹੈ, ਉਨ੍ਹਾਂ ਦੀ ਪਰਉਪਕਾਰੀ ਸਭਾਵਾਂ ਦੁਆਰਾ ਚਲਾਏ ਗਏ ਵਿਸ਼ੇਸ਼ ਮਿਸ਼ਨਾਂ ਰਾਹੀਂ ਸੇਵਾ ਕੀਤੀ ਜਾਂਦੀ ਹੈ ਅਤੇ ਵਿਧਾਨ ਸਭਾਵਾਂ ਵਿਚ ਸਰਕਾਰੀ ਤੌਰ ਤੇਂ ਪ੍ਰਤਿਨਿਧਤਾ ਮਿਲੀ ਹੈ, ਇਨ੍ਹਾਂ ਸਚਾਈਆਂ ਦਾ ਸਾਹਮਣਾ ਕਰਨਾ ਅਤੇ ਉਨ੍ਹਾਂ ਲੋਕਾਂ ਦੀ ਗਿਣਤੀ ਸਬੰਧੀ ਕੁਝ ਅੰਕੜਿਆਂ ਦਾ ਅਨੁਮਾਨ ਪ੍ਰਾਪਤ ਕਰਨ ਦੇ ਜਤਨ ਕਰਨਾ ਯਕੀਨੀ ਤੌਰ ਤੇ ਮੁਨਾਸਬ ਜਾਪਦਾ ਹੈ। ਇਸ ਲਈ ਮੈਂ ਪ੍ਰਾਂਤਾਂ ਦੇ ਨਿਗਰਾਨਾਂ ਨੂੰ ਮਰਦਮਸ਼ੁਮਾਰੀ ਦੇ ਅੰਕੜਿਆਂ ਉਤੇ ਆਧਾਰਿਤ, ਆਮ ਤੌਰ ਤੇ ਦਲਿਤ ਮੰਨੀਆਂ ਜਾਣ ਵਾਲੀਆਂ ਸ੍ਰੇਣੀਆਂ ਦੀ ਅੰਦਾਜ਼ਨ ਗਿਣਤੀ ਲਿਖਕੇ ਭੇਜਣ ਲਈ ਆਖਿਆ। ਮੈਨੂੰ ਉੱਤਰ ਪ੍ਰਦੇਸ਼ ਤੋਂ ਛੁੱਟ ਹੋਰ ਸਾਰੇ ਪ੍ਰਾਂਤਾਂ ਅਤੇ ਰਾਜਾਂ ਤੋਂ ਕੁਝ ਪ੍ਰਕਾਰ ਦੀਆਂ ਸੂਚੀਆਂ ਪ੍ਰਾਪਤ ਹੋਈਆਂ, ਜਿਥੋਂ ਦੇ ਅਤਿ ਨਾਜ਼ੁਕ ਸਰਕਾਰੀ ਜਜ਼ਬਾਤ ਨੇ ਇਸ ਤਰ੍ਹਾਂ ਦੇ ਅੰਦਾਜ਼ੇ ਲਾਉਣ ਤੋਂ ਵੀ ਪਰਹੇਜ਼ ਕੀਤਾ। ਇਹ ਅੰਕੜੇ ਠੀਕ ਅਤੇ ਇਕਸਾਰ ਕਸੌਟੀ ਤੇ ਆਧਾਰਿਤ ਨਹੀਂ, ਕਿਉਂਕਿ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਇਕੋ ਜਾਤ ਨੂੰ ਵੱਖ ਵੱਖ ਸਮਾਜਿਕ ਦ੍ਰਿਸ਼ਟੀ ਤੋਂ ਵੇਖਿਆ ਅਤੇ ਸਮਝਿਆ ਗਿਆ ਹੈ ਅਤੇ ਕਈ ਮਾਮਲਿਆਂ ਵਿਚ ਮੈਨੂੰ ਇਹ ਅੰਕੜੇ 1911 ਦੀਆਂ ਰਿਪੋਰਟਾਂ ਅਤੇ ਸਾਰਣੀਆਂ ਅਤੇ ਸਿਖਿਆ ਰਿਪੋਰਟ ਦੇ ਅੰਕੜਿਆਂ ਦੇ ਹਿਸਾਬ ਨਾਲ ਬਦਲਣੇ ਵੀ ਪਏ ਹਨ। ਇਨ੍ਹਾਂ ਵਿਚ, ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ, ਇਹ ਆਮ ਗ਼ਲਤੀ ਵੀ ਹੋ ਸਕਦੀ ਹੈ ਕਿ ਕਿਸੇ ਜਾਤ ਦੀ ਪੂਰੀ ਅਤੇ ਸਹੀ ਗਿਣਤੀ ਨਹੀਂ ਲਿਖੀ ਗਈ। ਫਿਰ ਵੀ, ਸੀਮਾਂਤਕ ਵਿਵਰਣ, ਜੋ ਹੇਠਾਂ ਦਿਤਾ ਗਿਆ ਹੈ, ਹਿੰਦੂ ਸਮਾਜ ਦੀਆਂ ਦਲਿਤ ਸ਼੍ਰੇਣੀਆਂ ਦੀ ਘੱਟ

ਤੋਂ ਘੱਟ ਗਿਣਤੀ ਦਾ ਇਕ ਅੰਦਾਜ਼ਾ ਹੈ। ਸਭ ਸੂਬਿਆਂ ਵਿਚਲੀ ਗਿਣਤੀ ਮਿਲਾ ਕੇ ਲਗਭਗ 5 ਕਰੋੜ 30 ਲੱਖ ਹੋ ਜਾਂਦੀ ਹੈ। ਫਿਰ ਵੀ, ਇਸਨੂੰ ਘੱਟ ਅਤੇ ਸੰਕੋਚਵਾਂ ਅਨੁਮਾਨ ਸਮਝਣਾ ਚਾਹੀਦਾ ਹੈ ਕਿਉਂਕਿ ਇਸ ਵਿਚ (1) ਸੰਬੰਧਿਤ ਜਾਤੀਆਂ ਅਤੇ ਕਬੀਲਿਆਂ ਅਤੇ (2) ਬਹੁਤ ਸਾਰੇ ਆਦਿਵਾਸੀ ਕਬੀਲੇ ਜੋ ਹੁਣ ਹੀ ਹਿੰਦੂਵਾਦ ਵਿਚ ਜਜ਼ਬ ਹੋ ਗਏ ਹਨ, ਜਿਨ੍ਹਾਂ ਵਿਚੋਂ ਬਹੁਤਿਆਂ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ, ਦੀ ਪੂਰੀ ਪੂਰੀ ਗਿਣਤੀ ਸ਼ਾਮਲ ਨਹੀਂ। ਇਸ ਲਈ ਅਸੀਂ ਪੂਰੇ ਵਿਸ਼ਵਾਸ ਨਾਲ ਸਾਰੀਆਂ ਅਸ਼ੁੱਧ ਮੰਨੀਆਂ ਜਾਂਦੀਆਂ ਦਲਿਤ ਸ਼੍ਰੇਣੀਆਂ ਦੀ ਗਿਣਤੀ ਹਿੰਦੁਸਤਾਨ ਵਿਚ ਸਾਢੇ ਪੰਜ ਤੋਂ ਛੇ ਕਰੋੜ ਦੇ ਵਿਚ ਵਿਚ ਮੰਨ ਸਕਦੇ ਹਾਂ।

ਭਾਰਤ ਵਿਚ ਦਲਿਤ ਸ਼੍ਰੇਣੀਆਂ ਦੀ ਵਸੋਂ

ਪ੍ਰਾਂਤ	ਵਸੋਂ
ਕੁੱਲ ਜੋੜ	52,680,000
ਆਸਾਮ	2,000,000
ਬੰਗਾਲ	9,000,000
ਬਿਹਾਰ ਅਤੇ ਉੜੀਸਾ	8,000,000
ਬੰਬਈ	2,800,000
ਮੱਧ ਪ੍ਰਦੇਸ਼ ਅਤੇ ਬਰਾਰ	3,300,000
ਮਦਰਾਸ	6,072,000
ਪੰਜਾਬ	2,893,000
ਉੱਤਰ ਪ੍ਰਦੇਸ਼	9,000,000
ਬੜੌਦਾ	177,000
ਮੱਧ ਭਾਰਤ	1,140,000
ਗਵਾਲੀਅਰ	500,000
ਹੈਦਰਾਬਾਦ	2,339,000
ਮੈਸੂਰ	932,000
ਰਾਜਪੂਤਾਨਾ	2,267,000
ਟ੍ਰਾਵਨਕੋਰ	1,260,000

8. ਜਨਗਣਨਾ ਦੇ ਡਾਇਰੈਕਟਰ ਦਾ ਸਾਵਧਾਨੀ ਭਰਿਆ ਅਤੇ ਸੋਚਿਆ ਵਿਚਾਰਿਆ ਲੇਖਾ ਜੋਖਾ ਭਾਰਤ ਵਿਚ ਵੱਖ ਵੱਖ ਪ੍ਰਾਂਤਾਂ ਵਿਚ ਦਲਿਤ ਸ਼੍ਰੇਣੀਆਂ ਦੀ ਗਿਣਤੀ ਪਹਿਲੇ ਸਾਰੇ ਤੀਰ-ਤੁੱਕਿਆਂ ਨਾਲੋਂ ਵੱਧ ਦੱਸਦਾ ਹੈ। ਇਹ ਸ਼੍ਰੀ ਬਾਜਪਾਈ ਦੇ ਅੰਦਾਜ਼ੇ ਨੂੰ ਝੂਠਾ ਸਿੱਧ ਕਰਦਾ ਹੈ, ਕਿਉਂਕਿ ਇਹ ਸੂਬਿਆਂ ਦੀਆਂ ਸਿਖਿਆ ਰਿਪੋਰਟਾਂ,

ਜਿਨ੍ਹਾਂ ਨੂੰ ਸ਼੍ਰੀ ਬਾਜਪਾਈ ਆਪਣੇ ਕਥਨ ਦਾ ਆਧਾਰ ਦੱਸਦੇ ਹਨ, ਦੀ ਜਾਂਚ ਦਾ ਨਤੀਜਾ ਹੈ। ਇਸ ਨੂੰ ਸਹੀ ਮੰਨਣਾ ਹੀ ਪਵੇਗਾ, ਕਿਉਂਕਿ ਨਿਰਦੇਸ਼ਕ ਦੇ ਕਹਿਣ ਅਨੁਸਾਰ ਇਹ ਇਕ ਸੋਚੀ ਵਿਚਾਰੀ ਜਾਂਚ ਦਾ ਨਤੀਜਾ ਹੈ। ਇਸ ਲਈ ਸਭਾ ਕਾਨੂੰਨੀ ਆਯੋਗ ਨੂੰ ਇਹ ਜ਼ੋਰ ਦੇ ਕੇ ਕਹਿਣਾ ਚਾਹੇਗੀ ਕਿ ਉਹ ਹੋਰਨਾਂ ਤੋਂ ਇਨ੍ਹਾਂ ਅੰਕੜਿਆਂ ਨੂੰ ਤਰਜੀਹ ਦੇਵੇ। ਇਸ ਲੇਖੇ ਅਨੁਸਾਰ ਬੰਬਈ ਪ੍ਰੈਜ਼ੀਡੈਂਸੀ ਵਿਚ ਦਲਿਤ ਸ਼੍ਰੇਣੀਆਂ ਦੀ ਵਸੋਂ ਘੱਟ ਤੋਂ ਘੱਟ 28,00,000 ਹੈ, ਅਰਥਾਤ ਕੁੱਲ ਆਬਾਦੀ ਦਾ 10.8% ਹੈ। ਸਿਰਫ਼ ਆਪਣੀ ਵਸੋਂ ਦੇ ਅਧਾਰ ਤੇ ਹੀ ਦਲਿਤ ਸ਼੍ਰੇਣੀਆਂ ਦਾ 140 ਵਿਚੋਂ 15 ਸੀਟਾਂ ਉਤੇ ਹੱਕ ਬਣਦਾ ਹੈ।

9. ਜੇ ਕਿਸੇ ਜਾਤੀ ਨੂੰ ਦਿਤੀ ਜਾਣ ਵਾਲੀ ਪ੍ਰਤਿਨਿਧਤਾ ਦੀ ਕਸੌਟੀ ਸਿਰਫ ਉਸ ਦੀ ਵਸੋਂ ਹੋਵੇ ਤਾਂ ਦਲਿਤ ਸ਼੍ਰੇਣੀਆਂ ਲਈ ਸੱਤ (7) ਵਾਧੂ ਸੀਟਾਂ ਦੀ ਮੰਗ ਨਿਰਸੰਦੇਹ ਅਣਕਮਾਇਆ ਵਾਧਾ ਜਾਪੇਗੀ। ਫਿਰ ਵੀ, ਇਹ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਇਸ ਤਰ੍ਹਾਂ ਦੇ ਮਾਮਲਿਆਂ ਵਿਚ ਪ੍ਰਤਿਨਿਧਤਾ ਦਾ ਕੋਟਾ ਨਿਰਧਾਰਿਤ ਕਰਨ ਲਈ ਕਿਸੇ ਜਾਤੀ ਦੀ ਵਸੋਂ ਇਕੋ ਇਕ ਆਧਾਰ ਨਹੀਂ ਮੰਨਿਆ ਜਾ ਸਕਦਾ। ਕਿਸੇ ਵੀ ਜਾਤੀ ਦੀ ਪ੍ਰਤਿਨਿਧਤਾ ਨਿਰਧਾਰਿਤ ਕਰਨ ਵਿਚ ਉਸ ਦੀ ਹੈਸੀਅਤ ਉਤਨੀ ਹੀ ਮਹੱਤਵਪੂਰਨ ਹੈ, ਜਿੰਨੀ ਕਿ ਉਸਦੀ ਵਸੋਂ। ਹੈਸੀਅਤ ਪੱਧਰ ਦਾ ਮਤਲਬ ਹੈ, ਸਮਾਜਿਕ ਸ਼ੰਘਰਸ਼ ਵਿਚ ਖੁਦ ਨੂੰ ਬਚਾਉਣ ਦੀ ਸ਼ਕਤੀ। ਕੁਦਰਤੀ ਤੌਰ ਤੇ ਇਹ ਸ਼ਕਤੀ ਜਾਤੀ ਦੀ ਸਿਖਿਆ ਅਤੇ ਮਾਲੀ ਹਾਲਤ ਉਤੇ ਨਿਰਭਰ ਕਰੇਗੀ। ਇਸ ਸਿਧਾਂਤ ਨੂੰ ਮੰਨਣ ਦਾ ਸਿੱਟਾ ਇਹ ਹੈ ਕਿ ਕਿਸੇ ਫਿਰਕੇ ਦੀ ਹੈਸੀਅਤ ਜਿਤਨੀ ਨੀਵੀਂ ਹੈ, ਉਸ ਨੂੰ ਬਾਕੀਆਂ ਨਾਲੋਂ ਉਤਨੀ ਜ਼ਿਆਦਾ ਪ੍ਰਤਿਨਿਧਤਾ ਮਿਲਣੀ ਚਾਹੀਦੀ ਹੈ। ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਦਲਿਤ ਸ਼੍ਰੇਣੀਆਂ ਦੀ ਸਿਖਿਅਕ ਅਤੇ ਆਰਥਿਤ ਹੈਸੀਅਤ ਇਸ ਪ੍ਰੈਜ਼ੀਡੈਂਸੀ ਵਿਚ ਸਭ ਤੋਂ ਨੀਵੀਂ ਹੈ। ਇਸ ਲਈ ਆਬਾਦੀ ਦੇ ਆਧਾਰ ਤੇ ਉਨ੍ਹਾਂ ਦੀ ਜਿਤਨੀ ਪ੍ਰਤਿਨਿਧਤਾ ਬਣਦੀ ਹੈ, ਉਸ ਤੋਂ ਕੁਝ ਵੱਧ ਦੇ ਹੀ ਉਹ ਹੱਕਦਾਰ ਹਨ। ਦਲਿਤ ਸ਼੍ਰੇਣੀਆਂ ਨੂੰ ਹਰ ਤਰ੍ਹਾਂ ਨਾਲ ਆਪਣੇ ਬਰਾਬਰ ਦੀਆਂ ਹੋਰ ਜਾਤੀਆਂ ਨਾਲੋਂ ਵੱਧ ਪ੍ਰਤਿਨਿਧਤਾ ਮਿਲਣੀ ਚਾਹੀਦੀ ਹੈ; ਕਿਉਂਕਿ ਹੋਰ ਕੋਈ ਵੀ ਜਾਤੀ ਇਤਨੀ ਨਿਘਰੀ ਹੋਈ ਨਹੀਂ ਮੰਨੀ ਗਈ ਜਿਤਨੀ ਕਿ ਦਲਿਤ ਹੈ ਅਤੇ ਨਾ ਹੀ ਹੋਰ ਕਿਸੇ ਵਰਗ ਨੂੰ ਕਦੀ ਉਤਨੀਆਂ ਲਾਚਾਰੀਆਂ ਦਾ ਸਾਹਮਣਾ ਕਰਨਾ ਪਿਆ ਹੈ ਜੋ ਦਲਿਤ ਸ਼੍ਰੇਣੀਆਂ ਦੀ ਆਮ ਹੋਣੀ ਹਨ ਤੇ ਜੋ ਉਨ੍ਹਾਂ ਨੂੰ ਜੀਵਨ ਵਿਚ ਆਪਣੀ ਨੀਵੀਂ ਪੱਧਰ ਤੋਂ ਉਠਣ ਨਹੀਂ ਦਿੰਦੀਆਂ। ਇਹ ਇਕ ਕਾਰਨ ਹੈ, ਜਿਸ ਕਰਕੇ ਸਭਾ ਵੱਧ ਪ੍ਰਤਿਨਿਧਤਾ ਦੀ ਮੰਗ ਨੂੰ ਜਾਇਜ਼ ਸਮਝਦੀ ਹੈ। ਇਕ ਹੋਰ ਕਾਰਨ ਹੈ ਜਿਸ ਕਰਕੇ ਸਭਾ ਦੇ ਵਿਚਾਰ ਅਨੁਸਾਰ, ਦਲਿਤ ਸ਼੍ਰੇਣੀਆਂ ਦੀ ਪ੍ਰਤਿਨਿਧਤਾ ਵਿਚ ਵਾਧੇ ਦੀ ਮੰਗ ਜਾਇਜ਼ ਹੈ। ਕਿਸੇ ਵੀ ਘੱਟ ਗਿਣਤੀ ਵਰਗ ਦੀ ਪ੍ਰਤਿਨਿਧਤਾ ਦੇ ਜੇਕਰ ਉਸ ਵਰਗ ਦੀ ਰੱਖਿਆ ਕਰਨੀ ਹੈ, ਤਾਂ ਉਹ ਪ੍ਰਭਾਵੀ ਵੀ ਹੋਣੀ ਚਾਹੀਦੀ ਹੈ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਉਹ ਸਿਰਫ਼ ਇਕ ਢਕਵੰਜ ਹੀ ਹੋਵੇਗਾ। ਇਸ ਦੋਸ਼ ਤੋਂ

ਬਚਣ ਲਈ ਇਹ ਜ਼ਰੂਰੀ ਹੈ ਕਿ ਇਹ ਦੇਖਿਆ ਜਾਏ ਕਿ ਕਿਸੇ ਵੀ ਘੱਟ ਗਿਣਤੀ ਜਾਤੀ ਦੀ ਰੱਖਿਆ ਲਈ ਉਸ ਦੇ ਪ੍ਰਤਿਨਿਧੀ ਇਤਨੇ ਜ਼ਰੂਰ ਹੋਣੇ ਚਾਹੀਦੇ ਹਨ ਕਿ ਉਹ ਜਾਤੀ ਨੂੰ ਬਿਲਕੁਲ ਬਰਬਾਦ ਹੋਣ ਤੋਂ ਬਚਾ ਸਕਣ। ਇਸੇ ਗੱਲ ਨੂੰ ਪ੍ਰਸਤਾਵ ਦੇ ਰੂਪ ਵਿਚ ਪੇਸ਼ ਕਰਨ ਲਈ, ਘੱਟ ਗਿਣਤੀ ਦੀ ਪ੍ਰਤਿਨਿਧਤਾ ਦਾ ਪ੍ਰਭਾਵ ਇਸ ਗੱਲ ਤੋਂ ਨਿਰਭਰ ਕਰਦਾ ਹੈ ਕਿ ਉਹ ਇਤਨੀ ਕਾਫੀ ਹੋਵੇ ਕਿ ਉਨ੍ਹਾਂ ਦੇ ਅੰਦਰ ਇਹ ਭਾਵਨਾ ਨਾ ਰਹੇ ਕਿ ਉਹ ਬਿਹਬਲ ਹੋ ਗਏ ਹਨ। ਸਭਾ ਦਾ ਵਿਚਾਰ ਹੈ ਕਿ ਦਲਿਤ ਸ਼੍ਰੇਣੀਆਂ ਵਾਧੂ ਪ੍ਰਤਿਨਿਧਤਾ ਮੰਗਣ ਵਿਚ, ਦੇਸ਼ ਵਿਚ ਬਾਕੀ ਘੱਟ ਗਿਣਤੀਆਂ ਨਾਲ ਮਿਲਕੇ ਇਸ ਸਿਧਾਂਤ ਨੂੰ ਆਪਣੇ ਹੱਕ ਵਿਚ ਲਾਗੂ ਕਰਾਉਣ ਦੀਆਂ ਹੱਕਦਾਰ ਹਨ।

10. ਸਭਨਾਂ ਘੱਟ ਗਿਣਤੀਆਂ ਨਾਲ ਨਿਰਪੱਖ ਵਿਹਾਰ ਕਰਨ ਦੀ ਲੋੜ ਪ੍ਰਤਿਨਿਧਤਾ ਦੀ ਹੱਦ ਮਿਥਣ ਵਾਲੇ ਅਸੂਲ ਉਹ ਹਨ ਜੋ ਸਾਊਥਬਰੋ ਕਮੇਟੀ ਦੀ ਰਿਪੋਰਟ ਦੀ ਜਾਂਚ ਤੋਂ ਬਾਅਦ ਸਰਕਾਰ ਨੇ ਰਾਜ- ਪੱਤਰ ਵਿਚ ਲਿਖੇ ਹੋਣ। ਸਭਾ ਇਹ ਕਹਿਣਾ ਚਾਹੁੰਦੀ ਹੈ ਕਿ ਦਲਿਤ ਸ਼੍ਰੇਣੀਆਂ ਅਜਿਹੇ ਅਸੂਲਾਂ ਦੇ ਪ੍ਰਯੋਗ ਦੀਆਂ ਪੂਰੇ ਭਾਰਤ ਵਿਚ ਕਿਸੇ ਵੀ ਅਜਿਹੇ ਹੋਰ ਵਰਗ ਤੋਂ ਵੱਧ ਹੱਕਦਾਰ ਹਨ। ਫਿਰ ਵੀ, ਅਮਲੀ ਤੌਰ ਤੇ ਇਨ੍ਹਾਂ ਅਸੂਲਾਂ ਦੇ ਲਾਭ ਤੋਂ ਸਾਰੇ ਭਾਰਤ ਵਿਚ ਦਲਿਤ ਸ਼੍ਰੇਣੀਆਂ ਨੂੰ ਵਾਂਝਿਆਂ ਰੱਖਿਆ ਗਿਆ ਹੈ ਅਤੇ ਮੁਸਲਮਾਨਾਂ ਨੂੰ ਖੁੱਲ੍ਹੇ ਦਿਲ ਨਾਲ ਦਿਤੇ ਗਏ, ਹਾਲਾਂਕਿ ਮੁਸਲਮਾਨ ਭਾਰਤ ਵਿਚ ਦਲਿਤ ਸ਼੍ਰੇਣੀਆਂ ਨਾਲੋਂ ਕਿਤੇ ਉੱਚੇ ਸਮਾਜਕ ਹੈਸੀਅਤ ਵਾਲੇ ਹਨ ਜੋ ਦਲਿਤ ਸ਼੍ਰੇਣੀਆਂ ਲਈ ਸੋਚੀ ਵੀ ਨਹੀਂ ਜਾ ਸਕਦੀ। ਇਸ ਪੱਖ-ਪਾਤੀ ਵਿਹਾਰ ਦੀ ਮਿਸਾਲ ਦੇ ਤੌਰ ਤੇ ਸਭਾ ਕਮਿਸ਼ਨ ਦਾ ਧਿਆਨ ਹੇਠ ਲਿਖੇ ਦੋ ਮਾਮਲਿਆਂ ਵੱਲ ਦਿਵਾਉਣਾ ਚਾਹੁੰਦੀ:-

ਪ੍ਰਾਂਤ	ਮੁਸਲਮਾਨ ਆਬਾਦੀ	ਮੁਸਲਮਾਨਾਂ ਲਈ ਸੀਟਾਂ	ਪਛੜੀਆਂ ਜਾਤੀਆਂ ਦੀ ਆਬਾਦੀ	ਪਛੜੀਆਂ ਜਾਤੀਆਂ ਲਈ ਸੀਟਾਂ
ਮੱਧ ਪ੍ਰਾਂਤ	574,276	11	3,060,232	2
ਬੰਬਈ ਪ੍ਰੈਜ਼ੀਡੈਂਸੀ	1,207,443	7	1,627,980	1

ਦਲਿਤ ਸ਼੍ਰੇਣੀਆਂ ਨਾਲ ਇਸ ਅਨਿਆਂ ਤੇ ਕਿਸੇ ਨੂੰ ਭਾਵੇਂ ਕਿਤਨਾ ਹੀ ਗੁੱਸਾ ਆਵੇ, ਭਾਰਤ ਸਰਕਾਰ ਨੂੰ ਇਸ ਬਾਰੇ ਕੋਈ ਸ਼ਰਮਿੰਦਗੀ ਮਹਿਸੂਸ ਨਹੀਂ ਹੁੰਦੀ ਕਿਉਂਕਿ ਇਸ ਨੇ ਤਾਂ ਇਹ ਅਸੂਲ ਸਿਰਫ ਮੁਸਲਮਾਨਾਂ ਤੇ ਹੀ ਲਾਗੂ ਕਰਨ ਲਈ ਬਣਾਏ ਹਨ। ਜਿਵੇਂ ਕਿ ਸਭ ਜਾਣਦੇ ਹਨ, ਭਾਰਤ ਸਰਕਾਰ ਨੇ ਅਜਿਹਾ ਵੱਖ ਵੱਖ ਜਾਤੀਆਂ ਦੀ ਰਾਜਨੀਤਕ ਮਹੱਤਤਾ ਵਿਚ ਫ਼ਰਕ ਲਈ ਕੀਤਾ। ਇਸ ਲਈ ਸਭਾ, ਦੇਸ਼ ਦੇ ਰਾਜਨੀਤਿਕ ਮਹੱਤਤਾ ਦੇ ਆਧਾਰ ਤੇ ਦੇਸ਼ ਦੇ ਨਾਗਰਿਕਾਂ ਦੀ ਦਰਜ਼ੇਬੰਦੀ ਕਰਨ ਦੇ ਖਿਲਾਫ਼ ਆਪਣਾ ਰੋਸ ਪ੍ਰਗਟ ਕਰਦੀ ਹੈ। ਇਸ ਲਈ ਇਸ ਤੋਂ ਹੋਰ ਵੱਧ ਸੁਰੱਖਿਅਤ ਸਿਧਾਂਤ ਕੋਈ ਨਹੀਂ ਹੋ ਸਕਦਾ

ਕਿ ਸਾਰੀਆਂ ਜਾਤੀਆਂ ਰਾਜਨੀਤਿਕ ਤੌਰ ਤੇ ਬਰਾਬਰ ਮਹੱਤਤਾ ਵਾਲੀਆਂ ਹਨ। ਸਾਰੇ ਸੰਪਰਦਾਇਕ ਝਗੜਿਆਂ ਦੀ ਜੜ੍ਹ ਇਹੋ ਭੇਦ ਭਾਵ ਦੀ ਘਿਰਣਾਯੋਗ ਨੀਤੀ ਹੈ ਅਤੇ ਬਰਾਬਰ ਮੌਕੇ ਦੇਣ ਦੇ ਅਸੂਲ ਲਈ ਇਹ ਘਾਤਕ ਹੈ। ਸੰਸਦ ਵਲੋਂ ਸੁਧਾਰਾਂ ਦੀ ਪਹਿਲੀ ਕਿਸ਼ਤ ਪਾਸ ਹੋਣ ਦੇ ਨਾਲ ਹੀ ਇਸ ਅਸੂਲ ਦਾ ਭਾਰਤ ਦੇ ਰਾਜ ਪ੍ਰਬੰਧ ਵਿਚ ਇਹ ਅਸੂਲ ਇਸ ਸਮੇਂ ਲਾਗੂ ਕਰਨਾ, ਜਦੋਂ ਕਿ ਸੰਸਦ ਨੇ ਸੁਧਾਰਾਂ ਦੀ ਪਹਿਲੀ ਕਿਸ਼ਤ ਦਿਤੀ ਹੈ, ਦਲਿਤ ਸ਼੍ਰੇਣੀਆਂ ਦੇ ਹਿੱਤਾਂ ਲਈ ਬਹੁਤ ਵਿਨਾਸ਼ਕਾਰੀ ਸੀ। ਸਭਾ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਵਰਤਮਾਨ ਭਾਰਤ ਬਾਰੇ ਮੰਤਰੀ ਦਲਿਤ ਸ਼੍ਰੇਣੀਆਂ ਦੀ ਹੋਂਦ ਨੂੰ ਇਕ ਐਸੀ ਗੰਭੀਰ ਸਮੱਸਿਆ ਵਜੋਂ ਲੈ ਰਹੇ ਹਨ ਜਿਸ ਉਤੇ ਪਹਿਲਾਂ ਤੋਂ ਲਾਗੂ ਰਾਜਨੀਤਿਕ ਸੁਧਾਰਾਂ ਦਾ ਖੇਤਰ ਵਧਾਉਣ ਬਾਰੇ ਨਿਰਣੇ ਵਿਚ ਗੰਭੀਰ ਵਿਚਾਰ ਕਰਨ ਦੀ ਲੋੜ ਹੈ। ਪਰ ਸਭਾ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਅਜਿਹੀ ਮਾਨਤਾ ਦਾ ਦਲਿਤ ਸ਼੍ਰੇਣੀਆਂ ਨੂੰ ਕੋਈ ਲਾਭ ਨਹੀਂ ਹੋਵੇਗਾ। ਜੇਕਰ ਇਹ ਮਾਨਤਾ ਉਨ੍ਹਾਂ ਸੁਧਾਰਾਂ ਵਿਚ ਨਜ਼ਰ ਨਹੀਂ ਆਉਂਦੀ ਜੋ ਦੇਸ਼ ਦੇ ਸੰਵਿਧਾਨ ਦੇ ਖਰੜੇ ਵਿਚ ਹੁਣ ਸ਼ਾਮਿਲ ਕੀਤੇ ਜਾਣ ਦੀ ਸੰਭਾਵਨਾ ਹੈ।

11. *ਪ੍ਰਤਿਨਿਧਤਾ ਦਾ ਤਰੀਕਾ*:--ਸਭਾ ਸਰਕਾਰ ਵਲੋਂ ਨਾਮਜ਼ਦਗੀ ਦੀ ਨੀਤੀ ਦੇ ਵਿਰੁੱਧ ਹੈ ਅਤੇ ਦਲਿਤ ਸ਼੍ਰੇਣੀਆਂ ਵਿਚ ਚੋਣ ਕਰਵਾਉਣ ਦੀ ਨੀਤੀ ਤੇ ਜ਼ੋਰ ਦੇਵੇਗੀ। ਚੋਣ ਨਾ ਕੇਵਲ ਸਿਧਾਂਤਕ ਤੌਰ ਤੇ ਇਕ ਜ਼ਿਮੇਵਾਰ ਸਰਕਾਰ ਦੇ ਨਜ਼ਰੀਏ ਵਜੋਂ ਸਹੀ ਹੈ, ਬਲਕਿ ਲੋਕਾਂ ਲਈ ਵਿਹਾਰਕ ਰੂਪ ਵਿਚ ਰਾਜਨੀਤਿਕ ਸਿਖਿਆ ਦੇ ਨਜ਼ਰੀਏ ਤੋਂ ਵੀ ਜ਼ਰੂਰੀ ਹੈ। ਹਰ ਜਾਤੀ ਲਈ ਰਾਜਨੀਤਿਕ ਸਿਖਿਆ ਦੇ ਮੌਕੇ ਜ਼ਰੂਰ ਉਪਲਬਧ ਹੋਣੇ ਚਾਹੀਦੇ ਹਨ ਅਤੇ ਇਸ ਦਾ ਚੋਣਾਂ ਨਾਲੋਂ ਵਧੀਆ ਹੋਰ ਕੋਈ ਤਰੀਕਾ ਨਹੀਂ। ਇਸ ਨੂੰ ਬਦਕਿਸਮਤੀ ਹੀ ਸਮਝਣਾ ਚਾਹੀਦਾ ਹੈ ਕਿ ਦਲਿਤ ਸ਼੍ਰੇਣੀਆਂ, ਜਿਨ੍ਹਾਂ ਨੂੰ ਇਸ ਸਿਖਿਆ ਦੀ ਸਭ ਨਾਲੋਂ ਵੱਧ ਲੋੜ ਹੈ, ਉਨ੍ਹਾਂ ਨੂੰ ਭਾਰਤ ਦੇ ਤੇਜ਼ੀ ਨਾਲ ਬਦਲਦੇ ਹੋਏ ਰਾਜਨੀਤਿਕ ਮਾਹੌਲ ਵਿਚ ਆਪਣਾ ਹਿੱਸਾ ਪਾਉਣ ਤੋਂ ਰੋਕਿਆ ਜਾਵੇ। ਇਕ ਹੋਰ ਵਜ੍ਹਾ ਕਰਕੇ ਵੀ ਦਲਿਤ ਸ਼੍ਰੇਣੀਆਂ ਲਈ ਚੋਣਾਂ ਜ਼ਰੂਰੀ ਹਨ। ਮੰਤਰੀ-ਪਦ ਇਕ ਬਹੁਤ ਮਹੱਤਵਪੂਰਨ ਵਿਸ਼ੇਸ਼ ਅਧਿਕਾਰ ਹੈ ਅਤੇ ਇਸ ਨੂੰ ਛੱਡਣਾ ਦਲਿਤ ਸ਼੍ਰੇਣੀਆਂ ਨੂੰ ਵਾਰਾ ਨਹੀਂ ਖਾਂਦਾ। ਉਨ੍ਹਾਂ ਨੂੰ ਰਾਜਨੀਤਿਕ ਸੁਧਾਰਾਂ ਤੋਂ ਉਦੋਂ ਤੱਕ ਬਹੁਤਾ ਫਾਇਦਾ ਨਹੀਂ ਪਹੁੰਚ ਸਕਦਾ, ਜਦੋਂ ਤੱਕ ਉਨ੍ਹਾਂ ਦੇ ਪ੍ਰਤਿਨਿਧੀ ਨੂੰ ਦੇਸ਼ ਦੇ ਮੰਤਰੀ ਮੰਡਲ ਵਿਚ ਥਾਂ ਨਹੀ ਮਿਲਦੀ, ਜਿਥੋਂ ਕਿ ਉਹ ਸਰਕਾਰ ਦੀ ਨੀਤੀ ਨੂੰ ਪ੍ਰਭਾਵਿਤ ਕਰ ਸਕਣ। ਇਹ ਮੌਕਾ ਉਨ੍ਹਾਂ ਨੂੰ ਤਦ ਤੱਕ ਨਹੀਂ ਮਿਲੇਗਾ, ਜਦੋਂ ਤੱਕ ਉਨ੍ਹਾਂ ਨੂੰ ਆਪਣਾ ਪ੍ਰਤਿਨਿਧੀ ਆਪ ਚੁਣਨ ਦਾ ਮੌਕਾ ਨਹੀਂ ਦਿਤਾ ਜਾਂਦਾ, ਕਿਉਂਕਿ ਜ਼ਿਮੇਵਾਰ ਸਰਕਾਰ ਅਧੀਨ ਨਾਮਜ਼ਦ ਮੈਂਬਰ ਮੰਤਰੀ ਦੇ ਅਹੁਦੇ ਲਈ ਅਯੋਗ ਰਹਿਣੇ ਚਾਹੀਦੇ ਹਨ। ਨਾਮਜ਼ਦਗੀ ਰਾਹੀਂ ਪ੍ਰਤਿਨਿਧਤਾ ਵਰਗੀ ਨੀਤੀ, ਜੋ ਦਲਿਤ ਸ਼੍ਰੇਣੀਆਂ ਨੂੰ ਇਸ ਹੱਕ ਤੋਂ ਵਾਂਝਾ ਰੱਖਦੀ ਹੈ, ਆਪਣੇ ਆਪ ਵਿਚ ਨਿਖੇਧ ਕਰਾਰ ਦਿਤੀ ਜਾਣੀ ਚਾਹੀਦੀ ਹੈ।

12. ਦਲਿਤ ਸ਼੍ਰੇਣੀਆਂ ਤੇ ਚੋਣਾਂ ਦਾ ਅਸੂਲ ਲਾਗੂ ਕਰਨ ਵਿਚ ਵੀ ਚੋਣਾਂ ਕਰਾਉਣ ਦੇ ਵਿਰੁੱਧ ਆਮ ਤੌਰ ਤੇ ਦੋ ਇਤਰਾਜ਼ ਉਠਾਏ ਜਾਂਦੇ ਹਨ:-

(ੳ)ਚੋਣ ਖੇਤਰ ਬਣਾਉਣ ਵਿਚ ਕਠਿਨਾਈ:- ਸਭਾ ਸੋਚਦੀ ਹੈ ਕਿ ਇਹ ਕੋਈ ਈਮਾਨਦਾਰੀ ਨਾਲ ਕੀਤੀ ਹੋਈ ਗੱਲ ਨਾ ਹੋਣ ਕਾਰਨ, ਇਸ ਤੇ ਕੋਈ ਗੰਭੀਰ ਵਿਚਾਰ ਨਹੀਂ ਲੋੜੀਂਦਾ। ਜੇਕਰ ਖੇਤਰ ਬਣਾਉਣ ਵਿਚ ਆਉਣ ਵਾਲੀਆਂ ਮੁਸ਼ਕਲਾਂ ਦੇ ਕਾਰਨ ਹੀ ਸਰਕਾਰ ਨੂੰ ਦਲਿਤ ਸ਼੍ਰੇਣੀਆਂ ਵਾਸਤੇ ਚੋਣਾਂ ਕਰਾਉਣ ਨਾਲੋਂ ਨਿਯੁਕਤੀ ਨੂੰ ਤਰਜੀਹ ਦਾ ਰਾਹ ਸੁਝਾਇਆ, ਤਾਂ ਇਹ ਗੱਲ ਸਮਝਣੀ ਮੁਸ਼ਕਿਲ ਹੈ ਕਿ ਸਰਕਾਰ ਨੇ ਮੁਸਲਮਾਨਾਂ ਅਤੇ ਯੂਰਪੀ ਮੂਲ ਦੇ ਵਾਸੀਆਂ ਲਈ ਚੋਣਾਂ ਕਰਾਉਣ ਦਾ ਹੌਸਲਾ ਕਿਵੇਂ ਕੀਤਾ ? ਇਹ ਫਿਰਕੇ ਦਲਿਤ ਸ਼੍ਰੇਣੀਆਂ ਨਾਲੋਂ ਘੱਟ ਖਿੰਡੇ ਹੋਏ ਨਹੀਂ ਅਤੇ ਇਨ੍ਹਾਂ ਦਾ ਵਰਤਮਾਨ ਸਣੇ ਹੋਰ ਕੋਈ ਚੋਣ ਖੇਤਰ ਨਹੀਂ ਬਣਾਇਆ ਜਾ ਸਕਦਾ ਜਿਸ ਨੂੰ ਤਰਕ ਦੀ ਦ੍ਰਿਸ਼ਟੀ ਤੋਂ ਬੇਹੂਦਾ ਆਖ ਕੇ ਨਿੰਦਿਆ ਨਾ ਜਾ ਸਕੇ। ਫਿਰ ਵੀ ਬੰਬਈ ਦੀ ਸਰਕਾਰ ਨੇ ਆਪਣੀ ਸੁਹਜ ਭਾਵਨਾ ਤਿਆਗ ਕੇ ਇਨ੍ਹਾਂ ਫਿਰਕਿਆਂ ਲਈ ਢੁਕਵੇਂ ਚੋਣ ਖੇਤਰ ਬਣਾਉਣੇ ਸ਼ੁਰੂ ਕਰ ਦਿੱਤੇ, ਜਦ ਕਿ ਇਸ ਨੂੰ ਦਲਿਤਾਂ ਲਈ ਅਜਿਹੇ ਚੋਣ ਖੇਤਰ ਬਣਾਉਣੇ ਅਸੰਭਵ ਲੱਗਿਆ। ਦਲਿਤ ਸ਼੍ਰੇਣੀਆਂ ਲਈ ਚੋਣ ਖੇਤਰ ਬਣਾਉਣ ਸਬੰਧੀ ਸਾਰੀਆਂ ਕਠਿਨਾਈਆਂ, ਸਭਾ ਨੇ ਪ੍ਰਤਿਨਿਧਤਾ ਦੀ ਵਿਉਂਤ ਦਾ ਖਾਕਾ ਤਿਆਰ ਕਰਕੇ ਦੂਰ ਕਰ ਦਿਤੀਆਂ ਹਨ। ਇਸ ਸਮੱਸਿਆ ਦੇ ਸਰਲੀਕਰਨ ਨਾਲ, ਹੁਣ ਨਾਮਜ਼ਦਗੀ ਨੂੰ ਚੋਣ ਦੇ ਸਿਧਾਂਤ ਦੀ ਥਾਂ ਦੇਣ ਲਈ ਕੋਈ ਇਤਰਾਜ਼ ਨਹੀਂ ਕੀਤਾ ਜਾਣਾ ਚਾਹੀਦਾ।

(ਅ) ਲੋੜੀਂਦੀ ਵੱਡੀ ਗਿਣਤੀ ਵਿਚ ਚੋਣਕਾਰ ਮਿਲਣ ਦੀ ਮੁਸ਼ਕਿਲ:- ਕੀ ਕਿਸੇ ਵੀ ਚੋਣ ਖੇਤਰ ਵਿਚ ਇਤਨੇ ਕਾਫ਼ੀ ਵੋਟਰ ਹੋਣਗੇ ਕਿ ਉਹ ਦਲਿਤ ਸ਼੍ਰੇਣੀਆਂ ਦੀਆਂ ਇਨ੍ਹਾਂ ਚੋਣਾਂ ਨੂੰ ਪਰੀਸ਼ਦ ਲਈ ਸਹੀ ਤੌਰ ਤੇ ਚੋਣਾਂ ਬਣਾ ਸਕਣ ? ਚੋਣਾਂ ਦੀ ਨੀਤੀ ਦਾ ਥਾਂ ਤੋਂ ਨਿਯੁਕਤੀ ਦੀ ਨੀਤੀ ਬਣਾਈ ਰੱਖਣ ਲਈ ਅਤੇ ਚੋਣਾਂ ਦੀ ਨੀਤੀ ਲਾਗੂ ਕਰਨ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਦੱਸਣ ਲਈ ਇਹ ਸਵਾਲ ਆਮ ਤੌਰ ਤੇ ਪੁੱਛਿਆ ਜਾਂਦਾ ਹੈ ਅਤੇ ਇਸ ਦਾ ਜਵਾਬ ਨਾਂਹ ਵਿਚ ਦਿਤਾ ਜਾਂਦਾ ਹੈ। ਸਭਾ ਦਾ ਵਿਚਾਰ ਹੈ ਕਿ ਜੇ ਚੋਣ ਅਧਿਕਾਰ ਦੇ ਵਰਤਮਾਨ ਪਿੜ ਨੂੰ ਨਾ ਬਦਲਣ ਦਾ ਫੈਸਲਾ ਕੀਤਾ ਗਿਆ ਅਤੇ ਇਸ ਨੂੰ ਜਿਉਂ ਤਾਂ ਤਿਉਂ ਰੱਖਿਆ ਗਿਆ ਤਾਂ ਮੁਸ਼ਕਲ ਜ਼ਰੂਰ ਆ ਸਕਦੀ ਹੈ ਅਤੇ ਇਹ ਠੀਕ ਹੈ ਕਿ ਵਰਤਮਾਨ ਸਥਿਤੀਆਂ ਅਨੁਸਾਰ ਦਲਿਤ ਸ਼੍ਰੇਣੀਆਂ ਦੇ ਵੋਟਰ ਬਹੁਤ ਘੱਟ ਮਿਲਣਗੇ। ਪਰ ਸਭਾ ਦਾ ਇਹ ਵਿਚਾਰ ਹੈ ਕਿ ਚੋਣ ਅਧਿਕਾਰ ਦੀ ਵਰਤਮਾਨ ਹੱਦ ਕਿਸੇ ਵੀ ਤਰ੍ਹਾਂ ਨਿਆਂਪੂਰਵਕ ਨਹੀਂ ਕਹੀ ਜਾ ਸਕਦੀ। ਇਸ ਨੇ ਜ਼ਿਮੇਵਾਰ ਸਰਕਾਰ ਨੂੰ ਮਜ਼ਾਕ ਬਣਾ ਛੱਡਿਆ ਹੈ। ਇਸ ਹੱਦ ਦਾ ਮਤਲਬ ਹੈ ਕਿ ਪ੍ਰੈਜ਼ੀਡੈਂਸੀ ਦੇ ਕਰੋੜਾਂ ਲੋਕਾਂ ਉਤੇ ਸਿਰਫ਼, ਉਨ੍ਹਾਂ ਸੱਤ ਲੱਖ ਲੋਕਾਂ ਦੀ ਘੱਟ ਗਿਣਤੀ ਦੀ ਮਰਜ਼ੀ ਦੀ ਸਰਕਾਰ, ਜਿਨ੍ਹਾਂ ਨੂੰ ਵਰਤਮਾਨ ਹੱਦ ਦੇ ਹਿਸਾਬ ਨਾਲ ਚੋਣ ਅਧਿਕਾਰ ਪ੍ਰਾਪਤ ਹੈ। ਅਜਿਹੀ ਸਥਿਤੀ ਤਾਂ

ਸਪੱਸ਼ਟ ਤੌਰ ਤੇ ਨਾਕਸ ਹੈ। ਜੇਕਰ ਨਾਂ ਦੀ ਨਹੀਂ, ਸੱਚਮੁੱਚ ਦੀ ਇਕ ਜ਼ਿੰਮੇਵਾਰ ਸਰਕਾਰ ਬਣਾਉਣੀ ਹੈ ਤਾਂ ਭਵਿੱਖ ਵਿਚ ਇਹ ਸਥਿਤੀ ਚਲਦੀ ਰਹਿਣ ਨਹੀਂ ਦਿਤੀ ਜਾ ਸਕਦੀ। ਇਹ ਦੁੱਖ ਦੀ ਗੱਲ ਹੈ ਕਿ ਵੋਟ ਅਧਿਕਾਰ ਦਾ ਇਹ ਸਵਾਲ ਉਸ ਵਰਗ ਨੇ ਉਚਿਤ ਤੌਰ ਤੇ ਨਹੀਂ ਉਠਾਇਆ, ਜਿਸ ਦੀ ਸੁਰ ਸੁਧਾਰਾਂ ਦੀ ਮੰਗ ਵਿਚ ਸਭ ਤੋਂ ਉਚੀ ਸੀ। ਇਹ ਵਰਗ ਲੋਕੰਤਤਰ ਨੂੰ ਆਪਣਾ ਟੀਚਾ ਦੱਸਦਾ ਹੈ, ਪਰ ਜੇਕਰ ਸੱਚ ਕਿਹਾ ਜਾਏ ਤਾਂ ਬਰਮਾ ਸਰਕਾਰ ਦੇ ਸ਼ਬਦਾਂ ਵਿਚ, "ਇਹ ਲੋਕੰਤਤਰੀ ਅਦਾਰਿਆਂ ਦੇ ਹੱਕ ਵਿਚ ਸਿਰਫ ਇਸ ਲਈ ਬੋਲਦੇ ਹਨ, ਕਿਉਂਕਿ ਇਹ ਆਪਣੇ ਜਮਹੂਰੀ ਦੇਸ਼ ਸਾਹਮਣੇ ਅਪੀਲ ਕਰ ਰਹੇ ਹਨ। ਇਹ ਤੇ ਨਹੀਂ ਹੋ ਸਕਦਾ ਕਿ ਇਹ ਲੋਕਤੰਤਰ ਦੀ ਮੰਗ ਕਰਨ ਅਤੇ ਜਨਤਾ ਨੂੰ ਇਸ ਤੋਂ ਬਾਹਰ ਹੀ ਰਹਿਣ ਦੇਣ। ਸੁਧਾਰਾਂ ਦੀ ਮੰਗ ਵਿਚ ਇਨ੍ਹਾਂ ਦੀ ਮੁੱਖ ਦਿਲਚਸਪੀ ਸਿਰਫ ਉਨ੍ਹਾਂ ਸ਼ਕਤੀਆਂ ਦੀ ਪ੍ਰਾਪਤੀ ਤੱਕ ਸੀਮਿਤ ਹੈ ਜੋ ਇਨ੍ਹਾਂ ਨੂੰ ਸੁਧਾਰਾਂ ਨਾਲ ਕਾਰਜਕਰਨੀ ਉਤੇ ਮਿਲਣ ਦੀ ਉਮੀਦ ਹੈ। ਵਿਆਪਕ ਖੇਤਰੀ ਵੋਟ ਅਧਿਕਾਰ ਅਤੇ ਆਮ ਪੇਂਡੂ ਲੋਕਾਂ ਨੂੰ ਵੋਟ ਪਾਉਣ ਦਾ ਹੱਕ ਦਿਵਾਉਣਾ ਅਤੇ ਉਨ੍ਹਾਂ ਵੱਲੋਂ ਸਹੀ ਤੌਰ ਤੇ ਵੋਟ ਦਾ ਹੱਕ ਇਸਤੇਮਾਲ ਕਰਨਾ, ਉਨ੍ਹਾਂ ਦੀ ਮੰਗ ਦਾ ਕੇਂਦਰੀ ਨੁਕਤਾ ਨਹੀਂ। ਜਦੋਂ ਤੱਕ ਉਨ੍ਹਾਂ ਦਾ ਆਪਣਾ ਵਰਗ ਵਿਧਾਨ ਪਰੀਸ਼ਦ ਵਿਚ ਬੰਦੇ ਭੇਜੇਗਾ, ਜੋ ਇਛਿਤ ਨਿਯੰਤਰਣ ਰੱਖਣ, ਇਨ੍ਹਾਂ ਨੂੰ ਇਸ ਗੱਲ ਨਾਲ ਕੋਈ ਵਾਸਤਾ ਨਹੀਂ ਕਿ ਬਹੁਤੇ ਲੋਕਾਂ ਦੀ ਪ੍ਰਤਿਨਿਧ ਹਨ ਜਾਂ ਥੋੜ੍ਹੇ ਲੋਕਾਂ ਦੇ।" ਵੋਟ ਅਧਿਕਾਰ ਦੇ ਮਹੱਤਵਪੂਰਨ ਮਾਮਲੇ ਬਾਰੇ ਭਾਰਤੀ ਸਿਆਸਤਦਾਨਾਂ ਵਿਚ ਮੱਤ-ਭੇਦ ਦਾ ਇਹ ਅੰਦਾਜ਼ਾ ਠੀਕ ਹੋਵੇ ਜਾਂ ਨਾ ਹੋਵੇ, ਪਰ ਇਹ ਗੱਲ ਪੱਕੀ ਹੈ ਕਿ ਕਾਂਗਰਸ ਦੀ ਰਾਜਨੀਤੀ ਵਿਚ ਵੋਟ ਅਧਿਕਾਰ ਦਾ ਮਸਲਾ, ਸ਼ਕਤੀ ਹਥਿਆਉਣ ਦੇ ਮਸਲੇ ਨਾਲੋਂ ਕਿਤੇ ਘੱਟ ਮਹੱਤਵਪੂਰਨ ਹੈ। ਸਭਾ ਦੇ ਵਿਚਾਰ ਅਨੁਸਾਰ, ਕਾਂਗਰਸੀ ਸਿਆਸਤਦਾਨਾਂ ਦਾ ਵਤੀਰਾ ਵੋਟ ਅਧਿਕਾਰ ਅਤੇ ਤਾਕਤ ਖੋਹਣ ਦੇ ਮਸਲੇ ਸਬੰਧੀ ਬਿਲਕੁਲ ਉਲਟ ਹੋ ਗਿਆ ਹੈ। ਇਹ ਮੰਨਣਾ ਪਵੇਗਾ ਕਿ ਭਾਰਤ ਸਰਕਾਰ ਦਾ ਇਹ ਬਿਆਨ ਸਹੀ ਹੈ ਕਿ ਜੋ ਤਾਕਤਾਂ ਇਸ ਵਕਤ ਭਾਰਤ ਸਰਕਾਰ ਨੂੰ ਚਲਾ ਰਹੀਆਂ ਹਨ, ਉਹ ਉਦੋਂ ਤੱਕ ਹਟਾਈਆਂ ਨਹੀਂ ਜਾ ਸਕਦੀਆਂ, ਜਦੋਂ ਤੱਕ ਕਿ ਉਨ੍ਹਾਂ ਦੇ ਬਦਲੇ ਕੋਈ ਐਸੀ ਤਾਕਤ ਨਾ ਮਿਲ ਜਾਏ ਜੋ ਉਨ੍ਹਾਂ ਦੀ ਜਗ੍ਹਾ ਲੈਣ ਲਈ ਤਿਆਰ ਹੋਵੇ ਅਤੇ ਜਨਤਾ ਦੇ ਉਨ੍ਹਾਂ ਸਭ ਹਿੱਸਿਆਂ ਨੂੰ ਮਨਜ਼ੂਰ ਹੋਵੇ ਜਿਹੜੇ ਮਸਲੇ ਨੂੰ ਸਹੀ ਪਰਿਪੇਖ ਤੋਂ ਵੇਖਦੇ ਹਨ। ਸਾਫ ਜ਼ਾਹਿਰ ਹੈ ਕਿ ਇਹ ਬਦਲ ਵਿਚ ਆਉਣ ਵਾਲੀ ਤਾਕਤ ਭਾਰਤ ਦੇ ਚੋਣਕਾਰ ਹਨ। ਇਸ ਤੋਂ ਇਹ ਵੀ ਸਿੱਟਾ ਨਿਕਲਦਾ ਹੈ ਕਿ ਦੇਸ਼ ਦੀ ਸਰਕਾਰ ਵਿੱਚ ਇਸ ਤਰ੍ਹਾਂ ਦੀ ਅਤੇ ਕਿੰਨੀ ਜ਼ਿੰਮੇਵਾਰੀ ਦਾਖਲ ਕੀਤੀ ਜਾ ਸਕਦੀ ਹੈ--ਇਹ ਗੱਲ ਚੋਣਕਾਰਾਂ ਦੀ ਗਿਣਤੀ ਉੱਤੇ ਨਿਰਭਰ ਕਰਦੀ ਹੈ। ਚੋਣਕਾਰਾਂ ਦੇ ਹੱਕਾਂ ਦਾ ਇਹ ਸਵਾਲ ਇੰਨਾ ਮਹੱਤਵਪੂਰਨ ਹੈ ਕਿ ਇਸ ਦੇ ਫੈਸਲੇ ਉੱਤੇ ਹੀ ਇਹ ਗੱਲ ਨਿਰਭਰ ਕਰੇਗੀ ਕਿ ਕਿਤਨੀ ਰਾਜਨੀਤਿਕ ਸ਼ਕਤੀ ਇਕ ਹੱਥੋਂ ਦੂਜੇ ਹੱਥ ਨੂੰ ਤਬਦੀਲ ਕੀਤੀ ਜਾਏ। ਇਸ

ਲਈ ਵੋਟ ਅਧਿਕਾਰ ਕਿਸ ਤਰ੍ਹਾਂ ਦਾ ਹੋਵੇ, ਇਕ ਬਹੁਤ ਹੀ ਮਹੱਤਵਪੂਰਨ ਸਵਾਲ ਹੈ। ਸਭਾ ਇਹ ਕਹਿਣਾ ਚਾਹੁੰਦੀ ਹੈ ਕਿ ਪ੍ਰਤਿਨਿਧ ਸਰਕਾਰ ਦਾ ਮੁੱਖ ਉਦੇਸ਼ ਬਿਲਕੁੱਲ ਹੀ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ ਹੈ। ਵੋਟ ਅਧਿਕਾਰ ਦਾ ਅਰਥ ਹੈ ਸਾਂਝ ਭਰੇ ਜੀਵਨ ਦੀਆਂ ਸ਼ਰਤਾਂ ਨਿਰਧਾਰਿਤ ਕਰਨ ਦਾ ਹੱਕ। ਇਸ ਦਾ ਹੋਰ ਕੋਈ ਮਤਲਬ ਹੋ ਹੀ ਨਹੀਂ ਸਕਦਾ। ਜੇਕਰ ਵੋਟ ਅਧਿਕਾਰ ਦਾ ਮਤਲਬ ਇਹੋ ਹੈ ਤਾਂ ਇਸ ਦਾ ਅਰਥ ਹੈ ਕਿ ਇਹ ਹੱਕ ਉਨ੍ਹਾਂ ਲੋਕਾਂ ਨੂੰ ਮਿਲਣਾ ਚਾਹੀਦਾ ਹੈ ਜਿਹੜੇ ਸੌਦੇ-ਬਾਜ਼ੀ ਦੀ ਤਾਕਤ ਘੱਟ ਹੋਣ ਕਰਕੇ, ਉਹ ਸਾਂਝ ਭਰੇ ਜੀਵਨ ਦੀਆਂ ਸ਼ਰਤਾਂ ਆਪਣੇ ਤੋਂ ਤਾਕਤਵਰ ਲੋਕਾਂ ਦੁਆਰਾ ਇਸ ਢੰਗ ਨਾਲ ਨਿਰਧਾਰਿਤ ਕੀਤੇ ਜਾਣ ਦੇ ਖਤਰੇ ਵਿੱਚ ਪੈ ਜਾਂਦੇ ਹਨ ਜੋ ਉਨ੍ਹਾਂ ਦੇ ਹਿੱਤਾਂ ਦੇ ਵਿਰੁੱਧ ਹੁੰਦਾ ਹੈ। ਜੇਕਰ ਇਹ ਸੱਚ ਹੈ ਤਾਂ ਪ੍ਰਤਿਨਿਧ ਸਰਕਾਰ ਦੀ ਜ਼ਰੂਰਤ ਅਨੁਸਾਰ ਮੰਗ ਹੈ ਕਿ ਵੋਟ ਅਧਿਕਾਰ, ਜੇਕਰ ਇਸ ਸ਼ਬਦ ਨੂੰ ਸਹੀ ਤਰੀਕੇ ਨਾਲ ਸਮਝਿਆ ਜਾਵੇ ਤਾਂ ਇਤਨੀ ਨੀਵੀਂ ਪੱਧਰ ਤੇ ਨਿਰਧਾਰਿਤ ਕਰਨਾ ਚਾਹੀਦਾ ਹੈ ਕਿ ਸਮਾਜ ਦੇ ਗਰੀਬਾਂ ਅਤੇ ਦਲਿਤ ਵਰਗਾਂ ਦੀ ਬਹੁ-ਗਿਣਤੀ ਦੀ ਪਹੁੰਚ ਵਿੱਚ ਆ ਸਕੇ। ਅਸਲ ਵਿੱਚ, ਬਾਲਗ ਵੋਟ ਅਧਿਕਾਰ ਹੀ ਕੇਵਲ ਇਕ ਅਜਿਹੀ ਪ੍ਰਣਾਲੀ ਹੈ ਜਿਹੜੀ ਕਿ ਇਸ ਮੱਦ ਦੇ ਸਹੀ ਅਰਥਾਂ ਤੇ ਪੂਰੀ ਉਤਰਦੀ ਹੈ। ਫਿਰ ਵੀ, ਸਭਾ ਇਸ ਗੱਲ ਨਾਲ ਸੰਤੁਸ਼ਟ ਹੋ ਜਾਵੇਗੀ, ਜੇਕਰ ਵਿਧਾਨ ਪਰੀਸ਼ਦ ਲਈ ਵੋਟ ਅਧਿਕਾਰ ਰਾਜ ਦੇ ਪੇਂਡੂ ਇਲਾਕਿਆਂ ਵਿੱਚ ਤਾਲੁਕਾ ਸਥਾਨਕ ਵੋਟ ਦੀ ਤਰ੍ਹਾਂ, ਅਤੇ ਸ਼ਹਿਰੀ ਹਿੱਸਿਆਂ ਵਿੱਚ 3 ਰੁਪਏ ਪ੍ਰਤਿ ਮਹੀਨਾ ਦੇ ਆਧਾਰ ਤੇ ਨਿਰਧਾਰਿਤ ਕੀਤਾ ਜਾਵੇ। ਸਰਕਾਰ ਵਲੋਂ ਅਕਸਰ ਪ੍ਰਗਟ ਕੀਤਾ ਜਾਂਦਾ ਇਹ ਡਰ ਕਿ ਵੋਟ ਦਾ ਹੱਕ ਇਸ ਪੱਧਰ ਤੱਕ ਨੀਵਾਂ ਕਰਨ ਨਾਲ ਨਾ ਸਮਝ ਲੋਕ ਬਹੁਤ ਜ਼ਿਆਦਾ ਆ ਜਾਣਗੇ, ਬਿਲਕੁੱਲ ਨਿਰਆਧਾਰ ਹੈ। ਬਹੁਤੀ ਸੰਪਤੀ ਵਾਲਿਆਂ ਵਿੱਚ ਅਗਿਆਨਤਾ ਦੀ ਅਣਹੋਂਦ ਨਹੀਂ, ਨਾ ਹੀ ਅਤਿ ਨਿਰਧਨਾ ਵਿੱਚ ਵੀ ਉੱਚੀ ਬੁੱਧੀ ਬੇਮੇਲ ਹੈ। ਦੂਜੇ ਪਾਸੇ ਗਰੀਬੀ ਅਕਸਰ ਬੁੱਧੀ ਨੂੰ ਉਕਸਾਉਂਦੀ ਹੈ। ਤੇ ਇਸ ਨੂੰ ਉਕਸਾਉਣਾ ਚਾਹੀਦਾ ਵੀ ਹੈ। ਇਸ ਲਈ ਸਰਕਾਰ ਵੱਲੋਂ ਨਾਸਮਝੀ ਦੇ ਵਿਰੁੱਧ ਬੀਮੇ ਵਜੋਂ ਬਹੁਤੀ ਜਾਇਦਾਦ ਦੀ ਯੋਗਤਾ ਨਿਰਧਾਰਿਤ ਕਰਨਾ, ਇਕ ਭਰਮ ਤੋਂ ਛੁਟ ਹੋਰ ਕੁੱਝ ਵੀ ਨਹੀਂ। ਇਹ ਭਰਮ ਉਚੇਚ ਨਾਲ ਉੱਚੀਆਂ ਜਾਤਾਂ ਵਾਲੇ ਪਾਲਦੇ ਹਨ। ਸਰਕਾਰ ਇਸ ਨੂੰ ਸ਼ਹਿ ਦਿੰਦੀ ਹੈ ਤਾਂ ਕਿ ਜਨ ਸਾਧਾਰਨ ਨੂੰ ਆਪਣੀ ਸਰਕਾਰ ਬਣਾਉਣ ਦੇ ਹੱਕ ਤੋਂ ਵਾਂਝਾ ਰੱਖਿਆ ਜਾ ਸਕੇ।

13. ਚੋਣ ਦਾ ਤਰੀਕਾ:- ਸਭਾ ਦੇ ਵਿਚਾਰ ਅਨੁਸਾਰ, ਆਮ ਚੋਣ ਖੇਤਰਾਂ ਵਿੱਚ ਦਲਿਤ ਸ਼੍ਰੇਣੀਆਂ ਲਈ ਸੁਤੰਤਰ ਚੋਣਾਂ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਪਰ ਦੂਜੇ ਪਾਸੇ ਸਭਾ ਦਾ ਫਿਰਕ ਦਾ ਰਾਨਾ ਚੋਣ ਖੇਤਰਾਂ ਦੀ ਮੰਗ ਕਰਨ ਦਾ ਕੋਈ ਇਰਾਦਾ ਨਹੀਂ। ਉਸ ਦੇ ਵਿਚਾਰ ਵਿੱਚ ਆਮ ਚੋਣ ਖੇਤਰਾਂ ਵਿੱਚ ਦਲਿਤ ਸ਼੍ਰੇਣੀਆਂ ਲਈ ਕੁੱਝ ਸੀਟਾਂ ਰਾਖਵੀਆਂ ਕਰ ਦੇਣਾ ਹੀ ਕਾਫੀ ਹੈ। ਸਭਾ ਚੋਣਾਂ ਵਿੱਚ ਦਲਿਤ ਸ਼੍ਰੇਣੀਆਂ ਦੇ ਉਮੀਦਵਾਰਾਂ ਦੇ ਸਬੰਧ

ਵਿੱਚ ਰਿਹਾਇਸ਼ ਸਬੰਧੀ ਯੋਗਤਾ ਨਾ ਰੱਖਣ ਅਤੇ ਜ਼ਮਾਨਤ ਬਾਰੇ ਕੁੱਝ ਢਿੱਲ ਦੇਣ ਦੀ ਸਿਫਾਰਸ਼ ਕਰਦੀ ਹੈ।

14. ਵਿਧਾਨ ਸਭਾ ਵਿੱਚ ਪ੍ਰਤੀਨਿਧਤਾ:- ਸਭਾ, ਆਦਰ ਸਹਿਤ 1919 ਦੀ ਵਿਧਾਨ ਸਭਾ ਵਿੱਚ ਦਲਿਤ ਸ਼੍ਰੇਣੀਆਂ ਦੇ ਹੱਕ ਨੂੰ ਮਾਨਤਾ ਨਾ ਦੇਣ ਵਿਰੁੱਧ ਆਪਣਾ ਰੋਸ ਪ੍ਰਗਟ ਕਰਦੀ ਹੈ। ਭਾਰਤ ਸਰਕਾਰ ਹਾਲੇ ਵੀ ਅਜਿਹੇ ਸਾਰੇ ਮਹੱਤਵਪੂਰਨ ਮਾਮਲਿਆਂ ਵਿੱਚ, ਜੋ ਸਿੱਧੇ ਤੌਰ ਤੇ ਉਸ ਦੇ ਅਧੀਨ ਹਨ, ਜਾਂ ਪ੍ਰਾਂਤਿਕ ਸਰਕਾਰਾਂ ਦੇ ਅੱਧੇ ਰਾਖਵੇ ਮਾਮਲੇ, ਜੋ ਉਸ ਦੇ ਅਧੀਨ ਆਉਂਦੇ ਹਨ, ਸਰਵੋਤਮ ਹੈ। ਪ੍ਰਾਂਤਿਕ ਸਰਕਾਰਾਂ ਦੇ ਹਵਾਲੇ ਕੀਤੇ ਗਏ ਮਾਮਲਿਆਂ ਉੱਤੇ ਵੀ ਭਾਰਤ ਸਰਕਾਰ ਪਾਸ ਨਿਗਰਾਨੀ ਦਾ ਇਖਤਿਆਰ ਕਾਇਮ ਹੈ। ਇਸ ਲਈ ਇਹ ਸਪਸ਼ਟ ਹੈ ਕਿ ਇਤਨੀਆਂ ਜ਼ਿਆਦਾ ਤਾਕਤਾਂ ਦੀ ਵਰਤੋਂ ਵਿੱਚ ਦਲਿਤ ਸ਼੍ਰੇਣੀਆਂ ਦੀ ਵੀ ਕੋਈ ਪੁੱਛਗਿੱਛ ਜ਼ਰੂਰ ਹੋਣੀ ਚਾਹੀਦੀ ਹੈ ਅਤੇ ਇਸ ਲਈ ਸਭਾ ਇਹ ਮੰਗ ਕਰਦੀ ਹੈ ਕਿ ਬੰਬਈ ਪ੍ਰੈਜ਼ੀਡੈਂਸੀ ਦੀਆਂ ਦਲਿਤ ਸ਼੍ਰੇਣੀਆਂ ਵਿੱਚੋਂ 3 ਮੈਂਬਰ, ਸਥਾਨਿਕ ਵਿਧਾਨ ਪਰੀਸ਼ਦ ਵਿੱਚ ਉਨ੍ਹਾਂ ਦੇ ਪ੍ਰਤਿਨਿਧੀਆਂ ਦੁਆਰਾ ਵਿਧਾਨ ਸਭਾ ਲਈ ਚੁਣੇ ਜਾਣੇ ਚਾਹੀਦੇ ਹਨ।

II. ਜ਼ਾਮਨੀਆਂ ਰਾਹੀਂ ਸੁਰੱਖਿਆ

15. ਉਚਿਤ ਪ੍ਰਤਿਨਿਧਤਾ ਦੀ ਮੰਗ ਤੋਂ ਛੁੱਟ ਸਭਾ ਇਹ ਮਹਿਸੂਸ ਕਰਦੀ ਹੈ ਕਿ ਦੇਸ਼ ਦੇ ਸੰਵਿਧਾਨ ਵਿੱਚ ਕੁੱਝ ਅਜਿਹੇ ਖੰਡ ਜੋੜੇ ਜਾਣ, ਜੋ ਬੰਬਈ ਪ੍ਰੈਜ਼ੀਡੈਂਸੀ ਵਿੱਚ ਦਲਿਤ ਸ਼੍ਰੇਣੀਆਂ ਨੂੰ ਘੱਟ ਗਿਣਤੀ ਵਰਗ ਮੰਨਦਿਆਂ, ਉਨ੍ਹਾਂ ਦੇ ਨਾਗਰਿਕ ਹੱਕਾਂ ਦੀ ਸੁਰੱਖਿਆ ਦਾ ਵਾਅਦਾ ਕੀਤਾ ਜਾਵੇ। ਇਨ੍ਹਾਂ ਜਾਮਨੀਆਂ ਵਿੱਚ ਹੇਠ ਲਿਖੇ ਪ੍ਰਸਤਾਵਾਂ ਨੂੰ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ ਜਿਨ੍ਹਾਂ ਵਿੱਚ ਦਲਿਤ ਸ਼੍ਰੇਣੀਆਂ ਦਾ ਹਿੱਤ ਹੈ:-

(1) ਦਲਿਤ ਸ਼੍ਰੇਣੀਆਂ ਦੀ ਸਿੱਖਿਆ ਨੂੰ ਸੂਬਾਈ ਆਮਦਨ ਵਿੱਚੋਂ ਜਾਇਜ਼ ਖਰਚ ਮੰਨਿਆ ਜਾਵੇ ਅਤੇ ਸਿੱਖਿਆ ਵਾਸਤੇ ਦਿੱਤੇ ਜਾਣ ਵਾਲੇ ਅਨੁਦਾਨ ਵਿੱਚੋਂ ਯੋਗ ਅਤੇ ਹੱਕੀ ਹਿੱਸਾ ਦਲਿਤ ਸ਼੍ਰੇਣੀਆਂ ਦੇ ਭਲੇ ਲਈ ਮਖਸੂਸ ਕੀਤਾ ਜਾਵੇ।

(2) ਦਲਿਤ ਸ਼੍ਰੇਣੀਆਂ ਦੇ ਹੱਕ ਨੂੰ ਥਲਸੈਨਾ, ਜਲਸੈਨਾ ਅਤੇ ਪੁਲੀਸ ਵਿਚ ਜਾਤਪਾਤ ਦਾ ਖਿਆਲ ਕੀਤ ਬਿਨਾਂ ਭਰਤੀ ਲਈ ਮਾਨਤਾ ਦਿਤੀ ਜਾਵੇਗੀ।

(3) ਤੀਹ ਸਾਲਾਂ ਤੱਕ ਦਲਿਤ ਸ਼੍ਰੇਣੀਆਂ ਨੂੰ ਸਾਰੀਆਂ ਸਿਵਲ ਸੇਵਾਵਾਂ ਜਿਵੇਂ ਰਾਜ-ਪਤਰਿਤ ਅਤੇ ਅਰਾਜ-ਪਤਰਿਤ ਸੇਵਾਵਾਂ ਵਿਚ ਪਹਿਲ ਦੇਣ ਦੇ ਅਧਿਕਾਰ ਨੂੰ ਮਾਨਤਾ ਦਿਤੀ ਜਾਵੇਗੀ।

(4) ਦਲਿਤ ਸ਼੍ਰੇਣੀਆਂ ਨੂੰ ਹਰ ਜ਼ਿਲ੍ਹੇ ਵਿੱਚ ਉਨ੍ਹਾਂ ਦੇ ਆਪਣੇ ਵਿੱਚੋਂ ਖਾਸ ਪੁਲਿਸ ਇਨਸਪੈਕਟਰ ਦੀ ਨੌਕਰੀ ਤੇ ਨਿਯੁਕਤ ਕਰਨ ਦੇ ਹੱਕ ਨੂੰ ਮਾਨਤਾ ਦਿੱਤੀ ਜਾਵੇਗੀ।

(5) ਸਥਾਨਿਕ ਅਦਾਰਿਆਂ ਵਿੱਚ ਦਲਿਤ ਸ਼੍ਰੇਣੀਆਂ ਪ੍ਰਭਾਵਸ਼ਾਲੀ ਪ੍ਰਤਿਨਿਧਤਾ (ਜਿਵੇਂ ਉੱਪਰ ਦੱਸਿਆ ਗਿਆ ਹੈ) ਦੇ ਹੱਕ ਨੂੰ ਪ੍ਰਾਂਤ ਸਰਕਾਰ ਵੱਲੋਂ ਮਾਨਤਾ ਦਿੱਤੀ ਜਾਵੇਗੀ।

ਪ੍ਰਾਂਤ ਸਰਕਾਰ ਦੁਆਰਾ ਇਨ੍ਹਾਂ ਹੱਕਾਂ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਦਲਿਤ ਸ਼੍ਰੇਣੀਆਂ ਨੂੰ ਭਾਰਤ ਸਰਕਾਰ ਸਾਹਮਣੇ ਅਪੀਲ ਕਰਨ ਦੇ ਹੱਕ ਨੂੰ ਮਾਨਤਾ ਦਿੱਤੀ ਜਾਵੇਗੀ ਅਤੇ ਭਾਰਤ ਸਰਕਾਰ ਨੂੰ ਅਧਿਕਾਰ ਦਿੱਤਾ ਜਾਵੇਗਾ ਕਿ ਉਹ ਕਾਨੂੰਨ ਅਨੁਸਾਰ ਇਸ ਮਾਮਲੇ ਨੂੰ ਨਜਿੱਠਣ ਲਈ ਸੂਬਾਈ ਸਰਕਾਰ ਨੂੰ ਮਜਬੂਰ ਕਰ ਸਕੇ।

16. ਅਜਿਹੀਆਂ ਜ਼ਾਮਨੀਆਂ ਦੀ ਉਚਿੱਤਤਾ: ਇਹ ਦਲੀਲ ਵੀ ਦਿੱਤੀ ਜਾ ਸਕਦੀ ਹੈ ਕਿ ਜਦ ਦਲਿਤ ਸ਼੍ਰੇਣੀਆਂ ਨੂੰ ਪਰੀਸ਼ਦ ਵਿੱਚ ਉਚਿਤ ਪ੍ਰਤਿਨਿਧਤਾ ਦੇ ਦਿੱਤੀ ਗਈ ਹੈ ਤਾਂ ਉਨ੍ਹਾਂ ਦੇ ਹੱਕਾਂ ਨੂੰ ਕੋਈ ਐਸਾ ਖਤਰਾ ਹੋ ਹੀ ਨਹੀਂ ਸਕਦਾ ਜੋ ਐਸੇ ਘੱਟ-ਗਿਣਤੀ ਵਰਗ ਨੂੰ ਹੋ ਸਕਦਾ ਹੈ ਜਿਸ ਦੇ ਪ੍ਰਤਿਨਿਧ ਸਰਕਾਰ ਵਿੱਚ ਨਾ ਹੋਣ। ਫਿਰ ਇਹ ਜ਼ਾਮਨੀਆਂ ਕਿਉਂ ਦਿੱਤੀਆਂ ਜਾਣ? ਸਭਾ ਪ੍ਰਤਿਨਿਧ ਸਰਕਾਰ ਦੀ ਘੱਟ-ਗਿਣਤੀ ਜਾਤੀ ਨੂੰ ਬਹੁ-ਗਿਣਤੀ ਜਾਤੀ ਦੇ ਜ਼ੁਲਮ ਤੋਂ ਬਚਾਉਣ ਦੀ ਪ੍ਰਭਾਵੁਕਤਾ ਵਿੱਚ ਇਤਨਾ ਭਰੋਸਾ ਕਰਨ ਤੋਂ ਝਿਜਕਦੀ ਹੈ। ਇਸ ਸਬੰਧ ਵਿੱਚ ਸਭਾ, ਕਮਿਸ਼ਨ ਦਾ ਧਿਆਨ ਜਾਨ ਸਟਅੂਰਟ ਮਿੱਲ ਦੇ ਵਿਚਾਰਾਂ ਵੱਲ ਦਿਵਾਉਣਾ ਚਾਹੁੰਦੀ ਹੈ ਜਿਸ ਦਾ ਕਥਨ ਹੈ ਕਿ, "ਇਹ ਵਿਚਾਰ ਕਿ ਲੋਕਾਂ ਨੂੰ ਆਪਣੇ ਆਪ ਤੇ ਆਪਣੀ ਤਾਕਤ ਨੂੰ ਸੀਮਿਤ ਕਰਨ ਦੀ ਲੋੜ ਨਹੀਂ, ਭਾਵੇਂ ਸਵੈ-ਸਪੱਸ਼ਟ ਜਾਪਦਾ ਹੈ, ਜਦ ਕਿ ਲੋਕਾਂ ਦੀ ਸਰਕਾਰ ਨਾਂ ਦੀ ਚੀਜ਼ ਬਾਰੇ ਕਿਸੇ ਕਾਫ਼ੀ ਪੁਰਾਣੇ ਸਮੇਂ ਵਿਚ ਸੋਚਿਆ ਗਿਆ ਹੋਵੇ ਜਾਂ ਪੜ੍ਹਿਆ ਗਿਆ ਹੋਵੇ ਕਿ ਕਦੇ ਅਜਿਹੀ ਸਰਕਾਰ ਹੁੰਦੀ ਸੀ....ਤੇ ਹੁਣ ਇਹ ਵੇਖਿਆ ਗਿਆ ਹੈ ਕਿ ਸਵੈਰਾਜ, ਲੋਕਾਂ ਦਾ ਆਪਣੇ ਉਤੇ ਰਾਜ ਆਦਿ ਸ਼ਬਦ ਮਾਮਲੇ ਦੇ ਸਹੀ ਹਾਲਾਤ ਨੂੰ ਨਹੀਂ ਦਰਸਾਉਂਦੇ। ਉਹ ਲੋਕ, ਜੋ ਸ਼ਕਤੀ ਦੀ ਵਰਤੋਂ ਕਰਦੇ ਹਨ, ਹਮੇਸ਼ਾਂ ਉਨ੍ਹਾਂ ਲੋਕਾਂ ਵਰਗੇ ਨਹੀਂ ਹੁੰਦੇ ਜਿਨ੍ਹਾਂ ਉਤੇ ਉਹ ਸ਼ਕਤੀ ਵਰਤਦੇ ਹਨ"; ਅਤੇ ਜਿਸ ਸਵਰਾਜ ਦੀ ਗੱਲ ਕੀਤੀ ਜਾਂਦੀ ਹੈ ਉਹ ਹਰ ਬੰਦੇ ਦਾ ਆਪਣੇ ਉਤੇ ਰਾਜ ਨਹੀਂ, ਬਲਕਿ ਹਰ ਇਕ ਬੰਦੇ ਉਤੇ ਬਾਕੀ ਸਭਨਾਂ ਦਾ ਰਾਜ ਹੁੰਦਾ ਹੈ। ਲੋਕਾਂ ਦੀ ਮਰਜ਼ੀ ਦਾ ਮਤਲਬ, ਸਭ ਲੋਕਾਂ ਦੀ ਮਰਜ਼ੀ ਨਹੀਂ ਬਲਕਿ ਜਨਤਾ ਦੀ ਬਹੁ-ਗਿਣਤੀ ਧਿਰ ਅਤੇ ਬਹੁਤ ਸਰਗਰਮ ਧੜੇ ਦੀ ਮਰਜ਼ੀ ਹੁੰਦਾ ਹੈ ਜੋ ਬਹੁ-ਗਿਣਤੀ ਹੁੰਦੇ ਹਨ ਜਾਂ ਆਪਣੇ ਆਪ ਨੂੰ ਬਹੁ-ਗਿਣਤੀ ਵਜੋਂ ਸਵੀਕਾਰ ਕਰਵਾ ਲੈਂਦੇ ਹਨ, ਅਤੇ ਇਹ ਲੋਕ ਬਾਅਦ ਵਿਚ ਆਪਣੇ ਵਿਚੋਂ ਹੀ ਇਕ ਖ਼ਾਸ ਵਰਗ ਬਣਾਉਣ ਦੇ ਇੱਛੁਕ ਹੋ ਜਾਂਦੇ ਹਨ। ਅਜਿਹੀ ਸਥਿਤੀ ਦੇ ਵਿਰੁੱਧ ਸਾਵਧਾਨੀਆਂ ਵਰਤਣ ਦੀ ਲੋੜ ਹੈ, ਜਿਤਨੀਆਂ ਕਿ ਹੋਰ ਕਿਸੇ ਕਿਸਮ ਦੀ ਸ਼ਕਤੀ ਦੀ ਦੁਰਵਰਤੋਂ ਵਿਰੁੱਧ ਸਾਵਧਾਨੀਆਂ ਜ਼ਰੂਰੀ ਹਨ। ਇਸ ਲਈ ਸਰਕਾਰ ਦੀ ਆਮ ਜਨਤਾ ਉਤੇ ਤਾਕਤ ਦੀ ਹੱਦ ਨਿਰਧਾਰਿਤ ਕਰਨ ਨਾਲ ਉਸ ਦੀ ਮਹੱਤਤਾ ਨਹੀਂ ਘਟਦੀ, ਜੇ ਕੁਰਸੀ ਤੇ ਬੈਠੇ ਲੋਕ ਬਾਕਾਇਦਾ ਕੌਮ ਨੂੰ ਅਰਥਾਤ ਸੰਸਦ ਦੀ ਸਭ ਤੋਂ ਵੱਡੀ ਪਾਰਟੀ ਨੂੰ ਜਵਾਬਦੇਹ ਹੁੰਦੇ ਹਨ। ਮਾਮਲਿਆਂ ਦਾ ਇਹ ਦ੍ਰਿਸ਼ਟੀਕੋਣ, ਜੋ ਦਾਰਸ਼ਨਿਕਾਂ ਦੀ ਬੁੱਧੀ ਅਤੇ ਯੂਰਪੀ ਸਮਾਜ ਵਿਚ ਉਨ੍ਹਾਂ ਮਹੱਤਵਪੂਰਨ ਜਮਾਤਾਂ ਦੀ ਰੁਚੀ ਨੂੰ ਵਾਚਦਾ ਹੈ, ਜਿਨ੍ਹਾਂ ਦੇ ਵਾਸਤਵਿਕ ਜਾਂ

ਕਾਲਪਨਿਕ ਹਿੱਤਾਂ ਦਾ ਲੋਕਤੰਤਰ ਵਿਰੋਧੀ ਹੈ, ਇਸ ਦ੍ਰਿਸ਼ਟੀਕੋਣ ਨੂੰ ਸਥਾਪਿਤ ਹੋਣ ਵਿਚ ਕੋਈ ਮੁਸ਼ਕਲ ਪੇਸ਼ ਨਹੀਂ ਆਈ ਅਤੇ ਰਾਜਨੀਤਿਕ ਕਿਆਸਾਂ ਵਿਚ ਬਹੁ-ਗਿਣਤੀ ਦਾ ਜ਼ੁਲਮ ਅੱਜਕੱਲ੍ਹ ਆਮ ਤੌਰ ਤੇ ਉਨ੍ਹਾਂ ਬੁਰਾਈਆਂ ਵਿਚ ਸ਼ਾਮਿਲ ਕਰ ਲਿਆ ਜਾਂਦਾ ਹੈ ਜਿਨ੍ਹਾਂ ਵਿਰੁੱਧ ਸਮਾਜ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ।

17. ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਪ੍ਰਤਿਨਿਧ ਸਰਕਾਰ ਦੇਸ਼ ਵਿਚ ਘੱਟ ਗਿਣਤੀ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਇਨ੍ਹਾਂ ਜ਼ਾਮਨੀਆਂ ਦੀ ਲੋੜ ਤੋਂ ਛੁਟਕਾਰਾ ਨਹੀਂ ਪਾ ਸਕਦੀ। ਨਿਰਸੰਦੇਹ ਇਹ ਬੇਝਿਜਕ ਕਿਹਾ ਜਾ ਸਕਦਾ ਹੈ ਕਿ ਪ੍ਰਤਿਨਿਧ ਸਰਕਾਰ ਘੱਟ ਗਿਣਤੀ ਵਰਗਾਂ ਨੂੰ ਸੁਰੱਖਿਆ ਦੇ ਸਕਣ ਦੇ ਬਜਾਏ ਬੜਾ ਹੀ ਨਾਕਾਮ ਅਤੇ ਖ਼ਤਰਨਾਕ ਤਜਰਬਾ ਸਮਝੀ ਜਾਵੇਗੀ, ਜੇਕਰ ਇਸਦੇ ਇਕ ਭਾਗ ਵਜੋਂ ਇਨ੍ਹਾਂ ਜ਼ਾਮਨੀਆਂ ਨੂੰ ਸ਼ਾਮਿਲ ਨਾ ਕੀਤਾ ਜਾਵੇ। ਯੂਰਪ ਦੀ ਵੱਡੀ ਜੰਗ ਦੇ ਮਗਰੋਂ ਦਾ ਇਤਿਹਾਸ ਅਜਿਹੀਆਂ ਮਿਸਾਲਾਂ ਨਾਲ ਭਰਪੂਰ ਹੈ। ਸਬੰਧਿਤ ਤਾਕਤਾਂ ਅਤੇ ਚੈਕੋਸਲਵਾਕੀਆ, ਆਸਟ੍ਰੀਆ, ਹੰਗਰੀ, ਰੂਮਾਨੀਆਂ ਵਿਚਕਾਰ ਸ਼ਾਂਤੀ ਸੰਧੀਆਂ ਅਤੇ ਉਧਰਲੇ ਸਿਲੇਸੀਆ ਨਾਲ ਜਰਮਨ ਸੰਮੇਲਨ, ਜਿਸ ਵਿਚ ਘੱਟ ਗਿਣਤੀ ਦੇ ਹਿੱਤਾਂ ਲਈ ਜ਼ਾਮਨੀਆਂ ਦੇ ਉਪਬੰਧ ਇਸ ਗੱਲ ਦੀ ਪ੍ਰਭਾਵਕਾਰੀ ਗਵਾਹੀ ਦੇ ਰਹੇ ਹਨ ਕਿ ਘੱਟ ਗਿਣਤੀਆਂ ਦੇ ਲੋਕ ਪ੍ਰਤਿਨਿਧ ਸਰਕਾਰ' ਤੇ ਭਰੋਸਾ ਨਹੀਂ ਕਰ ਸਕਦੇ, ਉਨ੍ਹਾਂ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਜ਼ਾਮਨੀ ਵਜੋਂ ਸੁਰੱਖਿਆ ਦੀ ਮੰਗ ਜ਼ਰੂਰ ਕਰਨੀ ਚਾਹੀਦੀ ਹੈ।

18. ਜੇਕਰ ਪ੍ਰਤਿਨਿਧ ਸਰਕਾਰ ਯੂਰਪੀ ਦੇਸ਼ਾਂ ਵਿਚ ਜਿਥੇ ਕਿ ਰਾਜਨੀਤੀ ਬਹੁਤ ਹੱਦ ਤੱਕ ਧਰਮ-ਨਿਰਪੱਖ ਹੋ ਗਈ ਹੈ, ਵੀ ਅਮਲ ਵਿਚ ਇਤਨੀ ਕਮਜ਼ੋਰ ਹੈ ਤਾਂ ਭਾਰਤ ਵਿਚ, ਜਿਥੇ ਕਿ ਰਾਜਨੀਤੀ ਧਰਮ-ਸ਼ਾਸਤਰ ਦਾ ਹੀ ਇਕ ਅਮਲੀ ਰੂਪ ਹੈ, ਉਸ ਦਾ ਕੀ ਹਾਲ ਹੋਵੇਗਾ ? ਇਸ ਧਰਮ ਸ਼ਾਸ਼ਤਰ ਤੋਂ ਦਲਿਤ ਸ਼੍ਰੇਣੀਆਂ ਨੂੰ ਬਚਾਉਣ ਦੀ ਮੰਗ ਕਰਨੀ ਚਾਹੀਦੀ ਹੈ। ਵਾਸਤਵਿਕ ਨਾਗਰਿਕਤਾ ਦਾ ਇਹ ਧਰਮ-ਸ਼ਾਸਤਰ ਕਿਤਨਾ ਘਾਤਕ ਹੈ, ਇਹ ਮਾਨਯੋਗ ਸਰ ਅਲੈਗਜ਼ੈਂਡਰ ਕਾਰਡਿਊ ਕੇ.ਸੀ.ਐਸ.ਆਈ; ਆਈ.ਸੀ.ਐਸ; ਦੀ ਭਾਰਤ ਸਰਕਾਰ ਨੂੰ ਚਿੱਠੀ ਨੰ:1146(ਸੁਧਾਰ) ਮਿਤੀ 31 ਦਸੰਬਰ 1918, ਨਾਲੋਂ ਵਧੀਆ ਢੰਗ ਨਾਲ ਹੋਰ ਕਿਤੇ ਵੀ ਬਿਆਨ ਨਹੀਂ ਕੀਤਾ ਗਿਆ। ਉਸੇ ਲਿਖਤ ਵਿਚੋਂ ਕੁਝ ਹਿੱਸੇ ਹੇਠਾਂ ਦਿਤੇ ਜਾਂਦੇ ਹਨ:-

"2. ਸਭ ਤੋਂ ਪਹਿਲੋਂ ਇਹ ਪੁੱਛਿਆ ਜਾ ਸਕਦਾ ਹੈ ਕੀ ਲੋਕਤੰਤਰ ਦਾ ਇਹ ਖਿਆਲ ਵਰਤਮਾਨ ਭਾਰਤੀ ਲੋਕਾਂ ਦੇ ਫਲਸਫੇ ਨਾਲ ਮੇਲ ਖਾਂਦਾ ਹੈ ? ਆਧੁਨਿਕ ਲੋਕੰਤਤਰੀ ਰਾਜ ਦਾ ਮੁਢਲਾ ਸਿਧਾਂਤ ਇਹ ਹੈ ਕਿ ਹਰ ਇਕ ਬੰਦੇ ਦਾ ਮੁੱਲ ਪਛਾਣਿਆ ਜਾਏ ਅਤੇ ਇਹ ਸਮਝਦਿਆਂ ਹੋਇਆ ਕਿ ਉਸ ਕੋਲ "2 ਸਭ ਤੋਂ ਪਹਿਲਾਂ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਲੋਕਤੰਤਰਕ ਵਿਚਾਰ ਭਾਰਤ ਦੇ ਲੋਕਾਂ ਦੇ ਵਰਤਮਾਨ ਚਿੰਤਨ ਧਾਰਾ ਦੇ ਅਨੁਸਾਰ ਹੈ ।ਆਧੁਨਿਕ ਲੋਕਤੰਤਰਕ ਰਾਜਾਂ ਦਾ ਆਧਾਰ ਭੂਤ ਸਿਧਾਂਤ ਇਹ

ਹੈ ਕਿ ਸਾਨੂੰ ਹਰ ਵਿਅਕਤੀ ਦੇ ਮੱਹਤਵ ਨੂੰ ਮੱਨਣਾ ਪਵੇਗਾ ਅਤੇ ਇਹ ਵਿਸ਼ਵਾਸ ਰੱਖਣਾ ਹੋਵੇਗਾ ਕਿ ਕਿਉਂਕਿ ਹਰ ਵਿਅਕਤੀ ਨੂੰ ਜੀਵਨ ਇਕੋਵਾਰ ਮਿਲਦਾ ਹੈ , ਇਸ ਲਈ ਉਸ ਨੂੰ ਉਸੇ ਜੀਵਨ ਵਿੱਚ ਸਰਵੋਤਮ ਵਿਕਾਸ ਕਰਨ ਦਾ ਪੂਰਾ ਮੌਕਾ ਦਿਤਾ ਜਾਣਾ ਚਾਹੀਦਾ ਹੈ ।ਇਹ ਸਿਧਾਂਤ ਭਾਰਤ ਦੀ ਵਰਤਮਾਨ ਚਿੰਤਨ ਧਾਰਾ ਵਿੱਚ ਸਵੀਕਾਰ ਨਹੀਂ ਕੀਤੇ ਜਾਂਦੇ ।ਅੱਜ ਦੀ ਸੋਚ ਇਹ ਹੈ ਕਿ ਵਰਤਮਾਨ ਜੀਵਨ ਪਿਛਲੇ ਅਨੇਕ ਜੀਵਨਾਂ ਦੀ ਇਕ ਕੜੀ ਹੈ। ਇਸ ਜੀਵਨ ਵਿਚ ਹਰ ਵਿਅਕਤੀ ਦੀ ਸਥਿਤੀ ਉਸ ਦੇ ਪਿਛਲੇ ਜਨਮਾਂ ਦੇ ਅੱਛੇ ਅਤੇ ਬੁਰੇ ਕਰਮਾਂ ਦਾ ਹੀ ਫ਼ਲ ਹੈ ।ਇਸ ਲਈ ਸਮਾਜਕ ਜੀਵਨ ਵਿਚ ਉਸ ਦਾ ਸਥਾਨ ਨਿਸ਼ਚਿਤ ਹੈ ਜਿਸ ਨੂੰ ਬਦਲਿਆ ਨਹੀਂ ਜਾ ਸਕਦਾ ।ਇਹ ਗੱਲ ਵੀ ਮੰਨਣੀ ਪਵੇਗੀ ਕਿ ਲੋਕਤੰਤਰ ਦੇ ਅਧਾਰ ਭੂਤ ਸਿਧਾਂਤ ਉਨ੍ਹਾਂ ਵਿਚਾਰਾਂ ਦੇ ਪ੍ਰਤਿਕੂਲ ਹਨ ਜਿਨ੍ਹਾਂ ਤੇ ਭਾਰਤ ਦੇ ਲੋਕ ਹਜ਼ਾਰਾਂ ਵਰ੍ਹਿਆਂ ਤੋਂ ਵਿਸ਼ਵਾਸ ਕਰਦੇ ਆ ਰਹੇ ਹਨ। "

" 3. ਇਸ ਸਿਧਾਂਤ ਨਾਲ ਕਿ ਵਰਤਮਾਨ ਜਨਮ ਵਿੱਚ ਹਰ ਵਿਅਕਤੀ ਦਾ ਸਥਾਨ ਉਸ ਦ ਪਿਛਲੇ ਜਨਮਾਂ ਦੇ ਕਰਮਾ ਦਾ ਫਲ ਹੈ। ਮਿਲਦੀ ਜੁਲਤੀ ਗੱਲ ਵਰਣ-ਵਿਵਸਥਾ ਹੈ ਜਿਸ ਵਿੱਚ ਹਰ ਵਿਅਕਤੀ ਦੀ ਸਮਾਜਕ ਸਥਿਤੀ ਬਦਲਣਯੋਗ ਨਹੀਂ ਹੈ। ਇਸ ਤਰ੍ਹਾਂ ਬ੍ਰਾਹਮਣ ਦੇ ਘਰ ਵਿੱਚ ਜੰਮਿਆ ਵਿਅਕਤੀ ਬ੍ਰਾਹਮਣ ਦੇ ਇਲਾਵਾ ਦੂਸਰਾ ਨਹੀਂ ਹੋ ਸਕਦਾ ਅਤੇ ਪੈਰੀਆ (ਦੱਖਣ ਦਾ ਅਛੂਤ) ਦੇ ਘਰ ਜੰਮਿਆ ਵਿਅਕਤੀ ਕਦੇ ਵੀ ਪੈਰੀਆ ਤੋਂ ਇਲਾਵਾ ਦੂਜਾ ਨਹੀਂ ਹੋ ਸਕਦਾ। ਇਨ੍ਹਾਂ ਹਾਲਾਤ ਵਿਚ ਅਫਸਰ ਦੀ ਬਰਾਬਰੀ ਅਸੰਭਵ ਹੈ ਅਤੇ ਭਾਰਤੀ ਪਰਸੰਗ ਵਿੱਚ ਇਹ ਉਚਿਤ ਨਹੀਂ ਹੈ। ਇਸ ਵਰਣ-ਵਿਵਸਥਾ ਵਿੱਚ ਬ੍ਰਾਹਮਣ ਸਭ ਤੋਂ ਉੱਚਾ ਹੈ। ਇਹ ਜਾਤੀ ਘੱਟ ਤੋਂ ਘੱਟ ਦੱਖਣੀ ਭਾਰਤ ਵਿੱਚ ਸ਼ੁਰੂ ਤੋਂ ਜਾਤੀ ਭੇਦ ਦੀ ਪ੍ਰੇਰਤ ਰਹੀ ਹੈ। ਇਸ ਨੇ ਹੋਰ ਸਾਰੀਆਂ ਜ਼ਾਤੀਆਂ ਤੇ ਆਪਣਾ ਪੂਰਨ ਰੋਅਬ ਪਾਇਆ ਹੋਇਆ ਹੈ। ਬ੍ਰਾਹਮਣਾਂ ਦਾ ਵਡੱਪਣ ਦਾ ਦਾਅਵਾ ਕੇਵਲ ਜਾਤੀ ਅਤੇ ਬੁੱਧੀ ਤੇ ਵੀ ਆਧਾਰਤ ਨਹੀਂ ਹੈ ਬਲਕਿ ਇਹ ਧਰਮ ਆਦੇਸ਼ਾਂ ਤੇ ਵੀ ਆਧਾਰਤ ਹੈ। ਭਾਰਤ ਵਿੱਚ ਸਦੀਆਂ ਤੋਂ ਬ੍ਰਾਹਮਣਾਂ ਨੂੰ ਪਵਿੱਤਰ ਮੰਨਿਆ ਗਿਆ ਹੈ, ਉਸ ਨੂੰ ਲੋਕ ਭੋਜਨ ਕਰਾਕੇ ਉਸ ਤੋਂ ਸਿਖਿਆ ਅਤੇ ਉਸ ਦੀਆਂ ਬੇਟੀਆਂ ਦੇ ਵਿਆਹ ਲਈ ਧਨ ਦੇਕੇ ਅਤੇ ਉਸ ਨੂੰ ਭੂਮੀ ਦਾਨ ਕਰਕੇ ਧਾਰਮਕ ਪੁੰਨ ਪ੍ਰਾਪਤ ਕਰਨ ਵਿੱਚ ਵਿਸ਼ਵਾਸ ਕਰਦੇ ਆ ਰਹੇ ਹਨ। ਬ੍ਰਾਹਮਣਾਂ ਨੂੰ ਅਨੇਕ ਵਿਸ਼ੇਸ਼ ਅਧਿਕਾਰ ਪ੍ਰਾਪਤ ਹਨ।

" 6. ਜੀਵਨ ਦੇ ਹਰ ਖੇਤਰ ਵਿੱਚ ਇਸ ਤਰ੍ਹਾਂ ਦੇ ਵਡੱਪਣ ਦੇ ਕਾਰਣ ਬ੍ਰਾਹਮਣਾਂ ਨੇ ਸਹਿਜ ਹੀ ਰਾਜਨੀਤੀ ਤੇ ਵੀ ਅਧਿਕਾਰ ਜਮਾ ਲਿਆ ਹੈ ---ਵਿਸ਼ਾਲ ਪੈਰੀਮਾ ਸਮੁਦਾਇ ਜਾਂ ਮਸੀਹ ਸਮੁਦਾਇ ਕੋਈ ਵੀ ਪ੍ਰਤਿਨਧ ਨਾ ਤਾਂ ਕਦੇ ਇਨ੍ਹਾਂ ਚੋਣ ਖੇਤਰਾਂ ਵਿਚੋਂ ਕਦੇ ਚੋਣ ਲੜੀ ਹੈ ਅਤੇ ਨਾ ਹੀ ਕਦੇ ਉਸ ਨੂੰ ਲੜਨ ਦਾ ਮੌਕ ਮਿਲਿਆ ਹੈ। ਇਹ ਅਨੁਭਵ ਇਸ ਗੱਲ ਦਾ ਜ਼ੋਰਦਾਰ ਸੰਕੇਤ ਦਿੰਦਾ ਹੈ ਕਿ ਅਤੀਤ ਵਾਂਗ ਭਵਿਖ ਵਿਚ ਰਾਜਨੀਤਕ ਤੰਤਰ ਬ੍ਰਾਹਮਣਾਂ ਦੇ ਹੱਥਾਂ ਵਿੱਚ ਰਹੇਗਾ ਜਦ ਤਕ ਕਿ ਹੋਰ ਵਰਗਾਂ ਦੇ ਪ੍ਰਤਿਨਿਧੀਆਂ ਲਈ ਵਿਸ਼ੇਸ਼ ਉਪਾਅ ਨਾ ਕੀਤੇ ਜਾਣ।"

"8. ਬ੍ਰਾਹਮਣਾਂ ਤੋਂ ਬਾਅਦ ਲੰਮੇ ਅਰਸੇ ਤੋਂ ਹਿੰਦੂ ਜਾਤੀਆਂ ਦਾ ਉਹ ਵਿਸ਼ਾਲ ਸਮੂਹ ਚਲਿਆ ਆ ਰਿਹਾ ਹੈ ਜਿਸ ਵਿਚ ਕੁਝ ਉਚੀਆਂ ਅਤੇ ਕੁਝ ਨੀਤੀਆਂ ਜ਼ਾਤੀਆਂ ਦੇ ਲੋਕ ਹਨ। ਉਹ ਬਰਾਬਰ ਜਾਂ ਗੈਰ...ਬ੍ਰਾਹਮਣ ਸਮੂਹ ਕਹੇ ਜਾਂਦੇ ਹਨ। ਲੇਕਿਨ ਉਹ ਸਾਰੇ ਇਕ ਦੂਜੇ ਨਾਲੋਂ ਵੱਖਰਾ ਵੱਖਰਾ ਹੈ ਅਤੇ ਜ਼ਿਆਦਾ ਕਰਕੇ ਇਕ ਦੂਜੇ ਦਾ ਵਿਰੋਧ ਕਰਦੇ ਹਨ। ਉਹ ਇਸ ਗੱਲ ਵਿਚ ਬਦਨਾਮ ਹਨ ਕਿ ਜੇ ਇਨ੍ਹਾਂ ਜਾਤੀਆਂ ਵਿਚੋਂ ਕਿਸੇ ਇਕ ਦਾ ਮੈਂਬਰ ਪ੍ਰਭਾਵਸ਼ਾਲੀ ਪਦ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਕੰਟ੍ਰੋਲ ਵਾਲੇ ਦਫ਼ਤਰਾਂ ਵਿੱਚ ਆਪਣੇ ਭਾਈ-ਭਤੀਜੇ ਭਰ ਦਿੰਦਾ ਹੈ। ਸਰਕਾਰ ਦੇ ਸਥਾਨਕ ਹੁਕਮ ਇਸ ਗੱਲ ਲਈ ਮਸ਼ਹੂਰ ਹਨ ਅਤੇ ਉਸ ਨੂੰ ਦੂਰ ਕਰਨ ਲਈ ਉਨ੍ਹਾਂ ਵਿੱਚ ਹੁਕਮ ਵੀ ਮੌਜੂਦ ਹਨ। ਸੰਯੁਕਤ ਰਿਪੋਰਟ ਵੀ ਦੀ ਇਸ ਬਾਰੇ ਜਾਣਕਾਰੀ ਰਖਦੀ ਹੈ ਕਿਉਂਕਿ ਉਸ ਵਿੱਚ ਕਿਹਾ ਗਿਆ ਹੈ ...." ਭਾਰਤੀ ਸਮਾਜ ਵਿੱਚ ਧਰਮ, ਨਸਲ ਅਤੇ ਜਾਤੀ ਦੇ ਅਨੇਕ ਅਦਾਰੇ ਹਨ ਜੋ ਸਦਾ ਹੀ ਉਸ ਦੀ ਇਕ ਜੁੱਟਤਾ ਲਈ ਖ਼ਤਰਾ ਬਣੇ ਰਹਿੰਦੇ ਹਨ, ਬਲਕਿ ਉਨ੍ਹਾਂ ਦੇ ਕਾਰਣ ਕਰਕੇ ਕਦੇ ਇਕ ਜੁੱਟਤਾ ਆਈ ਹੀ ਨਹੀਂ।

"9. ਬ੍ਰਾਹਮਣਾਂ ਅਤੇ ਗ਼ੈਰ-ਬ੍ਰਾਹਮਣਾਂ ਸਵਰਨ ਹਿੰਦੂਆਂ ਤੋਂ ਬਾਅਦ ਉਨ੍ਹਾਂ ਛੋਟੀਆਂ ਜਾਤਾਂ ਅਤੇ ਜੇ ਹੋਰ ਸਹੀ ਢੰਗ ਨਾਲ ਕਿਹਾ ਜਾਵੇ ਤਾਂ ਜਾਤੀਹੀਨ ਵਿਅਕਤੀਆਂ ਦਾ ਨੰਬਰ ਆਉਂਦਾ ਹੈ ਜਿਨ੍ਹਾਂ ਦੀ ਗਿਣਤੀ ਇਸ ਪ੍ਰੈਜ਼ੀਡੈਂਸੀ (ਅਰਥਾਤ ਮਦਰਾਸ) ਵਿੱਚ ਕੋਈ ਇਕ ਕਰੋੜ ਹੈ। ਅਸੁਵਿਧਾ ਲਈ ਉਨ੍ਹਾਂ ਨੂੰ ਪੰਜਵਾਂ ਅਰਥਾ ਪੈਰੀਮਾ ਜਾਤੀ ਦੇ ਲੋਕ ਕਿਹਾ ਜਾ ਸਕਦਾ ਹੈ। ਇਨ੍ਹਾਂ ਲੋਕਾਂ ਨੂੰ ਨਾ ਕੇਵਲ ਛੋਟੀ ਜਾਤੀ ਦਾ ਮੰਨਿਆ ਜਾਂਦਾ ਹੈ ਬਲਕਿ ਉਨ੍ਹਾਂ ਦੀ ਹਾਜ਼ਰੀ ਅਸਲ ਵਿੱਚ ਅਜਿਹੀ ਅਪਵਿਤਰਤਾ ਆ ਜਾਣਾ ਹੈ, ਜਿਸ ਨੂੰ ਦੂਰ ਕਰਨ ਲਈ ਧਾਰਮਕ ਕਰਮ ਕਾਂਡ ਕਰਨਾ ਪੈਂਦਾ ਹੈ।"

"13. ਇਹ ਇਕ ਐਸਾ ਸਮਾਜ ਹੈ, ਜੋ ਅਨਪੜ੍ਹ ਹੈ, ਜੋ ਨਿਸ਼ਚਿਤ ਭੇਦ ਵਾਲੀ ਜਾਤੀਆਂ ਵਿੱਚ ਵੰਡਿਆ ਹੋਇਆ ਹੈ। ਉਸ ਵਿੱਚ ਬ੍ਰਾਹਮਣ ਸਰਵਉਤੱਮ ਹੈ। ਵੱਖ ਵੱਖ ਗ਼ੈਰ-ਬ੍ਰਾਹਮਣ ਹਿੰਦੂ ਜਾਤੀਆਂ ਵਿਚਕਾਰਲੇ ਵਰਗ ਵਿਚ ਆਉਂਦੀਆਂ ਹਨ ਅਤੇ ਸਭ ਤੋਂ ਨੀਵੀਂ ਛੋਟੀ ਜਾਤੀਆਂ ਦੇ ਲੋਕ ਹਨ ਜਿਨ੍ਹਾਂ ਤੇ ਦੋਵੇਂ ਹੀ ਨਿਰਸੰਕੋਚ ਜ਼ੁਲਮ ਕਰਦੇ ਹਨ। ਅਜਿਹੇ ਸਮਾਜ ਵਿੱਚ ਲੋਕਤੰਤਰਕ ਸੰਸਥਾਵਾਂ ਦੀ ਸਥਾਪਨਾ ਕਰਨਾ ਬਹੁਤ ਔਖਾ ਕੰਮ ਹੈ। ਜਾਪਦਾ ਹੈ ਕਿ ਸੰਯੁਕਤ ਰਿਪੋਰਟ ਤਿਆਰ ਕਰਨ ਵਾਲਿਆਂ ਨੇ ਵੀ ਲੋੜੀਂਦੇ ਰੂਪ ਵਿੱਚ ਇਸ ਮੁਸ਼ਕਲ ਨੂੰ ਮਹਿਸੂਸ ਨਹੀਂ ਕੀਤਾ।" ਭਾਵੇਂ ਸੁਧਾਰ ਦੀ ਕਿਸੇ ਸਕੀਮ ਦਾ ਪਹਿਲਾ ਬੁਨਿਆਦੀ ਅਸੂਲ ਇਹ ਹੁੰਦਾ ਹੈ ਕਿ ਆਬਾਦੀ ਦੇ ਮੂਲ ਵਿਸ਼ਾਲ ਜਨ ਸਮੂਹ ਦੇ ਉਤੱਮ ਪ੍ਰਸ਼ਾਸਨ ਲਈ ਲੋੜੀਂਦੇ ਯਤਨ ਕੀਤੇ ਜਾਣੇ ਚਾਹੀਦੇ ਹਨ।

"19. ਜੇ ਵਰਤਮਾਨ ਸਥਿਤੀ ਦਾ ਇਹ ਯਥਾਰਥ ਵਰਣਨ ਹੈ ਤਾਂ ਯੂਰਪ ਦੇ ਘੱਟ ਗਿਣਤੀ ਵਾਲਿਆਂ ਦੀ ਤੁਲਨਾ ਵਿੱਚ ਦਲਿਤ ਵਰਗਾਂ ਦੇ ਅਧਿਕਾਰਾਂ ਦੀ ਗਾਰੰਟੀ ਦਾ ਜ਼ਿਆਦਾ ਹੋਣਾ ਜ਼ਰੂਰੀ ਹੈ। ਹਾਲਾਤ ਕਾਰਣ ਵਿਸ਼ਵ ਵਿਚ ਬਹੁਤ ਸਾਰੇ ਲੋਕ ਪਿਛੜ

ਗਏ ਹਨ। ਪਰੰਤੂ ਪਿਛੜਨ ਤੋਂ ਬਾਅਦ ਵੀ ਉਹ ਉਪੱਰ ਉਠਣ ਲਈ ਯਤਨਬੱਧ ਹਨ। ਦਲਿਤ ਵਰਗ ਹਮੇਸ਼ਾਂ ਪਿਛੜੇ ਵਰਗ ਰਹੇ ਹਨ। ਕਿਉਂਕਿ ਉਨ੍ਹਾਂ ਦਾ ਉਥੱਾਨ ਦੇਸ਼ ਦੀ ਬਹੁ ਸੰਖਿਆ ਲੋਕਾਂ ਦੀ ਧਾਰਮਕ ਭਾਵਨਾ ਨਾਲ ਮੇਲ ਨਹੀਂ ਖਾਂਦਾ। ਵੱਖ ਵੱਖ ਵਿਧਾਨ ਪਰਿਸ਼ਦਾਂ ਦੁਆਰਾ ਪਾਸ ਮਤਿਆਂ ਬਾਰੇ ਕੁਝ ਲੋਕਾਂ ਨੇ ਮੂੜੀਮੈਨ ਕਮੇਟੀ ਦੇ ਸਾਹਮਣੇ ਬਹੁਤ ਕੁਝ ਕਿਹਾ ਹੈ, ਜਿਵੇਂ ਦਲਿਤ ਜਾਤੀ ਦੇ ਲੋਕਾਂ ਨੂੰ ਖੂਹਾਂ ਤੋਂ ਪਾਣੀ ਭਰਨ ਦਿਤਾ ਜਾਵੇ, ਉਨ੍ਹਾਂ ਲਈ ਡਿਸਪੈਂਸਰੀਆਂ ਅਤੇ ਧਰਮਸ਼ਾਲਾਵਾਂ ਖੋਲ੍ਹੀਆਂ ਜਾਣ। ਸਿਖਿਆ ਮੰਤਰੀਆਂ ਦੁਆਰਾ ਜਾਰੀ ਕੀਤੇ ਗਏ ਪੱਤਰ। ਪੱਤਰਕਾਵਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਵਿੱਚ ਕਿਹਾ ਗਿਆ ਹੈ ਕਿ ਦਲਿਤ ਵਰਗ ਦੇ ਬੱਚਿਆਂ ਨੂੰ ਵੀ ਸਕੂਲਾਂ ਵਿੱਚ ਦੂਜੇ ਬੱਚਿਆਂ ਦੇ ਨਾਲ ਦਾਖਲਾ ਦਿੱਤਾ ਜਾਵੇ ਪਰੰਤੂ ਇਹ ਮਤਾ/ਪਰਿਪੱਤਰ ਇਕ ਪ੍ਰਕਾਰ ਦੇ ਮਜ਼ਾਕ ਹਨ। ਇਹ ਆਯੋਗ ਦੇ ਪਰਿਸ਼ਿਸ਼ਟ 'ੳ' ਦੇ ਇਸ ਬਿਆਨ ਨੂੰ ਪੜ੍ਹਨ ਤੋਂ ਸਪਸ਼ਟ ਹੋ ਜਾਵੇਗਾ ਇਸ ਨਾਲ ਦਲਿਤ ਵਰਗਾਂ ਦੇ ਪ੍ਰਤਿ ਜ਼ਿਆਦਾ ਗਿਣਤੀ ਵਿਚੋਂ ਲੋਕਾਂ ਦਾ ਪਤਾ ਲਗਦਾ ਹੈ। ਜਿਵੇਂ ਕਿ ਦੇਸ਼ ਦੇ ਭਿੰਨ ਭਿੰਨ ਸਮਾਚਾਰ ਪੱਤਰਾਂ ਵਿੱਚ ਸਮੇਂ ਸਮੇਂ ਤੇ ਪ੍ਰਕਾਸ਼ਤ ਘਟਨਾਵਾਂ (ਮੱਦ ਨੰ: 10) ਤੋਂ ਸਪਸ਼ਟ ਹੈ ਕਿ ਇਨ੍ਹਾਂ ਸਮਾਚਾਰਾਂ ਨੂੰ ਪੜ੍ਹਨ ਤੋਂ ਪਤਾ ਲਗੇਗਾ ਕਿ ਦਲਿਤ ਵਰਗਾਂ ਨੂੰ ਫੌਜ 9 ਸੈਨਾ ਅਤੇ ਪੁਲਿਸ ਵਿੱਚ ਭਰਤੀ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਸ ਨਾਲ ਅਧਿਕ ਸੰਖਿਆ ਲੋਕਾਂ ਦੀ ਧਾਰਮਕ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ। (ਮਦ ਨੰ:8)। ਉਨ੍ਹਾਂ ਨੂੰ ਸਕੂਲਾਂ ਵਿਚ ਦਾਖਲਾ ਨਹੀਂ ਦਿਤਾ ਜਾ ਸਕਦਾ। ਕਿਉਂਕਿ ਉਨ੍ਹਾਂ ਦਾ ਦਾਖਲਾ ਅਧਿਕ ਸੰਖਿਆ ਲੋਕਾਂ ਦੇ ਧਾਰਮਕ ਭਾਵਨਾਵਾਂ ਦੇ ਪ੍ਰਤਿਕੂਲ ਹੈ (ਮਦ ਨੰ:12)। ਉਹ ਸਰਕਾਰੀ ਡਿਸਪੈਂਸਰੀਆਂ ਵਿੱਚ ਇਲਾਜ ਨਹੀਂ ਕਰਵਾ ਸਕਦੇ। ਕਿਉਂਕਿ ਡਾਕਟਰ ਉਨ੍ਹਾਂ ਨੂੰ ਡਿਸਪੈਂਸਰੀਆਂ ਨੂੰ ਅਤੇ ਉਨ੍ਹਾਂ ਖੁਦ ਨੂੰ ਦੂਸ਼ਿਤ ਨਹੀਂ ਕਰਨ ਦੇਣਗੇ। ਮਦ 2 ਅਤੇ 5)। ਉਹ ਸਾਫ਼ ਸੁਥਰੇ ਨਹੀਂ ਰਹਿ ਸਕਦੇ ਕਿਉਂਕਿ ਆਪਣੀ ਇਕ ਨਿਸ਼ਚਿਤ ਸਥਿਤੀ ਤੋਂ ਉਪਰ ਜਿੰਦਗੀ ਹੰਢਾਉਣਾ ਵੱਧ ਗਿਣਤੀ ਵਾਲੇ ਲੋਕਾਂ ਦੀ ਧਾਰਮਕ ਭਾਵਨਾ ਨਾਲ ਟਕਰਾਉਣ ਵਾਲੀ ਗੱਲ ਹੈ ਮਦ ਨੰ:1 ਅਤੇ 6)। ਇਸ ਸਮਾਜਕ ਇਕੱਠ ਨੂੰ ਇਤਨੀ ਸਖ਼ਤੀ ਨਾਲ ਲਾਗੂ ਕੀਤਾ ਜ਼ਾਂਦਾ ਹੈ ਕਿ ਦਲਿਤ ਵਰਗਾਂ ਦੀ ਨਾਗਰਿਕਤਾ ਦੇ ਆਪਣੇ ਅਧਿਕਾਰ ਦਾ ਪ੍ਰਯੋਗ ਕਰਨ ਤੋਂ ਵੱਧ ਗਿਣਤੀ ਵਾਲੇ ਲੋਕ ਭੜਕ ਜਾਂਦੇ ਹਨ ਅਤੇ ਉਹ ਹੋਰ ਵੱਧ ਸਮਾਜਕ ਅਤਿਆਚਾਰ ਕਰਦੇ ਹਨ (ਮਦ ਨੰ:4, 7 ਅਤੇ 11)। ਇਹ ਮੰਨਣਾ ਹੋਵੇਗਾ ਕਿ ਜਦੋਂ ਸਮਾਜ ਹੀ ਅਤਿਆਚਾਰ ਕਰਨ ਤੇ ਉਤੱਰ ਆਵੇ ਤਾਂ ਉਸ ਦੇ ਅਤਿਆਚਾਰ ਉਨ੍ਹਾਂ ਕਾਰਜਾਂ ਤਕ ਸੀਮਤ ਨਹੀਂ ਰਹਿੰਦੇ ਜੋ ਇਸ ਦੇ ਅਧਿਕਾਰੀ ਲੋਕ ਕਰਦੇ ਹਨ ਅਤੇ ਇਹ ਆਤਮਾ ਨੂੰ ਗੁਲਾਮ ਬਣਾ ਦਿੰਦੇ ਹਨ। ਅਜਿਹੇ ਅਤਿਆਚਾਰਾਂ ਤੋਂ ਰਾਖੀ ਰਾਜ ਦੀ ਪੁਲਿਸ ਹੀ ਕਰ ਸਕਦੀ ਹੈ ਪਰੰਤੂ ਬਦਕਿਸਮਤੀ ਨਾਲ ਅਜਿਹੀ ਸੰਘਰਸ਼ ਵਿੱਚ ਜਿਸ ਵਿੱਚ ਇਕ ਹੋਰ ਦਲਿਤ ਵਰਗ ਹੋਵੇ ਅਤੇ ਦੂਜੇ ਪਾਸੇ ਸਵਰਨ ਹਿੰਦੂ ਹੋਣ, ਪੁਲਿਸ ਦੀ ਤਾਕਤ ਹਮੇਸ਼ਾਂ

ਅਤਿਆਚਾਰੀ ਬਹੁ-ਗਿਣਤੀ ਵਾਲਿਆਂ ਦੇ ਨਾਲ ਹੁੰਦੀ ਹੈ। (ਮੱਦ ਨੰ:11) ਇਸ ਦਾ ਕਾਰਣ ਇਹੋ ਹੈ ਕਿ ਦਲਿਤ ਵਰਗਾਂ ਦਾ ਕੋਈ ਵਿਅਕਤੀ ਦੇਸ਼ ਦੀ ਪੁਲਿਸ ਅਤੇ ਮੈਜਿਸਟ੍ਰੇਟੀ ਸ਼੍ਰੇਣੀ ਵਿਚੋਂ ਨਹੀਂ ਹੁੰਦਾ।

20. ਇਸ ਨੂੰ ਧਿਆਨ ਵਿੱਚ ਰਖਦਿਆਂ ਦਲਿਤ ਵਰਗਾਂ ਦੇ ਪ੍ਰਤਿ ਇਹ ਅਨਿਆਂ ਹੋਵੇਗਾ ਕਿ ਉਨ੍ਹਾਂ ਨੂੰ ਇਸ ਭੁਲਾਵੇ ਵਿੱਚ ਰੱਖਿਆ ਜਾਵੇ ਕਿ ਉਨ੍ਹਾਂ ਦੇ ਹਿੱਤ ਉਨ੍ਹਾਂ ਦੇ ਦੇਸ਼ ਵਾਸੀਆਂ ਦੇ ਹੱਥਾਂ ਵਿੱਚ ਸੁਰੱਖਿਅਤ ਹੋਣਗੇ ਕਿਉਂਕਿ ਦਲਿਤ ਵਰਗਾਂ ਦੇ ਪੱਖ ਵਿੱਚ ਕੁਝ ਪਰਿਸ਼ਦਾਂ ਨੇ ਮਤੇ ਪਾਸ ਕੀਤੇ ਹਨ ਅਤੇ ਕੁਝ ਮੰਤਰੀਆਂ ਨੇ ਚਿੱਠੀਆਂ ਜਾਰੀ ਕੀਤੀਆਂ ਹਨ। ਸਭਾ ਆਯੋਗ ਨੂੰ ਇਹ ਚੇਤਾਵਨੀ ਦੇਣਾ ਚਾਹੁੰਦੀ ਹੈ ਕਿ ਉਹ ਹਿੰਦੂ ਬਹੁ-ਮੱਤ ਦੇ ਸਰਵ ਉਤੱਮ ਉਦਾਹਰਣਾਂ ਦੇ ਪ੍ਰਲੋਭਨ ਵਿੱਚ ਫਸਕੇ ਉਨ੍ਹਾਂ ਬਾਰੇ ਬਿਹਤਰ ਰਾਇ ਨਾ ਬਣਾ ਲੈਣ। ਇਕ ਹੋਰ ਭਾਈਚਾਰੇ ਨਾਲ ਪ੍ਰਾਧਿਕਾਰ ਦੇ ਆਦੇਸ਼ ਦਾ ਪ੍ਰਯੋਗ ਕਰਨਾ ਅਤੇ ਦੂਜੇ ਪਾਸੇ ਭਾਈਚਾਰੇ ਦੇ ਆਦੇਸ਼ ਦਾ ਪਾਲਣ ਕਰਨਾ ਅਤੇ ਆਸ਼ਰਤਾਂ ਦੀ ਬਹੁ-ਗਿਣਤੀ ਦੇ ਹਿਤਾਂ ਲਈ ਸਾਰੇ ਪ੍ਰਕਾਰ ਦੇ ਹੁਕਮ ਦੇਣ ਲਈ ਉਚਿਤ ਸ਼ਕਤੀਵਾਨ ਹੋਣਾ, ਇਹ ਹੁਣ ਅਜਿਹੀਆਂ ਤਸਵੀਰਾਂ ਹਨ ਜੋ ਪੜ੍ਹਨ ਵਿੱਚ ਤਾਂ ਬਹੁਤਤ ਚੰਗੀਆਂ ਲਗਦੀਆਂ ਹਨ, ਲੇਕਿਨ ਅਜਿਹੀਆਂ ਤਸਵੀਰਾਂ ਤਾਂ ਹੀ ਸਾਰਥਕ ਹੋਣਗੀਆਂ ਜਦੋਂ ਦਲਿਤ ਵਰਗ ਵਿਚੋਂ ਕੋਈ ਵੀ ਹਿੰਦੂ ਸਮਾਜ ਦੇ ਚੰਗੇ ਲੋਕਾਂ ਦੇ ਅਸਤਿਤਵ ਨੂੰ ਨਾ ਨਿਕਾਰੇ। ਦਲਿਤ ਵਰਗਾਂ ਦਾ ਕੋਈ ਵੀ ਵਿਅਕਤੀ ਸ਼ੱਕ ਨਹੀਂ ਕਰਦਾ ਕਿ ਇਕ ਭਲੇ ਹਿੰਦੂ ਦੇ ਪ੍ਰਸ਼ਾਸਨ ਦੇ ਅਧੀਨ ਮਹਾਨ ਅਤੇ ਸਰਵਜਨਿਕ ਸੁਖ ਪ੍ਰਾਪਤ ਨਹੀਂ ਹੋ ਸਕੇਗਾ। ਲੇਕਿਨ ਸੱਚਾਈ ਇਹ ਹੈ ਕਿ ਕਾਨੂੰਨੀ ਸੰਸਥਾਵਾਂ ਭਲੇ ਆਦਮੀਆਂ ਦੇ ਅਨੁਕੂਲ ਨਹੀਂ। ਐਪਰ ਬੁਰੇ ਆਦਮੀਆਂ ਦੇ ਅਨੁਕੂਲ ਬਣਾਇਆ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਇਹ ਪਤਾ ਲੱਗੇਗਾ ਕਿ ਸੰਵਿਧਾਨ ਦੇ ਖੰਡਾਂ ਵਿੱਚ ਗਾਰੰਟੀ ਨੂੰ ਦਾਖਲ ਕਰਕੇ ਜ਼ਰੂਰ ਸੰਭਾਲ ਪ੍ਰਾਪਤ ਕੀਤੀ ਜਾਵੇ। ਬਜਾਇ ਇਸ ਦੇ ਕਿ ਉਸ ਨੂੰ ਇਸ ਕਾਲਪਨਿਕ ਆਧਾਰ ਤੇ ਬੇਆਸਰਾ ਛੱਡ ਦਿੱਤਾ ਜਾਵੇ ਕਿ ਅਤਿਆਚਾਰੀ ਬਹੁ-ਮੱਤ ਵਿੱਚ ਅਲਪ-ਮੱਤ ਦੇ ਪ੍ਰਤਿ ਹਮਦਰਦੀ ਰੱਖਣ ਵਾਲੇ ਕੁਝ ਚੰਗੇ ਲੋਕ ਹਨ। ਦਲਿਤ ਵਰਗਾਂ ਤੋਂ ਇਲਾਵਾ ਕਈ ਅਜਿਹੀ ਗਾਰੰਟੀਆਂ ਨੂੰ ਗ਼ੈਰ-ਜ਼ਰੂਰੀ ਸਮਝ ਸਕਦੇ ਹਨ, ਲੇਕਿਨ ਦਲਿਤ ਵਰਗ ਦੀ ਦ੍ਰਿਸ਼ਟੀ ਤੋਂ ਇਹ ਰਾਖੀ ਦਾ ਇਕ ਜ਼ਰੂਰੀ ਉਪਾਅ ਹੈ। ਸੁਧਾਰਾਂ ਬਾਰੇ ਦਲਿਤ ਵਰਗਾਂ ਵਿਚਕਾਰ ਇਤਨੀ ਡੂੰਘੀ ਸ਼ੱਕ ਹੈ ਕਿ ਅਰੰਭ ਤੋਂ ਹੀ ਸੁਧਾਰਾਂ ਪ੍ਰਤਿ ਉਨ੍ਹਾਂ ਦੇ ਮਨ ਵਿੱਚ ਇਤਨਾ ਤਿੱਖਾ ਰੋਸ ਸੀ ਕਿ ਦਲਿਤ ਵਰਗਾਂ ਦੁਆਰਾ ਸ਼੍ਰੀ ਮੈਂਟੇਗਿਊ ਨੂੰ ਦਿਤੇ ਗਏ ਇਕ ਮਾਣ-ਪੱਤਰ ਵਿੱਚ ਉਨ੍ਹਾਂ ਨੇ ਕਿਹਾ, ਕਿ "ਜੇ ਕੋਈ ਇਸ ਦਸ਼ਾ ਵਿੱਚ ਬ੍ਰਿਟਿਸ਼ ਹੱਥਾਂ ਵਿਚੋਂ ਸੱਤਾ ਅਖੌਤੀ ਸਵਰਨ ਹਿੰਦੂਆਂ ਦੇ ਹੱਥਾਂ ਵਿੱਚ ਸੌਂਪਣ ਦੀ ਕੋਸ਼ਸ਼ ਕੀਤੀ ਗਈ ਤਾਂ ਅਜਿਹੀ ਹਰ ਕੋਸ਼ਸ਼ ਦਾ ਵਿਰੋਧ ਅਸੀਂ ਆਪਣੇ ਖ਼ੂਨ ਦੀ ਹਰ ਬੁੰਦ ਤਕ ਡੋਲ੍ਹ ਦਿਆਂਗੇ"। ਗਾਰੰਟੀ ਦੀ ਪ੍ਰਣਾਲੀ ਤੋਂ ਇਲਾਵਾ ਹੋਰ ਕੋਈ ਚੀਜ਼ ਐਸੀਆਂ ਸ਼ੱਕਾਂ ਨੂੰ ਨਿਰਮੂਲ ਨਹੀਂ ਕਰ ਸਕਦੀ। ਸਰਕਾਰ ਵਿਸ਼ਵਾਸ ਤੇ ਟਿਕੀ ਹੁੰਦੀ ਹੈ, ਤਰਕ ਤੇ ਨਹੀਂ। ਜੇ ਨਵੇਂ ਸੰਵਿਧਾਨ

ਪ੍ਰਤਿ ਦਲਿਤ ਵਰਗਾਂ ਦੀ ਕੋਈ ਆਸਥਾ ਨਹੀਂ ਬਣ ਸਕਦੀ ਤਾਂ ਰਾਜਨੀਤਕ ਸੂਝ-ਬੂਝ ਦਾ ਤਕਾਜ਼ਾ ਹੈ ਕਿ ਜੇ ਹੋ ਸਕੇ ਤਾਂ ਏਥੇ ਮੰਗੀ ਗਈ ਗਾਰੰਟੀ ਦੀ ਰਿਆਤ ਨਾਲ ਉਸ ਆਸਥਾ ਨੂੰ ਖਰੀਦ ਲਿਆ ਗਿਆ।

ਅਨੁਲਗ ੳ

ਮਦ-ਨੰਬਰ 1

(ਟਾਈਮਜ਼ ਆਫ਼ ਇੰਡੀਆ 8 ਫਰਵਰੀ,1928 ਤੋਂ)

ਅੰਤਿਆਜਾਂ ਦਾ ਉਥੱਾਨ ਨਹੀਂ

ਪਿਛਲੇ ਮਹੀਨੇ ਬੰਬਈ ਦੇ ਸਨਾਤਨੀ ਰੂੜ੍ਹੀਵਾਦੀ ਅਗਰਵਾਲ ਮਾਰਵਾੜੀਆਂ ਵਿਚਕਾਰ ਸਥਾਨਕ ਨਹਨਾਰਾਇਣ ਮੰਦਰ ਵਿੱਚ ਮਹਾਨ ਪੰਡਤ ਅੰਤਕ੍ਰਿਸ਼ਨ ਸ਼ਾਸਤ੍ਰੀ (ਪ੍ਰੋਫੈਸਰ, ਕਲਕੱਤਾ ਯੂਨੀਵਰਸਿਟੀ) ਨੇ ਪਿਛਲੇ ਮਹੀਨੇ ਇਕ ਲੈਕਚਰ ਦਿਤਾ ਜਿਸ ਨੂੰ ਭਾਰਤੀ ਸਮਾਜ ਸੁਧਾਰ ਦੀ ਤੀਬਰ ਪ੍ਰਗਤੀ ਬਾਰੇ ਇਕ ਮਹੱਤਵਪੂਰਣ ਘਟਨਾ ਮੰਨੀ ਜਾਂਦੀ ਹੈ। ਉਸ ਨੂੰ ਗ਼ਲ ਅੰਸਰ ਤੋਂ ਬਚਾਉਣਾ ਚਾਹੀਦਾ ਹੈ। ਪ੍ਰਬਦਨ ਦਾ ਵਿਸ਼ਾ ਸੀ " ਪਤਿਤਾਂ ਦੇ ਉਥੱਾਨ ਦਾ ਮਾਰਗ ਅਤੇ ਪ੍ਰਧਾਨਗੀ ਬੰਬਈ ਦੇ ਇਕ ਪ੍ਰਸਿਧ ਵੈਸ਼ਨਵ ਮੰਦਰ ਦੇ ਸ੍ਰੀ ਜਗਤ ਗੁਰੂ ਅੰਤਾਚਾਰੀਆ ਮਹਾਰਾਜ ਨੇ ਕੀਤੀ ਸੀ। ਪ੍ਰਬਦਨ ਵਿੱਚ ਬੋਲਣ ਵਾਲੇ ਨੇ ਸ਼ਾਸ਼ਤ੍ਰਾਂ ਵਿਚੋਂ ਪ੍ਰਮਾਣ ਦੇਕੇ ਸਿੱਧ ਕੀਤਾ ਕਿ ਆਦਿ-ਕਾਲ ਤੋਂ ਭਿੰਨ ਭਿੰਨ ਜਾਤੀਆਂ ਚਲੀਆਂ ਆ ਰਹੀਆਂ ਹਨ ਅਤੇ ਉਹ ਅੰਤਕਾਲ ਤਕ ਰਹਿਣਗੀਆਂ"। ਉਨ੍ਹਾਂ ਨੇ ਕਿਹਾ ਹੈ ਕਿ ਜੋ ਅੰਤਿਆਜਾਂ ਦੇ ਉਥੱਾਨ ਦੀ ਗੱਲ ਕਰਦੇ ਹਨ ਉਹ ਸਿਰਫ਼ ਗੱਲਾਂ ਹੀ ਕਰਦੇ ਹਨ। ਅਸਲੀਅਤ ਇਹ ਹੈ ਕਿ ਅੰਤਿਆਜਾਂ ਦਾ ਇਸ ਪੱਖੋਂ ਉਥੱਾਨ ਕਰਨ ਦਾ ਕੋਈ ਉਪਾਅ ਨਹੀਂ ਹੈ ਕਿ ਉਨ੍ਹਾਂ ਨੂੰ ਚਾਰੇ ਵਰਗਾਂ ਵਿਚੋਂ ਕਿਸੇ ਇਕ ਵਰਗ ਵਿੱਚ ਸ਼ਾਮਲ ਕਰ ਲਿਆ ਜਾਵੇ ਜਾਂ ਉਨ੍ਹਾਂ ਦੀ ਵਰਤਮਾਨ ਸਮਾਜਕ ਸਥਿਤੀ ਵਿਚ ਪਰਿਵਰਤਨ ਕੀਤਾ ਜਾਵੇ।

ਰੂੜੀਵਾਦੀ ਉਦਾਰਤਾ

ਵਿਦਵਾਨ ਬੁਲਾਰੇ ਨੇ ਉਥੱਾਨ ਦੇ ਅਯੋਗ ਪਤਿਤਾ ਦੀ ਇਕ ਮਾਤਰ ਸੰਭਾਵਨਾ ਦੱਸੀ ਅਰਥਾਤ ਉਨ੍ਹਾਂ ਦੇ ਕੁਝ ਮਲੀਨ ਬੰਦਿਆਂ ਨੂੰ ਛੱਡਣ ਬਾਰੇ ਉਦਾਰਾ ਦਿਖਾਈ ਕਿ ਉਨ੍ਹਾਂ ਨੂੰ ਚੰਗੇ ਧੰਦੇ ਅਪਨਾਉਣ ਲਈ ਉਤਸਾਹਿਤ ਕੀਤਾ ਜਾਵੇ। ਅੱਜ ਕਲ ਅਵਿਚਾਰਸ਼ੀਲ ਅਤੇ ਰੂੜ੍ਹੀਵਾਦੀ ਸਵਰਨ ਲੋਕਾਂ ਨੇ ਇਹ ਕੰਮ ਸ਼ੁਰੂ ਤਾਂ ਕੀਤਾ ਹੈ ਪਰ ਉਹ ਆਧਾਰਪੂਰਣ ਨਹੀਂ ਹੈ। ਮਹਾਂ ਮਹੋਪਾਦਿਆ ਨੇ ਕਿਹਾ, "20 ਸਦੀ ਵਿੱਚ ਲੋਕ ਸਵੇਰੇ ਉਠਦੇ ਹਨ ਅਤੇ ਆਪਣੇ ਕੀਮਤੀ ਜੁੱਤੇ ਸਾਫ਼ ਕਰਦੇ ਹਨ ਅਤੇ ਬਜਾਇ ਇਸ ਦੇਕਿ ਆਪਣਾ ਨਿਯਤ ਸਵੇਰਾ ਧਰਮ-ਕਰਮ ਵਿੱਚ ਲਗਾਉਣ, ਉਹ ਫਿਰ ਆਪਣੀ ਹਫ਼ਾਜ਼ਤ ਆਪ ਕਰਨ ਲਗਦੇ ਹਨ। ਦੇਸੀ ਢੰਗ ਨਾਲ ਆਪਣੇ ਦੰਦ ਸਾਫ਼ ਕਰਨ ਦੀ ਬਜਾਇ (ਬਬੂਲ ਦੀ ਦਾਤਨ ਨਾਲ) ਆਪਣੇ ਦੰਦਾਂ ਨੂੰ ਬਰੁਸ਼ ਨਾਲ ਰਗੜਦੇ ਹਨ। ਅਜਿਹਾ ਕਰਕੇ ਉਹ ਮੋਚੀ, ਹਜਾਮ

ਅਤੇ ਦਾਤਨਾਂ ਵੇਚਣ ਵਾਲਿਆਂ ਨੂੰ ਉਨ੍ਹਾਂ ਦੇ ਕਾਰੋਬਾਰ ਤੋਂ ਮੁਕਤ ਕਰਦੇ ਹਨ ਸਾਰੇ ਧਰਮ ਅਨੁਸਾਰ ਕੰਮ ਕਰਨ ਅਤੇ ਸੰਤੁਸ਼ਟ ਰਹਿਣ, ਦੂਜਿਆਂ ਦੀ ਭਲਾਈ ਲਈ ਲੋੜੀਂਦੇ ਉਪਾਅ ਕਰਨ। ਜਿਨ੍ਹਾਂ ਲੋਕਾਂ ਨੇ ਇਨ੍ਹਾਂ ਪਤਿਤਾਂ ਨੂੰ ਉਨਾਂ ਦੀ ਰੋਟੀ, ਰੋਜ਼ੀ ਤੋਂ ਵੰਚਿਤ ਕੀਤਾ ਹੈ, ਉਹ ਉਨ੍ਹਾਂ ਨੂੰ ਵਾਪਸ ਕਰਨ।"

ਮਦ ਸੰਖਿਆ 2

(ਟਾਈਮਜ਼ ਆਫ਼ ਇੰਡੀਆ 2 ਮਾਰਚ,1928 ਤੋਂ)

ਭਾਰਤ ਦੇ ਅੰਤਜ

ਲੇਕਿਨ, ਦੇਸ਼ ਭਗਤ ਵਿਰੋਧ ਕਰਨਗੇ। ਇਹ ਸਾਰਾ ਕੁਝ ਬਰਤਾਨਵੀ ਭਾਰਤ ਵਿੱਚ ਹੋਇਆ, ਭਾਰਤੀਆਂ ਦੇ ਭਾਰਤ ਵਿੱਚ ਨਹੀਂ। ਹਾਲ ਹੀ ਵਿੱਚ ਮਧ ਭਾਰਤ ਦੇ ਇਕ ਦੇਸ਼ੀ ਬੜੇ ਰਾਜਾਂ ਵਿੱਚ ਬਲਾਈਆਂ ਤੇ ਕੀ ਬੀਤੀ। ਜਦੋਂ ਉਨ੍ਹਾਂ ਨੇ ਸੋਨੇ ਅਤੇ ਚਾਂਦੀ ਦੇ ਗਹਿਣੇ ਪਹਿਨੇ ਅਤੇ ਸਵਰਨ ਹਿੰਦੂ ਵਰਗਾ ਮਾੜਾ ਵਿਹਾਰ ਕਰਨ ਦਾ ਭੱਦਾ ਕੰਮ ਕੀਤਾ। ਇਹ ਹੈ ਸੁਰਾਸ਼ਟਰ ਦਾ ਸਮਾਚਾਰ ਜੋ ਬੜੌਦੇ ਵਿੱਚ ਹੋਇਆ। ਗਲ ਖੇਤਰ ਦੇ ਅਤਿਅੰਜਾਂ ਬਾਰੇ ਇਥੋਂ ਦੇ ਮਹਾਰਾਜੇ ਨੂੰ ਖਾਸ ਹਮਦਰਦੀ।" ਗੁਜਰਾਤੀ ਸਕੂਲਾਂ ਵਿੱਚ ਅਤਿਅੰਜ ਬੱਚਿਆਂ ਨੂੰ ਭਰਤੀ ਦਾ ਕੰਮ ਕੇਵਲ ਕਾਗ਼ਜ਼ੀ ਕਾਰਵਾਈ ਹੈ। ਲਗ ਭਗ 95% ਸਕੂਲਾਂ ਵਿੱਚ ਅਤਿਅੰਜ ਬੱਚਿਆਂ ਨੂੰ ਕਲਾਸ ਵਿਚੋਂ ਬਾਹਰ ਸਰਦੀ ਗਰਮੀ ਅਤੇ ਬਰਸਾਤ ਵਿੱਚ ਬਾਹਰ ਬੈਠਣਾ ਪੈਂਦਾ ਹੈ। ਉਨ੍ਹਾਂ ਤੋਂ ਗੋਬਰ (ਈਂਧਨ) ਮਿੱਟੀ ਆਦਿ ਮੰਗਵਾਈ ਜਾਂਦੀ ਹੈ। ਅਪ੍ਰੈਲ,1927 ਵਿੱਚ ਇਕ ਅਤਿਅੰਜ ਦਾਮਨਗਰ ਡਿਸਪੈਂਸਰੀ ਵਿੱਚ ਦਵਾਈ ਲੈਣ ਗਿਆ ਤਾਂ ਡਾਕਟਰ ਨੇ ਉਸ ਨੂੰ ਕਈ ਘੰਟੇ ਬਾਹਰ ਉਡੀਕ ਵਿੱਚ ਰੱਖਿਆ। ਇਸ ਤੋਂ ਬਾਅਦ ਉਸ ਦੀ ਜਾਂਚ ਦੂਰੋਂ ਹੀ ਕੀਤੀ। ਦੂਰੋਂ ਹੀ ਉਸ ਨੂੰ ਦਵਾਈ ਦਿੱਤੀ। ਇਹ ਸਾਰਾ ਕੁਝ ਬੜੌਦਾ ਵਿਦਿਆਲਾ ਵਿੱਚ ਇਕ ਅਤਿਅੰਜ ਦੇ ਸਾਹਮਣੇ ਹੋਇਆ। ਸੂਰਤ ਦਾ ਪ੍ਰਤਾਪ ਲਿਖਦਾ ਹੈ ਕਿ ਜਦੋਂ ਨਵਾਰਸੀ ਅਤਿਅੰਜ ਆਸ਼ਰਮ ਦਾ ਇਕ ਅਧਿਆਪਕ ਇਕ ਬੀਮਾਰ ਵਿਦਿਆਰਥੀ ਸਥਾਨਕ ਹਸਪਤਾਲ ਵਿੱਚ ਲੈ ਗਿਆ ਤਾਂ ਉਨ੍ਹਾਂ ਦੋਹਾਂ ਨੂੰ ਪ੍ਰਭਾਰੀ ਡਾਕਟਰ ਨੇ ਇਹ ਕਹਿਕੇ ਭਜਾ ਦਿਤਾ ਕਿ " ਭੱਜ ਜਾਉ, ਏਥੇ ਗਾਂਧੀ ਦਾ ਰਾਜ ਨਹੀਂ ਬੜੌਦਾ ਸਰਕਾਰ ਦਾ ਰਾਜ ਹੈ।"

(ਮੱਦ ਨੰਬਰ 3)

ਈਵਨਿੰਗ ਨਿਊਜ਼ 11 ਮਈ, 1926 ਤੋਂ

ਜੰਬੂਸਾਰ ਨਗਰਪਾਲਿਕਾ ਵਿੱਚ ਛੂਤ-ਛਾਤ

ਚਾਰ ਹਿੰਦੂਆਂ ਦਾ ਅਸਤੀਫ਼ਾ

ਜੰਬੂਸਾਰ ਨਗਰਪਾਲਿਕਾ ਲਈ ਇਕ ਛੂਤ-ਛਾਤ ਨਗਰਪਾਲਿਕਾ ਮੈਂਬਰ ਚੁਣੇ ਜਾਣ ਤੇ ਸਨਸਨੀ ਫੈਲ ਗਈ ਹੈ। ਚਾਰ ਹਿੰਦੂ ਮੈਂਬਰਾਂ ਨੇ ਅਸਤੀਫ਼ੇ ਦੇ ਦਿਤੇ ਅਤੇ ਬਾਕੀਆਂ

ਨੇ ਪ੍ਰਣ ਕੀਤਾ ਕਿ ਉਹ ਉਸ ਅਛੂਤ ਨੂੰ ਛੁਹਣਗੇ ਨਹੀਂ। ਅਜੇ ਜੇ ਛੂਹ ਵੀ ਲਿਆ ਤਾਂ ਤਤੁਰੰਤ ਇਸ਼ਨਾਨ ਕਰਨਗੇ।

(ਮਦ ਨੰ:4)

(ਬੰਬਈ ਕਰਾਨੀਕਲ ਵਿਚੋਂ)

ਕਲਾਬਾ ਦਲਿਤ ਜਾਤੀਆਂ ਸੰਮੇਲਨ : ਉੱਚ ਜਾਤੀਆਂ ਦੇ ਹਿੰਦੂਆਂ ਦੀ ਗੁੰਡਾਗਰਦੀ

ਟਾਈਮਜ਼ ਆਫ਼ ਇੰਡੀਆ ਨੇ ਆਪਣੇ 24 ਤਰੀਕ ਦੇ ਅੰਕ ਵਿਚ ਪਹਾੜ ਦੇ ਦੰਗਿਆਂ ਤੇ ਇਕ ਲੇਖ ਛਾਪਿਆ ਪਰੰਤੂ ਕਿਉਂਕਿ ਇਹ ਬਿਆਨ ਅਧੂਰਾ ਹੈ ਅਤੇ ਉਥੇ ਜੋ ਹੋਇਆ ਉਸ ਦੀ ਸਹੀ ਤਸਵੀਰ ਪੇਸ਼ ਨਹੀਂ ਕਰਦਾ। ਇਸ ਲਈ, ਦੰਗੇ ਦਾ ਪੂਰਾ ਹਾਲ ਲਿਖਣਾ ਜ਼ਰੂਰੀ ਹੈ। ਕੁਲਾਬਾ ਜ਼ਿਲ੍ਹੇ ਦੇ ਦਲਿਤ ਜਾਤੀਆਂ ਦਾ ਇਕ ਸੰਮੇਲਨ ਮੁਹਾੜ ਵਿੱਚ 19-20 ਮਾਰਚ,1927 ਨੂੰ ਡਾ. ਭੀਮ ਰਾਓ ਅੰਬੇਡਕਰ ਬਾਰ-ਐਟ-ਲਾ ਦੀ ਪ੍ਰਧਾਨਗੀ ਵਿੱਚ ਹੋਇਆ। ਦਲਿਤਾਂ ਦੀ ਹਾਜ਼ਰੀ ਢਾਈ ਹਜ਼ਾਰ ਤੋਂ ਵੱਧ ਸੀ ਅਤੇ ਉਨ੍ਹਾਂ ਵਿੱਚ ਭਾਰੀ ਉਤਸ਼ਾਹ ਸੀ ਜਿਸ ਦੀ ਪੂਰੀ ਜ਼ਿੰਮੇਵਾਰੀ ਮੁਹਾੜ ਦੇ ਉੱਚੀ ਜਾਤੀ ਦੇ ਹਿੰਦੂ ਨਿਵਾਸੀਆਂ ਤੇ ਹੈ। ਸੰਮੇਲਨ ਦੇ ਪਹਿਲੇ ਦਿਨ ਜਦੋਂ ਪ੍ਰਧਾਨਗੀ ਭਾਸ਼ਣ ਤੋਂ ਬਾਅਦ ਕਈ ਸਵਰਨ ਹਿੰਦੂਆਂ ਨੇ ਵੀ ਸੰਮੇਲਨ ਨੂੰ ਸੰਬੋਧਤ ਕੀਤਾ ਅਤੇ ਦਲਿਤਾਂ ਨੂੰ ਆਸ਼ਵਾਸਨ ਦਿਲਾਇਆ ਕਿ ਉਹ ਹਰ ਪ੍ਰਕਾਰ ਉਨ੍ਹਾਂ ਦੀ ਸਹਾਇਤਾ ਲਈ ਤਿਆਰ ਹੈ। ਹੋਰ ਇਹ ਸਿਫ਼ਾਰਸ਼ ਕੀਤੀ ਕਿ ਦਲਿਤ ਲੋਕ ਸਵਰਨ ਹਿੰਦੂਆਂ ਵਿਰੁੱਧ ਘਿਰਣਾ ਨਾ ਫੈਲਾਉਣ। ਇਸ ਨੂੰ ਦੇਖਦੇ ਹੋਏ ਵਿਸ਼ਾ-ਸਮਿਤੀ ਨੇ ਜਿਸ ਮਤੇ ਦਾ ਖਰੜਾ ਤਿਆਰ ਕੀਤਾ ਉਸ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਉੱਚੀ ਜਾਤੀ ਦੇ ਹਿੰਦੂਆਂ ਨੂੰ ਦਲਿਤਾਂ ਦੇ ਉਥੱਾਨ ਲਈ ਕੀ ਕਰਨਾ ਚਾਹੀਦਾ ਹੈ। ਵਿਸ਼ਾ ਕਮੇਟੀ ਵਿੱਚ ਕੁਝ ਲੋਕਾਂ ਨੇ ਜਿਸ ਮਤੇ ਦਾ ਖਰੜਾ ਤਿਆਰ ਕੀਤਾ ਸੀ ਉਸ ਵਿੱਚ ਇਹ ਵੀ ਕਿਹਾ ਗਿਆ ਸੀ ਕਿ ਉੱਚੀ ਜਾਤੀ ਦੇ ਹਿੰਦੂਆਂ ਨੂੰ ਦਲਿਤਾਂ ਦੀ ਉਸਾਰੀ ਲਈ ਕੀ ਕਰਨਾ ਚਾਹੀਦਾ ਹੈ। ਵਿਸ਼ਾ ਕਮੇਟੀ ਵਿੱਚ ਕੁਝ ਲੋਕਾਂ ਨੇ ਇਸ ਤੱਥ ਵੱਲ ਧਿਆਨ ਦਿਵਾਇਆ ਕਿ ਮੁਹਾੜ ਵਿੱਚ ਦਲਿਤ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਸਖ਼ਤ ਕਮੀ ਹੈ। ਇਹ ਦਿੱਕਤ ਮੁਹਾੜ ਦੇ ਦਲਿਤਾਂ ਸਾਹਮਣੇ ਹੀ ਨਹੀਂ, ਇਹ ਦਿੱਕਤ ਤਾਂ ਮੁਹਾੜ ਦੇ ਪੂਰੇ ਨਿਵਾਸੀਆਂ ਨੂੰ ਪੇਸ਼ ਆ ਰਹੀ ਹੈ। ਜੋ ਵਿਅਕਤੀਗਤ ਕਾਰਜਾਂ ਤੋਂ ਮੁਹਾੜ ਆਉਂਦੇ ਹਨ ਉਥੇ ਪਾਣੀ ਦੀ ਏਨੀ ਜ਼ਿਆਦਾ ਕਮੀ ਹੈ ਕਿ ਸੰਮੇਲਨ ਲਈ 15 ਰੁਪਏ ਰੋਜ਼ ਪਾਣੀ ਖਰੀਦਣਾ ਪਿਆ। ਕੁਝ ਦਿਨ ਪਹਿਲੇ ਮੁਹਾੜ ਨਗਰਪਾਲਿਕਾ ਨੇ ਇਕ ਪ੍ਰਸਤਾਵ ਪਾਸ ਕਰਕੇ ਇਹ ਐਲਾਨ ਕੀਤਾ ਕਿ ਸ਼ਹਿਰ ਦੇ ਤਾਲਾਬਾਂ ਤੇ ਜਨਤਾ ਨੂੰ ਜਾਣ ਦੀ ਆਗਿਆ ਹੈ, ਪਰੰਤੂ ਉਥੇ ਕਿਸੇ ਪ੍ਰਕਾਰ ਦਾ ਕੋਈ ਬੋਰਡ ਨਹੀਂ ਸੀ ਲਗਾਇਆ ਗਿਆ। ਲੋਕ ਉਥੇ ਜਾਣ ਤੋਂ ਡਰਦੇ ਸਨ। ਇਸ ਲਈ ਵਿਸ਼ਾ ਸਮਿਤੀ ਦੇ ਸੰਮੇਲਨ ਵਿੱਚ ਉੱਚ-ਜਾਤੀ ਦੇ ਲੋਕਾਂ ਦੇ ਵਿਚਾਰ ਇਸ ਸਬੰਧ ਵਿੱਚ ਜਾਣਕੇ

ਇਹ ਫ਼ੈਸਲਾ ਕੀਤਾ ਗਿਆ ਕਿ ਸੰਮੇਲਨ ਵਿੱਚ ਸ਼ਾਮਲ ਲੋਕ ਚੁਕਾਰ ਤਾਲਾਬ ਤੇ ਇਕੱਠੇ ਹੋਕੇ ਜਾਣ ਅਤੇ ਦਲਤ ਲੋਕਾਂ ਨੂੰ ਉਥੋਂ ਪਾਣੀ ਲੈਣ ਵਿੱਚ ਸਹਾਇਤਾ ਕਰਨ।

ਝੂਠੀ ਅਫ਼ਵਾਹ

ਜਦੋਂ 20 ਤਰੀਕ ਦੀ ਸਵੇਰ ਹੋਈ ਤਾਂ ਸੰਮੇਲਨ ਫਿਰ ਸ਼ੁਰੂ ਹੋਇਆ। ਪਹਿਲਾ ਮਤਾ ਜਿਸ ਵਿੱਚ ਇਹ ਐਲਾਨ ਕੀਤਾ ਗਿਆ ਸੀ ਕਿ ਸਵਰਨ ਹਿੰਦੂ ਦਲਿਤਾਂ ਲਈ ਕੀ ਕਰਨ। ਦਲਿਤਤ ਵਰਗ ਦੇ ਮੈਂਬਰਾਂ ਦੁਆਰਾ ਸੰਮੇਲਨ ਸਾਹਮਣੇ ਰੱਖਿਆ ਗਿਆ ਮਤਾ ਜਿਸ ਬਾਰੇ ਸਭਾਪਤੀ ਨੇ ਕਿਹਾ ਕਿ ਸਰਵ ਸ਼੍ਰੀ ਵਰਸ਼ੋਤਮ ਪ੍ਰਭਾਕਰ ਜੋਸ਼ੀ ਅਤੇ ਗੋਬਿੰਦ ਨਾਰਾਇਣ ਧਾਰੀਆਂ (ਉੱਚੀ ਜਾਤੀਆਂ ਦੇ ਪ੍ਰਤਿਨਿਧੀ) ਤੋਂ ਸੰਕਲਪ ਤੇ ਬੋਲਣ ਦੀ ਸਿਫ਼ਾਰਸ਼ ਕੀਤੀ। ਮਤੇ ਵਿਚ ਅੰਤਜਜਾਤੀਆਂ ਵਿਵਾਹ ਨਾਲ ਸਬੰਧਤ ਇਕ ਖੰਡ ਨੂੰ ਛੱਡ ਕੇ ਉਨ੍ਹਾਂ ਦੋਹਾਂ ਮਤੇ ਨੂੰ ਪ੍ਰਵਾਨ ਕੀਤਾ। ਇਸ ਮਤੇ ਤੇ ਆਮ ਸਹਿਮਤੀ ਸੀ। ਇਸ ਲਈ ਸੰਮੇਲਨ ਖ਼ਤਮ ਹੋਣ ਤੋਂ ਬਾਅਦ ਸਾਰੇ ਲੋਕ ਏਕਤੰਤਰ ਹੋਕੇ ਉਸ ਤਾਲਾਬ ਵਲ ਵਧੇ। ਜਲੂਸ ਅਤਿਅੰਤ ਸ਼ਾਂਤ ਸੀ ਅਤੇ ਸਾਰਾ ਕੁਝ ਸ਼ਾਂਤੀ ਨਾਲ ਨਿਪਟਿਆ ਪਰੰਤੂ ਲਗਭਗ 2 ਘੰਟੇ ਬਾਅਦ ਬਾਹਰ ਦੇ ਕੁਝ ਬਦ ਦਿਮਾਗ਼ ਲੋਕਾਂ ਨੇ ਇਕ ਅਫ਼ਵਾਹ ਫ਼ੈਲਾ ਦਿਤਾ ਕਿ ਦਲਿਤ ਵਰਗ ਦੇ ਲੋਕਾਂ ਦਾ ਇਰਾਦਾ ਵਿਰੇਸ਼ਵਰ ਮੰਦਰ ਵਿੱਚ ਘੁਸਣ ਦਾ ਹੈ, ਜਿਸ ਵਿੱਚ ਬਦਮਾਸ਼ ਲੋਕਾਂ ਦੀ ਬਹੁਤ ਬੜੀ ਭੀੜ ਇਕੱਠੀ ਹੋ ਗਈ। ਉਨ੍ਹਾਂ ਕੋਲ ਲਾਠੀਆਂ ਵੀ ਸਨ। ਭੀੜ ਗੁੱਸੇ ਵਿੱਚ ਆ ਗਈ। ਲੜਨ-ਭਿੜਨ ਦੀ ਹਾਲਤ ਪੈਦਾ ਹੋ ਗਈ ਅਤੇ ਸਾਰਾ ਸ਼ਹਿਰ ਗੁੰਡਿਆਂ ਦੀ ਲਪੇਟ ਵਿੱਚ ਆ ਗਿਆ। ਇਹ ਗੁੰਡੇ ਦਲਿਤਾਂ ਦੇ ਖ਼ੂਨ ਦੇ ਪਿਆਸੇ ਲਗਦੇ ਸਨ।

ਵੀਹ ਜ਼ਖਮੀ

ਦਲਿਤ ਵਰਗਾਂ ਦੇ ਲੋਕ ਆਪਣੇ ਆਪਣੇ ਪਿੰਡਾਂ ਨੂੰ ਜਾਣ ਤੋਂ ਪਹਿਲਾਂ ਖਾਣਾ ਖਾ ਰਹੇ ਸਨ। ਜਦੋਂ ਉਨ੍ਹਾਂ ਵਿਚੋਂ ਕੁਝ ਲੋਕ ਚਲੇ ਗਏ ਤਾਂਉਥੇ ਗੁੰਡੇ ਰਸੋਈ ਵਿੱਚ ਆ ਵੜੇ। ਇਥੇ ਦਲਿਤ ਲੋਕ ਖਾਣਾ ਖਾ ਰਹੇ ਸਨ। ਦੋਹਾਂ ਗਰੁੱਪਾਂ ਵਿਚਕਾਰ ਯੁੱਧ ਛਿੜ ਸਕਦਾ ਸੀ ਪਰੰਤੂ ਦਲਿਤ ਵਰਗ ਦੇ ਨੇਤਾਵਾਂ ਨੇ ਆਪਣੇ ਲੋਕਾਂ ਨੂੰ ਰੋਕ ਲਿਆ। ਇਸ ਤਰ੍ਹਾਂ ਘੱਲੂਘਾਰਾ ਟਲ ਗਿਆ। ਜਦੋਂ ਗੁੰਡਿਆਂ ਨੂੰ ਮੁਕਾਬਲਾ ਕਰਨ ਲਈ ਕੋਈ ਨਾ ਮਿਲਿਆ ਤਾਂ ਉਨ੍ਹਾਂ ਨੇ ਸੜਕ ਤੇ ਘੁੰਮਣਾ ਸ਼ੁਰੂ ਕਰ ਦਿਤਾ ਅਤੇ ਕਿਸੇ ਨਾ ਕਿਸੇ ਦਲਿਤ ਤੇ ਕਿਸੇ ਨਾਂ ਕਿਸੇ ਬਹਾਨੇ ਲੜਨਾ ਸ਼ੁਰੂ ਕਰ ਦਿਆ, ਜੋ ਆਪਣੇ ਪਿੰਡਾਂ ਨੂੰ ਜਾ ਰਹੇ ਸਨ। ਉਹ ਦਲਤਾਂ ਦੇ ਘਰਾਂ ਵਿੱਚ ਵੀ ਘੁਸ ਗਏ ਅਤੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਕੁੱਟਿਆ। ਕੁਲ ਮਿਲਾ ਕੇ 20 ਦਲਿਤ ਜ਼ਖਮੀ ਹੋਏ। ਇਸ ਘਟਨਾ ਵਿੱਚ ਦਲਿਤਾਂ ਦਾ ਸਲੂਕ ਪ੍ਰਸੰਸਾਜਨਕ ਸੀ ਜਦਕਿ ਬੜੀ ਜਾਤੀਆਂ ਦੇ ਅਨੇਕ ਲੋਕਾਂ ਦਾ ਵਰਤਾਵ ਨਿੰਦਯੋਗ ਸੀ। ਜੋ ਦਲਿਤ ਉਥੇ ਇਕੱਠੇ ਹੋਏ ਸਨ, ਉਸ ਤੋਂ ਕਈ ਗੁਣਾ ਵੱਧ ਗ਼ੈਰ-ਦਲਿਤ ਜਾਤੀਆਂ ਦੇ ਲੋਕ ਆ ਗਏ, ਪਰੰਤੂ ਕਿਉਂਕਿ ਉਨ੍ਹਾਂ ਦੇ ਨੇਤਾਵਾਂ ਦਾ ਆਦੇਸ਼ ਅਹਿੰਸਕ ਅਤੇ ਪੂਰੀ ਤਰ੍ਹਾਂ ਸੰਵਿਧਾਨ ਅਨੁਸਾਰ ਸੀ, ਇਸ ਲਈ ਦਲਿਤਾਂ ਨੇ ਹੱਲਾਯੁਕਤ ਕੋਈ ਵੀ ਕਦਮ ਨਹੀਂ ਚੁੱਕਿਆ। ਦਲਿਤ

ਵਰਗਾਂ ਦੇ ਪੱਖ ਵਿੱਚ ਇਹ ਬਹੁਤ ਵੱਡੀ ਗੱਲ ਹੈ ਜਦ ਕਿ ਉਨ੍ਹਾਂ ਨੂੰ ਪੂਰੀ ਤਰ੍ਹਾਂ ਉਕਸਾਇਆ ਗਿਆ ਸੀ। ਇਸ ਦੇ ਬਾਵਜੂਦ ਵੀ ਉਨ੍ਹਾਂ ਨੇ ਬੰਧੇਜ ਤੋਂ ਕੰਮ ਲਿਆ। ਮੁਹਾੜ ਸੰਮੇਲਨ ਤੋਂ ਇਹ ਸਿੱਧ ਹੁੰਦਾ ਹੈ ਕਿ ਉੱਚੀ ਜਾਤੀਆਂ ਦਲਿਤਾਂ ਨੂੰ ਸਰਵਜਨਕ ਖੂਹਾਂ ਤੋਂ ਪਾਣੀ ਲੈਣ ਵਰਗੀ ਪ੍ਰਾਥਮਿਕ ਨਾਗਰਿਕ ਅਧਿਕਾਰਾਂ ਦੀ ਵਰਤੋਂ ਦੇ ਵਿਰੁੱਧ ਹੈ। ਮੁਹਾੜ ਅਤੇ ਕੁਲਾਬਾ ਜ਼ਿਲ੍ਹਿਆਂ ਵਿੱਚ ਸਵਰਨ ਹਿੰਦੂਆਂ ਦਾ ਸਭ ਤੋਂ ਨਿੰਦਾਯੋਗ ਕਾਰਜ ਇਹ ਸੀ ਕਿ ਭਿੰਨ ਭਿੰਨ ਪਿੰਡਾਂ ਦੇ ਆਪਣੀ ਜਾਤੀ-ਭਰਾਵਾਂ ਨੂੰ ਤੁਰੰਤ ਸੰਦੇਸ਼ ਭੇਜ ਦਿਤਾ ਕਿ ਜਿਵੇਂ ਹੀ ਸੰਮੇਲਨ ਵਿਚੋਂ ਹਿੱਸਾ ਲੈ ਕੇ ਦਲਿਤ ਲੋਕ ਆਪਣੇ ਪਿੰਡਾਂ ਵਿੱਚ ਪਹੁੰਚਣ, ਉਨ੍ਹਾਂ ਨੂੰ ਸਜ਼ਾ ਦਿਤੀ ਜਾਵੇ। ਇਸ ਦੇ ਫ਼ਲਸਰੂਪ ਜੋ ਲੋਕ ਮੁਹਾੜ ਸੰਮੇਲਨ ਤੋਂ ਵਾਪਸ ਪਰਤੇ, ਉਨ੍ਹਾਂ ਦੇ ਪਿੰਡਾਂ ਵਿੱਚ ਪਹੁੰਚਣ ਤੋਂ ਪਹਿਲਾਂ ਜਾਂ ਬਾਅਦ ਵਿੱਚ ਮਾਰ-ਪੀਟ ਕੀਤੀ ਗਈ। ਦਲਿਤਾਂ ਦੀ ਬਦਕਿਸਮਤੀ ਇਹ ਸੀ ਕਿ ਉਨ੍ਹਾਂ ਦੀ ਗਿਣਤੀ ਬੜੀ ਜਾਤੀਆਂ ਦੇ ਲੋਕਾਂ ਦੇ ਮੁਕਾਬਲੇ ਤੇ ਬਹੁਤ ਘੱਟ ਸੀ। ਦਲਿਤਾਂ ਦੇ ਨੇਤਾਵਾਂ ਨੇ ਅਧਿਕਾਰੀਆਂ ਪਾਸੋਂ ਰਾਖੀ ਦੀ ਅਪੀਲ ਕੀਤੀ ਅਤੇ ਅਪੀਲ ਕਰਨ ਤੇ ਡੀ. ਐਸ.ਪੀ. ਸਹਿਤ ਜ਼ਿਲ੍ਹਾ ਅਧਿਕਾਰੀ ਮੌਕੇ ਤੇ ਜਾ ਕੇ ਜਾਂਚ ਕਰ ਰਹੇ ਹਨ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਜੇ ਰੈਜ਼ੀਡੈਂਟ ਮੈਜਿਸਟ੍ਰੇਟ ਦੋ ਘੰਟੇ ਤਕ ਵਿਹਲਾ ਨਾ ਬੈਠਾ ਰਹਿੰਦਾ ਤਾਂ ਦੰਗਾ ਰੁਕ ਸਕਦਾ ਸੀ।

ਮਦ ਨੰ:5

(" ਯੰਗ ਇੰਡੀਆ", 5 ਮਈ,1927 ਤੋਂ)

ਮਾਨਵ ਦਾ ਮਾਨਵ ਨਾਲ

ਅਮਾਨਵੀ ਵਿਵਹਾਰ

(ਲੇਖਕ ਮੌਕੇ ਦਾ ਗਾਂਧੀ)

ਇਕ ਹੋਰ ਪ੍ਰਸੰਗ ਨਵਜੀਵਨ ਵਿਚੋਂ ਲਿਆ ਗਿਆ ਹੈ ਜਿਸ ਦਾ ਅੰਸ਼ ਅਮਾਨਵੀ ਵਿਵਹਾਰ ਨਾਲ ਸਬੰਧਤ ਹੈ। ਇਹ ਇਕ ਬਹੁਤ ਹੀ ਨਿਰਦਈ ਕਿਸਮ ਦਾ ਮਾਮਲਾ ਹੈ। ਇਸ ਵਿੱਚ ਡਾਕਟਰ ਨੇ ਕਾਠੀਆਵਾੜ ਦੇ ਇਕ ਪਿੰਡ ਦੇ ਦਲਿਤ ਵਰਗ ਦੇ ਇਕ ਨੌਜੁਆਨ ਦੀ ਮੌਤ ਇਕ ਅਮਾਨਵੀ ਵਿਵਹਾਰ ਨਾਲ ਸਬੰਧਤ ਹੈ। ਅੰਮ੍ਰਿਤ ਲਾਲ ਠੱਕਰ ਜਿਸਨੇ ਮਾਮਲੇ ਦਾ ਵਿਵਰਣ ਦਿਤਾ ਹੈ। ਉਸ ਨੇ ਸਥਾਨ ਅਤੇ ਪਾਰਟੀਆਂ ਦੇ ਨਾਮ ਨਹੀਂ ਦਿਤੇ ਹਨ। ਉਨ੍ਹਾਂ ਨੂੰ ਸ਼ੱਕ ਸੀ ਕਿ ਕਿਤੇ ਦਲਿਤ ਵਰਗ ਦੇ ਵਿਚਾਰੇ ਸਕੂਲ ਮਾਸਟਰਾਂ ਨੂੰ ਡਾਕਟਰੀ ਕਰਮਚਾਰੀ ਹੋਰ ਪਰੇਸ਼ਾਨ ਨਾ ਕਰਨ। ਲੇਕਿਨ ਮੈਂ ਚਾਹੁੰਦਾ ਹਾਂ ਕਿ ਨਾਮ ਦੱਸਿਆ ਜਾਵੇ। ਅਜਿਹਾ ਸਮਾਂ ਆਉਣਾ ਚਾਹੀਦਾ ਹੈ ਕਿ ਦਲਿਤ ਵਰਗ ਦੇ ਲੋਕਾਂ ਨੂੰ ਇਸ ਗੱਲ ਲਈ ਪ੍ਰੇਤ ਕਰਨਾ ਹੋਵੇਗਾ ਕਿ ਉਹ ਇਸ ਨਾਲੋਂ ਵੀ ਜ਼ਿਆਦਾ ਜ਼ੁਲਮ-ਸਿਤਮ ਸਹਿਣ ਦੀ ਹਿੰਮਤ ਰੱਖਣ। ਉਨ੍ਹਾਂ ਦੀ ਪੀੜਾ ਪਹਿਲਾਂ ਹੀ ਇਤਨੀ ਜ਼ਿਆਦਾ

ਡੂਘੀ ਹੈ ਕਿ ਉਸ ਵਿੱਚ ਹੋਰ ਵਾਧੇ ਨੂੰ ਸਹਿਨ ਕਰਨ ਦੀ ਹਿੰਮਤ ਨਹੀਂ ਹੈ। ਉਨ੍ਹਾਂ ਕਸ਼ਟਾਂ ਵਿਰੁੱਧ ਲੋਕ ਮੱਤ ਤਿਆਰ ਨਹੀਂ ਕੀਤਾ ਜਾ ਸਕਦਾ ਜਿਨ੍ਹਾਂ ਦਾ ਸ਼ਾਸਨ ਵਿੱਚ ਹੱਥ ਨਾ ਹੋਵੇ। ਅਤੇ ਜੜ੍ਹ ਦਾ ਪਤਾ ਨਾ ਲੱਗੇ। ਮੈਨੂੰ ਬੰਬਈ ਦੀ ਮੈਡੀਕਲ ਕੌਂਸਲ ਦੇ ਨਿਯਮਾਂ ਦਾ ਪਤਾ ਨਹੀਂ ਹੈ। ਪਰ ਮੈਂ ਇਤਨਾ ਜ਼ਰੂਰ ਜਾਣਦਾ ਹਾਂ ਕਿ ਜਿਥੇ ਜਿਥੇ ਡਾਕਟਰ ਹਨ ਉਹ ਦਲਿਤ ਵਰਗ ਦੇ ਮਰੀਜ਼ਾਂ ਨੂੰ ਦੇਖਣੋਂ ਨਾਂਹ ਕਰ ਦਿੰਦੇ ਹਨ। ਅਜਿਹਾ ਡਾਕਟਰ ਕੌਂਸਲ ਨੂੰ ਜਵਾਬਦੇਹ ਹੋਵੇਗਾ। ਉਸ ਦਾ ਨਾਮ ਕੌਂਸਲ ਦੀ ਸੂਚੀ ਵਿਚੋਂ ਕੱਟਿਆ ਜਾ ਸਕਦਾ ਹੈ। ਉਸ ਦੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ। ਨਿਰਸੰਦੇਹ ਫੀਸ ਲਈ ਜਾਣੀ ਚਾਹੀਦੀ ਹੈ ਪਰੰਤੂ ਕਿਸੇ ਵੀ ਡਾਕਟਰ ਦਾ ਫਰਜ਼ ਮਰੀਜ ਦੀ ਦੇਖ-ਭਾਲ ਕਰਨਾ ਹੈ ਭਾਵੇਂ ਉਹ ਕਿਸੇ ਵੀ ਵਰਗ ਦਾ ਹੋਵੇ। ਜਦੋਂ ਤੱਥ ਅਮਾਨਵੀ ਪ੍ਰਕਾਰ ਦੇ ਵਿਵਹਾਰ ਨਾਲ ਸਬੰਧਤ ਹੋਣ ਤਾਂ ਅਜਿਹਾ ਡਾਕਟਰ ਜੋ ਅਛੂਤਾਂ ਨੂੰ ਦੇਖਣ ਤੋਂ ਪਰਖਣ ਤੋਂ ਨਾਂਹ ਕਰ ਦੇਵੇ ਤਾਂ ਇਹ ਕਿਤਨਾ ਵੱਡਾ ਪਾਪ ਹੈ, ਮੁਕਾਮ ਹੈ, ਉਸ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਕਿਸੇ ਵੀ ਹਾਲਤ ਵਿੱਚ ਛੂਤ-ਛਾਤ ਨੂੰ ਖ਼ਤਮ ਕਰਨ ਦਾ ਨਿਯਮ ਲਾਗੂ ਹੋਣਾ ਹੈ ਤਾਂ ਨਿਸ਼ਚਿਤ ਰੂਪ ਵਿੱਚ ਇਸ ਕਾਰੋਬਾਰ ਤੇ ਕਾਨੂੰਨ ਲਾਗੂ ਹੋਣਾ ਚਾਹੀਦਾ ਹੈ। ਜੋ ਕਾਰੋਬਾਰ ਦੀ ਮਰਿਤਾ ਨੂੰ ਕਲੰਕਤ ਕਰਦਾ ਹੈ, ਮੈਨੂੰ ਆਸ ਹੈ, ਉਸ ਵਿਰੁੱਧ ਕਾਰਵਾਈ ਜ਼ਰੂਰ ਕੀਤੀ ਜਾਵੇਗੀ। ਇਕ ਗੱਲ ਜ਼ਰੂਰ ਹੈ ਕਿ ਠੱਕਰ ਸਾਹਿਬ ਦੇ ਲੋਕਾਂ ਨੇ ਗੱਲ ਨੂੰ ਵਧਾ-ਚੜ੍ਹਾ ਕੇ ਜ਼ਰੂਰ ਲਿਖਿਆ ਹੈ। ਜੇ ਇਹ ਕਥਾ ਗ਼ਲਤ ਹੋਵੇ ਤਾਂ ਡਾਕਟਰ ਸਾਹਮਣੇ ਆਵੇ ਅਤੇ ਉਹ ਸਮਾਜ ਦੀ ਲੋੜੀਂਦੀ ਇੱਛਾ ਪੂਰੀ ਕਰੇਗਾ, ਜਿਸ ਨੂੰ ਉਸ ਨੇ ਆਪਣੇ ਮਾੜੇ ਵਿਵਹਾਰ ਨਾਲ ਖਰਾਬ ਕੀਤਾ ਸੀ।

ਪੜ੍ਹੋ - ਸਮਝੋ ਅਤੇ ਰੋਵੋ

ਕਾਠੀਆਵਾੜ ਦੇ ਇਕ ਪਿੰਡ ਵਿੱਚ ਦਲਿਤ ਵਰਗ ਦੇ ਲੋਕਾਂ ਲਈ ਇਕ ਸਕੂਲ ਹੈ। ਅਧਿਆਪਕ ਇਕ ਸੁਚੱਜਾ ਅਤੇ ਦੇਸ਼ ਭਗਤ ਵਿਅਕਤੀ ਹੈ ਜੋ ਢੇਡ ਜੁਲਾਹਾ ਪਰਿਵਾਰ ਵਿਚੋਂ ਹੈ। ਉਨ੍ਹਾਂ ਨੇ ਮਹਾਂਮਹਿਮ ਗਾਇਕਵਾੜ ਦੀ ਜ਼ਰੂਰੀ ਸਿਖਿਆ ਨੀਤੀ ਅਧੀਨ ਸਿਖਿਆ ਪ੍ਰਾਪਤ ਕੀਤੀ ਹੈ ਅਤੇ ਉਹ ਆਪਣੀ ਜਾਤੀ ਦੀ ਉਸਾਰੀ ਲਈ ਭਰਪੂਰ ਯਤਨ ਕਰ ਰਹੇ ਹਨ। ਉਹ ਇਤਨਾ ਸਭਿਅਕ ਅਤੇ ਸੁਜੋਗ ਵਿਅਕਤੀ ਹੈ ਕਿ ਕੋਈ ਵੀ ਉਸ ਨੂੰ ਅਛੂਤ ਨਹੀਂ ਕਹਿ ਸਕਦਾ। ਪਰੰਤੂ ਉਹ ਕਿਉਂਕਿ ਬਦਕਿਸਮਤੀ ਨਾਲ ਜਾਂ ਕਿਸਮ ਨਾਲ ਕਾਠੀਆਵਾੜ ਦੇ ਇਕ ਰੂੜੀਵਾਦੀ ਪਿੰਡ ਵਿੱਚ ਆਪਣੀ ਹੀ ਜਾਤੀ ਦੇ ਬੱਚਿਆਂ ਨੂੰ ਪੜ੍ਹਾ ਰਿਹਾ ਹੈ ਅਤੇ ਉਸ ਨੂੰ ਹਰ ਕੋਈ ਅਛੂਤ ਹੀ ਮੰਨਦਾ ਹੈ। ਪਰ ਇਸ ਸਾਰੇ ਕੁਝ ਦੀ ਪਰਵਾਹ ਨਾ ਕਰਦੇ ਹੋਏ ਉਹ ਸ਼ਾਂਤ ਭਾਵ ਨਾਲ ਆਪਣਾ ਕੰਮ ਕਰ ਰਹੇ ਹਨ। ਕਦੇ ਕਦੇ ਅਜਿਹਾ ਮੌਕਾ ਵੀ ਆਉਂਦਾ ਹੈ ਜਦੋਂ ਧੀਰਜਵਾਲਾ ਵਿਅਕਤੀ ਵੀ ਅਸਿਹਨ ਯੋਗ ਹਾਲਾਤ ਵਿੱਚ ਰਹਿ ਰਿਹਾ ਹੈ। ਉਹ ਆਪਣੀ ਵੇਦਨਾ ਅਤੇ ਮਨ ਦੀ ਦੁਨੀਆਂ ਨੂੰ ਪ੍ਰਗਟਾ ਦਿੰਦਾ ਹੈ। ਉਹ ਇਸ ਸਕੂਲ ਮਾਸਟਰ ਦੀ ਚਿੱਠੀ ਤੋਂ ਪਤਾ ਲੱਗ ਜਾਂਦਾ ਹੈ। ਇਸ ਦੇ

ਹਰ ਛੋਟੇ ਤੋਂ ਛੋਟੇ ਵਾਕ ਵਿਚੋਂ ਵੀ ਕਰੁਣਾ ਟਪਕ ਰਹੀ ਹੈ। ਮੈਂ ਪੱਤਰ ਵਿੱਚ ਲਿਖੇ ਕੁਝ ਵਾਕਾਂ ਨੂੰ ਪੜ੍ਹਿਆ ਹੈ ਅਤੇ ਉਸ ਵਿਚ ਮੈਂ ਜਾਣ ਬੁੱਝ ਕੇ ਚੰਗੇ ਵਿਅਕਤੀਆਂ ਦੇ ਨਾਮ ਨਹੀਂ ਪ੍ਰਗਟਾ ਰਿਹਾ। ਕਿਤੇ ਅਜਿਹਾ ਨਾ ਹੋਵੇ ਕਿ ਸਕੂਲ ਮਾਸਟਰ ਨੂੰ ਹੋਰ ਕਸ਼ਟ ਸਹਿਣੇ ਪੈਣ।

" ਨਮਕਾਰ ! ਮੇਰੀ ਪਤਨੀ ਨੇ ਇਸ ਮਹੀਨੇ ਦੀ 5 ਤਾਰੀਖ ਨੂੰ ਇਕ ਬੱਚੇ ਨੂੰ ਜਨਮ ਦਿਤਾ। 7 ਤਾਰੀਖ ਨੂੰ ਉਹ ਬੀਮਾਰ ਪੈ ਗਈ। ਉਸ ਨੂੰ ਦਸਤ ਲਗ ਗਏ। ਆਵਾਜ਼ ਬੰਦ ਹੋ ਗਈ। ਸਾਹ ਲੈਣ ਵਿੱਚ ਤਕਲੀਫ਼ ਹੋਣ ਲੱਗੀ। ਛਾਤੀ ਤੇ ਸੋਜ਼ ਪੈ ਗਈ। ਪਸੱਲੀਆਂ ਵਿੱਚ ਦਰਦ ਹੋਣ ਲੱਗ ਪਿਆ। ਮੈਂ ਡਾਕਟਰ ਨੂੰ ਬੁਲਾਉਣ ਗਿਆ, ਲੇਕਿਨ ਉਸ ਨੇ ਕਿਹਾ ਕਿ ਮੈਂ ਅਛੂਤਾਂ ਦੇ ਘਰ ਨਹੀਂ ਜਾਵਾਂਗੇ। ਮੈਂ ਉਸ ਦੀ ਜਾਂਚ ਵੀ ਨਹੀਂ ਕਰਾਂਗਾ। ਤਾਂ ਮੈਂ ਨਗਰ ਸੇਠ ਪਾਸ ਗਿਆ ਅਤੇ ਮਰਸੀਆ ਦਰਬਾਰ ਪਾਸ ਗਿਆ। ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਇਸ ਮਾਮਲੇ ਵਿੱਚ ਮੇਰੀ ਮਦਦ ਕਰੇ। ਨਗਰ ਸੇਠ ਨੇ ਜਮਾਨਤ ਦੇ ਦਿਤੀ ਕਿ ਮੇਰੀ ਵਲੋਂ ਫੀਸ ਦੇ ਰੂਪ ਵਿੱਚ ਡਾਕਟਰ ਨੂੰ ਦੇ ਦੇਣਗੇ ਅਤੇ ਇਸ ਸ਼ਰਤ ਤੇ ਕਿ ਮਰੀਜ਼ ਨੂੰ ਘਰੋਂ ਬਾਹਰ ਕੱਢਣ ਉਪਰੰਤ ਹੀ ਉਹ ਉਸ ਨੂੰ ਦੇਖਣਗੇ। ਉਹ ਆਉਣ ਨੂੰ ਤਿਆਰ ਹੋ ਗਿਆ। ਉਹ ਆਇਆ ਅਤੇ ਲੱਜਾ ਨੂੰ ਬਾਹਰ ਕਢਵਾ ਲਿਆ ਤਾਂ ਡਾਕਟਰ ਨੇ ਥਰਮਾਮੀਟਰ ਇਕ ਮੁਸਲਮਾਨ ਨੂੰ ਦਿੱਤਾ ਅਤੇ ਉਸ ਨੇ ਤਾਪਮਾਨ ਲੈਣ ਉਪ੍ਰੰਤ ਥਰਮਾਮੀਟਰ ਡਾਕਟਰ ਨੂੰ ਵਾਪਸ ਪਰਤਾਇਆ। ਉਸ ਵੇਲੇ ਰਾਤ ਦੇ 8 ਵੱਜੇ ਸਨ। ਡਾਕਟਰ ਨੇ ਲੈਂਪ ਦੀ ਰੌਸ਼ਨੀ ਵਿੱਚ ਥਰਮਾਮੀਟਰ ਦੇਖ ਕੇ ਕਿਹਾ ਕਿ ਇਸ ਨੂੰ ਨਮੂਨੀਆ ਹੈ। ਸਾਹ ਘੁਟ ਰਿਹਾ ਹੈ। ਇਸ ਤੋਂ ਬਾਅਦ ਡਾਕਟਰ ਚਲਾ ਗਿਆ ਅਤੇ ਦਵਾਈ ਭੇਜ ਦਿਤੀ। ਮੈਂ ਬਜਾਰੋਂ ਅਲਸੀ ਦਾ ਤੇਲ ਖਰੀਦਿਆ ਅਤੇ ਬੀਮਾਰ ਦੀ ਛਾਤੀ ਤੇ ਅਲਸੀ ਦੇ ਤੇਲ ਦੀ ਪੁਲਟਸ ਬੰਨ੍ਹ ਰਹੇ ਹਾਂ ਅਤੇ ਦਵਾਈ ਦੇ ਰਹੇ ਹਾਂ। ਡਾਕਟਰ ਦੁਬਾਰਾ ਜਾਂਚਣ ਲਈ ਤਿਆਰ ਨਹੀਂ ਹੋਇਆ। ਉਸ ਨੇ ਦੂਰ ਤੋਂ ਹੀ ਦੇਖਿਆ। ਮੈਂ ਉਸ ਨੂੰ ਫੀਸ ਦੇ ਦੋ ਰੁਪਏ ਦਿਤੇ। ਬੀਮਾਰੀ ਖਤਰਨਾਕ ਹੈ, ਸਭ ਕੁਝ ਉਪਰ ਵਾਲੇ ਦੇ ਹੱਥ ਵਿੱਚ ਹੈ।

2

ਮੇਰੇ ਜੀਵਨ ਦਾ ਪ੍ਰਕਾਸ਼ ਬੁਝ ਗਿਆ। ਅੱਜ ਦੁਪਹਿਰ ਬਾਅਦ ਦੋ ਵਜੇ ਉਸ ਦਾ ਦੇਹਾਂਤ ਹੋ ਗਿਆ। ਟਿੱਪਣੀ ਕਰਨਾ ਵਿਅਰਥ ਹੈ। ਉਸ ਡਾਕਟਰ ਦੀ ਅਮਾਨਵਤਾ ਬਾਰੇ ਕੋਈ ਕੀ ਕਹਿ ਸਕਦਾ ਹੈ, ਜਿਸ ਨੇ ਥਰਮਾਮੀਟਰ ਲਾਉਣ ਤੋਂ ਇਨਕਾਰ ਕਰ ਦਿਤਾ ਅਤੇ ਸਾਫ਼ ਵੀ ਮੁਸਲਮਾਨ ਪਾਸੋਂ ਹੀ ਕਰਵਾਇਆ। ਉਸਨੇ ਦੋ ਦਿਨ ਤੋਂ ਤੜਫ਼ ਰਹੀ ਇਕ ਨਾਰੀ ਨੂੰ ਕੁੱਤੇ ਬਿਲੀਆਂ ਨਾਲੋਂ ਵੀ ਮਾੜਾ ਸਮਝਿਆ। ਕੋਈ ਉਸ ਸਮਾਜ ਨੂੰ ਕੀ ਕਹੇ ਜੋ ਇਸ ਅਮਾਨਵਤਾ ਨੂੰ ਸਹਿ ਰਿਹਾ ਹੈ, ਦੇਖਣ ਵਾਲਾ ਕੇਵਲ ਰੋ ਹੀ ਸਕਦਾ ਹੈ।

ਏ.ਬੀ. ਠੱਕਰ

ਮਦ ਨੰ: 6

(ਟਾਈਮਜ਼ ਆਫ ਇੰਡੀਆ 1-4-28 ਅਤੇ 10-2-29 ਤੋਂ)

ਹਿੰਦੂਆਂ ਦਾ ਅਤਿਆਚਾਰ)

ਬਲਾਈਆ ਲਈ ਨਿਯਮ

ਨਿਰਧਾਰਤ ਜੀਵਨ ਚਰਚਾ

ਪਿਛਲੇ ਮਈ ਦੇ ਮਹੀਨੇ ਵਿੱਚ ਸਵਰਨ ਹਿੰਦੂਆਂ ਨੇ ਅਰਥਾਤ ਕਲੋਟਾ, ਰਾਜਪੂਤਾਂ ਅਤੇ ਬ੍ਰਾਹਮਣਾਂ ਨੇ, ਜਿਸ ਵਿਚ ਮਾਵ, ਕਨਾਡੀਆ, ਬਚੌਲੀ, ਹਫਸੀ ਵਿਚੋਲੀ ਮਰਦਾਨਾ ਅਤੇ ਇੰਦੌਰ ਜ਼ਿਲ੍ਹੇ ਦੇ 15 ਦੂਜੇ ਪਿੰਡਾਂ ਦੇ ਪਟੇਲ ਅਤੇ ਪਟਵਾਰੀ ਵੀ ਸ਼ਾਮਲ ਹਨ, ਬਲਾਈਆਂ ਨੂੰ ਕਿਹਾ ਹੈ ਕਿ ਜੇ ਉਹ ਇਨ੍ਹਾਂ ਪਿੰਡਾਂ ਵਿੱਚ ਰਹਿਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਇਹ ਨਿਯਮ ਮੰਨਣੇ ਪੈਣਗੇ:-

1. ਬਲਾਈ ਜਰੀ ਦੀ ਪਗੜੀ ਨਹੀਂ ਪਹਿਨਣਗੇ।

2. ਉਹ ਰੰਗੀਨ ਜਾਂ ਕਿਨਾਰੀ ਵਾਲੀ ਧੋਤੀ ਨਹੀਂ ਪਹਿਨਣਗੇ।

3. ਉਹ ਕਿਸੇ ਹਿੰਦੂ ਦੀ ਮੌਤ ਤੇ ਉਸ ਦੇ ਰਿਸ਼ਤੇਦਾਰਾਂ ਨੂੰ ਖਬਰ ਪਹੁੰਬਚਾਉਣਗੇ, ਭਾਵੇਂ ਉਹ ਕਿਤਨੀ ਦੂਰ ਕਿਉਂ ਨਾ ਰਹਿੰਦੇ ਹੋਣ।

4. ਹਿੰਦੂਆਂ ਦੇ ਸ਼ਾਦੀ-ਵਿਆਹ ਦੇ ਮੌਕਿਆਂ ਤੇ ਬਾਰਾਤ ਦੇ ਅੱਗੇ ਅਤੇ ਸ਼ਾਦੀ ਦੇ ਦੌਰਾਨ ਗਾਉਣ-ਵਜਾਉਣ ਦਾ ਕੰਮ ਕਰਨਗੇ।

5. ਬਲਾਈ ਇਸਤ੍ਰੀਆਂ ਸੋਨੇ-ਚਾਂਦੀ ਦੇ ਜ਼ੇਬਰ ਨਹੀਂ ਪਹਿਨ ਸਕਦੀਆਂ। ਉਹ ਫੈਂਸੀ-ਲਹਿੰਗੇ, ਫੈਂਸੀ ਕੁੜਤੀ ਵੀ ਨਹੀਂ ਪਹਿਨ ਸਕਦੀ।

6. ਬਲਾਈ ਇਸਤਤ੍ਰੀਆਂ ਹਿੰਦੂਆਂ ਦੀਆਂ ਔਰਤਾਂ ਦੀ ਹਰ ਪ੍ਰਕਾਰ ਦੀ ਦੇਖ ਰੇਖ ਕਰਨਗੀਆਂ।

7. ਬਲਾਈਆਂ ਨੂੰ ਖਿਦਮਤਗਾਰੀ ਬਿਨਾਂ ਉਜਰਤ ਕਰਨੀ ਹੋਵੇਗੀ ਅਤੇ ਖੁਸ਼ੀ ਨਾਲ ਜੋ ਉਨ੍ਹਾਂ ਨੂੰ ਦਿਤਾ ਜਾਵੇਗਾ, ਉਹ ਸਵੀਕਾਰ ਹੋਵੇਗਾ।

8. ਜੇ ਬਲਾਈ ਇਨ੍ਹਾਂ ਸ਼ਰਤਾਂ ਨੂੰ ਨਹੀਂ ਮੰਨਦੇ ਤਾਂ ਉਹ ਪਿੰਡ ਛੱਡ ਜਾਣ।

ਬਲਾਈਆਂ ਦਾ ਇਨਕਾਰ

ਬਲਾਈਆਂ ਨੇ ਸ਼ਰਤਾਂ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ। ਹਿੰਦੂਆਂ ਨੇ ਉਨ੍ਹਾਂ ਵਿਰੁੱਧ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ। ਬਲਾਈਆਂ ਦਾ ਖੂਹਾਂ ਤੇ ਚੜ੍ਹਨਾ ਬੰਦ

ਹੋਇਆ। ਉਨ੍ਹਾਂ ਦੇ ਪਸ਼ੂਆਂ ਨੂੰ ਚਰਨ ਤੇ ਰੋਕ ਲੱਗੀ। ਹਿੰਦੂਆਂ ਦੀ ਜ਼ਮੀਨ ਤੇ ਚੱਲਣਾ ਫਿਰਨਾ ਬੰਦ ਕੀਤਾ ਗਿਆ। ਜੇ ਕਿਸੇ ਬਲਾਈ ਦਾ ਖੇਤ ਹਿੰਦੂਆਂ ਦੇ ਖੇਤ ਨਾਲ ਲਗਦਾ ਹੋਵੇ ਤਾਂ ਬਲਾਈ ਦਾ ਰਸਤਾ ਬੰਦ ਹੋਵੇਗਾ ਅਤੇ ਹਿੰਦੂ ਜਿਵੇਂ ਚਾਹਵੇ ਤੁਰਦਾ-ਫਿਰਦਾ ਰਹੇ। ਹਿੰਦੂਆਂ ਦੇ ਪਸ਼ੂ ਦਲਿਤਾਂ ਦੇ ਖੇਤ ਉਜਾੜਨ ਲੱਗੇ। ਬਲਾਈਆਂ ਨੇ ਦਰਬਾਰ ਵਿੱਚ ਬੇਨਤੀ ਕੀਤੀ ਪਰੰਤੂ ਉਨ੍ਹਾਂ ਨੂੰ ਸਮੇਂ ਸਿਰ ਮਦਦ ਨਾ ਮਿਲੀ। ਸੈਂਕੜੇ ਬਲਾਈ ਜ਼ੁਲਮ ਸਹਿੰਦੇ ਰਹੇ। ਉਨ੍ਹਾਂ ਨੂੰ ਆਪਣੇ ਬਾਲ-ਬੱਚਿਆਂ ਨਾਲ ਪਿੰਡ ਛੱਡਣਾ ਪਿਆ ਜਿਥੇ ਕਿ ਉਹ ਪਿਤਾ ਪੁਰਖੀ ਤੋਂ ਰਹਿ ਰਹੇ ਸਨ। ਉਹ ਧਾਰ, ਦਿਵਾਸ ਬਾਗਲੀ, ਭੋਪਾਲ, ਗਵਾਲੀਅਰ ਵਰਗੇ ਪੜੋਸੀ ਪਿੰਡਾਂ ਵਿੱਚ ਜਾ ਵਸੇ।

ਜਬਰਨ ਸਮਝੌਤਾ

ਇੰਦੌਰ ਤੋਂ ਉਤੱਰ ਵਿੱਚ ਕੇਵਲ 7 ਮੀਲ ਦੂਰ ਰੇਵਤ ਪਿੰਡੂ ਹਿੰਦੂਆਂ ਨੇ ਕੁਝ ਦਿਨ ਪਹਿਲਾਂ ਬਲਾਈਆਂ ਨੂੰ ਹੁਕਮ ਦਿੱਤਾ ਕਿ ਉਹ ਦੂਜੇ ਪਿੰਡਾਂ ਦੇ ਹਿੰਦੂਆਂ ਦੁਆਰਾ ਬਲਾਈਆਂ ਵਿਰੁੱਧ ਬਣਾਏ ਨਿਯਮਾਂ ਤੇ ਆਧਾਰਤ ਮੰਨੇ ਗਏ ਸਮਝੌਤੇ ਤੇ ਦਸਤਖ਼ਤ ਕਰੇ। ਬਲਾਈਆਂ ਨੇ ਇਨਕਾਰ ਕਰ ਦਿਤਾ। ਦੱਸਿਆ ਜਾਂਦਾ ਹੈ ਕਿ ਉਨ੍ਹਾਂ ਵਿਚੋਂ ਕੁਝ ਦਲਿਤਾਂ ਦੀ ਚੰਗੀ ਤਰ੍ਹਾਂ ਠੁਕਾਈ ਕੀਤੀ ਅਤੇ ਇਕ ਨੂੰ ਖੰਬੇ ਨਾਲ ਬੰਨ੍ਹ ਦਿੱਤਾ ਅਤੇ ਕਿਹਾ ਕਿ ਉਸ ਨੂੰ ਤਾਂ ਹੀ ਛੱਡਿਆ ਜਾਵੇਗਾ ਜੇਕਰ ਬਾਕੀ ਬਲਾਈ ਦਸਤਖਤ ਕਰਨਗੇ। ਉਸ ਨੇ ਦਸਤਖਤ ਕਰ ਦਿਤੇ ਅਤੇ ਜਾਨ ਛੁਡਾਈ। ਕੁਲ ਬੁਲਾਈ ਦੌੜਕੇ ਅਗਲੇ ਦਿਨ 20 ਦਸੰਬਰ ਨੂੰ ਪ੍ਰਧਾਨ ਮੰਤਰੀ ਪਾਸ ਚਲੇ ਗਏ ਅਤੇ ਉਨ੍ਹਾਂ ਨੂੰ ਰੇਵਤੀ ਗਾਂਵ ਦੇ ਹਿੰਦੂਆਂ ਦੇ ਜ਼ੁਲਮ ਦੀ ਕਹਾਣੀ ਸੁਣਾਈ। ਉਨ੍ਹਾਂ ਨੂੰ ਜ਼ਿਲ੍ਹੇ ਦੀ ਸਭਾ ਪਾਸ ਭੇਜਿਆ ਗਿਆ। ਇਸ ਅਧਿਕਾਰੀ ਨੇ ਪੁਲਿਸ ਦੀ ਸਹਾਇਤਾ ਨਾਲ ਜਾਂਚ ਕੀਤੀ ਅਤੇ ਸਿਫ਼ਾਰਸ਼ ਕੀਤੀ ਕਿ ਹਿੰਦੂਆਂ ਦੇ ਵਿਰੁੱਧ ਭਾਰਤੀ ਦੰਡਾਵਲੀ ਸੇਹਿਤਾ ਦੀ ਧਾਰਾ 342 ਅਤੇ 147 ਅਧੀਨ ਕਾਰਵਾਈ ਕੀਤੀ ਜਾਵੇ ਅਤੇ ਬਲਾਈਆਂ ਵਿਰੁੱਧ ਧਾਰਾ 147 ਤਹਿਤ ਕਾਰਵਾਈ ਕੀਤੀ ਜਾਵੇ।

ਬਲਾਈਆਂ ਨੇ ਪਿੰਡ ਛੱਡਿਆ।

ਜਾਤੀ ਉਤਪੀੜਨ

ਕਾਨੂੰਨ ਦੀ ਜਾਣਕਾਰੀ ਨਾ ਹੋਣਾ- ਇਕ ਅਸੁਵਿਧਾ

ਕਈ ਪਿੰਡਾਂ ਦੇ ਬਲਾਈਆਂ ਵਿਰੁੱਧ ਹਿੰਦੂਆਂ ਦੇ ਵਿਵਹਾਰ ਵਿੱਚ ਕੋਈ ਸੁਧਾਰ ਨਹੀਂ ਹੋਇਆ। ਇਹ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਸਵਰਨ ਹਿੰਦੂਆਂ ਨੇ ਬਲਾਈਆਂ ਨਾਲ ਦੁਰਵਿਵਹਾਰ ਕੀਤਾ। ਇੰਦੌਰ ਜ਼ਿਲ੍ਹੇ ਦੇ ਇਕੱਲੇ ਨਿਪਾਲਪੁਰ ਪ੍ਰਗਣੇ ਵਿੱਚ ਬਲਾਈਆਂ ਨੂੰ ਘਰ ਛੱਡਣੇ ਪਏ। ਆਸ ਪਾਸ ਦੇ ਪਿੰਡਾਂ ਵਿੱਚ ਇਨ੍ਹਾਂ ਨੂੰ ਸ਼ਰਨ ਲੈਣੀ ਪਈ। ਜਿਨ੍ਹਾਂ

ਪਿੰਡਾਂ ਵਿਚੋਂ ਬਲਾਈਆਂ ਨੂੰ ਭਜਾਇਆ ਗਿਆ, ਉਹ ਹਨ : ਬਦੌਲੀ ਅਹੀਰ, ਖਿਡਾਲ, ਪਿਪਲੋਦਾ, ਪਾਮਲਪੁਰ, ਮੂਰਖੇਡਾ, ਬਡੋਦਾ, ਚੱਟਵਾੜਾ, ਨੇਵ੍ਹਰੀਪਾਲ, ਸਨੋਘਾ, ਅਜਨੌਟੀ, ਖਤੇੜੀ ਅਤੇ ਸਨਾਵੜਾ ਪਾਲਮਪੁਰ, ਗਾਂਵ ਤਾਂ ਪੂਰੀ ਤਰ੍ਹਾਂ ਉਜੜ ਗਏ ਅਤੇ ਉਥੇ ਬਲਾਈਆਂ ਦਾ ਨਾਮੋ ਨਿਸ਼ਾਨ ਨਹੀਂ ਹੈ। ਦੱਸਿਆ ਜਾਂਦਾ ਹੈ ਕਿ ਇਨ੍ਹਾਂ ਪਿੰਡਾਂ ਦੇ ਇਕ ਨਿਵਾਸੀ ਨੰਦਾ ਬਲਾਈ ਦੀ ਹਿੰਦੂਆਂ ਨੇ ਜੰਮ ਕੇ ਧੁਲਾਈ ਕੀਤੀ। ਰਿਪੋਰਟਰ ਅਨੁਸਾਰ ਇਕ ਪਿੰਡ ਵਿੱਚ ਹਿੰਦੂਆਂ ਨੇ ਬਲਾਈਆਂ ਦੀਆਂ ਸਾਰੀਆਂ ਝੋਂਪੜੀਆਂ ਨੂੰ ਅੱਗ ਲਗਾ ਦਿਤੀ ਅਤੇ ਮਰਨ ਵਾਲਿਆਂ ਦਾ ਅਜੇ ਤਕ ਕੋਈ ਪਤਾ-ਥਹੁ ਨਹੀਂ ਲੱਗਾ।

ਬਲਾਈ ਭੋਲੇ ਭਾਲੇ ਪੇਂਡੂ ਹਨ ਅਤੇ ਕਾਨੂੰਨ ਤੋਂ ਅਣਜਾਣ ਹਨ। ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਇਕ ਵਾਰੀ ਸਰਕਾਰ ਨੂੰ ਅਰਜ਼ੀ ਭੇਜ ਦੇਣ ਨਾਲ ਖੁਦ ਹੀ ਠੀਕ ਹੋ ਜਾਵੇਗਾ। ਉਨ੍ਹਾਂ ਨੂੰ ਆਪਣੀ ਸ਼ਿਕਾਇਤ ਦਰਜ ਕਰਾਉਣ ਦਾ ਨਾ ਤਰੀਕਾ ਪਤਾ ਹੈ ਅਤ ਨਾ ਹੀ ਸਾਧਨ ਹੈ। ਇਹ ਵੀ ਦੱਸਿਆ ਜਾਂਦਾ ਹੈ ਕਿ ਕੁਝ ਮਾਮਲਿਆਂ ਵਿੱਚ ਆਪਣੇ ਜੁਰਮਾਂ ਦੇ ਵਿਰੋਧ ਵਿੱਚ ਨਾ ਕੋਈ ਗਵਾਹ ਪੇਸ਼ ਕਰ ਸਕੇ ਅਤੇ ਨਾ ਹੀ ਖੁਦ ਪੇਸ਼ ਹੋ ਸਕੇ। ਮੈਜਿਸਟ੍ਰੇਟ ਪਾਸ ਹੋਰ ਕੋਈ ਵੀ ਚਾਰਾ ਨਹੀਂ ਸੀ ਕਿ ਉਹ ਮੁਕੱਦਮਾ ਖਾਰਜ ਕਰਦਾ।

ਮਦ ਨੰ: 7

(ਬੰਬਈ ਕਰਾਨੀਮਲ 25 ਫਰਵਰੀ, 1928 ਤੋਂ)

(ਰੂੜ੍ਹੀਵਾਦੀ ਪਾਗਲਪੰਨ: ਅਛੂਤਾਂ ਪ੍ਰਤਿ ਕਥਿਤ ਭੇ ੜੇ ਵਿਵਹਾਰ-ਮਹਾਰ ਹੋਣ ਦਾ ਅਪ੍ਰਾਧ)

ਅਹਿਮਦਾਬਾਦ ਤੋਂ ਸ਼੍ਰੀ ਕੈਸ਼ ਜੀ ਰੰਨਛੋੜ ਬਘੇਲਾ ਨੇ ਬਹਿਸ਼ਕ੍ਰਿਤ ਹਿਤਕਾਰੀ ਸਭਾ ਦੇ ਪ੍ਰਧਾਨ ਡਾ. ਭੀਮ ਰਾਉ ਅੰਬੇਡਕਰ ਨੂੰ ਸੂਚਨਾ ਦਿਤੀ ਹੈ " ਬਾਪੂ ਰਾਵ ਲਕਸ਼ਮਣ ਅਤੇ ਉਨ੍ਹਾਂ ਦੇ ਭਾਈ ਕੌਰਵ ਪਿਛਲੇ 6 ਵਰ੍ਹਿਆਂ ਤੋਂ ਉਥੇ ਰਹਿ ਰਹੇ ਹਨ। ਇਹ ਮਰਾਠਾ ਜਾਤੀ ਦੇ ਦੱਖਣ ਤੋਂ ਆਏ ਕੁਝ ਲੋਕਾਂ ਨਾਲ ਉਠਦੇ ਬੈਠਦੇ ਸਨ। ਦਾਮੂ ਅਤੇ ਲਕਸ਼ਮਣ ਨਾਮਕ ਕੌਰਵ ਦੇ ਦੋ ਬੇਟੇ ਮਰਾਠਿਆਂ ਦੀਆਂ ਭਜਨ ਮੰਡਲੀਆਂ ਵਿੱਚ ਹਿੱਸਾ ਲਿਆ ਕਰਦੇ ਸਨ। ਪਰੰਤੂ ਹਾਲ ਹੀ ਵਿੱਚ ਮਰਾਠਿਆਂ ਨੂੰ ਪਤਾ ਲੱਗਾ ਕਿ ਦਾਮੂ ਅਤ ਲਕਸ਼ਮਣ ਨਾਮਕ ਦੋਵੇਂ ਭਾਈ ਮੁਹਾਰ ਜਾਤੀ ਦੇ ਸਨ ਅਤਤੇ ਇਸ ਬਾਰੇ ਨਿਸ਼ਚਤ ਕਰਨ ਲਈ ਸੂਰਤ ਅਤੇ ਅਹਿਮਦਾਬਾਦ ਵਿਚਕਾਰ ਚੱਲਣ ਵਾਲੀ ਪਾਰਸਲ ਟ੍ਰੇਨ ਵਿੱਚ ਕੰਮ ਕਰਨ ਵਾਲੇ ਮੁਹਾਰਾਂ ਨੂੰ ਪਛਾਣ ਲਈ ਖਾਸ ਤੌਰ ਤੇ ਬੁਲਾਇਆ ਗਿਆ। ਇਹ ਨਿਸ਼ਚਾ ਕਰਨ ਤੋਂ ਬਾਅਦ ਕਿ ਦਾਮੂ ਅਤੇ ਲਕਸ਼ਮਣ ਮੁਹਾਰ ਸਨ, ਉਨ੍ਹਾਂ ਨੂੰ ਇਸੇ ਮਹੀਨੇ ਦੀ 11 ਤਰੀਕ ਨੂੰ ਅੱਧੀ ਰਾਤ ਨੂੰ ਕਾਲੂਪੁਰ ਭੰਡਾਰੀ ਪੋਲ ਵਿੱਚ ਭਜਨ ਮੰਡਲੀ ਲਈ ਬੁਲਾਇਆ ਗਿਆ। ਜਦੋਂ ਪੁੱਛਿਆ ਗਿਆ ਕਿ ਉਹ ਕਿਹੜੀ ਜਾਤੀ ਦੇ ਹਨ ਤਾਂ ਉਨ੍ਹਾਂ ਉਤੱਰ ਦਿਤਾ ਕਿ ਉਹ

ਸੋਮਵੰਸ਼ੀ ਸਨ। ਇਸ ਉਤੱਰ ਨਾਲ ਮਰਾਠੀ ਗੁੱਸੇ ਹੋ ਗਏ। ਮਰਾਠਿਆਂ ਨੇ ਉਨ੍ਹਾਂ ਨੂੰ ਦਿਲ ਭਰਕੇ ਗਾਲ੍ਹਾਂ ਦਿਤੀਆਂ ਅਤੇ ਕਿਹਾ ਕਿ ਉਨ੍ਹਾਂ ਨੇ ਉਨ੍ਹਾਂ ਦੇ ਵਿਅਕਤੀਆਂ ਅਤੇ ਸਥਾਨਾਂ ਨੂੰ ਭਿੱਟਿਆ ਹੈ। ਮਰਾਠਿਆਂ ਨੇ ਮੁਹਾਰਾਂ ਦੀ ਠੁਕਾਈ ਅਤੇ ਪਿਟਾਈ ਕੀਤੀ। ਇਕ ਭਰਾ ਕੋਲ ਸੋਨੇ ਦੀ ਅੰਗੂਠੀ ਸੀ। ਉਹ ਉਸ ਪੋਂ ਜ਼ਬਰਦਸਤੀ ਲੈ ਲਈ ਗਈ ਅਤੇ ਉਸ ਨੂੰ 11 ਰੁਪਏ ਵਿੱਚ ਵੇਚ ਦਿਤਾ ਗਿਆ। ਇਸ ਰਕਮ ਵਿਚੋਂ 6 ਰੁਪਏ ਉਸ ਮੁਹਾਰ ਨੂੰ ਦੇ ਦਿਤੇ ਗਏ। ਜਿਨ੍ਹਾਂ ਨੂੰ ਇਨ੍ਹਾਂ ਭਰਾਵਾਂ ਨੂੰ ਪਛਾਣਨ ਲਈ ਸੂਰਤ ਤੋਂ ਬੁਲਾਇਆ ਗਿਆ ਸੀ, ਦਾਮੂ ਅਤੇ ਲਕਸ਼ਮਣ ਨੇ ਬੇਨਤੀ ਕੀਤੀ ਕਿ ਮਰਾਠੇ ਉਨ੍ਹਾਂ ਨੂੰ ਉਨ੍ਹਾਂ ਦੇ ਘਰ ਵਾਪਿਸ ਜਾਣ ਲਈ ਆਗਿਆ ਦੇਵੇ। ਮਰਾਠਿਆਂ ਨੇ ਕਿਹਾ ਕਿ ਉਹ ਤਾਂ ਹੀ ਜਾ ਸਕਦੇ ਹਨ ਜੇਕਰ ਉਹ 500 ਰੁਪਏ ਦਾ ਜੁਰਮਾਨਾ ਭਰ ਦੇਣ। ਜਦੋਂ ਮਹਾਰ ਬੰਧੂਆਂ ਨੇ ਕਿਹਾ ਕਿ ਉਹ ਇਤਨੀ ਵੱਡੀ ਰਕਮ ਦੀ ਅਦਾਇਗੀ ਨਹੀਂ ਕਰ ਸਕਦੇ ਤਾਂ ਇਕ ਸੁਝਾਉ ਇਕ ਮਰਾਠੇ ਨੇ ਦਿਤਾ ਕਿ ਉਨ੍ਹਾਂ ਨੂੰ 125/- ਰੁਪਏ ਜੁਰਮਾਨਾ ਕੀਤਾ ਜਾਵੇ। ਪਰ ਇਕ ਮਰਾਠੇ ਨੇ ਇਸ ਜੁਰਮਾਨੇ ਦੇ ਸੁਝਾਉ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਕੇਵਲ ਜੁਰਮਾਨੇ ਦੀ ਅਦਾਇਗੀ ਤੇ ਹੀ ਸੰਤੁਸ਼ਟ ਨਹੀਂ ਹੋਣਾ ਚਾਹੀਦਾ, ਬਲਕਿ ਆਪਣੀ ਜਾਤੀ ਦੀ ਪਛਾਣ ਦੇ ਅਪਰਾਧ ਲਈ ਮੁਹਾਰ ਭਰਾਵਾਂ ਨੂੰ ਕਠੋਰ ਦੰਡ ਦਿਤਾ ਜਾਣਾ ਚਾਹੀਦਾ ਹੈ। ਅਜਿਹਾ ਫ਼ੈਸਲਾ ਕਰਨ ਤੋਂ ਬਾਅਦ ਮੁਹਾਰ ਭਰਾਵਾਂ ਨੂੰ ਰੋਕ ਲਿਆ ਗਿਆ ਅਤੇ ਸਵੇਰੇ 9 ਵਜੇ ਦੇ ਲਗਭਗ ਉਨ੍ਹਾਂ ਦਾ ਭਰਪੂਰ ਤ੍ਰਿਸਕਾਰ ਕੀਤਾ ਗਿਆ। ਬਾਂਈ ਤਰਫ ਦੀਆਂ ਦੋਹਾਂ ਦੀਆਂ ਮੁੱਛਾਂ ਉਸਤਰੇ ਨਾਲ ਸਾਫ਼ ਕਰ ਦਿਤੀਆਂ ਗਈਆਂ। ਉਨ੍ਹਾਂ ਦੇ ਸਰੀਰ ਤੇ ਤੇਲ ਅਤੇ ਮਿੱਟੀ ਵਿੱਚ ਸਿੱਨੀ ਕਾਲਖ ਲਗਾ ਦਿਤੀ ਗਈ। ਉਨ੍ਹਾਂ ਦੇ ਗਲਾਂ ਵਿਚ ਪੁਰਾਣੀਆਂ ਜੁੱਤੀਆਂ ਦੀ ਮਾਲਾ ਪਾ ਦਿਤੀ ਗਈ। ਉਨ੍ਹਾਂ ਵਿਚੋਂ ਇਕ ਦੇ ਹੰਥ ਝਾੜੂ ਫੜਾ ਦਿਤਾ ਗਿਆ ਅਤੇ ਦੂਜੇ ਦੇ ਹੱਥ ਵਿੱਚ ਤਖਤੀ ਫੜਾ ਦਿਤੀ ਗਈ। ਉਸ ਲਿਖਿਆ ਸੀ "ਦੰਡ ਇਸ ਲਈ ਦਿਤਾ ਗਿਆ ਹੈ ਕਿ ਉਨ੍ਹਾਂ ਨੇ ਉੱਚੀ ਜਾਤੀ ਦੇ ਲੋਕਾਂ ਨੂੰ ਛੂਹ ਕੇ ਬੁਰਾ ਕੰਮ ਕੀਤਾ ਹੈ। ਮੁਹਾਰ ਬੰਧੂਆਂ ਦਾ ਜਲੂਸ ਕੱਢਿਆ ਗਿਆ। ਕੋਈ 75 ਲੋਕ ਉਸ ਵਿਚ ਸ਼ਾਮਲ ਸਨ। ਅੰਗੇ ਅੱਗੇ ਢੋਲ ਪਿਟਦਾ ਜਾ ਰਿਹਾ ਸੀ ਅਤੇ ਉਕਤ ਦੋਨੋ ਮੁਹਾਰ ਬੰਧੂਆਂ ਨੇ ਪੁਲਿਸ ਕੋਲ ਸ਼ਿਕਾਇਤ ਕੀਤੀ ਹੈ। ਮੁਜਰਮ ਨੇ ਆਪਣੇ ਬਿਆਨ ਵਿੱਚ ਮੰਨਿਆ ਹੈ ਕਿ ਦਾਮੂ ਅਤੇ ਲਕਸ਼ਮਣ ਦੇ ਨਾਲ ਕਥਿਤ ਬੁਰਾ ਵਿਵਹਾਰ ਕੀਤਾ ਗਿਆ। ਲੇਕਿਨ ਕਿਹਾ ਗਿਆ ਕਿ ਸ਼ਿਕਾਇਤ ਕਰਨ ਵਾਲਿਆਂ ਨੇ ਦੰਡ ਭੁਗਤਣਾਂ ਸਵੀਕਾਰ ਕੀਤਾ ਸੀ। ਜ਼ਾਹਿਰ ਹੈ ਕਿ ਦਾਮੂ ਅਤੇ ਲਕਸ਼ਮਣ ਉਸ ਸਮੇਂ ਅਸਹਾਇ ਸਨ ਜਦ ਉਨ੍ਹਾਂ ਨੂੰ ਗਾਲੀਆਂ ਦਿਤੀਆਂ ਗਈਆਂ, ਉਨ੍ਹਾਂ ਨੂੰ ਮਾਰਿਆ-ਪਿੱਟਿਆ ਗਿਆ। ਕਿਠੋਰ ਦੰਡ ਦੀ ਧਮਕੀ ਦਿੱਤੀ ਗਈ ਅਤੇ ਅਸਲ ਵਿੱਚ ਉਨ੍ਹਾਂ ਦਾ ਭੈੜਾ ਸਲੂਕ ਕੀਤਾ ਗਿਆ। ਇਸ ਮਾਮਲੇ ਨੇ ਤਥਾ ਕਥਿਤ ਅਛੂਤ ਜਾਤੀਆਂ ਦੇ ਲੋਕਾਂ ਵਿੱਚ ਭਾਰੀ ਸੁਨਸੁਨੀ ਪੈਦਾ ਕਰ ਦਿਤੀ। ਸ਼ਿਕਾਇਤਕਰਤਾ ਨੂੰ ਕਾਨੂੰਨੀ ਮਦਦ ਲਈ ਯਤਨ ਕੀਤੇ ਜਾ ਰਹੇ ਹਨ।

ਮਦ ਨੰਬਰ 8

ਬੰਬਈ ਲੈਜਿਸਲੇਟਿਵ ਕੌਂਸਲ ਡੀਬੇਟਸ, 1927 ਖੰਡ 20

(ਭਾਗ 16, ਪੰਨਾ 1373)

ਪੁਲਿਸ ਵਿਚ ਮੁਹਾਰਾਂ ਦੀ ਭਰਤੀ

ਡਾ. ਭੀਮ ਰਾਉ ਅੰਬੇਡਕਰ : ਕੀ ਸਰਕਾਰ ਇਹ ਦੱਸਣ ਦੀ ਕਿਰਪਾ ਕਰੇਗੀ ਕਿ ਪ੍ਰੈਜ਼ੀਡੈਂਸੀ ਵਿੱਚ ਪੁਲਿਸ ਫੋਰਸ ਭਰਤੀ ਪਾਬੰਦੀ ਦਾ ਕੋਈ ਨਿਯਮ ਹੈ ?

ਮਾਨਯੋਗ ਸ਼੍ਰੀ ਜੇ.ਈ. ਬੀ. ਹਡਸਨ: ਐਸਾ ਕੋਈ ਨਿਯਮ ਨਹੀਂ ਹੈ।

ਡਾ. ਭੀਮ ਰਾਉ ਅੰਬੇਡਕਰ ; ਕੀ ਮਾਨਯੋਗ ਮੈਂਬਰ ਮੈਨੂੰ ਇਹ ਦੱਸਣ ਦੀ ਖੇਚਲ ਕਰਨਗੇ ਕਿ ਬੰਬਈ ਸ਼ਹਿਰ ਦੀ ਪੁਲਿਸ ਕਮੀਸ਼ਨ ਪਾਬੰਦੀ ਨਾ ਹੁੰਦੇ ਹੋਏ ਵੀ ਦਲਿਤਾਂ ਨੂੰ ਪੁਲਿਸ ਵਿਚ ਭਰਤੀ ਕਰਨ ਲਈ ਇਨਕਾਰ ਕਿਉਂ ਹੈ ?

ਮਾਨਯੋਗ ਸ਼੍ਰੀ ਜੇ.ਈ.ਬੀ. ਹਡਸਨ: ਇਹ ਇਕ ਬਹੁਤ ਵੱਡਾ ਮਾਮਲਾ ਹੈ। ਮੈਂ ਸਿਰਫ਼ ਇਤਨਾ ਕਹਿੰਦਾ ਹਾਂ ਕਿ ਕੁਝ ਵਿਵਹਾਰਕ ਕਠਿਨਾਈਆਂ ਹਨ ਜਿਨ੍ਹਾਂ ਬਾਰੇ ਸਦਨ ਦਾ ਹਰ ਮੈਂਬਰ ਜਾਣਦਾ ਹੈ। ਜੋ ਪੁਲਿਸ ਵਿਚ ਇਨ੍ਹਾਂ ਵਰਗਾਂ ਲਈ ਰੁਕਾਵਟ ਹੈ, ਇਸ ਤੇ ਕੋਈ ਪਾਬੰਦੀ ਨਹੀਂ ਹੈ।

ਟਿੱਪਣੀ : ਸ਼੍ਰੀ ਹਡਸਨ ਦੁਆਰਾ ਦੱਸੀਆਂ ਗਈਆਂ ਕਠਿਨਾਈਆਂ ਸਪਸ਼ਟ ਛੂਤ-ਛਾਤ ਤੋਂ ਪੈਦਾ ਹੋਈਆਂ ਕਠਿਨਾਈਆਂ ਹਨ।

ਮਦ ਨੰ: 9

(ਬੰਬਈ ਲੈਜਿਸਲੇਟਿਵ ਕੌਂਸਲ ਡਿਬੇਟਸ, 1928, ਖੰਡ 22)

(ਭਾਗ 2, ਪੰਨਾ 96-97)

ਸਰਕਾਰ ਸੇਵਾ ਵਿਚ ਕਲ੍ਰਕ

ਸ਼੍ਰੀ ਆਰ.ਐਸ. ਅਸਰਾਲੇ : ਕੀ ਸਰਕਾਰ ਇਹ ਦੱਸਣ ਦੀ ਕਿਰਪਾ ਕਰੇਗੀ ਕਿ ਭਿੰਨ ਭਿੰਨ ਸਰਕਾਰੀ ਵਿਭਾਗਾਂ ਦੇ ਦਫ਼ਤਰਾਂ ਵਿੱਚ ਗਿਣਤੀ ਕੀ ਹੈ ?

ਮਾਨਯੋਗ ਸ਼੍ਰੀ ਚੁਨੀ ਲਾਲ ਮਹਿਤਾ : ਇੱਛਤ ਸੂਚਨਾਂ ਦੇਣ ਵਾਲਾ ਵਿਵਰਣ ਸਦਨ ਦੀ ਮੇਜ਼ ਤੇ ਰੱਖ ਦਿਤਾ ਗਿਆ ਹੈ।

ਵਿਵਰਣ

	ਮਰਾਠਾ ਅਤੇ ਸਬੰਧੂ ਜਾਤੀਆਂ	ਮੁਸਲਮ	ਦਲਿਤ ਵਰਗ	ਉਕੱਤ ਹਿੰਦੂ	ਪਾਰਸੀ	ਈਸਾਈ ਯਹੂਦੀ	ਹੋਰ	ਕੁਲ
1. ਸਕੱਤਰੇਤ 31	11	-	268	38	81	11	440	
2. ਲੋਕ ਨਿਰਮਾਣ ਵਿਭਾਗ	6	-	-	64	8	103	91	
3. ਬੰਬਈ ਕਲਰਕਟਰ	3	8	-	28	-	41	44	
4. ਆਬਕਾਰੀ ਕਮੀਸ਼ਨ	1	-	-	12	5	-	-	18
5. ਲਘੂ ਬਾਅਦ ਨਿਆਲਾ	9	7	-	58	1	5	8	97
6. ਉਚ ਨਿਆਲਾ	4	15	-	125	22	23	9	198
7. ਬੰਬਈ ਪੁਲਿਸ ਨਿਆਲਿਆ	7	4	-	32	-	4	-	47
8. ਬੰਬਈ - ਪੁਲਿਸ ਕਮਿਸ਼ਨ	7	-	59	-	4	-	87	

ਮਦ ਨੰ: 10

(ਟਾਈਮਜ਼ ਆਫ ਇੰਡੀਆ : 30 ਮਈ, 1928)

ਚਮਾਰੰ ਦਾਸ ਅਤੇ ਮੁਹਾਰ ਦਾਸ

ਇਹ ਵੱਡੇ ਵੱਡੇ ਰਾਜਨੀਤਕਾਂ ਸੂਰਮਿਆਂ ਅਛੂਤਾਂ ਦੀਆਂ ਮਜਬੂਰੀਆਂ ਅਤੇ ਮੁਸੀਬਤਾਂ ਦਾ ਜਦੋਂ ਵਿਖਾਵਾ ਕਰਦੇ ਹਨ ਤਾਂ ਉਹ ਕਿਤੇ ਈਮਾਨਦਾਰ ਹੁੰਦੇ ਹਨ। ਇਹ ਗੱਲ ਮਹਾਰਾਸ਼ਟਰ ਸੰਮੇਲਨ ਵਿੱਚ ਉਸ ਸਮੇਂ ਇਕ ਦਮ ਸਾਫ਼ ਹੋ ਗਈ ਜਦੋਂ ਛੂਤ-ਛਾਤ ਨਿਵਾਰਨ ਦੇ ਪ੍ਰਸ਼ਨ ਨੂੰ ਚਾਲਾਕੀ ਨਾਲ ਟਾਲ ਦਿਤਾ ਗਿਆ। ਇਸ ਚਾਲਾਕੀ ਦਾ ਵਿਰੋਧ ਕਰਨ ਵਾਲੇ ਲਗਭਗ ਅੱਧਾ ਦਰਜਨ ਲੋਕ ਸਵਰਾਜ ਨਾਲ ਜੁੜੇ ਹੋਏ ਸਨ। ਉਨ੍ਹਾਂ ਵਿਚੋਂ ਇਕ ਨੇ ਪੱਤਰ ਵਿੱਚ ਇਕ ਬੇਨਾਮ ਲੇਖ ਲਿਖਿਆ, ਜਿਸ ਵਿੱਚ ਇਸ ਨਿਕਟ ਸਮੱਸਿਆ ਦੇ ਬਾਰੇ ਆਮ ਹਿੰਦੂਆਂ ਦੇ ਦ੍ਰਿਸ਼ਟੀਕੋਣ ਦਾ ਭਾਂਡਾ ਫੋੜ ਦਿਤਾ ਗਿਆ ਸੀ। ਮਹਾਰਾਸ਼ਟਰ ਸੰਮੇਲਨ ਵਿੱਚ ਜੋ ਕੁਝ ਹੋਇਆ ਸੀ ਉਸ ਤੇ ਭਰਪੂਰ ਪ੍ਰਕਾਸ਼ ਪਾਇਆ ਗਿਆ ਹੈ। ਪੂਨਾ

ਦੇ ਸੁਮਤਾ ਸੰਘ ਬਾਰੇ ਲੇਖਕ ਦਾ ਕਹਿਣਾ ਹੈ ਕਿ ਮੇਰੇ ਇਕ ਮਿੱਤਰ ਨੇ ਗੱਲ-ਬਾਤ ਦੇ ਦੌਰਾਨ ਇਕ ਦਿਨ ਮੈਨੂੰ ਕਿਹਾ, 'ਕਿਉਂਕਿ ਆਪ ਵਰਗੇ ਲੋਕ ਉਨ੍ਹਾਂ ਨਾਲ ਮਿਲ ਜਾਂਦੇ ਹਨ, ਇਸ ਲਈ ਚਮਾਰ ਦਾਸ ਅਤੇ ਮੁਹਾਰ ਦਾਸ ਇਤਨੇ ਗੁਸਤਾਖ ਹੋ ਜਾਂਦੇ ਹਨ" ਇਸ ਕਥਨ ਤੋਂ ਕੋਈ ਵੀ ਸਮਝ ਸਕਦਾ ਹੈ ਕਿ ਸਵਰਨ ਹਿੰਦੂਆਂ ਦੇ ਮਨ ਵਿੱਚ ਹੁਣ ਵੀ ਛੂਤ-ਛਾਤ ਦੇ ਸਬੰਧ ਵਿੱਚ ਕਿਤਨੀ ਨਫ਼ਰਤ ਭਰੀ ਹੋਈ ਹੈ।

ਸੰਕਪਲ ਅਤੇ ਕਿਰਤ

ਸੁਧਾਰਵਾਦੀ ਗ਼ਮਗੀਨ ਲੇਖਕ ਹੋਰ ਇਹ ਲਿਖਦਾ ਹੈ ਕਿ ਮਹਾਤਮਾ ਜੀ ਨੇ ਘੋਸ਼ਣਾ ਕੀਤੀ ਹੈ ਕਿ ਤੂਤ-ਛਾਤ ਹਿੰਦੂ ਧਰਮ ਤੇ ਕਲੰਕ ਹੈ। ਸੁਆਮੀ ਸ਼ਰਦਾ ਨੰਦ ਅਤੇ ਲਾਲਾ ਲਾਜਪਤ ਰਾਏ ਨੇ ਕਿਹਾ ਹੈ ਕਿ ਜਦ ਤਕ ਹਿੰਦੂ ਸਮਾਜ ਕਿਸੇ ਛੂਤ-ਛਾਤ ਦਾ ਨਿਵਾਰਨ ਨਹੀਂ ਕਰਦਾ ਅਤੇ ਚਾਲਾਕੀ ਨਾਲ ਇਸ ਨੂੰ ਟਾਲਦਾ ਰਹੇਗਾ, ਉਦੋਂ ਤਤਕ ਇਸ ਦਾ ਕੋਈ ਸਹੀ ਹੱਲ ਨਹੀਂ ਨਿਕਲ ਸਕਦਾ। ਇਸ ਚਾਲਾਕੀ ਦਾ ਵਿਰੋਧ ਕਰਨ ਵਾਲੇ ਲਗਭਗ ਅੱਧੀ ਦਰਜਨ ਲੋਕ ਸਵਰਾਜ ਨਾਲ ਜੁਟੇ ਸਨ। ਉਨ੍ਹਾਂ ਵਿਚੋਂ ਇਕ ਨੇ ਉਸ ਪੱਤਰ ਵਿੱਚ ਇਕ ਲੇਖ ਲਿਖਿਆ ਜਿਸ ਵਿੱਚ ਕਾਂਗਰਸ ਦੁਆਰਾ ਪਾਸ ਹੋਏ ਮਤੇ ਬਾਰੇ ਜ਼ਿਕਰ ਕੀਤਾ ਹੈ ਪਰ ਇਨ੍ਹਾਂ ਸਾਰੀਆਂ ਗਤੀਵਿਧੀਆਂ ਦਾ ਨਤੀਜਾ ਕੀ ਨਿਕਲਿਆ ? ਉੱਚੀ ਸਿਖਿਆ ਪ੍ਰਾਪਤ ਲੋਕ ਹੁਣ ਵੀ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਅਸੀਂ ਕਾਂਗਰਸ ਅਤੇ ਹਿੰਦੂ ਸਭਾ ਵਿੱਚ ਅਜਿਹੇ ਮਤੇ ਪਾਸ ਕਰਦੇ ਹਨ, ਜਿਨ੍ਹਾਂ ਵਿੱਚ ਮੰਦਰਾਂ ਵਿੱਚ ਪ੍ਰਵੇਸ਼ ਕਰਨ ਦੀ ਵਕਾਲਤ ਕੀਤੀ ਜਾਂਦੀ ਹੈ। ਇਹ ਵੀ ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਪਾਣੀ ਦੇ ਸਥਾਨ (ਖੂਹ, ਤਾਲਾਬ ਆਦਿ) ਸਾਰੇ ਲੋਕਾਂ ਲਈ ਖੋਲ੍ਹ ਦਿਤੇ ਜਾਣ। ਪਰੰਤੂ ਜਦੋਂ ਉਨ੍ਹਾਂ ਮਤਿਆਂ ਤੇ ਅਮਲ ਕਰਨ ਦਾ ਸਵਾਲ ਆਉਂਦਾ ਹੈ ਤਾਂ ਅਸੀਂ ਅਛੂਤਾਂ ਦੀ ਨਿੰਦਾ ਕਰਦੇ ਹਾਂ ਅਤੇ ਉਨ੍ਹਾਂ ਨੂੰ ਸਮੇਂ ਸਮੇਂ ਤੇ ਤਾੜਦੇ ਰਹਿੰਦੇ ਹਾਂ। ਉਨ੍ਹਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਦੇ ਰਹਿੰਦੇ ਹਾਂ। ਉਨ੍ਹਾਂ ਨੂੰ ਜੇਲ੍ਹ ਵੀ ਭੇਜਦੇ ਰਹਿੰਦੇ ਹਾਂ।

ਮਦ ਨੰ: 11

ਦਪੋਲੀ (ਜ਼ਿਲ੍ਹਾ ਰਨਮੀਰੀ) ਵਿੱਚ ਹੋਏ ਦਲਿਤ ਵਰਗ ਸੰਮੇਲ ਨ ਵਿੱਚ ਪਾਸ ਹੋਏ ਮਤੇ

1 (ੳ) ਇਹ ਸੰਮੇਲਨ ਇਸ ਜ਼ਿਲ੍ਹੇ ਵਿੱਚ ਦਲਿਤ ਵਰਗਾਂ ਦੁਆਰਾ ਮਰੇ ਪਸ਼ੂ ਦਾ ਮਾਸ ਖਾਣ ਤੋਂ ਇਨਕਾਰ ਕਰਨ ਦੇ ਕਾਰਣ ਉਨ੍ਹਾਂ ਵਿਰੁੱਧ ਅਤੇ ਤਥਾ ਕਥਿਤ ਹਿੰਦੂ ਸਮਾਜ ਦੁਆਰਾ ਚਲਾਏ ਜਾ ਰਹੇ ਉਤਪੀੜਨ ਸੰਘਰਸ਼ ਤੇ ਆਪਣਾ ਰੋਸ ਪ੍ਰਗਟ ਕਰਦਾ ਹੈ।

(ਅ) ਇਸ ਸੰਮੇਲਨ ਨੂੰ ਇਹ ਜਾਣ ਕੇ ਬਹੁਤ ਦੁੱਖ ਹੋਇਆ ਹੈ ਕਿ ਜ਼ਿਲ੍ਹੇ ਦੇ ਪੁਲਿਸ ਅਧਿਕਾਰੀ ਅਤੇ ਮੈਜਿਸਟ੍ਰੇਟ ਦਲਿਤ ਲੋਕਾਂ ਨਾਲ ਗਾਲੀ ਗਲੋਚ ਕਰਦੇ ਹਨ ਅਤੇ ਅਖੌਤੀ ਸਵਰਨ ਹਿੰਦੂਆਂ ਦੇ ਅਤਿਆਚਾਰ ਅਤੇ ਅਨਿਆਂ ਤੋਂ ਉਨ੍ਹਾਂ ਦੀ ਰਾਖੀ ਨਹੀਂ

ਕਰਦੇ ਅਤੇ ਦਲਿਤ ਜਾਤੀ ਦੇ ਪਸ਼ੂਆਂ ਨੂੰ ਕਾਜ਼ੀ ਹੌਜ਼ ਵਿੱਚ ਬੰਦ ਕਰ ਦਿੰਦੇ ਹਨ ਅਤੇ ਉਨ੍ਹਾਂ ਨਾਲ ਮਾਰ-ਪਿੱਟ ਕਰਦੇ ਰਹਿੰਦੇ ਹਨ। ਉਨ੍ਹਾਂ ਦਾ ਹੁੱਕਾ-ਪਾਣੀ ਬੰਦ ਕਰਦੇ ਹਨ ਅਤੇ ਦਲਿਤਾਂ ਨੂੰ ਦੁਕਾਨਾਂ ਤੋਂ ਚੀਜ਼ਾਂ ਵੇਚਣੀਆਂ ਬੰਦ ਕਰ ਦਿੰਦੇ ਹਨ। ਚੀਜ਼ਾਂ ਖਰੀਦਣ ਨਹੀਂ ਦਿੰਦੇ। ਇਹ ਸੰਮੇਲਨ ਸਰਕਾਰ ਨੂੰ ਅਪੀਲ ਕਰਦਾ ਹੈ ਕਿ ਉਹ ਮੁਹਾਰਾਂ ਨੂੰ ਦਿਤਾ ਜਾਣ ਵਾਲਾ ਬਲੂਤਾ (ਪਾਰਸੀ ਮਨੀ) ਦਿਵਾਉਣ ਲਈ ਕਾਰਵਾਈ ਕਰੇ। ਇਨ੍ਹਾਂ ਮੁਹਾਰਾਂ ਨੂੰ ਸਵਰਨ ਹਿੰਦੂ ਪਿੰਡਾਂ ਵਿੱਚ ਉਨ੍ਹਾਂ ਦੀ ਲੋੜੀਂਦੀ ਮਿਹਨਤ ਨਹੀਂ ਦੇ ਰਹੇ ਕਿਉਂਕਿ ਇਨ੍ਹਾਂ ਮੁਹਾਰਾਂ ਨੂੰ ਕਹਿ ਦਿਤਾ ਹੈ ਕਿ ਉਹ ਮਰੇ ਡੰਗਰਾਂ ਦਾ ਮਾਸ ਨਹੀਂ ਖਾਣਗੇ ਅਤੇ ਨਾ ਹੀ ਉਹ ਮਰੇ ਡੰਗਰਾਂ ਨੂੰ ਚੁੱਕਣਗੇ। ਨਾ ਭੀਖ ਮੰਗਣਗੇ ਅਤੇ ਨਾ ਹੀ ਗ਼ਲੀਜ਼ ਕੰਮ (ਮਲੀਨ ਧੰਦਾ) ਕਰਨਗੇ।

2 (ੳ) ਪਤਾ ਲੱਗਾ ਹੈ ਕਿ ਅਨੇਕ ਪਿੰਡਾਂ ਵਿੱਚ ਪੁਲਿਸ ਪਟੇਲ ਦਲਿਤ ਵਰਗਾਂ ਵਿਰੁੱਧ ਉਤਪੀੜਨ ਦੇ ਅੰਦੋਲਨ ਨੂੰ ਸ਼ਹਿ ਦਿੰਦੇ ਹਨ। ਇਹ ਸੰਮੇਲਨ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਅਜਿਹੇ ਪੁਲਿਸ ਪਟੇਲਾਂ ਦੇ ਵਿਰੁੱਧ ਅਜਿਹੀ ਉਚਿਤ ਕਾਰਵਾਈ ਕਰੇ ਜਿਸ ਨਾਲ ਦਲਿਤਾਂ ਤੇ ਜ਼ੁਲਮ ਘਟੇ।

(ਅ) ਇਹ ਸੰਮੇਲਨ ਸਰਕਾਰ ਨੂੰ ਸਿਫ਼ਾਰਸ਼ ਕਰਦਾ ਹੈ ਕਿ ਉਹ ਦਲਿਤ ਵਰਗਾਂ ਦੀ ਰਾਖੀ ਲਈ ਇਕ ਵਿਸ਼ੇਸ਼ ਪ੍ਰਕਾਰ ਦੀ ਪੁਲਿਸ ਰਾਖੀ ਵਾਸਤੇ ਕਾਇਮ ਕਰੇ ਅਤੇ ਇਨ੍ਹਾਂ ਵਰਗਾਂ ਵਿਚੋਂ ਪੁਲਿਸ ਸੇਵਾ ਵਿੱਚ ਭਰੀ ਕਰੇ।

(ੲ) ਇਹ ਸੰਮੇਲਨ ਸਰਕਾਰ ਨੂੰ ਸਿਫਾਰਸ਼ ਕਰਦਾ ਹੈ ਕਿ ਵਦਵਾਲ, ਮਤਵੇਨ, ਤੁਲਸੀ, ਦੇਗਾਉਂ, ਮੰਡਨਗਾਡ, ਸਾਰਾ ਆਦਿ ਪਿੰਡਾਂ ਵਿੱਚ ਦਲਿਤ ਵਰਗਾਂ ਨਾਲ ਸਬੰਧਤ ਮਿਲਦੀ ਪੈਨਸ਼ਨਰਾਂ ਦੀ ਕਮਾਂਡ ਹੇਠ ਪੁਲਿਸ ਚੌਂਕੀ ਤੁਰੰਤ ਤਿਆਰ ਕਰੇ। ਇਸ ਪੁਲਿਸ ਦਾ ਖਰਚਾ ਇਨ੍ਹਾਂ ਪਿੰਡਾਂ ਵਿੱਚ ਰਹਿਣ ਵਾਲੇ ਅਖੌਤੀ ਸਵਰਨ ਹਿੰਦੂ ਉਠਾਉਣ ਕਿਉਂਕਿ ਇਹ ਸੱਚ ਹੈ ਕਿ ਦੁਖੀ ਅਤੇ ਸਮਾਜਕ ਬਾਈਕਾਟ ਅਤੇ ਖੁਲ੍ਹੇ ਹਮਲਿਆਂ ਕਾਰਣ ਦਲਿਤ ਵਰਗ ਦੇ ਲੋਕਾਂ ਲਈ ਇਨ੍ਹਾਂ ਪਿੰਡਾਂ ਵਿੱਚ ਰਹਿਣਾ ਦੂੱਭਰ ਹੋ ਗਿਆ ਹੈ।

(ਸ) ਇਸ ਸੰਮੇਲਨ ਦੀ ਸੁਦ੍ਰਿੜ ਸਮਿਤੀ ਹੈ ਕਿ ਭਾਰਤ ਨੂੰ ਸਵਰਾਜ ਦੀ ਕੋਈ ਅਗਲੀ ਕਿਸ਼ਤ ਤਦ ਤਕ ਨਾ ਕੀਤੀ ਜਾਵੇ ਜਦ ਤਕ ਕਿ ਦਲਿਤ ਵਰਗਾਂ ਦੇ ਹਿਤਤਾਂ ਦੀ ਰਾਖੀ ਨਹੀਂ ਹੋ ਜਾਂਦੀ।

ਮਦ ਨੰ: 12

(ਬੰਬਈ ਕਰਾਨੀਕਲ ਮਿਤੀ 20.10.27 ਤੋਂ)

ਨਗਰਪਾਲਿਕਾ ਦੇ ਸਕੂਲ (ਬੰਬਈ ਸ਼ਹਿਰ) ਵਿੱਚ

ਸਕੂਲ ਕਮੇਟੀ ਨੇ ਪਾਣੀ ਦੇ ਲੋਟਿਆਂ ਦੇ ਮਾਮੂਲੀ ਜਿਹੇ ਸਵਾਲ ਤੇ ਸਹਿਮ ਕੇ ਆਪਣੀ ਸਥਿਤੀ ਮਜ਼ਾਕਪੂਰਕ ਬਣਾ ਲਈ ਹੈ। ਇਸ ਤ੍ਰਾਂ ਜਾਪਦਾ ਹੈ ਕਿ ਨਿਗਮ ਦੇ

ਇਸ ਮਤੇ ਦੇ ਬਾਵਜੂਦ ਕਿ ਨਗਰਪਾਲਿਕਾ ਦੇ ਸਕੂਲਾਂ ਵਿੱਚ ਜਾਤੀ ਦਾ ਕੋਈ ਭੇਦ-ਭਾਵ ਨਹੀਂ ਹੋਣਾ ਚਾਹੀਦਾ। ਦਲਿਤ ਵਰਗ ਦੇ ਬੱਚਿਆਂ ਨੂੰ ਪਾਣੀ ਪੀਣ ਲਈ ਲੋਟੇ ਵੱਖਰੇ ਦਿਤੇ ਜਾਂਦੇ ਹਨ। ਸਕੂਲਾਂ ਦੀ ਇਕ ਕਮੇਟੀ ਦੀ ਉਪ-ਸਮਿਤੀ ਨੇ ਸਿਫ਼ਾਰਸ਼ ਬਾਰੇ ਇਕ ਡੂੰਘੀ ਸੋਚ ਵਿੱਚ ਪੈ ਗਏ ਅਤੇ ਸਾਰੇ ਕਿਸਮ ਦੀਆਂ ਸ਼ੱਕਾਂ ਉਨ੍ਹਾਂ ਨੇ ਵਿਅਕਤ ਕੀਤੀਆਂ। ਕੁਝ ਲੋਕਾਂ ਨੇ ਕਿਹਾ ਕਿ ਪਰਿਵਰਤਨ ਨਾਲ ਸਵਰਨ ਹਿੰਦੂ ਰੁੱਸ ਜਾਣਗੇ। ਜ਼ਾਹਰ ਹੈ ਕਿ ਛੋਟੀ ਜਾਤੀ ਦੇ ਹਿੰਦੂਆਂ ਦੇ ਰੋਸ ਦਾ ਕੋਈ ਜ਼ਿਆਦਾ ਮਹੱਤਵ ਹੀ ਨਹੀਂ ਹੁੰਦਾ। ਪ੍ਰੋ: ਵੀ.ਜੀ. ਰਾਉ ਨੇ ਕਿਹਾ ਕਿ ਇਹ ਇਕ ਇਨਕਲਾਬੀ ਪਰਿਵਰਤਨ ਹੈ। ਸ਼੍ਰੀ ਡੀ.ਜੀ. ਦਾਲਵੀ ਨੇ ਜੋ ਇਕ ਮੰਨੇ ਪ੍ਰਮੰਨੇ ਸਮਾਜ ਸੁਧਾਰਕ ਹਨ, ਇਨ੍ਹਾਂ ਸ਼ੱਕਾਂ ਵਿੱਚ ਇਕ ਕਾਨੂੰਨੀ ਸ਼ੱਕ ਜੋੜ ਦਿਤੀ ਕਿ ਕੁਝ ਮਾਤਾ-ਪਿਤਾ ਕਮੇਟੀ ਮੁਕੱਦਮਾ ਚਲਾ ਸਕਦੇ ਹਨ। ਨਤੀਜਾ ਇਹ ਹੋਇਆ ਕਿ ਸਕੂਲਾਂ ਦੀ ਕਮੇਟੀ ਨੇ ਇਹ ਮਸਲਾ ਵਿਚਾਰਹਿਤ ਦੁਬਾਰਾ ਭੇਜ ਦਿਤਾ, ਜਿਸ ਦਾ ਇਕ ਪ੍ਰਕਾਰ ਇਹੀ ਅਰਥ ਲਿਆ ਜਾ ਸਕਦਾ ਹੈ ਕਿ ਉਨ੍ਹਾਂ ਨੂੰ ਉਪ-ਸਮਿਤੀ ਦੀ ਸਿਫ਼ਾਰਸ਼ ਮੰਨਜ਼ੂਰ ਨਹੀਂ ਹੈ।

ਜਾਣ-ਬੁੱਝ ਕੇ ਕੀਤਾ ਗਿਆ ਅਪਮਾਨ

ਉਪਰੋਕਤ ਸ਼ੱਕਾਂ ਬੇਤੁਕੀਆਂ ਹਨ ਕਿਉਂਕਿ ਹਰ ਬੱਚੇ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਲੋਟੇ ਨੂੰ ਸਫ਼ਾਈ ਦੀ ਕ੍ਰਿਸ਼ਟੀ ਤੋਂ ਸਾਫ਼ ਸੁਥਰਾ ਰੱਖੇ। ਜਿਸ ਲੋਟੇ ਨੂੰ ਇਕ ਵਾਰੀ ਕੋਈ ਵਰਤ ਲੈਂਦਾ ਹੈ ਤਾਂ ਚਾਹੀਦਾ ਇਹ ਹੈ ਕਿ ਉਸ ਲੋਟੇ ਨੂੰ ਦੁਬਾਰਾ ਵਰਤਣ ਲਈ ਸਾਫ਼ ਕੀਤਾ ਜਾਵੇ। ਇਹ ਕਿੰਨੀ ਮਾੜੀ ਗੱਲ ਹੈ ਕਿ ਜੇ ਅਛੂਤਾਂ ਦਾ ਬੱਚਾ ਲੋਟੇ ਨੂੰ ਵਰਤ ਲਵੇ ਤਾਂ ਉਹ ਲੋਟਾ ਸਦਾ ਲਈ ਸਵਰਨ ਹਿੰਦੂ ਬੱਚਿਆਂ ਲਈ ਵਰਤਣਯੋਗ ਨਹੀਂ ਰਹਿੰਦਾ। ਇਹ ਗੱਲ ਬਹੁਤ ਬਦਕਿਸਮਤੀ ਦੀ ਹੈ ਕਿ ਦਲਿਤ ਵਰਗ ਦੇ ਬੱਚਿਆਂ ਦੀ ਇਹ ਇਕ ਜਾਣੀ-ਬੁੱਝੀ ਅਪਮਾਨ ਦੀ ਗੱਲ ਹੈ। ਨਿਸ਼ਚੇ ਹੀ ਸਾਨੂੰ ਇਹ ਆਸ ਨਹੀਂ ਸੀ ਕਿ ਸਕੂਲ ਦੀ ਕਮੇਟੀ ਉਸ ਦਾ ਸਮਰਥਨ ਕਰੇਗੀ। ਸ਼੍ਰੀ ਦਲਵੀ ਨੇ ਕਿਹਾ ਕਿ ਕੁਝ ਖੇਤਰਾਂ ਵਿੱਚ ਜ਼ਰੂਰੀ ਸਿਖਿਆ ਨੂੰ ਧਿਆਨ ਵਿੱਚ ਰਖਦਿਆਂ ਹੋਇਆਂ ਮਾਤਾ ਪਿਤਾ ਕਮੇਟੀ ਤੇ ਇਹ ਦਾਅਵਾ ਠੋਕ ਸਕਦੇ ਹਨ ਉਸ ਨੇ ਇਸ ਪ੍ਰਕਾਰ ਦੇ ਕਾਨੂੰਨ ਨੂੰ ਲਾਗੂ ਕੀਤਾ ਹੈ ਜੋ ਅਸਲ ਵਿੱਚ ਕਾਨੂੰਨੀ ਨਹੀਂ ਹੈ। ਲੇਕਿਨ ਕਿਸੇ ਤੇ ਵੀ ਇਹ ਦਬਾਉ ਨਹੀਂ ਪਾਇਆ ਜਾ ਸਕਦਾ ਕਿ ਉਹ ਸਕੂਲਾਂ ਵਿੱਚ ਸਾਂਝੇ ਲੋਟੇ ਦਾ ਪ੍ਰਯੋਗ ਕਰਨ ਅਤੇ ਆਪਣੇ ਧਰਮ ਦੀ ਰਾਖੀ ਕਰ ਸਕਦੇ ਹਨ। ਇਥੋਂ ਤੱਕ ਕਿ ਜਿਥੋਂ ਤਕ ਦਲਿਤ ਵਰਗਾਂ ਦਾ ਸਬੰਧ ਹੈ, ਉਨ੍ਹਾਂ ਦਾ ਅਪਮਾਨ ਤਾਂ ਹੁੰਦਾ ਹੀ ਰਹਿੰਦਾ ਹੈ, ਭਾਵੇਂ ਉਹ ਆਪਣਾ ਨਿੱਜੀ ਲੋਟਾ ਲਿਆਉਣ ਜਾਂ ਹੋਰ ਸਕੂਲਾਂ ਵਿੱਚ ਚਲੇ ਜਾਣ ਜਿਥੇ ਨਿਆਂ ਦਾ ਵਧੀਆ ਵਾਤਾਵਰਣ ਹੋਵੇ।

ਡਾਕਟਰ ਅੰਬੇਡਕਰ ਦੁਆਰਾ ਭਾਰਤੀ ਵਿਧਾਨਕ ਕਮਿਸ਼ਨ ਸਾਹਮਣੇ 23 ਅਕਤੂਬਰ 1928 ਨੂੰ ਦਿੱਤੀ ਗਈ ਗਵਾਹੀ

ਭਾਰਤੀ ਸੰਵਿਧਾਨਕ ਕਮਿਸ਼ਨ ਪੂਨਾਂ ✡

ਮਿਤੀ 23 ਅਕਤੂਬਰ 1928

ਹੇਠ ਲਿਖੇ ਵਿਅਕਤੀ ਹਾਜ਼ਰ ਸਨ:-

ਕਮਿਸ਼ਨ, ਕੇਂਦਰੀ ਕਮੇਟੀ(ਰਾਜਾ ਨਵਾਬ ਅਲੀ ਖਾਨ ਤੋਂ ਇਲਾਵਾ) ਅਤੇ ਬੰਬਈ ਸੂਬਾਈ ਕਮੇਟੀ ਦੇ ਸਾਰੇ ਮੈਂਬਰ, ਡਾਕਟਰ ਬੀ.ਆਰ.ਅੰਬੇਡਕਰ (ਬੰਬਈ ਕਮੇਟੀ ਦਾ ਇਕ ਮੈਂਬਰ) ਅਤੇ ਡਾਕਟਰ ਪੀ.ਜੀ.ਸੌਲੰਕੀ(ਦਲਿਤ ਵਰਗ ਦਾ ਪ੍ਰਤਿਨਿਧ) ਨੂੰ ਬੁਲਾਇਆ ਗਿਆ ਅਤੇ ਪੁੱਛ-ਪੜਤਾਲ ਕੀਤੀ ਗਈ।

ਸਭਾਪਤੀ: ਪਿਆਰੇ ਸਾਥੀਓ, ਆਪ ਜੀ ਨੂੰ ਯਾਦ ਕਰਵਾਉਣ ਲਈ ਮੈਂ ਇਹ ਦੱਸ ਦੇਵਾਂ ਕਿ ਜੋ ਦਸਤਾਵੇਜ਼ ਸਾਡੇ ਸਾਹਮਣੇ ਹੋਣੇ ਚਾਹੀਦੇ ਹਨ, ਉਹ ਹਨ: ਡਾਕਟਰ ਅੰਬੇਡਕਰ ਦਾ ਬੰਬਈ ਦੇ ਦਲਿਤ ਵਰਗ ਸੰਸਥਾ ਵਲੋਂ ਦਿੱਤਾ ਗਿਆ ਬਿਆਨ ਅਤੇ ਦਲਿਤ ਭਾਰਤੀ ਜੱਥੇਬੰਦੀ, ਬੰਬਈ ਅਤੇ ਸਰਵੈਂਟਸ ਆਫ ਸੋਮਾਵਾਮਸ਼ੀ ਸੋਸਾਇਟੀ ਦਾ ਸਾਂਝਾ ਯਾਦ-ਪੱਤਰ। ਡਾ: ਅੰਬੇਡਕਰ ਨੇ ਆਪਣੀ ਸੀਟ ਬਦਲ ਲਈ ਹੈ ਕਿਉਂਕਿ ਉਹ ਇਸ ਵਕਤ ਸਾਡੀਆਂ ਸ਼ਹਾਦਤਾਂ ਵਿਚੋਂ ਇਕ ਹੋਣ ਕਾਰਣ ਕਾਰਜਸ਼ੀਲ ਹਨ। ਡਾ: ਅੰਬੇਡਕਰ ਨੂੰ ਅਸੀਂ ਬੰਬਈ ਕਮੇਟੀ ਦੇ ਮੈਂਬਰ ਵਜੋਂ ਜਾਣਦੇ ਹਾਂ। ਮੈਂ ਸਮਝਦਾ ਹਾਂ ਕਿ ਡਾ: ਸੌਲੰਕੀ, ਤੁਸੀਂ ਅਤੇ ਤੁਹਾਡੀ ਸਭਾ, ਦੂਸਰੇ ਦਸਤਾਵੇਜ਼ ਲਈ ਉੱਤਰਦਾਈ ਹੋ।

ਡਾ:ਸੌਲੰਕੀ: ਮੈਂ ਡਾ: ਅੰਬੇਡਕਰ ਦੁਆਰਾ ਜਮ੍ਹਾਂ ਕਰਵਾਏ ਗਏ ਦਸਤਾਵੇਜ਼ ਨਾਲ ਸਹਿਮਤ ਹਾਂ।

2. *ਡਾ: ਅੰਬੇਡਕਰ,* ਮੈਂ ਤੁਹਾਨੂੰ ਸ਼ੁਰੂ ਕਰਨ ਲਈ ਕਹਾਂਗਾ। ਸਾਡੀ ਇਸ ਮੱਦਦ ਕਰੋ ਕਿ ਇਸ ਸੂਬੇ ਵਿਚ ਦਲਿਤ ਵਰਗਾਂ ਦੀ ਗਿਣਤੀ ਦੀ ਵੰਡ ਕਿਦਾਂ ਕੀਤੀ ਜਾਵੇ, ਕੀ ਤੁਸੀਂ ਇਸ ਮਾਮਲੇ ਵਿਚ ਸਾਡੀ ਮੱਦਦ ਕਰੋਗੇ ?

ਡਾ: ਅੰਬੇਡਕਰ: ਮੈਂ ਦੇਖਿਆ ਹੈ ਕਿ ਦਲਿਤ ਵਰਗ ਦੀ ਜਨ-ਸੰਖਿਆ, ਜੋ ਕਿ ਬੰਬਈ ਦੀ ਸਰਕਾਰ ਦੁਆਰਾ ਸੌਂਪੇ ਗਏ ਯਾਦ ਪੱਤਰ ਵਿਚ ਦਰਜ ਹੈ, ਦਾ ਅੰਦਾਜ਼ਾ ਹੈ,14,78,390 ਜਿਸ ਨੂੰ ਕਿ ਉਨ੍ਹਾਂ ਦੇ ਯਾਦ ਪੱਤਰ ਦੇ ਸਫਾ 3 ਤੇ ਦੇਖਿਆ ਜਾ ਸਕਦਾ ਹੈ। (ਖੰਡ 7)

---

* ਭਾਰਤੀ ਵਿਧਾਨਕ ਕਮਿਸ਼ਨ,ਖੰਡ 16, ਮੈਮੋਰੰਡੇ ਅਤੇ ਜ਼ਬਾਨੀ ਗਵਾਹੀਵਿਚੋਂ ਚੋਣ ਕੀਤੀ ਗਈ ਅਤੇ ਹਿੱਜ਼ ਮੈਜਿਸਟੀ ਸਟੇਸ਼ਨਰੀ ਆਫਿਸ ਲੰਡਨ,1930 ਦੁਆਰਾ ਪ੍ਰਕਾਸ਼ਤ ਕੀਤੀ ਗਈ। ਪੰਨੇ 52-75. ਇਹ ਕਮਿਸ਼ਨ ਇਸ ਦੇ ਸਭਾਪਤੀ ਸਰ ਜਾਨ ਸਾਈਮਨ ਦੇ ਨਾਂਲ ਨਾਲ ਗਿਆਤ ਹੈ।

3. ਉਹ ਚਾਹੁੰਦੇ ਹਨ "ਦਲਿਤ ਵਰਗਾਂ, ਜਿਨ੍ਹਾਂ ਵਿਚ ਬਹੁਤਾ ਕਰਕੇ ਢੇਡ, ਮੰਗ, ਮਹਾੜ ਅਤੇ ਹੋਲੀਆ ਸ਼ਾਮਿਲ ਹਨ। 1921 ਦੀ ਆਬਾਦੀ ਅਨੁਸਾਰ ਉਨ੍ਹਾਂ ਦੀ ਗਿਣਤੀ ਲਗਭਗ 14,78,390 ਹੈ। ਤੁਸੀਂ ਇਸ ਅੰਕੜੇ ਬਾਰੇ ਕੀ ਕਹੋਗੇ ?

ਡਾ:ਅੰਬੇਡਕਰ: ਜਿਵੇਂ ਕਿ ਤੁਸੀਂ ਦੇਖੋਗੇ। ਮੈਂ ਜੋ ਅੰਕੜੇ ਆਪਣੇ ਯਾਦ ਪੱਤਰ ਦੇ ਸਫਾ 39 ਤੇ ਦਿਤੇ ਹਨ, ਉਨ੍ਹਾਂ ਅਨੁਸਾਰ ਇਹ ਤਕਰੀਬਨ 28 ਲੱਖ ਹੈ।

4. ਤੁਸੀਂ ਸੋਚਦੇ ਹੋ ਕਿ ਗਿਣਤੀ ਲਗਭਗ 28,00,000 ਹੋਣੀ ਚਾਹੀਦੀ ਹੈ ?

ਡਾਕਟਰ ਅੰਬੇਡਕਰ: ਹਾਂ ਜੀ।

5. ਇਹ ਫਰਕ ਕਿਸ ਤਰ੍ਹਾਂ ਪੈਦਾ ਹੋਇਆ ?

ਡਾਕਟਰ ਅੰਬੇਡਕਰ: ਪਹਿਲੀ ਚੀਜ਼, ਜਿਹੜੀ ਮੈਂ ਕਹਿਣਾ ਚਾਹੁੰਦਾ ਹਾਂ, ਇਹ ਹੈ ਕਿ ਬੰਬਈ ਦੀ ਸਰਕਾਰ ਦੁਆਰਾ ਦਿੱਤੀ ਗਿਣਤੀ, ਜਿਥੋਂ ਤੱਕ ਮੈਨੂੰ ਯਕੀਨ ਹੈ ਉਹ ਭਾਰਤ ਦੀ ਆਬਾਦੀ,1921, ਖੰਡ 8, ਬੰਬਈ ਸੂਬਾ, ਭਾਗ 2 ਵਿਚੋਂ ਲਈ ਗਈ ਹੈ। ਸੂਚੀਆਂ ਸਫੇ 176 ਤੋਂ ਸ਼ੁਰੂ ਹੁੰਦੀਆਂ ਹਨ। ਅੰਕੜੇ ਜਿਹੜੇ ਮੈਂ ਆਪਣੇ ਯਾਦ-ਪੱਤਰ ਵਿਚ ਦਿੱਤੇ ਹਨ, ਉਹ ਭਾਰਤ ਦੀ ਜਨਗਣਨਾ 1921 ਦੇ ਅਧਿਆਇ 11 ਦੇ ਖੰਡ 1 ਵਿਚੋਂ ਲਏ ਗਏ ਹਨ। ਇਹ ਉਹ ਅੰਕੜੇ ਹਨ, ਜੋ ਜਨਗਣਨਾ ਦੇ ਡਾਇਰੈਕਟਰ ਦੁਆਰਾ ਨਿਸ਼ਚਿਤ ਕੀਤੇ ਗਏ ਸਨ, ਜਿਸ ਨੂੰ ਕਿ ਉਸ ਨੇ ਅਲੱਗ ਅਲੱਗ ਸੂਬਿਆਂ ਤੋਂ ਇਕੱਠਾ ਕੀਤਾ ਹੈ ਅਤੇ ਉਸ ਦੀ ਗਣਨਾ ਨੂੰ ਮੈਂ ਉਵੇਂ ਹੀ ਆਪਣੇ ਯਾਦ-ਪੱਤਰ ਦੇ ਸਫੇ 39 ਤੇ ਦਿੱਤਾ ਹੈ। ਇਸ ਸਿਰਲੇਖ ਹੇਠ "ਭਾਰਤ ਵਿਚ ਦਲਿਤ ਵਰਗਾਂ ਦੀ ਜਨ-ਸੰਖਿਆ" ਅਤੇ ਅਲੱਗ ਅਲੱਗ ਸੂਬਿਆਂ ਦੇ ਅੰਕੜਿਆਂ ਨੂੰ ਪੇਸ਼ ਕੀਤਾ ਹੈ। ਹਰੇਕ ਵਿਚ ਦਲਿਤ ਵਰਗਾਂ ਦੀ ਜਨ-ਸੰਖਿਆ ਨੂੰ ਦੱਸਦਿਆਂ, ਹੁਣ ਜਿਵੇਂ ਕਿ ਅਸੀਂ ਦੇਖਦੇ ਹਾਂ, ਦੋਨਾਂ ਅੰਕੜਿਆਂ ਵਿਚ ਫਰਕ ਹੈ। ਇਹ ਅੰਕੜੇ ਕਦੇ ਵੀ ਬਿਲਕੁਲ ਸਹੀ ਨਹੀਂ ਹੋ ਸਕਦੇ, ਭਾਵੇਂ ਇਹ ਸੂਬਾਈ ਅੰਕੜੇ ਹੋਣ ਜਾਂ ਕੇਂਦਰੀ ਅੰਕੜੇ। ਅਸਲ ਵਿਚ, ਜੇਕਰ ਕਾਨਫਰੰਸ ਭਾਰਤ ਦੀ ਜਨਗਣਨਾ ਦੇ ਡਾਇਰੈਕਟਰ ਦੇ ਕਥਨ ਵੱਲ ਧਿਆਨ ਦੇਵੇ, ਜਿਨ੍ਹਾਂ ਨੂੰ ਕਿ ਮੈਂ ਆਪਣੇ ਯਾਦ-ਪੱਤਰ ਦੇ ਸਫਾ 39 ਤੇ ਦੱਸ ਕੇ ਸ਼ੁਰੂਆਤ ਕੀਤੀ ਹੈ, ਇਹ ਦੇਖਿਆ ਜਾ ਸਕੇਗਾ ਕਿ ਦਲਿਤ ਵਰਗਾਂ ਦੇ ਕੁਝ ਨਿਸ਼ਚਿਤ ਜਨਸੰਖਿਆ ਦੱਸਣ ਤੋਂ ਬਾਅਦ ਉਸ ਨੇ ਇਹ ਕਿਹਾ। ਇਸ ਨੂੰ ਇਕ ਘੱਟ ਅਤੇ ਰੂੜੀਵਾਦੀ ਅਨੁਮਾਨ ਮੰਨਿਆ ਜਾਣਾ ਚਾਹੀਦਾ ਹੈ ਕਿਉਂਕਿ ਇਸ ਦੇ ਵਿਚ ਇਹ ਚੀਜ਼ਾਂ ਨਹੀਂ ਹਨ(1) ਜਾਤਾਂ ਅਤੇ ਕਬੀਲਿਆਂ ਦੀ ਪੂਰੀ ਗਿਣਤੀ (2) ਕਬਾਇਲੀ ਆਦਿਵਾਸੀ ਜੋ ਕਿ ਬਿਲਕੁਲ ਤਾਜ਼ਾ ਹੀ ਹਿੰਦੂ ਮੱਤ ਵਿਚ ਸ਼ਾਮਿਲ ਕੀਤੇ ਗਏ ਹਨ, ਜਿਨ੍ਹਾਂ ਵਿਚੋਂ ਬਹੁਤਿਆਂ ਨੂੰ ਦੂਸ਼ਿਤ ਮੰਨਿਆ ਜਾਂਦਾ ਹੈ। ਅਸੀਂ ਵਿਸ਼ਵਾਸਪੂਰਵਕ ਦਲਿਤ ਵਰਗਾਂ ਦੀ ਗਿਣਤੀ ਨੂੰ, ਜਿਨ੍ਹਾਂ ਸਾਰਿਆਂ ਨੂੰ ਦੂਸ਼ਿਤ ਮੰਨਿਆ ਜਾਂਦਾ ਹੈ, ਸਾਢੇ ਪੰਜ-ਛੇ ਕਰੋੜ ਦੇ ਵਿਚਕਾਰ ਰੱਖ ਸਕਦੇ ਹਾਂ, ਖਾਸ ਕਰਕੇ

ਭਾਰਤ ਵਿਚ। ਫੇਰ ਉਸ ਨੇ ਹਰੇਕ ਸੂਬੇ ਵਾਸਤੇ ਅੰਕੜੇ ਦੱਸੇ।

6. ਕੀ ਤੁਸੀਂ ਬੁਰਾ ਤਾਂ ਨਹੀਂ ਮੰਨੋਗੇ ਜੇਕਰ ਮੈਂ ਆਪਣੇ ਦਿਮਾਗ ਨੂੰ ਸਾਫ ਕਰਨ ਦੀ ਕੋਸ਼ਿਸ਼ ਕਰਾਂ। ਸੰਖੇਪ ਅੰਕੜਿਆਂ ਨਾਲ ਨਹੀਂ, ਸਗੋਂ ਦੋਵੇਂ ਧਾਰਨਾਵਾਂ ਦੀ ਤੁਲਨਾ ਕਰਕੇ। ਇਹ ਪ੍ਰਤੱਖ ਹੈ ਕਿ ਜੇ ਕੁਝ ਅਧਿਕਾਰੀ ਜਨਗਣਨਾ ਦੀਆਂ ਸੂਚੀਆਂ ਦੀ, ਸੰਖੇਪਤਾ ਨਾਲ ਬੋਲਦਿਆਂ ਕੁੱਲ ਗਿਣਤੀ ਨੂੰ 14,78,000 ਦੱਸਦੇ ਹਨ ਅਤੇ ਦੂਜੀਆਂ ਸ਼ਕਤੀਆਂ ਉਹ ਵੀ ਸੰਖੇਪਤਾ ਨਾਲ ਬੋਲਦੀਆਂ ਹੋਈਆਂ, 28,00,000 ਜਿਵੇਂ ਕਿ ਅੰਕੜੇ ਦਿੰਦੀਆਂ ਹਨ, ਤਾਂ ਦੂਜੀਆਂ ਸ਼ਕਤੀਆਂ ਜ਼ਰੂਰ ਕੁਝ ਅਜਿਹੇ ਲੋਕਾਂ ਨੂੰ ਸ਼ਾਮਿਲ ਕਰਦੀਆਂ ਹੋਣਗੀਆਂ ਜਿਨ੍ਹਾਂ ਨੂੰ ਕਿ ਪਹਿਲੀਆਂ ਨੇ ਸ਼ਾਮਿਲ ਨਹੀਂ ਕੀਤਾ ?

ਡਾਕਟਰ ਅੰਬੇਡਕਰ: ਉਹ ਇਸੇ ਤਰ੍ਹਾਂ ਹੈ ਅਤੇ ਮੈਨੂੰ ਇਸ ਲਈ ਕਾਨਫਰੰਸ ਨੂੰ ਦੱਸ ਦੇਣਾ ਚਾਹੀਦਾ ਹੈ ਕਿ ਸੂਬਾਈ ਅੰਕੜੇ ਕੁਝ ਜਾਤਾਂ ਨੂੰ ਸ਼ਾਮਿਲ ਨਹੀਂ ਕਰਦੇ ਜੋ ਕਿ ਅਸਲ ਵਿਚ ਅਛੂਤ ਜਾਤਾਂ ਹਨ।

7. ਕੀ ਅਸੀਂ ਇਸ ਨੂੰ ਇਸ ਤਰ੍ਹਾਂ ਰੱਖ ਸਕਦੇ ਹਾਂ; ਦੇਖਣਾ ਕਿ ਮੈਂ ਠੀਕ ਕਿਹਾ ਹੈ ਅਤੇ ਜੇਕਰ ਮੈਂ ਠੀਕ ਨਹੀਂ ਕਿਹਾ ਤਾਂ ਕ੍ਰਿਪਾ ਕਰਕੇ ਮੈਨੂੰ ਦੱਸ ਦੇਣਾ। ਮੈਂ ਵੀ ਇਸ ਦਾ ਅਧਿਐਨ ਕਰਦਾ ਰਿਹਾ ਹਾਂ, ਜਿੰਨਾ ਕਿ ਮੈਂ ਕਰ ਸਕਦਾ ਹਾਂ, ਬੇਸ਼ੱਕ ਮੈਂ ਤੁਹਾਡੀ ਅਤੇ ਡਾਕਟਰ ਸੌਲੰਕੀ ਦੀ ਮੱਦਦ ਵੀ ਲੈਂਦਾ ਰਿਹਾ ਹਾਂ। ਇਸ ਪਦ ਦਾ ਇਕ ਸੋਚ ਵਿਚ ਮਤਲਬ ਹੈ "ਦਲਿਤ ਵਰਗਾਂ" ਤੋਂ ਤੁਹਾਡਾ ਮਤਲਬ ਅਛੂਤਾਂ ਤੋਂ ਹੋਵੇਗਾ, ਜੋ ਹਿੰਦੂ ਹਨ, ਪਰ ਉਨ੍ਹਾਂ ਨੂੰ ਹਿੰਦੂ ਮੰਦਿਰਾਂ ਵਿਚ ਜਾਣ ਦੀ ਮਨਾਹੀ ਹੈ, ਕੀ ਅਜਿਹਾ ਨਹੀਂ ਹੈ ?

ਡਾਕਟਰ ਅੰਬੇਡਕਰ: ਜੀ ਹਾਂ।

8. ਦੂਸਰੀ ਸੋਚ ਵਿਚ ਤੁਸੀਂ ਤੁਸੀਂ "ਦਲਿਤ ਵਰਗਾਂ" ਵਿਚ ਕੇਵਲ ਉਨ੍ਹਾਂ ਨੂੰ ਹੀ ਨਹੀਂ, ਜਿਨ੍ਹਾਂ ਨੂੰ ਮੈਂ ਦਰਸਾਇਆ ਹੈ, ਸਗੋਂ ਉਨ੍ਹਾਂ ਅਪਰਾਧੀ ਕਬੀਲਿਆਂ, ਪਹਾੜੀ ਕਬੀਲਿਆਂ ਅਤੇ ਦੂਜੇ ਬੰਦਿਆਂ ਨੂੰ ਵੀ ਸ਼ਾਮਿਲ ਕਰ ਸਕਦੇ ਹੋ, ਜੋ ਕਿ ਬੇਸ਼ੱਕ ਗਿਣਤੀ ਵਿਚ ਬਹੁਤ ਘੱਟ ਹਨ, ਪਰ ਜੋ ਸ਼ਾਇਦ ਮਹੀਨ ਸੋਚ ਵਿਚ ਹਿੰਦੂ ਧਰਮ-ਸ਼ਾਸਨ ਦੀ ਦ੍ਰਿਸ਼ਟੀ ਤੋਂ ਅਛੂਤ ਹਨ ?

ਡਾਕਟਰ ਅੰਬੇਡਕਰ: ਠੀਕ ਹੈ ?

9. ਕੀ ਉਹ ਇਕ ਮੁਮਕਿਨ ਨਜ਼ਰੀਆ ਨਹੀਂ ਹੈ ?

ਡਾਕਟਰ ਅੰਬੇਡਕਰ: ਕੀ ਉਹ ਮੁਮਕਿਨ ਨਜ਼ਰੀਆ ਹੈ ?

10. ਕੀ ਉਹ ਅਸਲ ਵਰਨਣ ਨਹੀਂ ਹੈ ਕਿ ਤੁਸੀਂ ਕਿਉਂ ਕੁਝ ਸੁਮੇਲਾਂ ਵਿਚ ਇਕ ਖਾਸ ਅੰਕੜਾ ਦਲਿਤ ਵਰਗਾਂ ਵਾਸਤੇ ਹਾਸਿਲ ਕਰਦੇ ਹੋ, ਜਿਸ ਦਾ ਮਤਲਬ 'ਅਛੂਤਾਂ' ਤੋਂ ਹੈ, ਉਹ ਬੰਦੇ ਜਿਨ੍ਹਾਂ ਨੂੰ ਕਿ ਹਿੰਦੂ ਮੰਦਰਾਂ ਵਿਚ ਦਾਖਿਲ ਹੋਣ ਤੋਂ ਮਨ੍ਹਾਂ ਕੀਤਾ ਜਾਂਦਾ

ਹੈ। ਉਥੇ ਹੀ ਦੂਜੇ ਪਾਸੇ ਤੁਸੀਂ ਇਕ ਵੱਡਾ ਅੰਕੜਾ ਹਾਸਿਲ ਕਰਦੇ ਹੋ ਜਿਸ ਦੇ ਵਿਚ ਅਪਰਾਧੀ ਅਤੇ ਪਹਾੜੀ ਕਬੀਲੇ ਵੀ ਸ਼ਾਮਿਲ ਹੁੰਦੇ ਹਨ ?

ਡਾਕਟਰ ਅੰਬੇਡਕਰ: ਮੈਂ ਇਸ ਮਾਮਲੇ ਵਿਚ ਅਜਿਹਾ ਨਹੀਂ ਸੋਚਦਾ, ਕਿਉਂਕਿ ਜੋ ਅੰਕੜੇ ਮੈਂ ਦਿਤੇ ਹਨ, ਉਨ੍ਹਾਂ ਦਾ ਸਬੰਧ ਦਲਿਤ ਵਰਗਾਂ, ਜੋ ਕਿ ਪਹਾੜੀ ਕਬੀਲਿਆਂ ਅਤੇ ਅਪਰਾਧੀ ਕਬੀਲਿਆਂ ਤੋਂ ਵੱਖਰੇ ਹਨ, ਲਗਦਾ ਹੈ।

11. ਮੈਨੂੰ ਤੁਹਾਨੂੰ ਇਹ ਵਰਣਨ ਕਰਨਾ ਚਾਹੀਦਾ ਹੈ। ਮੇਰੇ ਸਾਹਮਣੇ ਇਨ੍ਹਾਂ ਤਿੰਨਾਂ ਅੰਕੜਿਆਂ ਨੂੰ ਮੰਨਿਆ ਜਾ ਸਕਦਾ ਹੈ। ਮੇਰੇ ਕੋਲ ਇਕ ਅੰਕੜਾ ਹੈ 14,78,000 ਉਨ੍ਹਾਂ ਅਛੂਤਾਂ ਦਾ, ਜਿਨ੍ਹਾਂ ਨੂੰ ਕਿ 1921 ਦੀ ਜਨਗਣਨਾ ਵਿਚੋਂ ਲਿਆ ਗਿਆ ਹੈ ਅਤੇ ਜੋ ਕਿ ਮਹਾਰ, ਢੇਡ ਅਤੇ ਦੂਜੇ ਲੋਕਾਂ ਨਾਲ ਬਣਿਆ ਹੈ। ਢੇਡ ਮੇਰੇ ਕੋਲ ਇਕ ਲੰਬੀ ਸੂਚੀ ਅਪਰਾਧੀ ਕਬੀਲਿਆਂ ਦੀ ਹੈ ਅਤੇ ਹੋਰ ਸਭ ਕੁਝ ਜਿਨ੍ਹਾਂ ਨੂੰ ਮਿਲਾ ਕੇ 5,89,000 ਦਸ ਲੱਖ ਤੋਂ ਥੋੜ੍ਹਾ ਜਿਹਾ ਉਪਰ। ਫੇਰ ਮੇਰੇ ਕੋਲ ਇਕ ਤੀਸਰੀ ਸੂਚੀ ਹੈ ਜੋ ਕਿ ਆਦਿਵਾਸੀਆਂ ਅਤੇ ਪਹਾੜੀ ਕਬੀਲਿਆਂ ਦੀ ਹੈ ਜਿਹੜੇ ਕਿ ਭੀਲ ਅਤੇ ਉਸ ਕਿਸਮ ਦੇ ਹੋਰ ਲੋਕ ਹਨ ਅਤੇ ਇਹ ਸਾਰੇ ਮਿਲ ਕੇ ਦਸ ਲੱਖ ਹੋਰ ਬਣਦੇ ਹਨ। ਜੇਕਰ ਤੁਹਾਨੂੰ ਆਦਿਵਾਸੀ ਅਤੇ ਅਪਰਾਧੀ ਕਬੀਲਿਆਂ ਨੂੰ ਪਹਿਲੇ ਅੰਕੜੇ ਵਿਚ ਮਿਲਾਉਣ ਲਈ ਕਿਹਾ ਜਾਏ ਤਾਂ ਤੁਸੀਂ ਲਗਭਗ ਕੁੱਲ ਵੱਡਾ ਅੰਕੜਾ 28,00,000 ਹਾਸਿਲ ਕਰ ਲਵੋਗੇ ਜਿਹੜਾ ਕਿ ਤੁਸੀਂ ਦਿੱਤਾ ਹੈ ?

ਡਾਕਟਰ ਅੰਬੇਡਕਰ: ਜੋ ਪ੍ਰਮਾਣ ਮੈਂ ਆਪਣੇ ਯਾਦ-ਪੱਤਰ ਦੇ ਸਫਾ 39 'ਤੇ ਦੁਬਾਰਾ ਪੇਸ਼ ਕੀਤਾ ਹੈ ਜੋ ਕਿ ਜਨਗਣਨਾ ਦੇ ਡਾਇਰੈਕਟਰ ਦੇ ਕਥਨਾਂ ਤੋਂ ਲਿਆ ਗਿਆ ਹੈ, ਮੈਨੂੰ ਇਹ ਪ੍ਰਭਾਵ ਪੈਂਦਾ ਹੈ ਕਿ ਉਸ ਦੇ ਅੰਕੜੇ ਖਾਸ ਤੌਰ ਤੇ ਦਲਿਤ ਵਰਗਾਂ ਵਾਸਤੇ ਹਨ, ਮੇਰਾ ਵਿਚਾਰ ਹੈ ਕਿ ਜਨਗਣਨਾ ਦੇ ਡਾਇਰੈਕਟਰ ਦੁਆਰਾ ਕੱਢੇ ਗਏ ਅੰਕੜੇ ਅਤੇ ਉਸ ਦੁਆਰਾ ਦਰਸਾਏ ਗਏ ਪੈਰੇ ਵਿਚ ਸਨ, ਜੋ ਕਿ ਮੈਂ ਆਪਣੇ ਯਾਦ-ਪੱਤਰ ਦੇ ਸਫਾ 39 ਤੇ ਪੇਸ਼ ਕੀਤੇ ਹਨ, ਉਹ ਅੰਕੜੇ ਉਹੀ ਹਨ ਜੋ ਕੇਵਲ ਦਲਿਤ ਵਰਗਾਂ ਨਾਲ ਸਬੰਧਤ ਹਨ।

12. ...ਮੈਂ ਦੇਖਦਾ ਹਾਂ ਕਿ ਭਾਰਤ ਦੀ "ਜਨਗਣਨਾ 1921" ਦੇ ਡਾਇਰੈਕਟਰ ਨੇ ਇਹ ਕਿਹਾ ਹੈ "ਇਨ੍ਹਾਂ ਸਾਲਾਂ ਵਿਚ ਇਹ ਆਮ ਗੱਲ ਹੈ ਕਿ ਬਿਰਾਦਰੀ ਦੇ ਕੁਝ ਭਾਗਾਂ ਨੂੰ 'ਦਲਿਤ ਵਰਗ' ਕਿਹਾ ਜਾਵੇ, ਜਿਥੋਂ ਤੱਕ ਕਿ ਮੈਨੂੰ ਇਲਮ ਹੈ ਇਸ ਪਦ ਦੀ ਕੋਈ ਪੱਕੀ ਪਰਿਭਾਸ਼ਾ ਨਹੀਂ ਹੈ ਅਤੇ ਨਾ ਹੀ ਇਹ ਯਕੀਨੀ ਹੈ ਕਿ ਇਹ ਕਿਨ੍ਹਾਂ ਨੂੰ ਸ਼ਾਮਿਲ ਕਰਦਾ ਹੈ।" ਫਿਰ ਵੀ ਉਸ ਨੇ ਕੁਝ ਵਿਦਿਆ ਸਬੰਧੀ ਨੁਕਤਾ-ਚੀਨੀਆਂ ਦਾ ਹਵਾਲਾ ਦਿੱਤਾ। ਤੁਹਾਡਾ ਮਤਲਬ ਉਸੇ ਪੈਰੇ ਤੋਂ ਹੈ ?

ਡਾਕਟਰ ਅੰਬੇਡਕਰ: ਹਾਂ ਜੀ। ਅਤੇ "ਕੁੱਲ ਜਨ-ਸੰਖਿਆ ਇਨ੍ਹਾਂ ਸੂਚੀਆਂ ਅਨੁਸਾਰ

ਜੋ ਕਿ ਦਲਿਤ ਹਨ, ਉਹ ਹੈ 3 ਕਰੋੜ, ਦਸ ਲੱਖ ਲੋਕ ਜਾਂ ਬਰਤਾਨਵੀ ਭਾਰਤ ਦੀ ਹਿੰਦੂ ਅਤੇ ਕਬਾਇਲੀ ਜਨ-ਸੰਖਿਆ ਦਾ 19%।" ਉਹ ਜ਼ਾਹਿਰ ਹੈ ਇਹ ਕਥਨ ਕਬਾਇਲੀ ਜਨਤਾ ਨੂੰ ਦਲਿਤ ਵਰਗਾਂ ਵਿਚੋਂ ਅਲੱਗ ਕਰਦਾ ਹੈ।

13. ਮੈਂ ਇਹ ਨਹੀਂ ਜਾਣਦਾ। ਜੋ ਵੀ ਹੈ, ਉਹ ਇਕ ਮੁਮਕਿਨ ਵਰਨਣ ਹੈ ਅਤੇ ਮੈਂ ਇਹ ਸਮਝਦਾ ਹਾਂ ਕਿ ਤੁਸੀਂ ਇਸ ਗੱਲ ਨੂੰ ਮੰਨਦੇ ਹੋ ਕਿ ਇਕ ਮੁਮਕਿਨ ਵਰਨਣ ਇਹ ਹੈ ਕਿ ਛੋਟਾ ਅੰਕੜਾ ਅਛੂਤਾਂ ਦਾ ਅੰਕੜਾ ਹੈ। ਇਸੇ ਅਰਥ ਅਨੁਸਾਰ ਮੈਂ ਪਰਿਭਾਸ਼ਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਸਮਝਦਾ ਹਾਂ ਕਿ ਤੁਸੀਂ ਮੰਨਦੇ ਹੋ ਕਿ ਉਹ ਇਕ ਮੁਮਕਿਨ ਨਜ਼ਰੀਆ ਹੈ। ਇਹ ਪ੍ਰਤੱਖ ਹੈ ਕਿ ਬਹੁਤ ਮਨਸੂਬਿਆਂ ਵਾਸਤੇ ਉਹ ਉਨ੍ਹਾਂ ਦੀ, ਜੋ ਕਿ ਬਹੁਤ ਦਲਿਤ ਹਨ, ਬਿਹਤਰੀ ਅਤੇ ਉਨ੍ਹਾਂ ਨੂੰ ਉਪਰ ਉਠਾਉਣ ਲਈ ਕੋਸ਼ਿਸ਼ਾਂ ਵਿਚ ਆਪਣੇ ਸਰਵੇਖਣਾਂ ਵਿਚ ਇਕ ਵੱਡੀ ਗਿਣਤੀ ਦੇ ਲੋਕਾਂ, ਜਿਨ੍ਹਾਂ ਵਿਚ ਅਪਰਾਧੀ ਅਤੇ ਪਹਾੜੀ ਕਬੀਲੇ ਵੀ ਸ਼ਾਮਿਲ ਹਨ, ਨੂੰ ਬਹੁਤ ਚੰਗੀ ਤਰ੍ਹਾਂ ਸ਼ਾਮਿਲ ਕਰ ਸਕਦੇ ਹਨ। ਕੀ ਇਹ ਇਕ ਸੰਭਾਵਨਾ ਹੈ ?

ਡਾਕਟਰ ਅੰਬੇਡਕਰ: ਹਾਂ, ਇਹ ਇਕ ਸੰਭਾਵਨਾ ਹੈ।

14. ਮੈਂ ਤੁਹਾਨੂੰ ਇਕ ਹੋਰ ਮੁਮਕਿਨ ਨਜ਼ਰੀਏ ਤੋਂ ਜਾਣੂ ਕਰਵਾਉਣਾ ਚਾਹੁੰਦਾ ਹਾਂ। ਮੈਂ ਨਹੀਂ ਜਾਣਦਾ ਕਿ ਇਹ ਏਥੇ ਗੱਲ ਢੁਕਦੀ ਹੈ ਜਾਂ ਨਹੀਂ। ਆਪਣੇ ਦਸਤਾਵੇਜ਼ ਦੇ ਸਫਾ 39 ਤੇ ਤੁਸੀਂ ਜੋ ਦੱਸਿਆ ਹੈ ਉਹ ਬਿਲਕੁਲ ਠੀਕ ਹੈ। ਮੈਂ ਸਮਝਦਾ ਹਾਂ ਕਿ ਜੇਕਰ ਤੁਸੀਂ ਸੂਬਾਈ ਅੰਕੜਿਆਂ ਨੂੰ ਮਿਲਾ ਦੇਵੋ ਤਾਂ ਭਾਰਤ ਵਿਚ ਤੁਸੀਂ ਸਾਢੇ ਪੰਜ ਕਰੋੜ ਤੋਂ 6 ਕਰੋੜ ਅੰਕੜੇ ਦੇਖੋਗੇ।

ਡਾਕਟਰ ਅੰਬੇਡਕਰ: ਹਾਂ ਜੀ।

15. "ਭਾਰਤ ਵਿਸ਼ੇਸ਼" ਤੋਂ ਮੇਰਾ ਭਾਵ ਹੈ, ਉਹ ਭਾਰਤ ਜਿਸ ਵਿਚ ਭਾਰਤੀ ਸਟੇਟਾਂ ਵੀ ਸ਼ਾਮਿਲ ਹਨ।

ਡਾਕਟਰ ਅੰਬੇਡਕਰ: ਹਾਂ, ਮੈਂ ਉਸ ਬਾਰੇ ਸੋਚਿਆ ਹੈ। ਪਰ ਮੈਂ ਇਕ ਚੀਜ਼ ਦੱਸਣੀ ਚਾਹੁੰਦਾ ਹਾਂ। ਉਸ ਨੇ ਲੱਗਦਾ ਹੈ ਕਿ ਭਾਰਤੀ ਰਿਆਸਤਾਂ ਨੂੰ ਵੱਖ ਦੱਸਿਆ ਹੈ ਕਿਉਂਕਿ ਉਸ ਨੇ ਬੜੌਦਾ ਵਾਸਤੇ ਅਲੱਗ ਅੰਕੜੇ ਦਿੱਤੇ ਹਨ।

16. ਸ਼ਾਇਦ ਉਸ ਨੇ ਵੱਡੀਆਂ ਸਰੋਤਾਂ ਵਿਚੋਂ ਇਕ ਜਾਂ ਦੋ ਦੱਸੀਆਂ ਹਨ ?

ਡਾਕਟਰ ਅੰਬੇਡਕਰ: ਹੋ ਸਕਦਾ ਹੈ ਇਵੇਂ ਹੀ ਹੋਵੇ। ਇਹ ਅੰਕੜਿਆਂ ਦੇ ਯੋਗ ਤੋਂ ਪਤਾ ਲੱਗਦਾ ਹੈ।

17. ਅਸੀਂ ਬੇਸ਼ੱਕ ਅੰਕੜਿਆਂ ਦੇ ਚਿੰਨ੍ਹ ਤੇ ਬਹੁਤ ਲੰਬਾ ਸਮਾਂ ਨਹੀਂ ਬਿਤਾਉਣਾ ਚਾਹੁੰਦੇ, ਕਿਉਂਕਿ ਫਿਰ ਵੀ ਚਾਹੇ ਸਹੀ ਅੰਕੜਾ ਲੈਣ ਲਈ 15 ਲੱਖ ਜਾਂ 20 ਲੱਖ ਜਾਂ

25 ਲੱਖ ਹੈ, ਇਹ ਯਕੀਨੀ ਹੈ ਕਿ ਇਸ ਵਿਚ ਬਹੁਤ ਵੱਡੀ ਗਿਣਤੀ ਦੇ ਲੋਕ ਹਨ। ਅਤੇ ਇਹ ਉਹ ਲੋਕ ਹਨ ਜਿਹੜੇ ਸਾਡੀ ਖਾਸ ਤਵੱਜੋ ਦੇ ਹੱਕਦਾਰ ਹਨ।

ਡਾਕਟਰ ਅੰਬੇਡਕਰ: ਇਕ ਨੁਕਤਾ ਜੋ ਮੈਂ ਦੱਸਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਉਹ ਅੰਕੜੇ ਜਿਨ੍ਹਾਂ ਤੋਂ ਸੂਬਾਈ ਅੰਕੜਿਆਂ ਦੀ ਗਣਨਾ ਕੀਤੀ ਗਈ ਹੈ, ਉਹ ਉਸ ਸਾਰਣੀ ਵਿਚ, ਜੋ ਕੇਵਲ ਪ੍ਰਮੁੱਖ ਭਾਰਤੀ ਜਾਤਾਂ ਨਾਲ ਸਬੰਧਤ ਹਨ। ਇਹ ਇਕ ਪੂਰਣ ਸਾਰਣੀ ਨਹੀਂ ਹੈ ਅਤੇ ਵੱਖ ਵੱਖ ਜਾਤਾਂ ਦਾ ਵਿਸ਼ਲੇਸ਼ਣ ਕਰਨ ਤੋਂ ਉਪਰੰਤ ਮੈਨੂੰ ਪਤਾ ਲੱਗਾ ਕਿ ਇਸ ਸਾਰਣੀ ਵਿਚ ਜੋ ਜਾਤਾਂ ਦਰਸਾਈਆਂ ਗਈਆਂ ਹਨ, ਇਹ ਉਹ ਦਸ ਜ਼ਾਤਾਂ ਹਨ ਜਿਨ੍ਹਾਂ ਨੂੰ ਬਿਨਾਂ ਕਿਸੇ ਸ਼ੱਕ ਦੇ ਪ੍ਰਮੁੱਖ ਭਾਰਤੀ ਜਾਤਾਂ ਵਿਚ ਸ਼ਾਮਿਲ ਨਹੀਂ ਕੀਤਾ ਗਿਆ।

18. ਮੈਂ ਇਕ ਸੁਝਾਉ ਦੇਣਾ ਚਾਹੁੰਦਾ ਹਾਂ ਕਿ ਜੇ ਤੁਹਾਨੂੰ ਦੋਹਾਂ ਨੂੰ ਮਨਜ਼ੂਰ ਹੋਵੇ ਤਾਂ ਤੁਸਾਂ ਅੰਕੜਿਆਂ ਦੇ ਮਾਮਲੇ ਵਿਚ ਪ੍ਰਮੁੱਖ ਵਿਚਾਰਾਂ ਤੇ ਧਿਆਨ ਦੇਣ ਲਈ ਕਿਹਾ ਹੈ ਤੇ ਬਿਨ੍ਹਾਂ ਸ਼ਹੀ ਅੰਕੜਿਆਂ ਨੂੰ ਬੰਨ੍ਹਿਆਂ, ਮੈਂ ਸਮਝਦਾ ਹਾਂ ਇਹੀ ਠੀਕ ਰਹੇਗਾ ਕਿ ਇਨ੍ਹਾਂ ਅੰਕੜਿਆਂ ਤੋਂ ਜਿੰਨੀ ਜਲਦੀ ਹੋ ਸਕੇ ਪਿੱਛਾ ਛੁਡਾਇਆ ਜਾਵੇ। ਤਾਂ ਹੀ ਅਸੀਂ ਇਨ੍ਹਾਂ ਸ਼੍ਰੇਣੀਆਂ ਦੀ ਸਥਿਤੀ ਅਤੇ ਵਤੀਰੇ ਦੇ ਪ੍ਰਸ਼ਨ ਨੂੰ ਸਮਝ ਸਕਾਂਗੇ। ਨਹੀਂ ਤਾਂ ਸਾਨੂੰ ਇਹ ਕੰਮ ਕਰਨ ਵਿਚ ਢੇਰ ਸਾਰਾ ਸਮਾਂ ਲੱਗੇਗਾ। ਮੈਂ ਕਹਿ ਚੁੱਕਿਆ ਹਾਂ ਕਿ ਜੋ ਮੈਂ ਤੁਹਾਡੇ ਸਾਹਮਣੇ ਰੱਖਣਾ ਚਾਹੁੰਦਾ ਹਾਂ, ਜਿਸ ਲਈ ਮੈਂ ਬਿਲਕੁਲ ਤਿਆਰ ਹਾਂ, ਤੁਸੀਂ ਜੇਕਰ ਇਸ ਦੀ ਬਾਰੀਕੀ ਨਾਲ ਜਾਂਚ ਕਰੋਗੇ ਤਾਂ ਤੁਹਾਨੂੰ 15 ਲੱਖ ਦਾ ਅੰਕੜਾ ਹਾਸਿਲ ਹੋਵੇਗਾ, ਪਰ ਜੇਕਰ ਖੁਲ੍ਹੀ ਜਾਂਚ ਕਰੋਗੇ ਤਾਂ 20 ਤੋਂ 30 ਲੱਖ ਦੇ ਵਿਚਕਾਰ ਦਾ ਅੰਕੜਾ ਹਾਸਿਲ ਹੋ ਸਕੇਗਾ। ਜਿਹੜੀ ਗੱਲ ਮੈਂ ਆਖ ਰਿਹਾ ਹਾਂ, ਆਸ ਹੈ ਤੁਸੀਂ ਉਸ ਨੂੰ ਪ੍ਰਵਾਨ ਕਰੋਂਗੇ।

ਡਾਕਟਰ ਅੰਬੇਡਕਰ: ਹਾਂ ਜੀ, ਇਸ ਘਸਵੱਟੀ ਨਾਲ ਬੰਬਈ ਦੇ ਅੰਕੜੇ ਜਾਤਾਂ ਵਿਚੋਂ ਦਸ ਨੂੰ ਇਸ ਵਿਚ ਸ਼ਾਮਿਲ ਨਹੀਂ ਕਰਦੇ।

ਸਭਾਪਤੀ: ਅਸੀਂ ਅਸਲ ਨੁਕਤੇ ਤੇ ਆਉਣਾ ਚਾਹੁੰਦੇ ਹਾਂ ਜੋ ਕਿ ਉਨ੍ਹਾਂ ਦੀ ਨੁਮਾਇੰਦਗੀ ਦਾ ਹੈ। ਕੀ ਇਥੇ ਕੋਈ ਅਜਿਹਾ ਹੈ, ਜੋ ਕੇਵਲ ਅੰਕੜਿਆਂ ਸਬੰਧੀ ਨੁਕਤੇ ਤੇ ਹੀ ਸਮਾਂ ਲਗਾਉਣ ਦਾ ਇਛੁੱਕ ਹੈ? ਸ਼੍ਰੀਮਾਨ ਰਾਜਾ ਜੀ, ਕੀ ਤੁਸੀਂ ਸੰਤੁਸ਼ਟ ਹੋ ਕਿ ਸਾਨੂੰ ਇਹੋ ਜਿਹੇ ਅੰਕੜਿਆਂ ਨੂੰ ਮੰਨ ਲੈਣਾ ਚਾਹੀਦਾ ਹੈ?

ਰਾਓ ਬਹਾਦੁਰ ਰਾਜਾ: ਕਿਹੜੇ ਅੰਕੜੇ?

ਸਭਾਪਤੀ: ਕੀ ਤੁਹਾਡੇ ਵਿਚਾਰ ਵਿਚ ਸਾਨੂੰ ਅਸਲੀ ਮਹੱਤਵਪੂਰਣ ਪ੍ਰਸ਼ਨ ਨੂੰ ਲੈ ਕੇ ਅਗਾਂਹ ਚੱਲਣਾ ਚਾਹੀਦਾ ਹੈ ਜੋ ਕਿ ਉਨ੍ਹਾਂ ਦੀ ਨੁਮਾਇੰਦਗੀ ਦਾ ਹੈ, ਇਹ ਗੱਲ ਇਸੇ ਤਰ੍ਹਾਂ ਛੱਡਕੇ ਕਿ ਬੰਬਈ ਸੂਬੇ ਵਿਚ 1921 ਦੀ ਜਨਗਣਨਾ ਨੇ 15 ਲੱਖ ਦਾ ਅੰਕੜਾ ਦਿੱਤਾ ਹੈ। ਪਰ ਇਹ ਇਉਂ ਲੱਗੇਗਾ ਕਿ ਉਹ ਤਾਂ ਸੰਕੁਚਿਤ ਨਜ਼ਰੀਏ ਅਨੁਸਾਰ ਹੀ ਦਲਿਤ ਵਰਗ ਹਨ ਜਿਨ੍ਹਾਂ ਬਾਰੇ ਮੈਂ ਦੱਸਿਆ ਹੈ; ਧਰਮ ਦੇ ਨਜ਼ਰੀਏ ਤੋਂ ਉਹ ਅਛੂਤ ਹਨ,

ਪਰ ਉਹ ਜਿਵੇਂ ਕਿ ਡਾਕਟਰ ਅੰਬੇਡਕਰ ਨੇ ਦੱਸਿਆ ਹੈ, ਵਾਸਤਵ ਵਿਚ ਸਰਕਾਰੀ ਅੰਕੜੇ ਹੀ ਹਨ। ਪਰ ਜੇ ਤੁਸੀਂ ਇਕ ਵਿਸ਼ਾਲ, ਪਰ ਸਹੀ ਕਾਨੂੰਨੀ ਨਜ਼ਰੀਆ ਅਪਣਾਉ ਤਾਂ ਸਹੀ ਅੰਕੜਾ 20 ਤੋਂ 30 ਲੱਖ ਦੇ ਵਿਚਕਾਰ ਹੈ। ਕੀ ਇਹ ਠੀਕ ਨਹੀਂ ?

ਰਾਓ ਬਹਾਦੁਰ ਰਾਜਾ: ਹਾਂ, ਇਹ ਠੀਕ ਹੈ।

ਸਭਾਪਤੀ: ਕੀ ਕੋਈ ਇਸ ਮਾਮਲੇ ਵਿਚ ਕੁਝ ਹੋਰ ਜੋੜਨਾ ਚਾਹੁੰਦਾ ਹੈ ?

19. *ਕਰਨਲ ਲੇਨ ਫੋਕਸ:* ਸਾਡੇ ਕੋਲ ਪੁੱਜੇ ਦੋਵੇਂ ਯਾਦ-ਪੱਤਰ ਕਿਨ੍ਹਾਂ ਅੰਕੜਿਆਂ ਤੇ ਅਧਾਰਿਤ ਹਨ ? ਹਰੇਕ ਯਾਦ-ਪੱਤਰ ਵਿਚ ਤੁਸੀਂ ਦਲਿਤ ਵਰਗਾਂ ਲਈ ਵਿਸ਼ੇਸ਼ ਨੁਮਾਇੰਦਗੀ ਬਾਰੇ ਪੁੱਛਿਆ ਹੈ। ਤੁਸੀਂ ਬਾਲਗ ਮੱਤ-ਅਧਿਕਾਰ ਬਾਰੇ ਵੀ ਇਕ ਯਾਦ-ਪੱਤਰ ਵਿਚ ਪੁੱਛਿਆ ਹੈ ਅਤੇ ਥਲ-ਸੈਨਾ ਤੇ ਜਲ-ਸੈਨਾ ਆਦਿ ਵਿਚ ਉਨ੍ਹਾਂ ਦੀ ਵਿਸ਼ੇਸ਼ ਭਰਤੀ ਬਾਰੇ ਵੀ ਪੁੱਛਿਆ ਹੈ ਅਤੇ ਇਸੇ ਤਰ੍ਹਾਂ ਦਾ ਹੋਰ ਵੀ ਬਹੁਤ ਕੁਝ ਇਸ ਤੋਂ ਇਹ ਸਪੱਸ਼ਟ ਹੈ ਕਿ ਇਹ ਇਕ ਵੱਡੀ ਚੀਜ਼ ਹੈ ਜੋ ਤੁਸੀਂ ਆਦਿਵਾਸੀਆਂ ਅਤੇ ਅਪਰਾਧੀ ਕਬੀਲਿਆਂ ਬਾਰੇ ਮੰਗ ਰਹੇ ਹੋ। ਕੀ ਇਹ ਵਿਸ਼ੇਸ਼ ਅਧਿਕਾਰ ਵੱਡੀ ਗਿਣਤੀ ਲਈ ਮੰਗੇ ਗਏ ਹਨ ਜਾਂ ਘੱਟ ਗਿਣਤੀ ਲਈ ?

ਡਾਕਟਰ ਅੰਬੇਡਕਰ: ਮੈਂ ਉਨ੍ਹਾਂ ਨੂੰ ਦਲਿਤ ਵਰਗਾਂ ਵਾਸਤੇ ਮੰਗਿਆ ਹੈ।

20. ਕੀ ਆਦਿਵਾਸੀਆਂ ਅਤੇ ਅਪਰਾਧੀ ਵਰਗਾਂ ਵਾਸਤੇ ਵੀ ?

ਡਾਕਟਰ ਅੰਬੇਡਕਰ: ਨਹੀਂ। ਮੇਰੇ ਵਿਚਾਰ ਵਿਚ ਇਹ ਮੁਮਕਿਨ ਹੈ ਕਿ ਉਨ੍ਹਾਂ ਨੂੰ ਬਾਲਗ ਮੱਤ-ਅਧਿਕਾਰ ਦਾ ਵਿਸ਼ੇਸ਼ ਅਧਿਕਾਰ ਦਿਤਾ ਜਾਵੇ ?

21. ਪਰ ਤੁਸੀਂ ਹਵਾਲਾ ਤਾਂ ਵੱਡੇ ਅੰਕੜੇ ਦਾ ਦਿੱਤਾ ਹੈ ?

ਡਾਕਟਰ ਅੰਬੇਡਕਰ: ਮੈਂ ਇਹ ਤੱਥ ਪੂਰੀ ਤਰ੍ਹਾਂ ਨਹੀਂ ਮੰਨ ਰਿਹਾ ਕਿ ਜੋ ਅੰਕੜੇ ਮੈਂ ਆਪਣੇ ਯਾਦ-ਪੱਤਰ ਵਿਚ ਦਿੱਤੇ ਹਨ ਉਹ ਆਦਿਵਾਸੀਆਂ ਅਤੇ ਪਹਾੜੀ ਕਬੀਲਿਆਂ ਨੂੰ ਵੀ ਸ਼ਾਮਿਲ ਕਰਦੇ ਹਨ। ਮੈਂ ਅਜੇ ਵੀ ਇਹ ਮੰਨਦਾ ਹਾਂ ਕਿ ਠੀਕ ਤਰੀਕੇ ਦੀ ਗਣਨਾ ਨਾਲ ਜੋ ਅੰਕੜੇ ਮੈਂ ਦਿੱਤੇ ਹਨ ਉਹ ਮੁੱਖ ਤੌਰ ਤੇ ਦਲਿਤ ਵਰਗਾਂ ਵਾਸਤੇ ਵੀ ਹਨ। ਪਰ ਮੈਂ ਦੂਸਰੇ ਨਜ਼ਰੀਏ ਦੀ ਸੰਭਾਵਨਾ ਮਾਤਰ ਹੀ ਮੰਨਦਾ ਹਾਂ।

ਸਭਾਪਤੀ: ਮੈਂ ਇਥੇ ਇਸ ਵਿਚ ਕੇਵਲ ਇਕ ਚੀਜ਼ ਹੋਰ ਸ਼ਾਮਿਲ ਕਰਾਂਗਾ। ਸਰ ਆਰਥਰ ਫਰੂਮ ਸ਼ਾਇਦ ਇਸ ਦੀ ਪੁਸ਼ਟੀ ਕਰ ਸਕਣ। ਮੇਰੇ ਧਿਆਨ ਵਿਚ ਮੁੱਦੀਮਨ ਮੱਡੀਮੈਨ ਕਮੇਟੀ (ਰਿਫਾਰਮਸ ਇਨਕੁਆਇਰੀ ਕਮੇਟੀ,1925) ਦੀ ਰੀਪੋਰਟ ਦੇ ਪੈਰਾ 64 ਨਾਲ ਜੋੜੀ ਗਈ ਸਾਰਣੀ ਦੇ ਅੰਕੜੇ ਹਨ, ਜਿਨ੍ਹਾਂ ਅਨੁਸਾਰ ਇਹ ਸੰਖਿਆ 28,00,000 ਹੈ।

22. *ਸਰ ਹਰੀ ਸਿੰਘ ਗੌੜ:* ਡਾ: ਅੰਬੇਡਕਰ, ਕੀ ਤੁਸੀਂ "ਦਲਿਤ ਵਰਗਾਂ" ਅਤੇ "ਅਛੂਤਾਂ" ਨੂੰ ਮਿਲਦੇ ਜੁਲਦੇ ਜਾਂ ਸਮਾਨ ਪਦ ਸਮਝਦੇ ਹੋ ?

ਡਾ: ਅੰਬੇਡਕਰ: ਹਾਂ।

23. ਦਲਿਤ ਵਰਗਾਂ ਲਈ ਵਿਸ਼ੇਸ਼ ਨੁਮਾਇੰਦਗੀ ਬਾਰੇ ਪੁੱਛਣ ਵਿਚ ਕੀ ਤੁਸਾਂ ਆਪਣੇ ਆਪ ਨੂੰ ਅਛੂਤਾਂ ਤੱਕ ਹੀ ਸੀਮਿਤ ਰੱਖਿਆ ਹੈ ?

ਡਾ: ਅੰਬੇਡਕਰ: ਹਾਂ।

24. ਤੁਸੀਂ ਕਿਹਾ ਹੈ ਕਿ ਕੁਝ ਆਦਿਵਾਸੀ ਅਛੂਤ ਨਹੀਂ ਹਨ ?

ਡਾ: ਅੰਬੇਡਕਰ: ਦੇਸ਼ ਦੇ ਕੁਝ ਹਿੱਸਿਆਂ ਵਿਚ ਉਹ ਹੋ ਵੀ ਸਕਦੇ ਹਨ। ਮੇਰਾ ਉਨ੍ਹਾਂ ਵਲੋਂ ਬੋਲਣ ਦਾ ਕੋਈ ਵਿਚਾਰ ਨਹੀਂ।

25. ਉਹ ਅਛੂਤ ਨਹੀਂ ਹਨ। ਅਪਰਾਧੀ ਕਬੀਲੇ ਅਛੂਤ ਨਹੀਂ ਹਨ ?

ਡਾ: ਅੰਬੇਡਕਰ: ਉਨ੍ਹਾਂ ਵਿਚੋਂ ਕੁਝ ਇਕ ਹਨ।

26. ਕੁਝ ਇਕ, ਪਰ ਇਕ ਸਮੁੱਚੇ ਕਬੀਲੇ ਵਜੋਂ ਉਹ ਅਜਿਹੇ ਨਹੀਂ ਹਨ ?

ਡਾ: ਅੰਬੇਡਕਰ: ਅਪਰਾਧੀ ਕਬੀਲੇ ਬਾਕੀ ਹਿੰਦੂਆਂ ਨਾਲ ਇੰਨਾ ਘੱਟ ਸਮਾਜਿਕ ਮੇਲ ਜੋਲ ਰੱਖਦੇ ਹਨ ਕਿ ਇਸ ਬਾਰੇ ਕੋਈ ਨਿਸ਼ਚਿਤ ਵਿਚਾਰ ਬਣਾਉਣ ਦਾ ਆਧਾਰ ਨਹੀਂ ਬਣ ਸਕਦਾ, ਪਰ ਜੇ ਉਹ ਅਜਿਹਾ ਮੇਲ ਜੋਲ ਰੱਖਦੇ ਹਨ ਤਾਂ ਮੇਰੇ ਵਿਚਾਰ ਵਿਚ ਉਨ੍ਹਾਂ ਨੂੰ ਅਛੂਤ ਹੀ ਸਮਝਿਆ ਜਾਵੇਗਾ।

27. ਕੁਝ ਵਰਗ ਅਜਿਹੇ ਵੀ ਹਨ, ਜੋ ਉਚ ਜਾਤਾਂ ਅਤੇ ਅਛੂਤਾਂ ਦੇ ਵਿਚ ਵਿਚਾਲੇ ਹਨ ?

ਡਾ: ਅੰਬੇਡਕਰ: ਮੈਂ ਤਾਂ ਇਹ ਕਹਾਂਗਾ ਕਿ ਉਹ ਅਛੂਤਾਂ ਨਾਲੋਂ ਵੀ ਥੱਲੇ ਹੁੰਦੇ ਹਨ।

28. ਨਹੀਂ, ਸਮਾਜ ਰੂਪੀ ਪੌੜੀ ਤੇ ਥੋੜ੍ਹੀ ਉਪਰ ਚੜ੍ਹੀ ਉਹ ਇਕ ਅਜਿਹੀ ਜਮਾਤ ਹੈ ਜੋ ਕਿ ਅੱਧੀ ਕੁ ਅਛੂਤ ਹੈ ?

ਡਾ: ਅੰਬੇਡਕਰ: ਮੈਂ ਇਹ ਨਹੀਂ ਕਹਿ ਸਕਦਾ ਮੇਰਾ ਬਿੰਦੂ ਤਾਂ ਇਹ ਹੈ ਕਿ ਅਪਰਾਧੀ ਕਬੀਲਿਆਂ ਦੇ ਸੰਬੰਧ ਵਿਚ ਸਾਡੇ ਕੋਲ ਕੋਈ ਅਜਿਹੇ ਅੰਕੜੇ ਨਹੀਂ, ਜਿਨ੍ਹਾਂ ਰਾਹੀਂ ਇਹ ਫੈਸਲਾ ਹੋ ਸਕੇ ਕਿ ਉਹ ਅਛੂਤ ਹਨ ਜਾਂ ਨਹੀਂ ਕਿਉਂਕਿ ਹਿੰਦੂਆਂ ਦੀ ਪ੍ਰਮੁੱਖ ਸ਼੍ਰੇਣੀ ਅਤੇ ਅਪਰਾਧੀ ਕਬੀਲਿਆਂ ਵਿਚਕਾਰ ਬਹੁਤ ਘੱਟ ਭਾਈਚਾਰਕ ਮੇਲ- ਜੋਲ ਹੈ।

29. ਆਪਣੇ ਖਾਤੇ ਵਿਚੋਂ ਅਪਰਾਧੀ ਕਬੀਲਿਆਂ ਅਤੇ ਆਦਿਵਾਸੀਆਂ ਨੂੰ ਕੱਢ ਦਿਉ। ਮੈਂ ਹੁਣ ਕੇਵਲ ਅਛੂਤਾਂ ਦੀ ਗੱਲ ਹੀ ਕਰ ਰਿਹਾ ਹਾਂ। ਅਛੂਤਾਂ ਵਿਚ ਕਈ ਸ਼੍ਰੇਣੀਆਂ ਹਨ, ਉਨ੍ਹਾਂ ਵਿਚੋਂ ਕਈ ਅਜਿਹੀਆਂ ਹਨ ਜਿਨ੍ਹਾਂ ਨੂੰ ਕੇਵਲ ਅੱਧਾ ਅਛੂਤ ਹੀ ਮੰਨਿਆ ਜਾ ਸਕਦਾ ਹੈ ?

ਸੰਵਿਧਾਨ ਦੀ ਬਣਤਰ ਵੱਲ ਧਿਆਨ ਦੇਣ ਲਈ ਇਕੱਠੇ ਹੋਏ ਹਾਂ ਜੋ ਕਿ ਇਕ ਬਹੁਤ ਵੱਖਰੀ ਚੀਜ਼ ਹੈ।

34. ਇਸ ਅੰਕੜੇ ਨੂੰ ਧਿਆਨ ਵਿਚ ਰੱਖਦਿਆਂ ਤੁਸੀਂ ਠੀਕ ਢੰਗ ਨਾਲ ਦਰਸਾਉਣਾ ਚਾਹੁੰਦੇ ਹੋ ਕਿ ਭਾਰਤ ਦਾ ਸੰਵਿਧਾਨ ਅਤੇ ਖਾਸ ਤੌਰ ਤੇ ਬੰਬਈ ਸੂਬੇ ਦਾ ਸੰਵਿਧਾਨ, ਇਨ੍ਹਾਂ ਲੋਕਾਂ ਨਾਲ ਕਿਹੋ ਜਿਹਾ ਵਰਤਾਉ ਕਰੇ ?

ਡਾ: ਅੰਬੇਡਕਰ: ਪਹਿਲੀ ਚੀਜ਼ ਜਿਹੜੀ ਕਿ ਮੈਂ ਕਹਿਣੀ ਚਾਹਾਂਗਾ ਉਹ ਇਹ ਹੈ ਕਿ ਅਸੀਂ ਮੰਗ ਕਰਦੇ ਹਾਂ ਕਿ ਸਾਨੂੰ ਵੱਖਰੀ ਅਲਪਸੰਖਿਅਕ(ਵਰਗ) ਸਮਝਿਆ ਜਾਣਾ ਚਾਹੀਦਾ ਹੈ ਜੋ ਕਿ ਹਿੰਦੂ ਬਰਾਦਰੀ ਤੋ ਵੱਖ ਹੈ। ਸਾਡਾ ਅਲਪ-ਸੰਖਿਅਕ ਰੂਪ ਹੁਣ ਤੱਕ ਸਾਡੇ ਹਿੰਦੂ ਬਰਾਦਰੀ ਵਿਚ ਸ਼ਾਮਿਲ ਹੋਣ ਕਾਰਨ ਲੁਕਿਆ ਹੋਇਆ ਸੀ, ਪਰ ਅਸਲ ਵਿਚ ਦਲਿਤ ਵਰਗਾਂ ਅਤੇ ਹਿੰਦੂ ਬਰਾਦਰੀ ਵਿਚ ਕੋਈ ਸੰਬੰਧ ਨਹੀਂ। ਪਹਿਲਾ ਨੁਕਤਾ ਜਿਸ ਉਤੇ ਮੈਂ ਕਾਨਫਰੰਸ ਸਾਹਮਣੇ ਜ਼ੋਰ ਪਾਉਣਾ ਚਾਹੁੰਦਾ ਹਾਂ, ਇਹ ਹੈ ਕਿ ਸਾਨੂੰ ਇਕ ਵੱਖਰਾ ਅਤੇ ਸੁਤੰਤਰ ਅਲਪ-ਸੰਖਿਅਕ (ਵਰਗ) ਸਮਝਿਆ ਜਾਣਾ ਚਾਹੀਦਾ ਹੈ। ਦੂਜੇ ਨੰਬਰ ਤੇ ਮੈਂ ਇਹ ਕਹਿਣਾ ਚਾਹਾਂਗਾ ਕਿ ਦਲਿਤ ਵਰਗਾਂ ਦੇ ਅਲਪ-ਸੰਖਿਅਕ(ਵਰਗ) ਨੂੰ ਕਿਸੇ ਹੋਰ ਬ੍ਰਿਟਿਸ਼ ਭਾਰਤ ਦੀ ਅਲਪ-ਸੰਖਿਅਕ(ਵਰਗ) ਨਾਲੋਂ ਰਾਜਨੀਤਕ ਸੁਰੱਖਿਆ ਦੀ ਵੱਧ ਜ਼ਰੂਰਤ ਹੈ। ਇਸ ਦਾ ਸਿੱਧਾ ਕਾਰਣ ਇਹ ਹੈ ਕਿ ਇਹ ਵਿਦਿਅਕ ਦ੍ਰਿਸ਼ਟੀ ਤੋਂ ਬਹੁਤ ਪਛੜੀ ਹੋਈ ਹੈ। ਇਹ ਆਰਥਿਕ ਦ੍ਰਿਸ਼ਟੀ ਤੋਂ ਗਰੀਬ ਹੈ; ਸਮਾਜਿਕ ਤੌਰ ਤੇ ਗੁਲਾਮ ਅਤੇ ਰਾਜਨੀਤਕ ਤੌਰ ਤੇ ਮੁਥਾਜ ਹੈ, ਜਿਨ੍ਹਾਂ ਗੱਲਾਂ ਦੀ ਕੋਈ ਹੋਰ ਬਰਾਦਰੀ ਮੁਥਾਜ ਨਹੀਂ। ਫੇਰ ਮੈਂ ਇਹ ਵੀ ਕਹਾਂਗਾ ਕਿ ਰਾਜਨੀਤਿਕ ਸੁਰੱਖਿਆ ਦੇ ਮਾਮਲੇ ਦੀ ਮੰਗ ਵਿਚ, ਅਸੀਂ ਪ੍ਰਤਿਨਿਧਤਾ ਉਸੇ ਆਧਾਰ ਤੇ ਹੀ ਮੰਗਦੇ ਹਾਂ, ਜਿਸ ਤੇ ਕਿ ਮੁਸਲਮਾਨ ਘੱਟ ਗਿਣਤੀ। ਅਸੀਂ ਰਾਖਵੀਆਂ ਸੀਟਾਂ ਮੰਗਦੇ ਹਾਂ ਜੇਕਰ ਉਹ ਬਾਲਗ਼ ਮਤ-ਅਧਿਕਾਰ ਦੇ ਨਾਲ ਹੋਣ।

35. ਤੇ ਜੇਕਰ ਬਾਲਗ਼ ਮਤ-ਅਧਿਕਾਰ ਨਾ ਹੋਵੇ ?

ਡਾ: ਅੰਬੇਡਕਰ: ਫੇਰ ਅਸੀਂ ਵੱਖਰੇ ਚੋਣ-ਹਲਕਿਆਂ ਬਾਰੇ ਕਹਾਂਗੇ। ਇਸ ਤੋਂ ਇਲਾਵਾ ਅਸੀਂ ਕੁਝ ਰੱਖਿਆ ਵੀ ਚਾਹਵਾਂਗੇ ਜਾਂ ਤਾਂ ਸੰਵਿਧਾਨ ਵਿਚ ਤੇ ਜੇਕਰ ਇਹ ਮੁਮਕਿਨ ਹੋਵੇ ਜਾਂ ਫੇਰ ਗਵਰਨਰ ਵਲੋਂ ਦਲਿਤ ਵਰਗਾਂ ਦੀ ਪੜ੍ਹਾਈ ਦੇ ਮਾਮਲੇ ਸਬੰਧੀ ਅਤੇ ਸਰਕਾਰੀ ਨੌਕਰੀਆਂ ਵਿਚ ਉਨ੍ਹਾਂ ਦੇ ਦਾਖ਼ਲੇ ਦੇ ਸਬੰਧੀ, ਲਿਖਤੀ ਤੌਰ ਤੇ ਦਿੱਤੀ ਸਲਾਹ ਦੇ ਦਸਤਾਵੇਜ਼ ਦੇ ਰੂਪ ਵਿਚ।

36. ਕੀ ਅਸੀਂ ਡਾਕਟਰ ਸੋਲੰਕੀ ਨੂੰ ਪੁੱਛ ਸਕਦੇ ਹਾਂ ਕਿ ਉਹ ਇਨ੍ਹਾਂ ਨੁਕਤਿਆਂ ਨਾਲ ਸਹਿਮਤ ਹੈ ?

ਡਾ: ਸੋਲੰਕੀ: ਮੈਂ ਸਾਰੇ ਨੁਕਤਿਆਂ ਨਾਲ ਸਹਿਮਤ ਹਾਂ।

37. ਫੇਰ ਅਸੀਂ ਇਹ ਮੰਨ ਲਈਏ ਕਿ ਉਹ ਤੁਹਾਡੇ ਦੋਹਾਂ ਦੇ ਮੱਤ ਹਨ ?

ਡਾ: ਅੰਬੇਡਕਰ: ਹਾਂ।

38. ਕੀ ਇਹ ਗੱਲ ਸੁਵਿਧਾਜਨਕ ਹੋਵੇਗੀ ਜਿਵੇਂ ਅਸੀਂ ਅੱਗੇ ਚੱਲੀਏ, ਮੈਂ ਇਨ੍ਹਾਂ ਨੁਕਤਿਆਂ ਤੇ ਇਕ ਦੋ ਪ੍ਰਸ਼ਨ ਪੁੱਛਾਂ ? ਤੁਹਾਡਾ ਦਾਅਵਾ ਹੈ ਕਿ ਦਲਿਤ ਵਰਗ, ਬੇਸ਼ੱਕ ਇਕ ਵਿਚਾਰ ਅਨੁਸਾਰ ਹਿੰਦੂ ਧਰਮ ਸ਼ਾਸਨ ਵਿਚ ਹੀ ਸ਼ਾਮਿਲ ਹਨ, ਨੂੰ ਸੰਵਿਧਾਨ ਦੀ ਦ੍ਰਿਸ਼ਟੀ ਤੋਂ ਇਕ ਵੱਖਰੀ ਅਤੇ ਭਿੰਨ ਬਰਾਦਰੀ ਮੰਨਿਆ ਜਾਵੇ, ਉਨ੍ਹਾਂ ਦੂਜਿਆਂ ਵਾਂਗ ਜੋ ਕਿ ਹਿੰਦੂ ਧਰਮ ਸ਼ਾਸਨ ਵਿਚ ਸ਼ਾਮਿਲ ਹਨ।

ਡਾ: ਅੰਬੇਡਕਰ: ਹਾਂ।

39. ਕੀ ਉਹ ਇਸ ਆਧਾਰ ਤੇ ਹੈ ਕਿ ਤੁਹਾਡੇ ਮੱਤ-ਅਧਿਕਾਰ ਅਨੁਸਾਰ ਦਲਿਤ ਵਰਗਾਂ ਨੂੰ ਇਹ ਉਮੀਦ ਨਹੀਂ ਕਿ ਉਨ੍ਹਾਂ ਦੇ ਹਿੱਤਾਂ ਨੂੰ ਤਸੱਲੀਬਖਸ਼ ਤਰੀਕੇ ਨਾਲ ਹਿੰਦੂ ਧਰਮ ਸ਼ਾਸਨ ਦੀਆਂ ਉਚੀਆਂ ਜਾਤਾਂ ਦੁਆਰਾ ਪ੍ਰਤਿਨਿਧਤਾ ਮਿਲੇਗੀ ?

ਡਾ: ਅੰਬੇਡਕਰ: ਇਹ ਇਕ ਆਧਾਰ ਹੈ, ਪਰ ਅਸਲ ਵਿਚ ਸਾਨੂੰ ਹਿੰਦੂ ਬਰਾਦਰੀ ਦਾ ਇਕ ਹਿੱਸਾ ਨਹੀਂ ਮੰਨਿਆ ਜਾ ਸਕਦਾ।

40. ਤੁਸੀਂ ਠੀਕ ਹੋ। ਮੇਰਾ ਇਹ ਵਿਸ਼ਵਾਸ ਇਸ ਮਹਾਂਦੀਪ ਵਿਚ ਇਕ ਵਰਗ ਦੇ ਪਹਿਲਾਂ ਤੋਂ ਰਹਿ ਰਹੇ ਵਸਨੀਕਾਂ ਤੋਂ ਬਣਿਆ ਹੈ।

ਡਾ.ਅੰਬੇਡਕਰ: ਮੇਰੇ ਵਿਚਾਰ ਵਿਚ ਇਹ ਕੇਵਲ ਇਕ ਦ੍ਰਿਸ਼ਟੀਕੋਣ ਹੈ।

41. ਇਹ ਇਕ ਮਨੌਤ ਹੈ। ਅਸੀਂ ਵਿਸਥਾਰ ਵਿਚ ਨਹੀਂ ਜਾਵਾਂਗੇ ਕਿ ਤੁਸੀਂ ਆਰੀਆ ਜਾਤੀ ਤੋਂ ਪਹਿਲਾਂ ਦੇ ਹੋ ?

ਡਾ: ਅੰਬੇਡਕਰ: ਅੱਛਾ, ਮੈਂ ਇਹ ਨਹੀਂ ਜਾਣਦਾ। ਇਹ ਇਕ ਦ੍ਰਿਸ਼ਟੀਕੋਣ ਹੈ।

43. ਮੈਂ ਆਪ ਨੂੰ ਕੇਵਲ ਪ੍ਰਸ਼ਨ ਪੁੱਛਿਆ ਹੈ ਕਿਉਂਕਿ ਕੁਝ ਬਹੁਤ ਪਤਵੰਤੇ ਹਿੰਦੂ ਸਰਕਾਰੀ ਬੰਦੇ ਹਨ ਜਿਨ੍ਹਾਂ ਦੇ ਮੈਂ ਨਾਂ ਨਹੀਂ ਲਵਾਂਗਾ ਅਤੇ ਜਿਨ੍ਹਾਂ ਨੇ ਬਿਨਾਂ ਕਿਸੇ ਸ਼ੱਕ ਦੇ ਦਲਿਤ ਵਰਗਾਂ ਦੇ ਮਾਮਲੇ ਵਿਚ ਚੰਗੀ ਦਿਲਚਸਪੀ ਦਿਖਾਈ ਹੈ। ਇਸ ਬਾਰੇ ਕੋਈ ਪ੍ਰਸ਼ਨ ਨਹੀਂ ਹੈ।

ਡਾ: ਅੰਬੇਡਕਰ: ਹਾਂ, ਇਸ ਬਾਰੇ ਲੋਕਾਂ ਵਿਚ ਕਾਫ਼ੀ ਚਰਚਾ ਹੈ।

44. ਮੈਂ ਜਾਣਦਾ ਹਾਂ, ਪਰ ਹਰ ਪੱਖੋਂ ਇਹ ਤੁਹਾਡਾ ਦ੍ਰਿਸ਼ਟੀਕੋਣ ਹੈ। ਤੁਸੀਂ ਕਿਹਾ ਕਿ ਤੁਹਾਨੂੰ ਸੰਵਿਧਾਨਕ ਦ੍ਰਿਸ਼ਟੀ ਤੋਂ ਜ਼ਰੂਰ ਹੀ ਇਕ ਭਿੰਨ ਅਤੇ ਵੱਖਰੀ ਬਰਾਦਰੀ ਸਮਝਿਆ ਜਾਣਾ ਚਾਹੀਦਾ ਹੈ ?

ਡਾ: ਅੰਬੇਡਕਰ: ਹਾਂ।

45. ਜਿਥੋਂ ਤੱਕ ਪ੍ਰਤਿਨਿਧਤਾ ਦਾ ਪ੍ਰਸ਼ਨ ਹੈ, ਮੈਂ ਦੇਖਦਾ ਹਾਂ ਕਿ ਚਾਹੇ ਇਥੇ ਬਾਲਗ ਮੱਤ-ਅਧਿਕਾਰ ਹੋਵੇ ਜਾਂ ਨਾ ਹੋਵੇ, ਲੱਗਦਾ ਹੈ ਕਿ ਤੁਸੀਂ ਵੀ ਨਾਮਜ਼ਦਗੀ ਦੇ ਵਿਚਾਰ ਨੂੰ ਛੱਡ ਦਿਤਾ ਹੈ ? ਤੁਸੀਂ (ਤਾਂ ਕੇਵਲ) ਚੋਣ ਚਾਹੁੰਦੇ ਹੋ ?

ਡਾ: ਅੰਬੇਡਕਰ: ਹਾਂ।

46. ਕੀ ਇਹ ਤੁਹਾਡੇ ਦੋਹਾਂ ਦਾ ਨਜ਼ਰੀਆ ਹੈ ?

ਡਾ: ਸੋਲੰਕੀ: ਹਾਂ।

47. ਉਸ ਦਾ ਮਤਲਬ ਇਹੋ ਹੈ ਕਿ ਤੁਹਾਨੂੰ ਵੋਟਰਾਂ ਦੀ ਇਕ ਸੂਚੀ ਬਣਾਉਣੀ ਪਵੇਗੀ ?

ਡਾ: ਅੰਬੇਡਕਰ: ਹਾਂ।

48. ਤੇ ਤੁਹਾਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਉਹ ਆਦਮੀ ਜੋ ਵੋਟ ਪਾਉਣ ਆਉਂਦਾ ਹੈ, ਉਸ ਦਾ ਨਾਂ ਸੂਚੀ ਵਿਚ ਦਰਜ ਹੈ ਅਤੇ ਉਹ ਕੋਈ ਦੂਜਾ ਨਹੀਂ ?

ਡਾ: ਅੰਬੇਡਕਰ: ਹਾਂ।

49. ਡਾ: ਅੰਬੇਡਕਰ, ਕੀ ਤੁਸੀਂ ਮੈਨੂੰ ਕੋਈ ਅੰਦਾਜ਼ਾ ਦੇ ਸਕਦੇ ਹੋ ਕਿ ਜਨ-ਸੰਖਿਆ ਦੇ ਕਿੰਨੇ ਪ੍ਰਤੀਸ਼ਤ, ਜਿਸ ਨੂੰ ਤੁਸੀਂ ਦਲਿਤ ਵਰਗ ਕਹਿੰਦੇ ਹੋ, ਪੜ੍ਹ ਸਕਦੇ ਹਨ ?

ਡਾ: ਅੰਬੇਡਕਰ: ਇਕ ਅਲੱਗ ਯਾਦ-ਪੱਤਰ, ਜੋ ਕਿ ਮੈਂ ਬੰਬਈ ਸੂਬੇ ਵਿਚ ਵਿਦਿਅਕ ਕਮਿਸ਼ਨ ਨੂੰ ਦੇ ਚੁੱਕਿਆ ਹਾਂ, ਉਸ ਵਿਚ ਇਹ ਅੰਕੜੇ ਹਨ।

50. ਮੈਨੂੰ ਲੱਗੱਦਾ ਹੈ ਕਿ ਇਹ ਅਨੁਪਾਤ ਬਹੁਤ ਘੱਟ ਹੈ ?

ਡਾ: ਅੰਬੇਡਕਰ: ਠੀਕ ਹੈ।

51. ਸਭ ਹੁੰਦਿਆਂ ਹੋਇਆਂ ਵੀ ਸ਼ਿਕਾਇਤਾਂ ਵਿਚੋਂ ਇਕ ਇਹ ਹੈ ਕਿ ਉਨ੍ਹਾਂ ਦੀ ਐਨੀ ਖੁੱਲ੍ਹੀ ਪਹੁੰਚ ਸਕੂਲਾਂ ਤੱਕ ਨਹੀਂ ਜਿੰਨੀ ਕਿ ਬਹੁਤ ਚੰਗੀ ਕਿਸਮਤ ਵਾਲੇ ਲੋਕਾਂ ਦੀ ਹੁੰਦੀ ਹੈ ?

ਡਾ: ਅੰਬੇਡਕਰ: ਇਹ ਠੀਕ ਹੈ।

52. ਇਸ ਲਈ ਇਸਦਾ ਮਤਲਬ, ਕੀ ਇਹ ਨਹੀਂ ਹੋਵੇਗਾ ਕਿ ਜੇਕਰ ਇਹ ਕੁਝ ਚੋਣ ਦੁਆਰਾ ਕੀਤਾ ਜਾਵੇ ਤਾਂ ਇਹ ਸਭ ਕੁਝ ਉਨ੍ਹਾਂ ਵੋਟ ਪਾਉਣ ਵਾਲੇ ਲੋਕਾਂ ਦੁਆਰਾ ਹੋਵੇਗਾ ਜੋ ਆਪ ਮੱਤ ਪੱਤਰ ਨੂੰ ਸਮਝਦੇ ?

ਡਾ: ਅੰਬੇਡਕਰ: ਹਾਂ, ਇਹ ਵੋਟਰਾਂ ਦੀ ਬਹੁ-ਗਿਣਤੀ ਲਈ ਅੱਜ ਵੀ ਸੱਚ ਹੈ।

53. ਸੱਚ। ਹੁਣ ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਬੰਬਈ ਸੂਬੇ ਵਿਚ ਤੁਸੀਂ (ਇਨ੍ਹਾਂ) ਵਰਗਾਂ ਵਾਸਤੇ ਕਿੰਨੀਆਂ ਸੀਟਾਂ ਰਾਖਵੀਆਂ ਹੋਣ ਦਾ ਪ੍ਰਸਤਾਵ ਰੱਖਦੇ ਹੋ ?

ਡਾ: ਅੰਬੇਡਕਰ: ਮੇਰੀ ਯੋਜਨਾ ਅਨੁਸਾਰ 140 ਵਿਚੋਂ ਅਸੀਂ 22 ਸੀਟਾਂ ਦਾ ਦਾਅਵਾ ਕਰਦੇ ਹਾਂ ?

54. ਤੁਸੀਂ ਜੋ ਸੁਝਾਉ ਦਿੰਦੇ ਹੋ, ਉਹ ਇਹ ਹੈ ਕਿ ਜੇਕਰ ਬੰਬਈ ਕੌਂਸਿਲ ਦੇ ਕੁੱਲ ਮੈਂਬਰਾਂ ਦੀ ਗਿਣਤੀ, ਜੇ ਸਾਰਿਆਂ ਨੂੰ ਚੁਣਿਆ ਜਾਵੇ, 140 ਸੀ, ਤਾਂ ਤੁਹਾਡੇ ਵਿਚਾਰ ਵਿਚ ਉਸ ਸਭਾ ਵਿਚ ਜਿਸ ਬਾਰੇ ਤੁਸੀਂ ਬੋਲਣਾ ਚਾਹੁੰਦੇ ਹੋ, ਦੀਆਂ 22 ਸੀਟਾਂ ਹੋਣੀਆਂ ਚਾਹੀਦੀਆਂ ਹਨ ?

ਡਾ: ਅੰਬੇਡਕਰ: ਹਾਂ।

55. ਤੇ ਮੰਨ ਲਉ, ਤੁਹਾਡੇ ਦੂਜੇ ਵਿਕਲਪ ਨੂੰ ਲਈਏ ਕਿ ਬਾਲਗ ਮੱਤ-ਅਧਿਕਾਰ ਨਹੀਂ ਹੈ, ਤਾਂ ਫਿਰ ਤੁਸੀਂ ਵੱਖਰੇ ਚੋਣ ਹਲਕਿਆਂ ਬਾਰੇ ਕਹਿੰਦੇ ਹੋ। ਕੀ ਤੁਸੀਂ ਅਜੇ ਵੀ 22 ਸੀਟਾਂ ਚਾਹੁੰਦੇ ਹੋ ?

ਡਾ: ਅੰਬੇਡਕਰ: ਹਾਂ।

56. ਕੇਵਲ ਇਕ ਹੋਰ ਚੀਜ਼ ਜੋ ਮੈਂ ਆਪ ਜੀ ਨੂੰ ਪੁੱਛਾਂਗਾ ਇਹ ਹੈ। ਮੇਰੇ ਵਿਚਾਰ ਵਿਚ ਸ਼੍ਰੀਮਾਨ ਰਾਜਾ ਕੁਝ ਪ੍ਰਸ਼ਨ ਖੁਸ਼ੀ ਨਾਲ ਆਪੇ ਪੁੱਛ ਕੇ ਸਮਾਜਿਕ ਸਥਿੱਤੀ ਸਾਫ਼ ਤੇ ਸਪੱਸ਼ਟ ਕਰਨਗੇ। ਇਸ ਸਮੇਂ ਮੇਰੇ ਵਿਚਾਰ ਵਿਚ ਬੰਬਈ ਵਿਧਾਨਕਾਰੀ ਕੌਂਸਿਲ ਵਿਚ ਦੋ ਮੈਂਬਰ ਹਨ। ਕੀ ਨਹੀਂ, ਜੋ ਕਿ ਦਲਿਤ ਵਰਗਾਂ ਦੀ ਪ੍ਰਤਿਨਿਧਤਾ ਕਰਨ ਲਈ ਨਾਮਜ਼ਦ ਕੀਤੇ ਗਏ ਹਨ ?

ਡਾ: ਅੰਬੇਡਕਰ: ਇਸੇ ਤਰ੍ਹਾਂ ਹੈ।

57. ਤੁਸੀਂ ਆਪ ਉਨ੍ਹਾਂ ਵਿਚੋਂ ਇਕ ਹੋ ?

ਡਾ: ਅੰਬੇਡਕਰ: ਹਾਂ।

58. ਤੇ ਡਾ: ਸੌਲੰਕੀ ਦੂਸਰੇ ਹਨ।

ਡਾ: ਅੰਬੇਡਕਰ: ਹਾਂ।

59. ਕੀ ਇਹ ਸਾਊਥਬਰੋ ਕਮੇਟੀ ਦੀ ਰੀਪੋਰਟ ਤੇ ਅਧਾਰਿਤ ਸੀ ?

ਡਾ: ਅੰਬੇਡਕਰ: ਹਾਂ, ਮੇਰਾ ਇਹੀ ਯਕੀਨ ਹੈ।

60. ਮੈਨੂੰ ਲੱਗਦਾ ਹੈ ਕਿ ਤੁਸੀਂ ਸਾਊਥਬਰੋ ਕਮੇਟੀ ਦੇ ਸਾਹਮਣੇ ਗਵਾਹੀ ਦਿੱਤੀ ਸੀ ?

ਡਾ: ਅੰਬੇਡਕਰ: ਹਾਂ।

61. ਮੈਂ ਕਮੇਟੀ ਦੇ ਸਾਹਮਣੇ ਤੁਹਾਡੇ ਵਲੋਂ ਦਿੱਤੀ ਗਈ ਉਹ ਗਵਾਹੀ ਪੜ੍ਹੀ ਹੈ ਅਤੇ ਦੇਖਿਆ ਹੈ ਕਿ ਦਲਿਤ ਵਰਗਾਂ ਦੇ ਕਿੰਨੇ ਮੈਂਬਰਾਂ ਬਾਰੇ ਤੁਸੀਂ ਕਿਹਾ ਸੀ। ਮੇਰੇ ਵਿਚਾਰ

ਵਿਚ ਤੁਸੀਂ ਆਪਣੇ ਯਾਦ-ਪੱਤਰ ਵਿਚ ਧਿਆਨ ਦੁਆਇਆ ਸੀ(ਸਫੇ 39 ਦੇ ਥੱਲੇ ਦਿੱਤੀ ਇਕ ਟਿੱਪਣੀ ਵਿਚ) ਕਿ ਸਾਊਥਬਰੋ ਕਮੇਟੀ ਨੇ ਬੰਬਈ ਸੂਬੇ ਵਾਸਤੇ ਦਲਿਤ ਵਰਗਾਂ ਦਾ ਅੰਕੜਾ 5,77,000 ਦੱਸਿਆ ਸੀ ?

ਡਾ: ਅੰਬੇਡਕਰ: ਹਾਂ।

62. ਮੇਰੇ ਵਿਚਾਰ ਵਿਚ ਤੁਹਾਡਾ ਖ਼ਿਆਲ ਇਹੀ ਹੈ ਕਿ ਇਹ ਇਕ ਗ਼ਲਤੀ ਸੀ ?

ਡਾ: ਅੰਬੇਡਕਰ: ਹਾਂ, ਇਕ ਬਹੁਤ ਵੱਡੀ ਗ਼ਲਤੀ।

63. ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਅਸਲ ਵਿਚ ਉਹ ਇਸ ਨਤੀਜੇ ਤੇ ਕਿਸ ਤਰ੍ਹਾਂ ਪਹੁੰਚੇ ? ਕੀ ਤੁਸੀਂ ਇਹ ਸਭ ਜਾਣਦੇ ਹੋ ?

ਡਾ: ਅੰਬੇਡਕਰ: ਮੇਰੇ ਵਿਚਾਰ ਵਿਚ ਉਨ੍ਹਾਂ ਨੇ ਕੇਵਲ ਅਜਿਹੀਆਂ ਜਾਤਾਂ ਦੀ ਇਕ ਛੋਟੀ ਸਾਰਣੀ ਲੈ ਲਈ ਜਿਨ੍ਹਾਂ ਨੂੰ ਛੋਹ ਕੇ ਉੱਚੀ ਜਾਤੀ ਦੇ ਬੰਦੇ ਭਿੱਟ ਜਾਂਦੇ ਹਨ ।

64. ਦਲਿਤ ਵਰਗਾਂ ਦੀ ਬਣਤਰ ਦੀ ਇਹ ਹੋਰ ਵੀ ਸਕੁੰਚਿਤ ਪਰਿਭਾਸ਼ਾ ਲੈਣ ਵਾਲੀ ਗੱਲ ਸੀ ?

ਡਾ: ਅੰਬੇਡਕਰ: ਹਾਂ।

ਸ੍ਰੀਮਾਨ ਹਾਰਟਸ਼ੋਰਨ: ਮੈਂ ਵੇਖਦਾ ਹਾਂ ਕਿ ਇਸ ਟਿੱਪਣੀ ਵਿਚ ਤੁਸੀਂ ਸਾਊਥਬਰੋ ਕਮੇਟੀ ਦੇ ਦਿਤੇ ਅੰਕੜੇ 5,77,000 ਦੇ ਸਬੰਧ ਵਿਚ ਇਹ ਕਿਹਾ ਸੀ, "ਸਾਊਥਬਰੋ ਕਮੇਟੀ ਨੇ ਜਿਸ ਅਧਿਕਾਰੀ ਤੇ ਵਿਸ਼ਵਾਸ਼ ਕੀਤਾ ਸੀ, ਉਸ ਦਾ ਮੱਤ ਹੈ ਕਿ ਬੰਬਈ ਸੂਬੇ ਵਿਚ ਸੰਨ 1911 ਵਿਚ ਦਲਿਤ ਵਰਗਾਂ ਦੀ ਜਨ-ਸੰਖਿਆ 21,45,000 ਸੀ।"

ਡਾ: ਅੰਬੇਡਕਰ: ਜਨਗਣਨਾ ਵਿਚ।

66. ਉਨ੍ਹਾਂ ਨੇ ਕਿਸ ਅਧਿਕਾਰੀ ਤੇ ਵਿਸ਼ਵਾਸ ਕੀਤਾ ਸੀ ? ਇਹੀ ਮੈਂ ਜਾਣਨਾ ਚਾਹੁੰਦਾ ਹਾਂ ?

ਡਾ: ਅੰਬੇਡਕਰ: ਜਿਥੋਂ ਤੱਕ ਮੈਨੂੰ ਠੀਕ ਯਾਦ ਹੈ, ਅਧਿਕਾਰੀ ਨੇ ਦੋ ਵੱਖਰੇ ਸਫ਼ਿਆਂ ਤੇ ਦੋ ਵੱਖਰੇ ਵੱਖਰੇ ਅੰਕੜੇ ਦਿੱਤੇ ਸਨ। ਇਕ ਸਫ਼ੇ ਤੇ ਉਨ੍ਹਾਂ ਨੇ ਛੋਟਾ ਅੰਕੜਾ ਦਿੱਤਾ ਸੀ ਅਤੇ ਉਨ੍ਹਾਂ ਨੇ ਇਸ ਨੂੰ ਹੀ ਲੈ ਲਿਆ ਅਤੇ ਜਦੋਂ ਸਾਊਥਬਰੋ ਕਮੇਟੀ ਦੀ ਰਿਪੋਰਟ ਛਾਪੀ ਗਈ ਤਾਂ ਅਸੀਂ ਉਸੇ ਵਕਤ ਬੰਬਈ ਦੀ ਸਰਕਾਰ ਅੱਗੇ ਇਸ ਅੰਦਾਜ਼ੇ ਪ੍ਰਤੀ ਰੋਸ ਪ੍ਰਗਟ ਕੀਤਾ ਸੀ।

67. ਸਭਾਪਤੀ: ਮੇਰੇ ਵਿਚਾਰ ਵਿਚ ਇਹ ਬਿਲਕੁਲ ਸਾਫ਼ ਹੈ ਕਿ ਉਹ 21,00,000 ਦੀ ਸੀ। ਇਹ 1921 ਦੀ ਜਨਗਣਨਾ ਵਿਚ ਦਿੱਤੀ ਅਛੂਤਾਂ ਦੇ ਅੰਕੜਿਆਂ, ਜੋ ਕਿ 14,78,000 ਸੀ ਅਤੇ ਅਪਰਾਧੀ ਕਬੀਲਿਆਂ ਦੇ ਦਿੱਤੇ ਅੰਕੜਿਆਂ, ਜੋ ਕਿ ਲਗਭਗ 6,23,000 ਸੀ, ਨੂੰ ਜਮ੍ਹਾ ਕਰਨ ਦਾ ਨਤੀਜਾ ਹੈ। ਇਨ੍ਹਾਂ ਦੋਹਾਂ ਨੂੰ ਜਮ੍ਹਾਂ ਕਰਨ ਤੇ ਇਹ

ਗਿਣਤੀ 21,00,000 ਆਏਗੀ।

ਡਾ: ਅੰਬੇਡਕਰ: ਹਾਂ।

68: ਤੇ ਇਹ ਆਦਿਵਾਸੀਆਂ ਅਤੇ ਪਹਾੜੀ ਕਬੀਲਿਆਂ ਨੂੰ ਇਨ੍ਹਾਂ ਵਿਚੋਂ ਕੱਢਣ ਕਰਕੇ ਸੀ। ਅਜਿਹਾ ਜ਼ਰੂਰ ਹੋਣਾ ਹੈ ?

ਡਾਕਟਰ ਅੰਬੇਡਕਰ: ਹਾਂ।

69. ਸ਼੍ਰੀਮਾਨ ਮਿੱਲਰ: ਮੈਂ ਭਾਰਤੀ ਰਿਆਸਤਾਂ ਵਿਚੋਂ ਕੁਝ ਇਕ ਦੀ ਸਥਿੱਤੀ ਬਾਰੇ ਜਾਣਨਾ ਚਾਹਾਂਗਾ। ਬੜੌਦਾ ਅਤੇ ਇਕ ਹੋਰ ਰਿਆਸਤ ਵਿਚ, ਜਿਥੋਂ ਤੱਕ ਮੈਂ ਜਾਣਦਾ ਹਾਂ, ਜਿਥੇ ਕੁਝ ਖ਼ਾਸ ਸਹੂਲਤਾਂ ਦਿੱਤੀਆਂ ਗਈਆਂ ਹਨ, ਕੀ ਉਹ ਖ਼ਾਸ ਸਹੂਲਤਾਂ ਪੜ੍ਹਾਈ ਦੀਆਂ ਸਹੂਲਤਾਂ ਤੋਂ ਵਧੇਰੇ ਦੀ ਕੋਈ ਚੀਜ਼ ਹੈ ?

ਡਾ: ਅੰਬੇਡਕਰ: ਨਹੀਂ, ਉਸ ਤੋਂ ਪਰ੍ਹੇ ਕੁਝ ਨਹੀਂ।

70. ਕੀ ਤੁਸੀਂ ਸਰਕਾਰੀ ਨੌਕਰੀ ਹਾਸਿਲ ਕਰ ਸਕਦੇ ਹੋ ?

ਡਾ: ਅੰਬੇਡਕਰ: ਮੇਰੇ ਵਿਚਾਰ ਵਿਚ ਇਹ ਬਹੁਤ ਮੁਸ਼ਕਲ ਹੈ।

71. ਤੁਸੀਂ ਖ਼ਾਸ ਤੌਰ ਤੇ ਸਰਕਾਰੀ ਨੌਕਰੀ ਵਿਚ ਜਾਣ ਲਈ ਉਤਾਵਲੇ ਹੋ ?

ਡਾ: ਅੰਬੇਡਕਰ: ਹਾਂ, ਯਕੀਨੀ ਤੌਰ ਤੇ।

72. ਇੰਜ ਕਿਉਂ ?

ਡਾ: ਅੰਬੇਡਕਰ: ਇਸ ਨੁਕਤੇ ਤੇ ਮੈਂ ਇਹ ਕਹਿਣਾ ਚਾਹਾਂਗਾ ਕਿ ਸਾਡਾ ਤਜਰਬਾ, ਜਿਥੋਂ ਤੱਕ ਕਿ ਕਾਨੂੰਨ ਦੇ ਪ੍ਰਸ਼ਾਸ਼ਨ ਨਾਲ ਸੰਬੰਧਿਤ ਹੈ, ਬਹੁਤ ਕੜਵਾ ਹੈ। ਮੈਂ ਸਭ ਤੋਂ ਜ਼ਿਆਦਾ ਜ਼ੋਰ ਦੇ ਕੇ ਇਹ ਕਹਿਣਾ ਚਾਹਾਂਗਾ ਕਿ ਬਹੁਤ ਸਾਰੇ ਮਾਮਲਿਆਂ ਵਿਚ ਕਾਨੂੰਨ ਦਾ ਪ੍ਰਸ਼ਾਸਨ ਦਲਿਤ ਵਰਗ ਦੇ ਬੰਦਿਆਂ ਲਈ ਹਾਨੀਕਾਰਕ ਹੁੰਦਾ ਹੈ। ਮੈਂ ਬਿਨਾਂ ਕਿਸੇ ਦਾ ਨਾਮ ਲਏ ਆਪ ਨੂੰ ਇਕ ਠੋਸ ਮਾਮਲੇ ਬਾਰੇ ਦੱਸਣਾ ਚਾਹਾਂਗਾ ਜੋ ਕਿ ਇਕ ਜ਼ਿਲ੍ਹੇ ਵਿਚ ਵਾਪਰਿਆ। ਬੰਬਈ ਦੀ ਸਰਕਾਰ ਹਰ ਸਾਲ ਆਪਣੀਆਂ ਜੰਗਲ ਦੀਆਂ ਜ਼ਮੀਨਾਂ ਪੇਂਡੂਆਂ ਨੂੰ ਖੇਤੀਬਾੜੀ ਲਈ ਕੁਝ ਤੈਅ ਕੀਤੀਆਂ ਸ਼ਰਤਾਂ 'ਤੇ ਕਿਰਾਏ ਤੇ ਦਿੰਦੀ ਹੈ। ਅਸੀਂ ਇਹ ਦੇਖਿਆ ਕਿ ਇਨ੍ਹਾਂ ਜੰਗਲ ਦੀਆਂ ਜ਼ਮੀਨਾਂ ਨੂੰ ਲੈਣ ਲਈ ਦਲਿਤ ਵਰਗ ਦਾ ਆਦਮੀ, ਜਿਸ ਕੋਲ ਆਮ ਤੌਰ ਤੇ ਜ਼ਮੀਨ ਨਹੀਂ ਹੁੰਦੀ, ਤੇ ਉਹ ਮਜ਼ਦੂਰ ਹੁੰਦਾ ਸੀ ਜਾਂ ਫਿਰ ਉਸ ਕੋਲ ਬਹੁਤ ਥੋੜ੍ਹੀ ਜ਼ਮੀਨ ਹੁੰਦੀ ਹੈ, ਜੋ ਕਿ ਸਥਿਰਤਾ ਕਿਸੇ ਤਰ੍ਹਾਂ ਕੁਝ ਆਰਥਿਕ ਪ੍ਰਾਪਤੀ ਦੀ ਕੋਸ਼ਿਸ਼ ਕਰਦਾ ਹੈ, ਨੂੰ ਕਦੀ ਵੀ ਇਸ ਵਿਚੋਂ ਹਿੱਸਾ ਨਹੀਂ ਸੀ ਦਿੱਤਾ ਜਾਂਦਾ। ਮਾਮਲਾਤਦਾਰ, ਜਿਨ੍ਹਾਂ ਦੇ ਹੱਥਾਂ ਵਿਚ ਜ਼ਮੀਨਾਂ ਨੂੰ ਕਿਰਾਏ ਤੇ ਦੇਣ ਦੀ ਸ਼ਕਤੀ ਹੁੰਦੀ ਸੀ, ਉਹ ਪੂਰੀ ਤਰ੍ਹਾਂ ਉੱਚੀ ਜਾਤ ਦੇ ਹਿੰਦੂਆਂ ਦਾ ਪੱਖ ਕਰਦੇ ਸਨ ਤੇ ਦਲਿਤ ਵਰਗ ਦੇ ਵਿਰੋਧੀ ਸਨ। ਪਿਛਲੇ ਸਾਲ ਵਿਚ, ਜ਼ਿਲ੍ਹੇ ਵਿਚ ਅਸੀਂ ਇਕ ਪ੍ਰਤਿਨਿਧ-ਮੰਡਲ ਸਹਾਇਕ ਡਿਪਟੀ

ਕੁਲੈਕਟਰ ਕੋਲ ਭੇਜਿਆ, ਜਿਸ ਕੋਲ ਅਸੀਂ ਉਨ੍ਹਾਂ ਜੰਗਲ ਦੀਆਂ ਜ਼ਮੀਨਾਂ ਦੇ ਮਾਮਲੇ ਦੀ ਸ਼ਿਕਾਇਤ ਕੀਤੀ। ਉਸ ਨੇ ਮਾਮਲਾਤਦਾਰ ਨੂੰ ਇਕ ਗਸ਼ਤੀ ਚਿੱਠੀ ਜਾਰੀ ਕੀਤੀ ਜਿਸ ਵਿਚ ਇਹ ਕਿਹਾ ਗਿਆ ਕਿ ਦਲਿਤ ਵਰਗਾਂ ਦੇ ਪ੍ਰਾਰਥਨਾ-ਪੱਤਰਾਂ ਨੂੰ ਧਿਆਨ ਵਿਚ ਲਿਆਂਦਾ ਜਾਵੇ। ਹੁਣ, ਕੁਝ ਮਾਮਲਾਤਦਾਰਾਂ ਨੇ ਇਹ ਦਿਖਾਉਣ ਲਈ ਕਿ ਉਹ ਗਸ਼ਤੀ ਚਿੱਠੀ ਤੇ ਅਮਲ ਕਰ ਰਹੇ ਹਨ, ਕੁਝ ਜ਼ਮੀਨਾਂ ਦਲਿਤ ਵਰਗਾਂ ਨੂੰ ਦਿੱਤੀਆਂ। ਪਰ ਅਸੀਂ ਇਹ ਵੇਖਿਆ ਕਿ ਉਨ੍ਹਾਂ ਨੇਂ ਸਗੋਂ, ਸਾਨੂੰ ਉੱਲੂ ਬਣਾਇਆ ਹੈ। ਉਨ੍ਹਾਂ ਨੇ ਇਹ ਕੀਤਾ ਕਿ ਕਾਗਜ਼ਾਂ ਵਿਚ ਬਹੁਤ ਜ਼ਿਆਦਾ ਜ਼ਮੀਨ ਦਲਿਤ ਵਰਗਾਂ ਨੂੰ ਦੇ ਦਿੱਤੀ ਅਤੇ ਬਹੁਤ ਘੱਟ ਜ਼ਮੀਨ ਉੱਚੀ ਜਾਤ ਦੇ ਹਿੰਦੂਆਂ ਨੂੰ। ਪਰ ਜਦੋਂ ਅਸੀਂ ਇਹ ਦੇਖਣ ਲਈ ਆਏ ਕਿ ਸਾਨੂੰ ਕੀ ਮਿਲਿਆ ਹੈ, ਅਸੀਂ ਵੇਖਿਆ ਕਿ ਜੋ ਜ਼ਮੀਨ ਦਲਿਤ ਵਰਗਾਂ ਨੂੰ ਦਿੱਤੀ ਗਈ ਸੀ, ਉਹ ਸਾਰੀ ਦੀ ਸਾਰੀ ਪਥਰੀਲੀ ਅਤੇ ਖੇਤੀਬਾੜੀ ਲਈ ਅਯੋਗ ਸੀ ਅਤੇ ਦਲਿਤ ਵਰਗ ਇਸ ਨੂੰ ਕਿਸੇ ਵੀ ਕੀਮਤ ਤੇ ਨਹੀਂ ਲੈਣਗੇ ਅਤੇ ਉੱਚੀ ਜਾਤ ਦੇ ਹਿੰਦੂਆਂ ਨੂੰ ਦਿੱਤੀ ਜ਼ਮੀਨ ਬੇਸ਼ੱਕ ਘੱਟ ਸੀ, ਪਰ ਉਹ ਉਪਜਾਊ ਸੀ। ਮੇਰੇ ਵਿਚਾਰ ਵਿਚ ਇਹ ਪ੍ਰਸ਼ਾਸਨੀ ਤਾਕਤ ਦੀ ਬਹੁਤ ਵੱਡੀ ਕੁਵਰਤੋਂ ਹੈ ਜੋ ਕਿ ਅਫ਼ਸਰਾਂ ਨੂੰ ਸੌਂਪੀ ਗਈ ਹੈ ਅਤੇ ਮੈਂ ਵਿਅਕਤੀਗਤ ਤੌਰ ਤੇ ਕਾਨੂੰਨ ਦੇ ਚੰਗੇ ਪ੍ਰਸ਼ਾਸਨ ਨੂੰ ਬਹੁਤ ਵੱਧ ਮਹੱਤਤਾ ਦਿੰਦਾ ਹਾਂ, ਬਜਾਏ ਕਾਨੂੰਨ ਕੁਸ਼ਲ ਪ੍ਰਸ਼ਾਸਨ ਨੂੰ।

ਸਭਾਪਤੀ: ਮੈਂ ਕਲਪਨਾ ਕਰਦਾ ਹਾਂ ਕਿ ਤੁਸੀਂ ਜੋ ਸਾਨੂੰ ਦੱਸਿਆ ਹੈ ਉਸ ਦਾ ਲਾਗੂ ਕਰਨਾ ਬੜਾ ਰੋਚਕ ਹੈ। ਸਾਡੀ ਤਾਜ਼ਾ ਪੁੱਛ-ਗਿੱਛ ਵੀ ਅਸਲ ਵਿਚ ਇਹੀ ਹੈ ਕਿਉਂਕਿ ਸ਼ਾਇਦ ਇਸ ਕਮਿਸ਼ਨ ਦਾ ਇਹ ਕੰਮ ਨਹੀਂ ਕਿ ਉਹ ਪ੍ਰਸ਼ਾਸਨ ਦੇ ਰੋਜ਼ਾਨਾ ਕੰਮ-ਕਾਰ ਵਿਚ ਦਖ਼ਲ ਦੇਵੇ ?

ਡਾ: ਅੰਬੇਡਕਰ: ਨਹੀਂ।

74. ਤੁਸੀਂ ਆਪਣੇ ਵਿਚਾਰ ਦੀ ਪੁਸ਼ਟੀ ਲਈ ਇਸ ਨੂੰ ਇਕ ਤਰਕ ਵਾਂਗ ਵਰਤ ਰਹੇ ਹੋ ਕਿ ਦਲਿਤ ਵਰਗਾਂ ਦੀ ਪੂਰੀ ਪ੍ਰਤਿਨਿਧਤਾ ਹੋਣੀ ਚਾਹੀਦੀ ਹੈ ?

ਡਾ: ਅੰਬੇਡਕਰ: ਨੌਕਰੀਆਂ ਦੇ ਵਿਚ।

75. ਉਹ ਤੁਹਾਡਾ ਨੁਕਤਾ ਹੈ ?

ਡਾ: ਅੰਬੇਡਕਰ: ਇਹੀ ਮੇਰਾ ਨੁਕਤਾ ਹੈ। ਮੈਂ ਕੁਝ ਉਦਾਹਰਣਾਂ ਦੇਵਾਂਗਾ ਕਿ ਇਸ ਸੂਬੇ ਵਿਚ ਜੁਡੀਸ਼ੀਅਲ ਅਦਾਲਤਾਂ ਵਿਚ ਅਸਲ ਵਿਚ ਕੀ ਵਾਪਰਿਆ ਹੈ। ਮੈਂ ਇਕ ਵਾਰ ਇਨ੍ਹਾਂ ਅਦਾਲਤਾਂ ਵਿਚੋਂ ਇਕ ਵਿਚ ਇਕ ਦਲਿਤ ਵਰਗ ਦੇ ਆਦਮੀ ਦੀ ਮੁਕਦਮੇ ਦੀ ਪੈਰਵੀ ਕਰ ਰਿਹਾ ਸੀ। ਮੇਰੀ ਹੈਰਾਨਗੀ ਦੀ ਕੋਈ ਹੱਦ ਨਾ ਰਹੀ, ਜਦੋਂ ਮੈਂ ਵੇਖਿਆ ਕਿ ਉਸ ਆਦਮੀ ਨੂੰ ਅਦਾਲਤ ਦੇ ਬਾਹਰ ਇਕ ਛੋਟੀ ਖਿੜਕੀ ਦੇ ਪਿੱਛੇ ਖੜਾ ਹੋਣਾ ਪਿਆ, ਦੀਵਾਰ ਤੋਂ ਪਰ੍ਹੇ ਅਤੇ ਉਹ ਇਸ ਲਈ ਅੰਦਰ ਨਹੀਂ ਆ ਸਕਦਾ ਕਿਉਂਕਿ ਉਸ ਨੇ ਕਿਹਾ

"ਇਹ ਸਭ ਠੀਕ ਹੈ, ਜਿਥੋਂ ਤੱਕ ਤੁਹਾਡਾ ਸਬੰਧ ਹੈ, ਪਰ ਜੇਕਰ ਮੈਂ ਅਦਾਲਤ ਦੇ ਅੰਦਰ ਦਾਖ਼ਲ ਹੋ ਗਿਆ ਅਤੇ ਜਦੋਂ ਤੁਸੀਂ ਚਲੇ ਗਏ, ਇਥੇ ਬੜਾ ਭਿਆਨਕ ਸਮਾਜਿਕ ਬਾਈਕਾਟ ਆ ਜਾਵੇਗਾ।"

76. ਇਹ ਉਹ ਮੁਵੱਕਲ ਸੀ ਜੋ ਅੰਦਰ ਨਹੀਂ ਆਉਣਾ ਚਾਹੁੰਦਾ ਸੀ ?

ਡਾ: ਅੰਬੇਡਕਰ: ਜੋ ਅੰਦਰ ਆਉਣ ਦੀ ਹਿੰਮਤ ਨਹੀਂ ਸੀ ਕਰ ਸਕਦਾ।

77. ਕਿਸ ਕਿਸਮ ਦਾ ਸਮਾਜਿਕ ਬਾਈਕਾਟ ਉਸ ਦੇ ਦਿਮਾਗ਼ ਵਿਚ ਸੀ ?

ਡਾ: ਅੰਬੇਡਕਰ: ਸਮਾਜਿਕ ਬਾਈਕਾਟ ਇਹ ਹੋਵੇਗਾ ਕਿ ਜੇਕਰ ਉਹ ਪਿੰਡ ਵਿਚ ਵਾਪਿਸ ਗਿਆ ਤਾਂ ਉਥੇ ਦੁਕਾਨਦਾਰਾਂ ਵੱਲੋਂ ਉਸ ਦਾ ਬਾਈਕਾਟ ਹੋ ਜਾਵੇਗਾ, ਕੋਈ ਵੀ ਉਸ ਨੂੰ ਦਾਣੇ ਨਹੀਂ ਵੇਚੇਗਾ। ਪਿੰਡ ਵਾਸੀ, ਉਸ ਦੇ ਪਿੰਡ ਦੇ ਨੌਕਰ ਹੋਣ ਕਾਰਨ, ਪੈਸੇ ਬੰਦ ਕਰ ਦੇਣਗੇ। ਉਸ ਨੂੰ ਪਿੰਡ ਵਿਚ ਆਉਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਦਲਿਤ ਵਰਗ ਦਾ ਆਦਮੀ ਹਮੇਸ਼ਾਂ ਪਿੰਡ ਦੀ ਸਰਹੱਦ ਤੇ ਹੀ ਰਹਿੰਦਾ ਹੈ, ਕਦੇ ਵੀ ਪਿੰਡ ਦੇ ਵਿਚਕਾਰ ਜਾਂ ਪਿੰਡ ਵਿਚ ਨਹੀਂ ਰਹਿੰਦੇ।

78. ਤੁਹਾਡਾ ਨੁਕਤਾ ਇਹ ਹੈ ਕਿ ਉਹ ਇਸ ਮੌਕੇ ਤੇ ਅਦਾਲਤ ਵਿਚ ਆਉਣ ਤੋਂ ਇਸ ਲਈ ਡਰਿਆ ਸੀ ਕਿਉਂਕਿ ਉਸ ਨੇ ਸੋਚਿਆ ਕਿ ਬਾਅਦ ਵਿਚ ਪਿੰਡ ਦੇ ਦੂਜੇ ਲੋਕ ਉਸ ਦੇ ਆਪਣੇ ਨਹੀਂ, ਪਰ ਦੂਸਰੀਆਂ ਜਾਤਾਂ ਦੇ ਆਦਮੀ ਉਸ ਨੂੰ ਇਹ ਸਮਝਣਗੇ ਕਿ ਉਸ ਨੇ ਆਪਣੇ ਆਪ ਨੂੰ ਉਸ ਥਾਂ ਤੇ ਲਿਆਂਦਾ, ਜਿਥੇ ਉਸ ਨੂੰ ਨਹੀਂ ਜਾਣਾ ਚਾਹੀਦਾ ਸੀ ?

ਡਾ: ਅੰਬੇਡਕਰ: ਯਕੀਨੀ ਤੌਰ ਤੇ ਉਸ ਦੇ ਸਮਾਜਿਕ ਪੱਧਰ ਦੀਆਂ ਹੱਦਾਂ ਟੱਪਣ ਤੇ।

79. ਇਹ ਇਕ ਇਕੱਲਾ ਮਾਮਲਾ ਹੈ। ਕੀ ਐਦਾਂ ਹੀ ਹੈ ?

ਡਾ: ਅੰਬੇਡਕਰ: ਮੇਰੇ ਨਾਲ ਵੀ ਇਹੋ ਵਾਪਰਿਆ ਸੀ, ਪਰ ਮੇਰੇ ਵਿਚਾਰ ਵਿਚ ਬੰਬਈ ਦੀ ਉੱਚ-ਨਿਆਲਿਆ ਦੀ ਇਕ ਗਸ਼ਤੀ-ਚਿੱਠੀ ਦਾ ਮੌਜੂਦ ਹੋਣਾ ਕਿ ਦਲਿਤ ਵਰਗਾਂ ਨੂੰ ਅਦਾਲਤਾਂ ਵਿਚ ਆਉਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ, ਸਿੱਧ ਕਰਦਾ ਹੈ ਕਿ ਅਜਿਹਾ ਹਮੇਸ਼ਾਂ ਹੁੰਦਾ ਆਇਆ ਹੈ। ਉਸ ਗਸ਼ਤੀ-ਚਿੱਠੀ ਦੇ ਭੇਜੇ ਜਾਣ ਦੇ ਕੁਝ ਕਾਰਨ ਜ਼ਰੂਰ ਹੋਣਗੇ।

80. ਸ਼੍ਰੀਮਾਨ ਮਿੱਲਰ: ਕੇਵਲ ਇਕ ਹੋਰ ਪ੍ਰਸ਼ਨ ਜੋ ਮੈਂ ਪੁੱਛਣਾ ਚਾਹੁੰਦਾ ਹਾਂ ਇਹ ਹੈ ਕਿ ਜੇਕਰ ਤੁਸੀਂ ਕੌਂਸਿਲ ਵਿਚ 22 ਸੀਟਾਂ ਹਾਸਿਲ ਕਰ ਲੈਂਦੇ ਹੋ, ਕੀ ਤੁਸੀਂ ਇਹ ਸਮਝਦੇ ਹੋ ਕਿ ਤੁਸੀਂ 22 ਵਾਜਿਬ ਵਿਅਕਤੀਆਂ ਨੂੰ ਅੱਗੇ ਲਿਆ ਸਕਦੇ ਹੋ ?

ਡਾ: ਅੰਬੇਡਕਰ: ਹਾਂ, ਮੇਰਾ ਵਿਚਾਰ ਇਹੀ ਹੈ।

81. *ਖਾਨ ਸਾਹਿਬ ਅਬਦੁੱਲ ਲਤੀਫ:* ਕੀ ਤੁਸੀਂ ਬੰਬਈ ਕੌਂਸਿਲ ਵਿਚ ਅਲਪ-

ਨਾਲ ਭਰਿਆ ਪਿਆ ਹੈ। ਤੇ ਅਸੀਂ ਉਨ੍ਹਾਂ ਵਿਚੋਂ ਕੁਝ ਇਕ ਦਾ ਜ਼ਿਕਰ ਕੀਤਾ ਹੈ। ਪਰ ਇਸ ਸਵੇਰ ਅਸੀਂ ਉਨ੍ਹਾਂ ਬੰਦਿਆਂ ਦੀ ਸੰਸਥਾ ਦਾ ਜ਼ਿਕਰ ਕਰ ਰਹੇ ਹਾਂ, ਜਿਸ ਨੂੰ ਦਲਿਤ ਵਰਗ ਕਿਹਾ ਜਾਂਦਾ ਹੈ।

ਸਰਦਾਰ ਮਜ਼ੂਮਦਾਰ: ਬਿਲਕੁਲ ਠੀਕ, ਸ਼੍ਰੀਮਾਨ।

107. *ਸੱਈਦ ਮੀਰਾਂ ਮੁਹੰਮਦ ਸ਼ਾਹ:* ਤੁਸੀਂ ਹੁਣੇ ਕਿਹਾ ਹੈ ਕਿ ਤੁਸੀਂ ਪ੍ਰਤਿਨਿਧਤਾ ਉਸ ਅਨੁਪਾਤ ਵਿਚ ਚਾਹੁੰਦੇ ਹੋ ਜਿਸ ਵਿਚ ਮੁਸਲਮਾਨਾਂ ਨੂੰ ਮਿਲਦੀ ਹੈ।

ਡਾ: ਅੰਬੇਡਕਰ: ਹਾਂ।

108. ਕੀ ਤੁਸੀਂ ਇਸ ਨੂੰ ਇਸ ਲਈ ਚਾਹੁੰਦੇ ਹੋ ਕਿਉਂਕਿ ਇਹ ਮੁਸਲਮਾਨਾਂ ਨੂੰ ਮਿਲਦੀ ਹੈ? ਕੀ ਤੁਸੀਂ ਇਸ ਵਿਚ ਕੋਈ ਨਿਆਂ ਦੇਖਦੇ ਹੋ?

ਡਾ: ਅੰਬੇਡਕਰ: ਮੈਂ ਇਸ ਵਿਚ ਨਿਆਂ ਦੇਖਦਾ ਹਾਂ। ਮੈਂ ਅਲਪ-ਸੰਖਿਅਕਾਂ ਦੀ ਪ੍ਰਤਿਨਿਧਤਾ ਨੂੰ ਵਿਧਾਨ ਸਭਾ ਦੀ ਜਨਸੰਖਿਆ ਦੇ ਨਿਯਮ ਮੁਤਾਬਿਕ ਬਿਲਕੁਲ ਨਹੀਂ ਮੰਨਦਾ। ਐਦਾਂ ਲੱਗਦਾ ਹੈ ਕਿ ਇਹ ਅਜਾਇਬਘਰ ਹੋਵੇ ਜਿਸ ਵਿਚ ਸਾਨੂੰ ਬਹੁਤ ਸਾਰੀਆਂ ਕੌਮਾਂ ਦੇ ਬਹੁਤ ਸਾਰੇ ਨਮੂਨੇ ਰੱਖਣੇ ਪੈਂਦੇ ਹੋਣ। ਇਕ ਵਿਧਾਨਕਾਰੀ ਕੌਂਸਿਲ ਇਕ ਅਜਾਇਬਘਰ ਤੋਂ ਉਪਰ ਹੁੰਦੀ ਹੈ। ਉਦਾਹਰਣ ਲਈ ਇਹ ਇਕ ਅਜਿਹੀ ਥਾਂ ਹੁੰਦੀ ਹੈ ਜਿਥੇ ਸਮਾਜਿਕ ਲੜਾਈਆਂ ਲੜੀਆਂ ਜਾਂਦੀਆਂ ਹਨ, ਵਿਸ਼ੇਸ਼-ਅਧਿਕਾਰਾਂ ਨੂੰ ਖ਼ਤਮ ਕੀਤਾ ਜਾਂਦਾ ਹੈ ਅਤੇ ਅਧਿਕਾਰਾਂ ਨੂੰ ਜਿੱਤਣਾ ਹੁੰਦਾ ਹੈ। ਹੁਣ, ਜੇਕਰ ਵਿਧਾਨਕਾਰੀ ਕੌਂਸਿਲ ਦੀ ਇਹੀ ਧਾਰਣਾ ਹੈ ਤਾਂ ਮੇਰੇ ਵਿਚਾਰ ਵਿਚ ਇਹ ਬਿਲਕੁਲ ਠੀਕ ਨਹੀਂ ਹੋਵੇਗਾ ਕਿ ਅਲਪ-ਸੰਖਿਅਕਾਂ ਨੂੰ ਜਨਸੰਖਿਆ ਦੇ ਮੁਤਾਬਿਕ ਅਨੁਪਾਤੀ ਪ੍ਰਤਿਨਿਧਤਾ ਦਿਤੀ ਜਾਵੇ। ਇਸ ਦਾ ਮਤਲਬ ਹੋਵੇਗਾ ਕਿ ਤੁਸੀਂ ਅਲਪ-ਸੰਖਿਅਕਾਂ ਨੂੰ ਸਦਾ ਅਲਪ-ਸੰਖਿਅਕਾਂ ਨੂੰ ਸਦਾ ਅਲਪ-ਸੰਖਿਅਕ ਬਣੇ ਰਹਿਣ ਦਿਉਗੇ, ਅਰਥਾਤ ਇਕ ਸ਼ਕਤੀਹੀਣ ਅਲਪ-ਸੰਖਿਅਕ ਜੋ ਕਿ ਬਹੁ-ਗਿਣਤੀ ਦੇ ਕਰਮਾਂ ਨੂੰ ਪ੍ਰਭਾਵਿਤ ਕਰਨ ਲਈ ਜ਼ਰੂਰੀ ਹੈ।

109. ਕੀ ਤੁਸੀਂ ਸੰਤੁਸ਼ਟ ਹੋ ਜਾਵੋਗੇ ਜੇਕਰ ਮੱਤ-ਅਧਿਕਾਰ ਨੂੰ ਪੇਂਡੂ ਇਲਾਕਿਆਂ ਵਿਚ ਸਥਾਨਕ ਬੋਰਡਾਂ ਤੱਕ ਹੀ ਸੀਮਿਤ ਕਰ ਦਿੱਤਾ ਜਾਵੇ?

ਡਾ: ਅੰਬੇਡਕਰ: ਹਾਂ, ਮੈਂ ਵਾਸਤਵ ਵਿਚ ਬਾਲਗ ਮੱਤ-ਅਧਿਕਾਰ ਦੀ ਹੀ ਹਮਾਇਤ ਕਰਾਂਗਾ। ਜਿੰਨਾ ਜ਼ਿਆਦਾ ਮੱਤ-ਅਧਿਕਾਰ ਘੱਟ ਹੋਵੇਗਾ, ਉਨਾਂ ਚੰਗਾ ਹੈ। ਇਸ ਨਿਯਮ ਦੇ ਆਧਾਰ ਤੇ ਮੈਂ ਕੁੱਝ ਵੀ ਘਟਾਉਣਾ ਮੰਨ ਲਵਾਂਗਾ, ਪਰ ਮੈਂ ਯਕੀਨੀ ਤੌਰ ਤੇ ਇਹ ਨਹੀਂ ਦਸਾਂਗਾ ਕਿ ਮੈਂ ਉਸ ਨਾਲ ਸੰਤੁਸ਼ਟ ਹੋ ਜਾਵਾਂਗਾ।

110. ਕੀ ਤੁਸੀਂ ਫੇਰ ਬਾਲਗ ਮੱਤ-ਅਧਿਕਾਰ ਨੂੰ ਆਦਿਵਾਸੀ ਕਬੀਲਿਆਂ ਅਤੇ ਅਪਰਾਧੀ ਅਤੇ ਪਹਾੜੀ ਕਬੀਲਿਆਂ ਤੱਕ ਵਧਾਉਣਾ ਚਾਹੋਗੇ?

ਡਾ: ਅੰਬੇਡਕਰ: ਹਾਂ, ਮੇਰਾ ਵਿਚਾਰ ਤਾਂ ਇਹੀ ਹੈ।

111. ਤੁਸੀਂ ਅਜਿਹਾ ਕਰੋਗੇ ?

ਡਾ: ਅੰਬੇਡਕਰ: ਹਾਂ।

112. ਜਾਂ ਕੀ ਤੁਸੀਂ ਉਨ੍ਹਾਂ ਨੂੰ ਇਸ ਤੋਂ ਬਾਹਰ ਰੱਖ ਕੇ ਨਾਮਜ਼ਦਗੀ (ਦਾ ਅਧਿਕਾਰ) ਦੇਵੋਗੇ ਅਤੇ ਆਪਣੇ ਆਪ ਲਈ ਬਾਲਗ ਮੱਤ-ਅਧਿਕਾਰ ਮੰਗੋਗੇ ?

ਡਾ: ਅੰਬੇਡਕਰ: ਮੈਂ ਇਕ ਚੀਜ਼ ਕਹਾਂਗਾ। ਅਪਰਾਧੀ ਕਬੀਲਿਆਂ ਦੇ ਮਾਮਲੇ ਵਿੱਚ ਇਹ ਇਕ ਚੰਗੀ ਗੱਲ ਨਹੀਂ ਹੋਵੇਗੀ ਕਿ ਉਨ੍ਹਾਂ ਨੂੰ ਬਾਲਗ ਮੱਤ-ਅਧਿਕਾਰ ਦਿੱਤਾ ਜਾਵੇ। ਕਿਉਂਕਿ ਕਿੱਤੇ ਅਨੁਸਾਰ, ਉਹ ਅਜਿਹੇ ਲੋਕ ਹੁੰਦੇ ਹਨ ਜਿਨ੍ਹਾਂ ਦੇ ਦਿਮਾਗ ਵਿੱਚ ਜ਼ਿਆਦਾ ਧਿਆਨ ਉਨ੍ਹਾਂ ਦੀ ਆਪਣੀ ਬਰਾਦਰੀ ਵੱਲ ਹੁੰਦਾ ਹੈ ਅਤੇ ਉਹ ਉਨ੍ਹਾਂ ਸਾਧਨਾਂ, ਜਿਨ੍ਹਾਂ ਨਾਲ ਉਹ ਆਪਣੀ ਉਪਜੀਵਿਕਾ ਕਮਾਉਂਦੇ ਹਨ, ਬਾਰੇ ਕੋਈ ਵਿਸ਼ੇਸਤਾ ਨਹੀਂ ਰੱਖਦੇ, ਪਰ ਮੇਰੇ ਵਿਚਾਰ ਵਿੱਚ ਆਦਿਵਾਸੀਆਂ ਨੂੰ ਵੋਟ ਦਾ ਅਧਿਕਾਰ ਦੇਣਾ ਕੋਈ ਮਾੜਾ ਨਹੀਂ।

113. ਉਨ੍ਹਾਂ ਨੂੰ ਵੋਟ ਦਾ ਅਧਿਕਾਰ ਦੇਣਾ ਚਾਹੀਦਾ ਹੈ ਜਾਂ ਉਨ੍ਹਾਂ ਦੇ ਹਿੱਤਾਂ ਨੂੰ ਨਾਮਜ਼ਦਗੀ ਰਾਹੀਂ ਸੁਰੱਖਿਅਤ ਕਰਨਾ ਚਾਹੀਦਾ ਹੈ ?

ਡਾ: ਅੰਬੇਡਕਰ: ਉਨ੍ਹਾਂ ਨੂੰ ਕਿਸੇ ਵੀ ਤਰੀਕੇ ਨਾਲ ਸੁਰੱਖਿਅਤ ਕਰਨਾ ਚਾਹੀਦਾ ਹੈ, ਭਾਵੇਂ ਉਹ ਕਿਵੇਂ ਵੀ ਹੋਵੇ, ਮੈਨੂੰ ਮਾੜਾ ਨਹੀਂ ਲੱਗੇਗਾ। ਮੇਰਾ ਵਿਚਾਰ ਇਹ ਹੈ, ਕਿ ਹਰੇਕ ਆਦਮੀ ਐਨਾ ਕੁ ਸਿਆਣਾ ਹੈ ਜੋ ਸਮਝ ਸਕੇ ਕਿ ਉਹ ਵਾਸਤਵ ਵਿਚ ਕੀ ਚਾਹੁੰਦਾ ਹੈ। ਅੱਖਰ-ਬੋਧ ਇਸ ਨੁਕਤੇ ਪ੍ਰਤੀ ਜ਼ਿਆਦਾ ਵਜ਼ਨ ਨਹੀਂ ਰੱਖਦਾ। ਇਕ ਆਦਮੀ ਅਨਪੜ੍ਹ ਹੋ ਸਕਦਾ ਹੈ, ਪਰ ਫਿਰ ਵੀ ਉਹ ਬਹੁਤ ਸਿਆਣਾ ਹੋ ਸਕਦਾ ਹੈ।

114. ਕੀ ਤੁਹਾਡੇ ਵਿਚਾਰ ਵਿੱਚ ਇਹ ਵੱਖਰੀ ਪ੍ਰਤੀਨਿਧਤਾ ਧਾਰਮਿਕ ਤਣਾਉ ਵੱਲ ਨਹੀਂ ਲੈ ਜਾਏਗੀ ? ਇਹ ਕਿਹਾ ਗਿਆ ਹੈ ਕਿ ਧਾਰਮਿਕ ਤਣਾਉ ਅਲੱਗ ਪ੍ਰਤਿਨਿਧਤਾ ਕਰਕੇ ਅਤੇ ਅਲੱਗ ਮੱਤ ਹਲਕਿਆਂ ਕਰਕੇ ਹੈ। ਕੀ ਤੁਹਾਡਾ ਵਿਸ਼ਵਾਸ਼ ਵੀ ਇਹੋ ਹੈ ?

ਡਾ: ਅੰਬੇਡਕਰ: ਇਹ ਮੰਨਣ ਤੇ ਵੀ ਕਿ ਇਸ ਨਾਲ ਤਨਾਉ ਵੱਧਦਾ ਹੈ, ਪਰ ਮੈਂ ਨਹੀਂ ਸਮਝਦਾ ਕਿ ਤੁਸੀਂ ਇਸ ਤੋਂ ਛੁਟਕਾਰਾ ਪਾ ਸਕਦੇ ਹੋ ? ਕੀ ਇਹ ਤਣਾਉ ਵਧਾਉਂਦਾ ਹੈ ? ਇਸ ਉੱਤੇ ਪ੍ਰਸ਼ਨ ਚਿੰਨ ਲੱਗਾ ਹੋਇਆ ਹੈ, ਪਰ ਇਸ ਤੱਥ ਨੂੰ ਧਿਆਨ ਵਿੱਚ ਰੱਖਦਿਆਂ ਕਿ ਸੋਸਾਇਟੀ ਵਰਗਾਂ ਅਤੇ ਬਰਾਦਰੀਆਂ ਵਿੱਚ ਵੰਡੀ ਹੋਈ ਹੈ, ਮੈਂ ਕਿਸੇ ਵੀ ਹਾਲਤ ਵਿੱਚ ਇਹ ਨਹੀਂ ਸਮਝਦਾ ਕਿ ਤੁਸੀਂ ਇਸ ਤੋਂ ਛੁਟਕਾਰਾ ਪਾ ਸਕਦੇ ਹੋ।

115. ਕੀ ਤੁਹਾਡੇ ਵਿਚਾਰ ਵਿੱਚ ਇਹੀ ਮੱਤ-ਭੇਦ ਦਾ ਮੁੱਢਲਾ ਕਾਰਨ ਹੈ ?

ਡਾ: ਅੰਬੇਡਕਰ: ਮੇਰੇ ਵਿਚਾਰ ਅਨੁਸਾਰ, ਅਜਿਹਾ ਨਹੀਂ ਹੈ, ਪਰ ਮੈਂ ਇਹ ਜ਼ਰੂਰ ਕਹਾਂਗਾ– ਧਾਰਮਿਕ ਪ੍ਰਤਿਨਿਧਤਾ ਦੇ ਨਤੀਜੇ ਵਜੋਂ ਬਰਾਦਰੀਆਂ ਦੇ ਨੇਤਾ ਸਮਝੌਤਾ ਕਰਨ ਲਈ ਘੱਟ ਰਜ਼ਾਮੰਦ ਹੋਣਗੇ, ਜਿੰਨੇ ਕਿ ਉਹ ਵੈਸੇ ਹੁੰਦੇ ਹਨ। ਇਹੀ ਮੇਰੀ ਧਾਰਨਾ ਹੈ, ਪਰ ਮੇਰੇ ਵਿੱਚ ਇਹ ਮਜ਼ਹਬੀ ਦੰਗਿਆਂ ਵੱਲ ਨਹੀਂ ਲਿਜਾਂਦਾ ਹੈ ਕਿ ਮੇਰੇ ਵਿਚਾਰ ਵਿੱਚ ਕਿਸੇ ਹੋਰ ਕਾਰਨ ਕਰਕੇ ਹੁੰਦੇ ਹਨ।

116. *ਸੱਈਦ ਮੀਆਂ ਮੁਹੰਦਮ ਸ਼ਾਹ:* ਕੀ ਤੁਸੀਂ ਇਹ ਸੁਝਾਉ ਨਹੀਂ ਦੇ ਸਕਦੇ ਕਿ ਸਰਕਾਰੀ ਗੁੱਟ ਨੂੰ ਵਿਚੋਂ ਕੱਢਣ ਨਾਲ ਗੈਰ-ਸਰਕਾਰੀਆਂ ਨੂੰ ਇਸ ਦੀ ਥਾਂ ਨਾਮਜ਼ਦ ਕੀਤਾ ਜਾ ਸਕਦਾ ਹੈ ?

ਡਾ ਅੰਬੇਡਕਰ: ਮੈਂ ਨਾਮਜ਼ਦਗੀ ਨਹੀਂ ਚਾਹੁੰਦਾ।

117. ਮੇਜਰ ਪੈਟੱਲੀ: ਕੀ ਦਲਿਤ ਵਰਗਾਂ ਦੇ ਮੈਂਬਰ ਉਦਯੋਗਾਂ ਵਿੱਚ, ਕਪੜਾ ਮਿੱਲਾਂ, ਆਦਿ ਵਿੱਚ ਕੰਮ ਕਰਦੇ ਹਨ ?

ਡਾ: ਅੰਬੇਡਕਰ: ਉਨ੍ਹਾਂ ਸਾਰਿਆਂ ਵਿੱਚ। ਦਲਿਤ ਵਰਗ ਦੇ ਆਦਮੀ ਸਾਰੇ ਮਜ਼ਦੂਰ ਹਨ।

118. ਤੁਸੀਂ ਮੇਰਾ ਨੁਕਤਾ ਨਹੀਂ ਸਮਝਿਆ। ਮੈਂ ਉਦਯੋਗਾਂ ਦੀ ਗੱਲ ਕਰ ਰਿਹਾ ਹਾਂ। ਤੁਹਾਡੇ ਕੋਲ ਦਲਿਤ ਵਰਗਾਂ ਦੇ ਮੈਂਬਰ ਹਨ ਜੋ ਪਿੰਡਾਂ ਵਿੱਚ ਕੰਮ ਕਰਦੇ ਹਨ। ਕੁੱਝ ਇਕ ਧੰਦਿਆਂ ਵਿੱਚ ਉਨ੍ਹਾਂ ਦੀ ਗਿਣਤੀ ਜ਼ਿਆਦਾ ਹੈ। ਪਰ ਕੀ ਦਲਿਤ ਵਰਗਾਂ ਦੀ ਇੱਕ ਵੱਡੀ ਗਿਣਤੀ ਉਦਯੋਗਾਂ ਵਿੱਚ ਲੱਗੀ ਹੋਈ ਹੈ।

ਡਾ: ਅੰਬੇਡਕਰ: ਇਕ ਬਹੁਤ ਵੱਡੀ ਗਿਣਤੀ।

119. ਕੀ ਤੁਸੀਂ ਇਹ ਬਹੁਤ ਵੱਡੀ ਗਿਣਤੀ ਅਜਿਹੀ ਜਗ੍ਹਾ, ਜਿਵੇਂ ਕਿ ਬੰਬਈ ਸ਼ਹਿਰ ਹੈ, 'ਤੇ ਵੇਖ ਸਕਦੇ ਹੋ ?

ਡਾ: ਅੰਬੇਡਕਰ: ਹਾਂ।

120. ਕੀ ਉਹ ਕਿਸੇ ਹੱਦ ਤੱਕ ਅਛੂਤ ਹੋਣੋ ਰਹਿ ਨਹੀਂ ਜਾਂਦੇ ?

ਡਾ: ਅੰਬੇਡਕਰ: ਨਹੀਂ। ਮੈਂ ਇਹੀ ਸਾਹਮਣੇ ਲਿਆਉਣਾ ਚਾਹਾਂਗਾ। ਦਲਿਤ ਵਰਗ ਦੇ ਆਦਮੀ ਨੂੰ ਬੁਣਾਈ ਵਿਭਾਗ ਵਿੱਚੋਂ ਪੂਰੀ ਤਰ੍ਹਾਂ ਬਾਹਰ ਰੱਖਿਆ ਜਾਂਦਾ ਹੈ ਜੋ ਕਿ ਸਭ ਤੋਂ ਵੱਧ ਪੈਸੇ ਦੇਣ ਵਾਲਾ ਵਿਭਾਗ ਹੈ। ਉਹ ਅਜਿਹੇ ਵਿਭਾਗਾਂ ਜਿਵੇਂ ਰੂੰ ਕੱਤਣ, ਤੁੰਬਣ ਵਾਲੇ ਵਿਭਾਗ, ਆਦਿ ਵਿੱਚ ਹੀ ਕੰਮ ਕਰ ਸਕਦਾ ਹੈ।

121. ਕਿਉਂ ?

ਡਾ: ਅੰਬੇਡਕਰ: ਅਛੂਤ ਹੋਣ ਦੇ ਕਾਰਨ।

122. ਜਦੋਂ ਉਥੇ ਕੰਮ ਕਰਦਾ ਹੈ ਤਾਂ ਉਹ ਸਾਰੀਆਂ ਜਾਤਾਂ ਦੇ ਬੰਦਿਆਂ ਨਾਲ (ਰਲਕੇ) ਕੰਮ ਕਰਦਾ ਹੈ।

ਡਾ: ਅੰਬੇਡਕਰ: ਪੂਰੀ ਤਰ੍ਹਾਂ ਨਹੀਂ। ਵਿਭਾਗਾਂ ਵਿੱਚ ਜਾਤਾਂ ਦੇ ਮੁਤਾਬਿਕ ਵਿਤਕਰਾ ਕੀਤਾ ਜਾਂਦਾ ਹੈ। ਇਕ ਵਿਭਾਗ ਕੇਵਲ ਦਲਿਤ ਵਰਗਾਂ ਦੁਆਰਾ ਹੀ ਪੂਰੀ ਤਰ੍ਹਾਂ ਚਲਾਇਆ ਜਾਂਦਾ ਹੈ। ਦੂਸਰਾ ਮੰਨ ਲਉ ਬੁਣਾਈ ਵਿਭਾਗ ਮੁਸਲਮਾਨਾਂ ਅਤੇ ਉਚੇਰੀ ਜਾਤੀ ਦੇ ਹਿੰਦੂਆਂ ਦੁਆਰਾ ਚਲਾਇਆ ਜਾਂਦਾ ਹੈ।

123. ਕੀ ਉਹ ਵਪਾਰਿਕ ਸੰਗਠਨਾਂ ਵਿੱਚ ਹਿੱਸਾ ਲੈਂਦੇ ਹਨ?

ਡਾ: ਅੰਬੇਡਕਰ: ਹਾਂ। ਉਹਨਾਂ ਨੇ ਇਸ ਤਰ੍ਹਾਂ ਕਰਨਾ ਸ਼ੁਰੂ ਕਰ ਦਿੱਤਾ ਹੈ।

124. ਉਹਨਾਂ ਜਾਤਾਂ ਦੇ ਮੈਂਬਰਾਂ ਨਾਲ ਜੋ ਦਲਿਤ ਵਰਗਾਂ ਤੋਂ ਉੱਚੇ ਹਨ?

ਡਾ: ਅੰਬੇਡਕਰ: ਹਾਂ।

125 ਮੈਂ ਇਹ ਨੁਕਤਾ ਤੁਹਾਡੇ ਕੋਲੋਂ ਲੈਣਾ ਚਾਹੁੰਦਾ ਹਾਂ। ਤੁਸੀਂ ਦਲਿਤ ਵਰਗਾਂ ਦੀ ਪ੍ਰਤਿਨਿਧਤਾ ਦੀ ਮੰਗ ਨੂੰ ਗਿਣਤੀ ਦੇ ਆਧਾਰ ਤੇ ਸਾਹਮਣੇ ਰੱਖਿਆ। ਹੁਣ, ਸਾਡੇ ਕੋਲ ਬਿਲਕੁੱਲ ਵੱਖਰੇ ਆਧਾਰ ਤੇ ਇਹ ਮੰਗ ਹੈ। ਜਿਵੇਂ ਕਿ ਮਜ਼ਦੂਰੀ ਆਧਾਰ ਉੱਤੇ ਹੈ। ਤੁਸੀਂ ਇਸ ਢੰਗ ਨਾਲ ਇਕ ਕਾਟਵੀਂ ਮੰਗ ਹਾਸਲ ਕਰੋਗੇ, ਕਿਉਂਕਿ ਕੋਈ ਆਦਮੀ ਦਲਿਤ ਵਰਗ ਦਾ ਆਦਮੀ ਵੀ ਹੋ ਸਕਦਾ ਹੈ ਅਤੇ ਮਜ਼ਦੂਰ ਵੀ ਹੋ ਸਕਦਾ ਹੈ?

ਡਾ: ਅੰਬੇਡਕਰ: ਹਮੇਸ਼ਾ ਤਾਂ ਨਹੀਂ, ਪਰ ਉਹ ਆਮ ਤੌਰ ਤੇ ਇਕ ਮਜ਼ਦੂਰ ਹੀ ਹੁੰਦਾ ਹੈ।

126. ਇਹ ਸ਼ਬਦਾਂ ਦੀ ਹੇਰਾ-ਫੇਰੀ ਹੈ। ਕੀ ਇਹ ਨਹੀਂ ਹੈ? ਮੈਂ ਪੂੰਜੀ ਅਤੇ ਮਜ਼ਦੂਰੀ ਦੀ ਗੱਲ ਕਰ ਰਿਹਾ ਹਾਂ, ਮਜ਼ਦੂਰੀ ਵੀ ਵੱਡੇ ਉਦਯੋਗਾਂ ਵਿੱਚ, ਨਾ ਕਿ ਆਮ ਸੰਗਠਨ ਰਹਿਤ ਮਜ਼ਦੂਰੀ। ਮੈਂ ਸੰਗਠਿਤ ਮਜ਼ਦੂਰੀ ਦੀ ਗੱਲ ਕਰ ਰਿਹਾ ਹਾਂ। ਤੁਸੀਂ ਇਸ ਮੁਸ਼ਕਲ ਨੂੰ ਕਿਸ ਤਰ੍ਹਾਂ ਹੱਲ ਕਰੋਗੇ? ਜੇਕਰ ਤੁਸੀਂ ਇਕ ਮਾਮਲੇ ਵਿੱਚ ਪ੍ਰਤਿਨਿਧਤਾ ਨੂੰ ਸਮਾਜਿਕ ਰੁਤਬੇ ਨਾਲ ਹਾਸਿਲ ਕਰਨ ਜਾ ਰਹੇ ਹੋ ਅਤੇ ਦੂਜੇ ਵਿਚ ਉਦਯੋਗਾਂ ਰਾਹੀਂ ਤਾਂ ਤੁਸੀਂ ਕਾਟਵੀਂ ਵੰਡ ਪ੍ਰਾਪਤ ਕਰੋਗੇ? ਤੁਸੀਂ ਇਸ ਨੂੰ ਕਿਸ ਤਰ੍ਹਾਂ ਕਾਬੂ ਕਰੋਗੇ?

ਡਾ: ਅੰਬੇਡਕਰ: ਸੰਗਠਿਤ ਮਜ਼ਦੂਰੀ ਵਾਸਤੇ ਵੀ ਇਥੇ ਕੋਈ ਪ੍ਰਬੰਧ ਜ਼ਰੂਰ ਹੋਵੇਗਾ ਅਤੇ ਦਲਿਤ ਵਰਗਾਂ ਦੀ ਬਹੁ-ਗਿਣਤੀ ਮਜ਼ਦੂਰਾਂ ਦੀ ਹੈ।

127. *ਸ੍ਰੀਮਾਨ ਹਾਰਟਸ਼ੋਰਨ:* ਮੇਰੇ ਵਿਚਾਰ ਵਿੱਚ, ਡਾ: ਅੰਬੇਡਕਰ, ਤੁਸੀਂ ਇਹ ਬਿਲਕੁਲ ਸਪੱਸ਼ਟ ਕਰ ਦਿੱਤਾ ਹੈ ਕਿ ਤੁਸੀਂ ਬਾਲਗ ਮੱਤ-ਅਧਿਕਾਰ ਦੇ ਹਮਾਇਤੀ ਹੋ। ਤਾਂ ਵੀ ਤੁਸੀਂ ਆਪਣੇ ਯਾਦ-ਪੱਤਰ ਦੇ ਸਫ਼ਾ 41 ਤੇ ਨਾ ਕੇਵਲ ਕਿਹਾ ਹੈ, ਸਭਾ ਇਸ ਨਾਲ ਸੰਤੁਸ਼ਟ ਹੋਵੇਗੀ, ਜੇ ਕਾਰਜਕਾਰੀ ਕੌਂਸਿਲ ਦਾ ਮੱਤ-ਅਧਿਕਾਰ ਉਸੇ ਦਰਜੇ ਤੇ ਨੀਯਤ ਕੀਤਾ ਜਾਵੇ, ਜਿਸ ਤੇ ਪੇਂਡੂ ਹਿੱਸਿਆਂ ਵਿਚ ਤਾਲੁਕਾ, ਸਥਾਨਿਕ ਬੋਰਡਾਂ ਦਾ ਕੀਤਾ ਜਾਂਦਾ ਹੈ ਅਤੇ 3 ਰੁਪਏ ਕਿਰਾਏ ਦੇਣ ਵਾਲੇ ਸੂਬੇ ਦੇ ਸ਼ਹਿਰੀ ਭਾਗਾਂ ਵਿਚ ਕੀ ਤੁਸੀਂ ਕੋਈ ਵਿਚਾਰ ਬਣਾਇਆ

ਹੈ ਜਾਂ ਕੋਈ ਅੰਕੜੇ ਮਿਲ ਸਕਦੇ ਹਨ ਜੋ ਇਹ ਜਾਣਨ ਵਿਚ ਸਹਾਇਤਾ ਕਰ ਸਕਣ ਕਿ ਕਿਸ ਹੱਦ ਤੱਕ ਮੱਤ-ਅਧਿਕਾਰ ਨੇ ਇਸ ਯੋਗਤਾਂ ਤੋਂ ਅੱਗੇ ਵਧਾਇਆ ਜਾ ਸਕਦਾ ਹੈ ?

ਡਾ: ਅੰਬੇਡਕਰ: ਮੈਂ ਆਪ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਮੈਂ ਆਪਣੇ ਆਪ ਉਸ ਕਥਨ ਬਾਰੇ ਡਾਵਾਂ-ਡੋਲ ਹਾਂ। ਮੈਂ ਇਸ ਨੂੰ ਮੰਨਣ ਵਿਚ ਬੁਰਾ ਨਹੀਂ ਮੰਨਦਾ। ਇੰਨੀ ਕੁ ਸੂਚਨਾ ਜਿੰਨੀ ਕਿ ਮੈਂ ਮੁੱਢਸਿਲ ਵਿਚੋਂ ਦਲਿਤ ਵਰਗਾਂ ਤੋਂ ਇਕੱਠਾ ਕਰਨ ਵਿਚ ਸਫ਼ਲ ਹੋਇਆ ਹਾਂ, ਮੈਨੂੰ ਇਸ ਯਕੀਨ ਵੱਲ ਲਿਜਾਂਦੀ ਹੈ ਕਿ ਮਜਦਾ ਤਾਲੁਕਾ ਸਥਾਨਿਕ ਮੱਤ-ਅਧਿਕਾਰ ਕੁਝ ਗਿਣਤੀ ਦੇ ਦਲਿਤ ਵਰਗਾਂ ਦੇ ਵੋਟਰਾਂ ਨੂੰ ਸਾਹਮਣੇ ਰੱਖਦੀ ਹੈ।

128. ਮੈਂ ਇਹ ਸਭ ਕੁਝ ਨਹੀਂ ਸੋਚ ਰਿਹਾ। ਕੀ ਤੁਸੀਂ ਸਾਨੂੰ ਦੱਸ ਸਕਦੇ ਹੋ ਕਿ ਬੰਬਈ ਸੂਬੇ ਵਿਚ ਕਿੰਨੇ ਵੋਟਰਾਂ ਵਿਚ ਵਾਧਾ ਹੋਵੇਗਾ, ਜੇਕਰ ਅੱਜ ਕੱਲ੍ਹ ਦੀ ਯੋਗਤਾ, ਪ੍ਰਵਾਨ ਕਰ ਲਈ ਜਾਵੇ ?

ਡਾ: ਅੰਬੇਡਕਰ: ਮੇਰੇ ਵਿਚਾਰ ਵਿਚ ਮੈਂ ਤੁਹਾਨੂੰ ਕੋਈ ਪੱਕੀ ਸੂਚਨਾ ਇਸ ਨੁਕਤੇ ਤੇ ਨਹੀਂ ਦੇ ਸਕਦਾ।

129. ਕੀ ਮੈਂ ਉਸ ਪ੍ਰਸ਼ਨ ਤੇ ਪਰਤਾਂ ਜੋ ਮੇਜਰ ਅਦਲੀ ਨੇ ਤੁਹਾਨੂੰ ਪੁੱਛਿਆ ਸੀ ? ਮੈਂ ਸੁਣਿਆ ਹੈ ਕਿ ਦਲਿਤ ਵਰਗ ਫੈਕਟਰੀਆਂ ਵਿਚ ਅਲੱਗ ਰਹਿ ਕੇ ਕੰਮ ਕਰਦੇ ਹਨ ?

ਡਾ: ਅੰਬੇਡਕਰ: ਹਾਂ, ਅਲੱਗ ਹੋ ਕੇ।

130. ਉਨ੍ਹਾਂ ਦਾ ਵੱਖਰਾ ਛੱਪਰ ਤੇ ਵੱਖਰਾ ਵਿਭਾਗ ਹੁੰਦਾ ਹੈ ?

ਡਾ: ਅੰਬੇਡਕਰ: ਉਨ੍ਹਾਂ ਦਾ ਆਪਣਾ ਵਿਭਾਗ ਹੁੰਦਾ ਹੈ, ਪਰ ਕੋਈ ਛੱਪਰ ਨਹੀਂ।

131. ਜੋ ਵੀ ਹੈ, ਉਹ ਫੈਕਟਰੀ ਵਿਚ ਦੂਜੇ ਮਜ਼ਦੂਰਾਂ ਤੋਂ ਵੱਖਰੇ ਹੁੰਦੇ ਹਨ ?

ਡਾ: ਅੰਬੇਡਕਰ: ਮੈਂ ਇਸ ਨੂੰ ਇਉਂ ਕਹਾਂਗਾ ਕਿ ਕੁਝ ਵਿਭਾਗਾਂ ਨੂੰ ਦਲਿਤ ਵਰਗਾਂ ਨੂੰ ਖਾਸ ਤੌਰ ਤੇ ਸੌਂਪ ਦਿਤਾ ਜਾਂਦਾ ਹੈ ਅਤੇ ਕੁਝ ਵਿਭਾਗ ਅਜਿਹੇ ਵਿਭਾਗ ਹੁੰਦੇ ਹਨ ਜਿਨ੍ਹਾਂ ਵਿਚ ਉਨ੍ਹਾਂ ਨੂੰ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ।

132. ਕੁਝ ਕਿਸਮ ਦੇ ਕਿੱਤਿਆਂ ਵਿਚ ਕੰਮ ਕਰਨ ਤੋਂ ਉਨ੍ਹਾਂ ਨੂੰ ਮਨਾਹੀ ਹੈ ?

ਡਾ: ਅੰਬੇਡਕਰ: ਹਾਂ, ਮਿੱਲਾਂ ਵਿਚ।

133. ਮੇਰੇ ਵਿਚਾਰ ਵਿਚ ਤੁਸੀਂ ਕਿਹਾ ਸੀ ਕਿ ਉਨ੍ਹਾਂ ਨੂੰ ਬੁਣਾਈ ਵਿਭਾਗਾਂ ਵਿਚ ਜਾਣ ਦੀ ਇਜਾਜ਼ਤ ਨਹੀਂ ਹੈ ?

ਡਾ: ਅੰਬੇਡਕਰ: ਹਾਂ।

134. ਜੇਕਰ ਉਹ ਉਸੀ ਮਜ਼ਦੂਰ ਸੰਘ ਦੇ ਮੈਂਬਰ ਬਣ ਜਾਂਦੇ ਹਨ, ਕੀ ਬੁਣਾਈ ਵਿਭਾਗ ਵਿਚਲੇ ਮਜ਼ਦੂਰ ਉਨ੍ਹਾਂ ਨੂੰ ਅੰਦਰ ਆਉਣ ਤੋਂ ਮਨ੍ਹਾਂ ਕਰਨਗੇ ?

ਡਾ: ਅੰਬੇਡਕਰ: ਉਹ ਉਨ੍ਹਾਂ ਨੂੰ ਅੰਦਰ ਆਉਣ ਤੋਂ ਮਨ੍ਹਾਂ ਕਰਨਗੇ। ਇਥੇ ਮੈਂ ਇਕ ਗੱਲ ਦੱਸਣੀ ਚਾਹਾਂਗਾ। ਬੰਬਈ ਵਿਚ ਹੋਈ ਪਿਛਲੀ ਹੜਤਾਲ ਵਿਚ ਮੈਂ ਇਹ ਮਾਮਲਾ ਵਿਸ਼ੇਸ਼ ਰੂਪ ਵਿਚ ਚੁੱਕਿਆ ਸੀ। ਮੈਂ ਸੰਘ ਦੇ ਮੈਂਬਰਾਂ ਨੂੰ ਕਿਹਾ ਕਿ ਜੇ ਉਹ ਦਲਿਤ ਵਰਗਾਂ ਦੇ ਸਾਰੇ ਵਿਭਾਗਾਂ ਵਿਚ ਕੰਮ ਕਰਨ ਦੇ ਅਧਿਕਾਰ ਨੂੰ ਮਾਨਤਾ ਨਹੀਂ ਦਿੰਦੇ ਤਾਂ ਮੈਂ ਦਲਿਤ ਵਰਗਾਂ ਨੂੰ ਹੜਤਾਲ ਵਿਚ ਹਿੱਸਾ ਲੈਣ ਤੋਂ ਰੋਕ ਦੇਵਾਂਗਾ। ਉਨ੍ਹਾਂ ਨੇ ਬਾਅਦ ਵਿਚ ਬਹੁਤ ਹਿਚਕਚਾਉਂਦੇ ਹੋਏ ਇਸ ਨੂੰ ਆਪਣੀਆਂ ਮੰਗਾਂ ਵਿਚੋਂ ਇਕ ਮੰਗ ਦੇ ਰੂਪ ਵਿਚ ਸ਼ਾਮਿਲ ਕਰਨ ਦੀ ਹਾਮੀ ਭਰੀ ਅਤੇ ਜਦੋਂ ਉਨ੍ਹਾਂ ਨੇ ਇਸ ਨੂੰ ਮਿੱਲ-ਮਾਲਕਾਂ ਸਾਹਮਣੇ ਰੱਖਿਆ ਤਾਂ ਮਿੱਲ ਮਾਲਕਾਂ ਨੇ ਉਨ੍ਹਾਂ ਨੂੰ ਬਹੁਤ ਡਾਂਟਿਆ ਅਤੇ ਕਿਹਾ ਕਿ ਜੇ ਇਹ ਅਨਿਆਇ ਹੈਂ ਤਾਂ ਉਹ ਯਕੀਨੀ ਤੌਰ ਤੇ ਇਸ ਦੇ ਜ਼ਿੰਮੇਵਾਰ ਨਹੀਂ ਹਨ।

135. ਮਾਮਲਾ ਮਾਲਕਾਂ ਦਾ ਪੂਰੀ ਤਰ੍ਹਾਂ ਸਸਤੀ ਮਜ਼ਦੂਰੀ ਦੇ ਚਾਹਵਾਨ ਹੋਣ ਦਾ ਨਹੀਂ ਹੈ ਅਤੇ ਕੀ ਕੁਝ ਵਿਭਾਗਾਂ ਨੂੰ ਦਲਿਤ ਵਰਗਾਂ ਵਾਸਤੇ ਵੱਖਰੇ ਰੱਖਣ ਦਾ ਕਾਰਨ ਆਰਥਿਕ ਨਹੀਂ ?

ਡਾ: ਅੰਬੇਡਕਰ: ਨਹੀਂ (ਇਸ ਦਾ ਕਾਰਣ) ਅਛੂਤਪੁਣਾ ਹੈ।

136. ਕੀ ਇਸ ਪਰਸਿਥਿੱਤੀ ਵਿਚ ਅਜਿਹਾ ਕੁਝ ਹੈ ? ਚੰਗੀ ਤਨਖਾਹ ਵਾਲੇ ਭਾਰਤੀ ਅਛੂਤਾਂ ਨੂੰ ਆਪਣੇ ਵਿਭਾਗਾਂ ਵਿਚ ਇਸ ਡਰ ਤੋਂ ਨਹੀਂ ਆਉਣ ਦਿੰਦੇ ਕਿ ਉਨ੍ਹਾਂ ਦੀਆਂ ਘੱਟ ਤਨਖ਼ਾਹਾਂ ਕਾਰਨ ਉਸ ਦੇ ਵਿਭਾਗ ਵਿਚ ਵੀ ਤਨਖ਼ਾਹਾਂ ਘੱਟ ਹੋ ਜਾਣ ਦਾ ਅਸਰ ਨਾ ਪਵੇ ?

ਡਾ: ਅੰਬੇਡਕਰ: ਨਹੀਂ। ਤਨਖ਼ਾਹਾਂ ਦੇ ਆਧਾਰ ਤੇ ਇਥੇ ਕੋਈ ਭਿੰਨਤਾ ਨਹੀਂ ਹੈ।

137. ਕੀ ਇਹ ਗੱਲ ਬਿਲਕੁਲ ਹੀ ਇਥੇ ਨਹੀਂ ਢੁਕਦੀ ?

ਡਾ: ਅੰਬੇਡਕਰ: ਨਹੀਂ, ਕਿਸੇ ਕੀਮਤ ਤੇ ਵੀ ਨਹੀਂ।

138. ਕੀ ਇਹ ਸਿਰਫ ਅਛੂਤਪੁਣੇ ਦਾ ਹੀ ਪ੍ਰਸ਼ਨ ਹੈ ?

ਡਾ: ਅੰਬੇਡਕਰ: ਅਜਿਹਾ ਹੀ ਹੈ।

139 *ਸ਼੍ਰੀਮਾਨ ਕਾਡੋਸਨ:* ਉਹ ਵਪਾਰਿਕ ਸੰਗਠਨ ਦੇ ਮੈਂਬਰ ਹੋ ਸਕਦੇ ਹਨ ?

ਡਾ: ਅੰਬੇਡਕਰ: ਹਾਂ।

140. *ਸ਼੍ਰੀ ਮਾਨ ਪ੍ਰੇਮਚੰਦ:* ਕੀ ਤੁਸੀਂ ਮੈਨੂੰ ਉਨ੍ਹਾਂ ਵਰਗਾਂ ਦੀ ਬਿਲਕੁਲ ਸਹੀ ਪਰਿਭਾਸ਼ਾ ਦੇ ਸਕਦੇ ਹੋ, ਜੋ ਕਿ ਚੋਣ-ਹਲਕਿਆਂ ਦੇ ਖਾਸ ਰਜਿਸਟਰ ਵਿਚ ਦਲਿਤ ਵਰਗਾਂ ਦੇ ਰੂਪ ਵਿਚ ਹੋਣ ?

ਡਾ: ਅੰਬੇਡਕਰ: ਜਾਤਾਂ ਜੋ ਗੰਧਲਾਉਂਦੀਆਂ ਹਨ।

141. ਕੀ ਇਹ ਅਸੂਲ ਬਰਾਦਰੀ ਜਿਤਨੀ ਛੋਟੀ ਹੋਵੇਗੀ, ਉਤਨੀ ਹੀ ਉਸ ਦੀ ਪਕੜ ਦੂਜਿਆਂ ਉੱਪਰ ਜ਼ਿਆਦਾ ਹੋਵੇਗੀ, ਉੱਚਿਤ ਹੈ ?

ਡਾ: ਅੰਬੇਡਕਰ: ਹਾਂ।

142. ਜੇ ਸਾਰੀਆਂ ਅਲਪਸੰਖਿਅਕਾਂ ਨੂੰ ਵਾਧੂ ਸੀਟਾਂ ਦੇ ਦਿੱਤੀਆਂ ਜਾਣ ਤਾਂ ਬਹੁਗਿਣਤੀ ਇਹਨਾਂ ਦੀ ਹੋਵੇਗੀ ?

ਡਾ: ਅੰਬੇਡਕਰ: ਜੇਕਰ ਸਾਰੀਆਂ ਅਲਪ-ਸੰਖਿਅਕਾਂ ਨੂੰ ਇਕੱਠਾ ਕਰਕੇ ਬਹੁ-ਗਿਣਤੀ ਬਣਾਈ ਜਾਵੇ ਤਾਂ ਵੀ ਕੋਈ ਬਹੁ-ਗਿਣਤੀ ਨਹੀਂ ਹੋਵੇਗੀ ਅਤੇ ਇਸ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। ਅਲਪ-ਸੰਖਿਅਕਾਂ ਵਿਚ ਵੀ ਵਰਗਾਂ ਦੀ ਭਿੰਨਤਾ ਹੋ ਸਕਦੀ ਹੈ। ਮੈਂ ਬੰਬਈ ਸੂਬੇ ਵਿਚ ਮੁਸਲਮਾਨਾਂ ਦੇ ਦੋ ਗੁੱਟਾਂ ਵਿਚ ਵੱਡੇ ਹੋਣ ਨੂੰ ਚੰਗੀ ਤਰ੍ਹਾਂ ਸਮਝ ਸਕਦਾ ਹਾਂ, ਇਕ ਪੂੰਜੀਦਾਰਾਂ ਦੀ ਤਰਫ਼ਦਾਰੀ ਕਰਦਾ ਹੈ ਅਤੇ ਦੂਸਰਾ ਮਜ਼ਦੂਰਾਂ ਦੀ।

143. ਕੀ ਇਹ ਸੱਚ ਨਹੀਂ ਹੈ ਕਿ ਉਹ ਲੋਕ ਜੋ ਰਾਜਨੀਤਕ ਰੁਚੀ ਨਹੀਂ ਰੱਖਦੇ ਜਾਂ ਰਾਜਨੀਤਕ ਤੌਰ ਤੇ ਸਿੱਖੇ ਨਹੀਂ ਹੁੰਦੇ, ਆਮ ਤੌਰ ਤੇ ਪੇਸ਼ਾਵਰ ਨੇਤਾਵਾਂ ਦੁਆਰਾ ਗੁਮਰਾਹ ਨਹੀਂ ਹੋ ਜਾਂਦੇ ?

ਡਾ: ਅੰਬੇਡਕਰ: ਮੈਂ ਨਹੀਂ ਜਾਣਦਾ। ਮੈਂ ਕਦੀਂ ਵੀ ਪੇਸ਼ਾਵਰ ਨੇਤਾ ਨਹੀਂ ਬਣਿਆ, ਇਸ ਲਈ ਮੈਂ ਕੁਝ ਨਹੀਂ ਕਹਿ ਸਕਦਾ।

144. ਕੀ ਅਨਪੜ੍ਹ ਸਮਾਜ ਦੇ ਬਹੁਤ ਵੱਡੇ ਭਾਗਾਂ ਨੂੰ ਮੱਤ-ਅਧਿਕਾਰ ਦੇਣਾ ਖ਼ਤਰੇ ਨਾਲ ਭਰਪੂਰ ਨਹੀਂ ਅਤੇ ਇਸ ਦੀ ਕੁਵਰਤੋਂ ਦਾ ਡਰ ਨਹੀਂ ?

ਡਾ: ਅੰਬੇਡਕਰ: ਨਹੀਂ, ਮੇਰੇ ਵਿਚਾਰ ਵਿਚ ਅਜਿਹਾ ਨਹੀਂ।

145. ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਬਿਨਾਂ ਕਿਸੇ ਸੂਬੇ ਦੀ ਆਮਦਨੀ ਤੇ ਬੋਝ ਪਾਉਣ ਤੋਂ ਅਜਿਹਾ ਕਿਉਂ ਮੁਮਕਿਨ ਨਹੀਂ ਹੈ ਕਿ ਦਲਿਤ ਵਰਗਾਂ ਦੇ ਮੈਂਬਰਾਂ ਨੂੰ ਸਾਡੇ ਮੌਜੂਦਾ ਸਕੂਲਾਂ ਅਤੇ ਕਾਲਜਾਂ ਵਿਚ ਦਾਖ਼ਲਾ ਮਿਲ ਸਕੇ ?

ਡਾ: ਅੰਬੇਡਕਰ: ਕਿਉਂਕਿ ਮੌਜੂਦਾ ਪ੍ਰਣਾਲੀ ਅਧੀਨ ਉਨ੍ਹਾਂ ਦੀ ਬੁਰੀ ਤਰ੍ਹਾਂ ਉਪੇਖਿਆ ਕੀਤੀ ਗਈ ਹੈ।

146. ਅਜਿਹਾ ਕਿਉਂ ਸੰਭਵ ਨਹੀਂ ਕਿ ਬਿਨਾਂ ਕਿਸੇ ਸੂਬੇ ਦੀ ਆਮਦਨੀ ਤੇ (ਵਾਧੂ) ਬੋਝ ਪਾਉਣ ਤੋਂ ਬਿਨਾਂ ਦਲਿਤ ਵਰਗ ਦੇ ਬੱਚਿਆਂ ਨੂੰ ਸਾਡੇ ਮੌਜੂਦਾ ਸਕੂਲਾਂ ਅਤੇ ਕਾਲਜਾਂ ਵਿੱਚ ਦਾਖ਼ਲਾ ਮਿਲ ਸਕੇ ?

ਡਾ: ਅੰਬੇਡਕਰ: ਤੁਸੀਂ ਉਨ੍ਹਾਂ ਨੂੰ ਪੁੱਛੋ ਜੋ ਨਾਂਹ ਕਰਦੇ ਹਨ ਕਿ ਉਨ੍ਹਾਂ ਦੀ ਅਪ੍ਰਵਾਨਗੀ ਦਾ ਕੀ ਕਾਰਨ ਹੈ।

147. ਕਿਸ ਚੀਜ਼ ਦੀ ਅਪ੍ਰਵਾਨਗੀ ?

ਡਾ: ਅੰਬੇਡਕਰ: ਉਨ੍ਹਾਂ ਦੇ ਦਾਖ਼ਲੇ ਦੀ।

148. ਸਕੂਲਾਂ ਅਤੇ ਕਾਲਜਾਂ ਵਿਚ ?

ਡਾ: ਅੰਬੇਡਕਰ: ਹਾਂ।

149. ਕੀ ਤੁਸੀਂ ਜਾਣਦੇ ਹੋ ਕਿ ਬੰਬਈ ਮਿਉਂਸਪੈਲਿਟੀ ਨੇ ਹੁਣ ਇਕ ਨਿਯਮ ਬਣਾ ਦਿੱਤਾ ਹੈ ?

ਡਾ: ਅੰਬੇਡਕਰ: ਤੇ ਤੁਸੀਂ ਉਸ ਰੋਸ ਮੀਟਿੰਗ ਬਾਰੇ ਵੀ ਜਾਣਦੇ ਹੋ ਜੋ ਕਿ ਬੰਬਈ ਵਿਚ ਹੋਈ ਸੀ।

150. ਇਕ ਵਰਗ ਦੁਆਰਾ ਰੋਸ ਪ੍ਰਗਟ ਕੀਤਾ ਗਿਆ ਹੋਵੇਗਾ, ਪਰ ਮਿਉਂਸੀਪੈਲਟੀ ਨੇ ਉਨ੍ਹਾਂ ਸਾਰੀਆਂ ਬੰਦਿਸ਼ਾਂ ਨੂੰ ਦੂਰ ਕਰ ਹੀ ਦਿੱਤਾ ਹੈ ?

ਡਾ: ਅੰਬੇਡਕਰ: ਇਹ ਦੇਖਣ ਵਾਲੀ ਗੱਲ ਹੋਵੇਗੀ ਕਿ ਉਹ ਇਸ ਗੱਲ ਤੇ ਅਗਲੀਆਂ ਚੋਣਾਂ ਤੱਕ ਕਿਵੇਂ ਕਾਇਮ ਰਹਿੰਦੇ ਹਨ।

151. ਪਰ ਉਨ੍ਹਾਂ ਨੇ ਇਹ ਕੀਤਾ ਹੈ, ਕੀ ਤੁਸੀਂ ਜਾਣਦੇ ਹੋ ?

ਡਾ: ਅੰਬੇਡਕਰ: ਹਾਂ।

152. *ਸਭਾਪਤੀ:* ਕੀ ਅਸੀਂ ਜਾਣ ਸਕਦੇ ਹਾਂ ਕਿ ਉਹ ਕਿਹੜਾ ਰੋਸ ਵਿਖਾਵਾ ਹੈ ਜਿਸ ਦਾ ਉਸ ਨੇ ਜ਼ਿਕਰ ਕੀਤਾ ਹੈ ?

ਡਾ: ਅੰਬੇਡਕਰ: ਵਾਸਤਵਿਕ ਸਥਿਤੀ ਇਹ ਹੈ। ਹੁਣ ਤੱਕ ਬੰਬਈ ਮਿਉਂਸੀਪੈਲਿਟੀ ਕੋਲ ਬੰਬਈ ਸ਼ਹਿਰ ਵਿਚ ਦਲਿਤ ਵਰਗਾਂ ਵਾਸਤੇ ਵੱਖਰੇ ਸਕੂਲ ਸਨ। ਹੁਣ ਲਾਜ਼ਮੀ ਮੁੱਢਲੀ ਸਿਖਿਆ ਦੀ ਯੋਜਨਾ ਦੇ ਅਧੀਨ, ਬੰਬਈ ਮਿਉਂਸੀਪੈਲਿਟੀ ਸਕੂਲਾਂ ਦੀ ਗਿਣਤੀ ਨੂੰ ਸੀਮਿਤ ਕਰਨ ਲਈ ਮਜਬੂਰ ਹੋ ਗਈ ਹੈ ਅਤੇ ਦਲਿਤ ਵਰਗਾਂ ਦੇ ਖਿੰਡੇ ਹੋਏ ਬੱਚਿਆਂ ਨੂੰ ਉੱਚੀ ਜਾਤ ਦੇ ਹਿੰਦੂਆਂ ਦੇ ਸਕੂਲਾਂ ਵਿਚ ਆਰਥਿਕ ਦ੍ਰਿਸ਼ਟੀ ਤੋਂ ਲਿਆਉਣ ਲਈ ਮਜਬੂਰ ਹੈ। ਉਨ੍ਹਾਂ ਬੱਚਿਆਂ ਵਾਸਤੇ ਜੋ ਹਾਜ਼ਰ ਹੁੰਦੇ ਹਨ, ਕੁਦਰਤੀ ਤੌਰ ਤੇ ਪਾਣੀ ਅਤੇ ਹੋਰ ਦੂਜੀਆਂ ਸਹੂਲਤਾਂ ਦਾ ਵੀ ਕੁਝ ਪ੍ਰਬੰਧ ਕਰਨਾ ਪਵੇਗਾ। ਇਹ ਪ੍ਰਸ਼ਨ ਉਠਿਆ ਸੀ ਕਿ ਪੀਣ ਵਾਲੇ ਪਾਣੀ ਦੇ ਪ੍ਰਬੰਧਾਂ ਵਿਚ ਕੋਈ ਵਖਰੇਵਾਂ ਹੋਣਾ ਚਾਹੀਦਾ ਹੈ। ਕੀ ਅਛੂਤਾਂ ਲਈ ਪੀਣ ਵਾਲੇ ਪਾਣੀ ਦੇ ਘੜੇ ਉਚੇ ਜਾਤ ਦੇ ਹਿੰਦੂਆਂ ਤੋਂ ਵੱਖਰੇ ਹੋਣੇ ਚਾਹੀਦੇ ਹਨ ? ਮਿਉਂਸੀਪੈਲਿਟੀ ਨੇ ਇਹ ਕਹਿੰਦੇ ਹੋਏ ਇਕ ਮਤਾ ਪਾਸ ਕੀਤਾ "ਅਸੀਂ ਆਪਣੇ ਸਕੂਲਾਂ ਵਿਚ ਅਛੂਤਪੁਣੇ ਨੂੰ ਮਾਨਤਾ ਨਹੀਂ ਦਿੰਦੇ।" ਤੇ ਉਸ ਨੇ ਇਕ ਗਸ਼ਤੀ-ਚਿੱਠੀ ਜਾਰੀ ਕੀਤੀ ਕਿ ਪੀਣ ਵਾਲੇ ਪਾਣੀ ਦਾ ਘੜਿਆਂ ਵਿਚ ਸਕੂਲਾਂ ਅੰਦਰ ਕੋਈ ਵਖਰੇਵਾਂ ਨਹੀਂ ਹੋਣਾ ਚਾਹੀਦਾ। ਇਹ ਰੋਸ ਮੀਟਿੰਗ ਸੀ ਜੋ ਬੰਬਈ ਦੇ ਇਕ ਮਹੱਤਵਪੂਰਣ ਹਿੰਦੂ ਨੇਤਾ ਦੀ ਪ੍ਰਧਾਨਗੀ ਹੇਠਾਂ ਹੋਈ। ਇਸ ਮਸਲੇ ਤੇ ਰਸ ਪ੍ਰਗਟ ਕਰਨ ਲਈ ਕਿ ਇਹ ਇਕਸਾਰ ਪ੍ਰਬੰਧ

ਹਿੰਦੂ ਧਰਮ ਦੇ ਖ਼ਿਲਾਫ ਹੈ।

153. *ਸ਼੍ਰੀਮਾਨ ਪ੍ਰੇਮ ਚੰਦ:* ਕੀ ਤੁਸੀਂ ਜਾਣਦੇ ਹੋ ਕਿ ਦਲਿਤ ਵਰਗ ਨੂੰ ਅਹਿਮਦਾਬਾਦ ਦੀਆਂ ਮਿੱਲਾਂ ਦੇ ਬੁਣਾਈ ਵਿਭਾਗਾਂ ਵਿਚ ਨੌਕਰੀ ਮਿਲੀ ਹੋਈ ਹੈ ?

ਡਾ: ਅੰਬੇਡਕਰ: ਮੈਂ ਇਹ ਨਹੀਂ ਜਾਣਦਾ।

154. ਮੈਂ ਤੁਹਾਨੂੰ ਦੱਸ ਸਕਦਾ ਹਾਂ ਕਿ ਅਜਿਹਾ ਹੈ।

ਡਾ: ਅੰਬੇਡਕਰ: ਇਥੇ ਦੁਬਾਰਾ ਮੈਂ ਇਕ ਗੱਲ ਕਹਿਣੀ ਚਾਹਾਂਗਾ ਕਿ ਸ਼ਾਇਦ ਉਹ ਵੱਖਰੇ ਤੌਰ ਤੇ ਹੀ ਨੌਕਰੀ ਪ੍ਰਾਪਤ ਕਰਦੇ ਹਨ। ਮੈਂ ਅਜਿਹੀ ਪਰਸਥਿਤੀ ਨੂੰ ਚੰਗੀ ਤਰ੍ਹਾਂ ਅਨੁਭਵ ਕਰ ਸਕਦਾ ਹਾਂ: ਉਦਾਹਰਣ ਲਈ, ਬਹੁਤ ਸਾਰੀਆਂ ਖੱਡੀਆਂ, ਖਾਸ ਤੌਰ ਤੇ ਦਲਿਤ ਵਰਗਾਂ ਨੂੰ ਦੇ ਦਿੱਤੀਆਂ ਜਾਂਦੀਆਂ ਹਨ। ਅੱਜ ਕੱਲ੍ਹ ਕੁਝ ਮਿੱਲਾਂ ਵਿਚ ਇਹ ਸੁਝਾਉ ਹੈ ਕਿ ਦਲਿਤ ਵਰਗ ਸਾਰੇ ਬੁਣਾਈ ਵਿਭਾਗ ਨੂੰ ਸੰਭਾਲ ਲੈਣ, ਮਿੱਲ ਮਾਲਕਾਂ ਨੂੰ ਚਾਹੀਦਾ ਹੈ ਕਿ ਉਹ ਵਿਭਾਗ ਉਨ੍ਹਾਂ ਦੇ ਹਵਾਲੇ ਕਰ ਦੇਣ, ਪਰ ਤੁਸੀਂ ਕੁਝ ਭਾਗ ਦਲਿਤਾਂ ਅਤੇ ਕੁਝ ਦੂਜੀਆਂ ਹਿੰਦੂ ਜਾਤਾਂ ਨੂੰ ਨਹੀਂ ਦੇ ਸਕਦੇ।

155. *ਸਭਾਪਤੀ:* ਰਲਾ ਔਖਾ ਹੈ ?

ਡਾ: ਅੰਬੇਡਕਰ: ਹਾਂ।

156. *ਸਰ ਹਰੀ ਸਿੰਘ ਗੌੜ:* ਸੰਵਿਧਾਨਕ ਬਦਲਾਵ ਦੀ ਆਮ ਯੋਜਨਾ ਦੇ ਮਾਮਲੇ ਵਿਚ ਤੁਹਾਡੀ ਸੰਸਥਾ ਦਾ ਕੀ ਨਜ਼ਰੀਆਂ ਹੈ ? ਕੀ ਤੁਸੀਂ ਇਸ ਵਿਸ਼ੇ ਤੇ ਕੋਈ ਵਿਚਾਰ ਬਣਾਏ ਹਨ ?

ਡਾ: ਅੰਬੇਡਕਰ: ਮੈਂ ਤੁਹਾਨੂੰ ਇਸ ਬਾਰੇ ਦੱਸ ਸਕਦਾ ਹਾਂ। ਦਲਿਤ ਵਰਗ ਆਪ ਬੇਸ਼ੱਕ ਸੰਵਿਧਾਨਕ ਪ੍ਰਸ਼ਨਾਂ ਵਿਚ ਬਹੁਤੀ ਦਿਲਚਸਪੀ ਨਹੀਂ ਲੈਂਦੇ, ਉਹਨਾਂ ਦੀ ਰੁਚੀ ਗਾਰੰਟੀਆਂ ਅਤੇ ਸੁਰੱਖਿਆਵਾਂ ਜਿਹੜੀਆਂ ਕਿ ਉਨ੍ਹਾਂ ਨੂੰ ਚਾਹੀਦੀਆਂ ਹਨ, ਨੂੰ ਲੈਣ ਵਿਚ ਹੈ, ਭਾਵੇਂ ਇਹ ਕਿਸੇ ਪ੍ਰਕਾਰ ਦੀ ਸਰਕਾਰ ਅਧੀਨ ਪ੍ਰਾਪਤ ਹੋਵੇ। ਇਸ ਲਈ ਮੇਰੇ ਵਿਚਾਰ ਵਿਚ ਦਲਿਤ ਵਰਗਾਂ ਨੇ, ਸੂਬਾਈ ਜਾਂ ਕੇਂਦਰੀ ਸਰਕਾਰ ਦੀ ਬਣਤਰ ਬਾਰੇ, ਕੋਈ ਖਾਸ ਵਿਚਾਰ ਨਹੀਂ ਬਣਾਏ। ਪਰ ਦਲਿਤ ਵਰਗਾਂ ਦਾ ਇਕ ਮੈਂਬਰ ਹੋਣ ਦੇ ਨਾਤੇ ਮੇਰੇ ਆਪਣੇ ਵਿਅਕਤੀਗਤ ਵਿਚਾਰ ਜ਼ਰੂਰ ਹਨ; ਭਾਵੇਂ ਇਹ ਦਲਿਤ ਵਰਗਾਂ ਦੇ ਵਿਚਾਰ ਨਾ ਵੀ ਹੋਣ। ਇਸ ਕਰਕੇ ਹੀ ਤਾਂ ਮੇਰੇ ਯਾਦ-ਪੱਤਰ ਵਿਚ ਸੰਵਿਧਾਨ ਬਾਰੇ ਕੁਝ ਨਹੀਂ ਕਿਹਾ ਗਿਆ।

157. ਮੈਨੂੰ ਇਸ ਦਾ ਇਲਮ ਹੈ ਅਤੇ ਇਸੇ ਲਈ ਹੀ ਮੈਂ ਤੁਹਾਨੂੰ ਇਹ ਪ੍ਰਸ਼ਨ ਪੁੱਛਿਆ ਹੈ। ਤੁਹਾਡੇ ਆਪਣੇ ਵਿਚਾਰ ਕੀ ਹਨ ?

ਡਾ: ਅੰਬੇਡਕਰ: ਜਿਥੋਂ ਤੱਕ ਕਿ ਸੂਬਾਈ ਸਰਕਾਰ ਦਾ ਸੰਬੰਧ ਹੈ, ਮੈਂ ਸੂਬਾਈ ਸਵਾਧੀਨਤਾ ਦੇ ਹਿੱਤ ਵਿਚ ਹਾਂ।

158. ਸੀਮਿਤ ਜਾਂ ਅਸੀਮਿਤ ?

ਡਾ: ਅੰਬੇਡਕਰ: ਮੇਰੇ ਵਿਚਾਰ ਵਿਚ ਕਾਨੂੰਨ ਤੇ ਪ੍ਰਬੰਧ ਦੇ ਸਥਾਨਤਰ ਦੇ ਮਾਮਲੇ ਵਿਚ ਕੁਝ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਇਹ ਨਹੀਂ ਹੈ ਕਿ ਮੈਂ ਕਾਨੂੰਨ ਅਤੇ ਪ੍ਰਬੰਧ ਦੀ ਬਦਲੀ ਦੇ ਖ਼ਿਲਾਫ ਹਾਂ। ਮੈਂ ਬਦਲੀ ਦੇ ਹੱਕ ਵਿਚ ਹਾਂ। ਪਰ ਫੇਰ ਮੈਂ ਕੁਝ ਸਾਵਧਾਨੀ ਚਾਹੁੰਦਾ ਹਾਂ। ਮਨੂੰ ਅਜੇ ਯਕੀਨ ਨਹੀਂ ਕਿ ਕੀ ਹੋਣਾ ਚਾਹੀਦਾ ਹੈ। ਪਰ ਇਸ ਮਾਮਲੇ ਵਿਚ ਕੁਝ ਸਾਵਧਾਨੀਆਂ ਜ਼ਰੂਰ ਲਾਹੇਵੰਦ ਸਿੱਧ ਹੋਣਗੀਆਂ। ਇਸ ਨੂੰ ਛੱਡ ਕੇ ਮੈਂ (ਵਿਅਕਤੀਗਤ ਤੌਰ ਤੇ ਬੋਲਦਿਆਂ) ਪੂਰੀ ਸੂਬਾਈ ਸਵਾਧੀਨਤਾ ਦੇ ਹਿੱਤ ਵਿਚ ਹਾਂ।

159. ਕੇਂਦਰੀ ਸਰਕਾਰ ਬਾਰੇ ਤੁਹਾਡੇ ਕੀ ਵਿਚਾਰ ਹਨ ?

ਡਾ: ਅੰਬੇਡਕਰ : ਮੇਰੇ ਵਿਚਾਰ ਵਿਚ ਸਾਨੂੰ ਅਮਲੀ ਰਾਜ ਨਾਲ ਸ਼ੁਰੂਆਤ ਕਰਨੀ ਚਾਹੀਦੀ ਹੈ ।

160. ਜਿਥੋਂ ਤੱਕ ਬਲਗ਼ ਮੱਤ-ਅਧਿਕਾਰ ਦਾ ਪ੍ਰਸ਼ਨ ਹੈ, ਮੇਰੇ ਵਿਚਾਰ ਵਿਚ ਤੁਸੀਂ ਹਰ ਬਾਲਗ਼ ਆਦਮੀ ਅਤੇ ਇਸਤਰੀ ਦੇ ਮੱਤ-ਅਧਿਕਾਰ ਦੇ ਹੱਕ ਵਿਚ ਹੋ ?

ਡਾ: ਅੰਬੇਡਕਰ: ਹਾਂ।

161. ਕੀ ਤੁਹਾਡੇ ਵਿਚਾਰ ਵਿਚ ਇਹ ਇਕ ਵਿਹਾਰਕ ਪ੍ਰਸਤਾਵ ਹੈ ?

ਡਾ: ਅੰਬੇਡਕਰ: ਬਹੁਤ ਵਿਹਾਰਕ।

162. ਕੀ ਤੁਸੀਂ ਸੋਚਦੇ ਹੋ ਕਿ ਲੋਕਾਂ ਨੇ ਕਿਸ ਹੱਦ ਤੱਕ ਰਾਜਨੀਤਕ ਸੋਝੀ ਹਾਸਿਲ ਕੀਤੀ ਹੈ ਤਾਂ ਜੋ ਉਹ ਉਸ ਰਾਜਨੀਤਕ ਮੱਤ-ਅਧਿਕਾਰ ਨੂੰ ਆਸਾਨੀ ਨਾਲ ਆਪਣੀ ਬਰਾਦਰੀ ਲਈ ਵਰਤੋਂ ਕਰਨ ਦੇ ਯੋਗ ਹੋ ਸਕਣ ?

ਡਾ: ਅੰਬੇਡਕਰ: ਕੇਵਲ ਦਲਿਤ ਵਰਗਾਂ ਵਲੋਂ ਬੋਲਣ 'ਤੇ ਮੈਂ ਜ਼ੋਰ ਦੇ ਕੇ ਕਹਿੰਦਾ ਹਾਂ ਕਿ ਜਿਥੋਂ ਤੱਕ ਬੰਬਈ ਸੂਬੇ ਦੀ ਗੱਲ ਹੈ, ਦਲਿਤ ਵਰਗ ਆਪਣੇ ਵੋਟ ਦੀ ਬਹੁਤ ਬੁੱਧੀ ਮਾਨ ਤਰੀਕੇ ਨਾਲ ਵਰਤੋਂ ਕਰਨਗੇ। ਇਸ ਤੱਥ ਨੂੰ ਧਿਆਨ ਵਿਚ ਰੱਖਦਿਆਂ ਕਿ ਅਛੂਤਪੁਣੇ ਦਾ ਭ੍ਰਿਸ਼ਟ ਰੋਗ ਜ਼ਿੰਦਗੀ ਭਰ ਹਰ ਪਲ ਉਨ੍ਹਾਂ ਦੇ ਦਿਮਾਗ਼ ਵਿਚ ਹੁੰਦਾ ਹੈ ਅਤੇ ਉਨ੍ਹਾਂ ਦੇ ਇਸ ਤੱਥ ਪ੍ਰਤੀ ਸਜੀਵ ਹੋਣਾ ਕਿ ਰਾਜਨੀਤਕ ਸ਼ਕਤੀ ਹੀ ਇਸ ਮੁਸ਼ਕਿਲ ਦਾ ਕੇਵਲ ਹੱਲ ਹੈ, ਮੈਂ ਜ਼ੋਰਦਾਰ ਸ਼ਬਦਾਂ ਵਿਚ ਕਹਿੰਦਾ ਹਾਂ ਕਿ ਦਲਿਤ ਵਰਗਾਂ ਦੇ ਵੋਟਰ ਸਮਝਦਾਰ ਵੋਟਰ ਸਿੱਧ ਹੋਣਗੇ।

163. ਤੁਹਾਡੇ ਦੂਸਰੇ ਦੇਸ਼ਾਂ ਦੀਆਂ ਉਦਾਹਰਣਾਂ ਦਾ ਅਨੁਸਰਣ ਕਰਨ ਨਾਲ ਉਹ ਲੋਕ ਜਿਹੜੇ ਕਿ ਕੋਈ ਟੈਕਸ ਨਹੀਂ ਦਿੰਦੇ ਤੇ ਜਿਨ੍ਹਾਂ ਦਾ ਰਾਜਨੀਤਕ ਵਜੂਦ ਹੈ ਅਤੇ ਜਿਨ੍ਹਾਂ ਕੋਲ ਰਾਜਨੀਤਕ ਸ਼ਕਤੀ ਹੁੰਦੀ ਹੈ, ਉਨ੍ਹਾਂ ਤੇ ਟੈਕਸ ਲਗਾਉਣਗੇ ਜੋ ਕਿ ਪਹਿਲਾਂ ਹੀ ਭਾਰੀ ਟੈਕਸਾਂ ਦੇ ਭਾਰ ਹੇਠ ਦੱਬੇ ਹੁੰਦੇ ਹਨ ?

ਡਾ: ਅੰਬੇਡਕਰ: ਮੇਰੇ ਵਿਚਾਰ ਵਿਚ ਅਜਿਹਾ ਹੀ ਹੋਣਾ ਚਾਹੀਦਾ ਹੈ। ਮੈਂ ਇਸ ਵਿਚ

ਕੁਝ ਮਾੜਾ ਨਹੀਂ ਦੇਖਦਾ।

164. ਤੁਸੀਂ ਕਰ ਦੀ ਅਦਾਇਗੀ ਕਰਨ ਵਾਲੀ ਬਰਾਦਰੀ ਦੇ ਸ਼ੋਸ਼ਣ ਵਿਚ ਕੁਝ ਗ਼ਲਤ ਨਹੀਂ ਦੇਖਦੇ। ਕੀ ਇਹ ਤੁਹਾਡਾ ਆਪਣਾ ਵਿਚਾਰ ਹੈ ਜਾਂ ਕਿ ਉਸ ਸੰਸਥਾ ਦਾ ਜਿਸਦੀ ਤੁਸੀਂ ਪ੍ਰਤਿਨਿਧਤਾ ਕਰਦੇ ਹੋ ?

ਡਾ: ਅੰਬੇਡਕਰ: ਮੇਰਾ ਆਪਣਾ ਵਿਚਾਰ । ਸੰਸਥਾ ਨੇ ਇਸ ਬਾਰੇ ਇਥੇ ਕੁਝ ਵੀ ਨਹੀਂ ਕਿਹਾ।

165. ਕੀ ਤੁਹਾਡੇ ਵਿਚਾਰ ਵਿਚ ਤੁਸੀਂ ਇਸ ਨਜ਼ਰੀਏ ਨੂੰ ਕਮਿਸ਼ਨ ਸਾਹਮਣੇ ਰੱਖਣ ਲਈ ਆਪਣੀ ਸੰਸਥਾ ਦੇ ਆਮ ਵਿਚਾਰ ਨੂੰ ਦਰਸਾਉਂਦੇ ਹੋ ?

ਡਾ: ਅੰਬੇਡਕਰ: ਮੇਰੇ ਵਿਚਾਰ ਵਿਚ ਇਹੀ ਨਜ਼ਰੀਆ ਸਾਰੀਆਂ ਗਰੀਬ ਬਰਾਦਰੀਆਂ ਦਾ ਹੋਵੇਗਾ।

167. *ਸਰ ਹਰੀ ਸਿੰਘ ਗੌੜ :* ਸਭਾਪਤੀ ਨੂੰ ਜਵਾਬ ਦਿੰਦਿਆਂ ਤੁਸੀਂ ਕਿਹਾ ਸੀ ਕਿ ਦਲਿਤ ਵਰਗਾਂ ਨੂੰ ਇਕ ਭਿੰਨ ਬਰਾਦਰੀ ਸਮਝਣਾ ਚਾਹੀਦਾ ਹੈ, ਅਜਿਹੀ ਬਿਰਾਦਰੀ ਜੋ ਹਿੰਦੂ ਬਿਰਾਦਰੀ ਤੋਂ ਵੱਖਰੀ ਹੋਵੇ। ਕੀ ਤੁਸੀਂ ਉਸ ਨੂੰ ਚੋਣ ਸਬੰਧੀ ਉਦੇਸ਼ਾਂ ਤੇ ਹੀ ਲਾਗੂ ਕਰਦੇ ਹੋ ਜਾਂ ਸਾਰੇ ਉਦੇਸ਼ਾਂ 'ਤੇ ?

ਡਾ: ਅੰਬੇਡਕਰ: ਅਸਲ ਵਿਚ ਉਹ ਸਾਰੇ ਉਦੇਸ਼ਾਂ ਲਈ ਹੀ ਭਿੰਨ ਹਿੰਦੂ ਹਨ।

168. ਕੀ ਤੁਸੀਂ ਦਲਿਤ ਵਰਗਾਂ ਨੂੰ ਅਸਲੀ ਹਿੰਦੂ ਕਹਿੰਦੇ ਹੋ ?

ਡਾ: ਅੰਬੇਡਕਰ: ਮੈਂ ਨਾਂ ਦੀ ਪਰਵਾਹ ਨਹੀਂ ਕਰਦਾ। ਇਹ ਗੱਲ ਕੋਈ ਮਤਲਬ ਨਹੀਂ ਰੱਖਦੀ ਕਿ ਮੈਂ ਆਪਣੇ ਆਪ ਨੂੰ ਹਿੰਦੂ ਸਦਾਵਾਂ ਜਾਂ ਗੈਰ- ਹਿੰਦੂ ਜਿੰਨਾ ਚਿਰ ਮੈਂ ਹਿੰਦੂ ਬਰਾਦਰੀ ਦੀ ਸੀਮਾ ਤੋਂ ਬਾਹਰ ਹਾਂ।

170. ਸਾਰੇ ਸੰਸਾਰ ਵਿਚ ਇਕ ਫਰਕ ਇਹ ਪੈਂਦਾ ਹੈ ਜੇਕਰ ਤੁਸੀਂ ਹਿੰਦੂ ਧਰਮ - ਸ਼ਾਸਨ ਨੂੰ, ਉਦਾਹਰਣ ਲਈ ਤੁਸੀਂ 1923 ਈ: ਦੇ ਐਕਟ 30 ਅਧੀਨ ਕੋਈ ਵਿਆਹ ਨਹੀਂ ਕਰ ਸਕਦੇ, ਜਿਸ ਨੇ ਕਿ ਸਾਰੀਆਂ ਜਾਤਾਂ ਨੂੰ ਪੂਰੀ ਤਰ੍ਹਾਂ ਹਟਾ ਦਿੱਤਾ ਹੈ, ਜਿੱਥੇ ਤੱਕ ਕਿ ਵਿਆਹ ਦੇ ਕਾਨੂੰਨ ਦਾ ਸੰਬੰਧ ਹੈ। ਇਕ ਹਿੰਦੂ ਅਤੇ ਮਹਾਰ ਵਿਚ ਉੱਚ ਜਾਤ ਅਤੇ ਅਛੂਤ ਵਿਚ ਕੋਈ ਫਰਕ ਨਹੀਂ। ਹੁਣ ਜੇ ਤੁਸੀਂ ਉਸ ਬਰਾਦਰੀ ਤੋਂ ਬਾਹਰ ਜਾਉ (ਜਾਂ) ਉਸ ਸਮਾਜਿਕ ਵਿਵਸਥਾ ਦੇ ਬਾਹਰ ਜਾਉ ਅਤੇ ਆਪਣੇ ਆਪ ਨੂੰ ਗੈਰ-ਹਿੰਦੂ ਕਹੋ, ਤੁਸੀਂ ਹਿੰਦੂ ਕਾਨੂੰਨ ਤੋਂ ਉਸ ਹੱਦ ਤੱਕ ਹੀ ਬਾਹਰ ਹੋਵੋਗੇ ?

ਡਾ : ਅੰਬੇਡਕਰ: ਸ਼ਾਇਦ ਇਉਂ ਹੀ ਹੋਵੇ।

171 ਤਾਂ ਤੁਹਾਡੇ 'ਤੇ ਕਿਹੜਾ ਕਾਨੂੰਨ ਲਾਗੂ ਹੋਵੇਗਾ ?'

ਡਾ: ਅੰਬੇਡਕਰ : ਸਾਡੇ 'ਤੇ ਹਿੰਦੂ ਕਾਨੂੰਨ ਲਾਗੂ ਹੋਵੇਗਾ, ਜਿਵੇਂ ਕਿ ਉਦਾਹਰਣ ਲਈ

ਖੋਜੇ ਜੋ ਕਿ ਮੁਸਲਮਾਨ ਹਨ, ਪਰ ਹਿੰਦੂ ਕਾਨੂੰਨ ਅਧੀਨ ਸ਼ਾਮਿਲ ਹੋਣਾ ਪਸੰਦ ਕਰਦੇ ਹਨ, ਜਿਥੋਂ ਤੱਕ ਕਿ ਜਾਇਦਾਦ ਦੀ ਵਿਰਾਸਤ ਦਾ ਮਾਮਲਾ ਹੈ।

172. ਤੇ ਤੁਸੀਂ 1923 ਦੇ ਐਕਟ 30 ਹੇਠਾਂ ਹੋ: ਤੁਸੀਂ ਹਿੰਦੂ ਕਾਨੂੰਨ ਅਧੀਨ ਹੋ ?

ਡਾ:ਅੰਬੇਡਕਰ: ਮੈਂ ਨਹੀਂ ਜਾਣਦਾ ਕਿ ਦਲਿਤ ਵਰਗ ਵਿਆਹ ਬਾਰੇ ਕੀ ਸੋਚਦੇ ਹਨ।

173. ਕੀ ਤੁਸੀਂ ਆਪਣੇ ਯਾਦ-ਪੱਤਰ ਵੱਲ ਆਉਗੇ ? ਤੁਸੀਂ ਸਫਾ 39 'ਤੇ ਕਿਹਾ ਹੈ ਅਤੇ ਤੁਸੀਂ ਅੱਜ ਵੀ ਮੇਰੇ ਦੋਸਤ ਸ੍ਰੀਮਾਨ ਕੀਕਾਭਾਈ ਤੇ ਜਵਾਬ ਵਿਚ ਇਸ ਨੂੰ ਦੁਹਰਾਇਆ ਹੈ, "ਕਿਸੇ ਬਰਾਦਰੀ ਦੇ ਸਮਾਜਿਕ ਰੁਤਬੇ ਦਾ ਅਰਥ ਹੈ ਸਮਾਜਿਕ ਸੰਘਰਸ਼ ਵਿਚ ਇਸ ਦਾ ਆਪਣੇ ਆਪ ਨੂੰ ਸੁਰੱਖਿਅਤ ਕਰਨਾ। ਉਹ ਤਾਕਤ ਬਰਾਦਰੀ ਦੇ ਸਿਖਿਆ-ਬੋਧ ਅਤੇ ਆਰਥਿਕ ਰੁਤਬੇ ਉੱਪਰ ਨਿਰਭਰ ਕਰਦੀ ਹੈ।"

ਡਾ : ਅੰਬੇਡਕਰ: ਠੀਕ ਹੈ।

174. ਇਹ ਇਸ ਅਸੂਲ ਦੀ ਮਾਨਤਾ ਦਾ ਅਨੁਸਰਣ ਕਰਦਾ ਹੈ ਕਿ ਬਰਾਦਰੀ ਦਾ ਰੁਤਬਾ ਜਿਤਨਾ ਛੋਟਾ ਹੋਵੇਗਾ, ਉਸ ਨੂੰ ਦੂਜਿਆਂ ਤੋਂ ਓਨੀ ਹੀ ਵੱਧ ਮੱਤ ਸਬੰਧੀ ਸ੍ਰੇਸ਼ਟਤਾ ਮਿਲੇਗੀ। ਕੀ ਤੁਸੀਂ ਇਸ ਅਖੀਰਲੇ ਫਿਕਰੇ ਨੂੰ ਪਿਛਲੇ ਦੋ ਵਾਕਾਂ ਦੇ ਤਰਕਪੂਰਣ ਨਤੀਜੇ ਦੀ ਭੂਮਿਕਾ ਵਿਚੋਂ ਨਿਕਲਿਆ ਮੰਨਦੇ ਹੋ ?

ਡਾ: ਅੰਬੇਡਕਰ: ਹਾਂ।

175. ਤੁਸੀ ਇਸ ਨੂੰ ਤਰਕਪੂਰਨ ਨਤੀਜਾ ਸਮਝਦੇ ਹੋ।

ਡਾ: ਅਬੇਡਕਰ: ਹਾਂ, ਠੀਕ।

176. ਮੈਂ ਤੁਹਾਡਾ ਧਿਆਨ ਉਸ ਤੱਥ ਵੱਲ ਦਿਵਾਉਣਾ ਚਾਹੁੰਦਾ ਹਾਂ ਜੋ ਤੁਸੀਂ ਕਿਹਾ ਹੈ, "ਸਹੀ ਮਾਤਰਾ ਦੀ ਪ੍ਰਤਿਨਿਧਤਾ ਦੀ ਮੰਗ ਦੇ ਨਾਲ ਨਾਲ ਸਭਾ ਇਹ ਮਹਿਸੂਸ ਕਰਦੀ ਹੈ ਕਿ ਇਸ ਨੂੰ ਦੇਸ਼ ਦੇ ਸੰਵਿਧਾਨ ਦੀਆਂ ਧਾਰਾਵਾਂ ਵਿੱਚ ਸ਼ਾਮਿਲ ਕਰਨ ਦੀ ਮੰਗ ਵੀ ਰੱਖਣੀ ਚਾਹੀਦੀ ਹੈ। ਹੁਣ ਇਨ੍ਹਾਂ ਧਾਰਾਵਾਂ ਵਿਚ ਤੁਸੀਂ ਇਹ ਗੱਲਾਂ ਇਸ ਪ੍ਰਕਾਰ ਦਰਸਾਈਆਂ ਗਈਆਂ ਚਾਹੁੰਦੇ ਹੋ। "ਹਰੇਕ ਦਲਿਤ ਵਰਗ ਕੋਲ ਉਨ੍ਹਾਂ ਵਿਚੋਂ ਹੀ ਇਕ ਵਿਸ਼ੇਸ਼ ਪੁਲਿਸ ਇਨਸਪੈਕਟਰ ਦੀ ਭਰਤੀ ਦਾ ਹੱਕ ਹੋਵੇ।"

ਡਾ: ਅੰਬੇਡਕਰ: ਹਾਂ।

177. ਕੀ ਤੁਸੀਂ ਇਹ ਉਮੀਦ ਕਰਦੇ ਹੋ ਕਿ ਪਾਰਲੀਮੈਂਟ ਦੇ ਐਕਟ ਵਿਚ ਅਜਿਹੀ ਇਕ ਧਾਰਾ ਸ਼ਾਮਿਲ ਕਰਨੀ ਚਾਹੀਦੀ ਹੈ ਕਿ ਭਾਰਤ ਵਿਚ ਦਲਿਤ ਵਰਗ ਆਪਣੇ ਵਿਚੋਂ ਹਰੇਕ ਜ਼ਿਲ੍ਹੇ ਵਿਚ, ਇਕ ਪੁਲਿਸ ਦਾ ਇਨਸਪੈਕਟਰ ਬਣਾਏ ?

ਡਾ:ਅੰਬੇਡਕਰ: ਮੈਨੂੰ ਇਸ ਵਿਚ ਕੋਈ ਹੈਰਾਨਗੀ ਵਾਲੀ ਗੱਲ ਨਹੀਂ ਦਿਸਦੀ।

178 ਮੰਨ ਲਉ ਕਿ ਇਸ ਲਈ ਕੋਈ ਪ੍ਰਬੰਧ ਹੋਵੇ ਜੋ ਸਾਰੀਆਂ ਬਰਾਦਰੀਆਂ ਨਾਲ ਸੰਬੰਧਿਤ ਹੋਵੇ(ਕਿਉਂਕਿ ਜੇਕਰ ਤੁਸੀਂ ਕੁਝ ਸੰਵਿਧਾਨਕ ਗਰੰਟੀਆਂ ਹਾਸਿਲ ਕਰਦੇ ਹੋ ਇਸ ਦਾ ਹੱਕ ਜ਼ਰੂਰਤ ਅਨੁਸਾਰ ਦੂਜੀਆਂ ਬਰਾਦਰੀਆਂ ਕੋਲ ਬਰਾਬਰ ਦਾ ਹੁੰਦਾ ਹੈ) ਤਾਂ ਤੁਸੀਂ ਸਾਰੇ ਸਰਕਾਰੀ ਪਦਾਂ ਦੀ ਵੰਡ ਕਰ ਦਿਉ ਅਤੇ ਦੂਸਰੀਆਂ ਸਾਰੀਆਂ ਚੀਜ਼ਾਂ ਨੂੰ ਅਲੱਗ ਬਰਾਦਰੀਆਂ ਵਿਚ ਵੰਡ ਦਿਉ ਅਤੇ ਇਹ ਉਹ ਸੰਵਿਧਾਨ ਹੈ ਜੋ ਤੁਸੀਂ ਭਾਰਤ ਵਾਸਤੇ ਅਗਾਊਂ ਹੀ ਵੇਖਣਾ ਚਾਹੁੰਦੇ ਹੋ।"

ਡਾ: ਅੰਬੇਡਕਰ : ਮੈਂ ਇਹ ਤਾਂ ਨਹੀਂ ਜਾਣਦਾ ।ਮੈਂ ਤਾਂ ਸਿਰਫ ਦਲਿਤ ਵਰਗਾਂ ਵਾਸਤੇ ਬੋਲ ਰਿਹਾ ਹਾਂ। ਕੀ ਮੈਂ ਇਕ ਗੱਲ ਸਾਫ ਕਰ ਦੇਵਾਂ ?

179 . ਕੀ ਮੈਂ ਆਪਣਾ ਵਾਕ ਪੂਰਾ ਕਰ ਲਵਾਂ ? ਇਹ ਇਕ ਅਚਨਚੇਤ ਉਠੀ ਚੀਜ਼ ਹੈ ਜੋ ਤੁਹਾਡੇ ਦਿਮਾਗ ਵਿੱਚ ਕੋਈ ਤੌਖਲਾ ਪੈਦਾ ਨਹੀਂ ਕਰਦੀ ?

ਡਾ: ਅੰਬੇਡਕਰ: ਇਸ ਤੋਂ ਪਹਿਲਾਂ ਕਿ ਤੁਸੀਂ ਅੱਗੇ ਤੁਰੋ, ਮੈਂ ਤੁਹਾਨੂੰ ਦਸ ਦੇਂਦਾ ਹਾਂ ਕਿ ਸਾਨੂੰ ਇਸ ਸ਼ਬਦ "ਅਲਪ - ਸੰਖਿਅਕਾਂ" ਨੂੰ ਵਰਤਣ ਵਿੱਚ ਬਹੁਤ ਸਾਵਧਾਨ ਹੋਣਾ ਚਾਹੀਦਾ ਹੈ ।ਮੇਰੇ ਵਿਚਾਰ ਵਿੱਚ ਇਹੋ ਨਹੀਂ ਕਿ ਇਕ ਬਰਾਦਰੀ ਘੱਟ ਗਿਣਤੀਆਂ ਦੀ ਹੁੰਦੀ ਹੈ, ਕੇਵਲ ਇਸ ਲਈ ਕਿ ਉਹ ਰਾਜਨੀਤਿਕ ਉਦੇਸ਼ਾਂ ਵਾਸਤੇ ਇਕ ਅਲਪ ਸੰਖਿਅਕ" ਹੁੰਦੀ ਹੈ ।ਇਕ ਅਲਪ-ਸੰਖਿਅਕ(ਕੌਮ), ਜਿਸ ਨੂੰ ਕਿ ਲਤਾੜਿਆ ਗਿਆ ਹੁੰਦਾ ਹੈ ਜਾਂ ਜਿਸ ਨੂੰ ਅਧਿਕਾਰਾਂ ਤੋਂ ਵੰਚਿਤ ਰੱਖਿਆ ਜਾਂਦਾ ਹੈ ਜਾਂ ਬਹੁ-ਗਿਣਤੀ ਵੀ ਇਕ ਅਲਪ-ਸੰਖਿਅਕ (ਕੌਮ) ਬਣ ਜਾਏਗੀ ਜੋ ਕਿ ਰਾਜਨੀਤਕ ਉਦੇਸ਼ਾਂ ਦੇ ਲਿਹਾਜ਼ ਨਾਲ ਸਹੀ ਹੋਵੇ।

180. ਜਿੱਥੇ ਕਿਤੇ ਵੀ ਦੂਜਿਆਂ ਦੇਸ਼ਾਂ ਵਿੱਚ ਇਹ ਅਲਪ-ਸੰਖਿਅਕ (ਕੌਮਾਂ) ਹਨ, ਉੱਥੇ ਇਹ ਵਿਵਸਥਾ ਕੀਤੀ ਜਾਂਦੀ ਹੈ ਜਿਵੇਂ ਉੱਥ ਕਈ ਵਾਰ ਇਕ ਮੰਤਰੀ ਹੁੰਦਾ ਹੈ ਅਲਪ-ਸੰਖਿਅਕਾਂ ਦੀ ਸੁਰੱਖਿਆ ਵਾਸਤੇ। ਕੀ ਤੁਸੀਂ ਇਸ ਬਾਰੇ ਸੋਚਿਆ ਹੈ ?

ਡਾ: ਅੰਬੇਡਕਰ: ਹਾਂ।

181. ਮੰਨ ਲਓ ਅਸੀਂ ਤੁਹਾਨੂੰ ਸੁਰੱਖਿਆ ਦੇ ਦਿੰਦੇ ਹਾਂ-ਸੁਰੱਖਿਆ ਕਿਸੇ ਵੀ ਰੂਪ ਵਿੱਚ ਦਿੱਤੀ ਜਾ ਸਕਦੀ ਹੈ ਅਤੇ ਜੇਕਰ ਮੈਂ ਇਹ ਕਹਾਂ ?

ਡਾ: ਅੰਬੇਡਕਰ: ਵਿਚੋਂ ਟੋਕਣ ਲਈ ਖਿਮਾਂ ਚਾਹਾਂਗਾ। ਮੈਂ ਵੇਖਿਆ ਹੈ ਕਿ ਨਵੇਂ ਸੰਵਿਧਾਨਾਂ, ਜਿਨ੍ਹਾਂ ਨੂੰ ਕਿ ਵੱਖਰੇ ਯੂਰਪੀ ਦੇਸ਼ਾਂ ਦੀ ਸ਼ਾਂਤੀ ਤੋਂ ਬਾਅਦ ਬਣਾਇਆ ਗਿਆ ਹੈ, ਜੋ ਕਿ ਬਹੁਤ ਸਾਰੇ ਸਲਾਵੀ ਦੇਸ਼ਾਂ ਵਿੱਚ ਬਣੇ ਹਨ, ਨੇ ਬਹੁਤ ਵੱਡੇ ਤਰੀਕੇ ਨਾਲ ਇਸ ਅਸੂਲ ਨੂੰ ਅਪਣਾਇਆ ਹੈ ।ਮੈਂ ਇਸ ਵਿਸ਼ੇ ਵੱਲ ਕੁੱਝ ਖਾਸ ਧਿਆਨ ਦਿੱਤਾ ਹੈ ਜੇ ਤੁਸੀਂ ਮੈਨੂੰ ਕਹਿਣ ਦੀ ਆਗਿਆ ਦੇਵੋ।

182. *ਲਾਰਡ ਪਰਨਹੇਮ :* ਤੇ ਇਹ ਕੁੱਝ ਕੀਤਾ ਗਿਆ ?

ਡਾ: ਅੰਬੇਡਕਰ: ਤੇ ਸੰਵਿਧਾਨ ਦਾ ਹਿੱਸਾ ਬਣਾਇਆ ਗਿਆ।

183. ਤੇ ਇਹ ਹਕੀਕਤ ਵਿੱਚ ਵੀ ਇਹ ਕੀਤਾ ਗਿਆ ?

*****

ਡਾ: ਅੰਬੇਡਕਰ: ਹਕੀਕਤ ਵਿੱਚ ਇਹ ਕੀਤਾ ਗਿਆ ਅਤੇ ਦਲੀਲ ਇਹ ਹੈ ਕਿ ਜੇਕਰ ਇਕ ਅਲਪ-ਸੰਖਿਅਕ ਮਹਿਸੂਸ ਕਰੇ ਕਿ ਗਾਰੰਟੀਆਂ ਨੂੰ ਪੂਰਾ ਨਹੀਂ ਕੀਤਾ ਗਿਆ ਤਾ ਇਸ ਨੂੰ ਲੀਗ ਆਫ ਨੈਸ਼ਨਜ਼ ਨੂੰ ਅਪੀਲ ਕਰਨ ਦਾ ਅਧਿਕਾਰ ਹੈ ।

186. ਮੈਂ ਸਿਧਾਂਤ ਨਾਲ ਲੜਾਈ ਨਹੀਂ ਕਰ ਰਿਹਾ।

ਡਾ :ਅੰਬੇਡਕਰ: ਤੇ ਮੈਂ ਇਹ ਕਹਿ ਸਕਦਾ ਹਾਂ ਕਿ ਮੈਂ ਰੂਪ ਬਾਰੇ ਵੀ ਕੋਈ ਬਹੁਤ ਪੱਕਾ ਮੱਤ ਨਹੀਂ ਰਖਦਾ।

187. ਜੇਕਰ ਉਸ ਯੋਜਨਾ, ਜਿਸ ਨੂੰ ਤੁਸੀਂ ਉਲੀਕਿਆ ਹੈ, ਦੀਆਂ ਬਾਰੀਕੀਆਂ ਇਸ ਦੇਸ਼ ਦੇ ਸੰਵਿਧਾਨ ਵਿੱਚ ਸ਼ਾਮਲ ਕੀਤੀਆਂ ਜਾਣੀਆਂ ਹੁੰਦੀਆਂ ਤਾਂ ਕੀ ਇਹ ਜਾਤਾਂ ਦੀ ਸਦੀਵੀ ਲੜਾਈ ਬਣ ਕੇ ਨਹੀਂ ਰਹਿ ਜਾਵੇਗੀ ?

ਡਾ:ਅੰਬੇਡਕਰ: ਇਹ ਹੋ ਸਕਦਾ ਹੈ ਪਰ ਉਹ ਬਹੁ-ਗਿਣਤੀ ਦੇ ਰਵੱਈਏ ਤੇ ਨਿਰਭਰ ਕਰਦਾ ਹੈ।

188. ਇਸ ਲਈ ਤੁਸੀਂ ਇਕ ਸਮਝਦਾਰ ਸਿਆਸਤਦਾਨ ਹੁੰਦਿਆਂ, ਅਜਿਹਾ ਨਹੀਂ ਕਰੋਗੇ ?

ਡਾ : ਅੰਬੇਡਕਰ : ਜੇਕਰ ਤੁਸੀਂ ਮੈਨੂੰ ਇਹ ਕਹਿਣ ਦੀ ਆਗਿਆ ਦੇਵੋ, ਇਹ ਸਾਰੀਆਂ ਚੀਜ਼ਾਂ ,ਚਾਹੇ ਮੈਂ ਉਨ੍ਹਾਂ ਵਾਸਤੇ ਜ਼ੋਰ ਪਾਉਂਦਾ ਹਾਂ, ਮੈਂ ਮੰਨਦਾ ਹਾਂ ਕਿ ਇਹ ਅਲਪਕਾਲੀ ਪ੍ਰਬੰਧ ਹਨ। ਮੈਂ ਸੋਚਦਾ ਹਾਂ ਅਤੇ ਮੈਂ ਚਾਹੁੰਦਾ ਹਾਂ ਅਤੇ ਉਸ ਸਮੇਂ ਜਦੋਂ ਕਿ ਭਾਰਤ ਇਕ ਹੋਵੇਗਾ ਅਤੇ ਮੈਨੂੰ ਵਿਸ਼ਵਾਸ ਹੈ ਕਿ ਇਕ ਸਮਾਂ ਅਜਿਹਾ ਜ਼ਰੂਰ ਆਏਗਾ ਜਦੋਂ, ਉਦਾਹਰਣ ਲਈ, ਇਨ੍ਹਾਂ ਸਾਰੀਆਂ ਗੱਲਾਂ ਦੀ ਜ਼ਰੂਰਤ ਨਹੀਂ ਰਹੇਗੀ। ਪਰ ਉਹ ਸਭ ਕੁੱਝ ਬਹੁ-ਗਿਣਤੀ ਦੇ ਅਲਪ-ਸੰਖਿਅਕਾਂ ਪ੍ਰਤੀ ਰਵੱਈਏ ਤੇ ਨਿਰਭਰ ਕਰਦਾ ਹੈ।

198. ਹੁਣ ਤੁਸੀਂ ਇਕ ਵਿਅਕਤੀ ਦੀ ਗੱਲ ਕੀਤੀ ਹੈ, ਜੋ ਸਮਾਜਿਕ ਬਾਈਕਾਟ ਹੋਣ ਦੇ ਡਰ ਤੋ. ਖਿੜਕੀ ਦੇ ਕੋਲ ਬਾਹਰ ਹੀ ਖੜ੍ਹਾ ਰਿਹਾ। ਇਹ ਕਿਹੜਾ ਜ਼ਿਲ੍ਹਾ ਸੀ ?

ਡਾ: ਅੰਬੇਡਕਰ: ਖਾਂਦੇਸ਼ ਜ਼ਿਲ੍ਹਾ।

199. ਆਮ ਮੈਜਿਸਟ੍ਰੇਟ ਦੀ ਅਦਾਲਤ ?

ਡਾ:ਅੰਬੇਡਕਰ: ਵਜੀਫਾ ਲੈਣ ਵਾਲੇ ਮੈਜਿਸਟ੍ਰੇਟ ਦੀ ਅਦਾਲਤ।

200. ਮੈਜਿਸਟ੍ਰੇਟ ਕਿਸ ਜਾਤ ਦਾ ਸੀ ?

ਸਿੱਖਿਆ ਦਾ ਮਾਮਲਾ ਹੈ। ਮੈਂ ਇਸ ਦੀ ਆਲੋਚਨਾ ਨਹੀਂ ਕਰਦਾ, ਪਰ ਇਥੋਂ ਕੋਈ ਵੀ ਪਰਿਵਰਤਨ ਨਹੀਂ ਹੈ ?

ਡਾ:ਅੰਬੇਡਕਰ: ਨਹੀਂ, ਇਸ ਤਰੀਕੇ ਨਾਲ ਇੱਥੇ ਕੋਈ ਵੀ ਪਰਿਵਰਤਨ ਨਹੀਂ ਹੈ।

215 . ਮੈਂ ਜਾਨਣਾ ਚਾਹੁੰਦਾ ਹਾਂ ਉਹ ਇਹ ਹੈ। ਆਓ ਅਸੀਂ ਇਸ ਸੂਬੇ ਦੀਆਂ ਦੋ ਜਾਂ ਤਿੰਨ ਨਿਸ਼ਚਿਤ ਚੀਜ਼ਾਂ ਲਈਏ। ਪੇਂਡੂ ਜ਼ਿਲ੍ਹਿਆਂ ਵਿਚ, ਜਿਵੇਂ ਤੁਸੀਂ ਦੱਸਿਆ ਹੈ ਕਿ, ਇਕ ਨਿਯਮ ਅਨੁਸਾਰ ਦਲਿਤ ਵਰਗ, ਭਾਵ ਅਛੂਤ ਵੱਖਰੀ ਜਗ੍ਹਾ ਰਹਿੰਦੇ ਹਨ ਬੇਸ਼ੱਕ ਅਸੀਂ ਇਸ ਨੂੰ ਕਈ ਵਾਰੀ ਦੇਖਿਆ ਹੈ। ਕਈ ਵਾਰ ਉਹ ਇਕ ਪਿੰਡ ਦੇ ਖੂੰਜੇ ਵਿਚ ਹੀ ਰਹਿੰਦੇ ਹਨ। ਜੇਕਰ ਉਹ ਇਕ ਹਿੰਦੂ ਪਿੰਡ ਹੋਵੇ ਅਤੇ ਕਈ ਵਾਰੀ ਵੱਖਰੀ ਬਸਤੀ ਵਿਚ ਰਹਿੰਦੇ ਹਨ। ਹੁਣ ਕੀ ਪਿਛਲੇ ਵੀਹ ਸਾਲਾਂ ਵਿਚ ਇਨ੍ਹਾਂ ਦਾ ਆਮ ਬਰਾਦਰੀਆਂ ਦੇ ਨਾਲ ਰਹਿਣ ਵਿਚ ਕੋਈ ਪਰਿਵਰਤਨ ਹੈ ?

ਡਾ:ਅੰਬੇਡਕਰ: ਕੋਈ ਪਰਿਵਰਤਨ ਨਹੀਂ।

216. ਅਸੀਂ ਪਿਛਲੇ ਦਿਨੀ ਕੁਝ ਪਿੰਡਾਂ ਨੂੰ ਦੇਖਿਆ। ਅਸੀਂ ਸਮਝ ਗਏ ਕਿ ਉਨ੍ਹਾਂ ਵਿਚ ਕੁਝ ਨਦੀ ਵਿਚੋਂ ਪਾਣੀ ਭਰਦੇ ਸਨ, ਪਰ ਮੈਨੂੰ ਆਸ ਹੈ ਅਜਿਹੇ ਪਿੰਡ ਵੀ ਹਨ ਜੋ ਖੂਹਾਂ ਤੇ ਨਿਰਭਰ ਕਰਦੇ ਹਨ ?

ਡਾ:ਅੰਬੇਡਕਰ: ਨਦੀਆਂ ਦੇ ਮਾਮਲੇ ਵਿਚ ਵੀ ਉਹ ਕੇਵਲ ਨਦੀ ਦੇ ਇਕ ਵਿਸ਼ੇਸ਼ ਹਿੱਸੇ ਵਿਚੋਂ ਹੀ ਪਾਣੀ ਲੈ ਸਕਦੇ ਹਨ। ਨਦੀ ਉਤੇ ਇਕ ਹਿੱਸਾ ਉਨ੍ਹਾਂ ਨੂੰ ਸੌਂਪਿਆ ਜਾਂਦਾ ਹੈ।

217. ਇਸ ਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਦਲਿਤ ਵਰਗ ਉਸ ਜਗ੍ਹਾ ਤੋਂ ਪਾਣੀ ਲੈਣਗੇ ਜੋ ਕਿ ਹਿੰਦੂ ਜ਼ਾਤਾਂ ਤੋਂ ਨੀਵਾਂ ਹੋਵੇ ?

ਡਾ :ਅੰਬੇਡਕਰ: ਹਾਂ।

218 ਆਉ ਹੁਣ ਅਸੀਂ ਉਨ੍ਹਾਂ ਪਿੰਡਾਂ ਦਾ ਮਾਮਲਾ ਲਈਏ ਜੋ ਖੂਹਾਂ ਤੇ ਨਿਰਭਰ ਹੁੰਦੇ ਹਨ। ਇਹ ਵੀ ਆਮ ਹੀ ਹੈ।

ਡਾ: ਅੰਬੇਡਕਰ: ਹਾਂ, ਆਮ ਹੈ।

219 . ਮੈਂ ਇਹ ਜਾਣਨ ਲਈ ਬਹੁਤ ਉਤਾਵਲਾ ਹਾਂ ਅਤੇ ਮੈਨੂੰ ਉਮੀਦ ਹੈ ਕਿ ਤੁਸੀਂ ਮੈਨੂੰ ਬਿਨਾਂ ਝਿਜਕ ਦੱਸੋਗੇ ਕਿ ਇਸ ਵਿਚ ਪਿਛਲੇ ਵੀਹ ਸਾਲਾਂ ਵਿਚ ਕੋਈ ਬਿਹਤਰੀ ਹੋਈ ਹੈ ?

ਡਾ:ਅੰਬੇਡਕਰ: ਨਹੀਂ।

220 . ਤੁਹਾਡਾ ਧਿਆਨ ਇਸ ਤੱਥ ਵੱਲ ਦੁਆਇਆ ਜਾਵੇ ਕਿ ਇਸ ਵਿਸ਼ੇ ਤੇ ਕਈ ਮਤੇ ਪਾਸ ਕੀਤੇ ਗਏ ਹਨ ?

ਡਾ:ਅੰਬੇਡਕਰ: ਹਾਂ, ਕੇਵਲ ਮਤੇ।

221 . ਇਹ ਸੁਝਾਇਆ ਜਾਂਦਾ ਹੈ ਕਿ ਅਛੂਤਪੁਣਾ ਕਈ ਵਾਰੀ ਐਨੀ ਦੂਰ ਤੱਕ ਪਹੁੰਚ ਜਾਂਦਾ ਹੈ ਕਿ ਇਕ ਅਛੂਤ ਆਦਮੀ ਨਾਲ ਵਾਸਤਵਿਕ ਛੋਹ (ਜਾਂ ਕਈ ਵਾਰੀ ਉਸ ਦੇ) ਕੇਵਲ ਪਰਛਾਵੇਂ ਨਾਲ ਸਮਾਜਿਕ ਤੌਰ ਤੇ ਉੱਚੀਆਂ ਜਾਤਾਂ ਭਿੱਟ ਜਾਂਦੀਆਂ ਹਨ ?

ਡਾ:ਅੰਬੇਡਕਰ : ਹਾਂ

222 ਕੀ ਇਸ ਵਿਚ ਕੋਈ ਬਿਹਤਰੀ ਹੋਈ ਹੈ ?

ਡਾ:ਅੰਬੇਡਕਰ: ਇਸ ਤਰੀਕੇ ਵਿਚ ਇਕ ਬਹਤਰੀ ਹੋਈ ਹੈ।

223 . ਮੈਨੂੰ ਇਹ ਸੁਣ ਕੇ ਖੁਸ਼ੀ ਹੋਈ। ਵੀਹ ਸਾਲ ਪਹਿਲਾਂ ਇਕ ਉੱਚੀ ਜਾਤ ਦਾ ਹਿੰਦੂ ਜੋ ਇਕ ਅਛੂਤ ਨਾਲ ਨਜ਼ਦੀਕੀ ਛੋਹ ਮਹਿਸੂਸ ਕਰਦਾ ਸੀ, ਸ਼ਾਇਦ ਉਹ ਇਹ ਸੋਚਦਾ ਸੀ ਕਿ ਆਪਣ-ਆਪ ਨੂੰ ਪਵਿੱਤਰ ਕਰਨਾ ਉਸ ਦਾ ਧਾਰਮਿਕ ਫਰਜ਼ ਹੈ ਅੱਜ ਕੱਲ ਇਹ ਇੰਨੀ ਕਰੜਾਈ ਨਾਲ ਨਹੀਂ ਅਪਣਾਇਆ ਜਾਂਦਾ, ਕੀ ਇਹ ਠੀਕ ਹੈ ?

ਡਾ :ਅੰਬੇਡਕਰ: ਹਾਂ

224 . ਫੇਰ ਬੇਸ਼ੱਕ, ਵੀਹ ਸਾਲ ਪਹਿਲਾਂ ਨਾਲ ਤੁਲਨਾ ਕਰਕੇ ਮੈਂ ਕਲਪਨਾ ਕਰਦਾ ਹਾਂ ਕਿ ਕੁਝ ਦਲਿਤ ਵਰਗਾਂ ਦੇ ਮੈਂਬਰ ਅਜਿਹੇ ਹਨ ਜੋ ਕਿ ਹਕੀਕਤ ਵਿਚ ਵਿਵਸਾਇਕ ਪੱਖੋਂ ਕਾਫੀ ਉੱਚੇ ਉੱਠੇ ਹਨ। ਵੀਹ ਸਾਲ ਪਹਿਲਾਂ ਕੀ ਅਜਿਹੇ ਦਲਿਤ ਵਰਗ ਸਨ ਜੋ ਕਿ ਬੰਬਈ ਵਿਚ ਕਚਹਿਰੀ ਵਿਚ ਵਕਾਲਤ ਕਰਦੇ ਸਨ ?

ਡਾ:ਅੰਬੇਡਕਰ: ਨਹੀਂ।

225 . ਹੁਣ ਕਚਿਹਿਰੀ ਵਿਚ ਦਲਿਤ ਵਰਗਾਂ ਦੇ ਕਿੰਨੇ ਮੈਂਬਰ ਵਕਾਲਤ ਕਰਦੇ ਹਨ ?

ਡਾ:ਅੰਬੇਡਕਰ: ਮੈਂ ਹੀ ਇਕੱਲਾ ਆਦਮੀ ਹਾਂ।

226 . ਮੇਰੇ ਵਿਚਾਰ ਵਿਚ ਸਾਨੂੰ ਕੱਲ੍ਹ ਇਹ ਦੱਸਿਆ ਗਿਆ ਸੀ ਕਿ ਸਰਦਾਰਾਂ ਅਤੇ ਇਨਾਮਦਾਰਾਂ ਦੀ ਵੋਟਰ ਸੂਚੀ ਵਿਚ ਦਲਿਤ ਵਰਗਾਂ ਦੇ ਦੋ ਮੈਂਬਰ ਹਨ ?

ਡਾ:ਅੰਬੇਡਕਰ: ਕੇਵਲ ਇਕ ਹੀ ।ਉਸ ਦੀ ਸਥਿਤੀ ਵੱਖਰੀ ਹੈ। ਉਸ ਨੂੰ ਪੜ੍ਹਾਈ ਦੇ ਮੈਦਾਨ ਵਿਚ ਜੌਹਰ ਦਿਖਾਉਣ ਲਈ ਪੇਸ਼ਵਾਵਾਂ ਵੱਲੋਂ ਜਾਗੀਰ ਮਿਲੀ ਸੀ। ਉਸ ਦੀ ਪਦਵੀ ਬ੍ਰਿਟਿਸ਼ ਸਰਕਾਰ ਨੇ ਨਹੀਂ ਦਿੱਤੀ ਸੀ।

227 . ਅਸੀਂ ਵੇਖਦੇ ਹਾਂ ਕਿ ਭਾਰਤ ਵਿਚ ਹੌਲੀ ਹੌਲੀ ਮੋਟਰਾਂ, ਬੱਸਾਂ, ਜੋ ਕਿ ਕਸਬਿਆਂ ਨੂੰ ਪਿੰਡਾਂ ਨਾਲ ਮਿਲਾਉਂਦੀਆਂ ਹਨ, ਸੜਕਾਂ ਤੇ ਆਉਂਦੀਆਂ ਦਿਸਦੀਆਂ ਹਨ,

ਕੀ ਉਹ ਸਰਬਜਨਕ ਵਾਹਨ ਦਲਿਤ ਵਰਗਾਂ ਵਾਸਤੇ ਖੁੱਲ੍ਹੇ ਹਨ ?

ਡਾ ਅੰਬੇਡਕਰ: ਪਿੰਡਾਂ ਵਿਚ ਤਾਂ ਨਹੀਂ। ਬਹੁਤ ਸਾਰੇ ਅਜਿਹੇ ਪਿੰਡ ਹਨ ਜਿਥੇ ਕਿ ਦਲਿਤ ਵਰਗਾਂ ਨੂੰ ਇਨ੍ਹਾਂ ਬੱਸਾਂ ਵਿਚ ਯਾਤਰਾ ਕਰਨ ਦੀ ਆਗਿਆ ਨਹੀਂ ਹੈ।

228 . ਉਨ੍ਹਾਂ ਨੂੰ ਕੌਣ ਰੋਕਦਾ ਹੈ ?

ਡਾ:ਅੰਬੇਡਕਰ: ਚਾਲਕ ਉਨ੍ਹਾਂ ਨੂੰ ਨਹੀਂ ਲੈ ਕੇ ਜਾਂਦਾ।

229 . ਚਾਲਕ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਉਹ ਹਰੇਕ ਜੋ ਉਸ ਨੂੰ ਪੈਸੇ ਦਿੰਦਾ ਹੈ, ਲੈ ਕੇ ਜਾਵੇ। ਉਹ ਉਨ੍ਹਾਂ ਨੂੰ ਕਿਉਂ ਨਹੀਂ ਲੈ ਕੇ ਜਾਂਦਾ ?

ਡਾ:ਅੰਬੇਡਕਰ: ਕਿਉਂਕਿ ਜੇ ਉਹ ਉਨ੍ਹਾਂ ਨੂੰ ਲੈ ਕੇ ਜਾਵੇ ਤਾਂ ਦੂਸਰੇ ਲੋਕ ਉਸ ਦੀ ਬੱਸ ਵਿਚ ਨਹੀਂ ਬੈਠਣਗੇ। ਉਦਾਹਰਣ ਲਈ, ਉਥੇ ਦਾ ਕੋਈ ਵੀ ਨਾਈ ਮੇਰੀ ਹਜ਼ਾਮਤ ਨਹੀਂ ਬਣਾਏਗਾ, ਬੇਸ਼ੱਕ ਮੈਂ ਉਸ ਨੂੰ ਇਕ ਰੁਪਿਆ ਦੇ ਦੇਵਾਂ।

230. *ਰਾਓ ਸਾਹਿਬ ਪਟੇਲ:* ਕਾਨੂੰਨ ਅਨੁਸਾਰ ਚਾਲਕ ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ ਜੇ ਉਹ ਕਿਸੀ ਯਾਤਰੀ ਨੂੰ ਲਿਜਾਣ ਤੋਂ ਮਨ੍ਹਾਂ ਕਰੇ ?

ਡਾ:ਅੰਬੇਡਕਰ: ਇਸ ਤੋਂ ਇਹ ਕਹਿਕੇ ਬਚਿਆ ਜਾ ਸਕਦਾ ਹੈ ਕਿ ਸਾਰੀਆਂ ਸੀਟਾਂ ਰਾਖਵੀਆਂ ਹਨ।

231. ਕੀ ਇਸ ਮਾਮਲੇ ਵਿਚ ਸੁਧਾਰ ਆ ਰਿਹਾ ਹੈ ?

ਡਾ:ਅੰਬੇਡਕਰ: ਹਾਂ, ਉਨ੍ਹਾਂ ਵਿਚ ਬਿਹਤਰੀ ਆ ਰਹੀ ਹੈ। ਪਰ ਫੇਰ ਵੀ ਅਣਗਿਣਤ ਮਾਮਲੇ ਹਨ ਜਿਥੇ ਦਲਿਤ ਵਰਗਾਂ ਨੂੰ ਇਨ੍ਹਾਂ ਬੱਸਾਂ ਵਿਚ ਦਾਖਿਲ ਹੋਣ ਦੀ ਆਗਿਆ ਨਹੀਂ ਦਿੱਤੀ ਜਾਂਦੀ ।

232. ਆਓ, ਅਸੀਂ ਉਨ੍ਹਾਂ ਦਲਿਤ ਵਰਗਾਂ ਨੂੰ ਦੇਖੀਏ ਜੋ ਬੰਬਈ ਦੀਆਂ ਮਿੱਲਾਂ ਵਿਚ ਨੌਕਰੀ ਕਰਦੇ ਹਨ। ਉਨ੍ਹਾਂ ਵਿਚੋਂ ਕੁਝ ਟਰਮਾਂ ਵਿਚ ਜਾਂਦੇ ਹਨ। ਕੀ ਤੁਸੀਂ ਜਾਣਦੇ ਹੋ ਕਿ ਉਨ੍ਹਾਂ ਨੂੰ ਟਰਾਮਾਂ ਵਰਤਣ ਦੀ ਆਗਿਆ ਨਹੀਂ ਹੈ ?

ਡਾ:ਅੰਬੇਡਕਰ: ਦੋ ਸਾਲ ਪਹਿਲਾਂ ਇਕ ਮਾਮਲੇ ਵਿਚ ਇਕ ਭੰਗੀ ਨੂੰ ਟਰਾਮ ਵਿਚ ਚੜ੍ਹਨ ਦੀ ਆਗਿਆ ਨਹੀਂ ਦਿੱਤੀ ਗਈ ਸੀ।

233. ਜਦੋਂ ਤੁਸੀਂ ਦੋ ਸਾਲ ਪਹਿਲਾਂ ਦੇ ਮਾਮਲੇ ਬਾਰੇ ਕਹਿ ਰਹਿ ਹੋ ਤਾਂ ਫਿਰ ਮੈਨੂੰ ਲੱਗਦਾ ਹੈ ਕਿ ਇਹ ਇਕ ਨਿਯਮ ਨਹੀਂ, ਸਗੋਂ ਅਪਵਾਦ ਹੈ ?

ਡਾ:ਅੰਬੇਡਕਰ: ਉਦਾਹਰਣ ਲਈ ਜਦੋਂ ਮੈਂ ਬੀ.ਬੀ. ਐਂਡ ਸੀ.ਆਈ. ਰੇਲਵੇ ਵਿਚ ਯਾਤਰਾ ਕਰਦਾ ਸੀ, ਮੈਂ ਸੈਂਕੜੇ ਮਾਮਲੇ ਦੇਖੇ ਹਨ ਜਿਥੇ ਕਿ ਦੂਜੇ ਯਾਤਰੀ ਦਲਿਤ ਵਰਗਾਂ ਨੂੰ ਡੱਬਿਆਂ ਅੰਦਰ ਆਉਣ ਤੋਂ ਰੋਕਦੇ ਸਨ।

ਸਰ ਹਰੀ ਸਿੰਘ ਗੌੜ: ਉਸ ਭੰਗੀ ਦੇ ਮਾਮਲੇ ਵਿਚ ਜਿਸ ਦੀ ਤੁਸੀਂ ਗੱਲ ਕੀਤੀ ਹੈ,ਕੀ ਤੁਹਾਨੂੰ ਯਕੀਨ ਹੈ ਕਿ ਉਸ ਨੇ ਠੀਕ ਤਰੀਕੇ ਦਾ ਪਹਿਰਾਵਾ ਨਹੀਂ ਪਾਇਆ ਹੋਇਆ ਸੀ ਅਤੇ ਇਸ ਲਈ ਉਸ ਨੂੰ ਟਰਾਮ ਅੰਦਰ ਜਾਣ ਦੀ ਆਗਿਆ ਨਹੀਂ ਦਿੱਤੀ ਗਈ ਸੀ ?

ਡਾ: ਅੰਬੇਡਕਰ: ਮੈਂ ਇਸ ਬਾਰੇ ਨਹੀਂ ਜਾਣਦਾ।

235. ਇਕ ਆਦਮੀ ਦੇ ਟਰ੍ਾਮ ਅੰਦਰ ਜਾਣ ਤੋਂ ਪਹਿਲਾਂ ਉਸ ਤੋਂ ਇਹ ਨਹੀਂ ਪੁੱਛਿਆ ਜਾਂਦਾ ਕਿ ਉਹ ਕਿਹੜੀ ਜਾਤ ਦਾ ਹੈ।ਉਹ ਕੇਵਲ ਉਸ ਤੋਂ ਹੀ ਇਹ ਪੁੱਛਦੇ ਹਨ ਕਿ ਕੀ ਉਸ ਦੇ ਕੋਲ ਕਿਰਾਇਆ ਹੈ ਜਾਂ ਨਹੀਂ ?

ਡਾ:ਅੰਬੇਡਕਰ: ਪਰ ਲੋਕ ਉਸ ਨੂੰ ਆਸਾਨੀ ਨਾਲ ਪਛਾਣ ਲੈਂਦੇ ਹਨ।

236. ਇਹ ਉਸ ਦੇ ਪਹਿਰਾਵੇ ਕਰਕੇ ਹੁੰਦਾ ਹੈ ?

ਡਾ:ਅੰਬੇਡਕਰ: ਪਰ ਜਦੋਂ ਉਸ ਦੇ ਦਲਿਤ ਵਰਗਾਂ ਵਿਚੋਂ ਹੋਣ ਦੀ ਪਛਾਣ ਹੋ ਜਾਵੇ ਤਾਂ ਉਸ ਨਾਲ ਬੁਰਾ ਸਲੂਕ ਕੀਤਾ ਜਾਵੇਗਾ।

237. ਜਾਤ ਦੇ ਪ੍ਰਸ਼ਨ ਤੋਂ ਇਲਾਵਾ ਪਹਿਰਾਵੇ ਦਾ ਵੀ ਪ੍ਰਸ਼ਨ ਹੁੰਦਾ ਹੈ ?

ਡਾ:ਅੰਬੇਡਕਰ: ਹਾਂ,ਪਰ ਦਲਿਤ ਵਰਗਾਂ ਦੇ ਕੁਝ ਮੈਂਬਰਾਂ ਨੇ ਬਹੁਤ ਵਧੀਆ ਕੱਪੜੇ ਪਾਏ ਹੁੰਦੇ ਹਨ।

238. ਪਰ ਬੰਬਈ ਸੂਬੇ ਵਿਚ ਅਜਿਹੀ ਕੋਈ ਗੱਲ ਨਹੀਂ ਕਿ ਇਕ ਦਲਿਤ ਵਰਗ ਦੇ ਮੈਂਬਰ ਦਾ ਪਰਛਾਵਾਂ ਭਿੱਟ ਦੇਂਦਾ ਹੈ।

ਡਾ:ਅੰਬੇਡਕਰ: ਹਾਂ ਅਜਿਹਾ ਕੋਂਕਣ ਦੇ ਕੁੱਝ ਭਾਗਾਂ ਵਿਚ ਅਤੇ ਕਠੀਆਵਾੜ ਵਿਚ ਹੈ।

239. ਇਹ ਘੱਟ ਰਿਹਾ ਹੈ ?

ਡਾ:ਅੰਬੇਡਕਰ: ਹਾਂ।

240. ਅਹਿਮਦਾਬਾਦ ਵਿਚ ਅੰਬਾ ਲਾਲ ਸਰਲਾਲ ਸਕੂਲ ਦੇ ਸਬੰਧ ਵਿਚ -ਕੀ ਉਸ ਦੀ ਭੈਣ ਨੇ ਦਲਿਤ ਵਰਗਾਂ ਵਾਸਤੇ ਸਕੂਲ ਨਹੀਂ ਸ਼ੁਰੂ ਕੀਤਾ ?

ਡਾ:ਅੰਬੇਡਕਰ: ਉਹ ਇਕ ਅਪਵਾਦ ਹੈ।

241. ਕੀ ਦਲਿਤ ਵਰਗਾਂ ਵਾਸਤੇ ਚਲਾਏ ਜਾਣ ਵਾਲੇ ਇਸ ਸਕੂਲ ਨੂੰ ਸਰਬਜਨਕ ਫੰਡ ਵਿਚੋਂ ਨਹੀਂ ਚਲਾਇਆ ਜਾਂਦਾ ?

ਡਾ:ਅੰਬੇਡਕਰ: ਮੈਂ ਇਹ ਨਹੀਂ ਜਾਣਦਾ ।ਪਰ ਮੈਂ ਇਹ ਜਾਣਦਾ ਹਾਂ ਕਿ ਉਹ ਇਸਤਰੀ ਦਲਿਤ ਵਰਗਾਂ ਦੀ ਉੱਨਤੀ ਵਿਚ ਬਹੁਤ ਦਿਲਚਸਪੀ ਲੈ ਰਹੀ ਹਾਂ।

242. *ਸਭਾਪਤੀ:* ਮੇਰੇ ਵਿਚਾਰ ਵਿਚ ਇਹ ਇਕ ਅਪਵਾਦ ਹੈ ?

ਡਾ:ਅੰਬੇਡਕਰ : ਹਾਂ, ਇਹ ਮਾਮਲਾ ਇਕ ਅਪਵਾਦ ਹੈ।

243. *ਡਾ:ਸੁਹਰਾਵਰਦੀ:* ਸਮਾਜਿਕ ਬਾਈਕਾਟਾਂ ਅਤੇ ਤਾਨਾਸ਼ਾਹੀ ਦੀਆਂ ਉਦਾਹਰਣਾਂ ਦੇ ਸਿਲਸਿਲੇ ਵਿਚ ਜੋ ਤੁਸੀਂ ਹੁਣੇ ਕਿਹਾ ਹੈ, ਕੀ ਤੁਸੀਂ ਅਜਿਹਾ ਨਹੀਂ ਸੋਚਦੇ ਕਿ ਆਮ ਚੋਣਾਂ ਵਿਚ ਤੁਹਾਡੀ ਬਰਾਦਰੀ ਦੇ ਮੈਂਬਰਾਂ ਨੂੰ ਚੋਣ-ਹਲਕਿਆਂ ਵਿਚੋਂ ਡਰਾ ਕੇ ਬਾਹਰ ਨਹੀਂ ਕੱਢ ਦਿੱਤਾ ਜਾਵੇਗਾ ?

ਡਾ:ਅੰਬੇਡਕਰ: ਹਾਂ, ਅਜਿਹਾ ਹੋ ਸਕਦਾ ਹੈ।

244. ਇਕ ਹੋਰ ਡਰ ਵੀ ਹੈ ਕਿ ਉੱਚ ਜਾਤ ਦੇ ਹਿੰਦੂ ਆਉਣ ਤੋਂ ਇਨਕਾਰ ਕਰ ਸਕਦੇ ਹਨ ਅਤੇ ਉਨ੍ਹਾਂ ਚੋਣਾਂ ਵਿਚ ਹਿੱਸਾ ਨਾ ਲੈਣ ਜਿਨ੍ਹਾਂ ਵਿੱਚ ਅਛੂਤ ਆਪਣੇ ਵੋਟ ਪਾਉਣ ਜਾਣਗੇ ?

ਡਾ:ਅੰਬੇਡਕਰ: ਉਹ ਅਜਿਹਾ ਕਰ ਸਕਦੇ ਹਨ। ਇਹ ਕਹਿਣਾ ਬਹਤੁ ਮੁਸ਼ਕਿਲ ਹੈ ਕਿ ਕੀ ਹੋਵੇਗਾ। ਸਾਡੇ ਕੋਲ ਉਦਾਹਰਣ ਲਈ ਮਾਮਲ ਹਨ, ਜਿੱਥੇ ਕਿ ਜ਼ਿਲ੍ਹੇ ਬੋਰਡਾਂ ਦੇ ਉੱਚ ਜਾਤ ਦੇ ਹਿੰਦੂ ਮੈਂਬਰ ਉਸ ਜਗ੍ਹਾ ਨੂੰ ਛੱਡ ਗਏ, ਕਿਉਂਕਿ ਦਲਿਤ ਵਰਗਾਂ ਦੇ ਮੈਂਬਰ ਮੇਜ਼ ਤੇ ਬੈਠਣ ਲਈ ਅਧਿਕਾਰ ਜਮਾਉਣ ਲੱਗੇ।

245. ਇੰਨ੍ਹਾਂ ਮਾਮਲਿਆਂ ਦੀ ਸਥਿੱਤੀ ਨੂੰ ਦੇਖਦਿਆਂ , ਕੀ ਤੁਸੀਂ ਨਹੀਂ ਸੋਚਦੇ ਕਿ ਇਹ ਤੁਹਾਡੇ ਵਾਸਤੇ ਜ਼ਿਆਦਾ ਠੀਕ ਹੋਵੇਗਾ ਕਿ ਤੁਹਾਡੀਆਂ ਚੋਣਾਂ ਅਲੱਗ ਕਾਰਵਾਈਆਂ ਜਾਣ, ਕਿਉਂਕਿ ਵਿਵਹਾਰਕ ਰੂਪ ਵਿਚ ਇਸ ਦਾ ਮਤਲਬ ਵੱਖਰੀ ਚੋਣ ਹੀ ਹੋਵੇਗਾ ਚਾਹੇ ਤੁਸੀਂ ਆਪ ਚੋਣਾਂ ਵਿਚ ਆਪਣੀਆਂ ਸੀਟਾਂ ਰਾਖਵੀਆਂ ਹੀ ਕਰ ਦੇਵੋ ?

ਡਾ:ਅੰਬੇਡਕਰ: ਹਾਂ,

246 . *ਰਾਓ ਬਹਾਦੁਰ ਰਾਜਾ:* ਮੇਰੇ ਦੋਸਤ ਸਰ ਹਰੀ ਸਿੰਘ ਗੌੜ ਦੇ ਪੁੱਛੇ ਪ੍ਰਸ਼ਨ ਦੇ ਸਬੰਧ ਵਿਚ, ਜਿਸ ਦਾ ਸਬੰਧ ਦਲਿਤ ਵਰਗਾਂ ਦੇ ਪਹਿਰਾਵੇ ਨਾਲ ਸੀ, ਕੀ ਨਾਈ ਨੇ ਤੁਹਾਡੀ ਹਜ਼ਾਮਤ ਬਣਾਉਣ ਤੋਂ ਇਸ ਲਈ ਤਾਂ ਨਾਂਹ ਨਹੀਂ ਸੀ ਕੀਤੀ ਕਿ ਤੁਸੀਂ ਵਧੀਆ ਕੱਪੜੇ ਨਹੀਂ ਪਾਏ ਸਨ ?

ਡਾ: ਅੰਬੇਡਕਰ: ਨਹੀਂ, ਇੰਸ ਲਈ ਕਿਉਂਕਿ ਮੈਂ ਦਲਿਤ ਵਰਗ ਨਾਲ ਸਬੰਧਿਤ ਹਾਂ।

247. ਤੁਹਾਡੀ ਪੁਸ਼ਾਕ ਦੇ ਕਾਰਨ ਨਹੀਂ ਜੋ ਤੁਸੀਂ ਪਹਿਨੀ ਹੋਈ ਸੀ ?

ਡਾ: ਅੰਬੇਡਕਰ: ਨਹੀਂ।

248. ਇਕ ਹੋਰ ਪ੍ਰਸ਼ਨ ਜੋ ਕਿ ਕਮੇਟੀ ਦੇ ਇਕ ਹੋਰ ਮੈਂਬਰ ਦੁਆਰਾ ਪੁੱਛਿਆ ਗਿਆ ਸੀ, ਦੇ ਸਬੰਧ ਵਿਚ ਕੀ ਮੈਂ ਪੁੱਛ ਸਕਦਾ ਹਾਂ ਕਿ ਕੀ ਦਲਿਤ ਵਰਗ ਦੇ ਮੈਂਬਰ ਵਾਸਤੇ ਬੱਸ ਦੇ ਮਾਲਿਕ ਦੇ ਖਿਲਾਫ ਮੁਕੱਦਮਾ ਦਾ ਕਰਨਾ ਆਸਾਨ ਹੈ ਜਿਸ ਨੇ ਕਿ ਉਸ ਨੂੰ

ਲਿਜਾਣ ਤੋਂ ਮਨ੍ਹਾਂ ਕੀਤਾ ਸੀ ?

ਡਾ: ਅੰਬੇਡਕਰ: ਇਹ ਮੁਮਕਿਨ ਨਹੀਂ ਹੈ।

249. ਮੈਂ ਸਮਝ ਗਿਆ ਹਾਂ ਕਿ ਤੁਸੀਂ ਦਲਿਤ ਵਰਗਾਂ ਦੀ ਉੱਨਤੀ ਵਿਚ ਬਹੁਤ ਦਿਲਚਸਪੀ ਲੈਂਦੇ ਰਹੇ ਹੋ ।ਆਪਣੇ ਪਰਚਾਰ ਵਿਚ ਉੱਚੀਆਂ ਜਾਤਾਂ ਤੋਂ ਮਿਲੀ ਸਹਾਇਤਾ ਬਾਰੇ ਤੁਹਾਡਾ ਕੀ ਅਨੁਭਵ ਹੈ ? ਕੀ ਉਹ ਤੁਹਾਡੀ ਮੱਦਦ ਇਸ ਲਈ ਕਰਦੇ ਹਨ ਕਿ ਦਲਿਤ ਵਰਗਾਂ ਨੂੰ ਸੁਵੱਛਤਾ, ਸਿਹਤ, ਵਿਦਿਆ ਅਤੇ ਹੋਰ ਅਜਿਹੀਆਂ ਗੱਲਾਂ ਤੋਂ ਜਾਣੂ ਕਰਵਾਇਆ ਜਾਵੇ ?

ਡਾ.ਅੰਬੇਡਕਰ : ਬਦਕਿਸਮਤੀ ਨਾਲ ਇਸ ਮਾਮਲੇ ਵਿਚ ਮੇਰਾ ਤਜਰਬਾ ਬਹੁਤ ਕੜਵਾ ਹੈ ।ਦਲਿਤ ਵਰਗਾਂ ਨੂੰ ਗੰਦੀਆਂ ਆਦਤਾਂ ਦੇ ਕਾਰਨ ਜਥੇਬੰਦੀ ਦੇ ਨਾਕਾਬਿਲ ਹੋਣ ਦਾ ਖ਼ਿਤਾਬ ਦਿੱਤਾ ਗਿਆ ਹੈ । ਇਹ ਉੱਚੇ ਵਰਗਾਂ ਦਾ ਆਰੋਪ ਹੈ।ਅਰਥਾਤ ਉਹ ਮਰੇ ਹੋਏ ਜਾਨਵਰਾਂ ਦਾ ਮਾਸ ਖਾਂਦੇ ਹਨ ਅਤੇ ਉਹ ਸਾਫ਼ ਨਹੀਂ ਹਨ, ਆਦਿ ਆਦਿ । ਇਸ ਸੂਬੇ ਵਿਚ ਪਿਛਲੇ ਦੋ ਸਾਲਾਂ ਵਿਚ ਮੈ ਦਲਿਤ ਵਰਗਾਂ ਲਈ ਸੁਅੱਛ ਜੀਵਨ ਦੀ ਮੁਹਿੰਮ ਸੁਰੂ ਕੀਤੀ ਹੈ ਅਤੇ ਉਨ੍ਹਾਂ ਤੇ ਇਹ ਜ਼ੋਰ ਪਾਇਆ ਕਿ ਉਹ ਆਪਣੀਆਂ ਕੁਝ ਗੰਦੀਆਂ ਆਦਤਾਂ ਤਿਆਗ ਦੇਣ ।ਪਰ ਮੇਰੀ ਬਦਕਿਸਮਤੀ ਸੀ ਕਿ ਪੂਰੀ ਦੀ ਪੂਰੀ ਉੱਚੀ ਮੱਤ ਦੀ ਹਿੰਦੂ ਜਨ-ਸੰਖਿਆ ਮੇਰੇ ਖਿਲਾਫ਼ ਹੋ ਗਈ, ਜਦੋਂ ਕਿ ਅਜਿਹੇ ਮਾਮਲੇ ਵਿਚ ਮੈਨੂੰ ਉਨ੍ਹਾਂ ਕੋਲੋਂ ਸਭ ਤੋਂ ਵੱਧ ਸਹਿਯੋਗ ਦੀ ਆਸ ਸੀ।ਪਰ ਜਦੋਂ ਮੈਂ ਉਨ੍ਹਾਂ ਦੀ ਖਿਲਾਫ਼ਤ ਦੇ ਆਧਾਰ ਦੀ ਛਾਣਬੀਣ ਸੁਰੂ ਕੀਤੀ, ਮੈਂ ਇਹ ਲੱਭਿਆ ਕਿ ਉਹ ਦਲਿਤ ਵਰਗਾਂ ਨੂੰ ਗੰਦੇ ਕੰਮ ਕਰਨ ਲਈ ਮਜਬੂਰ ਕਰਦੇ ਹਨ, ਕਿਉਂਕਿ ਇਨ੍ਹਾਂ ਚੀਜ਼ਾਂ ਨੂੰ ਨਾ ਕਰਨ ਦਾ ਮਤਲਬ ਸੀ ਕਿ ਦਲਿਤ ਵਰਗ ਆਪਣੇ ਸਮਾਜਿਕ ਰੁੱਤਬੇ ਨੂੰ ਉਚਾ ਉਠਾ ਰਹੇ ਸਨ ਅਤੇ ਉਚੇ ਵਰਗਾਂ ਦਾ ਮੁਕਾਬਲਾ ਕਰ ਰਹੇ ਸਨ।ਉਦਾਹਰਣ ਲਈ ਕੋਲਾਬਾ ਅਤੇ ਰਤਨਾਗਿਰੀ ਜ਼ਿਲ੍ਹਿਆਂ ਵਿਚ ਸਾਰੀ ਮਹਾਰੇ ਜਨ-ਸੰਖਿਆ ਨੇ ਮਰੇ ਜਾਨਵਰਾਂ ਦਾ ਮਾਸ ਖਾਣਾ ਛੱਡ ਦਿੱਤਾ ਹੈ, ਪਰ ਜੋ ਜ਼ੁਲਮ ਅਤੇ ਸਮਾਜਿਕ ਦਬਾਉ ਉਨ੍ਹਾਂ ਦੇ ਖਿਲਾਫ਼ ਚੱਖ ਰਿਹਾ ਹੈ, ਉਹ ਦੱਸਣ-ਯੋਗ ਨਹੀਂ ਹੈ।ਉਨ੍ਹਾਂ ਦਾ ਪੂਰਾ ਆਰਥਿਕ ਅਤੇ ਸਮਾਜਿਕ ਬਾਈਕਾਟ ਹੈ ।ਉਨ੍ਹਾਂ ਜ਼ਮੀਨਾਂ ਨੂੰ ਜਿਨ੍ਹਾਂ ਨੂੰ ਕਿ ਉਹ ਪਿਛਲੇ ਕਈ ਸਾਲਾਂ ਤੋਂ ਵਾਹੁੰਦੇ ਆ ਰਹੇ ਸਨ, ਉਨ੍ਹਾਂ ਪਾਸੋਂ ਉਚ ਜਾਤ ਦੇ ਹਿੰਦੂ ਜ਼ਿਮੀਦਾਰਾਂ ਨੇ ਖੋਹ ਲਈਆਂ ਹਨ।ਦਲਿਤ ਵਰਗਾਂ ਨੂੰ ਦਬਾਉਣ ਲਈ ਹਰੇਕ ਕਿਸਮ ਦਾ ਸਮਾਜਿਕ ਅਤੇ ਆਰਥਿਤ ਦਬਾਅ ਪਾਇਆ ਗਿਆ ਤਾਂ ਜੋ ਉਹ ਗੰਦੀਆਂ ਆਦਤਾਂ ਨੂੰ ਦੁਬਾਰਾ ਗ੍ਰਹਿਣ ਕਰਨ ਲਈ ਮਜਬੂਰ ਹੋ ਜਾਣ ।ਉਹ ਅਫ਼ਸਰ, ਜੋ ਸਾਰੇ ਉੱਚ ਜਾਤ ਹਿੰਦੂ ਹਨ, ਦਲਿਤ ਵਰਗਾਂ ਨੂੰ ਕੋਈ ਸੁਰੱਖਿਆ ਨਹੀਂ ਦਿੰਦੇ, ਜਿਨ੍ਹਾਂ ਦੀ ਹਾਲਤ ਸੱਚਮੁੱਚ ਬੜੀ ਤਰਸਯੋਗ ਬਣ ਗਈ ਹੈ ਅਤੇ ਇਹ ਸਭ ਕੁਝ ਇਸ ਲਈ ਹੈ ਕਿਉਂਕਿ ਉਨ੍ਹਾਂ ਨੇ ਆਪਣੀਆਂ ਗੰਦੀਆਂ ਆਦਤਾਂ ਨੂੰ ਛੱਡਣ ਦੀ ਕੋਸ਼ਿਸ਼ ਕੀਤੀ ਹੈ।ਸਹਿਯੋਗ ਲੈਣ ਦੀ ਬਜਾਏ ਮੈਂ ਇਹ ਵੇਖਿਆ ਕਿ ਉੱਚ ਵਰਗਾਂ ਦੇ ਮੈਂਬਰ ਮੇਰੇ ਖਿਲਾਫ਼ ਹਨ ਅਤੇ ਕਹਿੰਦੇ ਹਨ, "ਇਹ ਬੁਰੀਆਂ

ਆਦਤਾਂ ਦਲਿਤ ਵਰਗ ਦੇ ਛੋਟੇਪਨ ਦਾ ਵਿਸ਼ੇਸ਼ ਚਿੰਨ੍ਹ ਹਨ ਅਤੇ ਇਹ ਰਹਿਣੀਆਂ ਚਾਹੀਦੀਆਂ ਹਨ ।"

250. ਕੁਝ ਦਿਨ ਪਹਿਲੋਂ ਅਸੀ ਸੁਣਿਆ ਕਿ ਇਕ ਗਵਾਹ ਨੇ ਕਿਹਾ ਕਿ ਸੁਆਸਥ ਬੋਰਡਾਂ ਵਿਚ ਦਲਿਤ ਵਰਗਾਂ ਦਾ ਇਕ ਵੀ ਮੈਂਬਰ ਨਹੀਂ ਹੈ । ਜੋ ਤੁਸੀਂ ਹੁਣੇ ਉੱਚੀਆਂ ਜਾਤਾਂ ਬਾਰੇ ਕਿਹਾ ਹੈ ਉਹ ਜੇ ਸੱਚ ਹੈ ਤਾਂ ਇਨ੍ਹਾਂ ਬੋਰਡਾਂ ਵਿਚ ਦਲਿਤ ਵਰਗ ਦੇ ਮੈਂਬਰ ਦਾ ਹੋਣਾ, ਜਿਥੋਂ ਤੱਕ ਕਿ ਉਨ੍ਹਾਂ ਦੀ ਸੁਵੱਸਥ-ਸੰਬੰਧੀ ਬਿਹਤਰੀ ਦਾ ਸੰਬੰਧ ਹੈ, ਕਿਥੋਂ ਤੱਕ ਠੀਕ ਹੈ ?

ਡਾ: ਅੰਬੇਡਕਰ : ਮੈਂ ਸੋਚਦਾ ਹਾਂ ਕਿ ਦਲਿਤ ਵਰਗ ਦੇ ਲੋਕਾਂ ਦੀ ਪ੍ਰਤਿਨਿਧਤਾ ਹਰੇਕ ਸਥਾਨਿਕ ਪ੍ਰਬੰਧਕ ਕਮੇਟੀ ਵਿਚ ਹੋਣੀ ਚਾਹੀਦੀ ਹੈ ।

251. ਤੁਸੀਂ ਹੁਣੇ ਹੀ ਸਾਨੂੰ ਦੱਸਿਆ ਹੈ ਕਿ ਇਸ ਸੂਬੇ ਦੀਆਂ ਅਦਾਲਤਾਂ ਵਿਚ ਦਲਿਤ ਵਰਗਾਂ ਦੇ ਗਵਾਹਾਂ ਦੀ ਕੋਈ ਪਹੁੰਚ ਨਹੀਂ ਹੈ । ਮੈਂ ਇਸ ਨੁਕਤੇ ਤੇ ਸਪੱਸ਼ਟ ਹੋਣਾ ਚਾਹੁੰਦਾ ਹਾਂ । ਕੀ ਤੁਹਾਡੇ ਕਹਿਣ ਦਾ ਇਹ ਮਤਲਬ ਹੈ ਕਿ ਦਲਿਤ ਵਰਗ ਦੇ ਮੈਂਬਰਾਂ ਨੂੰ ਕੁਝ ਅਦਾਲਤਾਂ ਵਿਚ ਦਾਖ਼ਿਲ ਨਹੀਂ ਹੋਣ ਦਿੱਤਾ ਜਾਂਦਾ ?

ਡਾ: ਅੰਬੇਡਕਰ: ਹਾਂ ।

252. ਤੇ ਮੈਂ ਸਮਝ ਗਿਆ ਹਾਂ ਕਿ ਤੁਸੀਂ ਕਹਿੰਦੇ ਹੋ ਕਿ ਕਿਸੇ ਹਾਲਤ ਵਿਚ ਦਲਿਤ ਆਦਮੀ ਅਦਾਲਤ ਵਿਚ ਜਾਣ ਦਾ ਹੌਸਲਾ ਨਹੀਂ ਕਰ ਸਕਦਾ । ਕੀ ਅਜਿਹਾ ਹੀ ਹੈ ?

ਡਾ: ਅੰਬੇਡਕਰ : ਗੱਲ ਇਹ ਹੈ ਕਿ ਦਲਿਤ ਵਰਗ ਦੇ ਆਦਮੀ ਨੂੰ ਉੱਚ ਜਾਤ ਦੇ ਲੋਕਾਂ ਦੁਆਰਾ ਇਸ ਤਰ੍ਹਾਂ ਦੇਖਿਆ ਜਾਂਦਾ ਹੈ, ਜਿਵੇਂ ਕਿ ਉਨ੍ਹਾਂ ਦਾ ਜ਼ਿੰਦਗੀ ਵਿਚ ਕੋਈ ਵਿਸ਼ੇਸ਼ ਦਰਜ਼ਾ ਹੋਵੇ । ਜਦੋਂ ਉਹ ਅਦਾਲਤ ਵਿਚ ਦਾਖ਼ਿਲ ਹੁੰਦਾ ਹੈ ਤਾਂ ਉਸ ਦਰਜੇ ਤੋਂ ਅਗਾਂਹਾਂ ਟੱਪ ਜਾਂਦਾ ਹੈ ਅਤੇ ਜੇਕਰ ਉਹ ਜ਼ਿੰਦਗੀ ਵਿਚ ਉਸ ਦਰਜੇ ਤੋਂ ਟੱਪ ਜਾਵੇ ਤਾਂ ਉਹ ਉਸ ਨੂੰ ਤੰਗ ਕਰਨਾ ਸ਼ੁਰੂ ਕਰ ਦਿੰਦੇ ਹਨ । ਉਹ ਆਦਮੀ ਜੇਕਰ ਸਮਾਜਿਕ ਸੀਮਾਵਾਂ ਨੂੰ ਪਾਰ ਕਰ ਲਵੇ, ਤਾਂ ਉਹ ਉੱਚ ਜਾਤ ਦੇ ਲੋਕਾਂ ਹੱਥੋਂ ਤੰਗ ਹੁੰਦਾ ਹੈ । ਉਸ ਵਿਸ਼ੇਸ਼ ਮਾਮਲੇ ਵਿਚ ਮੇਰੀ ਸੁਰੱਖਿਆ ਇਕ ਅਸਥਾਈ ਸੁਰੱਖਿਆ ਸੀ ਅਤੇ ਉਹ ਜਾਣਦਾ ਸੀ ਕਿ ਮਾਮਲਾ ਨਿਪਟਣ ਪਿਛੋਂ ਇਹ ਖ਼ਤਮ ਹੋ ਜਾਵੇਗੀ ।

253. ਜੇਕਰ ਤੁਸੀਂ ਉਥੇ ਨਾ ਹੁੰਦੇ ਅਤੇ ਜੇ ਉਸ ਨੇ ਅਦਾਲਤ ਵਿਚ ਜਾਣ ਦੀ ਕੋਸ਼ਿਸ਼ ਕੀਤੀ ਹੁੰਦੀ ਤਾਂ ਉਸ ਦਾ ਕੀ ਸਿੱਟਾ ਨਿਕਲਣਾ ਸੀ ?

ਡਾ: ਅੰਬੇਡਕਰ: ਉਹੀ ਕੁਝ ਜੋ ਮੇਰੇ ਤੇ ਵਾਪਰੀ ਸੀ, ਜਦੋਂ ਮੈਂ ਬੰਬਈ ਦੇ ਇਕ ਮੰਦਿਰ ਵਿਚ ਦਾਖ਼ਿਲ ਹੋਣ ਦੀ ਕੋਸ਼ਿਸ਼ ਕੀਤੀ ।

254. ਡਾਕਟਰੀ ਸਹਾਇਤਾ ਵੱਲ ਆਉਂਦਿਆਂ, ਕੀ ਤੁਸੀਂ ਸਾਨੂੰ ਦਲਿਤ ਵਰਗਾਂ ਨੂੰ/ਮਿਲ ਰਹੀ ਡਾਕਟਰੀ ਸਹਾਇਤਾ ਦੇ ਰੂਪ ਤੋਂ ਜਾਣੂੰ ਕਰਾਉਗੇ ?

ਡਾ: ਅੰਬੇਡਕਰ :ਉਨ੍ਹਾਂ ਨੂੰ ਉਦੋਂ ਤੱਕ ਡਿਸਪੈਂਸਰੀ ਵਿਚ ਦਾਖ਼ਿਲ ਹੋਣ ਦੀ ਆਗਿਆ ਨਹੀਂ ਹੈ, ਜਦੋਂ ਤੱਕ ਮਾਮਲਾ ਬਹੁਤਾ ਨਾਜ਼ੁਕ ਨਾ ਹੋਵੇ । ਜਿਵੇਂ ਕਿ ਉਦਾਹਰਣ ਲਈ ਅੰਦਰ ਨਾ ਆਉਣ ਦੇਣ ਬਾਰੇ ਅਫ਼ਸਰ ਦਾ ਰਵੱਈਆ ਉੱਚ ਅਧਿਕਾਰੀਆਂ ਦੇ ਧਿਆਨ ਵਿਚ ਆਉਣ ਵਾਲਾ ਹੋਵੇ ।ਆਮ ਤੌਰ ਤੇ (ਉਨ੍ਹਾਂ ਨੂੰ) ਦਵਾਈ ਬਾਹਰ ਹੀ ਦਿੱਤੀ ਜਾਂਦੀ ਹੈ ।

255. *ਸਭਾਪਤੀ* : ਮੇਰੇ ਵਿਚਾਰ ਵਿਚ ਤੁਸੀਂ ਮੁਫਸਿਲ ਵਿਚ ਡਿਸਪੈਂਸਰੀਆਂ ਦੀ ਗੱਲ ਕਰ ਰਹੇ ਹੋ ?

ਡਾ: ਅੰਬੇਡਕਰ : ਹਾਂ, ਸਰਕਾਰੀ ਡਿਸਪੈਂਸਰੀਆਂ ।

256. ਉਹ ਬੇਸ਼ੱਕ ਡਾਕਟਰੀ ਪ੍ਰਸ਼ਾਸਨ ਦੇ ਮੰਤਰੀ ਦੇ ਵਿਭਾਗ ਵਿਚ ਹੁੰਦੇ ਹਨ ?

ਡਾ: ਅੰਬੇਡਕਰ: ਹਾਂ ।

257, ਮੇਰੇ ਵਿਚਾਰ ਵਿਚ ਮੰਤਰੀ ਦੇ ਨਿਯਮਾਂ ਮੁਤਾਬਿਕ ਇਹ ਡਿਸਪੈਂਸਰੀਆਂ ਹਰੇਕ ਲਈ ਖੁੱਲ੍ਹੀਆਂ ਹਨ ਜੋ ਵੀ ਉਥੇ ਜਾਂਦਾ ਹੈ ?

ਡਾ: ਅੰਬੇਡਕਰ: ਹਾਂ ।

258. ਪਰ ਤੁਸੀਂ ਕਿਹਾ ਹੈ ਕਿ ਮੁਫਸਿਲ ਵਿਚ ਅਸਲ ਵਿਚ ਇਸ ਤਰ੍ਹਾਂ ਨਹੀਂ ਹੁੰਦਾ ?

ਡਾ: ਅੰਬੇਡਕਰ: ਹਾਂ ।

ਡਾ: ਸੌਲੰਕੀ : ਜੇ ਇਕ ਹਿੰਦੂ ਡਾਕਟਰ ਕੱਟੜ ਵਿਚਾਰਾਂ ਦਾ ਹੈ ਤਾਂ ਦਲਿਤ ਵਰਗਾਂ ਦੇ ਆਦਮੀ ਨੂੰ ਜਾਂਚਣ ਲਈ ਉਹ ਹਮੇਸ਼ਾਂ ਇਤਰਾਜ਼ ਕਰਦਾ ਹੈ। ਗੁਜਰਾਤ ਵਿਚ ਕਈ ਉਦਾਹਰਣਾ ਹਨ ਜਿਥੇ ਕਿ ਅਸਲ ਵਿਚ ਕਈ ਬੰਦੇ ਡਾਕਟਰੀ ਸਹਾਇਤਾ ਦੀ ਥੁੜ੍ਹੋਂ ਮਰ ਗਏ ਹਨ ।ਮੈਂ ਉਨ੍ਹਾਂ ਉਦਾਹਰਣਾਂ ਨੂੰ ਵੀ ਜਾਣਦਾ ਹਾਂ ਜਿਥੇ ਡਾਕਟਰਾਂ ਨੇ ਅਸਲ ਵਿਚ ਰੋਗੀ ਨੂੰ ਛੂਹਣ ਤੋਂ ਵੀ ਇਨਕਾਰ ਕਰ ਦਿੱਤਾ ਜਦੋਂ ਉਹ ਨਮੋਨੀਏ ਨਾਲ ਪੀੜਿਤ ਸਨ। ਡਾਕਟਰ ਮੁਸਲਮਾਨ ਨੂੰ ਥਰਮਾਮੀਟਰ ਦੇ ਦੇਵੇਗਾ ਜਿਸ ਨੂੰ ਕਿ ਥਰਮਾਮੀਟਰ ਫੜਨਾ ਵੀ ਨਹੀਂ ਆਉਂਦਾ ਅਤੇ ਮੁਸਲਮਾਨ ਉਹ ਥਰਮਾਮੀਟਰ ਰੋਗੀ ਨੂੰ ਦੇ ਦੇਵੇਗਾ ।ਇਹ ਇਕ ਤੱਥ ਹੈ ਅਤੇ ਅਜਿਹਾ ਹੋਇਆ ਹੈ ।

259. ਮੇਰੇ ਵਿਚਾਰ ਵਿਚ ਜਿਵੇਂ ਕਿ ਮੈਂ ਪਹਿਲਾਂ ਕਿਹਾ ਹੈ ਅਤੇ ਦੁਬਾਰਾ ਕਹਿ ਸਕਦਾ ਹਾਂ ਕਿ ਅਸਲ ਤਸਵੀਰ ਨੂੰ ਵੇਖਣਾ ਬਹੁਤ ਜ਼ਰੂਰੀ ਹੈ ।ਇਹ ਚੀਜ਼ ਕਦੇ ਕਦਾਈਂ ਵਾਪਰ ਸਕਦੀ ਹੈ ।ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਜੋ ਤੁਸੀਂ ਦੱਸਿਆ ਹੈ ਉਹ ਕਿਸੇ ਡਾਕਟਰ ਦੇ ਇਤਰਾਜ਼ ਦੀ ਇਕ ਅਪਵਾਦਕ ਘਟਨਾ ਹੈ ਜਾਂ ਕੀ ਤੁਹਾਡੇ ਵਿਚਾਰ ਵਿਚ ਇਹ ਰੋਜ਼ਾਨਾ ਦੀਆਂ ਘਟਨਾਵਾਂ ਹਨ ?

ਡਾ: ਸੌਲੰਕੀ : ਡਾਕਟਰ ਜੋ ਕਿ ਕੱਟੜ ਪੰਥੀ ਹਨ, ਅਜਿਹਾ ਕਰਦੇ ਹੀ ਹਨ ।

260. ਇਸ ਗੱਲ ਬਾਰੇ ਮੁਸ਼ਕਿਲ ਇਹ ਹੈ ਕਿ ਡਾਕਟਰ ਦੁਆਰਾ ਕੀਤਾ ਗਿਆ ਇਤਰਾਜ਼ ਉਸ ਦੇ ਆਪਣੇ ਧਾਰਮਿਕ ਵਿਚਾਰਾਂ ਤੇ ਆਧਾਰਿਤ ਹੈ ?

ਡਾ: ਸੋਲੰਕੀ: ਹਾਂ ।

261. *ਰਾਓ ਬਹਾਦੁਰ ਰਾਜਾ :* ਕੀ ਇਹ ਸਚਾਈਆਂ ਸਬੰਧਿਤ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦੀਆਂ ਗਈਆਂ ਹਨ ?

ਡਾ: ਅੰਬੇਡਕਰ: ਹਾਂ।

262. ਉਨ੍ਹਾਂ ਨੇ ਕੀ ਕਾਰਵਾਈ ਕੀਤੀ ?

ਡਾ: ਅੰਬੇਡਕਰ: ਮੰਤਰੀ ਨੇ ਜੋ ਜਵਾਬ ਦਿੱਤਾ ਸੀ, ਉਹ ਇਹ ਸੀ ਕਿ ਸਾਨੂੰ ਪ੍ਰੇਰਣਾ ਤੇ ਨਿਰਭਰ ਕਰਨਾ ਚਾਹੀਦਾ ਹੈ। ਇਹ ਉਹੀ ਸ਼ਬਦ ਸੀ ਜੋ ਉਸ ਨੇ ਵਰਤਿਆ।

ਸਭਾਪਤੀ: ਰਾਓ ਬਹਾਦੁਰ, ਕੀ ਤੁਸੀਂ ਸਾਡੇ ਵਾਸਤੇ ਅਜਿਹਾ ਕਰ ਸਕਦੇ ਹੋ ? ਇਕ ਆਦਮੀ ਇਸ ਦੇ ਵੱਖਰੇ ਪਹਿਲੂਆਂ ਨੂੰ ਸੁਣਦਾ ਹੈ ਅਤੇ ਮੈਂ ਉਨ੍ਹਾਂ ਤੱਥਾਂ ਨੂੰ ਜਾਣਨਾ ਚਾਹੁੰਦਾ ਹਾਂ ਕਿ ਇਸ ਸੂਬੇ ਵਿਚ ਆਮ ਸਰਕਾਰੀ ਸਕੂਲਾਂ ਵਿਚ ਦਲਿਤ ਵਰਗ ਦੇ ਬੱਚਿਆਂ ਦੀ ਕੀ ਹਾਲਤ ਹੈ ? ਕੀ ਤੁਸੀਂ ਮੇਰੀ ਖਾਤਰ ਗਵਾਹ ਨੂੰ ਇਸ ਬਾਰੇ ਪੁੱਛੋਗੇ ?

263. *ਰਾਓ ਬਹਾਦੁਰ ਰਾਜਾ:* ਕੀ ਤੁਸੀਂ ਮਿਹਰਬਾਨੀ ਕਰਕੇ ਸਾਨੂੰ ਦਲਿਤ ਵਰਗਾਂ ਦੇ ਬੱਚਿਆਂ ਪ੍ਰਤੀ ਸਕੂਲ ਦੇ ਮਾਸਟਰਾਂ ਦਾ ਜਾਂ ਸਿਖਲਾਈ ਵਿਭਾਗ ਦਾ ਜਾਂ ਸਕੂਲ ਦੇ ਪ੍ਰਬੰਧਕਾਂ ਦਾ ਰਵੱਈਆ ਦੱਸ ਸਦਕੇ ਹੋ ?

ਡਾ: ਅੰਬੇਡਕਰ: ਡਾ: ਪਰਾਂਜਪਈ, ਜਦੋਂ ਇਸ ਸੂਬੇ ਵਿਚ ਵਿਦਿਆ ਮੰਤਰੀ ਸੀ, ਦੁਆਰਾ ਜਾਰੀ ਕੀਤੀ ਇਕ ਗਸ਼ਤੀ ਚਿੱਠੀ ਵਿਚ ਇਹ ਕਿਹਾ ਗਿਆ ਸੀ ਕਿ ਦਲਿਤ ਵਰਗਾਂ ਦੇ ਬੱਚਿਆਂ ਨੂੰ ਸਾਰੇ ਸਕੂਲਾਂ ਵਿਚ ਦਾਖਿਲ ਕਰਨਾ ਚਾਹੀਦਾ ਹੈ। ਪਰ ਸਾਡਾ ਤਜਰਬਾ ਇਹ ਹੈ ਕਿ ਗਸ਼ਤੀ-ਚਿੱਠੀ ਤੇ ਬਿਲਕੁਲ ਵੀ ਕਾਰਵਾਈ ਨਹੀਂ ਕੀਤੀ ਗਈ। ਇਹ ਸੱਚ ਹੈ ਕਿ ਨਿਰਦੇਸ਼ਿਕ ਸਿਖਿਆ ਵਿਭਾਗ ਦੀ ਰਿਪੋਰਟ ਵਿਚ ਇਹ ਕਿਹਾ ਗਿਆ ਹੈ ਕਿ ਗਸ਼ਤੀ-ਚਿੱਠੀ ਨੂੰ ਅਮਲੀ ਜਾਮਾ ਪੁਆਇਆ ਗਿਆ ਹੈ। ਪਰ ਮੇਰਾ ਵਿਚਾਰ ਇਸ ਤੋਂ ਭਿੰਨ ਹੈ। ਅਜੋਕੇ ਹਾਲਾਤ ਨੂੰ ਵੇਖਦਿਆਂ ਇਹ ਕਥਨ ਠੀਕ ਨਹੀਂ ਹਨ। ਪੂਨਾ ਵਿਚ ਕੇਵਲ ਕੁਝ ਦਿਨ ਪਹਿਲਾਂ ਹੀ ਅਜਿਹੀ ਘਟਨਾ ਵਾਪਰੀ ਹੈ ਕਿ ਦਿਉ ਵਿਚ, ਜਿਥੇ ਕਿ ਦਲਿਤ ਵਰਗਾਂ ਦੇ ਬੱਚਿਆਂ ਨੂੰ ਦਾਖਲੇ ਤੋਂ ਮਨ੍ਹਾਂ ਕਰ ਦਿੱਤਾ ਗਿਆ ਅਤੇ ਜਦੋਂ ਉਨ੍ਹਾਂ ਨੇ ਇਸ ਤੇ ਜ਼ਿਦ ਕੀਤੀ ਤਾਂ ਪਿੰਡ ਨੇ ਦਲਿਤ ਵਰਗਾਂ ਦੇ ਖਿਲਾਫ ਇਸ਼ਤਿਹਾਰੀ ਸਮਾਜਿਕ ਬਾਈਕਾਟ ਕਰ ਦਿੱਤਾ।

264. *ਸਭਾਪਤੀ:* ਯਾਦ-ਪੱਤਰ ਵਿਚ ਉਸ ਰਿਪੋਰਟ ਦਾ ਜ਼ਿਕਰ ਹੈ ?

ਡਾ: ਅੰਬੇਡਕਰ: ਹਾਂ, ਇਹ ਤੱਥਾਂ ਦਾ ਸਹੀ ਵਰਣਨ ਨਹੀ ਹੈ, ਜਿਵੇਂ ਕਿ ਮੈਂ ਕਿਹਾ ਹੈ। ਮੇਰੇ ਵਿਚਾਰ ਇਸ ਤੋਂ ਭਿੰਨ ਹਨ।

265. *ਰਾਓ ਬਹਾਦੁਰ ਰਾਜਾ:* ਮੈਨੂੰ ਸ੍ਰੀਮਾਨ ਗਿਰੀਫੱਥ ਪਾਸੋਂ ਇਹ ਸਮਝ ਆ ਗਈ ਹੈ ਕਿ ਉਨ੍ਹਾਂ ਦੇ ਨਜ਼ਰੀਏ ਮੁਤਾਬਿਕ ਦਲਿਤ ਵਰਗਾਂ ਨੂੰ ਪੁਲਿਸ ਵਿਭਾਗ ਵਿਚ ਇਸ ਲਈ ਭਰਤੀ ਨਹੀਂ ਕੀਤੀ ਜਾ ਸਕਦਾ ਕਿਉਂਕਿ ਪੁਲਿਸ ਦੀ ਡਿਊਟੀ ਵਿਚ ਘਰ ਦੀਆਂ ਤਲਾਸ਼ੀਆਂ ਅਤੇ ਘਰੋਂ ਗ੍ਰਿਫਤਾਰੀਆਂ ਕਰਨਾ ਸ਼ਾਮਿਲ ਹਨ। ਸਿਰਫ ਬਹਿਸ ਖ਼ਾਤਰ ਹੀ ਮੰਨ ਲਉ ਕਿ ਇਹ ਸੱਚ ਹੈ ਤਾਂ ਕੀ ਦਲਿਤ ਵਰਗਾਂ ਨੂੰ ਦੂਜੀਆਂ ਅਧੀਨ ਸੇਵਾਵਾਂ ਅਤੇ ਸੂਬਾਈ ਸੇਵਾਵਾਂ ਵਿਚ ਭਰਤੀ ਬਾਰੇ ਵੀ ਇਸ ਨਾਲ ਮਿਲਦਾ-ਜੁਲਦਾ ਇਤਰਾਜ਼ ਹੀ ਹੋਵੇਗਾ ?

ਡਾ: ਅੰਬੇਡਕਰ: ਮੈਂ ਵੇਖਿਆ ਹੈ ਕਿ ਬਹੁਤ ਸਾਰੇ ਇਤਰਾਜ਼ ਉਠੇ ਹਨ।

266. ਤੁਸੀਂ ਸਥਾਨਕ ਵਿਧਾਨਕਾਰੀ ਕੌਂਸਿਲ ਦੇ ਮੈਂਬਰ ਹੋ ?

ਡਾ: ਅੰਬੇਡਕਰ: ਹਾਂ

267. ਜਿਥੋਂ ਤੱਕ ਕਿ ਸਥਾਨਿਕ ਕੌਂਸਿਲ ਦੇ ਉਚੀਆਂ ਜਾਤਾਂ ਦੇ ਮੈਂਬਰਾਂ ਦਾ ਤੁਹਾਡੀ ਬਰਾਦਰੀ ਪ੍ਰਤੀ ਰਵੱਈਏ ਦਾ ਸੰਬੰਧ ਹੈ, ਤੁਹਾਡਾ ਕੀ ਤਜਰਬਾ ਹੈ ?

ਡਾ: ਅੰਬੇਡਕਰ: ਕੋਈ ਵੀ ਇਹ ਨਹੀਂ ਕਹਿ ਸਕਦਾ ਕਿ ਇਹ ਦਲਿਤ ਵਰਗਾਂ ਦੇ ਹਿੱਤ ਵਿਚ ਹੈ।

268. ਸਰਕਾਰ ਦਾ ਤੁਹਾਡੇ ਸੂਬਿਆਂ ਵਿਚ ਤੁਹਾਡੀ ਬਰਾਦਰੀ ਦੇ ਮੈਂਬਰਾਂ ਪ੍ਰਤੀ ਕੀ ਰਵੱਈਆ ਹੈ ?

ਡਾ: ਅੰਬੇਡਕਰ: ਬੜਾ ਹੀ ਉਦਾਸੀਨ।

269. ਮੈਂ ਸੋਚਦਾ ਹਾਂ ਕਿ ਇਸ ਸੂਬੇ ਵਿਚ ਤੁਹਾਡੇ ਕੋਲ ਅਵੈਤਨੀ ਮੈਜਿਸਟ੍ਰੇਟਾਂ ਦੀਆਂ ਅਦਾਲਤਾਂ ਹਨ। ਕੀ ਇਨ੍ਹਾਂ ਬੋਰਡਾਂ ਤੇ ਦਲਿਤ ਵਰਗਾਂ ਦੇ ਕੋਈ ਮੈਂਬਰ ਹਨ ?

ਡਾ: ਅੰਬੇਡਕਰ: ਉਥੇ ਕੋਈ ਨਹੀਂ ਹੈ ਅਤੇ ਅਸੀਂ ਮੈਜਿਸਟ੍ਰੇਟਾਂ ਦੀ ਪਦਵੀ ਤੇ ਕੁਝ ਨੂੰ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਾਂ, ਪਰ ਸਭ ਨਿਰਰਥਕ ਹੈ। ਸ਼ਾਇਦ ਇਹ ਗੱਲ ਕਾਨਫਰੰਸ ਲਈ ਦਿਲਚਸਪੀ ਵਾਲੀ ਹੋਵੇਗੀ, ਜੇ ਮੈਂ ਇਸ ਸੰਬੰਧ ਵਿਚ ਖਾਦੇਸ਼ ਜ਼ਿਲੇ ਦੇ ਕੁਲੈਕਟਰ ਦੁਆਰਾ ਦਲਿਤ ਵਰਗਾਂ ਦੇ ਇਕ ਮੈਂਬਰ ਨੂੰ ਲਿਖੀ ਚਿੱਠੀ ਪੜ੍ਹਾਂ, ਜਦੋਂ ਕਿ ਉਸ ਨੇ ਜੱਜ ਦੀ ਪਦਵੀ ਦੀ ਨੌਕਰੀ ਵਾਸਤੇ ਪ੍ਰਾਰਥਨਾ ਪੱਤਰ ਭੇਜਿਆ ਸੀ। ਇਹ ਚਿੱਠੀ ਉਹਨਾਂ ਕਾਰਨਾਂ ਨੂੰ ਵੀ ਦੱਸਦੀ ਹੈ ਕਿ ਉਸ ਨੂੰ ਉਸ ਥਾਂ ਤੇ ਕਿਉਂ ਨਹੀਂ ਭਰਤੀ ਕੀਤਾ ਜਾ ਸਕਦਾ, ਅਤੇ ਇਹ ਇਸ ਤਰ੍ਹਾਂ ਹੈ।

ਕੁਲੈਕਟਰ ਨੂੰ ਦਲਿਤ ਵਰਗਾਂ ਦੀਆਂ ਅਭਿਲਾਸ਼ਾਵਾਂ ਨਾਲ ਪੂਰੀ ਹਮਦਰਦੀ ਹੈ ਅਤੇ ਸਰਕਾਰੀ ਕੰਮਾਂ ਤੇ ਵੱਖਰੇ ਖੇਤਰਾਂ ਵਿਚ ਸ੍ਰੀਮਾਨ ਪੈਡੇ ਦੇ ਚੰਗੇ ਕੰਮ ਨੂੰ ਮੰਨਣ ਅਤੇ ਪ੍ਰਸ਼ੰਸਾ ਕਰਨ ਵਿਚ ਖੁਸ਼ੀ ਹੁੰਦੀ ਹੈ। ਪਰ ਉਸਦੇ ਵਿਚਾਰ ਵਿਚ ਅਜਿਹਾ ਸਮਾਂ ਅਜੇ

ਨਹੀਂ ਆਇਆ ਜਦੋਂ ਕਿ ਦਲਿਤ ਵਰਗਾਂ ਦੇ ਇਕ ਮੈਂਬਰ ਨੂੰ ਮੈਜਿਸਟ੍ਰੇਟਾਂ ਦੀ ਪਦਵੀ ਦਿਤੀ ਜਾ ਸਕੇ। ਤੇ ਜਦੋਂ ਤੱਕ ਸਰਕਾਰ ਇਸ ਸੂਬੇ ਵਿਚ ਦਲਿਤ ਵਰਗਾਂ ਦੀਆਂ ਅਭਿਲਾਸ਼ਾਵਾਂ ਦੇ ਹਿੱਤ ਵਿਚ ਕੋਈ ਘੋਸ਼ਣਾ ਨਹੀਂ ਕਰਦੀ, ਉਸ ਨੂੰ ਅਜਿਹੀ ਭਰਤੀ ਵਾਸਤੇ ਸਿਫਾਰਸ਼ ਕਰਨ ਦੀ ਅਸਮਰੱਥਾ ਨੂੰ ਬੜੇ ਦੁੱਖ ਨਾਲ ਦੱਸਣਾ ਪੈ ਰਿਹਾ ਹੈ।

ਇਹ ਚਿੱਠੀ 25 ਸਤੰਬਰ1928 ਦੀ ਹੈ।

270. ਮੈਨੂੰ ਯਕੀਨ ਹੈ ਕਿ ਤੁਸੀਂ ਮੇਰੀ ਇਸ ਗੱਲ ਨਾਲ ਸਹਿਮਤ ਹੋਵੋਗੇ ਕਿ ਇਨ੍ਹਾਂ ਸੰਸਥਾਵਾਂ ਵਿਚ ਭਰਤੀਆਂ ਦਾ ਬਰਾਦਰੀਆਂ ਦੀ ਉੱਨਤੀ ਨਾਲ ਕੋਈ ਸੰਬੰਧ ਨਹੀਂ ਹੈ ?

ਡਾ: ਅੰਬੇਡਕਰ: ਕੁਝ ਵੀ ਹੋਵੇ।

271. ਕੇਵਲ ਧਿਆਨਯੋਗ ਗੱਲ ਇਹ ਹੋਣੀ ਚਾਹੀਦੀ ਹੈ ਕਿ ਕੀ ਕੋਈ ਉਮੀਦਵਾਰ ਆਪਣੇ ਫਰਜ਼ਾ ਨੂੰ ਜ਼ਿੰਮੇਵਾਰੀ ਦੀ ਸੂਝ ਨਾਲ ਨਿਭਾ ਸਕਦਾ ਹੈ ?

ਡਾ: ਅੰਬੇਡਕਰ: ਹਾਂ

272. *ਲਾਰਡ ਬਰਨਹੇਮ:* ਮੈਂ ਤੁਹਾਡੇ ਕਹਿਣ ਦਾ ਮਤਲਬ ਸਮਝ ਗਿਆ ਹਾਂ ਕਿ ਦਲਿਤ ਵਰਗਾਂ ਦੇ ਹਿੱਤਾਂ ਦੀ ਰੱਖਿਆ ਦੇ ਸਾਰੇ ਤਰੀਕਿਆਂ ਵਿਚੋਂ, ਤੁਸੀਂ ਧਰਮ-ਆਧਾਰਤ ਮੱਤ-ਅਧਿਕਾਰ ਨੂੰ ਤਰਜੀਹ ਦਿੰਦੇ ਹੋ ?

ਡਾ: ਅੰਬੇਡਕਰ: ਮੈਂ ਸਰੋਂ ਵਿਧਾਨਕਾਰੀ ਕੌਂਸਿਲ ਵਿਚ ਕਾਫੀ ਚੰਗੀ ਪ੍ਰਤਿਨਿਧਤਾ ਬਾਰੇ ਕਹਾਂਗਾ।

273. ਮੈਂ ਤੁਹਾਡੇ ਕਹਿਣ ਦਾ ਮਤਲਬ ਸਮਝ ਗਿਆ ਹਾਂ ਕਿ ਤੁਸੀਂ ਸਰਬ-ਵਿਆਪੀ ਮੱਤ-ਅਧਿਕਾਰ ਦੇ ਹਿੱਤ ਵਿਚ ਹੋ ?

ਡਾ: ਅੰਬੇਡਕਰ: ਹਾਂ

274. ਜੇਕਰ ਤੁਹਾਡੇ ਇਹ (ਅਧਿਕਾਰ) ਨਾ ਮਿਲੇ ਤਾਂ ਤੁਸੀਂ ਵੱਖਰੇ ਚੋਣ-ਹਲਕਿਆਂ ਵੱਲ ਜਾਉਗੇ ? ਮੰਨ ਲਉ ਕਿ ਤੁਹਾਨੂੰ ਦੋਹਾਂ ਵਿਚੋਂ ਕੋਈ ਵੀ ਨਹੀਂ ਮਿਲਦਾ, ਕੀ ਤੁਸੀਂ ਫੇਰ ਵੀ ਨਾਮਜ਼ਦਗੀ ਦੇ ਹੱਕ ਵਿਚ ਹੋ ?

ਡਾ: ਅੰਬੇਡਕਰ: ਨਹੀਂ। ਮੈਂ ਆਪਣੇ ਨੁਮਾਇੰਦੇ ਚੁਣਨ ਉਤੇ ਜ਼ੋਰ ਪਾਵਾਂਗਾ।

275. ਜੇਕਰ ਤੁਸੀਂ ਆਪਣੀਆਂ ਸੁਝਾਈਆਂ ਸ਼ਰਤਾਂ ਦੇ ਮੁਤਾਬਿਕ ਚੋਣਾਂ ਹਾਸਿਲ ਨਹੀਂ ਕਰਦੇ ਤਾਂ ਤੁਸੀਂ ਬਾਲਗ-ਮੱਤ-ਅਧਿਕਾਰ ਨੂੰ ਤਰਜੀਹ ਦੇਵੋਗੇ ?

ਡਾ: ਅੰਬੇਡਕਰ: ਹਾਂ

276. *ਸਭਾਪਤੀ:* ਤੁਸੀਂ ਦਲਿਤ ਵਰਗਾਂ ਦੀ ਪ੍ਰਤਿਨਿਧਤਾ ਨੂੰ ਚੋਣਾਂ ਦੇ ਤਰੀਕੇ ਨਾਲ ਮਹਿਫੂਜ ਰੱਖਣ ਦੇ ਹਿੱਤ ਨੂੰ ਜ਼ੋਰਦਾਰ ਸ਼ਬਦਾਂ ਵਿਚ ਬੋਲ ਚੁੱਕੇ ਹੋ। ਮੰਨ ਲਉ ਕਿ

ਇਹ ਤਰੀਕਾ ਚੋਣ ਦਾ ਹੋਵੇ ਤਾਂ ਕੀ ਤੁਸੀਂ ਸੰਤੁਸ਼ਟ ਹੋ ਕਿ ਇਸ ਦੇ ਨਤੀਜੇ ਵਜੋਂ ਤੁਸੀਂ ਉਨ੍ਹਾਂ ਨੂੰ ਹੀ ਚੁਣੋਗੇ ਜੋ ਕਿ ਅਸਲ ਵਿਚ ਦਲਿਤ-ਵਰਗਾਂ ਵਲੋਂ ਵੰਧੀਆ ਬੁਲਾਰੇ ਹੋਣਗੇ ?

ਡਾ ਅੰਬੇਡਕਰ: ਮੇਰਾ ਅਜਿਹਾ ਵਿਸ਼ਵਾਸ ਹੈ।

277. ਕੀ ਤੁਸੀਂ ਚਿੰਤਾ ਮਹਿਸੂਸ ਨਹੀਂ ਕਰਦੇ ਕਿ ਅਸਲ ਵਿਚ ਦਲਿਤ ਵਰਗਾਂ ਦੇ ਹਿੱਤਾਂ ਦੇ ਖਿਲਾਫ ਜਾਣ ਵਾਲੇ ਪ੍ਰਭਾਵ ਕੰਮ ਕਰਨ ਲੱਗਣਗੇ ?

ਡਾ: ਅੰਬੇਡਕਰ: ਮੈਂ ਇਹ ਮੰਨਦਾ ਹਾਂ ਅਤੇ ਤਾਂ ਹੀ ਤਾਂ ਮੈਂ ਬਾਲਗ-ਮੱਤ-ਅਧਿਕਾਰ ਚਾਹੁੰਦਾ ਹਾਂ।

278. ਤੁਹਾਡੇ ਵਿਚਾਰ ਵਿਚ ਇਹ ਪ੍ਰਭਾਵ ਬਾਲਗ-ਮੱਤ-ਅਧਿਕਾਰ ਨਾਲ ਖ਼ਤਮ ਹੋ ਜਾਣਗੇ ?

ਡਾ: ਅੰਬੇਡਕਰ: ਇਉਂ ਪ੍ਰਤਿ-ਸੰਤੁਲਨ ਹੋ ਜਾਵੇਗਾ।

279. ਮੰਨ ਲਉ ਕਿ ਦਲਿਤ-ਵਰਗਾਂ ਦੇ ਇਕ ਮੈਂਬਰ ਕੋਲ ਲੋੜੀਂਦੀ ਯੋਗਤਾ ਹੈ, ਕੀ ਉਹ ਆਮ ਹਲਕੇ ਵਿਚ ਵੋਟ ਪਾਵੇਗਾ ?

ਡਾ: ਅੰਬੇਡਕਰ: ਉਹ ਪਾਵੇਗਾ।

280. ਤੁਹਾਡੇ ਮਾਮਲੇ ਨੂੰ ਲੈਂਦਿਆਂ-ਤੁਹਾਡੇ ਕੋਲ ਕਿਸੇ ਆਮ ਚੋਣ ਹਲਕੇ ਵਿਚ ਵੋਟ ਪਾਉਣ ਦੀ ਯੋਗਤਾ ਹੈ ?

ਡਾ: ਅੰਬੇਡਕਰ: ਹਾਂ। ਮੈਂ ਯੂਨੀਵਰਸਿਟੀ ਹਲਕੇ ਤੋਂ ਵੋਟ ਪਾਈ ਅਤੇ ਅਜਿਹਾ ਹੀ ਮੇਰੇ ਦੋਸਤ ਨੇ ਕੀਤਾ।

281. ਕਰ ਦੇਣ ਦੇ ਮਾਮਲੇ ਕੀ ਸਥਿੱਤੀ ਹੈ ? ਇਕ ਸੁਝਾਉ ਦਿੱਤਾ ਗਿਆ ਸੀ ਕਿ ਦਲਿਤ ਵਰਗ ਕਰਾਂ ਦੀ ਅਦਾਇਗੀ ਨਹੀਂ ਕਰਦੇ । ਬੇਸ਼ੱਕ ਇਹ ਸਿੱਧ ਕਰਦਾ ਹੈ ਕਿ ਜਿਥੋਂ ਤੱਕ ਸੀਮਾ-ਕਰ ਅਤੇ ਦੂਸਰੇ ਅਪ੍ਰਤੱਖ ਕਰਾਂ ਦਾ ਸੰਬੰਧ ਹੈ ਜੋ ਕਿ ਵਸਤੂਆਂ ਦੀ ਕੀਮਤ ਵਿਚ ਵਾਧਾ ਕਰਦਾ ਹੈ, ਮੈਂ ਮੰਨਦਾ ਹਾਂ ਕਿ ਦਲਿਤ ਵਰਗਾਂ ਨੂੰ ਦੂਜਿਆਂ ਵਾਂਗ ਵਧੀ ਹੋਈ ਕੀਮਤ ਦੀ ਅਦਾਇਗੀ ਕਰਨੀ ਪਵੇਗੀ ?

ਡਾ: ਅੰਬੇਡਕਰ: ਹਾਂ। ਦਲਿਤ ਵਰਗ ਦੇ ਆਦਮੀਆਂ, ਖਾਸ ਤੌਰ ਤੇ ਮਹਾਰ ਬਰਾਦਰੀ ਕੋਲ ਹਮੇਸ਼ਾਂ ਕੁਝ ਭੂਮੀ ਸਾਧਾਰਣ ਭੋਂਦਾਰੀ ਜਾਮਿਆ ਦੀ ਭੋਂਦਾਰੀ ਹੁੰਦੀ ਹੈ ਅਤੇ ਉਹ 'ਜੁੱਦੀ' ਅਦਾਇਗੀ ਕਰਦੇ ਹਨ, ਜੋ ਨਿਰਧਾਰਤ ਦਰਾਂ ਤੇ ਹੁੰਦੀ ਹੈ, ਜਿਵੇਂ ਕਿ ਬਾਕੀ ਕਰਦੇ ਹਨ।

282. ਮੈਂ ਮੰਨਦਾ ਹਾਂ ਕਿ ਬਹੁਤ ਸਾਰੇ ਮਹਾਰ ਪ੍ਰਾਈਵੇਟ ਨੌਕਰੀਆਂ ਕਰਦੇ ਹਨ।

ਡਾ: ਅੰਬੇਡਕਰ: ਹਾਂ, ਪਰ ਬਹੁਤ ਹੀ ਘੱਟ। ਪਰ ਉਹ ਮੋਟੇ ਤੌਰ ਤੇ ਸ਼ਹਿਰਾਂ ਵਿਚ

ਕਾਰਖਾਨਿਆਂ ਵਿਚ ਹੀ ਕੰਮ ਕਰਦੇ ਹਨ।

283. ਉਦਾਹਰਣ ਲਈ, ਇਕ ਯੂਰਪੀ ਪ੍ਰਾਈਵੇਟ ਘਰ ਜਾਂ ਕਲੱਬ ਹੀ ਲਉ, ਕੀ ਉਹ ਮਹਾਰ ਨੂੰ ਨੌਕਰ ਰੱਖਦੇ ਹਨ ?

ਡਾ: ਅੰਬੇਡਕਰ: ਹਾਂ।

284. ਕੀ ਉਹ ਲੋਕ ਇਕ ਆਮ ਹਲਕੇ ਵਿਚ ਵੋਟ ਪਾਉਣ ਦੇ ਯੋਗ ਹਨ ਜਾਂ ਨਹੀਂ ?

ਡਾ: ਅੰਬੇਡਕਰ: ਇਹ ਮੱਤ-ਅਧਿਕਾਰ ਦੇ ਅੰਤਰਾਲ ਤੇ ਨਿਰਭਰ ਕਰਦਾ ਹੈ।

285. ਨਿਯਮ ਅਨੁਸਾਰ ਵੋਟਰਾਂ ਦੀ ਕੋਈ ਯੋਗਤਾ ਨਹੀਂ ਹੁੰਦੀ ?

ਡਾ: ਅੰਬੇਡਕਰ: ਹਾਂ, ਮੌਜੂਦਾ ਹਾਲਾਤ ਵਿਚ।

286. ਸਰਦਾਰ ਮੁਜ਼ੂਮਦਾਰ: ਕੀ ਤੁਹਾਨੂੰ ਇਲਮ ਹੈ ਕਿ ਦਲਿਤ ਵਰਗਾਂ ਦੇ ਸੰਤਾਂ ਦਾ ਸਾਰੇ ਵਰਗਾਂ ਦੁਆਰਾ ਸਤਿਕਾਰ ਕੀਤਾ ਜਾਂਦਾ ਹੈ ਅਤੇ ਉੱਚ-ਜਾਤੀ ਦੇ ਆਦਮੀ ਉਨ੍ਹਾਂ ਸਾਹਮਣੇ ਉਸੇ ਤਰ੍ਹਾਂ ਮੱਥਾ ਟੇਕਦੇ ਹਨ ਜਿਵੇਂ ਕਿ ਉਹ ਉੱਚੇ ਵਰਗਾਂ ਦੇ ਸੰਤਾਂ ਸਾਹਮਣੇ ਟੇਕਦੇ ਹਨ ?

ਡਾ: ਅੰਬੇਡਕਰ: ਜਿਥੋਂ ਤੱਕ ਮੈਨੂੰ ਪਤਾ ਹੈ, ਇਕ ਹੀ ਮਾਮਲੇ ਵਿਚ ਅਜਿਹਾ ਹੈ।

287. ਪਰ ਕੀ ਉਹ ਅਜਿਹਾ ਕਰਦੇ ਹਨ ?

ਡਾ: ਅੰਬੇਡਕਰ: ਹਾਂ, ਜਿਵੇਂ ਉਹ ਮੁਸਲਮਾਨ ਪੀਰਾਂ ਦੇ ਸਬੰਧ 'ਚੂ ਕਰਦੇ ਹਨ।

288. ਕੀ ਤੁਹਾਨੂੰ ਇਲਮ ਹੈ ਕਿ ਅਛੂਤਪੁਣਾ ਵਕਾਰੀ ਪੰਥ ਵਿਚ ਨਹੀਂ ਮੰਨਿਆ ਜਾਂਦਾ ਜਿਵੇਂ ਕਿ ਪੰਧਾਰਪੁਰ ਵਿਚ ਭਗਵਾਨ ਵਿਥੋਬਾ ਦੇ ਭਗਤ।

ਡਾ: ਅੰਬੇਡਕਰ: ਇਹ ਬਿਲਕੁਲ ਸਹੀ ਨਹੀਂ ਹੈ।

289. ਕੀ ਤੁਸੀਂ ਸਹਿਮਤ ਹੋ ਕਿ ਪਿਛਲੇ 25 ਸਾਲਾਂ ਵਿਚ ਦਲਿਤ ਵਰਗਾਂ ਪ੍ਰਤੀ ਵਿਵਹਾਰ ਵਿਚ ਬਹੁਤ ਫ਼ਰਕ ਆਇਆ ਹੈ ? ਪੜ੍ਹੇ-ਲਿਖੇ ਤੇ ਉੱਚੇ ਵਰਗ ਇਸ ਅਛੂਤਪੁਣੇ ਦੀ ਬੁਰਾਈ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਉਨ੍ਹਾਂ ਨਾਲ ਪੂਰੀ ਤਰ੍ਹਾਂ ਖੁੱਲ੍ਹ ਕੇ ਮੇਲ-ਜੋਲ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਦਲਿਤ ਵਰਗਾਂ ਦੀ ਹਾਲਤ ਵਿਚ ਸਹਿਜੇ-ਸਹਿਜੇ ਫ਼ਰਕ ਆ ਰਿਹਾ ਹੈ ਅਤੇ ਆਮ ਪੜ੍ਹੀ-ਲਿਖੀ ਜਨਤਾ ਦੇ ਉਨ੍ਹਾਂ ਪ੍ਰਤੀ ਵਤੀਰੇ ਵਿਚ ਫ਼ਰਕ ਆ ਰਿਹਾ ਹੈ ?

ਡਾ: ਅੰਬੇਡਕਰ: ਹਾਂ, ਅਜਿਹਾ ਹੀ ਹੈ, ਭਾਵੇਂ ਇਹ ਹਮਦਰਦੀ ਕੇਵਲ ਸ਼ਾਬਦਿਕ ਹੈ ਅਤੇ ਬਹੁਤ ਹੀ ਘੱਟ ਕਾਰਜ ਰੂਪ ਵਿਚ ਲਿਆਂਦੀ ਜਾਂਦੀ ਹੈ।

290. ਕੀ ਤੁਹਾਨੂੰ ਇਲਮ ਹੈ ਕਿ ਤਕਰੀਬਨ ਸਾਰੇ ਪਿੰਡਾਂ ਵਿਚ ਦਲਿਤ ਵਰਗ ਦੇ ਲੋਕਾਂ ਨੂੰ ਖੂਹ ਮੁਹੱਈਆ ਕਰਾਏ ਜਾਂਦੇ ਹਨ ਜੋ ਕਿ ਉਨ੍ਹਾਂ ਦੀ ਆਪਣੀ ਵਰਤੋਂ ਵਾਸਤੇ

ਹੁੰਦੇ ਹਨ ?

ਡਾ: ਅੰਬੇਡਕਰ: ਨਹੀਂ।

291. ਕੀ ਅਜਿਹੇ ਖੂਹ ਨਹੀਂ ਹਨ।

ਡਾ: ਅੰਬੇਡਕਰ: ਹਰੇਕ ਪਿੰਡ ਵਿਚ ਨਹੀਂ।

292. ਦਲਿਤ ਵਰਗ ਕਿਹੜੇ ਹਨ ? ਕੀ ਤੁਸੀਂ ਕ੍ਰਿਪਾ ਕਰਕੇ ਜਾਤਾਂ ਦੇ ਨਾਮ ਲਉਗੇ ?

ਡਾ: ਅੰਬੇਡਕਰ: ਇਸ ਦਾ ਪਤਾ ਜਨਗਣਨਾ ਤੋਂ ਲੱਗ ਸਕਦਾ ਹੈ।

293. ਕੀ ਮੰਗ ਅਤੇ ਮਹਾਰ ਜਾਤਾਂ ਵਿਚ ਅੰਤਰਜਾਤੀ-ਵਿਆਹ ਹੁੰਦੇ ਹਨ ?

ਡਾ: ਅੰਬੇਡਕਰ: ਨਹੀਂ, ਹਿੰਦੂ ਜਾਤਾਂ ਨੇ ਆਪਣੇ ਜ਼ਹਿਰ ਨੂੰ ਬਾਕੀਆਂ ਵਿਚ ਵੀ ਫੈਲਾ ਦਿੱਤਾ ਹੈ।

294. ਕੀ ਉਹ ਇਕੱਠੇ ਭੋਜਨ ਕਰਦੇ ਹਨ ?

ਡਾ: ਅੰਬੇਡਕਰ: ਹਾਂ, ਅੱਜ ਕੱਲ ਸੰਗਠਨ ਦੀ ਲਹਿਰ ਚੱਲ ਰਹੀ ਹੇ ਅਤੇ ਅੱਜ ਕੱਲ ਇਕ ਮੰਗ ਅਤੇ ਇਕ ਮਹਾਰ ਵਿਚ ਅੰਤਰਜਾਤੀ-ਵਿਆਹ ਦਾ ਮਾਮਲਾ ਵੀ ਹੋਇਆ ਹੈ।

295. ਕੀ ਮੇਰੇ ਹਲਕੇ ਵਿਚ ਦੋ ਇਨਾਮਦਾਰ ਨਹੀਂ ਹਨ ਜੋ ਕਿ ਦਲਿਤ ਵਰਗਾਂ ਨਾਲ ਸੰਬੰਧਿਤ ਹਨ ?

ਡਾ: ਅੰਬੇਡਕਰ: ਮੈਂ ਨਹੀਂ ਜਾਣਦਾ।

ਡਾ: ਬੀ.ਆਰ. ਅੰਬੇਡਕਰ ਦੁਆਰਾ
ਦਲਿਤ ਵਰਗਾਂ ਤੇ ਭਾਰਤੀ ਮੱਤ ਅਧਿਕਾਰ ਕਮੇਟੀ
(ਲੋਠੀਆਂ ਕਮੇਟੀ) ਨੂੰ
1 ਮਈ 1932 ਨੂੰ ਦਿੱਤਾ ਗਿਆ ਵੇਰਵਾ *

I. ਆਮ

1. ਮੈਂ ਦਲਿਤ ਵਰਗ ਦੇ ਪਦ ਨੂੰ ਕੇਵਲ ਅਛੂਤਾਂ ਤੱਕ ਹੀ ਸੀਮਿਤ ਰੱਖਣ ਲਈ ਸਹਿਮਤ ਹਾਂ। ਮੈਂ ਜਾਣ ਬੁੱਝਕੇ ਅਛੂਤਾਂ ਨੂੰ ਉਨ੍ਹਾਂ ਸਾਰਿਆਂ ਨਾਲੋਂ ਵੱਖਰਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਨ੍ਹਾਂ ਵਿਚ ਉਸੇ ਕਿਸਮ ਦੀ ਚੇਤਨਤਾ ਨਹੀਂ ਜਿਹੋ ਜਿਹੀ ਕਿ ਉਨ੍ਹਾਂ ਸਾਰਿਆਂ ਦੇ ਵੰਡੇ ਆਉਂਦੀ ਹੈ ਜੋ ਉਸ ਸਮਾਜਿਕ ਵਿਤਕਰੇ ਕਾਰਨ ਦੁੱਖ ਸਹਿੰਦੇ ਰਹਿੰਦੇ ਹਨ, ਜਿਹੜੇ ਅਛੂਤਪੁਣੇ ਦੀ ਵਿਵਸਥਾ ਵਿਚ ਜਮਾਂਦਰੂ ਕਾਲ ਤੋਂ ਹੀ ਹੈ ਅਤੇ ਜਿਨ੍ਹਾਂ ਵਿਚ ਅਛੂਤਾਂ ਨੂੰ ਆਪਣੇ ਹਿੱਤਾਂ ਲਈ ਸ਼ੋਸ਼ਣ ਕਰਨ ਦੀ ਸੰਭਾਵਨਾ ਹੈ। ਮੈਂ ਘਸਵੱਟੀ ਨੰ:7 ਅਤੇ 8 ਦੀ ਵਰਤੋਂ ਤੇ ਵੀ ਕੋਈ ਇਤਰਾਜ਼ ਨਹੀਂ ਕੀਤਾ ਜਿਨ੍ਹਾਂ ਦਾ ਜ਼ਿਕਰ ਅਛੂਤ ਵਰਗਾਂ ਦਾ ਪੱਕਾ ਪਤਾ ਕਰਨ ਲਈ ਬਣੀ ਕਮੇਟੀ ਦੀ ਰੀਪੋਰਟ ਵਿਚ ਕੀਤਾ ਗਿਆ ਹੈ। ਪਰ ਜਿਥੋਂ ਤੱਕ ਮੈਨੂੰ ਪਤਾ ਹੈ ਵੱਖਰੇ ਵੱਖਰੇ ਲੋਕ ਉਨ੍ਹਾਂ ਨੂੰ ਵੱਖਰੇ ਵੱਖਰੇ ਢੰਗ ਨਾਲ ਲਾਗੂ ਕਰਨ ਦੀ ਕੋਸ਼ਿਸ਼ ਕਰਦੇ ਹਨ ਜਾਂ ਉਨ੍ਹਾਂ ਦੀ ਵੱਖੋ ਵੱਖਰੀ ਵਿਆਖਿਆ ਕਰਦੇ ਹਨ, ਮੈਂ ਮਹਿਸੂਸ ਕੀਤਾ ਹੈ ਕਿ ਇਸ ਜ਼ਰੂਰੀ ਮਸਲੇ ਤੇ ਆਪਣਾ ਨਜ਼ਰੀਆ ਪੇਸ਼ ਕਰਾਂ।

2. ਪਹਿਲੀ ਗੱਲ ਇਹ ਹੈ ਕਿ ਕੁਝ ਪਾਸਿਆਂ ਤੋਂ ਦਬਾਅ ਪਾਇਆ ਜਾਂਦਾ ਹੈ ਕਿ ਦਲਿਤ ਵਰਗਾਂ ਨੂੰ ਨਿਸਚਿਤ ਰੂਪ ਵਿਚ ਜਾਣਨ ਲਈ ਜੋ ਜਤਨ ਕੀਤੇ ਜਾਂਦੇ ਹਨ ਉਨ੍ਹਾਂ ਵਿਚ ਪੂਰੇ ਭਾਰਤ ਵਿਚ ਇਕਸਾਰਤਾ ਹੋਣੀ ਚਾਹੀਦੀ ਹੈ। ਇਸ ਸਬੰਧ ਵਿਚ ਮੈਂ ਇਹ ਦੱਸਣਾ ਚਾਹਾਂਗਾ ਕਿ ਅਜਿਹੇ ਮਾਮਲੇ ਵਿਚ ਇਹ ਬਹੁਤ ਔਖਾ ਕੰਮ ਹੋਵੇਗਾ ਕਿ ਪੂਰੇ ਭਾਰਤ ਵਿਚ ਹੀ ਇਕਸਾਰ ਜਾਂਚ ਕੀਤੀ ਜਾਵੇ। ਭਾਰਤ ਇਕ ਜਾਤੀ ਦੇਸ਼ ਨਹੀਂ, ਇਹ ਇਕ ਮਹਾਂਦੀਪ ਹੈ। ਵੱਖਰੇ ਵੱਖਰੇ ਸੂਬਿਆਂ ਵਿਚ ਕਾਫੀ ਭਿੰਨਤਾ ਹੈ ਅਤੇ ਉਥੇ ਜਾਤ ਜਾਂ ਭਾਸ਼ਾ ਦਾ ਕੋਈ ਬੰਧਨ ਨਹੀਂ। ਸੰਚਾਰ ਸਾਧਨਾਂ ਦੀ ਅਣਹੋਂਦ ਕਾਰਣ ਹਰੇ ਸੂਬੇ ਨੇ ਆਪਣੀ ਸਮਾਜਿਕ ਜ਼ਿੰਦਗੀ ਦੇ ਤੌਰ-ਤਰੀਕਿਆਂ ਨੂੰ ਆਪਣੇ ਆਪਣੇ ਵਿਸ਼ੇਸ਼ ਢੰਗ ਨਾਲ ਢਾਲ ਲਿਆ ਹੈ। ਅਜਿਹੀ ਹਾਲਤ ਵਿਚ ਅਛੂਤਪੁਣੇ ਸਬੰਧੀ ਇਕਸਾਰਤਾ ਦੀ ਜੋ ਪੱਧਰ ਸਾਰੇ ਭਾਰਤ ਤੇ ਲਾਗੂ ਕੀਤੀ ਜਾਂਦੀ ਹੈ, ਉਹ ਧਿਆਨ-ਯੋਗ ਹੈ। ਉਦਾਹਰਣ ਲਈ (ਉਨ੍ਹਾਂ ਲਈ) ਮੰਦਿਰਾਂ

ਵਿਚ ਦਾਖਲੇ ਦੀ ਮਨਾਹੀ ਹਰ ਥਾਂ ਹੈ। ਐਥੋਂ ਤੱਕ ਕਿ ਖੂਹਾਂ ਤੋਂ ਪਾਣੀ ਭਰਨ ਅਤੇ ਛੋਹ ਨਾਲ ਭਿੱਟਣ ਦੀ ਘਸਵੱਟੀ ਵੀ ਹਰ ਸੂਬੇ ਤੇ ਲਾਗੂ ਹੁੰਦੀ ਹੈ। ਭਾਵੇਂ ਇਸ ਦੀ ਕਰੜਾਈ ਨਾਲ ਵਰਤੋਂ ਹਰ ਸੂਬੇ ਵਿਚ ਨਹੀਂ, ਪਰ 'ਅਛੂਤਪੁਣੇ ਦੀ ਅਜਿਹੀ ਪ੍ਰਣਾਲੀ ਵਿਚ ਪੂਰੀ ਤਰ੍ਹਾਂ ਇਕਸਾਰਤਾ ਦੀ ਕਰੜਾਈ ਨਾਲ ਮੰਗ ਕਰਨਾ, ਜੋ ਕਿ ਸਮਾਜਿਕ ਵਿਵਹਾਰ ਦਾ ਮਾਮਲਾ ਹੈ ਅਤੇ ਹਰੇਕ ਸੂਬੇ ਦੇ ਹਾਲਾਤ ਤੇ ਵਿਅਕਤੀ ਨਾਲ ਬਦਲਦਾ ਹੈ, ਵਾਸਤਵ ਵਿਚ ਸਮੱਸਿਆ ਦਾ ਮੌਜੂ ਉਡਾਉਣਾ ਹੈ। ਸੰਵਿਧਾਨਕ ਕਮਿਸ਼ਨ ਇਸ ਦਲੀਲ ਦੀ ਸੰਭਾਵਨਾ ਤੋਂ ਚੰਗੀ ਤਰ੍ਹਾਂ ਜਾਣੂ ਸੀ ਅਤੇ ਧਿਆਨ ਨਾਲ ਦੇਖਣ ਤੋਂ ਬਾਅਦ ਅਛੂਤਪੁਣੇ ਦੀ ਜਾਂਚ ਕੀ ਘਸਵੱਟੀ ਵਿਚ ਭਿੰਨਤਾ ਦੇ ਅਸੂਲ ਨੂੰ ਮਾਨਤਾ ਦੇ ਕੇ ਇਸ ਨੂੰ ਰੱਦ ਕਰ ਦਿੱਤਾ ਸੀ। ਖੰਡ 2 ਦੇ ਸਫਾ 67 ਤੇ, ਜਿਸ ਵਿਚ ਇਸ ਦੀਆਂ ਸਿਫਾਰਸ਼ਾਂ ਸ਼ਾਮਿਲ ਹਨ, ਇਹ ਕਹਿੰਦਾ ਹੈ ਕਿ ਪ੍ਰਤਿਨਿਧਤਾ ਦੀ ਨਵੀਂ ਪ੍ਰਣਾਲੀ ਦੇ ਉਦੇਸ਼ ਤੈਅ ਹੋਣ ਤੋਂ ਬਾਅਦ ਇਹ ਜ਼ਰੂਰੀ ਹੈ ਕਿ ਇਹ ਮਸਲਾ ਵਿਸ਼ੇਸ਼ ਤੌਰ ਤੇ ਬਣੀ ਸਭਾ (ਜਿਵੇਂ ਕਿ ਪਹਿਲਾਂ ਦੀ ਮੱਤ-ਅਧਿਕਾਰ ਕਮੇਟੀ ਨੂੰ ਨਵੇਂ ਚੋਣ ਨਿਯਮ ਬਣਾਉਣ ਦਾ ਕੰਮ ਸੌਂਪ ਦਿਤਾ ਜਾਵੇ ਤਾਂ ਕਿ ਉਨ੍ਹਾਂ ਉਦੇਸ਼ਾਂ ਨੂੰ ਅਮਲੀ ਜਾਮਾ ਪਹਿਨਾਇਆ ਜਾ ਸਕੇ ਅਤੇ ਅਜਿਹੀ ਸਭਾ ਦੇ ਕਈ ਕੰਮਾਂ ਵਿਚੋਂ ਇਕ ਕੰਮ ਇਹ ਵੀ ਹੋਵੇਗਾ ਕਿ ਹਰੇਕ ਸੂਬੇ ਵਾਸਤੇ 'ਦਲਿਤ ਵਰਗਾਂ' ਦੀ ਇਕ ਪਰਿਭਾਸ਼ਾ ਦੇਵੇ (ਜੋ ਕਿ ਇਕ ਸੂਬੇ ਵਿਚ ਕਈ ਵਾਰੀ ਵੱਖਰੀਆਂ ਹੁੰਦੀਆਂ ਹਨ) ਤਾਂ ਜੋ ਉਨ੍ਹਾਂ ਦੀ ਸੰਖਿਆ ਨਿਰਧਾਰਤ ਕੀਤੀ ਜਾ ਸਕੇ। ਇਕ ਹੋਰ ਨੁਕਤਾ ਜਿਸ ਤੇ ਮੈਂ ਜ਼ੋਰ ਦੇਣਾ ਚਾਹਾਂਗਾ ਇਹ ਹੈ ਕਿ ਸਾਰੇ ਭਾਰਤ ਵਿਚ ਇਕਸਾਰ ਜਾਂਚ ਨੂੰ ਪ੍ਰਯੋਗ ਕਰਨਾ ਤੇ ਜ਼ੋਰ ਦੇਣਾ ਵਿਅਰਥ ਹੈ। ਇਹ ਮੰਨਣਾ ਬੁਨਿਆਦੀ ਗਲਤੀ ਹੈ ਕਿ ਅਛੂਤਪੁਣੇ ਦੀ ਜਾਂਚ ਵਿਚ ਵੱਖਰਾਪਨ ਅਛੂਤਾਂ ਦੀ ਵੱਖਰੀ ਹਾਲਤ ਨੂੰ ਦਰਸਾਉਂਦਾ ਹੈ। ਉਨ੍ਹਾਂ ਦੇ ਮਾਨਸਿਕ ਦ੍ਰਿਸ਼ਟੀਕੋਣ ਦੇ ਸਹੀ ਜਾਂਚਣ ਤੇ ਇਹ ਪਤਾ ਲੱਗ ਸਕੇਗਾ ਕਿ ਚਾਹੇ ਬਹੱਦ ਜਾਂਚ ਦਾ ਢੰਗ ਛੋਹ ਨਾਲ ਭਿੱਟ ਜਾਣਾ ਹੈ ਜਾਂ ਸਾਂਝੇ ਖੂਹ ਦੀ ਵਰਤੋਂ ਤੋਂ ਮਨਾਹੀ ਹੈ ਪਰ ਦੋਹਾਂ ਪਿਛੇ ਵਿਚਾਰਧਾਰਾ ਇਕੋ ਹੀ ਹੈ। ਦੋਵੇਂ ਹੀ ਅੰਦਰਲੀ ਧਾਰਨਾ ਜਿਵੇਂ ਕਿ ਭਿੱਟ, ਨਿੰਦਾ, ਘਿਰਣਾ ਅਤੇ ਨਫਰਤ ਦੀਆਂ ਭਾਵਨਾਵਾਂ ਦੇ ਬਾਹਰਲੇ ਚਿੰਨ੍ਹ ਹਨ। ਇਕ ਹਿੰਦੂ, ਇਕ ਅਛੂਤ ਨੂੰ ਕਿਉਂ ਨਹੀਂ ਛੋਂਹਦਾ ? ਇਕ ਹਿੰਦੂ ਇਕ ਅਛੂਤ ਨੂੰ ਮੰਦਿਰ ਵਿਚ ਦਾਖਿਲ ਹੋਣ ਤੋਂ ਜਾਂ ਪਿੰਡ ਦੇ ਖੂਹ ਦੀ ਵਰਤੋਂ ਤੋਂ ਕਿਉਂ ਰੋਕਦਾ ਹੈ ? ਇਕ ਹਿੰਦੂ ਇਕ ਅਛੂਤ ਨੂੰ ਸਰਾਂ ਵਿਚ ਕਿਉਂ ਨਹੀਂ ਜਾਣ ਦਿੰਦਾ ? ਇਨ੍ਹਾਂ ਸਾਰਿਆਂ ਪ੍ਰਸ਼ਨਾਂ ਦਾ ਜਵਾਬ ਇਕੋ ਹੀ ਹੈ ਅਤੇ ਉਹ ਇਹ ਕਿ ਅਛੂਤ ਗੰਦਾ ਆਦਮੀ ਹੈ ਜੋ ਕਿ ਸਮਾਜਿਕ ਵਰਤੋਂ ਵਿਹਾਰ ਦੇ ਅਯੋਗ ਹੈ। ਫੇਰ ਬ੍ਰਾਹਮਣ ਪੁਜਾਰੀ ਅਛੂਤਾਂ ਦੁਆਰਾ ਆਯੋਜਿਤ ਧਾਰਮਿਕ ਕਿਰਿਆ ਕਰਨ ਵਿਚ

---

* ਭਾਰਤੀ ਮੱਤ-ਅਧਿਕਾਰ ਕਮੇਟੀ ਦੀ ਰੀਪੋਰਟ, ਖੰਡ 1, ਸੰਸਕਰਣ 2, ਸਫਾ 202-2 ਭਾਰਤੀ ਮੱਤ-ਅਧਿਕਾਰ ਕਮੇਟੀ ਦੀ ਸਥਾਪਨਾ, ਗੋਲਮੇਜ਼ ਕਾਨਫਰੰਸ ਦੀ ਮੱਤ-ਅਧਿਕਾਰ ਉੱਪ ਕਮੇਟੀ ਦੀ ਦਸੰਬਰ, 1931 ਵਿਚ ਕੀਤੀ ਗਈ ਸਲਾਹ ਨਾਲ ਹੋਈ ਸੀ। ਉਹ ਕਮੇਟੀ 18 ਮੈਂਬਰਾਂ ਦੀ ਸੀ ਜਿਸ ਵਿਚ ਡਾ: ਅੰਬੇਡਕਰ ਵੀ ਸ਼ਾਮਿਲ ਸਨ। ਲੋਠੀਆਂ ਸੀ.ਐਚ. ਮਾਰਕਇਸ ਜੋ ਕਿ ਪਾਰਲੀਮੈਂਟਰੀ ਅਧੀਨ ਸਕੱਤਰ ਭਾਰਤੀ ਸੀ, ਇਸ ਕਮੇਟੀ ਦਾ ਸਭਾਪਤੀ ਸੀ। *

ਕਿਉਂ ਨਹੀਂ ਸ਼ਾਮਿਲ ਹੁੰਦਾ ? ਨਾਈ ਅਛੂਤ ਦੀ ਸੇਵਾ (ਹਜ਼ਾਮਤ) ਕਿਉਂ ਨਹੀਂ ਕਰਦਾ ? ਇਨ੍ਹਾਂ ਮਾਮਲਿਆਂ ਵਿਚ ਵੀ ਜਵਾਬ ਉਹੀ ਹੈ ਕਿ ਇਹ ਕਰਨਾ ਉਨ੍ਹਾਂ ਦੀ ਸ਼ਾਨ ਦੇ ਖਿਲਾਫ ਹੈ। ਜੇਕਰ ਸਾਰਾ ਮਕਸਦ ਉਨ੍ਹਾਂ ਵਰਗਾਂ ਦੇ ਲੋਕਾਂ ਦੀ ਹੱਦਬੰਦੀ ਕਰਨਾ ਹੈ ਜੋ ਕਿ ਸਮਾਜਿਕ ਤਿਰਸਕਾਰ ਦੇ ਸ਼ਿਕਾਰ ਹੁੰਦੇ ਹਨ ਤਾਂ ਭਾਵੇਂ ਅਸੀਂ ਕੋਈ ਘਸਵੱਟੀ ਪ੍ਰਯੋਗ ਕਰੀਏ, ਬਹੁਤੀ ਮਹੱਤਵ ਨਹੀਂ ਰੱਖਦੀ ਕਿਉਂਕਿ ਜਿਵੇਂ ਮੈਂ ਦੱਸਿਆ ਹੈ ਇਨ੍ਹਾਂ ਵਿਚੋਂ ਹਰ ਜਾਂਚ ਦੂਜੇ ਥਾਂ ਇਹ ਦ੍ਰਿਸ਼ਟੀਕੋਣ ਸਾਹਮਣੇ ਰੱਖਿਆ ਜਾਂਦਾ ਹੈ ਕਿ ਅਛੂਤਾਂ ਨੂੰ ਪੂਰੀ ਤਰ੍ਹਾਂ ਨਿਸ਼ਚਿਤ ਕਰਨ ਲਈ ਛੋਹ ਨਾਲ ਭਿੱਟਣ ਦੇ ਪ੍ਰਯੋਗ ਦੇ ਸ਼ਾਬਦਿਕ ਅਰਥ ਨੂੰ ਹੀ ਮਾਨਤਾ ਦੇਣੀ ਚਾਹੀਦੀ ਹੈ ਨਾ ਕਿ ਸਿਧਾਂਤਕ ਧਾਰਨਾ ਨੂੰ, ਉੱਚ ਜਾਤੀਆਂ ਦਾ ਅਛੂਤਾਂ ਨਾਲ ਮਿਲਦੇ ਜੁਲਦੇ ਸਮਾਜਿਕ ਰਵੱਈਏ ਦਾ ਸੂਚਕ ਹੈ।

3. ਦੂਜੇ ਥਾਂ ਇਹ ਨਜ਼ਰੀਆ ਸਾਹਮਣੇ ਰੱਖਿਆ ਜਾਂਦਾ ਹੈ ਕਿ "ਛੋਹ ਨਾਲ ਭਿੱਟਣ" ਦੀ ਘਸਵੱਟੀ ਦੇ ਪ੍ਰਯੋਗ ਵਿਚ ਅਛੂਤ ਵਰਗਾਂ ਦਾ ਇਸ ਦੀ ਵਾਸਤਵਿਕ ਮਨਸ਼ਾ ਵਿਚ ਸਿੱਟਾ ਰੱਖਣਾ ਚਾਹੀਦਾ ਹੈ ਨਾ ਕਿ ਸਿਧਾਂਤਕ ਮਨਸ਼ਾ ਵਿਚ। ਸ਼ਾਬਦਿਕ ਅਰਥਾਂ ਵਿਚ ਅਛੂਤ ਕੇਵਲ ਉਹੀ ਲੋਕ ਹਨ ਜਿਨ੍ਹਾਂ ਦੀ ਛੋਹ ਭਿੱਟ ਦੇਂਦੀ ਹੈ ਅਤੇ ਇਸ ਲਈ ਇਸ ਤੋਂ ਬਚਿਆ ਜਾਂਦਾ ਹੈ ਜਾਂ ਜੇਕਰ ਬਚਿਆ ਨਾ ਜਾ ਸਕੇ ਤਾਂ ਨੁਹਾ ਕੇ ਸ਼ੁੱਧੀਕਰਣ ਹੋ ਸਕਦਾ ਹੈ। ਸਿਧਾਂਤਕ ਤੌਰ ਤੇ ਇਕ ਅਛੂਤ ਅਜਿਹੇ ਵਰਗ ਨਾਲ ਸੰਬੰਧਿਤ ਵਿਅਕਤੀ ਮੰਨਿਆ ਜਾਂਦਾ ਹੈ ਜੋ ਆਮ ਤੌਰ' ਤੇ ਛੋਹ ਤੋਂ ਨਾਲ ਭਿੱਟ ਦੇਂਦਾ ਹੈ। ਭਾਵੇਂ ਅਜਿਹੇ ਬੰਦੇ ਨਾਲ ਛੋਹ ਤੋਂ ਸਥਾਨਿਕ ਪਰਸਿਥਿਤੀਆਂ ਕਰਕੇ ਬਚਿਆ ਨਹੀਂ ਜਾ ਸਕਦਾ ਜਾਂ ਸੰਸਾਰਕ ਵਜੋਂ ਸ਼ੁੱਧੀਕਰਨ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ। ਜਿਹੜੇ ਸ਼ਾਬਦਿਕ ਪ੍ਰਯੋਗ ਨੂੰ ਲਾਗੂ ਕਰਨਾ ਚਾਹੁੰਦੇ ਹਨ ,ਉਨ੍ਹਾਂ ਅਨੁਸਾਰ ਇਹ ਨਤੀਜਾ ਨਿਕਲੇਗਾ ਕਿ ਜਿਨ੍ਹਾਂ ਨੂੰ ਅਛੂਤ ਕਿਹਾ ਜਾਂਦਾ ਹੈਂ, ਉਨ੍ਹਾਂ ਨੂੰ ਅਛੂਤ ਸਮਝਣਾ ਬੰਦ ਕਰ ਦੇਣਾ ਚਾਹੀਦਾ ਹੈ ਜਿਥੇ ਕਿ ਹਾਲਤ ਇੰਨੇ ਬਦਲ ਗਏ ਹਨ ਕਿ ਲੋਕ ਅਛੂਤ ਦੀ ਛੋਹ ਤੋਂ ਬਚਣ ਦੀ ਕੋਸ਼ਿਸ਼ ਨਹੀਂ ਕਰਦੇ ਜਾਂ ਛੋਹ ਦੀ ਭਿੱਟ, ਜੋ ਕਿ ਉਨ੍ਹਾਂ ਦੀ ਛੋਹ ਰਾਹੀਂ ਪੈਦਾ ਹੋਈ ਹੈ, ਸ਼ੁੱਧੀਕਰਣ ਦੀ ਮੁਸੀਬਤ ਵਿਚ ਨਹੀਂ ਪੈਂਦੇ। ਮੈਂ ਇਸ ਨਜ਼ਰੀਏ ਨੂੰ ਨਹੀਂ ਮੰਨ ਸਕਦਾ, ਜੋ ਕਿ ਮੇਰੇ ਵਿਚਾਰ ਵਿਚ ਇਹ ਇਕ ਗਲਤ ਫਹਿਮੀ ਤੇ ਆਧਾਰਿਤ ਹੈ। ਭਿੰਨ ਭਿੰਨ ਪਰਸਿਥਿਤੀਆਂ ਕਰਕੇ ਇਕ ਵਿਅਕਤੀ ਨੂੰ ਸ਼ਾਬਦਿਕ ਅਰਥਾਂ ਵਿਚ ਅਛੂਤ ਨਹੀਂ ਮੰਨਿਆਂ ਜਾਣਾ ਚਾਹੀਦਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮਜਬੂਰ ਕਰਨ ਵਾਲੀਆਂ ਪਰਸਿਥਿਤੀਆਂ ਦੇ ਦਾਇਰੇ ਤੋਂ ਬਾਹਿਰ ਵੀ ਉਸ ਨੂੰ ਇਕ ਭਿੱਟਿਆ ਬੰਦਾ ਹੀ ਸਮਝਿਆ ਜਾਂਦਾ ਹੈ। ਇਸ ਕਾਰਨ ਕਰਕੇ ਕਿ ਉਹ ਅਛੂਤ ਵਰਗ ਨਾਲ ਸੰਬੰਧਿਤ ਹੈ। ਇਸ ਭਿੰਨਤਾ ਨੂੰ ਬਿਹਾਰ ਅਤੇ ਉੜੀਸਾ ਦੇ ਜਨਗਣਨਾ ਨਿਗਰਾਨਾਂ ਨੇ ਆਪਣੀ 1921 ਦੀ ਜਨਗਣਨਾ ਰਿਪੋਰਟ ਵਿਚ ਬੜੀ ਚੰਗੀ ਤਰ੍ਹਾਂ ਸਪੱਸ਼ਟ ਕੀਤਾ ਹੈਂ, ਜਿਸ ਵਿਚੋਂ ਹੇਠ ਲਿਖਿਆ ਸਾਰਾਂਸ਼ ਹੈ। ਜਾਤਾਂ ਦੇ ਨਿਯਮਾਂ ਵਿਚ ਢਿੱਲ ਦੇ ਕੇ ਬੋਲਦਿਆਂ ਉਸ ਨੇ ਕਿਹਾ, "ਅਜਿਹੇ ਵਾਕਿਆਤ, ਬੇਸ਼ੱਕ ਜੋ ਅਸੀਂ ਕੇਵਲ

ਉਰਪਲੀਆਂ ਅਤੇ ਵਧੇਰੇ ਪੜ੍ਹੀਆਂ ਜਾਤਾਂ ਵਿਚ ਹੀ ਦੇਖੇ ਹਨ, ਜੋ ਕਿ ਉਪਰਲੇ ਦਰਜੇ ਤੇ ਪੁੱਜਣ ਦੀਆਂ ਚਾਹਵਾਨ ਹਨ, ਨੂੰ ਜਾਤ ਪ੍ਰਣਾਲੀ ਦੇ ਪਤਨ ਦਾ ਪੂਰਵ ਸੂਚਕ ਨਹੀਂ ਸਮਝਿਆ ਜਾਣਾ ਚਾਹੀਦਾ, ਪਰੰਤੂ ਆਧੁਨਿਕ ਹਾਲਤਾਂ ਵਿਚ ਆਪਣੇ ਆਪ ਨੂੰ ਅਨੁਕੂਲਨ ਦਾ। ਇਸ ਨੂੰ ਵਿਅਕਤੀਗਤ ਛੋਹ ਜਾਂ ਖਾਣ ਪੀਣ ਦੀਆਂ ਵਸਤਾਂ ਦੀ ਛੋਹ ਦੇ ਮਾਮਲੇ ਵਿਚ ਨਿਯਮਾਂ ਦੀ ਸੋਧ ਕਿਹਾ ਜਾ ਸਕਦਾ ਹੈ। ਜਮਸ਼ੇਦਪੁਰ ਵਰਗੀਆਂ ਥਾਵਾਂ ਤੇ ਜਿਥੇ ਕਿ ਕੰਮ ਆਧੁਨਿਕ ਹਾਲਤਾਂ ਹੇਠਾਂ ਕੀਤਾ ਜਾਂਦਾ ਹੈ, ਸਾਰੀਆਂ ਜਾਤਾਂ ਤੇ ਧਰਮਾਂ ਦੇ ਆਦਮੀ ਆਪਣੇ ਗੁਆਂਢੀ ਦੀ ਜਾਤ ਬਾਰੇ ਕਿਸੇ ਭਰਮ ਤੋਂ ਬਗੈਰ ਮਿੱਲ ਵਿਚ ਨਾਲੋ ਨਾਲ ਕੰਮ ਕਰਦੇ ਹਨ। ਪਰ ਕਿਉਂਕਿ ਰੋਜ਼ਾਨਾ ਜ਼ਿੰਦਗੀ ਦੇ ਤੱਥ ਇਸ ਗੱਲ ਨੂੰ ਨਾ ਮੁਮਕਿਨ ਬਣਾਉਂਦੇ ਹਨ ਕਿ ਉਨ੍ਹਾਂ ਹੀ ਕ੍ਰਿਆਤਮਕ ਨਿਯਮਾਂ ਦੇ ਮਗਰ ਲੱਗਿਆ ਜਾਵੇ ਜੋ ਕਿ ਸੈਂਕੜੇ ਸਾਲ ਪਹਿਲਾਂ ਹੁੰਦੇ ਸਨ। ਇਹ ਨਹੀਂ ਸਮਝਿਆ ਜਾਣਾ ਚਾਹੀਦਾ ਕਿ ਸ਼ੁੱਧ ਅਤੇ ਭਿੱਟ, ਉੱਚ ਜਾਤੀਏ ਅਤੇ ਅਛੂਤ ਵਿਚ ਹੁਣ ਭਿੰਨਤਾ ਨਹੀਂ ਮੰਨੀ ਜਾਂਦੀ। ਇਕ ਉੱਚ-ਜਾਤੀ ਦਾ ਹਿੰਦੂ ਇਕ ਅਛੂਤ ਨੂੰ ਉਸੇ ਸੀਟ ਤੇ ਬੈਠਣ ਦੀ ਆਗਿਆ ਨਹੀਂ ਦੇਵੇਗਾ, ਨਾ ਹੀ ਆਪਣਾ ਹੁੱਕਾ ਪੀਣ ਦੇਵੇਗਾ ਜਾਂ ਆਪਣੇ ਆਪ ਨੂੰ ਛੋਹਣ ਦੇਵੇਗਾ, ਆਪਣੀ ਸੀਟ, ਭੋਜਨ ਜਾਂ ਜੋ ਪਾਣੀ ਉਹ ਪੀਂਦਾ ਹੈ, ਉਸ ਨੂੰ ਛੋਹਣ ਦੇਵੇਗਾ।" ਜੇਕਰ ਇਹ ਜ਼ਿੰਦਗੀ ਦੇ ਤੱਥਾਂ ਦਾ ਸੱਚਾ ਬਿਆਨ ਹੈ ਤਾਂ ਅਛੂਤਪੁਣੇ ਦਾ ਆਪਣੇ ਵਾਸਤਵਿਕ ਅਤੇ ਸਿਧਾਂਤਕ ਲਿਹਾਜ਼ ਵਿਚ ਪਿਆ ਫਰਕ ਇਕ ਅਜਿਹੀ ਭਿੰਨਤਾ ਹੈ ਜੋ ਕਿ ਅੰਤਿਮ ਹਾਲਾਤ ਵਿਚ ਕੋਈ ਭਿੰਨਤਾ ਨਹੀਂ ਪਾਉਂਦੀ ਕਿਉਂਕਿ ਜਿਵੇਂ ਕਿ ਸਾਰਾਂਸ ਤੋਂ ਪਤਾ ਲੱਗਦਾ ਹੈ, ਅਛੂਤਪੁਣਾ ਆਪਣੇ ਸਿਧਾਂਤਕ ਮਤਲਬ ਵਿਚ ਕਾਇਮ ਹੈ, ਚਾਹੇ ਜਿਥੇ ਕਿਤੇ ਇਹ ਆਪਣੇ ਵਾਸਤਵਿਕ ਅਰਥ ਵਿਚ ਖਤਮ ਹੋ ਗਿਆ ਹੈ। ਇਸ ਲਈ ਮੈਂ ਜ਼ੋਰ ਦੇਂਦਾ ਹਾਂ ਕਿ ਅਛੂਤਪੁਣੇ ਦੀ ਘਸਵੱਟੀ ਸਿਧਾਂਤਕ ਰੂਪ ਵਿਚ ਹੀ ਲਾਈ ਜਾਣੀ ਚਾਹੀਦੀ ਹੈ।

4. ਤੀਜੇ ਥਾਂ, ਇਹ ਵਿਚਾਰ ਵੀ ਪ੍ਰਸਾਰਿਤ ਕੀਤਾ ਜਾਂਦਾ ਹੈ ਕਿ ਅਛੂਤਪੁਣਾ ਜਲਦੀ ਨਾਲ ਖਤਮ ਹੁੰਦਾ ਜਾ ਰਿਹਾ ਹੈ। ਮੈਂ ਇਸ ਨਜ਼ਰੀਏ ਨੂੰ ਮੰਨਣ ਦੇ ਖਿਲਾਫ ਇਕ ਸਾਵਧਾਨੀ ਵਰਤਣੀ ਚਾਹਾਂਗਾ ਅਤੇ ਤੱਥਾਂ ਤੇ ਪ੍ਰਚਾਰ ਨੂੰ ਭਿੰਨ ਰੱਖਣ ਦੀ ਜ਼ਰੂਰਤ ਨੂੰ ਦੱਸਣਾ ਚਾਹਾਂਗਾ। ਮੇਰੇ ਵਿਚਾਰ ਵਿਚ ਦਿਮਾਗ, ਵਿਚ ਇਹ ਜ਼ਰੂਰ ਰੱਖਣਾ ਚਾਹੀਦਾ ਹੈ ਕਿ ਜਿਥੋਂ ਤੱਕ ਉਦਾਹਰਣਾਂ ਤੋਂ ਸਿੱਟੇ ਕੱਢਣਾ ਅਤੇ ਬ੍ਰਾਹਮਣਾਂ ਅਤੇ ਗੈਰ-ਬ੍ਰਾਹਮਣਾਂ, ਉੱਚ ਜਾਤਾਂ ਅਤੇ ਅਛੂਤਾਂ ਦੇ ਮਿਲਣ-ਜੁਲਣ ਨੂੰ ਦਰਸਾਉਂਦਾ ਸਬੰਧ ਹੈ, ਜਾਤ ਪਾਤ ਦੀ ਪ੍ਰਣਾਲੀ ਅਤੇ ਅਛੂਤਪੁਣੇ ਦੀ ਪ੍ਰਣਾਲੀ ਨਾਲ ਹੀ ਅਸਲ ਵਿਚ ਹਿੰਦੂ-ਸਮਾਜ ਦੀ ਬਣਤਰ ਮਜ਼ਬੂਤ ਬਣਦੀ ਹੈ। ਇਸ ਵੰਡ ਨੂੰ ਆਸਾਨੀ ਨਾਲ ਸਮਾਪਤ ਨਹੀਂ ਕੀਤਾ ਜਾ ਸਕਦਾ। ਇਸ ਦਾ ਸਿੱਧਾ ਕਾਰਨ ਇਹ ਹੈ ਕਿ ਇਹ ਤਰਕ, ਆਰਥਿਕ ਜਾਂ ਜਾਤੀਗਤ ਭੂਮੀ ਉਤੇ ਆਧਾਰਿਤ ਨਹੀਂ। ਦੂਸਰੇ ਪਾਸੇ ਇਹ ਵੀ ਹੋ ਸਕਦਾ ਹੈ ਕਿ ਅਛੂਤਪੁਣਾ ਭਵਿੱਖ ਵਿਚ ਉਸ ਤੋਂ ਕਾਫੀ ਦੂਰ ਤੱਕ ਰਚ ਜਾਏਗਾ ਜਿੰਨਾ ਕਿ ਆਸ਼ਾਵਾਦੀ ਸੁਧਾਰਕ ਇਹ ਮੰਨਣ ਲਈ ਤਿਆਰ ਹੋਵੇਗਾ। ਕੇਵਲ ਇਸੇ

ਤੱਥ ਦੇ ਕਾਰਨ ਇਹ ਇਕ ਧਾਰਮਿਕ ਮੱਤ-ਆਧਾਰਿਤ ਹੈ। ਅਛੂਤਪੁਣੇ ਦੀ ਪ੍ਰਣਾਲੀ ਨੂੰ ਤੋੜਨ ਵਿਚ ਜੋ ਚੀਜ਼ ਇਸ ਨੂੰ ਬਹੁਤ ਮੁਸ਼ਕਿਲ ਬਣਾਉਂਦੀ ਹੈ, ਉਹ ਇਸ ਦੀ ਧਾਰਮਿਕ ਮਨਜ਼ੂਰੀ ਹੈ ਜੋ ਕਿ ਇਸ ਦੀ ਪਿੱਠ ਤੇ ਹੁੰਦੀ ਹੈ। ਹਰ ਹਾਲਤ ਵਿਚ ਆਮ ਹਿੰਦੂ ਇਸਨੂੰ ਆਪਣੇ ਧਰਮ ਦੇ ਇਕ ਹਿੱਸੇ ਵਾਂਗ ਦੇਖਦਾ ਹੈ ਅਤੇ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸਦਾ ਅਛੂਤਾਂ ਪ੍ਰਤੀ ਰਵੱਈਆ ਅਣ-ਮਨੁੱਖੀ ਹੁੰਦਾ ਹੈ, ਪਰ ਉਹ ਅਜਿਹਾ ਆਪਣੇ ਧਰਮ ਨੂੰ ਪਾਲਣ ਦੇ ਨਜ਼ਰੀਏ ਵਜੋਂ ਨਾ ਕਿ ਜਾਣ-ਬੁੱਝਕੇ ਨਿਰਦਈਪੁਣੇ ਦੇ ਮਨੋਰਥ ਤੋਂ ਕਰਦਾ ਹੈ। ਧਰਮ ਤੇ ਆਧਾਰਿਤ ਹੋਣ ਕਰਕੇ ਇਕ ਆਮ ਹਿੰਦੂ ਕੇਵਲ ਅਸਪਰਸ਼ਤਾ ਦੇ ਨਿਯਮਾਂ ਨੂੰ ਢਿੱਲਾ ਕਰ ਸਕਦਾ ਹੈ ਜਿਥੇ ਕਿ ਉਹ ਉਨ੍ਹਾਂ ਦੀ ਪਾਲਣਾ ਨਹੀਂ ਕਰ ਸਕਦਾ। ਉਹ ਕਦੀ ਵੀ ਉਨ੍ਹਾਂ ਨੂੰ ਤਿਆਗਦਾ ਨਹੀਂ, ਕਿਉਂਕਿ ਅਸਪਰਸ਼ਤਾ ਦਾ ਤਿਆਗ ਉਸ ਵਾਸਤੇ ਹਿੰਦੂ ਧਰਮ-ਸ਼ਾਸ਼ਨ ਦੇ ਬੁਨਿਆਦੀ ਧਾਰਮਿਕ ਸਿਧਾਂਤਾ ਦਾ ਤਿਆਗ ਹੈ ਜਿਵੇਂ ਕਿ ਉਸ ਦੁਆਰਾ ਅਤੇ ਹਿੰਦੂ ਜਨਤਾ ਦੁਆਰਾ ਸਮਝਿਆ ਜਾਦਾ ਹੈ। ਧਰਮ ਤੇ ਆਧਾਰਿਤ ਅਸਪਰਸ਼ਤਾ ਹਮੇਸ਼ਾ ਰਹੇਗੀ ਜਿਵੇਂ ਕਿ ਸਾਡੇ ਧਾਰਮਿਕ ਸਿਧਾਂਤ ਕਹਿੰਦੇ ਹਨ। ਭਾਰਤੀ ਇਤਿਹਾਸ ਵਿਚ ਕਈਆਂ ਮਹਾਤਮਾਵਾਂ ਦੀਆਂ ਕੋਸ਼ਿਸ਼ਾਂ ਦਰਜ ਹਨ ਜੋ ਉਹਨਾਂ ਨੇ ਭਾਰਤੀ ਮਿੱਟੀ ਤੋਂ ਅਸਪ੍ਰਸ਼ਤਾ ਨੂੰ ਉਖਾੜਨ ਲਈ ਕੀਤੀਆਂ। ਉਨ੍ਹਾਂ ਵਿਚ ਅਜਿਹੇ ਮਹਾਨ ਆਦਮੀ ਸ਼ਾਮਿਲ ਹਨ ਜਿਵੇਂ ਕਿ ਬੁੱਧ, ਰਾਮਾਨੂਜ ਅਤੇ ਆਧੁਨਿਕ ਸਮੇਂ ਦੇ ਵੈਸ਼ਨਵ ਸੰਤ। ਇਹ ਮੰਨ ਲੈਣਾ ਔਖਾ ਹੋਵੇਗਾ ਕਿ ਅਜਿਹੀ ਪ੍ਰਣਾਲੀ, ਜਿਸ ਨੇ ਇਸ ਸਾਰੇ ਖਤਰਨਾਕ ਧਾਵੇ ਦਾ ਮੁਕਾਬਲਾ ਕੀਤਾ ਹੈ, ਉਹ ਢਹਿ ਢੇਰੀ ਹੋ ਜਾਏਗੀ। ਹਿੰਦੂ ਅਸਪਰਸ਼ਤਾ ਦੀ ਮਾਨਤਾ ਨੂੰ ਇਕ ਧਾਰਮਿਕ ਕਰਮ ਸਮਝਦੇ ਹਨ ਅਤੇ ਇਸ ਨੂੰ ਨਾ-ਮੰਨਣ ਨੂੰ ਇਕ ਪਾਪ। ਮੇਰਾ ਵਿਚਾਰ ਇਸ ਲਈ ਇਹ ਹੈ ਕਿ ਜਿੰਨੀ ਦੇਰ ਇਹ ਧਾਰਨਾ ਬਣੀ ਰਹੇਗੀ, ਉਨੀ ਦੇਰ ਅਸਪਰਸ਼ਤਾ ਵੀ ਕਾਇਮ ਰਹੇਗੀ। ਆਪਣੇ ਵਿਚਾਰਾਂ ਨੂੰ ਅਸਪਰਸ਼ਤਾ ਦੀ ਪ੍ਰਣਾਲੀ ਦੀ ਵਿਆਖਿਆ ਅਤੇ ਭਾਵ-ਅਰਥ ਸੰਬੰਧੀ ਪ੍ਰਸ਼ਨਾਂ ਨੂੰ ਵਿਆਖਿਆਉਣ ਤੋਂ ਬਾਅਦ ਮੈਂ ਕੁਝ ਕਥਨ ਦਲਿਤ ਵਰਗਾਂ ਦੀ ਜਨ-ਸੰਖਿਆ ਦੇ ਪ੍ਰਸ਼ਨ ਤੇ ਚਾਨਣ ਪਾਉਣ ਲੱਗਾ ਅੱਗੇ ਤੁਰਾਂਗਾ। ਇਨ੍ਹਾਂ ਤਿੰਨ ਸੂਬਿਆਂ ਵਿਚ ਜਿਨ੍ਹਾਂ ਵਿਚ ਵਿਚਾਰਾਂ ਦੀ ਸਰਬ-ਸੰਮਤੀ ਨਹੀਂ ਹੈ।

2. ਸੰਯੁਕਤ ਸੂਬਿਆਂ ਵਿਚ ਦਲਿਤ ਵਰਗ

5. ਦਲਿਤ ਵਰਗਾਂ ਦੀ ਸੰਯੁਕਤ ਸੂਬਿਆਂ ਵਿਚ ਜਨ-ਸੰਖਿਆ ਦੇ ਸੰਬੰਧ ਵਿਚ ਪੰਜ ਵੱਖਰੇ ਵੱਖਰੇ ਅਨੁਮਾਨ ਕਮੇਟੀ ਨੂੰ ਦਿਤੇ ਗਏ ਹਨ-

1. ਸੰਯੁਕਤ ਸੂਬਿਆਂ ਦੀ ਸੂਬਾਈ ਮੱਤ-ਅਧਿਕਾਰ ਕਮੇਟੀ ਦਾ ਅਨੁਮਾਨ।
2. ਸ੍ਰੀਮਾਨ ਪਟੇਲ ਦਾ ਆਪਣੀ ਟਿੱਪਣੀ ਵਿੱਚ ਦਿੱਤਾ ਅਨੁਮਾਨ।
3. ਜਨ-ਗਣਨਾ ਕਮਿਸ਼ਨਰ ਦੁਆਰਾ ਦਿੱਤਾ ਗਿਆ ਅਨੁਮਾਨ।

4. ਸੰਯੁਕਤ ਸੂਬਿਆਂ ਦੀ ਸਰਕਾਰ ਦੁਆਰਾ ਦਿੱਤੇ ਦੋ ਅਨੁਮਾਨ।

ਇਨ੍ਹਾਂ ਅਨੁਮਾਨਾਂ ਤੋਂ ਮੈਂ ਹੇਠ-ਲਿਖੀਆਂ ਟਿੱਪਣੀਆਂ ਦੇਂਦਾ ਹਾਂ:

6. ਮੈਂ ਮੰਨਦਾ ਹਾਂ ਕਿ ਸ਼੍ਰੀਮਾਨ ਬਲੰਟ ਦੀ ਟਿੱਪਣੀ ਆਪਣੇ ਆਪ ਵਿੱਚ ਬਹੁਤ ਵਜ਼ਨ ਰੱਖਦੀ ਹੈ। ਇਹ ਉਨ੍ਹਾਂ ਤੱਥਾਂ ਉਤੇ ਆਧਾਰਿਤ ਹੈ ਜੋ ਉਸ ਕੋਲ ਉਦੋਂ ਆਏ ਜਦੋਂ ਉਹ 1911 ਵਿੱਚ ਸਯੂੰਕਤ ਸੂਬਿਆਂ ਦਾ ਜਨਗਣਨਾ ਨਿਗਰਾਨ ਸੀ। ਇਸ ਵਿੱਚ ਗੈਰ-ਸਰਕਾਰੀ ਹਿੰਦੂਆਂ ਦੀ ਗੈਰ-ਰਸਮੀ ਕਮੇਟੀ ਦਾ ਵੀ ਨਿੱਗਰ ਵਿਚਾਰ ਸ਼ਾਮਲ ਹੈ ਜੋ ਕਿ ਮੈਨੂੰ ਦੱਸਿਆ ਗਿਆ ਹੈ ਕਿ ਸੰਯੁਕਤ ਸੂਬਿਆਂ ਦੀ ਸਰਕਾਰ ਦੁਆਰਾ ਇਹ ਪਰਖਣ ਲਈ ਇਹ ਕਮੇਟੀ ਬਣਾਈ ਗਈ ਸੀ ਕਿ ਸੰਯੁਕਤ ਸੂਬਿਆਂ ਵਿੱਚ ਅਛੂਤ ਜਾਤਾਂ ਦੀਆਂ ਸੂਚੀਆਂ ਵਿੱਚ ਕਿੰਨੀ ਕੁ ਸ਼ੁੱਧਤਾ ਹੈ, ਜੋ ਕਿ ਸ਼੍ਰੀਮਾਨ ਬਲੰਟ ਦੁਆਰਾ ਆਪਣੇ ਪਹਿਲੇ ਖਰੜੇ ਵਿੱਚ ਬਣਾਈਆਂ ਗਈਆਂ ਸਨ। ਮੇਰਾ ਹੇਠ ਲਿਖੇ ਵੇਰਵਿਆਂ ਵਿੱਚ ਸ਼੍ਰੀਮਾਨ ਬਲੰਟ ਨਾਲੋਂ ਮੱਤਭੇਦ ਹੈ:

(1) ਪਹਿਲਾ ਇਹ ਹੈ ਕਿ ਸ਼੍ਰੀਮਾਨ ਬਲੰਟ ਨੇ ਹੇਠ ਲਿਖੀਆਂ ਤਿੰਨ ਅਲੱਗ ਬਰਾਦਰੀਆਂ ਨੂੰ ਦੋ ਭਾਗਾਂ ਵਿੱਚ ਵੰਡ ਦਿੱਤਾ, ਇੱਕ ਉਚ ਜਾਤ ਅਤੇ ਦੂਸਰੀ ਅਛੂਤ।

	ਸਪਰਸ਼ਯੋਗ	ਅਛੂਤ
(ੳ) ਭੋਕਸਾ ਵਰਗ	30,000	19,028
(ਅ) ਕੋਰੀ ਵਰਗ	1,54,867	7,75,839
(ੲ) ਚਮਾਰ ਵਰਗ	20,00,000	41,87,770

(2) ਭਿੰਨਤਾ ਦਾ ਦੂਸਰਾ ਬਿੰਦੂ ਇਹ ਹੈ ਕਿ ਉਸਨੇ ਅਰਖ ਵਰਗ ਨੂੰ ਜਿਸ ਦੀ ਜਨ-ਸੰਖਿਆ 1,10,032 ਹੈ, ਉੱਚੀ ਜਾਤ ਮੰਨਦਾ ਹੈ, ਜਦੋਂ ਕਿ ਹਕੀਕੱਤ ਵਿੱਚ ਉਹ ਵਰਗ ਪਾਸੀ ਬਰਾਦਰੀ ਦਾ ਇਕ ਹਿੱਸਾ ਬਣਦਾ ਹੈ ਜੋ ਬਿਨਾਂ ਕਿਸੇ ਸ਼ੱਕ ਤੋਂ ਇਕ ਅਛੂਤ ਬਰਾਦਰੀ ਹੈ।

ਮੇਰਾ ਮੱਤ ਇਹ ਹੈ ਕਿ ਜੋ ਤਰੀਕਾ ਸ਼੍ਰੀਮਾਨ ਬਲੰਟ ਦੁਆਰਾਠ ਅਪਣਾਇਆ ਗਿਆ, ਉਹ ਤੱਥਾਂ ਦੇ ਮੁਤਾਬਿਕ ਨਹੀਂ ਹੈ ਅਤੇ ਉਹ ਹਿੰਦੂ ਸਮਾਜਿਕ ਜ਼ਿੰਦਗੀ ਦੇ ਬੁਨਿਆਦੀ ਸਿਧਾਂਤ ਦੇ ਮੁਤਾਬਿਕ ਜਾਇਜ਼ ਨਹੀਂ ਹੈ। ਇਹ ਕੋਰ੍ਹੀ ਵਰਗ ਚਮਾਰ ਵਰਗ ਦਾ ਹੀ ਇਕ ਹਿੱਸਾ ਹੈ ਅਤੇ ਅਜਿਹਾ ਹੁੰਦੇ ਹੋਏ ਇਕ ਅਛੂਤ ਵਰਗ ਹੈ। ਇਹ ਸ਼੍ਰੀਮਾਨ ਬਲੰਟ ਦੇ ਵਿਚਾਰਾਂ ਦੀ ਦੇਣ ਹੈ ਜੋ ਕਿ ਉਨ੍ਹਾਂ ਨੂੰ 1911 ਦੇ ਸੰਯੁਕਤ ਸੂਬਿਆਂ ਦੀ ਜਨਗਣਨਾ, ਜਿਸ ਵਿਚ ਉਹ ਨਿਗਰਾਨ ਸੀ, ਵਿਚ ਪ੍ਰਗਟਾਏ ਹਨ। ਮੈਂ ਉਸ ਦੇ ਕਥਨਾਂ ਤੇ, ਜੋ ਕਿ ਉਸ ਨੇ 1911 ਦੀ ਜਨਗਣਨਾ ਰਿਪੋਰਟ ਵਿਚ ਪੈਰਾ 347 ਵਿਚ ਪੇਸ਼ ਕੀਤੇ ਹਨ, ਜਿਥੇ ਕਿ ਉਸ ਨੇ ਕੋਰ੍ਹੀ ਦੇ ਚਮਾਰ ਨਾਲ ਸਬੰਧਾਂ ਬਾਰੇ ਦਲੀਲਾਂ ਦਿੱਤੀਆਂ ਹਨ, ਵਿਸ਼ਵਾਸ ਕਰਦਾ ਹਾਂ।

ਉਸੇ ਰਿਪੋਰਟ ਵਿਚ ਉਨ੍ਹਾਂ ਨੇ ਹੇਠ ਲਿਖੀਆਂ ਟਿੱਪਣੀਆਂ ਦਿੱਤੀਆਂ ਸਨ:

"ਕੋਰ੍ਹੀ ਅਤੇ ਚਮਾਰ ਵਿਚਲੇ ਸੰਬੰਧ ਨੂੰ ਪਹਿਲਾਂ ਹੀ ਉਪਰ ਦਰਸਾਇਆ ਜਾ ਚੁੱਕਾ ਹੈ। ਗੋਰਖਪੁਰ ਵਿਚ ਇਹ ਹੋਰ ਵੀ ਨਜ਼ਦੀਕੀ ਜਾਪਦਾ ਹੈ ਅਤੇ ਇਹ ਕਿਹਾ ਗਿਆ ਹੈ ਕਿ ਉਥੇ ਕੋਈ ਕਰ੍ਹੀ ਨਹੀਂ ਹੈ, ਉਥੇ ਕੋਰ੍ਹੀ ਚਮਾਰ ਹਨ। ਸ਼ਬਦ ਕੋਰ੍ਹੀ--ਚਮਾਰ ਨਾਲੋਂ 'ਚਮਾਰ' ਸ਼ਬਦ ਲਾਹ ਲਿਆ ਗਿਆ ਹੈ ਅਤੇ ਉਹ ਕੇਵਲ ਕਰ੍ਹੀ ਹੀ ਪ੍ਰਸਿੱਧ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਾਂ ਸਗੋਂ ਸ਼ਬਦ ਦੀ ਪਰਦਾਪੋਸ਼ੀ ਵਿਚ ਇਸ ਨੂੰ ਕੋਇਰੀ ਦੀ ਤਰ੍ਹਾਂ ਉਚਾਰਣ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਗੋਰਖਪੁਰ ਜ਼ਿਲ੍ਹੇ ਵਿਚ ਇਕ ਖਲਾਸੀ ਨੂੰ ਉਸ ਦੇ ਬਾਕੀ ਸਾਥੀ ਹਿੰਦੂ ਨੌਕਰਾਂ ਦੁਆਰਾ ਇਸ ਲਈ ਬੜੀ ਬੁਰੀ ਤਰ੍ਹਾਂ ਕੁੱਟਿਆ ਗਿਆ ਕਿਉਂਕਿ ਉਸ ਨੇ ਇਹ ਚਾਲ ਖੇਡੀ ਸੀ ਅਤੇ ਉਨ੍ਹਾਂ ਨੂੰ ਆਪਣੇ ਹੱਥਾਂ ਤੋਂ ਪਾਣੀ ਲੈਣ ਤੇ ਮਜਬੂਰ ਕੀਤਾ ਸੀ।"

ਅਰਖ ਵਰਗ ਦੇ ਸੰਬੰਧ ਵਿਚ ਸ਼੍ਰੀਮਾਨ ਬਲਟ ਨੇ ਆਪ ਆਪਣੀ ਟਿੱਪਣੀ ਵਿਚ ਮੰਨਿਆ ਹੈ, "ਪੂਰੀ ਤਰ੍ਹਾਂ ਇਹ ਜਾਤਾਂ ਪਾਸੀ ਕਬੀਲਿਆਂ ਦੀਆਂ ਸ਼ਾਖਾਵਾਂ ਲਗਦੀਆਂ ਹਨ" ਜਿਸ ਨੂੰ ਕਿ ਉਸ ਨੇ ਅਛੂਤ ਮੰਨਿਆ ਹੈ। ਚਮਾਰ ਵਰਗ ਵਲ ਆਉਂਦਿਆਂ, ਸ਼੍ਰੀਮਾਨ ਬਲੰਟ ਨੇ 20 ਲੱਖ ਚਮਾਰਾਂ ਨੂੰ ਅਛੂਤ ਵਰਗਾਂ ਵਿਚੋਂ ਅਲੱਗ ਕਰਦਿਆਂ, ਉਸ ਦੀ ਟਿੱਪਣੀ ਸਫਾ 17 ਤੇ ਇਉਂ ਦਿਤੀ ਹੈ।ਉਸ ਨੇ ਕਿਹਾ ਹੈ, "ਦੂਸਰੇ ਪਾਸੇ ਬਹੁਤੇ ਚਮਾਰਾਂ ਨੇ ਸਾਫ ਸੁਥਰੇ ਧੰਦਿਆਂ ਨੂੰ ਅਪਣਾ ਲਿਆ ਹੈ ਜਿਵੇਂ ਕਿ ਸਰਾਜ(ਜਿੰਗਾਰ), ਮੋਚੀ, ਸਾਈਸ ਆਦਿ। ਕਾਨਪੁਰ ਵਿਚ ਚਮੜੇ ਦੇ ਕਾਰੋਬਾਰ ਦੇ ਵਿਸਥਾਰ ਨੇ ਅਤੇ ਹੋਰ ਥਾਵਾਂ ਤੇ ਵੀ ਬਹੁਤੇ ਚਮਾਰਾਂ ਨੂੰ ਅਮੀਰ ਬਣਾ ਦਿਤਾ ਅਤੇ ਉਹ ਪਿੰਡਾਂ ਦੇ ਭਰਾਵਾਂ ਤੋਂ ਸਮਾਜਿਕ ਰੁਤਬੇ ਨੂੰ ਬਹੁਤ ਉੱਚਾ ਸਮਝਣ ਲੱਗੇ। ਅਜਿਹੇ ਚਮਾਰਾਂ ਨੂੰ ਅਕਸਰ ਉੱਚੀਆਂ ਜ਼ਾਤਾਂ ਦਾ ਸਮਝਿਆ ਜਾਂਦਾ ਹੈ ਅਤੇ ਬਹੁਤਿਆਂ ਨੇ ਆਪਣੀਆਂ ਜ਼ਾਤਾਂ ਦੇ ਨਾਂ ਹੀ ਬਦਲ ਲਏ ਹਨ ਤਾਂ ਜੋ ਉਹ ਘੱਟ ਬੁਰੀਆਂ ਲੱਗਣ। ਉਦਾਹਰਣ ਲਈ ਕੋੜਿਲ, ਅਹਿਰਵਾੜ, ਜਤੀਆਂ, ਧੂਸੀਆ, ਖਾਸ ਤੌਰ ਤੇ ਜਾਇਸਵਾਰ।" ਮੇਰੇ ਵਿਚਾਰ ਵਿਚ ਜਿਵੇਂ ਕਿ ਸ਼੍ਰੀਮਾਨ ਬਲੰਟ ਨੇ ਕੀਤਾ, ਅਜਿਹੇ ਚਮਾਰਾਂ ਨੂੰ ਜਿਨ੍ਹਾਂ ਨੂੰ ਸਾਫ ਧੰਦਿਆਂ ਨੂੰ ਅਪਣਾ ਲਿਆ, ਉਨ੍ਹਾਂ ਨੂੰ ਅਲੱਗ ਕਰਨਾ ਜਾਂ ਜੋ ਅਮੀਰ ਬਣ ਗਏ ਉਨ੍ਹਾਂ ਨੂੰ ਅਛੂਤਾਂ ਦੀ ਨਸਲ ਤੋਂ ਅਲੱਗ ਕਰਨਾ, ਇਕ ਬਿਲਕੁਲ ਗਲਤ ਨਜ਼ਰੀਆ ਹੈ। ਅਛੂਤਪੁਣੇ ਦੀ ਪ੍ਰਣਾਲੀ ਅਤੇ ਜਾਤ ਪ੍ਰਣਾਲੀ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਵਿਅਕਤੀ ਦਾ ਸਮਾਜਿਕ ਰੁਤਬਾ, ਜਿਸ ਬਰਾਦਰੀ ਤੇ ਉਹ ਆਧਾਰਿਤ ਹੈ, ਉਸ ਦੇ ਨਾਲ ਹੀ ਵਧਦਾ ਜਾਂ ਘਟਦਾ ਹੈ। ਹਿੰਦੂ ਸਮਾਜਿਕ ਜ਼ਿੰਦਗੀ ਦਾ ਨਿਯਮ ਹੈ ਕਿ ਜੋ ਇਕ ਵਾਰ ਅਛੂਤ ਹੈ, ਉਹ ਹਮੇਸ਼ਾਂ ਵਾਸਤੇ ਅਛੂਤ ਹੈ। ਇਹ ਇਸਦੀ ਇਕ ਪ੍ਰਮੁੱਖ ਵਿਸ਼ੇਸ਼ਤਾ ਹੈ ਅਤੇ ਇਹੀ ਉਹ ਚੀਜ਼ ਹੈ ਜੋ ਇਸ ਨੂੰ ਵਰਗ ਪ੍ਰਣਾਲੀ ਤੋਂ ਭਿੰਨ ਕਰਦੀ ਹੈ ਜਿਸ ਵਿਚ ਵਿਅਕਤੀ ਦਾ ਸਮਾਜਿਕ ਰੁਤਬਾ ਉਸਦੀ ਬਰਾਦਰੀ ਨਾਲ ਨਹੀਂ ਘਟਦਾ ਜਾਂ ਵਧਦਾ, ਪਰ ਉਸ ਦੇ ਆਪਣੇ ਵਿਅਕਤੀਗਤ ਗੁਣ ਜਾਂ ਔਗੁਣ ਨਾਲ ਘਟਦਾ ਜਾਂ ਵਧਦਾ ਹੈ। ਇਸ ਬੁਨਿਆਦੀ ਅਤੇ ਮੁਢਲੇ ਹਿੰਦੂ ਸਮਾਜਿਕ ਜ਼ਿੰਦਗੀ ਦੇ ਅਸੂਲ ਸਬੰਧ ਵਿਚ, ਸ਼੍ਰੀਮਾਨ ਬਲੰਟ

ਦੁਆਰਾ ਕੀਤੀ ਵੰਡ ਕਿ ਕੁਝ ਪੱਕੀਆਂ ਅਛੂਤ ਜਾਤਾਂ ਦੇ ਮੈਂਬਰ ਅਛੂਤ ਨਹੀਂ ਹਨ, ਨੂੰ ਛੱਡ ਦੇਣਾ ਚਾਹੀਦਾ ਹੈ। ਵਾਸਤਵ ਵਿਚ ਇਥੇ ਪਦਾਂ ਵਿਚ ਆਪਸੀ ਵਿਰੋਧ ਹੈ ਅਤੇ ਤੱਥਾਂ ਦੇ ਮੁਤਾਬਿਕ ਨਹੀਂ ਲੱਗਦਾ। ਇਹ ਸੱਚ ਨਹੀਂ ਹੈ ਕਿ ਚਮਾਰ ਜਾਤ ਦੇ ਕੁਝ ਭਾਗ, ਜਿਵੇਂ ਕਿ ਸ਼੍ਰੀਮਾਨ ਬਲੰਟ ਨੇ ਦਰਸਾਏ ਹਨ ਕਿ ਉਨ੍ਹਾਂ ਨੂੰ ਉੱਚ ਜਾਤ ਦਾ ਸਮਝਿਆ ਜਾਂਦਾ ਹੈ ਜਾਂ ਮੰਦਿਰਾਂ ਵਿਚ ਦਾਖਿਲ ਹੋਣ ਦਿੱਤਾ ਜਾਂਦਾ ਹੈ ਜਾਂ ਸਰਬਜਨਕ ਖੂਹਾਂ ਤੋਂ ਪਾਣੀ ਭਰਨ ਦਿੱਤਾ ਜਾਂਦਾ ਹੈ। ਇਸਦੇ ਉਲਟ, ਸ਼੍ਰੀਮਾਨ ਬਲੰਟ ਦੇ ਆਪਣੇ ਕਥਨ ਅਨੁਸਾਰ, ਉਨ੍ਹਾਂ ਨੇ ਆਪਣੇ ਵਾਸਤੇ ਨਵੇਂ ਨਾਮ ਦੀ ਕਾਢ ਕੱਢੀ ਹੈ ਤਾਂ ਜੋ ਉਨ੍ਹਾਂ ਨੂੰ ਅਛੂਤ ਨਾ ਸਮਝਿਆ ਜਾਵੇ। ਸ਼੍ਰੀਮਾਨ ਬਲੰਟ ਨੇ 1911 ਦੀ ਸੰਯੁਕਤ ਸੂਬਿਆਂ ਦੀ ਆਪਣੀ ਜਨਗਣਨਾ ਰਿਪੋਰਟ ਵਿਚ ਇਸ ਦੇ ਉਦਾਹਰਣ ਦਿੱਤੇ ਹਨ। ਮੈਂ ਭਾਗ 1 ਤੋਂ ਹੇਠ ਲਿਖਿਆ ਸਾਰਾਂਸ਼ ਦੇਂਦਾ ਹਾਂ:

"ਇਕ ਜਾਇਸਵਾਰ ਚਮਾਰ ਇਉਂ ਕਦੀ ਵੀ ਇਹ ਨਹੀਂ ਮੰਨੇਗਾ ਕਿ ਉਹ ਚਮਾਰ ਹੈ, ਪਰ ਆਪਣੀ ਜ਼ਾਤ ਨੂੰ ਕੇਵਲ ਜਾਇਸਵਾਰ ਅਖਵਾਉਣਾ ਚਾਹੇਗਾ ਜੋ ਕਿ ਕਈਆਂ ਜਾਤਾਂ, ਜਿਨ੍ਹਾਂ ਵਿਚ ਰਾਜਪੂਤ ਵੀ ਸ਼ਾਮਿਲ ਹਨ, ਦੀ ਉਪ-ਜਾਤ ਹੈ। ਇਕ ਸਾਈਸ ਨੇ ਇਕ ਵਾਰੀ ਮੈਨੂੰ ਧੋਖਾ ਦੇਣ ਦੀ ਕੋਸ਼ਿਸ਼ ਕੀਤੀ ਅਤੇ ਆਗਰਾ ਜ਼ਿਲ੍ਹੇ ਦੇ ਟੁੰਡਲਾ ਵਿਚ ਮੈਂ ਜਾਇਸਵਾਰਾਂ ਦੀ ਇਕ ਪੂਰੀ ਕਾਲੌਨੀ ਦੇਖੀ, ਜਿਸ ਨੂੰ ਕਿ ਪੁੱਛ-ਗਿੱਛ ਮਗਰੋਂ ਚਮਾਰ ਰਜਮੈਂਟ ਸਾਈਸਾਂ ਦਾ ਵੰਸ਼ਜ ਹੋਣਾ ਸਿੱਧ ਕੀਤਾ ਗਿਆ ਜੋ ਕਿ ਉਥੇ ਵਸ ਗਏ ਸਨ।"

ਜੇਕਰ ਮੇਰੇ ਮੱਤ ਮੰਨ ਲਏ ਜਾਂਦੇ ਹਨ ਅਤੇ ਜੇਕਰ ਅਛੂਤਾਂ ਦੀਆਂ ਬਰਾਦਰੀਆਂ ਦੀ ਜਨਸੰਖਿਆ ਦਾ ਉਹ ਭਾਗ, ਜੋ ਸ਼੍ਰੀਮਾਨ ਬਲੰਟ ਨੇ ਉੱਚ ਜਾਤ ਦਾ ਮੰਨਿਆ ਹੈ, ਅਛੂਤਾਂ ਦੀ ਕੁੱਲ ਜਨਸੰਖਿਆ ਵਿਚ ਜੋੜ ਦਿਤਾ ਜਾਵੇ ਤਾਂ ਸੰਯੁਕਤ ਸੂਬਿਆਂ ਵਿਚ ਅਛੂਤਾਂ ਵਾਸਤੇ ਸ਼੍ਰੀਮਾਨ ਬਲੰਟ ਦੇ ਅੰਕੜੇ 1,14,76,214 ਆਉਂਦੇ ਹਨ।

7. ਦਲਿਤ ਵਰਗਾਂ ਦੀ ਜਨਸੰਖਿਆ ਦਾ ਜਨਗਣਨਾ ਕਮਿਸ਼ਨਰ ਦਾ ਅਨੁਮਾਨ 126 ਲੱਖ ਦਾ ਹੈ ਅਤੇ ਬੇਸ਼ੱਕ ਜੇਕਰ ਹੋਰ ਵੀ ਬਰੀਕੀ ਨਾਲ ਗਿਣਤੀ ਕੀਤੀ ਜਾਵੇ ਅਤੇ ਕੇਵਲ "ਸੂਚੀ ਅ," ਜਿਸ ਵਿਚ ਕੇਵਲ ਅਛੂਤ ਹੱਨ, ਮੰਨੀ ਜਾਵੇ, ਤਾਂ ਦਲਿਤ ਵਰਗਾਂ ਦੀ ਸਮਝੀ ਗਈ ਜਨਸੰਖਿਆ 110 ਲੱਖ ਤੋਂ ਥੋੜ੍ਹੀ ਜਿਹੀ ਵੱਧ ਜਾਵੇਗੀ--ਇਕ ਐਸਾ ਅੰਕੜਾ ਜੋ ਕਿ ਸ਼੍ਰੀਮਾਨ ਬਲੰਟ ਦੇ ਨਾਲ ਬਹੁਤ ਮਿਲਦਾ-ਜੁਲਦਾ ਹੈ।

8. ਸੰਯੁਕਤ ਸੂਬਿਆਂ ਦੀ ਸਰਕਾਰ ਨੇ ਅਨੁਮਾਨਾਂ ਦੇ ਦੋ ਸੈਟ ਦਿਤੇ ਹਨ। ਇਸਦੀ ਪਹਿਲੀ ਰਿਪੋਰਟ ਵਿਚ ਇਸ ਨੇ 6773814 ਦਾ ਅੰਕੜਾ ਦਿੱਤਾ। ਆਪਣੀ ਅਖੀਰਲੀ ਰੀਪੋਰਟ ਵਿਚ ਇਹ ਸੂਬਾਈ ਕਮੇਟੀ ਨਾਲ ਸਹਿਮਤ ਹੋ ਗਈ ਕਿ ਉਨ੍ਹਾਂ ਜਾਤਾਂ ਦੀ ਜਨਸੰਖਿਆ, ਜੋ ਕਿ ਛੋਹ ਨਾਲ ਭਿੱਟਣ ਦੀ ਪਰਿਭਾਸ਼ਾ ਵਿਚ ਆਉਂਦੀਆਂ ਹਨ, ਕੇਵਲ 4,59,000 ਆਉਂਦੀ ਹੈ। ਆਪਣੀ ਪਹਿਲੀ ਰੀਪੋਰਟ ਵਿਚ ਦਿੱਤੇ 67,73,814 ਦੇ ਅਨੁਮਾਨ ਦੇ ਸਬੰਧ ਵਿਚ ਇਹ ਸਾਹਮਣੇ ਰੱਖਣਾ ਜ਼ਰੂਰੀ ਹੈ ਕਿ ਇਹ ਅਨੁਮਾਨ ਸੰਯੁਕਤ

ਸੂਬਿਆਂ ਵਿਚ ਅਛੂਤਾਂ ਦੀ ਜਨਸੰਖਿਆ ਦਾ ਅਨੁਮਾਨ ਨਹੀਂ ਹੈ। ਜਿਥੋਂ ਤੱਕ ਇਸ ਤਰਕ ਦਾ ਸਬੰਧ ਹੈ, ਸੰਯੁਕਤ ਸੂਬਿਆਂ ਦੀ ਸਰਕਾਰ ਇਹ ਅੰਕੜਾ ਮੰਨਣ ਵਿਚ ਚੁਪ ਚਾਪ ਲਗਦੀ ਹੈ, ਜੋ ਕਿ ਸ਼੍ਰੀਮਾਨ ਬਲੰਟ ਨੇ ਆਪਣੀ ਟਿੱਪਣੀ ਵਿਚ ਦਿੱਤਾ ਹੈ। 67,73,814 ਦਾ ਅਨੁਮਾਨ, ਜੋ ਕਿ ਯੂ.ਪੀ. ਸਰਕਾਰ ਨੇ ਦਿੱਤਾ, ਉਨ੍ਹਾਂ ਲੋਕਾਂ ਦਾ ਅਨੁਮਾਨ ਲੱਗਦਾ ਹੈ ਜੋ ਕਿ ਇਸ ਦੇ ਵਿਚਾਰ ਵਿਚ ਰਾਜਨੀਤਿਕ ਸੁਰੱਖਿਆ ਲਈ ਮਾਨਤਾ ਲੈਣਾ ਚਾਹੁੰਦੇ ਹਨ। ਮੈਂ ਇਸ ਤਰੀਕੇ ਦੇ ਗੁਣ ਦੀ ਹੇਠਾਂ ਚਰਚਾ ਕਰਦਾ ਹਾਂ। ਉਹ ਸਭ ਕੁਝ, ਜੋ ਮੈਂ ਇਥੇ ਦੁਹਰਾਉਣਾ ਚਾਹੁੰਦਾ ਹਾਂ, ਇਹ ਹੈ ਕਿ ਯੂ.ਪੀ. ਸਰਕਾਰ ਦੁਆਰਾ ਦਿੱਤਾ ਇਹ ਅਨੁਮਾਨ ਅਛੂਤਾਂ ਦੀ ਕੁੱਲ ਜਨਸੰਖਿਆ ਦਾ ਅਨੁਮਾਨ ਨਹੀਂ ਹੈ। ਕੇਵਲ ਇਕ ਕਥਨ, ਜੋ ਮੈਂ ਸੰਯੁਕਤ ਸੂਬਿਆਂ ਦੀ ਸਰਕਾਰ ਦੁਆਰਾ ਆਪਣੀ ਅਖੀਰੀ ਰੀਪੋਰਟ ਵਿਚ ਦਿੱਤੇ ਅਨੁਮਾਨ ਉਤੇ ਕਰਨਾ ਚਾਹੁੰਦਾ ਹਾਂ, ਉਹ ਇਹ ਹੈ ਕਿ ਮੈਂ ਇਸਦੇ ਨਾਲ ਉਹ ਅਨੁਮਾਨ ਵੀ ਰੱਖਾਂ, ਜੋ ਇਸ ਨੇ ਸਾਈਮਨ ਕਮੀਸ਼ਨ ਨੂੰ ਦਿੱਤਾ ਸੀ। ਦਲਿਤ ਵਰਗਾਂ ਦੀ ਹਾਲਤ ਤੇ ਦਿੱਤੀ ਉਨ੍ਹਾਂ ਦੀ ਟਿੱਪਣੀ, ਜਿਸ ਨੂੰ ਕਿ ਇਕ ਅੰਤਿਕਾ ਦੇ ਰੂਪ ਵਿਚ ਛਾਪਿਆ ਗਿਆ ਹੈ, ਸੰਵਿਧਾਨ ਕਮਿਸ਼ਨ ਨੂੰ ਦਿੱਤੇ ਉਨ੍ਹਾਂ ਦੇ ਯਾਦ-ਪੱਤਰ ਦੇ ਅਖੀਰ ਵਿਚ, ਉਨ੍ਹਾਂ ਕਿਹਾ, "ਸੂਬਿਆਂ ਦੀ ਕੁੱਲ ਹਿੰਦੂ ਜਨਸੰਖਿਆ ਦੀ ਲਗਭਗ ਇਕ ਤਿਹਾਈ, ਜੋ ਕਿ ਤਕਰੀਬਨ 130 ਲੱਖ ਹੈ, ਉਹ ਕੱਟੜਪੰਥੀ ਹਿੰਦੂਆਂ ਦੁਆਰਾ ਅਛੂਤ ਸਮਝੇ ਜਾਂਦੇ ਹਨ। ਜ਼ਾਤਾਂ ਦੀ ਇਕ ਸੂਚੀ, ਜਿਨ੍ਹਾਂ ਨੂੰ ਅਛੂਤ ਸਮਝਿਆ ਗਿਆ, ਜੋ ਕਿ ਯੂ.ਪੀ. ਦੀ 1901 ਦੀ ਜਨਗਣਨਾ ਰੀਪੋਰਟ ਵਿਚੋਂ ਲਈ ਗਈ ਹੈ, ਹਰੇਕ ਦੀ ਜਨਸੰਖਿਆ ਨੂੰ ਇਸ ਟਿੱਪਣੀ ਨਾਲ ਲਗਾਇਆ ਗਿਆ ਸਮਾਜਿਕ ਅਪਵਿਤ੍ਰਤਾ ਜੋ ਅਛੂਤ ਜਾਤਾਂ ਨਾਲ ਲਗਾਈ ਗਈ ਹੈ, ਸਿਰਫ ਇਹ ਪ੍ਰਗਟਾਉਂਦੀ ਹੈ ਕਿ ਇਕ ਉੱਚੀ ਜਾਤੀ ਦਾ ਆਦਮੀ ਇਕ ਅਛੂਤ ਤੋਂ ਭੋਜਨ ਜਾਂ ਪਾਣੀ ਨਹੀਂ ਲਏਗਾ ਅਤੇ ਜੇਕੇਰ ਉਹ ਅਜਿਹੇ ਆਦਮੀ ਨੂੰ ਛੋਂਹਦਾ ਹੈ ਜਾਂ ਉਸ ਦੇ ਨਜ਼ਦੀਕ ਆਉਂਦਾ ਹੈ ਤਾਂ ਉਸਨੂੰ ਖਾਣ ਜਾਂ ਉੱਚੀਆਂ ਜਾਤੀਆਂ ਦੇ ਆਦਮੀਆਂ ਨਾਲ ਬੈਠਣ ਤੋਂ ਪਹਿਲਾਂ ਨਹਾਉਣਾ ਪਏਗਾ।" ਇਸ ਤੋਂ ਸਾਫ ਹੈ ਕਿ 16 ਮਈ 1928 ਨੂੰ ਜਦੋਂ ਯਾਦ-ਪੱਤਰ ਦਿੱਤਾ ਗਿਆ ਤਾਂ ਉਨ੍ਹਾਂ ਬੰਦਿਆਂ ਦੀ ਜਨਸੰਖਿਆ, ਜਿਨ੍ਹਾਂ ਦੀ ਛੋਹ ਭਿਟਾ ਸਕਦੀ ਸੀ, 130 ਲੱਖ ਸੀ। ਇਸ ਤੋਂ ਸਪੱਸ਼ਟ ਹੈ ਕਿ ਸਾਡੀ ਕਮੇਟੀ ਦੇ ਸਭਾਪਤੀ ਦੁਆਰਾ ਦਿੱਤੀ ਪਰਿਭਾਸ਼ਾ ਯੂ.ਪੀ. ਵਿਚ ਲਈ ਗਈ ਪਰਿਭਾਸ਼ਾ ਤੋਂ ਵੱਖਰੀ ਨਹੀਂ ਹੈ। ਤੇ 1928 ਵਿਚ ਸਰਕਾਰ ਦੁਆਰਾ ਮੰਨੀ ਗਈ ਕੁੱਲ ਜਨਸੰਖਿਆ 130 ਲੱਖ ਹੀ ਹੈ। ਮੈਂ ਇਸ ਲਈ ਸੰਯੁਕਤ ਸੂਬਾਈ ਸਰਕਾਰਾਂ ਤੇ ਇਹ ਗੱਲ ਛੱਡਾਂਗਾ ਕਿ ਉਹ ਦੋਹਾਂ ਅਨੁਮਾਨਾਂ ਵਿਚਲੇ ਪਏ ਵੱਡੇ ਫਰਕ ਬਾਰੇ ਦੱਸਣ। ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਇਹ ਤਬਦੀਲੀਆਂ ਸੰਯੁਕਤ ਸੂਬਾਈ ਸਰਕਾਰ ਦੁਆਰਾ ਸੰਯੁਕਤ ਸੂਬਿਆਂ ਵਿਚ ਅਛੂਤਾਂ ਦੇ ਅਨੁਮਾਨ ਵਿਚ ਬਰਾਬਰ ਹਨ। ਉਨ੍ਹਾਂ ਸੰਯੁਕਤ ਸੂਬਾਈ ਸਰਕਾਰ ਦੇ ਵਿਚਾਰਾਂ ਵਿਚ ਤਬਦੀਲੀਆਂ ਦੇ, ਜਿਨ੍ਹਾਂ ਦਾ ਸੰਬੰਧ ਦਲਿਤ ਵਰਗਾਂ ਦੀ ਪ੍ਰਤਿਨਿਧਤਾ ਦੇ ਤਰੀਕੇ ਵਿਚ ਹੈ। ਉਨ੍ਹਾਂ ਦੇ ਸੰਵਿਧਾਨਕ

ਕਮਿਸ਼ਨ ਦੀ ਰਿਪੋਰਟ ਉਤੇ 23 ਅਗਸਤ, 1930 ਨੂੰ ਲਿਖੇ ਡਿਸਪੈਚ ਵਿਚ ਸੰਯੁਕਤ ਸੂਬਿਆਂ ਦੀ ਸਰਕਾਰ ਦਲਿਤ ਵਰਗਾਂ ਵਾਸਤੇ ਵੱਖਰੇ ਮੱਤ ਕੇਂਦਰਾਂ ਦੀ ਪੱਕੀ ਹਮਾਇਤ ਵਿਚ ਸੀ। ਸਾਨੂੰ ਭੇਜੀ ਗਈ ਪਹਿਲੀ ਰਿਪੋਰਟ ਵਿਚ ਸਰਕਾਰ ਨਾਮਾਵਲੀ ਤੋਂ ਨਾਮਜ਼ਦਗੀ ਤੇ ਉਤਰ ਆਈ ਅਤੇ ਆਪਣੀ ਅਖੀਰਲੀ ਰਿਪੋਰਟ ਵਿਚ ਉਸ ਨੇ ਸੀਟਾਂ ਦੇ ਰਾਖਵੇਂ ਹੋਣ ਦੀ ਮਨਜ਼ੂਰੀ ਦੇ ਦਿੱਤੀ। ਜੇਕਰ ਸਰਕਾਰ ਦੇ ਵਿਚਾਰ ਐਨੀ ਹੈਰਾਨੀ-ਜਨਤਕ ਅਸਿਥਰਤਾ ਵਾਲੇ ਹੋਏ ਤਾਂ ਦਲਿਤ ਵਰਗਾਂ ਵਾਸਤੇ ਇਹ ਇਕ ਤਬਾਹੀ ਸਾਬਿਤ ਹੋਵੇਗੀ। ਅਜਿਹੇ ਦੋ ਮਹੱਤਵਪੂਰਣ ਮੁੱਦਿਆਂ ਦੇ ਸੰਬੰਧ ਵਿਚ ਜੋ ਕਿ ਜਨਸੰਖਿਆ ਅਤੇ ਦਲਿਤ ਵਰਗਾਂ ਦੀ ਪ੍ਰਤਿਨਿਧਤਾ ਦੇ ਬਾਰੇ ਹੈ।

9. ਸੰਯੁਕਤ ਸੂਬਿਆਂ ਦੀ ਸੂਬਾਈ ਮੱਤ-ਅਧਿਕਾਰ ਕਮੇਟੀ ਦੁਆਰਾ ਦਿੱਤੇ ਅਨੁਮਾਨ ਵੱਲ ਆਉਂਦਿਆਂ ਮੈਂ ਹੇਠ ਲਿਖੇ ਤੱਥਾਂ ਵੱਲ ਧਿਆਨ ਦੁਆਉਣਾ ਚਾਹਾਂਗਾ:-

(1) ਜਨਗਣਨਾ ਕਮਿਸ਼ਨਰ, ਸ਼੍ਰੀਮਾਨ ਬਲੰਟ ਨੇ 1928 ਵਿਚ ਸਰਕਾਰ ਦੇ ਅੰਕੜਿਆਂ ਤੋਂ ਸਾਰੇ ਮੰਨਦੇ ਹਨ ਕਿ ਦਲਿਤ ਵਰਗ ਦੀ ਜਨਸੰਖਿਆ ਜਿਸ ਦਾ ਮਤਲਬ ਉਨ੍ਹਾਂ ਬੰਦਿਆਂ ਤੋਂ ਹੈ ਜਿਨ੍ਹਾਂ ਦੀ ਛੋਹ ਭਿੱਟ ਦੇਂਦੀ ਹੈ, ਲਗਭਗ 115 ਅਤੇ 130 ਲੱਖ ਵਿਚਕਾਰ ਹੈ। ਇਸ ਲਈ ਇਸ ਕਮੇਟੀ ਲਈ ਜ਼ਰੂਰੀ ਹੈ ਕਿ ਉਹ ਆਪਣੇ ਇਤਨੇ ਘੱਟ ਅਨੁਮਾਨ ਨੂੰ ਉਚਿਤ ਸਿੱਧ ਕਰੇ।

(2) ਮੈਨੂੰ ਬਿਲਕੁਲ ਯਕੀਨ ਨਹੀਂ ਆਉਂਦਾ ਜਦੋਂ ਕਮੇਟੀ ਕਹਿੰਦੀ ਹੈ ਕਿ ਦੋ ਦਲਿਤ ਵਰਗ ਦੇ ਮੈਂਬਰ ਇਸ ਦੇ ਨਜ਼ਰੀਏ ਨਾਲ ਰਜ਼ਾਮੰਦ ਹਨ ਅਤੇ ਕਮੇਟੀ ਦੀ ਬਹੁ-ਗਿਣਤੀ ਰਾਜ਼ੀਨਾਮੇ ਦੇ ਘੇਰੇ ਵਿਚ ਆਏ ਸਾਰੇ ਮਾਮਲਿਆਂ ਨਾਲ ਸਹਿਮਤ ਹੈ। ਮੈਂ ਜ਼ਰੂਰ ਦੱਸਣਾ ਚਾਹਾਂਗਾ ਕਿ ਬਾਬੂ ਰਾਮ ਚਰਨ ਦਾ ਵਿਚਾਰ ਇਸ ਮੁੱਦੇ ਤੇ ਕੋਈ ਕੀਮਤ ਨਹੀਂ ਰੱਖਦਾ। ਉਹ ਦਲਿਤ ਵਰਗਾਂ ਨਾਲ ਆਰਥਿਕ ਪੱਖੋਂ ਗਰੀਬ ਅਤੇ ਪੜ੍ਹਾਈ-ਲਿਖਾਈ ਪੱਖੋਂ ਪਛੜੀਆਂ ਜਾਤਾਂ ਨਾਲ ਸਬੰਧਤ ਸੀ, ਪਰ ਅਛੂਤ ਵਰਗਾਂ ਦੇ ਪਦ ਦੇ ਕਰੜੇ ਅਰਥਾਂ ਵਿਚ ਉਹ ਨਹੀਂ ਸੀ ਆਉਂਦਾ।

(3) ਭਾਰਤੀ ਮੱਤ-ਅਧਿਕਾਰ ਕਮੇਟੀ ਨੇ ਅਛੂਤਾਂ ਦੇ ਵਰਗੀਕਰਨ ਲਈ ਦੋ ਘਸਵੱਟੀਆਂ ਨੂੰ ਅਪਣਾਇਆ ਹੈ, ਮੰਦਿਰ ਵਿਚ ਦਾਖਲਾ ਅਤੇ ਛੋਹ ਨਾਲ ਭਿੱਟਣਾ। ਯੂ.ਪੀ. ਸੂਬਾਈ ਮੱਤ-ਅਧਿਕਾਰ ਕਮੇਟੀ ਕੇਵਲ ਇਕ ਘਸਵੱਟੀ, ਛੋਹ ਨਾਲ ਭਿੱਟਣਾ ਦੇ ਆਧਾਰ ਤੇ ਅੱਗੇ ਵਧੀ ਹੈ ਅਤੇ ਉਹ ਵੀ ਇਸ ਦੇ ਵਾਸਤਵਿਕ ਮਤਲਬ ਵਿਚ ਅਤੇ ਨਾ ਕਿ ਇਸ ਦੇ ਸਿਧਾਂਤਕ ਮਤਲਬ ਵਿਚ।

(4) ਸਾਡੇ ਸਭਾਪਤੀ ਦੀ ਅਛੂਤਪੁਣੇ ਦੀ ਪਰਿਭਾਸ਼ਾ ਨੂੰ ਅਪਣਾਂਦਿਆਂ ਮੈਨੂੰ ਜ਼ਰੂਰ ਕਹਿਣਾ ਚਾਹੀਦਾ ਹੈ ਕਿ ਇਹ ਉਸ ਨੇ ਆਪਣੀ ਜ਼ਿੰਮੇਵਾਰੀ ਤੇ ਦਿੱਤੀ ਹੈ, ਸੂਬਾਈ ਮੱਤ-ਅਧਿਕਾਰ ਕਮੇਟੀ ਨੇ ਲਗਦਾ ਹੈ ਇਸ ਬੰਦਸ਼ ਤੇ ਧਿਆਨ ਨਹੀਂ ਦਿੱਤਾ ਜਿਵੇਂ ਕਿ ਇਹ

ਸੰਯੁਕਤ ਸੂਬਿਆਂ ਵਿਚ ਹੁੰਦਾ ਆਇਆ ਹੈ।

10. ਇਕ ਹੋਰ ਬਹੁਤ ਜ਼ਰੂਰੀ ਪ੍ਰਸ਼ਨ ਹੈ ਜੋ ਕਿ ਦਲਿਤ ਵਰਗਾਂ ਦੀ ਜਨਸੰਖਿਆ ਦਾ ਅਨੁਮਾਨ ਲਗਾਉਣ ਵਿਚ ਅਤੇ ਯੂ.ਪੀ. ਸਰਕਾਰ ਦੁਆਰਾ ਅਪਣਾਏ ਗਏ ਤਰੀਕੇ ਤੋਂ ਉਤਪੰਨ ਹੋਇਆ ਹੈ। ਭਾਰਤ ਮੱਤ-ਅਧਿਕਾਰ ਕਮੇਟੀ ਇਸ਼ ਪਰਿਕਲਪਨਾ ਤੋਂ ਅੱਗੇ ਵਧੀ ਹੈ ਕਿ ਉਹ ਸਾਰੇ ਹੇਠਾਂ ਆਉਂਦੇ ਹਨ, ਨਾਲ ਜ਼ਰੂਰ ਅਛੂਤਾਂ ਦੀ ਤਰ੍ਹਾਂ ਵਿਵਹਾਰ ਕਰਨਾ ਚਾਹੀਦਾ ਹੈ ਅਤੇ ਖਾਸ ਕਰਕੇ ਪ੍ਰਤਿਨਿਧਤਾ ਦੇ ਉਦੇਸ਼ ਲਈ ਵੀ ਉਨ੍ਹਾਂ ਨੂੰ ਅਜਿਹਾ ਸਮਝਿਆ ਜਾਣਾ ਚਾਹੀਦਾ ਹੈ। ਆਪਣੀ ਛਾਣਬੀਣ ਵਿਚੋਂ ਭਾਰਤੀ ਮੱਤ-ਅਧਿਕਾਰ ਕਮੇਟੀ ਨੇ ਲੱਭਿਆ ਕਿ ਜਿਵੇਂ ਭਾਰਤ ਵਿਚ ਇਸ ਵੇਲੇ ਹੈ, ਸਾਰੇ ਦਲਿਤ ਵਰਗ ਅਛੂਤ ਨਹੀਂ ਹਨ। ਤੇ ਸਾਰੇ ਅਛੂਤਾਂ ਨੂੰ ਉਨ੍ਹਾਂ ਦੇ ਆਰਥਿਕ ਅਤੇ ਸਿਖਿਅਕ ਹਾਲਾਤ ਤੋਂ ਬਗੈਰ ਸ਼ਾਮਿਲ ਕਰਨਾ ਹੈ। ਸ਼੍ਰੀਮਾਨ ਬਲੰਟ ਅਤੇ ਸੰਯੁਕਤ ਸੂਬਿਆਂ ਦੀ ਸਰਕਾਰ ਨੇ "ਅਛੂਤਾਂ" ਅਤੇ "ਦਲਿਤ ਵਰਗਾਂ" ਵਿਚ ਭਿੰਨਤਾ ਬਣਾ ਦਿਤੀ ਹੈ। ਉਨ੍ਹਾਂ ਅਨੁਸਾਰ, ਸਾਰੇ ਦਲਿਤ ਵਰਗ ਅਛੂਤ ਹਨ। ਸਾਰੇ ਅਛੂਤ, ਬੇਸ਼ੱਕ ਦਲਿਤ ਵਰਗਾਂ ਦੀ ਕਿਸਮ ਨਾਲ ਸੰਬੰਧਿਤ ਨਹੀਂ। ਇਹ ਪ੍ਰਚੱਲਿਤ ਰਵਾਇਤ ਦੇ ਬਿਲਕੁਲ ਉਲਟ ਹੈ ਅਤੇ ਭਾਰਤੀ ਮੱਤ-ਅਧਿਕਾਰ ਕਮੇਟੀ ਦੇ ਸਿੱਟਿਆਂ ਦੇ ਵੀ। ਕੇਵਲ ਨਾਮਕਰਣ ਦਾ ਹੀ ਪ੍ਰਸ਼ਨ ਨਹੀਂ ਹੈ, ਪ੍ਰਤਿਨਿਧਤਾ ਇਸ ਦੇ ਨਤੀਜੇ ਬਹੁਤ ਦੂਰ ਤੱਕ ਪ੍ਰਭਾਵ ਪਾਉਣ ਵਾਲੇ ਹਨ। ਸੰਯੁਕਤ ਸੂਬਿਆਂ ਦੀ ਸਰਕਾਰ ਅਤੇ ਸ਼੍ਰੀਮਾਨ ਬਲੰਟ ਨੇ ਆਪਣੇ ਹਿਸਾਬ ਵਿਚ ਪ੍ਰਤਿਨਿਧਤਾ ਦੇ ਉਦੇਸ਼ ਲਈ ਸਾਰੇ ਅਛੂਤਾਂ ਨੂੰ ਨਹੀਂ ਲਿਆ। ਉਨ੍ਹਾਂ ਨੇ ਕੇਵਲ ਉਨ੍ਹਾਂ ਅਛੂਤਾਂ ਨੂੰ ਹਿਸਾਬ ਵਿਚ ਲਿਆ ਜਿਨ੍ਹਾਂ ਨੂੰ ਦਲਿਤ ਕਿਹਾ ਜਾ ਸਕਦਾ ਹੈ। ਭਾਰਤੀ ਮੱਤ-ਅਧਿਕਾਰ ਕਮੇਟੀ ਇਸ ਪਰਿਕਲਪਨਾਂ ਤੇ ਅੱਗੇ ਵਧੀ ਕਿ ਜਦੋਂ ਅਛੂਤਾਂ ਦੇ ਵਰਗ ਨੂੰ ਦੋਵੇਂ ਘਸਵੱਟੀਆਂ ਨੂੰ ਨਹਾਉਣ ਤੋਂ ਬਾਅਦ ਪੱਕੀ ਤਰ੍ਹਾਂ ਪਛਾਣ ਲਿਆ ਗਿਆ ਜੋ ਕਿ ਇਸ ਨੇ ਇਸ ਉਦੇਸ਼ ਲਈ ਮੰਨੇ ਸਨ ਤਾਂ ਅਛੂਤਾਂ ਦਾ ਪੂਰਾ ਵਰਗ ਨਿਸ਼ਚਿਤ ਹੋ ਜਾਣ ਤੋਂ ਬਾਅਦ ਉਨ੍ਹਾਂ ਨੂੰ ਪ੍ਰਤਿਨਿਧਤਾ ਇਸ ਭੇਦ ਭਾਵ ਦੇ ਦਾਇਰੇ ਵਿਚ ਜ਼ਰੂਰ ਲਿਆਉਣਾ ਚਾਹੀਦਾ ਹੈ ਬਿਨ੍ਹਾਂ ਗਰੀਬ ਹੈ ਜਾਂ ਅਮੀਰ, ਉਨੱਤ ਹੈ ਜਾਂ ਪਛੜਿਆ, ਪੜ੍ਹਿਆ ਹੈ ਜਾਂ ਅਨਪੜ੍ਹ। ਇਹੀ ਮੇਰੇ ਵਿਚਾਰ ਵਿਚ ਸਹੀ ਤਰੀਕਾ ਹੈ।

ਹੁਣ ਮੇਰੇ ਲਈ ਇਹ ਕਹਿਣਾ ਸ਼ਾਇਦ ਜ਼ਰੂਰੀ ਨਹੀਂ ਹੋਵੇਗਾ ਕਿ ਮੈਂ ਸ਼੍ਰੀਮਾਨ ਬਲੰਟ ਅਤੇ ਸਯੌਂਕਤ ਸੂਬਿਆਂ ਦੀ ਸਰਕਾਰ ਦੁਆਰਾ ਅਪਣਾਏ ਤਰੀਕੇ ਨਾਲ ਰਜ਼ਾਮੰਦ ਹਾਂ।

III. ਪੰਜਾਬ ਵਿਚ ਦਲਿਤ ਵਰਗ

11. 1931 ਦੀ ਜਨਗਣਨਾ ਅਨੁਸਾਰ ਦਲਿਤ ਵਰਗਾਂ ਦੀ ਜਨਸੰਖਿਆ ਦੇ ਦਿੱਤੇ ਅੰਕੜਿਆਂ ਦੇ ਸਬੰਧ ਵਿਚ ਮੈਂ ਦੋ ਤੱਥਾਂ ਵੱਲ ਧਿਆਨ ਦਿਵਾਉਣਾ ਚਾਹਾਂਗਾ:

(1) ਉਨ੍ਹਾਂ ਲੋਕਾਂ ਦੀ ਜਨਸੰਖਿਆਂ ਜਿਨ੍ਹਾਂ ਦੀ ਛੋਹ ਭਿੱਟ ਦੇਂਦੀ ਹੈ।

1911 ਦੀ ਜਨਗਣਨਾ ਅਨੁਸਾਰ 28 ਲੱਖ ਸੀ ਅਤੇ 1931 ਦੀ ਜਨਗਣਨਾ ਵਿਚ ਅਛੂਤਾਂ ਦੀ ਜਨਸੰਖਿਆਂ 13 ਲੱਖ ਤੱਕ ਦਿੱਤੀ ਗਈ ਹੈ।

(2) 1911 ਦੀ ਜਨਗਣਨਾ ਨੇ 23 ਜਾਤਾਂ ਦੀ ਸੂਚੀ ਦਿੱਤੀ ਹੈ ਜਿਨ੍ਹਾਂ ਦੀ ਛੋਹ ਭਿੱਟ ਦੇਂਦੀ ਹੈ। 1931 ਦੀ ਜਨਗਣਨਾ ਨੇ ਕੇਵਲ ਉਨ੍ਹਾਂ ਜਾਤਾਂ ਬਾਰੇ ਦੱਸਿਆ ਹੈ ਜੋ ਪੰਜਾਬ ਵਿਚ ਅਛੂਤਾਂ ਜਨਸੰਖਿਆ ਵਿਚ ਆਉਂਦੀਆਂ ਹਨ।

12. ਅਛੂਤਾਂ ਦੀ ਕੁੱਲ ਜਨਸੰਖਿਆ ਅਤੇ ਉਸ ਸ਼੍ਰੇਣੀ ਵਿਚ ਸ਼ਾਮਿਲ ਜਾਤਾਂ ਦੀ ਸੂਚੀ ਕਿਉਂ 1911 ਅੰਤੇ 1931 ਵਿਚ ਐਨੀ ਜ਼ਿਆਦਾ ਸੁੰਗੜ ਗਈ, ਮੈਂ ਪਤਾ ਕਰਨੋਂ ਅਸਮਰਥ ਹਾਂ। ਇਹ ਦੱਸਣਾ ਬੇਸ਼ੱਕ ਜ਼ਰੂਰੀ ਹੈ ਕਿ ਪੰਜਾਬ ਦੇ ਅਛੂਤਾਂ ਵਿਚ ਪਿਛਲੇ ਕੁਝ ਸਾਲਾਂ ਤੋਂ ਇਕ ਤਾਕਤਵਰ ਅੰਦੋਲਨ, ਜਿਸ ਨੂੰ ਧਰਮ ਅੰਦੋਲਨ ਕਿਹਾ ਜਾਂਦਾ ਸੀ, ਚੱਲ ਰਿਹਾ ਸੀ, ਜਿਸ ਦਾ ਉਦੇਸ਼ ਹਿੰਦੂ ਧਰਮ ਤੋਂ ਵੱਖ ਹੋਣਾ ਅਤੇ ਆਪਣੇ ਆਪ ਦੀ ਇਕ ਵੱਖਰੀ ਬਰਾਦਰੀ ਬਣਾਉਣੀ ਆਦਿ-ਧਰਮੀਆਂ ਦੇ ਨਵੇਂ ਨਾਮ ਹੇਠਾਂ। ਅੰਦੋਲਨ ਵਿਚ ਐਨੀ ਜ਼ਿਆਦਾ ਤਾਕਤ ਸੀ ਕਿ ਅਛੂਤਾਂ ਨੇ 1931 ਦੀ ਜਨਗਣਨਾ ਵਿਚ ਹਿੰਦੂਆਂ ਦੀ ਬਜ਼ਾਏ ਆਪਣੇ ਆਪ ਨੂੰ ਆਦਿ-ਧਰਮੀ ਲਿਖਵਾਏ ਜਾਣ ਦਾ ਫੈਸਲਾ ਕੀਤਾ। ਤੇ ਸਰਕਾਰ ਨੇ ਇਸ ਭਾਵਨਾ ਨੂੰ ਮਾਨਤਾ ਦਿੱਤੀ ਅਤੇ ਪੰਜਾਬ ਦੇ ਜਨਗਣਨਾ ਨਿਗਰਾਨ ਨੂੰ ਆਗਿਆ ਦਿੱਤੀ ਕਿ ਆਦਿ-ਧਰਮੀਆਂ ਦੀ ਇਕ ਨਵੀਂ ਸ਼੍ਰੇਣੀ ਸ਼ੁਰੂ ਕੀਤੀ ਜਾਵੇ। ਇਸ ਦੇ ਕਾਰਨ ਪੰਜਾਬ ਦੇ ਕੁਝ ਭਾਗਾਂ ਵਿਚ ਹਿੰਦੂਆਂ ਅਤੇ ਅਛੂਤਾਂ ਵਿਚ ਦੰਗੇ ਹੋਏ। ਇਸ ਦੇ ਨਤੀਜੇ ਵਜੋਂ ਕੁਝ ਹਿੱਸਿਆਂ ਵਿਚ ਅਛੂਤਾਂ ਨੇ ਆਪਣੇ ਆਪ ਨੂੰ ਕੇਵਲ ਆਦਿ-ਧਰਮੀ ਬਣਨਾ ਸਵੀਕਾਰ ਕੀਤਾ ਬਿਨਾਂ ਆਪਣੀਆਂ ਜਾਤਾਂ ਦਾ ਪ੍ਰਗਟਾਵਾ ਕੀਤੇ ਅਤੇ ਦੂਸਰੇ ਭਾਗਾਂ ਵਿਚ ਜਿਥੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਮਨ੍ਹਾ ਕੀਤਾ ਗਿਆ, ਉਨ੍ਹਾਂ ਨੇ ਆਪਣੇ ਜ਼ਾਤ ਨਾਵਾਂ ਹੇਠ ਹਿੰਦੂ ਬਣਨ ਦਾ ਫੈਸਲਾ ਕੀਤਾ। ਮੈਂ ਇਨ੍ਹਾਂ ਤੱਥਾਂ ਨੂੰ ਇਹ ਦਿਖਾਉਣ ਲਈ ਦਰਸਾ ਰਿਹਾ ਹਾਂ ਕਿ ਅਛੂਤਾਂ ਦੇ ਵੇਰਵੇ ਵਿਚ ਕਿੰਨੀਆਂ ਮੁਸ਼ਕਿਲਾਂ ਪੈਦਾ ਕੀਤੀਆਂ ਗਈਆਂ ਜੋ ਕਿ ਪੰਜਾਬ ਦੀ ਸਰਕਾਰ ਦੁਆਰਾ ਮੰਨੀਆਂ ਗਈਆਂ। ਜੋ ਇਸ ਗਿਣਤੀ ਦੇ ਘਟਾਉਣ ਦੇ ਜ਼ਿੰਮੇਵਾਰ ਹਨ ਅਤੇ ਪੰਜਾਬ ਵਿਚ ਅਛੂਤਾਂ ਦੀ ਸੂਚੀ ਵਿਚ ਇਹ ਮਾਮਲਾ ਇਸ ਲਈ ਬੜੀ ਤਵੱਜੋ ਨਾਲ ਘੋਖਿਆ ਜਾਣਾ ਜ਼ਰੂਰੀ ਹੈ।

IV. ਬੰਗਾਲ ਵਿਚ ਦਲਿਤ ਵਰਗ

13. ਬੰਗਾਲ ਦੇ ਦਲਿਤ ਵਰਗਾਂ ਦੇ ਸੰਬੰਧ ਵਿਚ ਇਕ ਪ੍ਰਮਾਣਿਤ ਪੱਤਰ ਹੈ ਜਿਸ ਵਲ ਮੈਂ ਧਿਆਨ ਦਿਵਾਉਣਾ ਚਾਹਾਂਗਾ ਅਤੇ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ 1911 ਦੀ ਬੰਗਾਲ ਜਨਗਣਨਾ ਵਿਚ ਦਿੱਤੀ ਸੂਚੀ ਇਨ੍ਹਾਂ ਜਾਤਾਂ ਦਾ ਸਹੀ ਵਿਵਰਣ ਹੈ ਜਿਨ੍ਹਾਂ ਨੂੰ ਕਿ ਬੰਗਾਲ ਵਿਚ ਰੀਤੀਗਤ ਤੌਰ ਤੇ ਅਛੂਤ ਵਰਗਾਂ ਦਾ ਦਰਜਾ ਦਿੱਤਾ ਜਾਂਦਾ ਹੈ। ਮੈਂ 1809 ਦੇ ਵਿਨਿਯਮ 4 ਦੀ ਧਾਰਾ 7 ਦਾ ਜ਼ਿਕਰ ਕਰਦਾ ਹਾਂ(ਇਕ ਅਜਿਹਾ ਵਿਨਿਯਮ ਜੋ 1806 ਦੇ ਵਿਨਿਯਮ 4 ਨੂੰ ਮਨਸੂਖ ਕਰਦਾ ਹੈ ਅਤੇ ਉਸ ਦੀ ਥਾਂ ਬਣਾਏ ਨਵੇਂ ਨਿਯਮਾਂ ਦੇ ਰੱਖਣ

ਬਾਰੇ ਤਾਂ ਜੋ ਜਗਨ ਨਾਥ ਰਾਏ ਯਾਤਰੂਆਂ ਤੋਂ ਕਰ ਵਸੂਲ ਕੀਤੇ ਜਾਣ ਅਤੇ ਮੰਦਿਰ ਦਾ ਪ੍ਰਬੰਧ ਅਤੇ ਨਿਗਰਾਨੀ ਹੋ ਸਕੇ ਜਿਹੜਾ ਕਿ ਗਵਰਨਰ-ਜਨਰਲ ਦੀ ਕੌਂਸਿਲ ਦੁਆਰਾ 28 ਅਪ੍ਰੈਲ 1809 ਨੂੰ ਪਾਸ ਕੀਤਾ ਗਿਆ) ਜਿਸ ਵਿਚ ਹੇਠ ਲਿਖੀਆਂ ਜਾਤਾਂ ਦੀ ਸੂਚੀ ਦਿਤੀ ਜਾਂਦੀ ਹੈ, ਜਿਨ੍ਹਾਂ ਨੂੰ ਕਿ ਪੁਰੀ ਵਿਚ ਜਗਨ ਨਾਥ ਦੇ ਮੰਦਿਰ ਵਿਚ ਜਾਣ ਦੀ ਮਨਾਹੀ ਸੀ: (1) ਲੋਲੀ ਜਾਂ ਕਾਸ਼ੀ (2) ਕਲਾਲ ਜਾਂ ਸੁਨਰੀ (3) ਮਛੂਆ (4) ਨਾ ਮਸੂਦਰ ਜਾਂ ਚੰਡਾਲ (5) ਘੂਸਕੀ (6) ਗਜ਼ੂਰ (7) ਬਾਗੜੀ (8) ਜੋਗੀ ਜਾਂ ਨਰਬੱਫ (9) ਕਹਾਰ-ਬੌਰੀ ਅਤੇ ਦੁਲੀਆ (10) ਰਾਜ ਬੰਸੀ (11) ਪਿਰਾਨੀ (12) ਚਮਾਰ (13) ਡੋਮ (14) ਪਾਨ (15) ਤਿਆੜ (16) ਭੂਈਨਾਲੀ ਅਤੇ (17) ਹਰੀ।

ਇਹ ਗਿਣਤੀ 1911 ਦੀ ਜਨਗਣਨਾ ਦੀ ਸੂਚੀ ਨਾਲ ਮਿਲਦੀ ਹੈ, ਜਿਤਨੀ ਇਸ ਦੀ ਸਚਾਈ ਦੀ ਪ੍ਰੋੜਤਾ ਕਰਦੀ ਹੈ। ਇਤਫਾਕ ਨਾਲ ਇਹ ਪਤਾ ਚੱਲਦਾ ਹੈ ਕਿ 100 ਸਾਲਾਂ ਦੇ ਵਕਫੇ ਨੇ ਵੀ ਬੰਗਾਲ ਵਿਚ ਅਛੂਤਾਂ ਦੇ ਸਮਾਜਿਕ ਰੁਤਬੇ ਵਿਚ ਕੋਈ ਪਰਿਵਰਤਨ ਨਹੀਂ ਲਿਆਂਦਾ।

2. ਸੰਯੁਕਤ ਸੂਬਿਆਂ, ਬੰਗਾਲ ਅਤੇ ਪੰਜਾਬ ਦੇ ਤਿੰਨਾਂ ਸੂਬਿਆਂ ਦੇ ਸੰਬੰਧ ਵਿਚ ਜਿਥੇ ਇਹ ਵੀ ਦਲਿਤ ਵਰਗਾਂ ਦੀ ਜਨਸੰਖਿਆਂ ਦੇ ਪ੍ਰਸ਼ਨ ਉਤੇ ਮੱਤਭੇਦ ਹੈ, ਉਥੇ ਮੈਂ ਇਸ ਤੱਥ ਬਾਰੇ ਧਿਆਨ ਦਿਵਾਉਣਾ ਚਾਹਾਂਗਾ ਕਿ ਭਾਰਤੀ ਮੱਤ-ਅਧਿਕਾਰ ਕਮੇਟੀ ਅਛੂਤ ਜਨਸੰਖਿਆ ਦਾ ਪਤਾ ਲਗਾਉਣ ਵਾਸਤੇ ਦੋ ਵੱਖਰੀਆਂ ਘਸਵੱਟੀਆਂ ਨੂੰ ਲੈ ਕੇ ਅੱਗੇ ਤੁਰੀ ਹੈ, ਪਰ ਸੂਬਾਈ ਸਰਕਾਰਾਂ ਅਤੇ ਸੂਬਾਈ ਕਮੇਟੀਆਂ ਨੇ ਪ੍ਰਤੱਖ ਰੂਪ ਵਿਚ ਇਕ ਇਕੱਲੀ ਘਸਵੱਟੀ ਲਈ ਹੈ ਜਿਸ ਦਾ ਨਾਮ ਹੈ ਛੋਹ ਦੁਆਰਾ ਭਿੱਟ।

V. ਨਾਮਕਰਣ

14. ਸੰਵਿਧਾਨ ਵਿਚ ਸੁਝਾਏ ਪਰਿਵਰਤਨਾਂ ਦੇ ਨਤੀਜੇ ਵਜੋਂ ਚੋਣਕਾਰੀ ਤਾਲਿਦਾਵਾਂ ਵਿਚ ਸੰਬੋਧਨ ਕਰਨ ਦਾ ਚੰਗਾ ਇਕ ਬਹੁਤ ਚੰਗਾ ਮੌਕਾ ਹੈ। ਇਸ ਪ੍ਰਸ਼ਨ ਤੇ ਵਿਚਾਰ ਕਰਨ ਦਾ ਕਿ ਦਲਿਤ ਵਰਗਾਂ ਵਾਸਤੇ ਵਾਜਿਬ ਅਤੇ ਸਹੀ ਨਾਮਕਰਣ ਕੀਤਾ ਜਾਵੇ। ਮੈਂ ਇਸ ਪ੍ਰਸ਼ਨ ਤੇ ਆਪਣੇ ਵਿਚਾਰ ਦੱਸਣਾ ਚਹਾਂਗਾ। ਉਨ੍ਹਾਂ ਬਰਾਦਰੀਆਂ ਵਲੋਂ, ਜਿਨ੍ਹਾਂ ਨੂੰ ਹੁਣ "ਦਲਿਤ ਵਰਗ" ਕਿਹਾ ਜਾਂਦਾ ਹੈ ਇਸ ਪਦ ਦੀ ਵਰਤੋਂ ਤੇ ਉਨ੍ਹਾਂ ਨੂੰ ਬਹੁਤ ਇਤਰਾਜ਼ ਹੈ। ਕਮੇਟੀ ਸਾਹਮਣੇ ਪੇਸ਼ ਹੋਈਆਂ ਬਹੁਤੀਆਂ ਸ਼ਹਾਦਤਾਂ ਨੇ ਇਸ ਮਨੋਭਾਵ ਨੂੰ ਦਰਸਾਇਆ ਹੈ। ਇਸ ਤੋਂ ਇਲਾਵਾ "ਦਲਿਤ ਵਰਗ" ਦੇ ਪਦ ਨੇ ਜਨਗਣਨਾ ਵਿਚ ਬਹੁਤ ਉਲਝਣਾਂ ਪੈਦਾ ਕੀਤੀਆਂ ਹਨ ਕਿਉਂਕਿ ਇਸ ਵਿਚ ਉਹ ਦੂਸਰੇ ਵੀ ਸ਼ਾਮਿਲ ਹਨ ਜੋ ਕਿ ਪੂਰੀ ਤਰ੍ਹਾਂ ਅਛੂਤ ਨਹੀਂ ਹਨ। ਦੂਜੇ ਇਸ ਤੋਂ, ਇਹ ਪ੍ਰਭਾਵ ਪੈਂਦਾ ਹੈ ਕਿ ਦਲਿਤ ਵਰਗ ਇਕ ਛੋਟੀ ਅਤੇ ਲਾਚਾਰ ਬਰਾਦਰੀ ਹੈ, ਜਦੋਂ ਕਿ ਅਸਲੀਅਤ ਵਿਚ ਹਰੇਕ ਸੂਬੇ ਵਿਚ ਇਨ੍ਹਾਂ ਵਿਚੋਂ ਬਹੁਤ ਖਾਂਦੇ-ਪੀਂਦੇ ਅਤੇ ਸੁਸਿਖਿਅਤ ਹਨ ਅਤੇ ਸਾਰੀ ਬਰਾਦਰੀ ਆਪਣੀਆਂ ਜ਼ਰੂਰਤਾਂ ਬਾਰੇ ਜਾਗਰੂਕ ਹੁੰਦੀ ਜਾ ਰਹੀ ਹੈ, ਇਹ ਵੀ ਭਾਰਤੀ ਸੋਸਾਇਟੀ ਵਿਚ ਇਕ

ਇੱਜ਼ਤਦਾਰ ਰੁਤਬੇ ਨੂੰ ਹਾਸਿਲ ਕਰਨ ਦੀ ਚਾਹਵਾਨ ਹੈ ਅਤੇ ਇਸ ਨੂੰ ਹਾਸਿਲ ਕਰਨ ਲਈ ਪੂਰੀਆਂ ਕੋਸ਼ਿਸ਼ਾਂ ਕਰ ਰਹੀ ਹੈ। ਇਨ੍ਹਾਂ ਸਾਰੀਆਂ ਬੁਨਿਆਦਾਂ ਤੋਂ "ਦਲਿਤ ਵਰਗ" ਪਦ ਅਢੁਕਵਾਂ ਅਤੇ ਅਯੋਗ ਹੈ। ਸ਼੍ਰੀ ਮਾਨ ਮੂਲਨ, ਜੋ ਅਸਾਮ ਦੇ ਜਨਗਣਨਾ ਨਿਗਰਾਨ ਸਨ, ਨੇ ਅਛੂਤਾਂ ਲਈ ਇਕ ਨਵੇਂ ਪਦ ਦੀ ਵਰਤੋਂ ਲਿਆਂਦੀ ਜਿਸ ਨੂੰ "ਬਾਹਰਲੀਆਂ ਜਾਤਾਂ" ਕਿਹਾ ਜਾਂਦਾ ਹੈ, ਇਸ ਨਾਂ ਦੇ ਬਹੁਤ ਫਾਇਦੇ ਹਨ। ਇਹ ਅਛੂਤਾਂ ਦੀ ਹਾਲਤ ਦੀ ਬਿਲਕੁਲ ਸਹੀ ਪਰਿਭਾਸ਼ਾ ਦਿੰਦੀ ਹੈ ਜੋ ਕਿ ਹਿੰਦੂ ਧਰਮ ਦੇ ਵਿਚ ਹਨ, ਪਰ ਹਿੰਦੂ ਸੋਸਾਇਟੀ ਤੋਂ ਬਾਹਰ ਹਨ ਅਤੇ ਜੋ ਉਨ੍ਹਾਂ ਨੂੰ ਹਿੰਦੂਆਂ ਤੋਂ ਭਿੰਨ ਕਰਦੀ ਹੈ ਜੋ ਕਿ ਆਰਥਿਕ ਪੱਖੋਂ ਅਤੇ ਸਿਖਿਆ ਦੇ ਪੱਖੋਂ ਦਲਿਤ ਹਨ, ਪਰ ਜੋ ਕਿ ਹਿੰਦੂ ਧਰਮ ਦੇ ਦਾਇਰੇ ਅਤੇ ਹਿੰਦੂ ਸੋਸਾਇਟੀ ਦੋਹਾਂ ਵਿਚ ਹੀ ਆਉਂਦੇ ਹਨ। ਇਸ ਪਦ ਦੇ ਦੋ ਹੋਰ ਲਾਭ ਹਨ। ਇਹ ਉਨ੍ਹਾਂ ਸਾਰੀਆਂ ਉਲਝਣਾਂ ਨੂੰ ਦੂਰ ਕਰ ਦਿੰਦਾ ਹੈ ਜੋ ਕਿ ਦਲਿਤ ਵਰਗ ਦੇ ਅਸਪਸ਼ਟ ਪਦ ਦੀ ਵਰਤੋਂ ਕਰਕੇ ਪੈਦਾ ਹੁੰਦੀਆਂ ਹਨ ਅਤੇ ਨਾਲ ਹੀ ਅਪਮਾਨਜਨਕ ਵੀ ਨਹੀਂ। ਸਾਡੀ ਕਮੇਟੀ ਠੀਕ ਮਹਿਸੂਸ ਨਹੀਂ ਕਰਦੀ ਕਿ ਉਸ ਬਾਰੇ ਮਨਜ਼ੂਰੀ ਦੇਵੇ। ਪਰ ਇਕ ਦਲਿਤ ਵਰਗਾਂ ਦਾ ਨੁਮਾਇੰਦਾ ਹੁੰਦਿਆਂ, ਮੈਨੂੰ ਇਹ ਕਹਿਣ ਵਿਚ ਕੋਈ ਸ਼ਰਮ ਨਹੀਂ ਕਿ ਜਦੋਂ ਤੱਕ ਵਧੀਆ ਨਾਮਕਰਣ ਨਹੀਂ ਲੱਭ ਜਾਂਦਾ, ਅਛੂਤ ਵਰਗ ਹੁਣ ਤੋਂ ਬਾਅਦ ਇਸ ਵਧੇਰੇ ਵਿਸ਼ਾਲ ਪਦ 'ਬਾਹਰਲੀਆਂ ਜਾਤਾਂ' ਜਾਂ 'ਛੋਕੀਆਂ ਜਾਤਾਂ' ਦੇ ਨਾਂ ਨਾਲ ਪੁਕਾਰੇ ਜਾਣਗੇ ਅਤੇ ਦਲਿਤ ਵਰਗਾਂ ਦੇ ਨਾਂ ਨਾਲ ਨਹੀਂ।

IV. ਰਾਖਵਾਂਕਰਣ

15. ਇਸ ਟਿੱਪਣੀ ਨੂੰ ਖਤਮ ਕਰਨ ਤੋਂ ਪਹਿਲਾਂ ਮੈਂ ਮੁੜ ਉਸੇ ਰਾਖਵਾਂਕਰਣ ਦੀ ਗੱਲ ਕਰਨਾ ਚਾਹਾਂਗਾ ਜਿਹੜੀ ਕਿ ਮੇਰੀ ਕਮੇਟੀ ਦੇ ਮੁਸਲਿਮ ਸਾਥੀਆਂ ਨੇ ਕੀਤੀ ਹੈ, ਅਰਥਾਤ ਮਜ਼ਦੂਰ ਜਨਾਨੀਆਂ ਲਈ ਨਿਰਧਾਰਤ ਕੀਤੀਆਂ ਜਾਣ ਵਾਲੀਆਂ ਸੀਟਾਂ ਅਤੇ ਦੂਸਰੇ ਖਾਸ ਹਿੱਤ ਜੋ ਕਿ ਉਨ੍ਹਾਂ ਸੀਟਾਂ ਦੇ ਅਨੁਪਾਤ ਨੂੰ ਪ੍ਰਭਾਵਿਤ ਨਾ ਕਰਨ ਜਿਨ੍ਹਾਂ ਦਾ ਦਲਿਤ ਵਰਗਾਂ ਨੇ ਗੋਲ-ਮੇਜ਼ ਕਾਨਫਰੰਸ ਵਿਚ ਅਲਪ-ਸੰਖਿਅਕ ਸਮਝੌਤੇ ਵਿਚ ਦਾਅਵਾ ਕੀਤਾ ਹੈ।

1 ਮਈ 1932

ਬੀ. ਆਰ. ਅੰਬੇਡਕਰ

ਅਨੁਕ੍ਰਮਣਿਕਾ

ਉੱਚ ਵਰਗ ਕੌਣ ਹਨ ?	154-155
ਉੱਚ ਵਰਗ ਦੀ ਸਿਖਿਆ	148
ਉੱਚ ਵਰਗਾਂ ਨੂੰ ਪੜ੍ਹਾਉਣਾ	151
ਉਚਿਤ ਪ੍ਰਤਿਨਿਧਤਾ ਰਾਹੀਂ ਸੁਰਖਿਆ	178
ਅੰਤਿਜ	203,204
ਅਪਰਾਧੀ ਕਬੀਲੇ	226
ਅਬੁਲਕਰਾਮ ਆਜ਼ਾਦ	19
ਅਮਾਨਵੀ ਵਿਹਾਰ	207
ਆਰਥਰ ਫ਼ਰੂਮ	225
ਐਫ਼ਿਨਸਟਨ	143
ਸਮਰਾਟ ਦਾ ਪ੍ਰਾਂਤਿਕ ਸਰਕਾਰ ਨਾਲ ਸੰਬੰਧ	117
ਸ਼੍ਰੇਣੀ ਚੋਣ ਖੇਤਰ	60
ਸੰਯੁਕਤ ਸੂਬਿਆਂ ਵਿਚ ਦਲਿਤ ਵਰਗ	277
ਸਰਕਾਰੀ ਸੇਵਾਵਾਂ	121
ਸਾਊਥਬਰੋ ਕਮੇਟੀ	60,72,86,92 179-80,250
ਸਿਖਿਆ; ਸੈਕੰਡਰੀ;	160
ਕਾਲਜ ਪੱਧਰ ਦੀ;	160
ਨੀਵੀਆਂ ਜਾਤੀਆਂ ਦੀ;	157
ਦਲਿਤ ਵਰਗ ਦੀ;	148
ਪਛੜੀਆਂ ਜਾਤੀਆਂ ਦੀ	169,176
ਸਿਵਲ ਸੇਵਾਵਾਂ	122
ਸੀਟਾਂ ਅਤੇ ਰਿਹਾਇਸ਼ੀ ਯੋਗਤਾਵਾਂ	91-93
ਸੀਟਾਂ ਦੀ ਭੂਗੋਲਿਕ ਵੰਡ	98
ਸੀਟਾਂ ਦੀ ਵੰਡ	75,88,90
ਸੀਲੋਨ ਕਮਿਸ਼ਨ	96
ਸੇਵਾ ਸ਼ਰਤਾਂ	125

ਸੇਵਾਵਾਂ ਦਾ ਭਾਰਤੀਕਰਨ	126,138
ਸੇਵਾਵਾਂ ਦੀ ਵੰਡ	121
ਹੰਟਰ ਕਮਿਸ਼ਨ	50,159,169, 170,171
ਹਾਰਟ ਸ਼ੋਰਨ	231,240
ਹਿੰਦੂਆਂ ਦਾ ਅਤਿਆਚਾਰ	210
ਹਿੰਦੂਆਂ ਦੇ ਸਮਾਜਕ ਪੱਖਪਾਤ	145,157,158
ਕਾਰਜਕਾਰਣੀ ਦੀ ਕਾਰਜ ਪ੍ਰਣਾਲੀ	37
ਕਾਰਜਕਾਰਣੀ ਵਿਚ ਧਰਮ ਆਧਾਰਿਤ ਪ੍ਰਤਿਨਿਧਤਾ	38
ਕਾਲਜ ਪੱਧਰ ਦੀ ਸਿਖਿਆ	160
ਗਰੁਪ ਪ੍ਰਣਾਲੀ	73
ਗਵਰਨਰ ਦੀ ਪੁਜ਼ੀਸ਼ਨ ਅਤੇ ਸ਼ਕਤੀਆਂ	42
ਘਟ ਗਿਣਤੀਆਂ ਦੀ ਪ੍ਰਤਿਨਿਧਤਾ	82
ਚੋਣ ਹਲਕੇ	57-60
ਜਮਾਤੀ ਹਕੂਮਤ	132
ਜਾਤੀ ਉਤਪੀੜਨ	211
ਜ਼ਾਮਨੀਆਂ ਰਾਹੀਂ ਸੁਰਖਿਆ	196
ਡਾਈਆਰਕੀ	25
ਦਪੋਲ ਵਰਗ ਸਮੇਲਨ	216
ਦਲਿਤ ਸ਼੍ਰੇਣੀਆਂ ਦੀ ਵਸੋਂ	189
ਦਲਿਤ ਸ਼੍ਰੇਣੀਆਂ ਨਾਲ ਪੱਖਪਾਤੀ ਵਿਹਾਰ	191
ਦਲਿਤ ਜਾਤੀਆਂ ਦੀ ਪ੍ਰਸਤਾਵਿਤ ਨੁਮਾਇੰਦਗੀ	81
ਦਲਿਤ ਵਰਗਾਂ ਸੰਬੰਧੀ ਭਾਰਤੀ ਮਤਾਧਿਕਾਰ ਕਮੇਟੀ	267
ਦਲਿਤ ਵਰਗਾਂ ਦੀ ਸਿਖਿਆ	147
ਦਲਿਤ ਵਰਗਾਂ ਦੀ ਹਿੱਤਾਂ ਦੀ ਰੱਖਿਆ	177
ਦੂਜਾ ਸਦਨ	99-104,139

ਭਾਰਤੀਆਂ ਨੂੰ ਅਦਾਇਗੀ	127
ਭਾਰਤੀ ਸੰਵਿਧਾਨਕ ਕਮਿਸ਼ਨ	219
ਭਾਰਤੀ ਮਤ ਅਧਿਕਾਰ ਕਮੇਟੀ	267,276
ਮੱਤ ਅਧਿਕਾਰ	46-57
ਮਹਾਰ, ਸਰਕਾਰ ਸੇਵਾ ਵਿਚ ਕਲਰਕ	214
ਮਹਾਰਦਾਸ	215
ਮਹਾਰ, ਪੁਲਿਸ ਵਿਚ ਭਰਤੀ	214
ਮੱਡੀਮੈਨ ਕਮੇਟੀ	225
ਮੱਤ ਅਧਿਕਾਰ ਦਾ ਰਾਖਵਾਂਕਰਨ	74
ਮਾਉਂਟ ਸਟੂਅਰਟ ਐਲਫ਼ਨਿਸਟਨ	146,158
ਮਾਂਟੇਗੂ ਚੈਮਸਫ਼ੋਰਡ ਰਿਪੋਰਟ	104
ਮੁਸਲਮਾਨ ਪ੍ਰਾਂਤ	17-18
ਮੁੱਢਲੀ ਸਿਖਿਆ	155
ਰਾਏਵੰਡਾਂ	28
ਰਾਖਵਾਂਕਰਨ	280
ਰਾਖਵੇਂ ਚੋਣ ਖੇਤਰ	62-65
ਰੂੜ੍ਹੀਵਾਦੀ ਉਦਾਰਤਾ	203
ਰੂੜ੍ਹੀਵਾਦੀ ਪਾਗਲਪਨ	212
ਲਖਨਊ ਸੰਧੀ	93
ਲਖਨਊ ਸਮਝੌਤਾ	19
ਲਖਨਊ ਪੈਕਟ	88
ਲੀਆ ਯੋਗ	127
ਲੋਠੀਆ ਕਮੇਟੀ	267
ਵਿਧਾਨ ਮੰਡਲ ਦੀਆਂ ਸ਼ਕਤੀਆਂ	105-111

ਨਹਿਰੂ ਕਮੇਟੀ	19
ਨਾਮਕਰਨ	279
ਨਾਮਜ਼ਦ ਮੈਂਬਰ	57
ਨਾਮਜ਼ਦਗੀ ਪ੍ਰਣਾਲੀ	58-59, 72, 135, 263
ਪਛੜੀਆਂ ਜਾਤੀਆਂ ਦੀ ਸਿਖਿਆ	169, 176
ਪ੍ਰਤਿਨਿਧਤਾ ਦਾ ਤਰੀਕਾ	192
ਪ੍ਰਾਂਤਿਕ ਸਿਵਲ ਸੇਵਾਵਾਂ	124
ਪ੍ਰਾਂਤਿਕ ਸਿਵਲ ਸੇਵਾਵਾਂ ਦਾ ਭਾਰਤੀਕਰਨ	126
ਪ੍ਰਾਂਤਿਕ ਕਾਰਜਕਾਰਣੀ	23
ਪ੍ਰਾਂਤਿਕ ਖ਼ੁਦਮੁਖ਼ਤਿਆਰੀ	112
ਪ੍ਰਾਂਤਿਕ ਵਿਧਾਨ ਮੰਡਲ, ਮਤ ਅਧਿਕਾਰ	46
ਫ਼ਿਰਕੂ ਚੋਣ ਖੇਤਰ	65,71,87,89
ਬੰਬਈ ਨਗਰਪਾਲਿਕਾ ਦੇ ਸਕੂਲ	217
ਬੰਬਈ ਪ੍ਰੈਜ਼ੀਡੈਂਸੀ ਦਾ ਪੁਨਰਗਠਨ	14
ਬੰਬਈ ਰਾਜ ਵਿਚ ਜਾਤੀ ਸਿਖਿਆ ਪੱਧਰ	166
ਬੰਬਈ ਵਿਚ ਸਿਖਿਆ ਦੇ ਅੰਕੜੇ	153
ਬੰਬਈ ਵਿਧਾਨ ਪਰੀਸ਼ਦ ਦੀ ਬਣਤਰ—	
ਸਿੰਧ ਸਮੇਤ;	184-86
ਸਿੰਧ ਤੋਂ ਬਗ਼ੈਰ	182-83
ਬਲਾਈ	210
ਬਾਲਗ ਮਤ-ਅਧਿਕਾਰ	48-54, 71, 137, 227, 237
ਬਾਲਫ਼ੋਰ	96
ਭਾਰਤ ਸਰਕਾਰ ਨਾਲ ਪ੍ਰਾਂਤਿਕ ਸਰਕਾਰ ਦੇ ਸੰਬੰਧ	112

ਆਜ਼ਾਦੀ ਨੂੰ ਕਿਸੇ ਮਹਾਨ ਵਿਅਕਤੀ ਅੱਗੇ ਸਮਰਪਿਤ ਨਹੀਂ ਕਰਨਾ ਚਾਹੀਦਾ : ਭਗਤੀ ਜਾਂ ਵੀਰ ਪੂਜਾ ਪਤਨ ਅਤੇ ਤਾਨਾਸ਼ਾਹੀ ਦਾ ਮਾਰਗ ਹੈ।

ਭੀਮ ਰਾਓ ਅੰਬੇਡਕਰ